# ਪ੍ਰਮਾਣ-ਪੱਤਰ

ਪ੍ਰਮਾਣਿਕ ਕੀਤਾ ਜਾਂਦਾ ਹੈ ਕਿ ਸੁਖਜੀਤ ਕੌਰ ਨੇ '**ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੁਹਰੁਕਤੀ: ਰੂਪ ਤੇ ਪ੍ਰਕਾਰਜ**' ਵਿਸ਼ੇ ਉੱਤੇ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਖੋਜ-ਪ੍ਰਬੰਧ ਮੇਰੀ ਨਿਗਰਾਨੀ ਅਧੀਨ ਤਿਆਰ ਕੀਤਾ ਹੈ। ਪ੍ਰਸਤੁਤ ਰੂਪ ਵਿਚ ਇਹ ਖੋਜ-ਪ੍ਰਬੰਧ ਖੋਜਾਰਥਣ ਦੀ ਆਪਣੀ ਮੌਲਿਕ ਖੋਜ ਅਤੇ ਮਿਹਨਤ ਦਾ ਸਿੱਟਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਵੀ ਯੂਨੀਵਰਸਿਟੀ ਵਿਚ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ। ਇਹ ਖੋਜ-ਪ੍ਰਬੰਧ ਪ੍ਰੀਖਿਆ ਲਈ ਮੁਲਾਂਕਣ ਦੇ ਯੋਗ ਹੈ। ਮੈਂ ਇਸ ਖੋਜ- ਪ੍ਰਬੰਧ ਨੂੰ ਮੁਲਾਂਕਣ ਲਈ ਸਿਫ਼ਾਰਸ਼ ਕਰਦਾ ਹਾਂ।

ਮਿਤੀ: 20-12-2022

ਨਿਗਰਾਨ

**ਡਾ. ਲਖਵੀਰ ਸਿੰਘ**
ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ),
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦੀ ਹਾਂ ਕਿ ਮੇਰੇ ਵੱਲੋਂ **'ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੁਹਰੁਕਤੀ: ਰੂਪ ਤੇ ਪ੍ਰਕਾਰਜ'** ਵਿਸ਼ੇ ਉੱਤੇ ਪੀਐੱਚ.ਡੀ. (ਪੰਜਾਬੀ) ਦੀ ਡਿਗਰੀ ਲਈ ਲਿਖਿਆ ਗਿਆ ਖੋਜ-ਪ੍ਰਬੰਧ ਮੇਰੀ ਮੌਲਿਕ ਰਚਨਾ ਹੈ। ਇਹ ਖੋਜ-ਪ੍ਰਬੰਧ ਪਹਿਲਾਂ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਿਚ ਪੇਸ਼ ਨਹੀਂ ਕੀਤਾ ਗਿਆ।

**ਨਿਗਰਾਨ**

**ਡਾ. ਲਖਵੀਰ ਸਿੰਘ**
ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ),
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਖੋਜਾਰਥਣ**

**ਸੁਖਜੀਤ ਕੌਰ**

# ਧੰਨਵਾਦ


- ਪ੍ਰਥਮ ਤੌਰ 'ਤੇ ਧੰਨਵਾਦੀ ਹਾਂ, ਕਰਨ ਕਰਾਵਨਹਾਰ ਸੁਆਮੀ ਦੀ, ਜਿਸਨੇ ਅੰਗ ਸੰਗ ਸਹਾਈ ਹੋ ਕੇ ਖੋਜ-ਕਾਰਜ ਮੁਕੰਮਲ ਕਰਵਾਇਆ।
- ਮੈਂ ਆਪਣੇ ਨਿਗਰਾਨ **ਡਾ. ਲਖਵੀਰ ਸਿੰਘ** ਜੀ ਦੀ ਤਹਿ ਦਿਲੋਂ ਧੰਨਵਾਦੀ ਹਾਂ, ਜਿਹਨਾਂ ਨੇ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਵਧੇਰੇ ਸਮਾਂ ਕੱਢ ਕੇ, ਸਮੇਂ ਸਮੇਂ 'ਤੇ ਮੈਨੂੰ ਸੇਧ ਦਿੱਤੀ, ਹਰ ਮੁਸ਼ਕਿਲ ਸਮੇਂ 'ਤੇ ਮੈਨੂੰ ਹੌਂਸਲਾ ਦਿੱਤਾ ਤੇ ਮੁਸ਼ਕਿਲ ਦਾ ਹੱਲ ਸੁਝਾਇਆ। ਉਹਨਾਂ ਦੀ ਯੋਗ ਅਗਵਾਈ ਹੇਠ ਮੈਂ ਇਹ ਖੋਜ-ਕਾਰਜ ਮੁਕੰਮਲ ਕਰਨ ਵਿਚ ਸਫ਼ਲ ਹੋਈ ਹੈ। ਮੈਂ ਹਮੇਸ਼ਾਂ ਸਰ ਦੀ ਰਿਣੀ ਰਹਾਂਗੀ।
- ਵਿਸ਼ੇਸ਼ ਤੌਰ 'ਤੇ ਧੰਨਵਾਦੀ ਹਾਂ, ਵਿਭਾਗ ਦੇ ਮੁਖੀ ਡਾ. ਗੁਰਮੁਖ ਸਿੰਘ ਜੀ ਦੀ, ਜਿਹਨਾਂ ਨੇ ਮੈਨੂੰ ਇਸ ਵਿਭਾਗ ਵਿਚ ਥਾਂ ਦਿੱਤੀ।
- ਮੈਂ ਧੰਨਵਾਦੀ ਹਾਂ, ਵਿਭਾਗ ਦੇ ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਜੀ, ਡਾ. ਜਸਵਿੰਦਰ ਸਿੰਘ ਸੈਣੀ ਜੀ, ਡਾ. ਗੁਰਜੰਟ ਜੀ ਤੇ ਡਾ. ਰਾਜਵੰਤ ਕੌਰ ਜੀ ਦੀ ਜਿਹਨਾਂ ਨੇ ਸਮੇਂ ਸਮੇਂ 'ਤੇ ਅਤੇ ਸਲਾਨਾ ਸੈਮੀਨਾਰਾਂ ਦੌਰਾਨ ਆਪਣੇ ਕੀਮਤੀ ਸੁਝਾਵਾਂ ਰਾਹੀਂ ਮੈਨੂੰ ਸਹਿਯੋਗ ਦਿੱਤਾ।
- ਮੈਂ ਧੰਨਵਾਦੀ ਹਾਂ, ਵਿਭਾਗ ਦੇ ਪ੍ਰੋਫ਼ੈਸਰ ਡਾ. ਰਾਜਵਿੰਦਰ ਸਿੰਘ ਜੀ ਦੀ ਜਿਹਨਾਂ ਨੇ ਸਮੇਂ ਸਮੇਂ 'ਤੇ ਹੌਂਸਲਾ ਦਿੱਤਾ ਤੇ ਹਰ ਸੰਭਵ ਮੇਰੀ ਸਹਾਇਤਾ ਕੀਤੀ।
- ਮੈਂ ਧੰਨਵਾਦੀ ਹਾਂ, ਡਾ. ਸੀ. ਪੀ. ਕੰਬੋਜ ਜੀ ਤੇ ਸ. ਮਨਜਿੰਦਰ ਸਿੰਘ ਜੀ ਦੀ ਜਿਹਨਾਂ ਨੇ ਹਰ ਸਮੇਂ ਖਿੜੇ ਮੱਥੇ ਮੇਰੀ ਸਹਾਇਤਾ ਕੀਤੀ।
- ਮੈਂ ਧੰਨਵਾਦੀ ਹਾਂ, ਡਾ. ਪਰਮਜੀਤ ਸਿੰਘ ਸਿੱਧੂ, ਡਾ. ਮਨਜਿੰਦਰ ਸਿੰਘ ਅਤੇ ਡਾ. ਰਮਨਪ੍ਰੀਤ ਕੌਰ ਜੀ ਦੀ ਜਿਹਨਾਂ ਤੋਂ ਮੈਂ ਸਮੇਂ ਸਮੇਂ ਤੇ ਸਲਾਹ ਲੈਂਦੀ ਰਹੀਂ ਹਾਂ ਤੇ ਉਹਨਾਂ ਨੇ ਹਮੇਸ਼ਾਂ ਮੈਨੂੰ ਸਮਾਂ ਤੇ ਸੁਝਾਅ ਦਿੱਤੇ।

- ਬਹੁਤ ਧੰਨਵਾਦੀ ਹਾਂ, ਵਿਭਾਗ ਦੇ ਦਫ਼ਤਰੀ ਸਟਾਫ਼ ਅਤੇ ਡਾ. ਗੰਡਾ ਸਿੰਘ ਪੰਜਾਬੀ ਰੈਫ਼ਰੈਂਸ ਲਾਇਬ੍ਰੇਰੀ ਦੇ ਸਟਾਫ ਮੈਂਬਰਾਂ ਦੀ ਜਿਹਨਾਂ ਨੇ ਖੋਜ-ਕਾਰਜ ਲਈ ਸਹਾਇਕ ਸਮੱਗਰੀ ਉਪਲੱਬਧ ਕਰਵਾਉਣ ਵਿਚ ਪੂਰਾ ਸਹਿਯੋਗ ਦਿੱਤਾ।
- ਮੈਂ ਧੰਨਵਾਦੀ ਹਾਂ, ਆਪਣੇ ਮਾਤਾ- ਪਿਤਾ, ਦੋਵਾਂ ਭਰਾਵਾਂ ਤੇ ਭਾਬੀ ਦੀ ਜਿਹਨਾਂ ਨੇ ਮੈਨੂੰ ਸਾਰੇ ਪਾਸਿਆਂ ਤੋਂ ਵਿਹਲੀ ਕਰਕੇ ਖੋਜ-ਕਾਰਜ ਲਈ ਪੂਰਾ ਸਮਾਂ ਤੇ ਅਸੀਸ ਦਿੱਤੀ।
- ਅੰਤ 'ਤੇ ਉਹਨਾਂ ਸਾਰੇ ਦੋਸਤਾਂ, ਖੋਜਾਰਥੀ ਸਾਥੀਆਂ ਦੀ ਧੰਨਵਾਦੀ ਹਾਂ, ਜਿਹਨਾਂ ਨੇ ਸਮੇਂ ਸਮੇਂ ਤੇ ਮੇਰੀ ਸਹਾਇਤਾ ਕੀਤੀ। ਉਪਰੋਕਤ ਸਾਰਿਆਂ ਦੇ ਸਹਿਯੋਗ ਸਦਕਾ ਖੋਜ-ਕਾਰਜ ਨੂੰ ਨੇਪਰੇ ਚਾੜ ਸਕੀ ਹਾਂ।

ਸੁਖਜੀਤ ਕੌਰ

ਸੁਖਜੀਤ ਕੌਰ

# ਭੂਮਿਕਾ

ਰੂਪ ਵਿਗਿਆਨ ਦੀਆਂ ਵਿਭਿੰਨ ਵਿਧੀਆਂ ਵਿਚੋਂ 'ਦੁਹਰੁਕਤੀ' ਸ਼ਬਦ ਸਿਰਜਨਾ ਦੀ ਮਹੱਤਵਪੂਰਨ ਵਿਧੀ ਹੈ। ਕਾਵਿ ਰਚਨਾ ਵਿਚ ਇਸ ਵਿਧੀ ਦੀ ਵਰਤੋਂ ਵਿਸ਼ੇਸ਼ ਜੁਗਤ ਵਜੋਂ ਕੀਤੀ ਜਾਂਦੀ ਹੈ। ਦੂਹਰੇ ਸ਼ਬਦਾਂ ਰਾਹੀਂ ਇਹ ਵਿਸ਼ੇਸ਼ ਅਰਥ ਅਤੇ ਵਾਕ ਦੀ ਭਾਵ ਬਣਤਰ ਦਾ ਪ੍ਰਕਾਰਜ ਕਰਦੀ ਹੈ। ਕਾਰਜ ਦੇ ਆਧਾਰ 'ਤੇ ਇਸ ਦੀਆਂ ਵਿਭਿੰਨ ਅਰਥਗਤ ਇਕਾਈਆਂ ਵਾਕ ਵਿਚ ਕਾਰਜਸ਼ੀਲ ਹੁੰਦੀਆਂ ਹਨ। ਪੰਜਾਬੀ ਵਿਚ ਇਸ ਦੇ ਸਮਾਨਾਰਥੀ 'ਅਨੁਕਰਨ' ਅਤੇ 'ਧੁਨੀਮਕ' ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਅੰਗਰੇਜ਼ੀ ਭਾਸ਼ਾ ਦਾ 'Reduplication' ਇਸਦੇ ਸਮਾਨਾਰਥਕ ਵਰਤਿਆ ਜਾਂਦਾ ਹੈ। ਇਹ 'ਲੈਟਿਨ' ਭਾਸ਼ਾ ਦਾ ਸ਼ਬਦ ਹੈ। 'ਲੈਟਿਨ' ਵਿਚ ਇਸ ਲਈ Reduplication ਅਤੇ Reduplicationis ਵਰਤੇ ਜਾਂਦੇ ਹਨ।

ਦੁਹਰਾਉ ਬਹੁਤ ਸਾਰੀਆਂ ਭਾਸ਼ਾਵਾਂ ਦੀ ਸ਼ਬਦ ਬਣਤਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਕ ਸ਼ਬਦ ਦੀ ਵਰਤੋਂ ਨਾਲ ਇਹ ਸ਼ਬਦ ਦੇ ਕਾਰਜੀ ਰੂਪ ਵਿਚ ਭਾਵ ਬਣਤਰ ਦੇ ਤੌਰ 'ਤੇ ਪਰਿਵਰਤਨ ਦਾ ਕਾਰਜ ਕਰਦਾ ਹੈ। ਦੁਹਰੁਕਤੀ ਅਰਥ ਬਦਲ ਸਕਦੀ ਹੈ, ਪਰ ਲਿਆ ਗਿਆ 'ਅਰਥ' ਮੂਲ ਸ਼ਬਦ ਦੇ ਅਰਥ ਨਾਲ ਸੰਬੰਧਿਤ ਰਹਿੰਦਾ ਹੈ। ਇਸ ਤਰ੍ਹਾਂ ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਕਾਰਜ ਦੇ ਪੱਧਰ 'ਤੇ ਵਿਸ਼ੇਸ਼ ਭਾਵਮਈ ਅਰਥਾਂ ਦਾ ਸੰਚਾਰ ਕਰਦੀ ਹੈ ਅਤੇ ਇਸ ਨਾਲ ਵਿਸ਼ੇਸ਼ ਅਰਥਗਤ ਇਕਾਈਆਂ ਕਾਰਜਸ਼ੀਲ ਹੁੰਦੀਆਂ ਹਨ। ਇਸ ਖੋਜ-ਪ੍ਰਬੰਧ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਰੂਪਗਤ ਦੁਹਰੁਕਤੀਯੁਕਤ ਸ਼ਬਦਾਵਲੀ ਨੂੰ ਅਧਿਐਨ ਦਾ ਆਧਾਰ ਬਣਾਇਆ ਹੈ। ਇਸ ਅਧਿਐਨ ਲਈ ਖੋਜ-ਪ੍ਰਬੰਧ ਨੂੰ ਸੱਤ ਅਧਿਆਇਆਂ ਵਿਚ ਵੰਡਿਆ ਗਿਆ ਹੈ:

ਅਧਿਆਇ ਪਹਿਲਾ, **ਸ਼ਬਦ ਦੁਹਰੁਕਤੀ: ਪਰਿਭਾਸ਼ਾ, ਸਰੂਪ ਤੇ ਕਿਸਮਾਂ** ਵਿਚ ਦੁਹਰੁਕਤੀ ਦਾ ਸਿਧਾਂਤਕ ਵਿਸ਼ਲੇਸ਼ਣ ਕੀਤਾ ਹੈ। ਵਾਕ ਬਣਤਰ ਵਿਚ ਦੁਹਰੁਕਤੀਯੁਕਤ ਸ਼ਬਦ 'ਇਕ ਵਾਕੰਸ਼' ਦੇ ਰੂਪ ਵਿਚ 'ਇਕ ਇਕਾਈ' ਦਾ ਪ੍ਰਕਾਰਜ ਕਰਦੇ ਹਨ। ਇਹ ਸ਼ਬਦ ਦੇ ਮੂਲ ਅਰਥਾਂ ਦੇ ਨਾਲ ਨਾਲ ਸ਼ਬਦ ਦੇ ਵਿਸ਼ੇਸ਼ ਅਰਥ ਸਿਰਜਦੇ ਹਨ। ਇਸ ਨਾਲ ਅਰਥ ਦੀਆਂ ਵਿਭਿੰਨ ਇਕਾਈਆਂ ਕਾਰਜਸ਼ੀਲ ਹੁੰਦੀਆਂ ਹਨ। ਇਕ ਸ਼ਬਦ ਰੂਪ ਦੀ ਦੂਹਰੀ ਵਰਤੋਂ ਜਾਂ ਅਰਥ ਪੱਧਰ 'ਤੇ

'ਸਾਂਝ' ਜਾਂ 'ਵਿਰੋਧ' ਵਾਲੇ ਦੋ ਸ਼ਬਦਾਂ ਦਾ ਦੁਹਰਾਉ 'ਦੁਹਰੁਕਤੀ' ਹੈ। ਦੂਹਰੇ ਸ਼ਬਦ, ਸ਼ਾਬਦਿਕ ਇਕਾਈ ਵਜੋ ਜਾਂ ਉਚਾਰਨ ਦੀ ਪ੍ਰਕਿਰਿਆ ਵਜੋਂ ਇਕ ਇਕਾਈ ਦਾ ਕਾਰਜ ਕਰਦੇ ਹਨ। ਦੁਹਰੁਕਤੀ ਦੀ ਬਣਤਰ ਵਾਲੇ ਕੁਝ ਸ਼ਬਦ ਅਜਿਹੇ ਮਿਲਦੇ ਹਨ, ਜਿਹੜੇ ਕੇਵਲ ਸਥਿਤੀ ਦੀ ਨੇੜਤਾ ਕਾਰਨ ਦੁਹਰੁਕਤੀਯੁਕਤ ਜਾਪਦੇ ਹਨ:

[ਨਾਨਕ **ਗੁਰੂ] [ਗੁਰੂ** ਹੈ ਪੂਰਾ] ਮਿਲਿ ਸਤਿਗੁਰ ਨਾਮੁ ਧਿਆਇਆ ॥

(ਮਃ ੪) ਅੰਗ ੮੮੨

[ਬਾਣੀ **ਗੁਰੂ] [ਗੁਰੂ** ਹੈ ਬਾਣੀ] ਵਿਚਿ ਬਾਣੀ ਅੰਮ੍ਰਿਤੁ ਸਾਰੇ ॥

(ਮਃ ੪) ਅੰਗ ੯੮੨

ਉਪਰੋਕਤ ਵਾਕਾਂ ਵਿਚ **ਗੁਰੂ ਗੁਰੂ** ਦੀ ਦੂਹਰੀ ਵਰਤੋਂ ਹੈ। ਇਹ ਸਥਿਤੀ ਦੀ ਨੇੜਤਾ ਕਾਰਨ ਦੂਹਰੇ ਸ਼ਬਦ ਹਨ, ਪਰ ਵਾਕ ਦੀ ਵਾਕੰਸ਼ ਇਕਾਈ, ਉਚਾਰਨ ਦੀ ਵਿਧੀ ਜਾਂ ਕਾਰਜ ਵਜੋਂ ਦੁਹਰੁਕਤੀਯੁਕਤ ਨਹੀਂ ਹਨ। ਵਾਕ ਦੀ ਇਕਾਈ ਵਜੋਂ ਇਹ ਵੱਖਰੇ ਵੱਖਰੇ 'ਵਾਕੰਸ਼' ਦਾ ਹਿੱਸਾ ਹਨ ਅਤੇ ਉਚਾਰਨ ਦੀ ਇਕਾਈ ਵਜੋਂ ਦੋਹਾਂ ਵਾਕਾਂ ਵਿਚ ਪਹਿਲੇ **ਗੁਰੂ** ਤੋਂ ਬਾਅਦ ਅੰਸ਼ਿਕ ਠਹਿਰਾਉ ਹੈ ਤੇ ਦੂਜਾ **ਗੁਰੂ** ਅਗਲੇ ਵਾਕੰਸ਼ ਦੇ ਹਿੱਸੇ ਵਜੋਂ ਉਚਾਰਿਆ ਜਾਂਦਾ ਹੈ। ਸੋ ਅਜਿਹੀਆਂ ਬਣਤਰਾਂ ਵਾਲੇ ਦੂਹਰੇ ਸ਼ਬਦ ਦੁਹਰੁਕਤੀਯੁਕਤ ਸ਼ਬਦ ਨਹੀਂ ਹਨ। ਇਹਨਾਂ ਨੂੰ ਦੁਹਰੁਕਤੀਯੁਕਤ ਸ਼ਬਦਾਂ ਤੋਂ ਨਿਖੇੜਿਆ ਜਾ ਸਕਦਾ ਹੈ। ਦੁਹਰੁਕਤੀਯੁਕਤ ਸ਼ਬਦਾਂ ਤੋਂ ਵੱਖਰਤਾ ਦਰਸਾਉਣ ਲਈ ਬਰੈਕਟਾਂ ਦੀ ਵਰਤੋਂ ਕੀਤੀ ਗਈ ਹੈ।

ਮੂਲ ਰੂਪ ਵਿਚ ਦੁਹਰੁਕਤੀ ਦੇ ਦੋ ਭੇਦ ਹਨ: ਪੂਰਨ ਅਤੇ ਅਪੂਰਨ। ਦੋਹਾਂ ਦੇ 'ਰੂਪ' ਅਤੇ 'ਅਰਥ' ਦੇ ਆਧਾਰ 'ਤੇ ਵਿਭਿੰਨ ਉਪਭੇਦ ਬਣਦੇ ਹਨ। ਖੋਜ-ਕਾਰਜ ਵਿਚ ਇਹਨਾਂ ਦੀ ਵਿਸਤ੍ਰਿਤ ਜਾਣਕਾਰੀ ਅਤੇ ਵਿਸ਼ਲੇਸ਼ਣ ਕੀਤਾ ਹੈ।

ਅਧਿਆਇ ਦੂਜਾ, **ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਦੀ ਮੁੱਢਲੀ ਜਾਣਕਾਰੀ,** ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੇ ਸਮੁੱਚੇ ਰੂਪਾਂ ਦੀ ਜਾਣਕਾਰੀ ਅਤੇ ਵਰਗੀਕਰਨ ਕੀਤਾ ਹੈ। ਪੂਰਨ ਦੁਹਰੁਕਤੀ ਦੇ ਦੋ ਭੇਦ 'ਰੂਪਗਤ ਦੁਹਰੁਕਤੀ' ਅਤੇ 'ਅਰਥਗਤ

ਦੁਹਰੁਕਤੀ' ਹੈ। ਰੂਪਗਤ ਦੁਹਰੁਕਤੀ ਦੇ ਪੰਜ ਉਪਭੇਦ ਮਿਲਦੇ ਹਨ। 'ਪੂਰਨ ਰੂਪਗਤ ਦੁਹਰੁਕਤੀ' ਦੇ ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ ਪੰਜ ਭੇਦ ਹਨ। 'ਵਾਕੰਸ਼' ਅਤੇ 'ਵਾਕ' ਦੇ ਦੁਹਰਾਉ ਵਜੋਂ 'ਵਾਕੰਸ਼' ਅਤੇ 'ਵਾਕ' ਦੁਹਰੁਕਤੀ ਦੇ ਭੇਦ ਹਨ। 'ਵਧਾਵੀਂ' ਦੁਹਰੁਕਤੀ ਵਿਚ ਦੂਹਰੇ ਸ਼ਬਦਾਂ ਦੇ ਧਾਤੂ ਸ਼ਬਦਾਂ ਨਾਲ ਕਿਸੇ 'ਧੁਨੀ ਜਾਂ ਉਚਾਰਖੰਡ' ਦੇ ਵਾਧੇ ਵਾਲੇ ਸ਼ਬਦਾਂ ਦੀ ਦੂਹਰੀ ਵਰਤੋਂ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਪੰਜ ਭੇਦ ਮਿਲਦੇ ਹਨ। 'ਧੁਨੀ ਪਰਿਵਰਤਨ' ਵਿਚ ਦੋ ਸ਼ਬਦਾਂ ਦੇ ਵਿਚਾਲੇ ਆਪਸੀ ਧੁਨੀਆਂ ਦੇ ਪਰਿਵਰਤਨ ਰਾਹੀਂ ਦੋ ਤਰ੍ਹਾਂ ਦੇ ਸ਼ਬਦ ਬਣਦੇ ਹਨ: ਨਿਰਾਰਥਕ ਅਤੇ ਸਾਰਥਕ। 'ਧੁਨੀ ਆਗਮ' ਅਤੇ 'ਧੁਨੀ ਲੋਪ' ਵਿਚ ਦੁਹਰੁਕਤੀਯੁਕਤ ਸ਼ਬਦਾਂ ਵਿਚ ਕਿਸੇ ਧੁਨੀ ਦਾ 'ਆਗਮ' ਜਾਂ 'ਲੋਪ' ਹੁੰਦਾ ਹੈ। ਇਹਨਾਂ ਦੇ ਅੱਗੋ ਦੋ ਤਰ੍ਹਾਂ ਦੇ ਸ਼ਬਦ ਬਣਦੇ ਹਨ: ਨਿਰਾਰਥਕ ਅਤੇ ਸਾਰਥਕ। ਇਸ ਤਰ੍ਹਾਂ ਦੁਹਰੁਕਤੀ ਦੇ ਇਹ ਰੂਪ 'ਪੂਰਨ' ਅਤੇ 'ਅਪੂਰਨ' ਦੁਹਰੁਕਤੀ ਦਾ ਹਿੱਸਾ ਹਨ। 'ਅਪੂਰਨ' ਦੁਹਰੁਕਤੀ ਦੇ ਅੰਤਰਗਤ ਕੁਝ ਅਜਿਹੇ ਸ਼ਬਦ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਨਿਰਾਰਥਕ (ਭੰਭਲ ਭੂਸੇ, ਰਿਮਿ ਝਿਮਿ, ਰਹਿੰਦ ਖੂੰਹਦ ਆਦਿ) ਹੁੰਦੇ ਹਨ। ਇਹ ਨਿਰਾਰਥਕ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਇਕ ਅਰਥ ਦਾ ਸੰਚਾਰ ਕਰਦੇ ਹਨ। ਅਜਿਹੇ ਨਿਰਾਰਥਕ ਸ਼ਬਦ ਲਾਜ਼ਮੀ ਤੌਰ 'ਤੇ ਦੂਹਰੇ ਰੂਪ ਵਿਚ ਵਰਤੇ ਜਾਂਦੇ ਹਨ।

'ਅਰਥ' ਦੇ ਆਧਾਰ 'ਤੇ ਦੁਹਰੁਕਤੀ ਦੇ ਤਿੰਨ ਉਪਭੇਦ: 'ਸਮਾਨਾਰਥਕ ਦੁਹਰੁਕਤੀ, ਵਰਗਾਰਥਕ ਦੁਹਰੁਕਤੀ' ਅਤੇ 'ਵਿਰੋਧਾਰਥਕ ਦੁਹਰੁਕਤੀ।' ਸਮਾਨਾਰਥਕ ਅਤੇ ਵਰਗਾਰਥਕ ਦੁਹਰੁਕਤੀ ਵਿਚ ਅਰਥਾਂ ਦੀ ਸਮਾਨਤਾ ਹੁੰਦੀ ਹੈ। ਸਮਾਨਾਰਥਕ ਦੁਹਰੁਕਤੀ ਇਕੋ ਅਰਥ ਦਾ ਸੰਚਾਰ ਕਰਦੀ ਹੈ, ਵਰਗਾਰਥਕ ਦੁਹਰੁਕਤੀ ਇਕ ਮੂਲ ਵਾਲੇ ਦੋ ਵਿਭਿੰਨ ਅਰਥਾਂ ਦਾ ਸੰਚਾਰ ਕਰਦੀ ਹੈ। ਵਿਰੋਧਾਰਥਕ ਦੁਹਰੁਕਤੀ ਦੋ ਵਿਰੋਧੀ ਅਰਥਾਂ ਦੀ ਦੁਹਰੁਕਤੀ ਹੈ। ਦੁਹਰੁਕਤੀ ਵਜੋਂ ਇਸਦੇ ਵਿਭਿੰਨ ਪ੍ਰਕਾਰਜ ਹਨ। ਇਹ ਕੇਵਲ ਵਿਰੋਧ ਦਾ ਸੰਚਾਰ ਨਹੀਂ ਕਰਦੀ, ਬਲਿਕ ਸਮਾਨਤਾ/ ਸਮਦ੍ਰਿਸ਼ਟੀ ਅਤੇ ਦੋ ਪੱਖਾਂ ਦੀ ਸਮੁਚਤਾ ਦਾ ਕਾਰਜ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਉਪਰੋਕਤ ਮਿਲਦੇ ਰੂਪਾਂ ਦਾ ਇਸ ਅਧਿਆਇ ਵਿਚ ਅਧਿਐਨ ਕੀਤਾ ਹੈ।

ਅਧਿਆਇ ਤੀਜਾ, **ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ,** ਦੇ ਅੰਤਰਗਤ ਦੁਹਰੁਕਤੀਯੁਕਤ ਨਾਂਵ ਸ਼ਬਦਾਵਲੀ ਦਾ ਅਧਿਐਨ ਕੀਤਾ ਹੈ। ਦੂਹਰੇ ਰੂਪ ਵਿਚ ਨਾਂਵ

ਸ਼ਬਦਾਂ ਦੇ 'ਆਮ ਨਾਂਵ' ਵਧੇਰੇ ਵਰਤੇ ਗਏ ਹਨ। ਕਾਰਜ ਵਜੋਂ ਇਹ ਪ੍ਰਸੰਗਿਕ ਅਰਥਾਂ ਦਾ ਸੰਚਾਰ ਕਰਦੇ ਹਨ ਅਤੇ ਵਿਭਿੰਨ ਅਰਥਗਤ ਇਕਾਈਆਂ ਦਾ ਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਜਾਤੀਵਾਚਕ ਨਾਂਵ 'ਜਾਤੀਗਤ ਵਿਸਿਸਟਾ' ਦਾ ਕਾਰਜ ਕਰਦੇ ਹਨ। ਇਹ ਇਕ ਜਾਤੀ ਦਾ ਦੂਜੀ ਜਾਤੀ ਤੋਂ ਨਿਸ਼ੇਧ ਕਰਦੇ ਹਨ। ਕਾਰਜ ਵਜੋਂ ਇਕ ਸ਼ਬਦ ਰੂਪ ਦਾ ਦੁਹਰਾਉ 'ਦੂਹਰਾ' ਕਾਰਜ ਕਰਦਾ ਹੈ, ਜਾਤੀਵਾਚਕ ਨਾਂਵ ਦੂਹਰੇ ਰੂਪ ਵਿਚ ਨਾਂਵ ਨਾਲ 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਅਜਿਹੀ ਸਥਿਤੀ ਵਿਚ 'ਅਰਥ ਵਿਸਥਾਰ' ਅਤੇ 'ਅਰਥ ਆਦੇਸ਼' ਦੀ ਇਕਾਈ ਪ੍ਰਕਾਰਜਸ਼ੀਲ ਹੁੰਦੀ ਹੈ। ਸਥਾਨ ਵਾਚਕ ਆਮ ਨਾਂਵਾਂ ਦਾ ਦੁਹਰਾਉ ਨਾਂਵਾਂ ਨਾਲ 'ਇਕੱਲੇ ਇਕੱਲੇ' ਦੇ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਖ਼ਾਸ ਨਾਂਵਾਂ ਦੀ ਦੁਹਰੁਕਤੀਯੁਕਤ ਵਰਤੋਂ ਨਹੀਂ ਕੀਤੀ ਜਾਂਦੀ। ਸਥਾਨ ਵਾਚਕ ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ ਨਹੀਂ ਮਿਲਦੀ, ਅਰਥਗਤ ਦੁਹਰੁਕਤੀ ਵਿਚ ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਿਅਕਤੀ ਵਾਚਕ ਖ਼ਾਸ ਨਾਂਵਾਂ ਦੀ ਦੁਹਰੁਕਤੀ ਵਾਲੇ ਵਿਭਿੰਨ ਰੂਪ ਮਿਲਦੇ ਹਨ। ਪਰਮਾਤਮਾ ਲਈ ਵਰਤੇ 'ਖ਼ਾਸ ਨਾਂਵ' ਕਰਤਾ ਤੋਂ ਕਰਮ ਦੀ ਸਥਿਤੀ ਵਿਚ ਪ੍ਰਕਾਰਜ ਕਰਦੇ ਹਨ। ਅਜਿਹੀ ਸਥਿਤੀ ਵਿਚ ਇਹਨਾਂ ਦਾ 'ਰੂਪ' ਅਤੇ 'ਅਰਥ' ਨਹੀਂ ਬਦਲਦਾ, ਸਿਰਫ ਕਾਰਜੀ ਇਕਾਈ ਵਾਕ ਦੀ ਵਿਸ਼ੇਸ਼ ਭਾਵ ਬਣਤਰ ਦਾ ਪ੍ਰਕਾਰਜ ਕਰਦੀ ਹੈ। ਨਾਂਵ ਦੁਹਰੁਕਤੀ ਦੇ ਇਹਨਾਂ ਸਾਰੇ ਪੱਖਾਂ ਦਾ ਅਧਿਐਨ ਇਸ ਅਧਿਆਇ ਵਿਚ ਕੀਤਾ ਹੈ।

ਅਧਿਆਇ ਚੌਥਾ, **ਗੁਰੂ ਗ੍ਰਥ ਸਾਹਿਬ ਵਿਚ ਪੜਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ,** ਵਿਚ ਪੜਨਾਂਵ ਸ਼ਬਦਾਵਲੀ ਦੇ ਦੂਹਰੇ ਸ਼ਬਦਾਂ ਦਾ ਰੂਪ ਅਤੇ ਪ੍ਰਕਾਰਜ ਵਜੋਂ ਅਧਿਐਨ ਕੀਤਾ ਹੈ। ਨਾਂਵਾਂ ਦੇ ਬਾਰ ਬਾਰ ਦੁਹਰਾਉ ਤੋਂ ਬਚਣ ਲਈ ਪੜਨਾਂਵਾਂ ਦੀ ਵਰਤੋਂ ਆਮ ਕੀਤੀ ਜਾਂਦੀ ਹੈ। ਗੁਰਬਾਣੀ ਦੇ ਦਾਰਸ਼ਨਿਕ ਪੱਖ ਤੋਂ ਪੜਨਾਂਵ ਸ਼ਬਦਾਂ ਦਾ ਦੁਹਰਾਉ ਵਧੇਰੇ ਮਹੱਤਵ ਵਾਲਾ ਹੈ। ਪੁਰਖ ਵਾਚਕ ਪੜਨਾਂਵਾਂ ਦੀ ਦੂਹਰੀ ਵਰਤੋਂ 'ਭਾਵ ਵਾਚਕ ਨਾਂਵਾਂ' ਦਾ ਪ੍ਰਕਾਰਜ ਕਰਦੀ ਹੈ। ਇਕਹਿਰੇ ਰੂਪ ਵਿਚ ਇਹ ਪੜਨਾਂਵ ਦਾ ਕਾਰਜ ਕਰਦੇ ਹਨ। ਨਿਜ ਵਾਚਕ ਪੜਨਾਂਵਾਂ ਦੇ ਦੂਹਰੇ ਰੂਪ ਇਕ ਅਰਥ 'ਤੇ ਬਲ ਦਿੰਦੇ ਹਨ। ਅਨਯੈ ਪੁਰਖ ਅਤੇ ਨਿਸ਼ਚੇਵਾਚਕ ਪੜਨਾਂਵਾਂ ਦੇ ਸਿੱਧੇ ਰੂਪ ਨਹੀਂ ਮਿਲਦੇ। ਪ੍ਰਸ਼ਨ ਵਾਚਕ ਪੜਨਾਂਵ 'ਅਰਥ ਵਿਸਥਾਰ' ਦਾ ਕਾਰਜ ਕਰਦੇ ਹਨ। ਉਪਰੰਤ ਦੁਹਰੁਕਤੀਯੁਕਤ ਪੜਨਾਂਵਾਂ ਅਤੇ ਦੂਹਰੀ ਵਰਤੋਂ ਵਾਲੇ ਇਕਹਿਰੇ ਪੜਨਾਂਵਾਂ ਦਾ ਅੰਤਰ ਨਿਖੇੜ ਕੀਤਾ ਹੈ। ਦੁਹਰੁਕਤੀਯੁਕਤ ਅਤੇ ਦੂਹਰੀ ਵਰਤੋਂ ਵਾਲੇ ਇਕਹਿਰੇ ਪੜਨਾਂਵਾਂ ਦੀ ਬਣਤਰ ਸਤਹ੍ਹੀ ਪੱਧਰ 'ਤੇ

ਸਮਾਨ ਹੁੰਦੀ ਹੈ। ਇਹਨਾਂ ਦੇ ਨਿਖੇੜ ਦਾ ਮੁਖ ਆਧਾਰ 'ਵਾਕੰਸ਼ ਇਕਾਈ' ਅਤੇ 'ਉਚਾਰਨ ਵਿਧੀ' ਹੈ। ਕਾਰਜ ਵਜੋਂ ਪੜਨਾਂਵ ਸ਼੍ਰੇਣੀ ਵਿਚ ਮੁਖ ਤੌਰ 'ਤੇ 'ਅਰਥ ਸੰਕੋਚ' ਅਤੇ 'ਅਰਥ ਆਦੇਸ਼' ਦੀ ਇਕਾਈ ਕਾਰਜਸ਼ੀਲ ਹੁੰਦੀ ਹੈ। ਦੁਹਰੁਕਤੀਯੁਕਤ ਪੜਾਨਾਂਵਾਂ ਦਾ ਕਾਰਜ ਇਕਹਿਰੇ ਪੜਨਾਂਵਾਂ ਤੋਂ ਵੱਖਰਾ ਹੈ। ਇਕਹਿਰੇ ਰੂਪਾਂ ਤੋਂ ਦੁਹਰੁਕਤੀਯੁਕਤ ਸ਼ਬਦ ਰੂਪ ਦੀ ਕਾਰਜੀ ਇਕਾਈ ਦੀ ਵੱਖਰਤਾ, ਦੁਹਰੁਕਤੀਯੁਕਤ ਸ਼ਬਦਾਂ ਦੀ ਵਾਕ ਬਣਤਰ ਵਿਚ ਸਥਿਤੀ ਆਦਿ ਪੱਖਾਂ ਦਾ ਅਧਿਐਨ ਕੀਤਾ ਹੈ।

ਅਧਿਆਇ ਪੰਜਵਾਂ, **ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਵਿਸ਼ੇਸ਼ਣ: ਰੂਪ ਤੇ ਪ੍ਰਕਾਰਜ,** ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੂਹਰੇ ਵਿਸ਼ੇਸ਼ਣਾਂ ਦਾ ਅਧਿਐਨ ਹੈ। ਦੁਹਰੁਕਤੀਯੁਕਤ ਵਿਸ਼ੇਸ਼ਣ 'ਨਾਂਵ, ਪੜਨਾਂਵ' ਦੇ ਵਿਸ਼ੇਸ਼ਣ ਵਜੋਂ ਅਤੇ 'ਅਪੂਰਨ ਕਿਰਿਆ' ਨਾਲ 'ਕਿਰਿਆ ਪੂਰਕ' ਦੀ ਸਥਿਤੀ ਵਿਚ ਵਿਚਰਦੇ ਹਨ। ਕਿਰਿਆ ਪੂਰਕ ਦੀ ਸਥਿਤੀ ਵਿਚ ਇਹ ਸਥਾਨ ਕਰਕੇ 'ਕਿਰਿਆ' ਨਾਲ ਵਿਚਰਦੇ ਹਨ, ਜਦਕਿ ਕਾਰਜ 'ਵਿਸ਼ੇਸ਼ਣ' ਸ਼੍ਰੇਣੀ ਦਾ ਕਰਦੇ ਹਨ। 'ਵਿਸ਼ੇਸ਼ਣ' ਜਿਸ ਨਾਂਵ/ਪੜਨਾਂਵ ਨਾਲ ਲੱਗਦੇ ਹਨ, ਉਸਦਾ ਅਰਥ ਘੇਰਾ ਸੀਮਿਤ ਕਰ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ਣਾਂ ਦੇ ਮੂਲ ਰੂਪ ਅਤੇ ਵਿਸ਼ੇਸ਼ਣਾਂ ਦੀ ਵਿਉਂਤਪਤੀ ਵਾਲੇ ਤਿੰਨ ਰੂਪ ਮਿਲਦੇ ਹਨ:

1. ਨਾਵਾਂ ਤੋਂ ਵਿਸ਼ੇਸ਼ਣ
2. ਕਿਰਿਆ ਤੋਂ ਵਿਸ਼ੇਸ਼ਣ
3. ਵਿਸ਼ੇਸ਼ਣਾਂ ਤੋਂ ਵਿਸ਼ੇਸ਼ਣ

'ਨਾਂਵ, ਕਿਰਿਆ' ਤੋਂ ਵਿਉਂਤਪਤ ਵਿਸ਼ੇਸ਼ਣ, 'ਸ਼੍ਰੇਣੀ ਬਦਲੂ' ਵਿਸ਼ੇਸ਼ਣ ਹਨ, ਵਿਸ਼ੇਸ਼ਣਾਂ ਤੋਂ ਵਿਉਂਤਪਤ ਵਿਸ਼ੇਸ਼ਣ, 'ਸ਼੍ਰੇਣੀ ਰੱਖਿਅਕ' ਵਿਸ਼ੇਸ਼ਣ ਹਨ। ਰੂਪ ਵਜੋਂ ਵਿਸ਼ੇਸ਼ਣ ਦੀਆਂ ਦੋ ਕਿਸਮਾਂ 'ਵਿਕਾਰੀ' ਅਤੇ 'ਅਵਿਕਾਰੀ' ਹਨ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ 'ਅਵਿਕਾਰੀ' ਵਿਸ਼ੇਸ਼ਣ ਵੀ ਵਿਕਾਰੀ ਵਿਸ਼ੇਸ਼ਣਾਂ ਵਾਂਗ ਰੂਪ ਬਦਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਵਰਤੇ ਵਿਸ਼ੇਸ਼ਣਾਂ ਦਾ ਕਾਰਜ ਇਕਹਿਰੇ ਵਿਸ਼ੇਸ਼ਣਾਂ ਤੋਂ ਭਿੰਨ ਹੈ। ਰੂਪਗਤ ਦੁਹਰੁਕਤੀ ਵਿਚ ਗੁਣਵਾਚਕ ਅਤੇ ਸੰਖਿਅਕ ਵਿਸ਼ੇਸ਼ਣ ਦੀ ਵਰਤੋਂ ਵਧੇਰੇ ਮਿਲਦੀ ਹੈ। ਦੁਹਰੁਕਤੀਯੁਕਤ ਰੂਪ ਵਿਚ ਸੰਖਿਅਕ ਵਿਸ਼ੇਸ਼ਣਾਂ ਦੀ ਵਰਤੋਂ ਵਿਸ਼ੇਸ਼ ਮਹੱਤਵ ਵਾਲੀ ਹੈ। ਵਾਕ ਬਣਤਰ ਵਿਚ 'ਅਰਥ ਆਦੇਸ਼, ਅਰਥ ਵਿਸਥਾਰ, ਦਬਾਉ'

ਅਤੇ 'ਅਰਥ ਅਗਰਭੂਮਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਦਬਾਉ ਵਜੋਂ ਦੂਹਰੇ ਸ਼ਬਦ ਦਾ ਅਰਥ ਅਗਰਭੂਮੀ ਵਿਚ ਕਾਰਜਸ਼ੀਲ ਹੁੰਦਾ ਹੋਇਆ 'ਤੀਬਰਭਾਵ' ਦਾ ਪ੍ਰਕਾਰਜ ਕਰਦਾ ਹੈ। ਵਿਸ਼ੇਸ਼ਣਾਂ ਦਾ ਰੂਪ, ਵਾਕ ਬਣਤਰ ਵਿਚ ਸਥਾਨ/ ਸਥਿਤੀ, ਵਾਕ ਦੇ ਪ੍ਰਸੰਗ ਵਿਚ ਪ੍ਰਕਾਰਜ, ਕਾਵਿ ਰਚਨਾ ਵਿਚ ਦੁਹਰੁਕਤੀ ਦਾ ਮਹੱਤਵ ਆਦਿ ਪੱਖਾਂ ਦਾ ਅਧਿਐਨ ਕੀਤਾ ਹੈ।

ਅਧਿਆਇ ਛੇਵਾਂ, **ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੁਹਰੁਕਤੀ: ਰੂਪ ਤੇ ਪ੍ਰਕਾਰਜ**, ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ 'ਦੁਹਰੁਕਤੀਯੁਕਤ ਕਿਰਿਆ ਰੂਪਾਂ' ਅਤੇ ਇਸਦੀਆਂ 'ਪ੍ਰਕਾਰਜੀ ਇਕਾਈਆਂ' ਦਾ ਅਧਿਐਨ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਕਿਰਿਆ' ਸ਼੍ਰੇਣੀ ਦੇ ਵਿਸ਼ੇਸ਼ ਰੂਪ ਮਿਲਦੇ ਹਨ। ਦੂਹਰੇ ਕਿਰਿਆ ਵਿਸ਼ੇਸ਼ਣਾਂ ਦੀ ਰੂਪਕ ਅਤੇ ਕਾਰਜ ਪੱਖ ਤੋਂ ਇਕਹਿਰੇ ਕਿਰਿਆ ਰੂਪਾਂ ਤੋਂ ਭਿੰਨਤਾ ਮਿਲਦੀ ਹੈ। ਇਕਹਿਰੇ ਕਿਰਿਆ ਰੂਪ ਵਧੇਰੇ 'ਸੰਯੋਗਾਤਮਕ' ਹਨ, ਦੂਹਰੇ ਕਿਰਿਆ ਰੂਪ 'ਧਾਤੂਮੂਲਕ' ਜਾਂ ਕੁਝ ਸੀਮਿਤ 'ਪਿਛੇਤਰਾਂ' ਵਾਲੇ ਮਿਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਇਹ ਕਿਰਿਆ ਨਾਲ ਸੰਬੰਧਕ ਦਾ ਕਾਰਜ ਕਰਦੇ ਹਨ। 'ਕਾਵਿ ਬਣਤਰ' ਵਿਚ 'ਸੰਬੰਧਕਾਂ' ਦੀ ਸੁਤੰਤਰ ਵਰਤੋਂ ਬਹੁਤ ਸੀਮਿਤ ਹੈ। ਦੁਹਰੁਕਤੀਯੁਕਤ ਰੂਪ ਵਿਚ ਕਾਰਜ ਵਜੋਂ ਦੁਹਰਾਉ 'ਸੰਬੰਧਕ' ਦਾ ਕਾਰਜ ਕਰਦਾ ਹੈ।

ਵਾਕ ਬਣਤਰ ਵਿਚ 'ਕਿਰਿਆ' ਰੂਪਾਂ ਦੀ ਵਿਆਕਰਨ ਨਿਯਮਾਂ ਤੋਂ ਵੱਖਰੀ ਸਿਰਜਨਾ ਹੈ। 'ਸੰਚਾਲਕ' ਕਿਰਿਆ 'ਮੁਖ ਕਿਰਿਆ' ਤੋਂ ਪਹਿਲਾਂ ਹੈ, 'ਸਹਾਇਕ ਕਿਰਿਆ' ਦੀ ਵਰਤੋਂ ਬਹੁਤ ਸੀਮਿਤ ਹੈ। ਇਸ ਦਾ ਕਾਰਨ ਸੰਚਾਲਕ ਕਿਰਿਆਵਾਂ ਦੀ ਦੂਹਰੀ ਵਰਤੋਂ ਦਾ ਨਾ ਹੋਣਾ ਹੈ। ਸੰਚਾਲਕ ਕਿਰਿਆਵਾਂ ਦੀ ਦੂਹਰੀ ਵਰਤੋਂ ਵਾਕ ਦੇ ਅੰਤ 'ਤੇ ਨਹੀਂ ਹੁੰਦੀ, ਇਸ ਉਪਰੰਤ ਕਿਸੇ ਸ਼ਬਦ ਦਾ ਵਿਚਰਨਾ ਲਾਜ਼ਮੀ ਹੈ। ਕਾਰਜ ਦੀ 'ਬਾਰੰਬਾਰਤਾ' ਜਾਂ 'ਲਗਾਤਾਰਤਾ' ਲਈ ਗੁਰੂ ਗ੍ਰੰਥ ਸਾਹਿਬ ਵਿਚ 'ਸੰਚਾਲਕ' ਕਿਰਿਆਵਾਂ ਦੀ ਦੂਹਰੀ ਵਰਤੋਂ ਮਿਲਦੀ ਹੈ। ਸੰਚਾਲਕ ਕਿਰਿਆ ਦੇ ਦੁਹਰੁਕਤੀਯੁਕਤ ਵਾਕਾਂ ਵਿਚ ਮੁਖ ਕਿਰਿਆ, 'ਸੰਚਾਲਕ' ਕਿਰਿਆ ਤੋਂ ਪਿੱਛੋਂ ਵਿਚਰ ਰਹੀ ਹੈ, ਸਹਾਇਕ ਕਿਰਿਆ ਗ਼ੈਰ ਹਾਜ਼ਰ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆਵੀਂ ਵਾਕਾਂ ਦੀ ਬਣਤਰ ਦਾਰਸ਼ਨਿਕਤਾ ਅਨੁਸਾਰ ਹੈ। ਕਿਰਿਆ ਭਾਵ ਕਾਰਜ ਪਹਿਲਾਂ ਹੈ, 'ਕਰਮ' ਦੀ ਪ੍ਰਾਪਤੀ ਕਾਰਜ ਤੋਂ ਬਾਅਦ ਹੈ।

ਇਸ ਤਰ੍ਹਾਂ ਦੂਹਰੀ ਕਿਰਿਆ ਵਾਕ ਦੇ ਆਰੰਭ ਵਿਚ ਵਿਚਰ ਰਹੀ ਹੈ। ਵਾਕ ਬਣਤਰ ਵਿਚ ਕਿਰਿਆ ਦਾ ਦੁਹਰਾਉ ਮੁਖ ਤੌਰ 'ਤੇ ਨਿਰੰਤਰਤਾ/ ਲਗਾਤਾਰਤਾ ਜਾਂ ਬਾਰੰਬਾਰਤਾ ਦਾ ਕਾਰਜ ਕਰਦਾ ਹੈ। ਦਾਰਸ਼ਨਿਕ ਪ੍ਰਸੰਗ ਵਿਚ 'ਕਾਰਜ ਦੀ ਲਗਾਤਾਰਤਾ' ਮਨੁਖ ਨੂੰ ਸਫ਼ਲ ਜਾਂ ਨਿਸਫ਼ਲ ਫ਼ਲ ਦੀ ਪ੍ਰਾਪਤੀ ਦਾ ਕਾਰਨ ਬਣਦੀ ਹੈ। ਸੋ ਇਸ ਅਧਿਆਇ ਵਿਚ ਕਿਰਿਆ ਦੇ ਵਿਭਿੰਨ ਰੂਪ, ਬਣਤਰ ਅਤੇ ਪ੍ਰਕਾਰਜ ਦਾ ਅਧਿਐਨ ਹੈ।

ਅਧਿਆਇ ਸੱਤਵਾਂ, **ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਵਿਸ਼ੇਸ਼ਣ ਦੁਹਰੁਕਤੀ: ਰੂਪ ਤੇ ਪ੍ਰਕਾਰਜ,** ਵਿਚ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦਾ ਅਧਿਐਨ ਕੀਤਾ ਹੈ। ਦੂਹਰੇ ਰੂਪ ਵਿਚ ਮੂਲ ਕਿਰਿਆ ਵਿਸ਼ੇਸ਼ਣ ਹੀ 'ਕਿਰਿਆ ਦੀ ਵਿਸ਼ੇਸ਼ਤਾ' ਦਾ ਕਾਰਜ ਕਰਦੇ ਨਹੀਂ ਕਰਦੇ, ਬਲਕਿ 'ਨਾਂਵ' ਤੇ 'ਕਿਰਿਆ' ਸ਼੍ਰੇਣੀ ਦੇ ਸ਼ਬਦ ਵੀ 'ਕਿਰਿਆ ਦੀ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ 'ਕਿਰਿਆ ਵਿਸ਼ੇਸ਼ਣ' ਦੇ ਦੁਹਰੁਕਤੀਯੁਕਤ ਰੂਪ ਮੂਲ ਸ਼੍ਰੇਣੀ ਅਤੇ ਨਾਂਵ, ਕਿਰਿਆ ਸ਼੍ਰੇਣੀ ਦੇ ਮਿਲਦੇ ਹਨ। ਵਾਕ ਦੇ ਪ੍ਰਸੰਗ ਵਿਚ 'ਨਾਂਵ' ਅਤੇ 'ਕਿਰਿਆ' ਦੀ ਦੁਹਰੁਕਤੀਯੁਕਤ ਵਰਤੋਂ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੀ ਹੈ। ਨਾਂਵ ਨਾਲ ਪਿਛੇਤਰ (ਸਹਜ+ ਏ= ਸਹਜੇ, ਘੜੀ+ ਏ ਘੜੀਏ) ਲਾ ਕੇ ਬਣੇ ਸ਼ਬਦ 'ਕਿਰਿਆ ਵਿਸ਼ੇਸ਼ਣ' ਸ਼੍ਰੇਣੀ ਦੇ ਸ਼ਬਦ ਹਨ। 'ਘੜੀਏ ਘੜੀਏ' ਅਜਿਹਾ ਸ਼ਬਦ ਹੈ, ਜਿਸਦੀ ਵਰਤੋਂ ਦੂਹਰੇ ਰੂਪ ਵਿਚ ਅਰਥ ਸੰਚਾਰ ਕਰਦੀ ਹੈ।

ਵਾਕ ਬਣਤਰ ਅਨੁਸਾਰ ਕਿਰਿਆ ਵਿਸ਼ੇਸ਼ਣ, 'ਕਿਰਿਆ' ਦੇ ਨਾਲ ਵਿਚਰਦੇ ਹਨ। ਇਹ 'ਕਿਰਿਆ ਵਾਕੰਸ਼' ਦਾ ਹਿੱਸਾ ਹੁੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ, 'ਨਾਂਵ ਵਾਕੰਸ਼' ਦੀ ਬਣਤਰ ਵਿਚ ਹਨ। ਸਥਾਨ ਕਰਕੇ ਇਹ 'ਨਾਂਵ ਵਾਕੰਸ਼' ਦੀ ਬਣਤਰ ਵਾਲੇ ਹਨ, ਕਾਰਜ ਦੇ ਪੱਖ ਤੋਂ ਕਿਰਿਆ ਦੀ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦੀ ਵਿਸ਼ੇਸ਼ ਰੂਪਾਤਮਕ ਬਣਤਰ ਹੈ। ਮੂਲ 'ਕਿਰਿਆ ਵਿਸ਼ੇਸ਼ਣ' ਦੇ ਧੁਨੀ ਪਰਿਵਰਤਨ ਅਤੇ ਟੇਢੇ ਰੂਪ ਮਿਲਦੇ ਹਨ। ਸਿੱਧੇ ਰੂਪਾਂ ਦੀ ਟੇਢੀ ਵਰਤੋਂ ਦਾ ਕਾਰਨ ਸੁਹਜ ਹੈ। ਕਾਵਿ ਰਚਨਾ ਵਿਚ ਸੁਹਜ ਪੈਦਾ ਕਰਨ ਲਈ ਆਮ ਹੀ ਸ਼ਬਦਾਂ ਨੂੰ ਟੇਢੇ ਜਾਂ ਅਸਿੱਧੇ ਢੰਗ ਨਾਲ ਵਰਤ ਲਿਆ ਜਾਂਦਾ ਹੈ, ਜਿਵੇਂ: ਠਿਮਿ ਠਿਮਿ, ਮੁਸਿ ਮੁਸਿ ਆਦਿ। ਉਪਰੋਕਤ ਦੂਹਰੇ ਰੂਪ 'ਕਾਵਿ

ਸੁਹਜ' ਅਤੇ 'ਗਾਉਣ ਵਿਧੀ' ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਇਸ ਦੇ ਕੁਝ ਸ਼ਬਦ ਅਜਿਹੇ ਮਿਲਦੇ ਹਨ, ਜਿਹੜੇ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਹੀ ਕਾਰਜਸ਼ੀਲ ਹੁੰਦੇ ਹਨ, ਆਦਿ ਪੱਖਾਂ ਦਾ ਇਸ ਅਧਿਆਇ ਵਿਚ ਵਿਸ਼ਲੇਸ਼ਣ ਕੀਤਾ ਹੈ।

ਇਸ ਤਰ੍ਹਾਂ ਹਥਲੇ ਖੋਜ-ਕਾਰਜ ਵਿਚ 'ਰੂਪਗਤ ਦੁਹਰੁਕਤੀ' ਦੇ ਭੇਦ **ਪੂਰਨ ਰੂਪਗਤ ਸ਼ਬਦ ਦੁਹਰੁਕਤੀ** ਨੂੰ ਖੋਜ-ਕਾਰਜ ਦਾ ਆਧਾਰ ਬਣਾਇਆ ਹੈ। ਪੂਰਨ ਰੂਪਗਤ ਦੁਹਰੁਕਤੀ ਦੀਆਂ ਬਾਕੀ ਕਿਸਮਾਂ ਅਤੇ ਦੁਹਰੁਕਤੀ ਦੀਆਂ ਪੂਰਨ ਅਰਥਗਤ ਤੇ ਅਪੂਰਨ ਦੁਹਰੁਕਤੀ ਦੀਆਂ ਕਿਸਮਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਇਹਨਾਂ ਕਿਸਮਾਂ ਦਾ ਮਹੀਨ ਅਧਿਐਨ ਨਹੀਂ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦਾ ਵਰਤਾਰਾ ਵੱਡੇ ਪੱਧਰ 'ਤੇ ਕਾਰਜਸ਼ੀਲ ਹੈ। ਦੁਹਰੁਕਤੀ ਦੀਆਂ ਉਪਰੋਕਤ ਕਿਸਮਾਂ ਦਾ ਸੰਪੂਰਨ ਅਧਿਐਨ ਅਤੇ ਦੁਹਰੁਕਤੀ ਦਾ ਵਿਭਿੰਨ ਪੱਖਾਂ ਤੋਂ ਅਧਿਐਨ ਇਕ ਖੋਜ-ਕਾਰਜ ਵਿਚ ਸੰਭਵ ਨਹੀਂ। ਹਥਲੇ ਖੋਜ-ਕਾਰਜ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੇ ਰੂਪ, ਵਾਕਾਤਮਕ ਬਣਤਰ ਅਤੇ ਵਾਕ ਦੇ ਪ੍ਰਸੰਗ ਵਿਚ ਉਸਦੇ ਪ੍ਰਕਾਰਜ ਦਾ ਵਿਸ਼ਲੇਸ਼ਣ ਕੀਤਾ ਹੈ। ਕਾਵਿ ਸੁਹਜ ਜਾਂ ਵਾਕ ਦੀ ਭਾਵ ਬਣਤਰ ਦੇ ਪੱਖ ਤੋਂ ਅਧਿਐਨ ਕਰਨਾ ਵੱਖਰੇ ਵਿਸ਼ੇ ਹੋ ਜਾਂਦੇ ਹਨ, ਖੋਜ-ਕਾਰਜ ਵਿਚ ਇਹਨਾਂ ਦਾ ਗਹਿਨ ਅਧਿਐਨ ਨਹੀਂ, ਬਲਿਕ ਸੰਕੇਤ ਹੈ।

ਕਾਵਿ ਰਚਨਾ ਵਿਚ ਦੁਹਰੁਕਤੀ ਦੀ ਆਪਣੀ ਵਿਲੱਖਣਤਾ ਹੈ, ਇਸਦੀ ਥਾਂ ਇਕਹਿਰਾ ਸ਼ਬਦ 'ਕਾਵਿ ਸੁਹਜ' ਅਤੇ 'ਵਜਨ' ਵਿਚ ਖ਼ਲਲ ਪਾਉਂਦਾ ਹੈ, ਜਿਸ ਨਾਲ ਵਾਕ ਦਾ 'ਰਿਧਮ' ਅਤੇ 'ਲੈਅ' ਪ੍ਰਭਾਵਿਤ ਹੁੰਦੀ ਹੈ। ਕਾਵਿ ਵਿਚ ਖ਼ਲਲ ਪੈਣ 'ਤੇ ਕਾਵਿ ਦੀ ਗਾਇਨ ਪ੍ਰਕਿਰਿਆ ਵੀ ਪ੍ਰਭਾਵਿਤ ਹੁੰਦੀ ਹੈ। ਗੁਰਬਾਣੀ ਦੇ 'ਕਾਵਿਮਈ' ਅਤੇ 'ਰਾਗਮਈ' ਹੋਣ ਕਾਰਨ ਇਸਦਾ ਵਧੇਰੇ ਉਚਾਰਨ ਗਾ ਕੇ ਕੀਤਾ ਜਾਂਦਾ ਹੈ। ਗਾਇਨ ਸ਼ੈਲੀ ਵਿਚ ਦੁਹਰੁਕਤੀ ਵਿਸ਼ੇਸ਼ ਮਹੱਤਵ ਨਿਭਾਉਂਦੀ ਹੈ। ਗੁਰਬਾਣੀ ਵਿਚ ਦੁਹਰੁਕਤੀ ਦੀ ਵਧੇਰੇ ਵਰਤੋਂ ਦਾ ਇਹ ਵੀ ਇਕ ਕਾਰਨ ਹੋ ਸਕਦਾ ਹੈ। ਇਸ ਦੀ ਵਰਤੋਂ ਨਾਲ ਕਾਵਿ ਵਿਚ ਲਗਾਤਾਰ 'ਰਿਧਮ' ਬਣਿਆ ਰਹਿੰਦਾ ਹੈ, ਸ਼ਬਦਾਂ ਵਿਚ ਵਧੇਰੇ 'ਲਮਕਾਅ' ਪੈਦਾ ਹੈ:

**ਧੰਨੁ ਧੰਨੁ** ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥ ਅੰਗ ੯੬੮

**ਰਾਮੁ ਰਾਮੁ** ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ॥ ਅੰਗ ੫੫੫

ਦੁਹਰੁਕਤੀ ਦੀਆਂ ਅਜਿਹੀਆਂ ਵਧੇਰੇ ਉਦਾਹਰਨਾਂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀਆਂ ਹਨ, ਜੋ ਤੁਕਾਂ ਦੀ ਲੈਆਤਮਿਕ ਚਾਲ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਦੂਹਰੇ ਸ਼ਬਦ 'ਵਜਨ' 'ਤੇ ਸਿੱਧਾ ਪ੍ਰਭਾਵ ਪਾਉਂਦੇ ਹਨ। ਉਪਰੋਕਤ ਤੁਕਾਂ ਵਿਚ ਦੁਹਰੁਕਤੀ ਦੀ ਥਾਂ ਇਕਹਿਰਾ ਸ਼ਬਦ ਵਜਨ ਅਤੇ ਲੈਅ ਨੂੰ ਪ੍ਰਭਾਵਿਤ ਕਰਦਾ ਹੈ।

ਖੋਜ-ਕਾਰਜ ਦੇ ਅੰਤ 'ਤੇ ਸਾਰ ਤੇ ਸਥਾਪਨਾਂਵਾਂ ਦਿੱਤੀਆਂ ਹਨ, ਉਪਰੰਤ ਸਹਾਇਕ ਪੁਸਤਕ ਸੂਚੀ ਦਿੱਤੀ ਹੈ। ਇਸਤੋਂ ਬਾਅਦ ਅੰਤਿਕਾਂ ਦੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦੀ ਸਮੁੱਚੀ ਸਮੱਗਰੀ ਨੂੰ ਅੱਖਰ ਕ੍ਰਮ ਅਨੁਸਾਰ ਦਿੱਤਾ ਹੈ, ਤਾਂ ਜੋ ਸਾਧਾਰਨ ਪਾਠਕ ਦੀ ਮੂਲ ਸਮੱਗਰੀ ਤੱਕ ਪਹੁੰਚ ਆਸਾਨੀ ਨਾਲ ਹੋ ਸਕੇ।

# ਤਤਕਰਾ


| | |
|---|---|
| ਭੂਮਿਕਾ | **I-IX** |
| ਅਧਿਆਇ ਪਹਿਲਾ<br>**ਸ਼ਬਦ ਦੁਹਰੁਕਤੀ: ਪਰਿਭਾਸ਼ਾ, ਸਰੂਪ ਤੇ ਕਿਸਮਾਂ** | **1-25** |
| ੳ. ਸ਼ਬਦ ਦੁਹਰੁਕਤੀ: ਪਰਿਭਾਸ਼ਾ ਤੇ ਸਰੂਪ<br>ਅ. ਦੁਹਰੁਕਤੀ ਦੀਆਂ ਕਿਸਮਾਂ<br>ੲ. ਦੁਹਰੁਕਤੀ ਅਤੇ ਸਮਾਸ<br>ਸ. ਕਾਵਿ ਸ਼ਾਸਤਰ ਵਿਚ ਦੁਹਰੁਕਤੀ | |
| ਅਧਿਆਇ ਦੂਜਾ<br>**ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੇ ਵਿਭਿੰਨ ਰੂਪਾਂ ਦੀ ਮੁਢਲੀ ਜਾਣਕਾਰੀ** | **26-123** |
| ੳ. ਪੂਰਨ ਦੁਹੁਰਕਤੀ<br>ਅ. ਅਪੂਰਨ ਦੁਹਰੁਕਤੀ<br>ੲ. ਦੁਹਰੁਕਤੀਯੁਕਤ ਰੂਪਾਂ ਤੋਂ ਦੂਹਰੇ ਵਿਚਰਦੇ ਇਕਹਿਰੇ ਰੂਪਾਂ ਦੀ ਵੱਖਰਤਾ | |
| ਅਧਿਆਇ ਤੀਜਾ<br>**ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ** | **124-168** |
| ੳ. ਨਾਂਵ: ਪਰਿਭਾਸਾ ਤੇ ਰੂਪ<br>ਅ. ਨਾਂਵ ਦੇ ਭੇਦ<br>ੲ. ਨਾਂਵ ਦੁਹਰੁਕਤੀ: ਪਰਿਭਾਸ਼ਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ<br>ਸ. ਨਾਂਵ ਦੁਹਰੁਕਤੀ: ਪ੍ਰਕਾਰਜ<br>ਹ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਨਾਂਵ ਰੂਪ | |
| ਅਧਿਆਇ ਚੌਥਾ<br>**ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ** | **169-207** |
| ੳ. ਪੜਨਾਂਵ: ਪਰਿਭਾਸ਼ਾ ਤੇ ਭੇਦ<br>ਅ. ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਪੜਨਾਂਵਾਂ ਦੀ ਅਜੋਕੇ ਪੜਨਾਂਵਾਂ ਤੋਂ ਰੂਪਗਤ ਭਿੰਨਤਾ<br>ੲ. ਪੜਨਾਂਵ ਦੁਹਰੁਕਤੀ: ਪਰਿਭਾਸ਼ਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ<br>ਸ. ਪੜਨਾਂਵ ਦੁਹਰੁਕਤੀ: ਪ੍ਰਕਾਰਜ | |

| | |
|---|---|
| **ਅਧਿਆਇ ਪੰਜਵਾਂ**<br>**ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ਣ ਦੁਹਰੁਕਤੀ: ਰੂਪ ਤੇ ਪ੍ਰਕਾਰਜ** | **208-247** |
| ੳ. ਵਿਸ਼ੇਸ਼ਣ: ਪਰਿਭਾਸ਼ਾ ਅਤੇ ਭੇਦ<br>ਅ. ਵਿਸ਼ੇਸ਼ਣ ਦੁਹਰੁਕਤੀ: ਪਰਿਭਾਸ਼ਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ<br>ੲ. ਕਿਰਿਆ ਪੂਰਕ ਦੀ ਸਥਿਤੀ ਵਿਚ ਮੂਲ ਵਿਸ਼ੇਸ਼ਣ<br>ਸ. ਵਿਸ਼ੇਸ਼ਣ ਦੁਹਰੁਕਤੀ: ਪ੍ਰਕਾਰਜ<br>ਹ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਵਿਸ਼ੇਸ਼ਣ ਰੂਪ | |
| **ਅਧਿਆਇ ਛੇਵਾਂ**<br>**ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੁਹਰੁਕਤੀ: ਰੂਪ ਤੇ ਪ੍ਰਕਾਰਜ** | **248-291** |
| ੳ. ਕਿਰਿਆ: ਪਰਿਭਾਸ਼ਾ<br>ਅ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਰੂਪਾਂ ਦੀ ਵਿਭਿੰਨਤਾ<br>ੲ. ਕਿਰਿਆ ਦੁਹਰੁਕਤੀ: ਪਰਿਭਾਸ਼ਾ ਅਤੇ ਇਕਹਿਰੇ ਕਿਰਿਆ ਰੂਪਾਂ ਤੋਂ ਭਿੰਨਤਾ<br>ਸ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੁਹਰੁਕਤੀ ਦੇ ਭੇਦ<br>ਹ. ਕਿਰਿਆ ਦੁਹਰੁਕਤੀ: ਪ੍ਰਕਾਰਜ<br>ਕ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਕਿਰਿਆ ਰੂਪ | |
| **ਅਧਿਆਇ ਸੱਤਵਾਂ**<br>**ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਵਿਸ਼ੇਸ਼ਣ ਦੁਹਰੁਕਤੀ: ਰੂਪ ਤੇ ਪ੍ਰਕਾਰਜ** | **292-341** |
| ੳ. ਕਿਰਿਆ ਵਿਸ਼ੇਸ਼ਣ: ਪਰਿਭਾਸ਼ਾ<br>ਅ. ਕਿਰਿਆ ਵਿਸ਼ੇਸ਼ਣ ਦੁਹਰੁਕਤੀ<br>ੲ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਵਿਸ਼ੇਸ਼ਣ ਦੁਹਰੁਕਤੀ ਦੇ ਭੇਦ<br>ਸ. ਕਿਰਿਆ ਵਿਸ਼ੇਸ਼ਣ ਦੁਹਰੁਕਤੀ ਦੇ ਵਿਕਾਰੀ ਅਤੇ ਅਵਿਕਾਰੀ ਰੂਪ<br>ਹ. ਕਿਰਿਆ ਵਿਸ਼ੇਸ਼ਣ ਦੁਹਰੁਕਤੀ: ਪ੍ਰਕਾਰਜ<br>ਕ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਕਿਰਿਆ ਵਿਸ਼ੇਸ਼ਣ ਰੂਪ | |
| **ਸਾਰ ਤੇ ਸਥਾਪਨਾਂਵਾਂ** | **342-366** |
| **ਪੁਸਤਕ ਸੂਚੀ** | **367-374** |
| **ਅੰਤਿਕਾਂ** | **1-217** |
| **ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੀ ਸਮੁਚੀ** | |

| ਸਮੱਗਰੀ<br><br>ਗੁਰੂ ਗ੍ਰੰਥ ਸਾਹਿਬ ਵਿਚ ਇਕੱਠੇ ਵਿਚਰਦੇ ਇਕਹਿਰੇ ਸ਼ਬਦ ਰੂਪ | |
|---|---|

# ਸ਼ਬਦ ਦੁਹਰੁਕਤੀ: ਪਰਿਭਾਸ਼ਾ, ਸਰੂਪ ਤੇ ਕਿਸਮਾਂ

ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਸ਼ਬਦ ਸਿਰਜਣਾ ਦੀ ਇਕ ਮਹੱਤਵਪੂਰਨ ਵਿਧੀ ਹੈ। ਸ਼ਬਦਾਂ ਦਾ ਸੰਬੰਧ 'ਰੂਪ ਵਿਗਿਆਨ' ਨਾਲ ਹੈ। ਸ਼ਬਦ ਰਚਨਾ ( word formation), ਸੰਰਚਨਾ (word structure), ਸ਼ਬਦ ਰੂਪਾਂ (forms of words), ਵਿਭਕਤੀ ਰੂਪਾਂ (Inflections) ਦਾ ਅਧਿਐਨ 'ਰੂਪ ਵਿਗਿਆਨ' ਹੈ। "ਰੂਪ ਵਿਗਿਆਨ ਸ਼ਬਦ ਦੇ ਰੂਪਾਂ ਨਾਲ ਸੰਬੰਧਿਤ ਹੈ।"[1] ਇਹ ਸ਼ਬਦ ਦੇ ਰੂਪ ਦਾ ਵਿਗਿਆਨਕ ਅਧਿਐਨ ਹੈ। ਸ਼ਾਬਦਿਕ ਰੂਪ ਵਿਚ ਕਾਰਜਸ਼ੀਲ ਲਘੂਤਮ ਇਕਾਈਆਂ (ਭਾਵੰਸ਼ਾ/ ਮਾਰਫੀਮਾਂ) ਦਾ ਅਧਿਐਨ ਕਰਕੇ ਸ਼ਬਦ ਦੀ ਅੰਦਰੂਨੀ ਬਣਤਰ ਦਾ ਅਧਿਐਨ ਕਰਦਾ ਹੈ। "ਰੂਪ ਵਿਗਿਆਨ, 'ਵਿਆਕਰਨ' ਦੀ ਇਕ ਸ਼ਾਖਾ ਹੈ, ਜਿਹੜੀ ਮੁਖ ਤੌਰ 'ਤੇ ਰੂਪਗ੍ਰਾਮਾਂ ਦੀ ਉਸਾਰੀ ਦੁਆਰਾ ਸ਼ਬਦਾਂ ਦੀ ਬਣਤਰ ਜਾਂ ਸ਼ਬਦ ਰੂਪਾਂ ਦਾ ਅਧਿਐਨ ਕਰਦੀ ਹੈ।"[2] ਸੋ ਰੂਪ ਵਿਗਿਆਨ ਸ਼ਬਦ ਦੇ ਸਮੁੱਚੇ ਅਧਿਐਨ 'ਤੇ ਕੇਂਦਰਤ ਹੈ। ਇਹ ਸ਼ਬਦ ਦੀ ਅੰਦਰੂਨੀ ਬਣਤਰ, ਬਣਤਰ ਪਿੱਛੇ ਕਾਰਜਸ਼ੀਲ ਨਿਯਮਾਂ ਅਤੇ ਬਾਹਰੀ ਰੂਪਾਂ ਦਾ ਅਧਿਐਨ ਹੈ। **ਪ੍ਰੇਮ ਪ੍ਰਕਾਸ਼**, ਅਨੁਸਾਰ: "ਰੂਪ ਵਿਗਿਆਨ ਦਾ ਮੁਖ ਕਰਮ 'ਸ਼ਬਦ' ਨਾਮਕ ਯੂਨਿਟਾਂ ਦੀ ਬਣਤਰ ਤੇ ਬੁਣਤਰ ਨੂੰ ਅੰਤਰੰਗ ਤੇ ਬਹਿਰੰਗ ਦੋਹਾਂ ਧਰਾਤਲਾਂ ਤੇ ਸਥਾਪਿਤ ਕਰਕੇ ਉਨ੍ਹਾਂ ਨੂੰ ਵਿਸ਼ਲੇਸ਼ਤ ਕਰਨਾ 'ਰੂਪ ਵਿਗਿਆਨ' ਦਾ ਪ੍ਰਮੁਖ ਲਕਸ਼ ਤੇ ਕਾਰਜ ਹੈ।"[3]

## ੳ. ਸ਼ਬਦ ਦੁਹਰੁਕਤੀ: ਪਰਿਭਾਸ਼ਾ ਤੇ ਸਰੂਪ

'ਦੁਹਰੁਕਤੀ' ਰੂਪ ਵਿਗਿਆਨ ਦੇ ਅੰਤਰਗਤ ਵਿਚਾਰਿਆਂ ਜਾਣ ਵਾਲਾ ਸੰਕਲਪ ਹੈ। "ਦੁਹਰਾਉ ਇਕ 'ਰੂਪ ਵਿਗਿਆਨਕ' ਪ੍ਰਕਿਰਿਆ ਹੈ, ਜਿਸ ਵਿਚ ਕਿਸੇ ਸ਼ਬਦ ਦੀ 'ਜੜ' (ਧਾਤੂ) ਜਾਂ ਇਸਦੇ ਇਕ

---

1. Morphology deals with the form of words, Rodney Huddleston, English Grammar- An outline, Cambridge University, 1991, pn 6.
2. Morphology: the branch of Grammar which studies the Structure or forms of words primarily through the use of morpheme construct, David Crystal, A Dictionary of Linguistic & Phonetics, Oxford, 1986, pn 200.
3. ਪ੍ਰੇਮ ਪ੍ਰਕਾਸ਼ ਸਿੰਘ, ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ, ਮਦਾਨ ਪਬਲੀਕੇਸ਼ਨਜ਼, ਪਟਿਆਲਾ, 2002, ਪੰਨਾ 11.

ਹਿੱਸੇ ਨੂੰ ਦੁਹਰਾਇਆ ਜਾਂਦਾ ਹੈ।"[4] ਮੂਲ ਰੂਪ ਵਿਚ ਦੁਹਰੁਕਤੀ 'ਧਾਤੂ ਰੂਪ' ਦਾ ਦੁਹਰਾਉ ਹੈ, ਧਾਤੂ ਰੂਪ ਦੇ ਕਿਸੇ ਹਿੱਸੇ ਦੇ ਦੁਹਰਾਉ ਨਾਲ ਵਧੇਤਰਾਂ ਦੀ ਵਰਤੋਂ ਕਰਕੇ ਇਸ ਦੀਆਂ ਵਧੇਤਰਯੁਕਤ ਕਿਸਮਾਂ ਬਣਦੀਆਂ ਹਨ।

ਅੰਗਰੇਜ਼ੀ ਭਾਸ਼ਾ ਵਿਚ ਦੁਹਰੁਕਤੀ ਲਈ REDUPLICATION ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। Reduplication ਦੇ ਸਮਾਨਾਰਥੀ "Iteration, Repeat, Repetition, Replication, Reiteration, Imitation, Duplicate"[5] ਸ਼ਬਦ ਵੀ ਵਰਤੇ ਗਏ ਹਨ। **ਆਕਸਫੋਡ ਇੰਗਲਿਸ਼ ਡਿਕਸ਼ਨਰੀ** ਦੇ ਅਨੁਸਾਰ:- "ਉਚਾਰਖੰਡ ਜਾਂ ਅੱਖਰ ਦਾ ਦੁਹਰਾਉ ਲਾਤੀਨੀ ਅਤੇ ਹੋਰ ਭਾਰੋਪੀ (ਭਾਰਤ- ਯੂਰਪੀ) ਭਾਸ਼ਾਵਾਂ ਵਿਚ ਖਾਸ ਤੌਰ ਤੇ ਮੌਖਿਕ ਰੂਪ ਵਿਚ ਮੌਜੂਦ ਹੈ।"[6]

> **ਆਕਸਫੋਡ ਡਿਕਸ਼ਨਰੀ ਆਫ਼ ਕਰੰਟ ਇੰਗਲਿਸ਼**: "ਸ਼ਬਦ ਸਿਰਜਣਾ ਵਿਚ ਅੱਖਰ ਜਾਂ ਉਚਾਰਖੰਡ ਦਾ ਦੁਹਰਾਉ (ਉਸੇ ਰੂਪ ਵਿਚ ਜਾਂ ਸੁਰ ਦੇ ਬਦਲਵੇਂ ਰੂਪ ਵਿਚ) ਹੋਵੇ, ਜਿਵੇਂ ਸੀਅ- ਸਾਅ (see- saw) ਆਦਿ ਨੂੰ ਦੁਹਰੁਕਤੀ ਦਾ ਨਾਮ ਦਿੱਤਾ ਹੈ।"[7]

ਉਪਰੋਕਤ ਅੰਗ਼ਰੇਜੀ ਕੋਸ਼ਾਂ ਵਿਚ ਦਿੱਤੀਆਂ ਪਰਿਭਾਸ਼ਾਵਾਂ ਨਿਰੋਲ ਵਿਹਾਰਕ ਭਾਸ਼ਾ 'ਤੇ ਆਧਾਰਿਤ ਅੰਸ਼ਿਕ ਦੁਹਰੁਕਤੀ ਨਾਲ ਸੰਬੰਧਿਤ ਹਨ। ਅੰਸ਼ਿਕ ਦੁਹਰੁਕਤੀ ਵਿਚ ਸੁਰਾਂ ਜਾਂ ਵਿਅੰਜਨਾਂ ਦਾ ਆਪਸੀ ਧੁਨੀ ਪਰਿਵਰਤਨ ਹੈ।

---

[4] https://www.researchgate.net/publication/237105596, Shanthi Nadarajan, Reduplication is a Morphological process in which the root, stem of a word or a part of it is repeated. A cross Linguistic Study of Reduplication, pn 39.

[5] http://www.merriam-webster.com.

[6] Repetition of a syllable or letter, especially in the case of verbal forms in Greek and other Indouropean Language. Burchfield.R.W (Edt), The Oxford of English Dictionary, (vol 10th), Clarendon Press, Oxford, 1989 (7th edi), pn 1683.

[7] Repetition of syllable (exactly or change of vowel etc: see saw) or letter in word formation, Sykes.J.B, (Edi), The Concise Oxford Dictionary of Current English, Oxford University Press, Delhi, 1911, pn 938.

**ਐਲਨ ਕੇਥ**, ਬੋਲਚਾਲੀ ਭਾਸ਼ਾ ਨੂੰ ਆਧਾਰ ਬਣਾ ਕੇ ਦੁਹਰੁਕਤੀ ਬਾਰੇ ਲਿਖਦਾ ਹੈ, "ਬੋਲਚਾਲੀ ਭਾਸ਼ਾ ਵਿਚ ਜਿੱਥੇ ਛੋਟੇ- ਛੋਟੇ ਉਚਾਰਖੰਡਾਂ ਨਾਲ ਸ਼ਬਦ ਬਣਤਰ ਘੜੀ ਜਾਂਦੀ ਹੈ, ਉਹ ਦੁਹਰੁਕਤੀ ਹੈ, ਜਿਵੇਂ ਬੂ- ਬੂ, ਬਾਇ- ਬਾਇ, ਦਾ ਦਾ, ਗੀ ਗੀ, ਹੁਸ ਹੁਸ, ਮਾ ਮਾ, ਟਾ ਟਾ ਆਦਿ।"[8] ਪੱਛਮੀ ਭਾਸ਼ਾ ਵਿਗਿਆਨੀਆਂ ਨੇ ਦੁਹਰੁਕਤੀ ਲਈ ਧੁਨੀਆਤਮਕ ਜਾਂ ਅਨੁਕਰਨਾਤਮਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਹਨਾਂ ਦੀ ਤਰਜ਼ 'ਤੇ ਅਗਨੀਹੋਤਰੀ ਨੇ ਦੁਹਰੁਕਤੀ ਨੂੰ ਅਨੁਕਰਨ ਨਾਲ ਜੋੜਿਆ ਹੈ। "ਭਾਸ਼ਾ ਉਤਪਤੀ ਦੇ ਅਨੁਕਰਨ ਸਿਧਾਂਤ ਮਨੁੱਖੀ ਭਾਸ਼ਾ ਦੇ ਆਰੰਭਲੇ ਸ਼ਬਦ, ਦੁਹਰੁਕਤੀ ਦੀ ਉਪਜ ਹਨ। ਮਨੁੱਖੀ ਭਾਸ਼ਾ ਦੀ ਗ੍ਰਹਿਣ ਪ੍ਰਕਿਰਿਆ ਦਾ ਆਰੰਭ ਦੁਹਰਾਉ ਵਿਧੀ 'ਤੇ ਆਧਾਰਿਤ ਹੈ। ਦੁਹਰੁਕਤੀਯੁਕਤ ਸ਼ਬਦ ਪਾਪਾ, ਮਾਮਾ, ਚਾਚਾ, ਬਾਬਾ ਆਦਿ ਬੱਚੇ ਦੀ ਮੁਢਲੀ ਸ਼ਬਦਾਵਲੀ ਹੈ।"[9] ਦੁਹਰੁਕਤੀਯੁਕਤ ਸ਼ਬਦਾਵਲੀ ਭਾਸ਼ਾ ਸਿੱਖਣ ਵਿਚ ਸੌਖ ਪੈਦਾ ਕਰਦੀ ਹੈ। ਇਸ ਪ੍ਰਕਾਰ ਮਨੁੱਖੀ ਭਾਸ਼ਾ ਦੀ ਮੁਢਲੀ ਸਿਖਲਾਈ ਦਾ ਆਧਾਰ 'ਦੁਹਰੁਕਤੀ' ਹੈ।

ਪੂਰਵਲੇ ਸਮੇਂ ਵਿਚ ਅੰਗਰੇਜ਼ੀ ਕੋਸ਼ਾਂ ਅਤੇ ਪੱਛਮੀ ਵਿਦਵਾਨਾਂ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਤੋਂ ਇਹ ਸਿੱਧ ਹੁੰਦਾ ਹੈ, ਕਿ ਪਹਿਲਾ ਪਹਿਲ ਦੁਹਰੁਕਤੀ ਕੇਵਲ ਬੋਲਚਾਲੀ ਭਾਸ਼ਾ ਤੱਕ ਸੀਮਿਤ ਸੀ। ਬੋਲਚਾਲੀ ਭਾਸ਼ਾ ਨੂੰ ਆਧਾਰ ਬਣਾ ਕੇ ਦੁਹਰੁਕਤੀ ਨੂੰ ਪਰਿਭਾਸ਼ਤ ਕੀਤਾ ਗਿਆ ਹੈ। ਅਜੋਕੇ ਸਮੇਂ ਵਿਚ ਦੁਹਰੁਕਤੀ ਕੇਵਲ ਬੋਲਚਾਲ ਤੱਕ ਸੀਮਿਤ ਨਹੀਂ ਰਹੀ, ਇਹ ਭਾਸ਼ਾ ਵਿਗਿਆਨ ਦੀ ਸ਼ਾਖਾ 'ਰੂਪ ਵਿਗਿਆਨ' ਦਾ ਮਹੱਤਵਪੂਰਨ ਸੰਕਲਪ ਹੈ। ਇਸਦੀ ਵਰਤੋਂ ਵਿਧੀ ਦੇ ਆਧਾਰ ਤੇ ਇਸ ਦੀ ਪਰਿਭਾਸ਼ਾ ਵਿਚ ਵਿਸਥਾਰ ਹੋਇਆ ਹੈ। ਰੂਪ ਵਿਗਿਆਨ ਦੇ ਇਸ ਸੰਕਲਪ ਦੀ ਵਰਤੋਂ ਸਾਹਿਤ ਰਚਨਾ ਵਿਚ ਲਗਾਤਾਰ ਕੀਤੀ ਜਾ ਰਹੀ ਹੈ।

ਭਾਸ਼ਾਈ ਅਧਿਐਨ ਵਿਚ ਦੁਹਰਾਉ ਇਕ ਮਹੱਤਵਪੂਰਨ ਵਰਤਾਰਾ ਹੈ। **ਖਾਲਿਦ** ਅਨੁਸਾਰ: "ਦੁਨੀਆਂ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਦੀ ਸ਼ਬਦ ਬਣਤਰ ਵਿਚ ਦੁਹਰਾਉ ਮਹੱਤਵਪੂਰਨ ਭੂਮਿਕਾ

---

8 There is a small number of disyllable colloquial words formed by reduplication, eg: booboo, bye bye, da da, gee gee, hush-hush, mama, ta ta. Allen Keith. Linguistic Meaning, (vol. 1st), Routledge & Kegan Paul, London, 1986, pn 250.

9 ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰਾਉ ਲੇਖ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ : ਸੰਕਲਪ ਤੇ ਦਿਸ਼ਾਵਾਂ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 173.

ਨਿਭਾਉਂਦਾ ਹੈ।"[10] ਇਹ ਵਾਕ ਦੀ ਗਹਿਨ ਸੰਰਚਨਾ 'ਤੇ ਕਾਰਜਸ਼ੀਲ ਹੁੰਦਾ ਹੈ। ਸਤਹੀ ਪੱਧਰ 'ਤੇ ਦੁਹਰੁਕਤੀਯੁਕਤ ਸ਼ਬਦ ਕੋਸ਼ੀ ਅਰਥ ਦਿੰਦੇ ਹਨ, ਵਾਕ ਦੀ ਭਾਵ ਬਣਤਰ ਦੇ ਪੱਧਰ 'ਤੇ ਇਹ ਨਵੀਆਂ ਅਰਥਗਤ ਕਾਰਜੀ ਇਕਾਈਆਂ ਦਾ ਸੰਕੇਤ ਦਿੰਦੇ ਹਨ। ਬਹੁਤ ਸਾਰੀਆਂ ਭਾਸ਼ਾਵਾਂ ਵਿਚ ਵਿਆਕਰਨਕ ਕਾਰਜ ਨੂੰ ਵਿਅਕਤ ਕਰਨ ਅਤੇ ਅਰਥਗਤ ਇਕਾਈਆਂ ਦੇ ਪ੍ਰਕਾਰਜ ਲਈ ਦੁਹਰੁਕਤੀਯੁਕਤ ਸ਼ਬਦਾਵਲੀ ਦੀ ਵਰਤੋਂ ਕੀਤੀ ਜਾਂਦੀ ਹੈ। ਰੂਪ ਵਿਗਿਆਨ ਦੇ ਅੰਤਰਗਤ ਦੁਹਰੁਕਤੀ ਨੂੰ ਸ਼ਬਦ ਸਿਰਜਨਾ ਦੀ ਇਕ ਵਿਧੀ ਵਜੋਂ ਵਿਚਾਰਿਆ ਜਾਂਦਾ ਹੈ। ਇਸਦੀ ਵਰਤੋਂ ਸਾਹਿਤ ਰਚਨਾ ਅਤੇ ਵਿਹਾਰਕ ਭਾਸ਼ਾ ਵਿਚ ਕੀਤੀ ਜਾਂਦੀ ਹੈ।

ਪੰਜਾਬੀ ਵਿਆਕਰਨਾਂ ਵਿਚ ਦੁਹਰੁਕਤੀ ਦੀ ਸਿਧਾਂਤਕ ਜਾਣਕਾਰੀ ਬਹੁਤ ਸੀਮਿਤ ਮਿਲਦੀ ਹੈ। ਆਮ ਤੌਰ 'ਤੇ ਦੁਹਰੁਕਤੀ ਨੂੰ ਸਮਾਸੀ ਸ਼ਬਦ ਦੇ ਅੰਤਰਗਤ ਹੀ ਵਿਚਾਰਿਆ ਗਿਆ ਹੈ। ਪੰਜਾਬੀ ਭਾਸ਼ਾ ਵਿਗਿਆਨ ਵਿਚ ਦੁਹਰੁਕਤੀ ਦੀ ਪਿਰਤ 20ਵੀਂ ਸਦੀ ਦੇ ਸਤਵੇਂ ਦਹਾਕੇ (1964) ਵਿਚ ਦੁਨੀ ਚੰਦ੍ਰ ਨੇ ਪਾਈ। ਗਿੱਲ ਅਤੇ ਗਲੀਸਨ ਨੇ ਕਾਵਿ ਦੇ ਹਵਾਲੇ ਨਾਲ ਇਸ ਵਰਤਾਰੇ ਵੱਲ ਕੇਵਲ ਸੰਕੇਤ ਕੀਤਾ ਹੈ:

"ਕੀਤੀ ਦੇਸ਼ ਈਰਾਨ ਵਿਚ **ਉਲੱਦ ਪੁਲੱਦ**।"[11]

ਉਲੱਦ ਪੁਲੱਦ ਨੂੰ echo word ਦਾ ਭੇਦ ਦੱਸਿਆ ਹੈ। ਦੁਨੀ ਚੰਦ੍ਰ ਨੇ 'ਦੂਹਰੇ ਸ਼ਬਦ' ਸਿਰਲੇਖ ਹੇਠ ਦੁਹਰੁਕਤੀ ਨੂੰ ਪਰਿਭਾਸ਼ਤ ਕੀਤਾ ਹੈ। ਕਾਰਜ ਦੇ ਆਧਾਰ 'ਤੇ ਦੁਹਰੁਕਤੀ ਦੀਆਂ ਮੁਖ ਕਿਸਮਾਂ ਦੀ ਜਾਣਕਾਰੀ ਦਿੱਤੀ ਹੈ ਅਤੇ ਸ਼ਬਦ ਸ਼੍ਰੇਣੀਆਂ ਦੀਆਂ ਮੁਖ ਕਿਸਮਾਂ: 'ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ' ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਦਾ ਵਿਸਥਾਰ ਦਿੱਤਾ ਹੈ। ਦੁਨੀ ਚੰਦ੍ਰ ਸਮਾਸੀ ਦੀਆਂ ਕਿਸਮਾਂ ਦਾ ਜ਼ਿਕਰ ਕਰਦਾ ਹੋਇਆਂ ਸਮਾਸੀ ਦੇ ਅੰਤਰਗਤ ਦੁਹਰੁਕਤੀ ਦੀਆਂ ਉਦਾਹਰਨਾਂ ਦਿੰਦਾ ਹੈ। 'ਪਿਉ ਪੁੱਤ, ਦੋ ਤਿੰਨ, ਮੰਦਾ ਚੰਗਾ, ਸੁਖ ਦੁਖ, ਧੀ ਪੁੱਤ, ਅੰਨ ਜਲ, ਦਾਲ ਰੋਟੀ '[12] ਆਦਿ ਨੂੰ ਸਮਾਸੀ ਸ਼ਬਦ ਕਿਹਾ ਹੈ।

---

[10] https://www.grin.com. Khalid, A. Redupliaction is as important role in word formation process in many languages in the world. (Reduplication of Urdu and English words: Methodology and data analysis, 2015)

[11] Harjeet Singh Gill and Henry A. Gleason, A Reference Grammar of Punjabi, Publication Bereau, Punjabi university, Patiala, 1969, pn 159.

[12] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 188.

'ਪਿਉ ਪੁੱਤ, ਦੋ ਤਿੰਨ, ਧੀ ਪੁੱਤ, ਅੰਨ ਜਲ, ਦਾਲ ਰੋਟੀ' ਵਰਗਾਰਥਕ ਦੁਹਰੁਕਤੀ, 'ਮੰਦਾ ਚੰਗਾ, ਸੁਖ ਦੁਖ' ਵਿਰੋਧਾਰਥਕ ਦੁਹਰੁਕਤੀ ਦੇ ਉਦਾਹਰਨ ਹਨ। ਦੂਹਰੇ ਰੂਪ ਵਿਚ ਇਹ ਸ਼ਬਦ ਵਰਗਾਰਥਕ ਅਤੇ ਵਿਰੋਧਾਰਥਕ ਦੁਹਰੁਕਤੀ ਵਜੋਂ ਇਕ ਇਕਾਈ ਦਾ ਕਾਰਜ ਕਰ ਰਹੇ ਹਨ, ਨਾ ਕਿ ਕਿਸੇ ਨਵੇਂ ਸ਼ਬਦ ਦੀ ਸਿਰਜਨਾ ਕਰ ਰਹੇ ਹਨ। ਦੁਨੀ ਚੰਦ੍ਰ ਨੇ ਇਹਨਾਂ ਸ਼ਬਦਾਂ ਨੂੰ ਸਮਾਸੀ ਕਿਹਾ ਹੈ। ਇਸ ਤਰ੍ਹਾਂ ਉਹ ਜਾਣੇ ਅਨਜਾਣੇ 'ਸਮਾਸੀ' ਅਤੇ 'ਦੁਹਰੁਕਤੀ' ਨੂੰ ਰਲਗੱਡ ਕਰ ਦਿੰਦਾ ਹੈ।

ਡਾ.ਹਰਕੀਰਤ ਸਿੰਘ ਦਾ ਮੱਤ ਹੈ ਕਿ ਭਾਰਤੀ ਆਰੀਆਂ ਭਾਸ਼ਾਵਾਂ ਵਿਚ ਦੁਹਰਾਉ ਵਿਧੀ ਦੀ ਇਕ ਵਿਲੱਖਣ ਵਿਸ਼ੇਸ਼ਤਾ ਹੈ। ਇਹ ਲਗਭਗ ਸਾਰੀਆਂ ਹੀ ਭਾਰਤੀ ਆਰੀਆਂ ਭਾਸ਼ਾਵਾਂ ਵਿਚ ਮੌਜੂਦ ਹੈ। ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਮੁੰਡਾ ਭਾਸ਼ਾ ਦੇ ਪ੍ਰਭਾਵ ਦਾ ਸਿੱਟਾ ਮੰਨੀ ਜਾਂਦੀ ਹੈ। "ਦੋਹਰ ਦੀ ਰੁਚੀ ਮੁੰਡਾ ਭਾਸ਼ਾਵਾਂ ਦਾ ਖਾਸਾ ਹੈ। ਮੁੰਡਾ ਦੇ ਅਨੇਕਾਂ ਹੀ ਸ਼ਬਦ ਦੋਹਰ ਰਾਹੀਂ ਸੰਪੂਰਨ ਹੁੰਦੇ ਹਨ.......... ਬਹੁਤ ਸੰਭਵ ਹੈ ਕਿ ਦੋਹਰ ਪਾਉਣ ਦਾ ਇਹ ਗੁਣ ਸਾਡੀ ਭਾਸ਼ਾ ਨੇ ਮੁੰਡਾ ਭਾਸ਼ਾ ਤੋਂ ਹੀ ਪ੍ਰਾਪਤ ਕੀਤਾ ਹੋਵੇ। ਜਿਵੇਂ: ਹੁੜਿੰਗ-ਹੁੜਿੰਗ (ਬਹੁਤ ਥੋੜਾ), ਕੁਬੁਜ-ਕੁਬੁਜ (ਲੰਗ ਮਾਰਨਾ) ਆਦਿ।"[13] ਮੁੰਡਾ ਭਾਸ਼ਾ ਦੇ ਕੁਝ ਮੁਢਲੇ ਲੱਛਣ ਪੰਜਾਬੀ ਭਾਸ਼ਾ ਨਾਲ ਮਿਲਦੇ ਹਨ।

**ਵੇਦ ਅਗਨੀਹੋਤਰੀ** ਅਨੁਸਾਰ:- "ਦੁਹਰੁਕਤੀ ਤੋਂ ਭਾਵ ਹੈ ਉਕਤੀ/ ਉਚਾਰਨ ਦਾ ਦੁਹਰਾਉ। ਦੁਹਰੁਕਤੀ ਕਿਸੇ ਧਾਤੂ/ ਮੂਲੰਸ਼ ਦੇ ਕਿਸੇ ਅੰਸ਼ ਜੋ ਆਮ ਤੌਰ ਉੱਤੇ ਇਕ ਅੱਖਰ ਹੁੰਦਾ ਹੈ, ਦੀ ਵੀ ਹੋ ਸਕਦੀ ਅਤੇ ਪੂਰੇ ਸ਼ਬਦ ਦੀ ਵੀ। ਪਹਿਲੀ ਨੂੰ ਅੰਸ਼ਕ ਅਤੇ ਦੂਜੀ ਨੂੰ ਪੂਰਨ ਦੁਹਰੁਕਤੀ ਕਿਹਾ ਜਾਂਦਾ ਹੈ।"[14] ਅਗਨੀਹੋਤਰੀ ਨੇ ਉਕਤੀ/ ਸ਼ਬਦ ਦੇ ਦੂਹਰੇ ਉਚਾਰਨ ਨੂੰ ਦੁਹਰੁਕਤੀ ਦੱਸਿਆ ਹੈ। ਕਈ ਹਾਲਤਾਂ ਵਿਚ ਸ਼ਬਦ ਦੇ ਇਕ ਵਰਣ ਦਾ ਦੁਹਰਾਉ ਹੁੰਦਾ ਹੈ ਅਤੇ ਕਈ ਵਾਰ ਪੂਰੇ ਦਾ ਪੂਰਾ ਸ਼ਬਦ ਦੁਹਰਾਇਆ ਜਾਂਦਾ ਹੈ।

ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਦੇ ਸਰੂਪ ਦੀ ਸਿਧਾਂਤਕ ਤੇ ਵਿਸਤ੍ਰਿਤ ਰੂਪ ਵਿਚ ਜਾਣਕਾਰੀ ਹਿੱਤ ਵੇਦ ਅਗਨੀਹੋਤਰੀ ਦਾ ਮੁਢਲਾ ਉਪਰਾਲਾ ਹੈ। ਅਗਨੀਹੋਤਰੀ ਦੇ ਕਥਨ ਅਨੁਸਾਰ "ਇੱਥੇ ਅਸੀਂ

---

13 ਹਰਕੀਰਤ ਸਿੰਘ, ਸਾਡੀ ਭਾਸ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 78.

14 ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰੁਕਤੀ, ਲੇਖ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ, ਸੰਪ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 172.

ਪੰਜਾਬੀ ਵਿਚ ਸ਼ਬਦ ਦੁਹਰਾਉ ਦੀ ਗੱਲ ਸੁਭਾਵਿਕ ਲੋਕ-ਭਾਸ਼ਾ ਅਰਥਾਤ ਉਚਰਿਤ ਭਾਸ਼ਾ ਦੇ ਸੰਦਰਭ ਵਿਚ ਕਰਾਂਗੇ।"[15] ਵੇਦ ਅਗਨੀਹੋਤਰੀ ਨੇ ਵਿਹਾਰਕ ਭਾਸ਼ਾ ਦੇ ਸੰਦਰਭ ਵਿਚ ਦੁਹਰੁਕਤੀ ਦੀ ਜਾਣਕਾਰੀ ਦਿੱਤੀ ਹੈ। ਉਹ ਦੁਹਰੁਕਤੀ ਨੂੰ ਸਿੱਧੇ ਤੌਰ ਤੇ ਦੋ ਰੂਪਾਂ 'ਪੂਰਨ' ਅਤੇ 'ਅਪੂਰਨ' ਵਿਚ ਵੰਡ ਕੇ ਅੱਗੋਂ ਇਹਨਾਂ ਦੀਆਂ ਵਿਭਿੰਨ ਕਿਸਮਾਂ ਕਰਦਾ ਹੈ:

**ਰੇਖਾਂਕ- 1.**




ਅਗਨੀਹੋਤਰੀ ਨੇ ਉਪਰੋਕਤ ਦੁਹਰੁਕਤੀ ਦੀ ਵਰਗਵੰਡ ਵਿਹਾਰਕ ਭਾਸ਼ਾ ਦੇ ਸੰਦਰਭ ਵਿਚ ਕੀਤੀ ਹੈ। ਪੂਰਨ ਦੁਹਰੁਕਤੀ ਨੂੰ ਅੱਗੋਂ ਉਸਨੇ ਤਿੰਨ ਕਿਸਮਾਂ 'ਨਿਰੋਲ, ਵਧਾਵੀਂ' ਅਤੇ 'ਅਰਥਮੁਖ' ਵਿਚ ਵੰਡਿਆ ਹੈ। ਨਿਰੋਲ ਦੇ ਦੋ ਰੂਪ ਹਨ- ਇਕਹਿਰੀ ਦੁਹਰੁਕਤੀ ਅਤੇ ਦੂਹਰੀ ਦੁਹਰੁਕਤੀ:

1. ਇਕਹਿਰੀ ਦੁਹਰੁਕਤੀ: "ਪਿੰਡ ਪਿੰਡ, ਕੋਨਾ ਕੋਨਾ, ਮਣ ਮਣ ਆਦਿ।
2. ਦੂਹਰੀ ਦੁਹਰੁਕਤੀ: ਤੁਰਦਾ ਗਿਆ ਤੁਰਦਾ ਗਿਆ, ਰੋਂਦਾ ਰਿਹਾ ਰੋਂਦਾ ਰਿਹਾ ਆਦਿ।"[16]

'ਵਧਾਵੀਂ' ਦੁਹਰੁਕਤੀ ਦੇ ਤਿੰਨ ਭੇਦ: 'ਅਗੇਤਰੀ ਦੁਹਰੁਕਤੀ, ਮਧੇਤਰੀ ਦੁਹਰੁਕਤੀ' ਅਤੇ 'ਪਿਛੇਤਰੀ ਦੁਹਰੁਕਤੀ' ਕੀਤੇ ਹਨ। "ਇਹ ਉਹ ਦੁਹਰੁਕਤੀ ਹੈ ਜਿਸਦਾ ਇਕ ਅੰਗ ਜਾਂ ਦੋਵੇਂ ਅੰਗ

---

15 ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 24.

16 ਉਹੀ, ਪੰਨਾ 26.

ਵਧੇਤਰਯੁਕਤ ਹੋਣ।"[17] ਭਾਵ ਦੁਹਰੁਕਤੀ ਦੇ ਮੂਲ ਰੂਪ ਨਾਲ ਵਾਧੂ ਧੁਨੀਆਂ ਦੀ ਵਰਤੋਂ ਕਰਕੇ ਨਵਾਂ ਰੂਪ ਬਣਾਉਣਾ। "ਥਾਂ ਕੁਥਾਂ, ਗਿਆਨ ਵਿਗਿਆਨ (ਅਗੇਤਰੀ), ਪਿੰਡ ਦਾ ਪਿੰਡ, ਕੀ ਤੋਂ ਕੀ, ਕੁਝ ਨਾ ਕੁਝ, ਤੂੰ ਹੀ ਤੂੰ (ਮਧੇਤਰੀ), ਲਿਖ ਲਿਖਾ, ਪੜ੍ਹ ਪੜ੍ਹਾ (ਪਿਛੇਤਰੀ)"[18] ਵਧਾਵੀਂ ਦੁਹਰੁਕਤੀ ਦੇ ਰੂਪ ਹਨ।

'ਅਰਥ' ਦੇ ਆਧਾਰ 'ਤੇ ਅਰਥਮੁਖ ਦੁਹਰੁਕਤੀ ਦੇ ਤਿੰਨ ਭੇਦ: 'ਸਮਾਨਾਰਥੀ, ਵਿਰੋਧਾਰਥੀ' ਅਤੇ 'ਵਰਗਾਰਥੀ' ਹਨ।

'ਅਪੂਰਨ' ਦੁਹਰੁਕਤੀ ਦੇ ਮੁਖ ਤੌਰ 'ਤੇ ਤਿੰਨ ਭੇਦ ਕੀਤੇ ਹਨ: 'ਧੁਨੀ ਆਗਮੀ, ਧੁਨੀ ਲੋਪੀ, ਧੁਨੀ ਬਦਲਵੀਂ' ਇਹਨਾਂ ਦਾ ਆਧਾਰ 'ਸ੍ਵਰ' ਅਤੇ 'ਵਿਅੰਜਨ' ਹਨ। ਇਸ ਵਿਚ 'ਧੁਨੀ ਆਗਮ, ਲੋਪ' ਅਤੇ 'ਵਿਕਾਰ' ਨਾਲ ਸ਼ਬਦ ਨਿਰਾਰਥਕ ਹੋ ਜਾਂਦੇ ਹਨ। ਅਪੂਰਨ ਦੁਹਰੁਕਤੀ ਦਾ ਦੂਜਾ ਸ਼ਬਦ ਪਹਿਲੇ ਸ਼ਬਦ ਦਾ ਹੀ ਬਦਲਵਾਂ ਰੂਪ ਹੁੰਦਾ ਹੈ। ਆਮ ਕਰਕੇ ਅਜਿਹੇ ਸ਼ਬਦਾਂ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ। ਇਹ ਪਹਿਲੇ ਸ਼ਬਦ ਨਾਲ ਵਿਚਰ ਕੇ ਅਰਥ ਵਿਸਥਾਰ ਕਰਦੇ ਹਨ। ਅਜਿਹੇ ਸ਼ਬਦਾਂ ਦੀ ਗਿਣਤੀ ਸੀਮਿਤ ਹੈ, ਇਹ ਜਿਆਦਾਤਰ ਵਿਹਾਰਕ ਭਾਸ਼ਾ ਵਿਚ ਕਾਰਜਸ਼ੀਲ ਹਨ, ਸਾਹਿਤ ਰਚਨਾ ਵਿਚ ਇਹਨਾਂ ਦੀ ਵਰਤੋਂ ਸੀਮਿਤ ਰੂਪ ਵਿਚ ਕੀਤੀ ਜਾਂਦੀ ਹੈ।

ਉਪਰੋਕਤ ਅਗਨੀਹੋਤਰੀ ਦੁਆਰਾ ਕੀਤੀ ਦੁਹਰੁਕਤੀ ਦੀ ਸਮੁਚੀ ਵਰਗਵੰਡ ਹੈ। ਅਗਨੀਹੋਤਰੀ ਦੇ ਦੁਹਰੁਕਤੀ ਨਾਲ ਸੰਬੰਧਿਤ ਦੋ ਲੇਖ ਮਿਲਦੇ ਹਨ। ਮੂਲ ਰੂਪ ਵਿਚ ਦੋਵੇਂ ਲੇਖ ਇਕ ਸਾਮਾਨ ਜਾਣਕਾਰੀ ਵਾਲੇ ਹਨ। ਅਗਨੀਹੋਤਰੀ ਨੇ 'ਦੂਹਰੀ ਦੁਹਰੁਕਤੀ' ਦੇ ਅੰਤਰਗਤ 'ਵਾਕੰਸ਼' ਦੁਹਰੁਕਤੀ ਨੂੰ ਰੱਖਿਆ ਹੈ: (ਤੁਰਦਾ ਗਿਆ ਤੁਰਦਾ ਗਿਆ ਜਾਂ ਰੋਂਦਾ ਰਿਹਾ ਰੋਂਦਾ ਰਿਹਾ)। 'ਦੂਹਰੀ ਦੁਹਰੁਕਤੀ' ਵਿਆਕਰਨ ਇਕਾਈ ਦੇ ਰੂਪ ਵਿਚ 'ਵਾਕੰਸ਼' ਦਾ ਦੁਹਰਾਉ ਹੈ। 'ਮਧੇਤਰ' ਦੁਹਰੁਕਤੀ ਵਿਚ ਉਹ ਦੋ ਧਾਤੂ ਸ਼ਬਦਾਂ ਦੇ ਵਿਚਾਲੇ ਇਕ ਵੱਖਰੇ ਸ਼ਬਦ ਦੀ ਵਰਤੋਂ ਕਰਕੇ ਵਾਕੰਸ਼ ਦੀ ਸਿਰਜਨਾ ਕਰਦਾ ਹੈ। ਸੰਬੰਧਕ ਦੀ ਵਰਤੋਂ ਵਾਲੀ ਵਾਕੰਸ਼ ਇਕਾਈ ਨੂੰ

[17] ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰੁਕਤੀ, ਲੇਖ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ, ਸੰਪ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 175.

[18] ਓਹੀ, ਪੰਨਾ 175.

ਅਗਨੀਹੋਤਰੀ ਮਧੇਤਰ ਦੀ ਕਿਸਮ ਵਿਚ ਰੱਖਦਾ ਹੈ। "ਮਧੇਤਰ ਵਧਾਵਾਂ ਪੂਰਨ ਦੁਹਰਾਉ ਇਕ ਕਿਸਮ ਦਾ ਸਮਧੁਨੀ ਦੁਹਰਾਉ ਹੀ ਹੈ, ਜਿਸਦੇ ਦੋਹਾਂ ਅੰਗਾਂ ਵਿਚਕਾਰ ਕਿਸੇ ਸੁਤੰਤਰ ਸੰਬੰਧਾਂਸ਼ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬੀ ਵਿਚ 'ਦਾ, ਤੋਂ, ਨਾ, ਹੀ' ਆਦਿ ਵਧੇਤਰੀ ਸੰਬੰਧਾਂਸ਼ ਵਧੇਰੇ ਵਰਤੇ ਜਾਂਦੇ ਹਨ- 'ਪਿੰਡ ਦਾ ਪਿੰਡ, ਕੀ ਤੋਂ ਕੀ, ਸੇਬ ਹੀ ਸੇਬ' ਆਦਿ।"[19] 'ਮਧੇਤਰ' ਜੋ ਕਿ ਧਾਤੂ ਰੂਪ ਦੇ ਵਿਚਾਲੇ ਲੱਗਦੇ ਹਨ। ਅਗਨੀਹੋਤਰੀ ਨੇ ਵਾਕੰਸ਼ ਰੂਪ ਨੂੰ ਮਧੇਤਰ ਦੀ ਸ਼੍ਰੇਣੀ ਵਿਚ ਰੱਖਿਆ ਹੈ। ਮਧੇਤਰ ਦੇ ਪੰਜ ਰੂਪ ਦੱਸੇ ਹਨ: "/ਦਾ/, /-ਤੋਂ-/, /-ਨਾ-/, /-ਹੀ-/, /-ਕਿ।"[20] **ਦਾ, ਤੋਂ** 'ਸੰਬੰਧਕ' ਸ਼੍ਰੇਣੀ ਦੇ ਸ਼ਬਦ ਹਨ, **ਨਾ** (ਨਾਂਹ ਵਾਚਕ), **ਹੀ** 'ਦਬਾਉ ਵਾਚਕ', **ਕਿ** 'ਯੋਜਕ' ਹੈ। ਮਧੇਤਰ ਕਿਸੇ ਸ਼ਬਦ ਸ਼੍ਰੇਣੀ ਦੇ ਅੰਤਰਗਤ ਨਹੀਂ ਆਉਂਦੇ, ਉਪਰੋਕਤ ਸ਼ਬਦ ਸ਼੍ਰੇਣੀਆਂ ਤੋਂ ਵੱਖਰੇ ਹਨ। ਇਹ ਦੋ 'ਧਾਤੂ ਸ਼ਬਦਾਂ' ਦੇ ਵਿਚਾਲੇ ਨਹੀਂ, ਬਲਕਿ ਇਕੋ 'ਧਾਤੂ' ਰੂਪ ਦੇ ਵਿਚਾਲੇ ਵਰਤੇ ਜਾਂਦੇ ਹਨ।

ਪੰਜਾਬੀ ਵਿਆਕਰਨ ਵਿਚ ਇਨ੍ਹਾਂ ਸ਼ਬਦਾਂ ਦੀ ਇਕ ਵੱਖਰੀ ਸ਼੍ਰੇਣੀ ਹੈ, ਇਹ ਕਿਸੇ ਵੀ ਹਾਲਤ ਵਿਚ 'ਮਧੇਤਰ' ਵਜੋਂ ਨਹੀਂ ਵਰਤੇ ਜਾ ਸਕਦੇ। ਸਤਹੀ ਪੱਧਰ 'ਤੇ ਭਾਵੇਂ ਇਹ ਸ਼ਬਦ ਦੋਹਾਂ ਸ਼ਬਦਾਂ ਦੇ ਮੱਧ ਵਿਚ ਵੀ ਵਰਤੇ ਜਾਂਦੇ ਹਨ, ਪ੍ਰੰਤੂ ਇਨ੍ਹਾਂ ਦੀ ਆਪਣੀ ਵੱਖਰੀ ਸ਼੍ਰੇਣੀ ਹੈ।

ਪੰਜਾਬੀ ਵਿਆਕਰਨਾਂ ਵਿਚ 'ਮਧੇਤਰ' ਦੀ ਵਰਤੋਂ ਨੂੰ ਨਕਾਰਿਆ ਗਿਆ ਹੈ ਅਤੇ ਇਹ ਸਿੱਧ ਕੀਤਾ ਹੈ, ਕਿ ਪੰਜਾਬੀ ਭਾਸ਼ਾ ਵਿਚ ਮਧੇਤਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। **ਬੂਟਾ ਸਿੰਘ ਬਰਾੜ** ਨੇ ਮਧੇਤਰ ਦੀ ਵਰਤੋਂ ਨਾਲ ਬਣੀ ਸ਼ਬਦਾਵਲੀ ਵੱਲ ਇਸ਼ਾਰਾ ਕੀਤਾ ਹੈ, ਪ੍ਰੰਤੂ ਇਹਨਾਂ ਨੂੰ ਮਧੇਤਰ ਦੀ ਕਿਸਮ ਨਹੀਂ ਮੰਨਿਆ। "ਜਪ ਤੋਂ ਜਾਪ, ਕਰ ਤੋਂ ਕਾਰ, ਉਬਲ ਤੋਂ ਉਬਾਲ, ਉਜੜ ਤੋਂ ਉਜਾੜ, ਉਤਰ ਤੋਂ ਉਤਾਰ ਆਦਿ।"[21] ਡਾ. ਬਰਾੜ ਦੁਆਰਾ ਦਿੱਤੀਆਂ ਉਦਾਹਰਨਾਂ ਵਿਚ /–ਆ/ ਮਧੇਤਰ ਸ਼ਬਦ ਦਾ ਇਕ ਨਵਾਂ ਕਾਰਜੀ ਰੂਪ ਸਿਰਜ ਰਿਹਾ ਹੈ। ਪੰਜਾਬੀ ਸ਼ਬਦਾਵਲੀ ਦੇ ਆਧਾਰ 'ਤੇ ਅਸੀਂ ਇਸ ਸਿੱਟੇ ਤੇ ਪਹੁੰਚੇ ਹਾਂ ਕਿ, ਪੰਜਾਬੀ ਵਿਚ

---

[19] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 27.

[20] ਓਹੀ, ਪੰਜਾਬੀ ਵਿਚ ਦੁਹਰੁਕਤੀ, ਲੇਖ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ, ਸੰਪ.), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 175.

[21] ਡਾ. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ: ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ 135.

ਮਧੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ। 'ਮਧੇਤਰ' ਅਗੇਤਰ ਅਤੇ ਪਿਛੇਤਰ ਤੋਂ ਘੱਟ ਮਾਤਰਾ ਵਿਚ ਵਰਤੇ ਜਾਂਦੇ ਹਨ, ਪ੍ਰੰਤੂ ਪੰਜਾਬੀ ਭਾਸ਼ਾ ਵਿਚ ਇਹ ਹੋਂਦ ਜ਼ਰੂਰ ਰੱਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਮਧੇਤਰ' ਰਾਹੀਂ ਬਣੇ ਸ਼ਬਦਾਂ ਦੀ ਵਰਤੋਂ ਮਿਲਦੀ ਹੈ।

'ਧੁਨੀ ਆਗਮ, ਲੋਪ' ਅਤੇ 'ਵਿਕਾਰ' ਕੇਵਲ ਅਪੂਰਨ ਦੁਹਰੁਕਤੀ ਨਹੀਂ, ਇਸਦੇ ਪੂਰਨ ਦੁਹਰੁਕਤੀ ਵਾਲੇ ਰੂਪ ਵੀ ਮਿਲਦੇ ਹਨ। ਪੂਰਨ ਦੁਹਰੁਕਤੀ ਵਿਚ ਇਸਦੇ ਦੋਵੇਂ ਸ਼ਬਦ ਸਾਰਥਕ ਅਰਥਾਂ ਦਾ ਕਾਰਜ ਕਰਦੇ ਹਨ। ਅਜਿਹੀਆਂ ਕੁਝ ਸੀਮਾਵਾਂ ਕਾਰਨ ਅਗਨੀਹੋਤਰੀ ਦੁਆਰਾ ਦਿੱਤੇ ਦੁਹਰੁਕਤੀ ਦੇ ਸਰੂਪ ਨਾਲ ਪੂਰਨ ਰੂਪ ਵਿਚ ਸਾਡੀ ਸਹਿਮਤੀ ਨਹੀਂ ਬਣਦੀ। ਇਸ ਤਰ੍ਹਾਂ ਹਥਲੇ ਖੋਜ-ਕਾਰਜ ਵਿਚ ਪੰਜਾਬੀ ਭਾਸ਼ਾ ਦੀ ਦੁਹਰੁਕਤੀਯੁਕਤ ਸ਼ਬਦ ਬਣਤਰ ਨੂੰ ਸਮਝ ਕੇ ਦੁਹਰੁਕਤੀ ਦਾ ਸਿਧਾਂਤਕ ਸਰੂਪ ਸਾਹਿਤਕ ਭਾਸ਼ਾ ਦੇ ਹਵਾਲੇ ਨਾਲ ਦਿੱਤਾ ਹੈ। ਦੁਹਰੁਕਤੀ ਦੀਆਂ ਕਿਸਮਾਂ ਦੇ ਅੰਤਰਗਤ ਦਿੱਤੀਆਂ ਉਦਾਹਰਨਾਂ ਨੂੰ ਉਸਦੇ ਰੂਪ ਅਤੇ ਅਰਥ ਦੇ ਆਧਾਰ 'ਤੇ ਨਿਸ਼ਚਤ ਕੀਤਾ ਹੈ।

## ਅ. ਦੁਹਰੁਕਤੀ ਦੀਆਂ ਕਿਸਮਾਂ

ਹਥਲੇ ਖੋਜ-ਕਾਰਜ ਵਿਚ ਦੁਹਰੁਕਤੀਯੁਕਤ ਸ਼ਬਦ ਬਣਤਰ ਨੂੰ 'ਪੂਰਨ' ਦੁਹਰੁਕਤੀ ਅਤੇ 'ਅਪੂਰਨ' ਦੁਹਰੁਕਤੀ ਵਿਚ ਵੰਡਿਆ ਹੈ।

1. **ਪੂਰਨ ਦੁਹਰੁਕਤੀ:-** ਪੂਰਨ ਦੁਹਰੁਕਤੀ ਦੇ ਦੋਵੇਂ ਸ਼ਬਦ 'ਸਾਰਥਕ' ਹੁੰਦੇ ਹਨ। ਇਕਹਿਰੇ ਤੌਰ 'ਤੇ ਇਹਨਾਂ ਦੀ ਵਰਤੋਂ ਸੁਤੰਤਰ ਸ਼ਬਦਾਂ ਵਜੋਂ ਕੀਤੀ ਜਾਂਦੀ ਹੈ। ਸਾਹਿਤਕ ਭਾਸ਼ਾ ਵਿਚ 'ਪੂਰਨ' ਦੁਹਰੁਕਤੀ ਦੀ ਵਰਤੋਂ ਵਧੇਰੇ ਕੀਤੀ ਜਾਂਦੀ ਹੈ। 'ਰੂਪ' ਅਤੇ 'ਅਰਥ' ਦੇ ਆਧਾਰ 'ਤੇ ਇਸਦੇ ਦੋ ਮੁਖ ਭੇਦ ਹਨ।

2. **ਅਪੂਰਨ ਦੁਹਰੁਕਤੀ :-** ਅਪੂਰਨ ਦੁਹਰੁਕਤੀ ਦੇ ਦੋਵੇਂ ਜਾਂ ਇਕ ਸ਼ਬਦ ਨਿਰਾਰਥਕ ਹੁੰਦਾ ਹੈ। "ਜਿਸ ਦੁਹਰੁਕਤੀ ਦੇ ਦੋਵੇਂ ਅੰਗ ਜਾਂ ਦੋਹਾਂ ਵਿਚੋਂ ਕੋਈ ਇਕ ਅੰਗ ਸੁਤੰਤਰ ਸਾਰਥਕਤਾ ਵਾਲਾ ਨਾ

ਹੋਵੇ, ਉਸਨੂੰ ਅਪੂਰਨ ਦੁਹਰੁਕਤੀ ਕਿਹਾ ਜਾਂਦਾ ਹੈ। "[22] ਇਸ ਵਿਚ ਮੂਲ ਸ਼ਬਦ ਦੇ ਦੁਹਰਾਉ ਵਿਚ ਥੋੜਾ ਬਹੁਤ ਬਦਲਾਵ ਆਉਂਦਾ ਹੈ। ਜਿਸ ਨਾਲ ਇਕ ਸ਼ਬਦ ਨਿਰਾਰਥਕ ਹੋ ਜਾਂਦਾ ਹੈ। ਇਸ ਤਰ੍ਹਾਂ ਇਸਨੂੰ ਅੰਸ਼ਿਕ ਦੁਹਰੁਕਤੀ ਵੀ ਕਿਹਾ ਜਾਂਦਾ ਹੈ। "ਅੰਸ਼ਿਕ ਦੁਹਰੁਕਤੀ ਵਿਚ ਸ਼ਬਦ ਦੇ ਇਕ ਹਿੱਸੇ ਦੀ ਦੁਹਰਾਈ ਸ਼ਾਮਲ ਹੁੰਦੀ ਹੈ।"[23] ਇਸਦੀ ਵਰਤੋਂ ਮੂਲ ਸ਼ਬਦ ਦੇ ਵਿਸਥਾਰ ਜਾਂ ਦੋਹਾਂ ਸ਼ਬਦਾਂ ਦੀ ਨਵੀਂ ਅਰਥਗਤ ਇਕਾਈ ਸਿਰਜਨ ਲਈ ਕੀਤੀ ਜਾਂਦੀ ਹੈ। ਆਮ ਤੌਰ 'ਤੇ ਇਸਦੀ ਵਰਤੋਂ ਵਿਹਾਰਕ ਭਾਸ਼ਾ ਵਿਚ ਕੀਤੀ ਜਾਂਦੀ ਹੈ।

ਪੂਰਨ ਦੁਹਰੁਕਤੀ ਦੇ ਦੋ ਮੁਖ ਭੇਦ ਹਨ:

**1.1 ਰੂਪਗਤ ਦੁਹਰੁਕਤੀ**

**1.2 ਅਰਥਗਤ ਦੁਹਰੁਕਤੀ**

**ਰੇਖਾਂਕ- 2.**




[22] ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰੁਕਤੀ, ਲੇਖ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ, ਸੰਪ.), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1988, ਪੰਨਾ 178.

[23] https://en.m.wikipedia.org.

**1.1. ਰੂਪਗਤ ਦੁਹਰੁਕਤੀ:-** ਰੂਪਗਤ ਦੁਹਰੁਕਤੀ ਸ਼ਬਦ ਦੇ ਰੂਪ ਤੇ ਆਧਾਰਿਤ ਦੁਹਰੁਕਤੀ ਹੈ। ਇਸਦੇ ਪੰਜ ਉਪਭੇਦ ਹਨ:

**1.1.I. ਪੂਰਨ ਰੂਪਗਤ ਦੁਹਰੁਕਤੀ**

**1.1.II. ਵਧਾਵੀਂ ਦੁਹਰੁਕਤੀ**

**1.1.III. ਧੁਨੀ ਪਰਿਵਰਤਨ ਦੁਹਰੁਕਤੀ**

**1.1. IV. ਧੁਨੀ ਆਗਮ ਦੁਹਰੁਕਤੀ**

**1.1.V. ਧੁਨੀ ਲੋਪ ਦੁਹਰੁਕਤੀ**

**1.1.I. ਪੂਰਨ ਰੂਪਗਤ ਦੁਹਰੁਕਤੀ:-** ਇਕ ਪੂਰਨ ਇਕਾਈ ਦੀ ਦੁਹਰੁਕਤੀਯੁਕਤ ਰੂਪ ਵਿਚ ਵਰਤੋਂ ਪੂਰਨ ਰੂਪਗਤ ਦੁਹਰੁਕਤੀ ਹੈ। ਇਹ ਸ਼ਬਦ ਦੀ ਬਾਹਰੀ ਦਿੱਖ/ ਬਾਹਰੀ ਸਰੂਪ ’ਤੇ ਆਧਾਰਤ ਹੈ। ਇਸ ਵਿਚ ‘ਸ਼ਬਦ, ਵਾਕੰਸ਼’ ਜਾਂ ‘ਵਾਕ’ ਤੱਕ ਦਾ ਦੁਹਰਾਉ ਸੰਭਵ ਹੈ। ਵਿਆਕਰਨ ਦੀਆਂ ਇਕਾਈਆਂ ਦੇ ਆਧਾਰ ’ਤੇ ਪੂਰਨ ਰੂਪਗਤ ਦੇ ਤਿੰਨ ਉਪਭੇਦ ਹਨ: ‘ਸ਼ਬਦ ਦੁਹਰੁਕਤੀ, ਵਾਕੰਸ਼ ਦੁਹਰੁਕਤੀ’ ਅਤੇ ‘ਵਾਕ ਦੁਹਰੁਕਤੀ’ ਹਨ।

**I.i. ਸ਼ਬਦ ਦੁਹਰੁਕਤੀ:-** ਸ਼ਬਦ ਦੁਹਰੁਕਤੀ ਦੀ ਇਕਾਈ ‘ਸ਼ਬਦ’ ਹੈ। ਇਸ ਵਿਚ ‘ਇਕ ਸ਼ਬਦ ਦਾ ਦੁਹਰਾਉ’ ਵਾਕ ਵਿਚ ‘ਇਕ ਵਾਕੰਸ਼’ ਇਕਾਈ ਵਜੋਂ ਕੀਤਾ ਜਾਂਦਾ ਹੈ। “ਇਕੋ ਸ਼ਬਦ ਦੇ ਦੂਹਰੇ ਉਚਾਰਣ ਨਾਲ ਬਣੇ ਸ਼ਬਦ ਨੂੰ ਦੁਹਰੁਕਤ- ਸ਼ਬਦ ਕਿਹਾ ਜਾਂਦਾ ਹੈ। ”[24] ਵਿਆਕਰਨ ਦੀਆਂ ਮੁਖ ਸ਼ਬਦ ਸ਼੍ਰੇਣੀਆਂ ਦੇ ਆਧਾਰ ’ਤੇ ਸ਼ਬਦ ਦੁਹਰੁਕਤੀ ਦੇ ਪੰਜ ਉਪਭੇਦ ਹਨ:

[24] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 19.

ਸ਼ਬਦ ਦੁਹਰੁਕਤੀ

- ਨਾਂਵ ਦੁਹਰੁਕਤੀ
- ਪੜਨਾਂਵ ਦੁਹਰੁਕਤੀ
- ਵਿਸ਼ੇਸ਼ਣ ਦੁਹਰੁਕਤੀ
- ਕਿਰਿਆ ਦੁਹਰੁਕਤੀ
- ਕਿਰਿਆ ਵਿਸ਼ੇਸ਼ਣ ਦੁਹਰੁਕਤੀ

I.ii. **ਵਾਕੰਸ਼ ਦੁਹਰੁਕਤੀ:-** ਵਾਕ ਵਿਚਲੇ 'ਸਾਰਥਿਕ ਸ਼ਬਦ ਸਮੂਹ' ਭਾਵ 'ਵਾਕੰਸ਼' ਦੀ ਦੂਹਰੀ ਵਰਤੋਂ 'ਵਾਕੰਸ਼ ਦੁਹਰੁਕਤੀ' ਹੈ। ਅਗਨੀਹੋਤਰੀ ਨੇ ਇਸਨੂੰ 'ਦੂਹਰੀ ਦੁਹਰੁਕਤੀ' ਕਿਹਾ ਹੈ, ਜਦਕਿ ਵਿਆਕਰਨਕ ਇਕਾਈ ਵਜੋਂ ਇਹ 'ਵਾਕੰਸ਼ ਦੁਹਰੁਕਤੀ' ਹੈ। ਵਾਕ ਬਣਤਰ ਵਿਚ ਵਾਕੰਸ਼ ਦਾ ਦੁਹਰਾਉ ਇਕ ਇਕਾਈ ਦਾ ਕਾਰਜ ਕਰਦਾ ਹੈ।

I.iii. **ਵਾਕ ਦੁਹਰੁਕਤੀ:-** ਵਾਕ ਦੁਹਰੁਕਤੀ ਦੇ ਅੰਤਰਗਤ 'ਉਪਵਾਕ' ਜਾਂ 'ਵਾਕ' ਦੋਹਾਂ ਨੂੰ ਰੱਖਿਆ ਹੈ। ਉਪਵਾਕ/ ਵਾਕ ਦੀ ਦੂਹਰੀ ਵਰਤੋਂ 'ਵਾਕ ਦੁਹਰੁਕਤੀ' ਹੈ। ਵਾਕ ਦੁਹਰੁਕਤੀ ਦੀ ਵਰਤੋਂ 'ਸ਼ਬਦ' ਦੁਹਰੁਕਤੀ ਦੇ ਮੁਕਾਬਲੇ ਬਹੁਤ ਸੀਮਿਤ ਮਾਤਰਾ ਵਿਚ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਾਕ ਦੁਹਰੁਕਤੀ ਦੀ ਕਿਸਮ ਮਿਲਦੀ ਹੈ।

1.1.II. **ਵਧਾਵੀਂ ਦੁਹਰੁਕਤੀ:-** ਰੂਪਗਤ ਦੁਹਰੁਕਤੀ ਦਾ ਦੂਜਾ ਭੇਦ 'ਵਧਾਵੀਂ' ਦੁਹਰੁਕਤੀ ਹੈ, ਵਧਾਵੀਂ ਤੋਂ ਭਾਵ ਮੂਲ ਸ਼ਬਦ ਨਾਲ ਕਿਸੇ 'ਧੁਨੀ ਜਾਂ ਉਚਾਰਖੰਡ' ਦਾ ਵਾਧਾ ਕਰਨਾ। ਦੁਹਰੁਕਤੀਯੁਕਤ ਸ਼ਬਦ ਦੇ ਧਾਤੂ ਰੂਪ ਨਾਲ ਧੁਨੀ ਜਾਂ ਉਚਾਰਖੰਡ ਦਾ ਵਾਧਾ 'ਵਧਾਵੀਂ ਦੁਹਰੁਕਤੀ' ਹੈ। ਧੁਨੀ ਜਾਂ ਉਚਾਰਖੰਡ 'ਧਾਤੂ' ਨਾਲ ਜੁੜ ਕੇ ਨਵੇਂ ਸ਼ਬਦ ਘੜਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਵਧੇਤਰਾਂ ਦੀ ਵਰਤੋਂ ਸ਼ਬਦ ਦੀ ਵਿਉਂਤਪਤੀ ਅਤੇ ਰੂਪਾਂਤਰਨ ਦਾ ਕਾਰਜ ਕਰਦੀ ਹੈ। "ਵਿਉਂਤਪਤੀ (Derivation) ਵਧੇਤਰਾਂ ਦਾ ਵਰਤੋਂ ਵਰਤਾਰਾ ਇਕ

ਕੋਸ਼ਗਤ (Lexical) ਪ੍ਰਕਿਰਿਆ ਹੈ, ਕਿਉਂਕਿ ਇਸ ਨਾਲ ਕੋਸ਼ ਦੀ ਇਕ ਹੋਰ ਮੱਦ ਤਿਆਰ ਹੁੰਦੀ ਹੈ।"[25] ਵਿਉਂਤਪਤੀ ਦਾ ਸੰਬੰਧ ਕੋਸ਼ੀ ਸ਼ਬਦਾਵਲੀ ਨਾਲ ਹੈ। ਸੋ ਕੋਸ਼ੀ ਸ਼ਬਦਾਵਲੀ ਦੀ ਸਿਰਜਨ ਪ੍ਰਕਿਰਿਆ 'ਵਿਉਂਤਪਤੀ' ਹੈ, ਇਹ ਕੋਸ਼ੀ ਇਕਾਈਆਂ (ਲਿਖ- ਲਿਖਤ, ਪੜ੍ਹ- ਪੜ੍ਹਤ) ਸਿਰਜਦੀ ਹੈ। ਰੂਪਾਂਤਰਨ ਦਾ ਸੰਬੰਧ 'ਸ਼ਬਦ ਰੂਪਾਂ ਦੀ ਸਿਰਜਨਾ' ਨਾਲ ਹੈ। ਇਹ ਧਾਤੂ ਰੂਪਾਂ ਨਾਲ ਵਧੇਤਰਾਂ ਦੀ ਵਰਤੋਂ ਕਰਕੇ ਸ਼ਬਦ ਰੂਪਾਂ ਦੀ ਇਕ ਲੜੀ ਸਿਰਜਦੇ ਹਨ: (ਲਿਖ- ਲਿਖਦਾ, ਲਿਖਦੀ, ਲਿਖਦੇ, ਲਿਖਦੀਆਂ, ਲਿਖਿਆ, ਲਿਖੇ, ਲਿਖੋ, ਲਿਖਾਉ ਆਦਿ)। ਰੂਪਾਂਤਰਨ ਸ਼ਬਦ ਰੂਪ ਨੂੰ ਵਾਕਾਤਮਕ ਪਰਿਪੇਖ ਵਿਚ ਵਿਆਕਰਨਕ ਵਰਗ (ਲਿੰਗ, ਵਚਨ, ਕਾਰਕ, ਕਾਲ ਆਦਿ) ਅਨੁਸਾਰ ਸਿਰਜਦਾ ਹੈ।

ਵਿਉਂਤਪਤੀ ਨਵੀਆਂ ਸ਼ਬਦ ਸ਼੍ਰੇਣੀਆਂ ਸਿਰਜਦੀ ਹੋਣ ਕਾਰਨ ਇਸ ਰਾਹੀਂ ਸਿਰਜੇ ਨਵੇਂ ਸ਼ਬਦਾਂ ਦਾ ਸ਼੍ਰੇਣੀ ਪਰਿਵਰਤਨ ਸੰਭਵ ਹੈ, ਪਰ ਲਾਜ਼ਮੀ ਨਹੀਂ। ਇਸ ਤਰ੍ਹਾਂ ਵਿਉਂਤਪਤੀ ਰਾਹੀਂ ਬਣੇ ਨਵੇਂ ਸ਼ਬਦ 'ਸ਼੍ਰੇਣੀ ਰੱਖਿਅਕ' ਅਤੇ 'ਸ਼੍ਰੇਣੀ ਬਦਲੂ' ਦੋ ਤਰ੍ਹਾਂ ਦੇ ਹੁੰਦੇ ਹਨ। "ਰੂਪਾਂਤਰੀ ਵਧੇਤਰ ਸਿਰਫ 'ਪਿਛੇਤਰ' ਹੀ ਹੁੰਦੇ ਹਨ, ਇਹ ਸ਼ਬਦ ਦੇ ਅੰਤ ਵਿਚ ਹੀ ਆਉਂਦੇ ਹਨ।"[26] ਇਹ ਧਾਤੂ ਤੋਂ ਵਾਕ ਜੁਗਤ ਅਨੁਸਾਰ ਵਿਆਕਰਨਕ ਸ਼ਬਦ ਰੂਪ ਸਿਰਜਦੇ ਹਨ। ਧਾਤੂ ਦੇ 'ਆਦਿ, ਮੱਧ' ਜਾਂ 'ਅੰਤਲੀ' ਸਥਿਤੀ 'ਤੇ 'ਵਧੇਤਰਾਂ' ਦੀ ਵਰਤੋਂ ਦੇ ਆਧਾਰ 'ਤੇ ਇਸਦੇ ਤਿੰਨ ਭੇਦ ਹਨ:

**II.i ਅਗੇਤਰ ਦੁਹਰੁਕਤੀ**

**II.ii. ਮਧੇਤਰ ਦੁਹਰੁਕਤੀ**

**II.iii. ਪਿਛੇਤਰ ਦੁਹਰੁਕਤੀ**

**II.i. ਅਗੇਤਰ ਦੁਹਰੁਕਤੀ:-** ਮੂਲ ਧਾਤੂ ਦੇ 'ਆਦਿ' ਵਿਚ 'ਧੁਨੀ' ਜਾਂ 'ਉਚਾਰਖੰਡ' ਦਾ ਵਾਧਾ 'ਅਗੇਤਰ' ਹੈ। ਦੁਹਰੁਕਤੀਯੁਕਤ ਰੂਪ ਵਿਚ ਅਗੇਤਰ (prefix) ਦੀ ਵਰਤੋਂ ਵਾਲੇ ਰੂਪ 'ਅਗੇਤਰ ਦੁਹਰੁਕਤੀ' ਹੈ।

---

[25] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 48.

[26] ਡਾ. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ: ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, 136.

"ਪੰਜਾਬੀ ਸ਼ਬਦ ਸਿਰਜਨਾ ਦੇ ਸਾਰੇ ਦੇ ਸਾਰੇ ਅਗੇਤਰ 'ਵਿਉਂਤਪਤ ਅਗੇਤਰ' ਹਨ। ਇਹ ਧਾਤੂ ਤੋਂ ਪਹਿਲਾਂ ਵਿਚਰਦੇ ਹਨ ਅਤੇ ਇਕ ਵੇਲੇ ਇਕੋ ਅਗੇਤਰ ਵਿਚਰ ਸਕਦਾ ਹੈ।"[27] ਇਸਦੀ ਵਰਤੋਂ ਤੋਂ ਬਣਿਆ ਸ਼ਬਦ ਸਾਰਥਕ ਰੂਪ ਵਿਚ ਅਰਥ ਸੰਚਾਰ ਦਾ ਕਾਰਜ ਕਰਦਾ ਹੈ। 'ਵਿਉਂਤਪਤ ਅਗੇਤਰ' ਸ਼੍ਰੇਣੀ ਰੱਖਿਅਕ (ਗੁਣ ਅਵਗੁਣ, ਦੇਸ ਬਿਦੇਸ) ਅਤੇ ਸ਼੍ਰੇਣੀ ਬਦਲੂ (ਪੜ੍ਹ ਅਨਪੜ੍ਹ) ਦੋਹਾਂ ਤਰ੍ਹਾਂ ਦੇ ਹਨ। 'ਸ਼੍ਰੇਣੀ ਬਦਲੂ' ਵਿਚ ਇਸਦਾ ਧਾਤੂ ਰੂਪ ਨਹੀਂ ਬਦਲਦਾ, ਕੇਵਲ ਅਰਥ ਪੱਧਰ 'ਤੇ ਬਦਲਾਅ ਹੁੰਦਾ ਹੈ।

**II.ii. ਮਧੇਤਰ ਦੁਹਰੁਕਤੀ:-** ਮਧੇਤਰ (infix) ਧਾਤੂ ਦੇ 'ਮੱਧ' ਵਿਚ ਵਰਤੇ ਜਾਂਦੇ ਹਨ। ਅਗਨੀਹੋਤਰੀ ਨੇ ਧਾਤੂ ਦੇ ਅੰਤ 'ਤੇ ਲੱਗੇ ਪਿਛੇਤਰ ਜੋ ਵਿਭਿੰਨ ਭਾਸ਼ਾਈ ਇਕਾਈਆਂ ਲਈ ਕਾਰਜਸ਼ੀਲ ਹਨ, ਨੂੰ 'ਮਧੇਤਰ' ਦੀ ਕਿਸਮ ਵਿਚ ਰੱਖਿਆ ਹੈ, ਜਦਕਿ ਮਧੇਤਰ ਦੋ ਧਾਤੂਆਂ ਦੇ ਵਿਚਾਲੇ ਨਹੀਂ, ਬਲਕਿ ਇਕੋ ਧਾਤੂ ਦੇ ਵਿਚਾਲੇ ਵਰਤੇ ਜਾਂਦੇ ਹਨ। "ਮਧੇਤਰ ਇਕ ਮਾਰਫੀਮ ਹੈ, ਜਿਸਨੂੰ ਮੂਲਾਂਸ਼ ਦੇ ਵਿਚਾਲੇ ਵਰਤਿਆ ਜਾਂਦਾ ਹੈ।"[28] ਧਾਤੂ ਦੇ ਵਿਚਾਲੇ ਵਰਤੇ ਗਏ ਮਧੇਤਰ ਇਕ ਨਵਾਂ ਸ਼ਬਦ ਤੇ ਅਰਥ ਦਿੰਦੇ ਹਨ। ਆਮ ਤੌਰ 'ਤੇ ਪੰਜਾਬੀ ਵਿਆਕਰਨਾਂ ਵਿਚ ਮਧੇਤਰਾਂ ਦੀ ਵਰਤੋਂ ਨੂੰ ਨਕਾਰਿਆ ਗਿਆ ਹੈ। "ਧਾਤੂ ਦੇ ਮੱਧ ਵਿਚ ਲੱਗਣ ਵਾਲੇ ਵਧੇਤਰ 'ਮਧੇਤਰ' ਦੇ ਨਾਂ ਨਾਲ ਜਾਣੇ ਜਾਂਦੇ ਹਨ। ਪੰਜਾਬੀ ਵਿਚ ਮਧੇਤਰ ਨਹੀਂ ਵਰਤੇ ਜਾਂਦੇ, ਸਿਰਫ ਅਗੇਤਰ ਅਤੇ ਪਿਛੇਤਰ ਹੀ ਹਨ।"[29] ਮੱਧਕਾਲੀ ਸਾਹਿਤ ਦਾ ਅਧਿਐਨ ਕਰਨ 'ਤੇ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਵਿਚ ਮਧੇਤਰਾਂ (ਖਲਕ ਖਾਲਕ, ਕਰ ਕਾਰ, ਤਰ ਤਾਰ, ਮਰ ਮਾਰ) ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿ ਵਰਤਮਾਨ ਸਮੇਂ ਵਿਚ ਵੀ ਲਗਾਤਾਰ ਕੀਤੀ ਜਾ ਰਹੀ ਹੈ।

---

27 ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ (ਤਕਨੀਕੀ ਸ਼ਬਦਾਵਲੀ ਦਾ ਵਿਸ਼ਾ ਕੋਸ਼), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ 214.

28 An infix is a morpheme which is inserted into the stem with which it is associated. A Reference Grammar of Punjabi, Harjeet Singh Gill & H.A. Gleason, 1969, Pn 78.

29 ਜੋਗਿੰਦਰ ਸਿੰਘ ਪੁਆਰ ਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ 1), ਪੰਜਾਬੀ ਸਾਹਿਤ ਅਕਾਦਮੀ, ਜਲੰਧਰ, 1992, ਪੰਨਾ 34.

**II.iii. ਪਿਛੇਤਰ ਦੁਹਰੁਕਤੀ:-** ਧਾਤੂ ਰੂਪ ਦੇ 'ਅੰਤ' 'ਤੇ ਧੁਨੀ ਜਾਂ ਉਚਾਰਖੰਡ ਦਾ ਵਾਧਾ ਪਿਛੇਤਰ ਹੈ। "ਮੂਲਾਂਸ਼ ਦੀ ਅੰਤ ਸਥਿਤੀ ਤੇ ਵਿਚਰਨ ਵਾਲੇ ਵਧੇਤਰ ਨੂੰ 'ਪਿਛੇਤਰ' (suffix) ਕਿਹਾ ਜਾਂਦਾ ਹੈ।"[30] ਪਿਛੇਤਰ ਦੁਹਰੁਕਤੀ ਵਿਚ ਇਸਦਾ ਧਾਤੂ ਰੂਪ 'ਪਿਛੇਤਰਯੁਕਤ' ਹੁੰਦਾ ਹੈ। ਦੁਹਰੁਕਤੀਯੁਕਤ ਰੂਪ ਵਿਚ ਪਿਛੇਤਰਾਂ ਦੀ ਵਰਤੋਂ ਆਮ ਤੌਰ 'ਤੇ ਪਹਿਲੇ ਸ਼ਬਦ ਦੇ ਅੰਤ 'ਤੇ ਕੀਤੀ ਜਾਂਦੀ ਹੈ, ਧਾਤੂ ਨਾਲ ਪਿਛੇਤਰਾਂ ਦੀ ਵਰਤੋਂ ਤੋਂ ਨਵੇਂ ਅਰਥ ਵਾਲੇ ਸ਼ਬਦ ਅਤੇ ਰੂਪਾਵਲੀ ਸਿਰਜੀ ਜਾਂਦੀ ਹੈ। ਇਹ ਸ਼੍ਰੇਣੀ ਰੱਖਿਅਕ (ਖਾਕੂ ਖਾਕ, ਖੇਹੂ ਖੇਹ) ਅਤੇ ਸ਼੍ਰੇਣੀ ਬਦਲੂ (ਪਾਪੀ ਪਾਪ, ਝੂਠਾ ਝੂਠ- ਨਾਂਵ ਤੋਂ ਵਿਸ਼ੇਸ਼ਣ) ਦੋਹਾਂ ਤਰ੍ਹਾਂ ਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਇਸਦੇ ਵਿਭਿੰਨ ਪ੍ਰਕਾਰਜ ਹਨ।

**1.1. III. ਧੁਨੀ ਪਰਿਵਰਤਨ:-** ਦੁਹਰੁਕਤੀਯੁਕਤ ਸ਼ਬਦਾਂ ਵਿਚਾਲੇ 'ਵਿਅੰਜਨ' ਅਤੇ 'ਸ੍ਵਰ' ਧੁਨੀਆਂ ਦਾ ਪਰਿਵਰਤਨ 'ਧੁਨੀ ਪਰਿਵਰਤਨ' ਹੈ। ਜਦੋਂ ਧੁਨੀ ਪਰਿਵਰਤਨ ਵਾਲੇ ਦੋਵੇਂ ਸ਼ਬਦ ਇਕ ਇਕਾਈ ਵਜੋਂ ਇਕ ਵਾਕੰਸ਼ ਵਿਚ ਕਾਰਜਸ਼ੀਲ ਹੋਣ ਤਾਂ ਉਹ 'ਧੁਨੀ ਪਰਿਵਰਤਨ' ਦੁਹਰੁਕਤੀ ਹੈ। ਦੁਹਰੁਕਤੀਯੁਕਤ ਸ਼ਬਦਾਂ ਨੂੰ Kauffman ਨੇ ਸ੍ਵਰ ਅਤੇ ਵਿਅੰਜਨ ਦੇ ਆਧਾਰ 'ਤੇ Ablaunt Reduplication ਅਤੇ Rhyming Reduplication ਦਾ ਨਾਮ ਦਿੱਤਾ ਹੈ। ਉਸ ਨੇ ਇਸਨੂੰ ਕਾਵਿ ਸ਼ਾਸਤਰੀ ਦ੍ਰਿਸਟੀ ਤੋਂ ਪਰਿਭਾਸ਼ਤ ਕੀਤਾ ਹੈ। "ਸ਼ਬਦਾਂ ਵਿਚਾਲੇ ਨਜ਼ਦੀਕੀ ਧੁਨੀਆਂ ਵਾਲੇ 'ਸ੍ਵਰ' ਅਤੇ 'ਵਿਅੰਜਨ' ਬਦਲਣੇ ਜੋ ਲਗਭਗ ਤੁਕਬੰਦੀ ਕਰਦੇ ਹਨ: teenie weenie, lovey dovey (Rhyming), kasa koso, gata goto, zig zag, wishy washy (Ablaunt)."[31] ਹਥਲੇ ਖੋਜ-ਕਾਰਜ ਵਿਚ 'ਧੁਨੀ ਪਰਿਵਰਤਨ ' ਨੂੰ ਕੇਵਲ ਕਾਵਿ ਸ਼ਾਸਤਰੀ ਦ੍ਰਿਸਟੀ ਤੋਂ ਨਹੀ, ਬਲਕਿ ਵਿਆਕਰਨ ਵਜੋਂ ਵਿਸ਼ਲੇਸ਼ਤ ਕੀਤਾ ਹੈ। ਕਾਵਿ ਸੁਹਜ ਦੇ ਨਾਲ -ਨਾਲ ਇਹ ਨਵੇਂ ਸ਼ਬਦਾਂ ਦੀ ਸਿਰਜਨਾ ਰਾਹੀਂ ਅਰਥ ਵਿਸਥਾਰ ਦਾ ਕਾਰਜ ਵੀ ਕਰਦਾ ਹੈ। ਧੁਨੀ ਪਰਿਵਰਤਨ ਨਾਲ ਦੋ ਤਰ੍ਹਾਂ ਦੇ ਸ਼ਬਦ ਰੂਪਾਂ ਦੀ ਸਿਰਜਨਾ ਹੁੰਦੀ ਹੈ: 'ਸਾਰਥਕ' (ਰੁਖੀ ਸੁਖੀ, ਆਸਤਿ ਨਾਸਤਿ), 'ਨਿਰਾਰਥਕ'

---

30 ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 46.

31 Kauffman, C. A, Reduplication reflects uniqueness and innovation in language, thought and culture, York college of Pennsylvaria. 2015, Pn 03.

(ਬੇਦ ਬਾਦ, ਸੂਤ ਸਾਤ) ਸ਼ਬਦ। ਦੁਹਰੁਕਤੀਯੁਕਤ ਰੂਪ ਵਿਚ ਨਿਰਾਰਥਕ ਸ਼ਬਦ, ਸਾਰਥਕ ਸ਼ਬਦ ਨਾਲ ਦੂਹਰੇ ਰੂਪ ਵਿਚ ਅਰਥ ਵਿਸਥਾਰ ਕਰਦੇ ਹਨ।

**1.1. IV. ਧੁਨੀ ਆਗਮ ਦੁਹਰੁਕਤੀ:-** ਧੁਨੀ ਆਗਮ ਤੋਂ ਭਾਵ ਮੂਲ ਸ਼ਬਦ ਨਾਲ ਕਿਸੇ 'ਧੁਨੀ ਦੇ ਵਾਧੇ' ਤੋਂ ਹੈ। ਅਗਨੀਹੋਤਰੀ ਨੇ 'ਧੁਨੀ ਆਗਮ' ਅਤੇ 'ਧੁਨੀ ਲੋਪ' ਨੂੰ ਅਪੂਰਨ ਦੁਹਰੁਕਤੀ ਦੀ ਸ਼੍ਰੇਣੀ ਵਿਚ ਰੱਖਿਆ ਹੈ। 'ਧੁਨੀ ਆਗਮ' ਅਤੇ 'ਧੁਨੀ ਲੋਪੀ' ਸ਼ਬਦਾਂ ਦਾ ਅਧਿਐਨ ਕਰਨ 'ਤੇ ਅਜਿਹੇ ਸ਼ਬਦ ਮਿਲਦੇ ਹਨ, ਜਿਹਨਾਂ ਵਿਚ 'ਧੁਨੀ ਆਗਮ' (ਫਲ ਫੁਲ) ਜਾਂ 'ਧੁਨੀ ਲੋਪ' (ਸੇਵਕ ਸੇਵਿ, ਅੰਧਾ ਅੰਧ) ਹੋ ਰਿਹਾ ਹੈ, ਅਜਿਹੇ ਸ਼ਬਦ ਰੂਪ 'ਪੂਰਨ ਦੁਹਰੁਕਤੀ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਧੁਨੀਆਤਮਕ ਦੁਹਰੁਕਤੀ ਪੂਰਨ ਅਤੇ ਅਪੂਰਨ ਦੋਹਾਂ ਕਿਸਮਾਂ ਦੀ ਮਿਲਦੀ ਹੈ।

**1.1.V. ਧੁਨੀ ਲੋਪ ਦੁਹਰੁਕਤੀ:-** 'ਧੁਨੀ ਲੋਪ' ਤੋਂ ਭਾਵ ਮੂਲ ਸ਼ਬਦ ਨਾਲੋਂ ਕਿਸੇ ਧੁਨੀ ਦਾ ਖ਼ਾਰਜ ਹੋਣਾ ਹੈ। ਧੁਨੀ ਲੋਪ ਦੁਹਰੁਕਤੀ ਵਿਚ ਪੂਰਨ ਅਤੇ ਅਪੂਰਨ ਸ਼ਬਦ ਹੋਂਦ ਗ੍ਰਹਿਣ ਕਰਦੇ ਹਨ। ਇਸਨੂੰ ਕੇਵਲ ਅਪੂਰਨ ਦੁਹਰੁਕਤੀ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਧੁਨੀ ਲੋਪ ਮੁਖ ਤੌਰ 'ਤੇ 'ਵਿਅੰਜਨ' ਰੂਪੀ ਹੈ।

**1.2. ਅਰਥਗਤ ਦੁਹਰੁਕਤੀ:-** ਪੂਰਨ ਦੁਹਰੁਕਤੀ ਦੀ ਦੂਜੀ ਕਿਸਮ 'ਅਰਥਗਤ ਦੁਹਰੁਕਤੀ' ਹੈ। ਇਹ ਨਿਰੋਲ 'ਅਰਥ' ਆਧਾਰਿਤ ਹੈ। ਅਰਥਗਤ ਪ੍ਰਵਿਰਤੀ ਦੇ ਆਧਾਰ 'ਤੇ ਇਸ ਦੇ ਤਿੰਨ ਉਪਭੇਦ ਬਣਦੇ ਹਨ:

**ਰੇਖਾਂਕ- 3.**




**1.2.I. ਸਮਾਨਾਰਥਕ ਦੁਹਰੁਕਤੀ:-** ਇਕੋ ਅਰਥ ਵਾਲੇ ਦੋ ਵਿਭਿੰਨ ਸ਼ਬਦ ਰੂਪਾਂ ਦੀ ਇਕ ਵਾਕੰਸ਼ ਦੇ ਰੂਪ ਵਿਚ ਵਰਤੋਂ ਸਮਾਨਾਰਥਕ ਦੁਹਰੁਕਤੀ ਹੈ। "ਜਦੋਂ ਇਕੋ ਸਥਿਤੀ, ਵਸਤੂ ਆਦਿ ਨੂੰ ਪ੍ਰਗਟਾਉਣ ਲਈ ਇਕ ਤੋਂ

ਵਧੇਰੇ ਸ਼ਬਦ ਰੂਪਾਂ ਦੀ ਵਰਤੋਂ ਕੀਤੀ ਜਾਵੇ ਤਾਂ ਇਹਨਾਂ ਸ਼ਬਦ ਰੂਪਾਂ ਨੂੰ ਸਮਾਨਾਰਥਕ ਕਿਹਾ ਜਾਂਦਾ ਹੈ।"[32] ਸਮਾਨਾਰਥਕ ਸੰਕਲਪ ਇਕ ਤੋਂ ਵਧੇਰੇ ਸ਼ਬਦਾਂ ਦੀ ਵਰਤੋਂ ਵਾਲਾ ਹੈ, ਸਮਾਨਾਰਥਕ ਦੁਹਰੁਕਤੀ ਦੋ ਸ਼ਬਦਾਂ ਦੀ ਵਰਤੋਂ ਤੱਕ ਸੀਮਿਤ ਹੈ। **ਵੇਦ ਅਗਨੀਹੋਤਰੀ** ਨੇ ਇਸਨੂੰ 'ਫ਼ਾਰਸੀ' ਅਤੇ 'ਪੰਜਾਬੀ' ਦੇ ਆਪਸੀ ਸੁਮੇਲ ਨਾਲ ਜੋੜਿਆ ਹੈ। "ਪੰਜਾਬ ਵਿਚ ਫ਼ਾਰਸੀ ਭਾਸ਼ਾ ਭਾਈਚਾਰੇ ਦੇ ਰਾਜ ਦੀ ਸਥਾਪਤੀ ਦੇ ਮੁਢਲੇ ਦਿਨਾਂ ਵਿਚ ਪੈਦਾ ਹੋਈ ਭਾਸ਼ਾਈ ਸਮੱਸਿਆ ਦੇ ਹੱਲ ਲਈ ਮੁਢਲਾ ਯਤਨ ਸੀ।"[33] ਅਗਨੀਹੋਤਰੀ ਦੀ ਇਸ ਧਾਰਨਾ ਨਾਲ ਪੂਰਨ ਤੌਰ ਤੇ ਸਹਿਮਤ ਨਹੀਂ ਹੋਇਆ ਜਾ ਸਕਦਾ। ਸਮਾਨਾਰਥਕ ਸ਼ਬਦ ਕੇਵਲ ਪੰਜਾਬੀ ਜਾਂ ਫ਼ਾਰਸੀ ਦੇ ਸੁਮੇਲ ਵਾਲੇ ਨਹੀਂ ਵਰਤੇ ਜਾਂਦੇ, ਵਿਭਿੰਨ ਭਾਸ਼ਾਵਾਂ ਦੇ ਸ਼ਬਦ ਸਮਾਨਾਰਥਕ ਦੁਹਰੁਕਤੀ ਵਜੋਂ ਵਰਤੇ ਜਾਂਦੇ ਹਨ। "ਸਮਾਨਾਰਥੀ ਦੁਹਰੁਕਤੀ ਨੂੰ ਸੁਨੀਤੀ ਕੁਮਾਰ ਚੈਟਰਜੀ ਨੇ ਅਨੁਵਾਦੀ ਸਮਾਸ ਕਿਹਾ ਹੈ।"[34] ਦੁਹਰੁਕਤੀਯੁਕਤ ਰੂਪ ਵਿਚਲੇ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਇਕ ਦੂਜੇ ਦਾ ਅਰਥਗਤ ਅਨੁਵਾਦ ਕਰਦੇ ਹਨ। ਦੁਹਰੁਕਤੀ ਵਜੋਂ ਇਸਦੀ ਵਰਤੋਂ ਇਕ ਅਰਥ 'ਤੇ ਬਲ ਦੇਣ ਲਈ ਕੀਤੀ ਜਾਂਦੀ ਹੈ। ਵਾਕ ਵਿਚ ਦੂਹਰੀ ਵਰਤੋਂ ਨਾਲ ਅਰਥ ਅਗਰਭੂਮੀ ਵਿਚ ਆ ਜਾਂਦਾ ਹੈ। ਕਾਵਿ ਰਚਨਾ ਵਿਚ ਇਸਦਾ ਵਿਸ਼ੇਸ਼ ਮਹੱਤਵ 'ਕਾਵਿ ਸ਼ਾਸਤਰੀ' ਦ੍ਰਿਸਟੀ ਤੋਂ ਬਣਦਾ ਹੈ। ਕਾਵਿਕ ਵਾਕਾਂ ਵਿਚ ਇਹ ਵਜਨ ਨੂੰ ਪੂਰਾ ਕਰਦੀ ਹੈ।

**1.2.II. ਵਰਗਾਰਥਕ ਦੁਹਰੁਕਤੀ:-** ਦੁਹਰੁਕਤੀ ਦੇ ਉਹ ਸ਼ਬਦ ਜਿਹੜੇ ਵੱਖ ਵੱਖ ਅਰਥਾਂ ਨੂੰ ਚਿਹਨਤ ਕਰਦੇ ਹਨ ਅਤੇ ਇਹਨਾਂ ਦਾ ਮੁਢਲਾ 'ਅਰਥੀਮ' ਇਕ ਹੁੰਦਾ ਹੈ, ਵਰਗਾਰਥਕ ਸ਼ਬਦ ਹਨ। "ਰੋਟੀ, ਚਾਹ ਅਤੇ ਪਾਣੀ' ਅੱਡ ਅੱਡ ਵਸਤਾਂ ਨੂੰ ਚਿਹਨਤ ਕਰਦੇ ਹਨ, ਪਰ ਇਹ ਸਾਰੀਆਂ ਵਸਤਾਂ ਮਨੁੱਖ ਲਈ ਆਹਾਰ ਵਜੋਂ ਵਰਤੀਆਂ ਜਾਂਦੀਆਂ ਹਨ। ਇੰਜ 'ਮਨੁੱਖ ਆਹਾਰ ਦੀ ਵਸਤੂ' ਇਹਨਾਂ ਦਾ ਸਾਂਝਾ ਅਰਥੀਮ ਹੈ, ਜੋ

---

[32] ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਵਿਸ਼ਾ ਕੋਸ਼, ਬਲਦੇਵ ਸਿੰਘ ਚੀਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 64.

[33] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 32.

[34] This sort of what may be called Translation Compound are found in all languages which came in living touch is another speech, and were influenced by it, Suniti Kumar Chatterji, Indo Aryan and Hindi, Calcutta, 1960, pn 290.

ਇਹਨਾਂ ਨੂੰ ਵਰਗਾਰਥੀ ਬਣਾਉਂਦਾ ਹੈ।"[35] ਅਜਿਹੇ ਦੁਹਰੁਕਤੀਯੁਕਤ ਸ਼ਬਦ ਵਾਕ ਬਣਤਰ ਵਿਚ ਜਦੋਂ ਵਾਕੰਸ਼ ਦੀ ਇਕ ਇਕਾਈ ਵਜੋਂ ਕਾਰਜਸ਼ੀਲ ਹੋਣ ਤਾਂ ਉਹ 'ਵਰਗਾਰਥਕ ਦੁਹਰੁਕਤੀ' ਹੈ। ਦੁਹਰੁਕਤੀਯੁਕਤ ਰੂਪ ਵਿਚ ਵਰਗਾਰਥਕ ਸ਼ਬਦ ਦੋਹਾਂ ਪੱਖਾਂ ਦੀ ਸਮੁਚਤਾ ਦਾ ਕਾਰਜ ਕਰਦੇ ਹਨ।

**1.2.III. ਵਿਰੋਧਾਰਥਕ ਦੁਹਰੁਕਤੀ:-** ਦੋ ਵਿਰੋਧੀ ਅਰਥ ਵਾਲੇ ਸ਼ਬਦਾਂ ਦੀ ਦੁਹਰੁਕਤੀਯੁਕਤ ਰੂਪ ਵਿਚ ਇਕ ਵਾਕੰਸ਼ ਵਜੋਂ ਵਰਤੋਂ ਵਿਰੋਧਾਰਥਕ ਦੁਹਰੁਕਤੀ ਹੈ। "ਸਿਧਾਂਤਕ ਤੌਰ ਤੇ ਉਹਨਾਂ ਸ਼ਬਦਾਂ ਨੂੰ ਵਿਰੋਧਾਰਥਕ ਸ਼ਬਦਾਂ ਦੀ ਸੂਚੀ ਵਿਚ ਰੱਖਿਆ ਜਾਂਦਾ ਹੈ, ਜਿਨ੍ਹਾਂ ਦੇ ਅਰਥ ਉਲਟੇ ਹੋਣ।"[36] ਵਿਰੋਧੀ ਸ਼ਬਦ ਹਮੇਸ਼ਾ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ, ਇਕਹਿਰੇ ਰੂਪ ਵਿਚ ਇਹ ਸਾਧਾਰਨ ਅਰਥਾਂ ਦਾ ਸੰਚਾਰ ਕਰਦੇ ਹਨ। ਦੂਹਰੇ ਰੂਪ ਵਿਚ ਇਹ ਅਰਥ ਦੇ 'ਦੋਹਾਂ ਪੱਖਾਂ ਦੀ ਸਮੁਚਤਾ' ਦਾ ਕਾਰਜ ਕਰਦੇ ਹਨ। ਵਿਰੋਧੀ ਸ਼ਬਦਾਂ ਦੀ ਬਣਤਰ ਦੇ ਦੋ ਰੂਪ ਹਨ: ਇਕ, ਉਹ ਸ਼ਬਦ ਜਿਹੜੇ ਰੂਪ ਪੱਖੋਂ ਵੱਖੋ- ਵੱਖਰੇ ਹੁੰਦੇ ਹਨ। ਇਹਨਾਂ ਵਿਚਾਲੇ ਰੂਪਗਤ ਸਾਂਝ ਨਹੀਂ ਹੁੰਦੀ, ਅਰਥਗਤ ਸਾਂਝ ਵਜੋਂ ਇਕ ਇਕਾਈ ਦਾ ਕਾਰਜ ਕਰਦੇ ਹਨ। ਦੂਜੀ ਪ੍ਰਕਾਰ ਦੇ ਉਹ ਵਿਰੋਧੀ ਸ਼ਬਦ: ਜਿਹਨਾਂ ਦਾ ਮੂਲ ਰੂਪ ਇਕ ਹੁੰਦਾ ਹੈ ਅਤੇ ਦੋਹਾਂ ਸ਼ਬਦਾਂ ਵਿਚਾਲੇ ਵਿਰੋਧ ਦਾ ਕਾਰਜ ਮੂਲ ਨਾਲ ਲੱਗਾ ਵਧੇਤਰ ਰੂਪੀ 'ਅਗੇਤਰ' ਕਰਦਾ ਹੈ।

**2. ਅਪੂਰਨ ਦੁਹਰੁਕਤੀ:-** ਅਪੂਰਨ ਦੁਹਰੁਕਤੀ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦੀ। ਇਸਦੇ ਦੋਵੇਂ ਅੰਗ ਜਾਂ ਇਕ ਅੰਗ ਨਿਰਾਰਥਕ ਹੁੰਦਾ ਹੈ, ਨਿਰਾਰਥਕ ਅੰਗ ਸਾਰਥਕ ਨਾਲ ਮਿਲਕੇ ਦੁਹਰੁਕਤੀਯੁਕਤ ਰੂਪ ਵਿਚ ਅਰਥ ਸੰਚਾਰ ਕਰਦਾ ਹੈ, ਜਿਵੇਂ: 'ਚਾਹ ਚੂਹ, ਪਾਣੀ ਧਾਣੀ, ਰੋਟੀ ਰਾਟੀ, ਅੱਗ ਉੱਗ' ਆਦਿ। ਇਸਦੇ ਰੂਪਾਂ ਵਿਚ ਧੁਨੀਆਤਮਕ ਸਾਂਝ ਵਧੇਰੇ ਹੁੰਦੀ ਹੈ, ਪ੍ਰੰਤੂ ਇਸਦਾ ਕੇਂਦਰ 'ਸ਼ਾਬਦਿਕ ਰੂਪ' ਨਹੀਂ ਬਲਕਿ 'ਅਰਥ' ਹੈ। ਕਿਉਂਕਿ ਕਿਸੇ ਸ਼ਬਦ ਦੀ ਸਾਰਥਿਕਤਾ ਉਸਦੇ ਅਰਥ ਵਿਚ ਹੁੰਦੀ ਹੈ। ਅਪੂਰਨ ਦੁਹਰੁਕਤੀ ਦੇ ਤਿੰਨ ਭੇਦ ਹਨ:

---

35 ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰੁਕਤੀ, (ਜੋਗਿੰਦਰ ਸਿੰਘ ਪੁਆਰ, ਭਾਸ਼ਾ ਵਿਗਿਆਨ ਸੰਕਲਪ ਅਤੇ ਦਿਸ਼ਾਵਾਂ, ਸੰਪ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ ਨੰ 176.

36 ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਵਿਸ਼ਾ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 238.

**2.1. ਧੁਨੀ ਆਗਮੀ** (ਢਲਿ ਢੁਲਿ)

**2.2. ਧੁਨੀ ਲੋਪ** (ਬੰਧਨੁ ਬੰਧਿ)

**2.3. ਧੁਨੀ ਪਰਿਵਰਤਨ** (ਰਸ ਕਸ)

ਧੁਨੀਆਤਮਕ ਪੱਧਰ ਦੀ ਅਪੂਰਨ ਦੁਹਰੁਕਤੀ ਵਿਚ ਪੂਰੇ ਦਾ ਪੂਰਾ ਸ਼ਬਦ ਨਹੀਂ ਬਦਲਦਾ, ਕੇਵਲ ਧੁਨੀਆਤਮਕ (ਸ੍ਵਰ/ ਵਿਅੰਜਨ) ਪਰਿਵਰਤਨ ਹੁੰਦਾ ਹੈ। ਇਹ ਪਹਿਲੇ ਸ਼ਬਦ ਦਾ ਬਦਲਿਆ ਹੋਇਆ ਰੂਪ ਹੁੰਦੇ ਹਨ, ਪ੍ਰੰਤੂ ਇਨ੍ਹਾਂ (ਰੂਪਾਂ) ਦਾ ਆਪਣਾ ਕੋਈ ਅਰਥ ਨਹੀਂ ਹੁੰਦਾ। ਇਸ ਕਰਕੇ ਇਹ ਇਕਹਿਰੇ ਤੌਰ ’ਤੇ ਸੁਤੰਤਰ ਰੂਪ ਵਿਚ ਨਹੀਂ ਵਰਤੇ ਜਾਂਦੇ, ਬਲਕਿ ਦੁਹਰੁਕਤੀਯੁਕਤ ਰੂਪ ਵਿਚ ਅਰਥ ਵਿਸਥਾਰ ਦੀ ਸੰਭਾਵਨਾ ਰੱਖਦੇ ਹਨ। ਕੁਝ ਕੁ ਭਾਸ਼ਾ ਵਿਗਿਆਨੀ ‘ਧੁਨੀ ਲੋਪ, ਧੁਨੀ ਆਗਮ’ ਜਾਂ ‘ਧੁਨੀ ਵਿਕਾਰ’ ਨੂੰ ਨਿਰਾਰਥਕ ਸ਼ਬਦ ਦੁਹਰੁਕਤੀ ਕਹਿੰਦੇ ਹਨ, ਜੋ ਕਿ ਸਹੀ ਨਹੀਂ ਹੈ। ਇਕ ਸ਼ਬਦ ਦੇ ਨਿਰਾਰਥਕ ਹੋਣ ਨਾਲ ਦੋਵੇਂ ਸ਼ਬਦ ਰੂਪ ਨਿਰਾਰਥਕ ਨਹੀਂ ਹੋ ਜਾਂਦੇ, ਸਗੋਂ ਨਿਰਾਰਥਕ ਸ਼ਬਦ ਸਾਰਥਕ ਨਾਲ ਲੱਗਕੇ ਅਰਥ ਘੇਰਾ ਵਿਸ਼ਾਲ ਕਰਦੇ ਹਨ।

ਅਪੂਰਨ ਦੁਹਰੁਕਤੀ ਦੇ ਕੁਝ ਰੂਪ ਅਜਿਹੇ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਇਕਹਿਰੇ ਰੂਪ ਵਿਚ ਨਿਰਾਰਥਕ (ਭੰਭਲ ਭੂਸੇ, ਓੜ ਪੌੜ੍ਹ) ਹਨ। ਅਜਿਹੇ ਸ਼ਬਦ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਅਰਥ ਗ੍ਰਹਿਣ ਅਤੇ ਅਰਥ ਸੰਚਾਰ ਕਰਦੇ ਹਨ। ਇਕਹਿਰੇ ਤੌਰ ’ਤੇ ਇਨ੍ਹਾਂ ਨੂੰ ਨਿਰਾਰਥਕ/ ਅਪੂਰਨ ਕਿਹਾ ਜਾ ਸਕਦਾ ਹੈ, ਪ੍ਰੰਤੂ ਦੁਹੁਰਕਤੀਯੁਕਤ ਰੂਪ ਵਿਚ ਨਹੀਂ, ਇਹ ਦੁਹਰੁਕਤੀਯੁਕਤ ਰੂਪ ਵਿਚ ਨਵੀਂ ਅਰਥਗਤ ਇਕਾਈ ਦਾ ਕਾਰਜ ਕਰਦੇ ਹਨ। ਕੋਈ ਵੀ ਭਾਸ਼ਾ ਸੰਜਮ ਦੀ ਪ੍ਰਵਿਰਤੀ ਨੂੰ ਅਪਣਾਉਂਦੀ ਹੋਈ ‘ਨਿਰਾਰਥਕ’ ਸ਼ਬਦਾਂ ਨੂੰ ਸਮਾਂ ਪਾ ਕੇ ਖ਼ਾਰਜ ਕਰ ਦਿੰਦੀ ਹੈ, ਪ੍ਰੰਤੂ ਪੰਜਾਬੀ ਭਾਸ਼ਾ ਵਿਚ ਅਜਿਹੇ ਸ਼ਬਦਾਂ ਦੀ ਹੋਂਦ ਜਿਉਂ ਦੀ ਤਿਉਂ ਮੌਜੂਦ ਹੈ। ਪੰਜਾਬੀ ਵਰਤਾਰਾ ਸੁਭਾਵਕ ਹੀ ਇਹਨਾਂ ਸ਼ਬਦਾਂ ਦੀ ਨਿਰੰਤਰ ਵਰਤੋਂ ਕਰ ਰਿਹਾ ਹੈ।

ਅਗਨੀਹੋਤਰੀ ਨੇ ਦੁਹਰੁਕਤੀ ਬਾਰੇ ਮਿਲਦੇ ਦੋਵਾਂ ਲੇਖਾ ਵਿਚ ਦੁਹਰੁਕਤੀ ਨੂੰ ਸ਼ਬਦ ਘਾੜਤ ਦੀ ਵਿਧੀ ਦੱਸਿਆ ਹੈ। ਹਥਲੇ ਖੋਜ-ਕਾਰਜ ਵਿਚ ਦੁਹਰੁਕਤੀ ਦੇ ਅਧਿਐਨ ਤੋਂ ਬਣੀ ਸਮਝ ਅਨੁਸਾਰ

ਦੁਹਰੁਕਤੀ ਕੇਵਲ 'ਸ਼ਬਦ ਘਾੜਤ' ਦੀ ਵਿਧੀ ਨਹੀਂ, ਬਲਕਿ 'ਅਰਥ ਘਾੜਤ' ਦੀ ਵਿਧੀ ਵੀ ਹੈ। ਇਹ ਮੂਲ ਅਰਥਾਂ ਤੋਂ ਬਿਨਾਂ ਸ਼ਬਦ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ ਅਤੇ ਸ਼ਬਦ ਨੂੰ ਕਾਰਜੀ ਅਰਥ ਦਿੰਦੀ ਹੈ। ਵਰਤੋਂ ਦੇ ਪ੍ਰਸੰਗ ਵਿਚ ਦੁਹਰੁਕਤੀ ਇਕ ਨਵਾਂ ਅਰਥ ਪੈਦਾ ਕਰਦੀ ਹੈ ਜਾਂ ਅਰਥ ਨੂੰ ਨਵੀਂ ਦਿਸ਼ਾ ਦਿੰਦੀ ਹੈ। "ਦੁਹਰੁਕਤੀ ਇਕ ਨਵਾਂ ਅਰਥ ਪੈਦਾ ਕਰ ਸਕਦੀ ਹੈ, ਜੋ ਵੱਖਰਾ ਹੈ, ਪ੍ਰੰਤੂ ਲਿਆ ਗਿਆ ਅਰਥ ਉਸਦੇ ਮੂਲ ਅਰਥ ਨਾਲ ਹੀ ਸੰਬੰਧਿਤ ਰਹਿੰਦਾ ਹੈ।"[37] ਦੁਹਰੁਕਤੀ ਵਿਸ਼ੇਸ਼ ਅਰਥਾਂ ਦੀ ਸਿਰਜਨਾ ਕਰਦੀ ਹੈ, ਜਿਵੇਂ: 'ਉਹ ਘਰ ਘਰ ਜਾਂਦਾ ਹੈ' ਵਿਚ ਦੁਹਰੁਕਤੀ ਦੀ ਵਰਤੋਂ ਬਹੁਵਚਨ ਲਈ ਨਹੀਂ (ਉਹ ਘਰਾਂ ਵਿਚ ਜਾਂਦਾ ਹੈ), ਬਲਕਿ 'ਉਹ ਇਕੱਲੇ ਇਕੱਲੇ ਜਾਂ ਇਕ ਇਕ ਘਰ ਜਾਂਦਾ ਹੈ' ਇਹਨਾਂ ਅਰਥਾਂ ਵਿਚ ਕਾਰਜਸ਼ੀਲ ਹੈ। ਇਥੇ ਫਿਰ ਦੁਹਰੁਕਤੀਯੁਕਤ ਰੂਪ ਹੀ ਅਰਥ ਦੀ ਉਸ ਭਾਵ ਬਣਤਰ ਦਾ ਸੰਚਾਰ ਕਰ ਰਹੇ ਹਨ। ਕੇਵਲ ਸ਼ਬਦ ਦਾ ਰੂਪ ਬਦਲਿਆ ਹੈ, ਵਰਤੋਂ ਵਿਧੀ ਦੁਹਰੁਕਤੀਯੁਕਤ ਹੈ, ਜੋ ਕਿ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਕਰ ਰਹੀ ਹੈ।

ਪੰਜਾਬੀ ਭਾਸ਼ਾ ਵਿਚ ਸ਼ਬਦਾਂ ਦਾ ਦੁਹਰਾਉ ਅਰਥਗਤ ਪੱਧਰ 'ਤੇ ਤਬਦੀਲੀ ਦਾ ਕਾਰਜ ਕਰਦਾ ਹੈ ਅਤੇ ਭਿੰਨ-ਭਿੰਨ ਅਰਥਾਂ ਦੀ ਸਿਰਜਣਾ ਕਰਦਾ ਹੈ। ਇਸ ਪ੍ਰਕਾਰ ਪੰਜਾਬੀ ਭਾਸ਼ਾ ਦੀ ਭਾਵ ਬਣਤਰ (Semantic Structure) ਨੂੰ ਸਮਝਣ ਲਈ ਦੁਹਰੁਕਤੀਯੁਕਤ ਸ਼ਬਦਾਂ ਦਾ ਅਧਿਐਨ/ ਵਿਸ਼ਲੇਸ਼ਣ ਕਰਨਾ ਅਤਿ ਜ਼ਰੂਰੀ ਬਣ ਜਾਂਦਾ ਹੈ। ਪੰਜਾਬੀ ਭਾਸ਼ਾ ਵਿਚ ਦੁਹਰੁਕਤੀ 'ਧੁਨੀ, ਭਾਵੰਸ਼, ਸ਼ਬਦ, ਵਾਕੰਸ਼, ਉਪਵਾਕ' ਅਤੇ 'ਵਾਕ' ਦੇ ਪੱਧਰ 'ਤੇ ਕਾਰਜਸ਼ੀਲ ਹੈ। ਦੂਹਰੇ ਰੂਪ ਵਿਚ ਆਏ ਸ਼ਬਦ ਆਪਣੇ ਮੂਲ ਅਰਥ ਦੇ ਨਾਲ-ਨਾਲ ਵਿਸਤ੍ਰਿਤ ਅਰਥਾਂ ਦੇ ਧਾਰਨੀ ਹੋ ਜਾਂਦੇ ਹਨ। ਅਜਿਹੇ ਸ਼ਬਦਾਂ ਦੇ ਅਰਥ ਵਾਕੰਸ਼/ ਵਾਕ ਦੇ ਸੰਦਰਭ ਵਿਚ ਹੀ ਸਮਝੇ ਜਾ ਸਕਦੇ ਹਨ।

ਦੁਹਰੁਕਤੀ ਦੀ ਸਿਧਾਂਤਕ ਚਰਚਾ ਉਪਰੰਤ ਦੁਹਰੁਕਤੀਯੁਕਤ ਸ਼ਬਦਾਵਲੀ ਦਾ ਅਧਿਐਨ ਵਧੇਰੇ ਮਹੱਤਵ ਵਾਲਾ ਹੈ। ਹਿੰਦੀ ਭਾਸ਼ਾ ਵਿਚ **ਅਨਵਿਤਾ ਅੱਬੀ** ਨੇ ਭਾਸ਼ਾ ਦੀ ਭਾਵ ਬਣਤਰ ਵਜੋਂ ਦੁਹਰੁਕਤੀ ਦਾ

[37] Reduplication may produce a meaning which is different but nevertheless related to the meaning of the single base, Indonesian: A Comprehensive Grammar, James Neil SNeddon, Atchison street, St Leonards, NSW Australia, 1996, pn 44.

ਅਧਿਐਨ ਕੀਤਾ ਹੈ। ਪੰਜਾਬੀ ਵਿਚ **ਲਖਵੀਰ ਸਿੰਘ** ਨੇ ਦੁਹਰੁਕਤੀਯੁਕਤ ਸ਼ਬਦਾਵਲੀ ਦੀ 'ਭਾਵ ਬਣਤਰ' ਦੇ ਪੱਖ ਤੋਂ ਅਧਿਐਨ ਕੀਤਾ ਹੈ। ਇਸ ਅਧਿਐਨ ਵਿਚ ਵਿਹਾਰਕ ਭਾਸ਼ਾ ਨੂੰ ਆਧਾਰ ਬਣਾ ਕੇ ਦੁਹਰੁਕਤੀ ਦੀ ਭਾਵ ਬਣਤਰ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਦੁਹਰੁਕਤੀ 'ਭਾਵ' ਦੀ ਪੱਧਰ 'ਤੇ ਵਾਕ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ ਅਤੇ ਮੂਲ ਅਰਥਾਂ ਤੋਂ ਵੱਖਰੇ ਅਰਥ ਦਿਸ਼ਾ ਕਿਵੇਂ ਦਿੰਦੀ ਹੈ। ਦੁਹਰੁਕਤੀ ਦੇ ਮੂਲ ਅਰਥਾਂ ਤੋਂ ਵੱਖਰੇ ਅਰਥ 'ਸਮੁੱਚੇ ਵਾਕ' ਦੇ ਪ੍ਰਸੰਗ ਵਿਚ ਅਰਥ ਗ੍ਰਹਿਣ ਕਰਦੇ ਹਨ।

"ਰਾਤ ਬੈਠੇ ਬੈਠੇ ਮੇਰੀ ਵੱਖੀ ਅੰਬ ਗਈ।

ਇਕ ਦਿਨ ਬੈਠੇ ਬੈਠੇ ਇਸ ਨਾਟਕ ਦਾ ਫੁਰਨਾ ਫੁਰਿਆ।"[38]

ਉਪਰੋਕਤ ਵਾਕਾਂ ਵਿਚ ਦੁਹਰੁਕਤੀ ਦਾ ਰੂਪ ਇਕ ਹੈ, ਪ੍ਰੰਤੂ ਵਾਕ ਵਿਚ ਦੋਹਾਂ ਦੀ ਭਾਵ ਬਣਤਰ ਵਜੋਂ ਵੱਖਰਤਾ ਹੈ। ਪਹਿਲੇ ਵਾਕ ਵਿਚ ਬੈਠੇ ਬੈਠੇ ਦੀ ਲਗਾਤਾਰਤਾ ਹੈ, ਜੋ ਵੱਖੀ ਦੇ ਅੰਬਣ ਦਾ ਕਾਰਨ ਬਣਦੀ ਹੈ। ਦੂਜੇ ਵਾਕ ਵਿਚ ਬੈਠੇ ਬੈਠੇ ਦੀ ਲਗਾਤਾਰਤਾ ਨਹੀਂ, ਬਲਕਿ ਨਾਟਕ ਦੇ ਫੁਰਨੇ ਦੀ ਸਹਿਜ ਸੁਭਾਵਕਤਾ ਹੈ। ਸੋ ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਦੀਆਂ ਅਜਿਹੀਆਂ ਬਣਤਰਾਂ ਦਾ ਅਰਥ ਦੇ ਪੱਧਰ 'ਤੇ ਵਿਸ਼ਲੇਸ਼ਣ ਕੀਤਾ ਹੈ। ਵਿਭਿੰਨ ਸ਼ਬਦ ਸ਼੍ਰੇਣੀਆਂ ਵਿਚ ਉਚਰਿਤ ਦੁਹਰੁਕਤੀ ਵਾਕ ਬਣਤਰ ਵਿਚ ਕਿਵੇਂ ਭਾਵਾਤਮਕ ਤਬਦੀਲੀ ਦਾ ਕਾਰਨ ਬਣਦੀ ਹੈ, ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਦੁਹਰੁਕਤੀ ਦੀਆਂ ਪੰਜ ਮੁਖ ਕਿਸਮਾਂ ਦਾ ਜ਼ਿਕਰ ਕੀਤਾ ਹੈ:

1. ਸੰਪੂਰਨ ਦੁਹਰਾਉ
2. ਅੰਸ਼ਿਕ ਦੁਹਰੁਕਤੀ (ਅਪੂਰਨ ਦੁਹਰਾਉ)
3. ਪ੍ਰਤਿਧੁਨਿਕ ਦੁਹਰਾਉ
4. ਧੁਨੀਮੂਲਕ ਦੁਹਰਾਉ

[38] ਲਖਵੀਰ ਸਿੰਘ, ਪੰਜਾਬੀ ਦੀ ਭਾਵ ਬਣਤਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1989, ਪੰਨਾ 9.

5. ਮਧੇਤਰ ਨਾਲ ਦੁਹਰਾਉ

ਪੰਜਾਬੀ ਭਾਸ਼ਾ ਵਿਚ ਦੁਹਰੁਕਤੀ ਦਾ ਭਾਸ਼ਾ ਦੀ 'ਭਾਵ ਬਣਤਰ' ਤੋਂ ਕੀਤਾ ਗਿਆ ਇਹ ਮੁਢਲਾ ਖੋਜ-ਕਾਰਜ ਹੈ। ਇਸ ਤੋਂ ਪੂਰਵ ਜਾਂ ਉਪਰੰਤ ਪੰਜਾਬੀ ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਦਾ ਭਾਸ਼ਾਈ ਅਧਿਐਨ ਨਹੀਂ ਮਿਲਦਾ। ਸੋ ਮੁਢਲੇ ਅਧਿਐਨ ਤੋਂ ਸੇਧ ਲੈ ਕੇ ਹਥਲਾ ਖੋਜ-ਕਾਰਜ ਕੀਤਾ ਗਿਆ ਹੈ। ਹਥਲੇ ਖੋਜ-ਕਾਰਜ ਦੀ ਇਸਤੋਂ ਵੱਖਰਤਾ ਵੀ ਹੈ, ਪੂਰਵਲਾ ਖੋਜ-ਕਾਰਜ 'ਭਾਸ਼ਾ ਦੀ ਭਾਵ ਬਣਤਰ ' 'ਤੇ ਕੇਂਦਰਤ ਹੈ, ਸ਼ਬਦ ਦੀ ਕਾਰਜੀ ਪੱਧਰ 'ਤੇ ਪ੍ਰਕਾਰਜਸ਼ੀਲ ਇਕਾਈਆਂ ਦਾ ਅਧਿਐਨ ਹੈ। ਹਥਲਾ ਖੋਜ-ਕਾਰਜ ਦੁਹਰੁਕਤੀਯੁਕਤ ਸ਼ਬਦਾਵਲੀ ਦੇ ਰੂਪ ਨੂੰ ਆਧਾਰ ਬਣਾ ਕੇ ਉਸਦੇ ਪ੍ਰਕਾਰਜ ਦਾ ਅਧਿਐਨ ਕਰਦਾ ਹੈ। ਦੁਹਰੁਕਤੀ ਦੀ ਭਾਵ ਬਣਤਰ ਦਾ ਅਧਿਐਨ ਇਕ ਵੱਖਰਾ ਵਿਸ਼ਾ ਬਣ ਜਾਂਦਾ ਹੈ। ਖੋਜ-ਕਾਰਜ ਵਿਚ ਇਸਦਾ ਵਿਸਤ੍ਰਿਤ ਅਧਿਐਨ ਨਹੀਂ, ਬਲਿਕ ਸੰਕੇਤ ਕੀਤਾ ਹੈ। ਦੁਹਰੁਕਤੀ ਦੇ ਵਰਤਾਰੇ ਦਾ ਵਿਭਿੰਨ ਪੱਖਾਂ ਤੋਂ ਅਧਿਐਨ ਕਰਨਾ ਇਕ ਖੋਜ-ਕਾਰਜ ਵਿਚ ਸੰਭਵ ਨਹੀਂ।

ਕਾਰਜ ਪੱਖ ਤੋਂ ਦੁਹਰੁਕਤੀ ਅਰਥ ਦੀਆਂ ਨਵੀਆਂ ਦਿਸ਼ਾਵਾਂ ਪੈਦਾ ਕਰਦੀ ਹੈ। ਸ਼ਬਦ ਦਾ ਮੂਲ 'ਕੋਸ਼ੀ' ਅਰਥਾਂ ਵਿਚ ਪ੍ਰਕਾਰਜਸ਼ੀਲ ਰਹਿੰਦਾ ਹੈ ਤੇ ਵਰਤੋਂ ਨਵੀਆਂ ਸੰਭਾਵਨਾਂਵਾਂ ਦਾ ਸੰਕੇਤ ਦਿੰਦੀ ਹੈ। ਦੁਹਰੁਕਤੀ ਸ਼ਬਦ ਦੀਆਂ ਕਾਰਜੀ ਇਕਾਈਆਂ ਸਿਰਜਦੀ ਹੈ, ਜੋ ਇਕਹਿਰੇ ਰੂਪ ਵਿਚ ਅਸੰਭਵ ਹਨ।

## ੲ. ਦੁਹਰੁਕਤੀ ਅਤੇ ਸਮਾਸ

'ਦੁਹਰਾਉ' ਅਰਥ ਦੇ ਆਧਾਰ 'ਤੇ ਨਵਾਂ ਕਾਰਜੀ ਪਰਿਪੇਖ ਅਤੇ 'ਅਪੂਰਨ' ਦੁਹਰੁਕਤੀ ਵਿਚ 'ਨਵੇਂ ਸ਼ਬਦ' ਤੇ 'ਨਵੇਂ ਅਰਥ' ਸਿਰਜਦਾ ਹੈ। ਇਹ ਨਵੇਂ ਸ਼ਬਦ ਬਣਾਉਣ ਦੀ ਇਕ ਰੂਪ ਵਿਗਿਆਨਕ ਪ੍ਰਕਿਰਿਆ ਹੈ, ਪਰ ਇਹ 'ਸਮਾਸ' ਤੋਂ ਵੱਖਰੀ ਹੋਂਦ ਰੱਖਦਾ ਹੈ। 'ਦੁਹਰੁਕਤੀ' ਅੰਗਰੇਜ਼ੀ ਦੇ Reduplication ਦਾ ਸਮਾਨਾਰਥੀ ਹੈ। 'ਸਮਾਸੀ' ਅੰਗਰੇਜ਼ੀ ਦੇ compound word ਦਾ ਸਮਾਨਾਰਥੀ ਪੰਜਾਬੀ ਸ਼ਬਦ ਹੈ। "ਜਦੋਂ ਦੋ ਜਾਂ ਦੋ ਤੋਂ ਵੱਧ ਤੱਤ ਜੋ ਸੰਭਾਵੀ ਤੌਰ ਤੇ ਧਾਤੂ ਵਜੋਂ ਵਰਤੇ ਜਾ ਸਕਦੇ ਹਨ, ਨੂੰ

ਇਕ ਹੋਰ ਧਾਤੂ ਰੂਪ ਬਣਾਉਣ ਲਈ ਵਰਤਿਆ ਜਾਂਦਾ ਹੈ, ਤਾਂ ਇਸ ਰੂਪ ਨੂੰ ਸਮਾਸ ਕਿਹਾ ਜਾਂਦਾ ਹੈ।"[39] ਦੋ ਜਾਂ ਦੋ ਤੋਂ ਵੱਧ ਮੂਲ ਧਾਤੂ ਦੇ ਜੋੜ ਤੋਂ ਬਣਿਆ ਇਕ ਨਵਾਂ ਧਾਤੂ ਰੂਪ 'ਸਮਾਸੀ' ਸ਼ਬਦ ਹੈ। ਸ਼ਬਦ ਸਿਰਜਨਾ ਦੀ ਅਜਿਹੀ ਪ੍ਰਕਿਰਿਆ ਨੂੰ 'ਸਮਾਸੀਕਰਨ' ਦਾ ਨਾਮ ਦਿੱਤਾ ਜਾਂਦਾ ਹੈ ਅਤੇ ਸਮਾਸੀਕਰਨ ਦੁਆਰਾ ਬਣੇ ਸ਼ਬਦ ਨੂੰ 'ਸਮਾਸੀ' ਸ਼ਬਦ ਕਿਹਾ ਜਾਂਦਾ ਹੈ।

ਸਾਧਾਰਨ ਪੱਧਰ 'ਤੇ ਵੇਖੀਏ ਤਾਂ 'ਸਮਾਸੀ' ਅਤੇ 'ਦੁਹਰੁਕਤੀਯੁਕਤ' ਸ਼ਬਦ ਇਕਸਾਰ ਜਾਪਦੇ ਹਨ। ਦੋਹਾਂ ਦੇ ਦੋ ਸ਼ਬਦ ਜੋੜੇ ਹੁੰਦੇ ਹਨ, ਪਰ ਜੇਕਰ ਵਧੇਰੇ ਡੂੰਘਾਈ ਨਾਲ ਵਿਸ਼ਲੇਸ਼ਣ ਕਰੀਏ ਤਾਂ ਦੋਵੇਂ ਇਕ- ਦੂਜੇ ਤੋਂ ਭਿੰਨ ਹਨ। ਸਮਾਸ ਤੋਂ ਇਸਦੀ ਮੂਲ ਭਿੰਨਤਾ ਰੂਪ ਦੇ ਆਧਾਰ 'ਤੇ ਹੈ, 'ਦੁਹਰੁਕਤੀ' ਵਿਚ ਹਮੇਸ਼ਾ ਦੋ ਸ਼ਬਦ 'ਇਕ ਵਾਕੰਸ਼' ਵਿਚ 'ਇਕ ਇਕਾਈ' ਵਜੋਂ ਕਾਰਜਸ਼ੀਲ ਹੁੰਦੇ ਹਨ ਅਤੇ 'ਸਮਾਸ' ਵਿਚ ਦੋ ਜਾਂ ਦੋ ਤੋਂ ਵੱਧ ਸ਼ਬਦ ਮਿਲਕੇ ਇਕ 'ਨਵਾਂ ਸ਼ਬਦ' ਅਤੇ 'ਨਵਾਂ ਅਰਥ' ਸਿਰਜਦੇ ਹਨ। ਜਿਵੇਂ: ਹੱਥ+ ਘੜੀ= ਹੱਥ-ਘੜੀ (ਸਮਾਸੀ), ਹੱਥ ਪੈਰ (ਦੁਹਰੁਕਤੀ), ਦਵਾ+ ਖਾਨਾ= ਦਵਾਖਾਨਾ (ਸਮਾਸੀ), ਦਵਾ ਦਾਰੂ (ਦੁਹਰੁਕਤੀ) ਹੈ। ਸਮਾਸੀਕਰਨ ਰਾਹੀਂ ਬਣੇ ਸ਼ਬਦਾਂ ਦੇ ਅਰਥ ਉਸ ਵਿਚ ਸ਼ਾਮਿਲ ਕੋਸ਼ੀ ਇਕਾਈਆਂ ਤੋਂ ਭਿੰਨ ਜਾਂ ਉਸ ਨਾਲ ਸੰਬੰਧਿਤ ਹੋ ਸਕਦੇ ਹਨ, ਜਦਕਿ ਦੁਹਰੁਕਤੀ ਵਿਚਲੇ ਸ਼ਬਦ ਕੋਸ਼ੀ ਅਰਥ ਨਾਲ ਸੰਬੰਧਤ ਹੁੰਦੇ ਹਨ।

'ਹੱਥ- ਘੜੀ, ਦਵਾਖਾਨਾ' ਵਿਚ ਦੋ ਵੱਖਰੇ ਰੂਪ ਅਤੇ ਅਰਥ ਵਾਲੇ ਸ਼ਬਦ ਮਿਲਕੇ ਇਕ ਨਵਾਂ ਸ਼ਬਦ ਸਿਰਜ ਰਹੇ ਹਨ, ਇਹ ਨਵਾਂ ਸਿਰਜਿਆ ਸ਼ਬਦ 'ਸਮਾਸੀ' ਸ਼ਬਦ ਹੈ। ਸਮਾਸੀ ਸ਼ਬਦਾਂ ਦੇ ਵਿਚਾਲੇ ਜੋੜਨੀ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਕੁਝ ਸ਼ਬਦਾਂ ਵਿਚਾਲੇ ਜੋੜਨੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜੋੜਨੀ ਤੋਂ ਬਿਨਾਂ ਵਾਲੇ ਸ਼ਬਦਾਂ ਦੀ ਬਣਤਰ ਇਕਹਿਰੇ ਰੂਪ ਵਾਲੀ ਹੁੰਦੀ ਹੈ। ਦੁਹਰੁਕਤੀਯੁਕਤ ਸ਼ਬਦ ਹਮੇਸ਼ਾ ਜੋੜੇ ਦੀ ਬਣਤਰ ਵਿਚ ਰਹਿੰਦੇ ਹਨ, ਜਿਵੇਂ: ਘਰ ਘਰ, ਪਾਣੀ ਧਾਣੀ, ਕਾਗ਼ਜ਼ ਪੱਤਰ, ਮਾਂ ਬਾਪ ਅਤੇ ਨਫ਼ਾ ਨੁਕਸਾਨ ਆਦਿ।

---

[39] When two or more elements which could potentially be used as stems are combined to form another stem, the form is said to be a compound. English word formation, Laurie Bauer, London, 1983, pn28.

## ਸ. ਕਾਵਿ ਸ਼ਾਸਤਰ ਵਿਚ ਦੁਹਰੁਕਤੀ

ਪੰਜਾਬੀ ਵਿਹਾਰਕ ਭਾਸ਼ਾ ਅਤੇ ਸਾਹਿਤਕ ਭਾਸ਼ਾ ਵਿਚ ਸ਼ਬਦ ਦੁਹਰੁਕਤੀ ਵਿਸ਼ੇਸ਼ ਪ੍ਰਕਾਰਜੀ ਮਹੱਤਵ ਰੱਖਦੀ ਹੈ। ਪੰਜਾਬੀ ਸਾਹਿਤ ਦੀਆਂ ਵਿਭਿੰਨ ਸਾਹਿਤਕ ਵਿਧਾਵਾਂ ਨੂੰ ਪੜਚੋਲੀਏ ਤਾਂ ਸ਼ਬਦ ਦੁਹਰੁਕਤੀ ਭਾਸ਼ਾ- ਸ਼ੈਲੀ ਦਾ ਇਕ ਉੱਤਮ ਨਮੂਨਾ ਜਾਪਦੀ ਹੈ। ਦੁਹਰੁਕਤੀ, ਭਾਸ਼ਾ ਸ਼ੈਲੀ ਵਿਚ 'ਸੰਜਮਤਾ' ਤੇ 'ਸੰਖੇਪਤਾ' ਲਿਆਉਂਦੀ ਹੈ ਅਤੇ ਅਰਥਾਂ ਵਿਚ 'ਵਿਸ਼ਾਲਤਾ' ਪੈਦਾ ਕਰਦੀ ਹੈ। ਕਾਵਿ ਸ਼ਾਸਤਰ ਵਿਚ ਦੁਹਰੁਕਤੀ ਦਾ ਜ਼ਿਕਰ 10-11 ਵੀਂ ਸਦੀ ਵਿਚ ਆਚਾਰੀਆਂ ਕੁੰਤਕ ਦੇ 'ਵਕ੍ਰੋਕਤੀ ਜੀਵਿਤੰ' ਗ੍ਰੰਥ ਵਿਚ ਸੁਹਜ ਦੇ ਸੰਦਰਭ ਵਿਚ ਕੀਤਾ ਮਿਲਦਾ ਹੈ। ਕੁੰਤਕ ਦਾ ਮੱਤ ਹੈ ਕਿ ਕਾਵਿ ਵਿਚ ਦੁਹਰੁਕਤੀ ਵਰਣਾਂ ਵਿਚ 'ਵਕ੍ਰਤਾ' ਪੈਦਾ ਕਰਦੀ ਹੈ। "ਕਾਵਿ ਉਸਾਰੀ ਦੀ ਪ੍ਰਕ੍ਰਿਆ ਵਿਚ ਵਰਣਾਂ (ਅੱਖਰਾਂ) ਦਾ ਵਿਸ਼ੇ- ਵਸਤੂ ਦੇ ਅਨੁਕੂਲ ਵਾਰ- ਵਾਰ ਦੁਹਰਾਉ ਕਰਕੇ ਸੁਹਜ ਚਮਤਕਾਰ ਪੈਦਾ ਹੁੰਦਾ ਹੈ।"[40]

1. ਇਕ ਵਰਣ ਦਾ ਦੁਹਰਾਉ
2. ਦੋ ਵਰਣਾਂ ਦੀ ਦੁਹਰਾਉ
3. ਤਿੰਨ ਵਰਣਾਂ ਦਾ ਦੁਹਰਾਉ

ਕੁੰਤਕ ਦਾ ਦੁਹਰਾਉ ਵਿਅੰਜਨ ਵਰਣਾਂ ਤੱਕ ਸੀਮਿਤ ਹੈ। ਹਥਲੇ ਖੋਜ-ਕਾਰਜ ਵਿਚ ਵਿਅੰਜਨ ਵਰਣਾਂ ਨੂੰ ਨਹੀਂ, ਬਲਕਿ 'ਸ਼ਬਦ' ਦੇ ਦੁਹਰਾਉ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ 'ਵਾਕੰਸ਼' ਤੇ 'ਵਾਕ' ਦੇ ਦੁਹਰਾਉ ਵੱਲ ਸੰਕੇਤ ਕੀਤਾ ਹੈ। ਸ਼ਬਦ, ਵਾਕੰਸ਼ ਜਾਂ ਵਾਕ ਤਿੰਨੇ ਭਾਸ਼ਾ ਵਿਗਿਆਨ ਦੀਆਂ ਅਰਥਪੂਰਨ ਇਕਾਈਆਂ ਹਨ, ਪ੍ਰੰਤੂ ਵਰਣਾਂ ਦਾ ਆਪਣਾ ਸੁਤੰਤਰ ਅਰਥ ਨਾ ਹੋਣ ਕਰਕੇ ਇਹ ਕੇਵਲ 'ਉਚਾਰਨੀ' (ਸੰਗੀਤਕ) ਸੁਹਜ ਪੈਦਾ ਕਰਦੇ ਹਨ। ਵਰਣ ਵਿਨਯਾਸ ਵਕ੍ਰਤਾ ਦਾ ਆਧਾਰ 'ਅੱਖਰ/ ਵਰਣ' ਦਾ ਦੁਹਰਾਉ ਹੈ। ਇਸ ਤਰ੍ਹਾਂ ਵਾਰ- ਵਾਰ ਵਰਣਾਂ ਦਾ ਦੁਹਰਾਉ ਕਰਕੇ ਕਲਾਤਮਿਕ ਸੁਹਜ ਪੈਦਾ ਕੀਤਾ ਜਾਂਦਾ ਹੈ। ਕਾਵਿ ਭਾਸ਼ਾ ਵਿਚ ਦੁਹਰੁਕਤੀ ਦਾ ਵਿਸ਼ੇਸ਼ ਮਹੱਤਵ ਹੈ। ਅਨੁਪ੍ਰਾਸ ਅਤੇ ਯਮਕ ਅਲੰਕਾਰ ਦਾ ਆਧਾਰ

[40] ਪ੍ਰੇਮ ਪ੍ਰਕਾਸ਼ ਸਿੰਘ, ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1963, ਪੰਨਾ 159.

ਵੀ ਵਰਣਾਂ ਜਾਂ ਸ਼ਬਦਾਂ ਦਾ ਦੁਹਰਾਉ ਹੈ। ਇਕ ਸ਼ਬਦ ਜਾਂ ਥੋੜੇ- ਬਹੁਤ ਧੁਨਾਤਮਕ ਫ਼ਰਕ ਵਾਲੇ ਸ਼ਬਦਾਂ ਦਾ ਦੁਹਰਾਉ ਸੁਹਜ ਅਤੇ ਵਾਕਾਤਮਕ ਲੈਅ ਪੈਦਾ ਕਰਦਾ ਹੈ। "ਕਿਸੇ ਸ਼ਬਦ ਜਾਂ ਸ਼ਬਦ ਸਮੂਹ ਦੀ ਇਕ ਤੋਂ ਵੱਧ ਵਾਰ ਵਰਤੋਂ ਜਿਥੇ ਕਾਵਿਕ ਵਾਕਾਂ ਦਾ ਸ਼ਿੰਗਾਰ ਬਣਦੀ ਹੈ, ਉਥੇ ਵਾਰਤਕੀ ਵਾਕਾਂ ਦਾ ਔਗੁਣ ਹੋ ਨਿਬੜਦੀ ਹੈ। ਮਿਸਾਲ ਵਜੋਂ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਜਪੁਜੀ ਸਾਹਿਬ ਦੀ 8ਵੀਂ ਤੋਂ 11ਵੀਂ ਪਉੜੀ ਵਿਚਲੇ ਕੁਲ 24 ਕਾਵਿ ਵਾਕਾਂ ਵਿਚੋਂ 20 ਦੇ ਆਰੰਭ ਵਿਚ ਸ਼ਬਦ **ਸੁਣਿਐ** ਦੀ ਕੀਤੀ ਗਈ ਵਰਤੋਂ 'ਕਾਵਿ ਸੌਂਦਰਯ' ਨੂੰ ਉਭਾਰਦੀ ਹੋਈ, 'ਕਾਵਿ ਸੰਦੇਸ਼' ਨੂੰ ਉਜਾਗਰ ਕਰਦੀ ਹੈ।"[41] ਇਸ ਤਰ੍ਹਾਂ 'ਦੁਹਰੁਕਤੀ' ਕਾਵਿ ਸਿਰਜਨਾ ਦਾ ਵਿਸ਼ੇਸ਼ ਗੁਣ ਹੈ ਅਤੇ ਇਹ ਗੁਣ 'ਵਾਰਤਕ' ਦਾ ਔਗੁਣ ਸਿੱਧ ਹੁੰਦਾ ਹੈ। 'ਕਾਵਿ ਭਾਸ਼ਾ' ਵਿਚ ਵਿਸ਼ੇਸ਼ ਅਰਥ ਸਿਰਜਨਾ ਜਾਂ ਇਕੋ ਅਰਥ ਦੇ ਕੇਂਦਰੀ ਭਾਵ ਵਜੋਂ ਕਿਸੇ ਸ਼ਬਦ ਦੀ ਵਰਤੋਂ ਦੁਹਰੁਕਤੀਯੁਕਤ ਰੂਪ ਵਿਚ ਕੀਤੀ ਜਾਂਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਇਸ ਸਿੱਟੇ ਤੇ ਪੁੱਜੇ ਹਾਂ, ਕਿ ਭਾਸ਼ਾ ਵਿਗਿਆਨ ਵਿਚ ਦੁਹਰੁਕਤੀ ਵਾਕਾਂ ਦੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਕਰਦੀ ਹੈ। ਵਰਤੋਂ ਦੇ ਆਧਾਰ ਤੇ ਦੁਹਰੁਕਤੀ ਦੇ ਦੋ ਮੁਖ ਭੇਦ 'ਪੂਰਨ' ਅਤੇ 'ਅਪੂਰਨ' ਹਨ। ਪੂਰਨ ਦੁਹਰੁਕਤੀ ਦੇ 'ਰੂਪ' ਅਤੇ 'ਅਰਥ' ਦੇ ਆਧਾਰ 'ਤੇ 'ਰੂਪਗਤ' ਅਤੇ 'ਅਰਥਗਤ' ਦੁਹਰੁਕਤੀ ਦੋ ਭੇਦ ਹਨ, ਦੋਹਾਂ ਦੀ ਰੂਪ ਅਤੇ ਕਾਰਜ ਪੱਖ ਤੋਂ ਵੱਖਰਤਾ ਹੈ। ਅਪੂਰਨ ਦੁਹਰੁਕਤੀ ਵਿਸ਼ੇਸ਼ ਤੌਰ 'ਤੇ ਨਵੇਂ ਸ਼ਬਦਾਂ ਦੀ ਘਾੜਤ ਕਰਦੀ ਹੈ, ਜੋ ਮੂਲ ਦੇ ਅਰਥ ਵਿਸਥਾਰ ਦਾ ਕਾਰਜ ਕਰਦੇ ਹਨ। ਦੁਹਰੁਕਤੀ ਅਤੇ ਸਮਾਸੀ ਦੋ ਵੱਖਰੇ ਸੰਕਲਪ ਹਨ। ਸਮਾਸ ਨਵੇਂ ਅਰਥਗਤ ਸ਼ਬਦ ਘੜਦਾ ਹੈ, ਦੁਹਰੁਕਤੀ ਸ਼ਬਦ ਘਾੜਤ ਦੇ ਨਾਲ ਵਿਸ਼ੇਸ਼ ਪ੍ਰਕਾਰਜੀ ਇਕਾਈਆਂ ਸਿਰਜਦੀ ਹੈ, ਜੋ ਵਾਕ ਦੀ ਭਾਵ ਬਣਤਰ ਦਾ ਸੰਚਾਰ ਕਰਦੀਆਂ ਹਨ। ਕਾਵਿ ਸ਼ਾਸਤਰ ਦੇ ਪੱਖ ਤੋਂ ਦੁਹਰੁਕਤੀ ਕਾਵਿ ਸ਼ੈਲੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਾਵਿ ਰਚਨਾ ਵਿਚ ਇਸਦੀ ਵਰਤੋਂ ਕਾਵਿ ਦੀ ਪ੍ਰਮੁਖ ਵਿਧੀ ਵਜੋਂ ਕੀਤੀ ਜਾਂਦੀ ਹੈ, ਜੋ ਕਾਵਿ ਨੂੰ ਸੁਹਜ ਪ੍ਰਦਾਨ ਕਰਦੀ ਹੈ ਅਤੇ ਕਾਵਿ ਦੇ ਗਾਇਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।

---

[41] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 88.

# ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੇ ਵਿਭਿੰਨ ਰੂਪਾਂ ਦੀ ਮੁਢਲੀ ਜਾਣਕਾਰੀ

ਗੁਰੂ ਗ੍ਰੰਥ ਸਾਹਿਬ ਦੀ ਸ਼ਬਦ ਰਚਨਾ ਨੂੰ ਵਿਚਾਰਦਿਆਂ ਇਹ ਤੱਥ ਸਾਹਮਣੇ ਆਉਂਦਾ ਹੈ, ਕਿ ਗੁਰਬਾਣੀ ਦੀ ਸ਼ਬਦ ਸਿਰਜਨਾ ਵਿਚ ਦੁਹਰੁਕਤੀ ਦੀ ਅਧਿਕ ਵਰਤੋਂ ਕੀਤੀ ਗਈ ਹੈ। ਕਾਵਿ ਰਚਨਾ ਦੇ ਆਪਣੇ ਕੁਝ ਲੱਛਣ ਹੁੰਦੇ ਹਨ, ਜੋ ਇਸਨੂੰ ਪਦ ਸਾਹਿਤ ਤੋਂ ਨਿਖੇੜਦੇ ਹਨ। 'ਦੁਹਰੁਕਤੀ' ਵੀ ਕਾਵਿ ਰਚਨਾ ਦਾ ਇਕ ਵਿਸ਼ੇਸ਼ ਲੱਛਣ ਹੈ। ਇਹ ਕਾਵਿ ਵਿਚ ਸੁਹਜ ਅਤੇ ਵਿਸ਼ੇਸ਼ ਅਰਥਾਂ ਦਾ ਪ੍ਰਕਾਰਜ ਕਰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੀ ਵਰਤੋਂ ਕੇਵਲ 'ਸ਼ਬਦ' ਬਣਤਰ ਦੇ ਪੱਧਰ 'ਤੇ ਨਹੀਂ, ਬਲਕਿ 'ਧੁਨੀਆਂ, ਵਾਕੰਸ਼, ਉਪਵਾਕ ਅਤੇ ਵਾਕ' ਦੇ ਪੱਧਰ 'ਤੇ ਵੀ ਮਿਲਦੀ ਹੈ। ਵਾਰਤਕ ਦੇ ਮੁਕਾਬਲੇ ਕਾਵਿ ਵਿਚ ਦੁਹਰੁਕਤੀ ਦੀ ਵਰਤੋਂ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਪੱਛਮੀ ਵਿਦਵਾਨ **Lausberg** ਅਨੁਸਾਰ: "ਕਾਵਿ ਰਚਨਾ ਵਿਚ ਦੁਹਰੁਕਤੀ ਦੀ ਵਰਤੋਂ ਵਿਆਪਕ ਪੱਧਰ 'ਤੇ ਉਦੋਂ ਕੀਤੀ ਜਾਂਦੀ ਹੈ, ਜਦੋਂ ਇਕ 'ਧੁਨੀ ਉਚਾਰਨ, ਸ਼ਬਦ, ਵਾਕੰਸ਼, ਪੰਕਤੀ ਅਤੇ ਪਹਿਰੇ' ਦੇ ਪੈਟਰਨ ਨੂੰ ਬੁਨਿਆਦੀ ਏਕੀਕ੍ਰਨ ਲਈ ਦੁਹਰਾਇਆ ਜਾਂਦਾ ਹੈ।"[1] ਇਕ 'ਸ਼ਬਦ, ਵਾਕੰਸ਼, ਵਾਕ' ਆਦਿ ਦਾ ਦੁਹਰਾਉ ਵਾਕ ਬਣਤਰ ਵਿਚ ਅਰਥਗਤ ਇਕਾਈ ਨੂੰ ਵਾਕ ਦੇ ਕੇਂਦਰੀ ਧੁਰੇ ਵਜੋਂ ਪ੍ਰਗਟਾਉਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰਾਉ ਦੇ ਅਜਿਹੇ ਨਮੂਨੇ ਵੀ ਮਿਲਦੇ ਹਨ, ਜਿਹੜੇ ਦੁਹਰੁਕਤੀਯੁਕਤ ਨਹੀਂ, ਪਰ 'ਵਾਕ ਸਿਰਜਨਾ' ਤੇ 'ਗ਼ਾਇਨ ਸ਼ੈਲੀ' ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ:

ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ ॥ (ਭਟ ਗਯੰਦ) ਅੰਗ ੧੪੦੨

**ਵਾਹਿਗੁਰੂ** ਸ਼ਬਦ ਦੀ ਬਾਰ ਬਾਰ ਵਰਤੋਂ ਦੁਹਰੁਕਤੀਯੁਕਤ ਨਹੀਂ, ਬਲਕਿ ਦੁਹਰਾਉਯੁਕਤ ਹੈ। ਇਹ ਉਚਾਰਨ ਵਿਚ ਰਸ ਪੈਦਾ ਕਰ ਰਹੇ ਹਨ। ਦੁਹਰੁਕਤੀ ਦੇ ਸਿਧਾਂਤ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਸਮੁਚੀ ਦੁਹਰੁਕਤੀਯੁਕਤ ਸ਼ਬਦਾਵਲੀ ਨੂੰ ਪੂਰਨ ਅਤੇ ਅਪੂਰਨ ਵਿਚ ਵੰਡ ਕੇ ਸਮੁੱਚੀ ਦੁਹਰੁਕਤੀਯੁਕਤ ਸ਼ਬਦਾਵਲੀ ਅਧਿਐਨ ਕੀਤਾ ਹੈ:

---

[1] https://www.researchgate.net/publication/237105596. It is widely used as a poetic device which occurs when a sound, syllable, word, phrase, line, stanza or metiral pattern is repeated to make it the basic unifying device. ( Shanthi Nadarajan, A crosslinguistic)

## ਓ. ਪੂਰਨ ਦੁਹਰੁਕਤੀ

**2.1. ਰੂਪਗਤ ਦੁਹਰੁਕਤੀ:-** ਰੂਪਗਤ ਦੁਹਰੁਕਤੀ ਦੇ ਪੰਜ ਉਪਭੇਦ ਹਨ:

**2.1. I. ਪੂਰਨ ਰੂਪਗਤ ਦੁਹਰੁਕਤੀ**

**2.1. II. ਵਧਾਵੀਂ ਦੁਹਰੁਕਤੀ**

**2.1. III. ਧੁਨੀ ਪਰਿਵਰਤਨ**

**2.1. IV. ਧੁਨੀ ਆਗਮ**

**2.1. V. ਧੁਨੀ ਲੋਪ**

**2.1.I. ਪੂਰਨ ਰੂਪਗਤ ਦੁਹਰੁਕਤੀ:-** ਪੂਰਨ ਰੂਪਗਤ ਦੁਹਰੁਕਤੀ ਇਕ ਇਕਾਈ ਦਾ ਦੁਹਰਾਉ ਕਰਦੀ ਹੈ। ਇਕਾਈ ਦੇ ਰੂਪ ਵਿਚ ਵਿਆਕਰਨਕ ਇਕਾਈਆਂ 'ਸ਼ਬਦ, ਵਾਕੰਸ਼, ਉਪਵਾਕ/ ਵਾਕ ' ਦਾ ਦੁਹਰਾਉ ਹੈ। ਵਾਕ ਦੇ ਪੱਧਰ 'ਤੇ 'ਵਾਕੰਸ਼' ਤੇ 'ਉਪਵਾਕ/ ਵਾਕ' ਵਿਆਕਰਨਕ ਇਕਾਈਆਂ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹਨ।

**I.i. ਸ਼ਬਦ ਦੁਹਰੁਕਤੀ**

**I.ii. ਵਾਕੰਸ਼ ਦੁਹਰੁਕਤੀ**

**I.iii. ਵਾਕ ਦੁਹਰੁਕਤੀ**

**I.i. ਸ਼ਬਦ ਦੁਹਰੁਕਤੀ :-** ਸ਼ਬਦ ਦੁਹਰਾਉ ਵਿਚ ਸ਼ਾਬਦਿਕ ਸ਼੍ਰੇਣੀਆਂ ਦਾ ਦੁਹਰਾਉ ਹੈ। ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ 'ਸ਼ਬਦ ਦੁਹਰੁਕਤੀ' ਦੇ ਪੰਜ ਮੁਖ ਭੇਦ 'ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ' ਹਨ।

**i.ੳ. ਨਾਂਵ ਦੁਹਰੁਕਤੀ:-** ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਸ਼ਬਦਾਂ ਦੀ ਵਰਤੋਂ ਵਧੇਰੇ ਮਿਲਦੀ ਹੈ, ਪ੍ਰੰਤੂ ਦੂਹਰੇ ਰੂਪ ਵਿਚ ਇਹਨਾਂ ਦੀ ਮਾਤਰਾ ਕੁਝ ਹੱਦ ਤੱਕ ਸੀਮਿਤ ਹੋ ਜਾਂਦੀ ਹੈ। ਜਾਤੀ ਵਾਚਕ ਨਾਂਵ ਵਿਚ 'ਖ਼ਾਸ ਨਾਂਵ' ਅਤੇ 'ਆਮ ਨਾਂਵ' ਦੇ ਦੁਹਰੁਕਤੀਯੁਕਤ ਰੂਪ ਮਿਲਦੇ ਹਨ। ਖ਼ਾਸ ਨਾਂਵ 'ਨਿਰਗੁਣ ਪਰਮਾਤਮਾ' ਲਈ ਅਤੇ ਆਮ ਨਾਂਵਾਂ ਦੀ ਵਰਤੋਂ 'ਸਮਾਜਿਕ' ਪ੍ਰਸੰਗ ਵਿਚ ਮਿਲਦੀ ਹੈ। ਬਾਣੀਕਾਰਾਂ ਦਾ ਪਿਛੋਕੜ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਹੋਣ ਕਾਰਨ ਖ਼ਾਸ ਨਾਂਵ ਦੇ ਸ਼ਬਦ ਰੂਪਾਂ ਵਿਚ ਵਿਭਿੰਨਤਾ ਮਿਲਦੀ ਹੈ, ਪ੍ਰੰਤੂ ਇਹ ਵਿਭਿੰਨ ਸ਼ਬਦ ਇਕੋ ਅਰਥ ਦਾ ਸੰਚਾਰ ਕਰਦੇ ਹਨ, ਜਿਵੇਂ 'ਹਰਿ ਹਰਿ, ਗੋਬਿਦੁ ਗੋਬਿਦੁ, ਗੋਵਿਦੁ ਗੋਵਿਦੁ, ਰਾਮ ਰਾਮ' ਆਦਿ:

**ਹਰਿ ਹਰਿ** ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥

(ਮਃ ੪) ਅੰਗ ੮੮

**ਗੋਵਿਦੁ ਗੋਵਿਦੁ** ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥

(ਮਃ ੪) ਅੰਗ ੧੩੧੨

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਨਾਂਵ ਜਾਪ ਦੀ ਵਿਧੀ ਦਾ ਪ੍ਰਕਾਰਜ ਕਰ ਰਹੇ ਹਨ। ਜਾਪ ਇਕ ਨਿਰੰਤਰ ਕਾਰਜ ਹੈ। ਇਸਦੇ ਨਿਰੰਤਰ ਕਰਨ ਨਾਲ ਉਦੇਸ਼ ਪ੍ਰਾਪਤ ਹੋ ਰਿਹਾ ਹੈ/ ਫ਼ਲ ਦੀ ਪ੍ਰਾਪਤੀ ਹੋ ਰਹੀ ਹੈ। ਸੋ ਨਾਂਵ ਸ਼ਬਦਾਂ ਦਾ ਦੁਹਰਾਉ ਲਗਾਤਾਰਤਾ/ ਨਿਰਵਿਘਨਤਾ ਦਾ ਕਾਰਜ ਕਰਦਾ ਹੈ। ਜਾਤੀ ਵਾਚਕ ਆਮ ਨਾਂਵ ਇਕਹਿਰੇ ਜੀਵ ਅਤੇ ਸਮੁੱਚੀ ਸ਼੍ਰੇਣੀ ਲਈ ਵਰਤੇ ਜਾਂਦੇ ਹਨ। 'ਪ੍ਰੇਤ ਪ੍ਰੇਤ, ਭੂਤੁ ਭੂਤੁ, ਭਗਤੁ ਭਗਤੁ' ਆਦਿ ਜਾਤੀ ਵਾਚਕ ਆਮ ਨਾਂਵ ਹਨ। ਪ੍ਰੇਤ ਅਤੇ ਭੂਤੁ ਸ੍ਵੈ ਸਿਰਜਤ ਕਾਲਪਨਿਕ ਸਿਰਜਣਾਵਾਂ ਹਨ, ਜੋ ਮਾਨਸਿਕ ਸੰਤੁਲਨ ਨੂੰ ਵਿਗਾੜਦੀਆਂ ਹਨ। ਮੌਤ ਦੇ ਸੰਦਰਭ ਵਿਚ ਇਹ 'ਸ਼ੋਕ' ਅਤੇ 'ਭੈਅ' ਦਾ ਸੰਚਾਰ ਕਰਦੀਆਂ ਹਨ। ਦੁਹਰੁਕਤੀਯੁਕਤ ਰੂਪ ਵਿਚ 'ਪ੍ਰੇਤ ਪ੍ਰੇਤ' ਅਤੇ 'ਭੂਤੁ ਭੂਤੁ' ਭੈਅ ਦੀ ਤੀਬਰਤਾ ਦਾ ਸੰਚਾਰ ਕਰ ਰਹੇ ਹਨ:

ਜਬ ਹੀ ਹੰਸ ਤਜੀ ਇਹ ਕਾਂਇਆ **ਪ੍ਰੇਤ ਪ੍ਰੇਤ** ਕਰਿ ਭਾਗੀ ॥ (ਮਃ ੯) ਅੰਗ ੬੩੪

ਘਰ ਕੀ ਨਾਰਿ ਉਰਹਿ ਤਨ ਲਾਗੀ॥ ਉਹ ਤਉ **ਭੂਤੁ ਭੂਤੁ** ਕਰਿ ਭਾਗੀ ॥

(ਰਵਿਦਾਸ) ਅੰਗ ੭੯੪

ਮਰਤੀ ਬਾਰ ਲੇਹੁ ਲੇਹੁ ਕਰੀਐ **ਭੂਤੁ** ਰਹਨ ਕਿਉ ਦੀਆ ॥ (ਕਬੀਰ) ਅੰਗ ੬੫੪

ਪ੍ਰੇਤ ਅਤੇ ਭੂਤੁ ਦਾ ਦੁਹਰਾਉ ਭੈਅਮਈ ਅਰਥ ਦੇ ਰਿਹਾ ਹੈ, ਇਸਦਾ ਇਕਹਿਰਾ ਰੂਪ ਸੰਕਲਪੀ ਅਰਥਾਂ ਦਾ ਸੰਚਾਰ ਕਰਦਾ ਹੈ। ਸੰਕਲਪੀ ਅਰਥਾਂ ਵਿਚ ਭਾਵਾਤਮਕ ਤੀਬਰਤਾ ਕਾਰਜਸ਼ੀਲ ਨਹੀਂ ਹੁੰਦੀ। ਦੂਹਰੀ ਵਰਤੋਂ ਕਾਰਨ ਭੈਅ ਦੀ ਤੀਬਰ ਭਾਵਨਾ ਵਾਲੀ ਸਥਿਤੀ ਬਣਦੀ ਹੈ। ਭਗਤੁ ਭਗਤੁ, ਪੰਡਿਤ ਪੰਡਿਤ, ਮੁੰਡੀਆ ਮੁੰਡੀਆ ਆਦਿ ਦੁਹਰੁਕਤੀਯੁਕਤ ਆਮ ਨਾਂਵ ਨਿਸ਼ਚਤ ਸ੍ਰੇਣੀ ਦਾ ਅਰਥ ਸੰਚਾਰਤ ਕਰਦੇ ਹਨ:

**ਭਗਤੁ ਭਗਤੁ** ਕਹੈ ਸਭੁ ਕੋਈ ॥ (ਮਃ ੩) ਅੰਗ ੧੧੩੧

**ਪੰਡਿਤ ਪੰਡਿਤ** ਜਲਿ ਮੁਏ ਮੂਰਖ ਉਬਰੇ ਭਾਗਿ ॥ (ਕਬੀਰ) ਅੰਗ ੧੩੭੩

ਭਗਤੁ ਭਗਤੁ, ਪੰਡਿਤ ਪੰਡਿਤ ਦੁਹਰੁਕਤੀਯੁਕਤ ਸ਼ਬਦ ਨਿਸ਼ਚਤ ਸ੍ਰੇਣੀ ਵਜੋਂ ਜਾਤੀਗਤ ਵਿਸਿਸਟਤਾ ਦਾ ਕਾਰਜ ਕਰ ਰਹੇ ਹਨ। 'ਭਗਤ' ਅਤੇ 'ਸਭੁ ਕੋਈ' ਅਰਥ ਪੱਖੋਂ ਅੰਤਰ ਸੰਬੰਧਿਤ ਹਨ। ਸਮੁਚਤਾ ਦੇ ਅਰਥ ਵਾਕਾਤਮਕ ਪ੍ਰਸੰਗ ਵਿਚੋਂ ਸੰਚਾਰਿਤ ਹੋ ਰਹੇ ਹਨ। ਇਥੇ ਇਸਦੇ ਵਰਗਾਰਥੀ ਸ਼ਬਦਾਂ ਦਾ ਨਿਸ਼ੇਧ ਵੀ ਹੈ। ਦੂਜੇ ਵਾਕ ਵਿਚ ਕੇਵਲ ਪੰਡਿਤ (ਵਿਦਿਆ ਦਾ ਹੰਕਾਰ ਕਰਨ ਵਾਲੇ ਮਨੁੱਖ) ਸੜ ਕੇ ਮਰ ਗਏ। ਸੋ ਕੇਵਲ ਹੰਕਾਰੀ ਦਾ ਹੀ ਜ਼ਿਕਰ ਹੈ, ਦੂਜੇ ਦਾ ਨਿਸ਼ੇਧ ਹੈ। ਪਸ਼ੂ, ਪੰਛੀਆਂ ਲਈ ਵਰਤੇ ਜਾਂਦੇ 'ਜਾਤੀ ਵਾਚਕ' ਆਮ ਨਾਂਵ ਇਕਹਿਰੇ ਰੂਪ ਵਿਚ ਪ੍ਰਤੀਕਾਤਮਕ ਰੂਪ ਵਿਚ ਮਿਲਦੇ ਹਨ, ਦੁਹਰੁਕਤੀਯੁਕਤ ਰੂਪ ਵਿਚ ਇਹਨਾਂ ਦੀ ਵਰਤੋਂ ਨਹੀਂ ਮਿਲਦੀ। ਦੁਹਰੁਕਤੀਯੁਕਤ 'ਸਥਾਨ ਵਾਚਕ' ਨਾਂਵਾਂ ਦਾ ਕਾਰਜ ਵੀ ਅਜਿਹਾ ਹੀ ਹੈ, ਦੂਹਰੇ ਸ਼ਬਦ ਕੇਵਲ ਉਸੇ ਅਰਥ 'ਤੇ ਬਲ ਦਿੰਦੇ ਹੋਏ, ਬਹੁਵਚਨ ਅਤੇ ਸਮੁਚਤਾ ਦਾ ਕਾਰਜ ਕਰਦੇ ਹਨ ਅਤੇ ਦੂਜੇ ਦਾ ਨਿਸ਼ੇਧ ਕਰਦੇ ਹਨ:

**ਭਵਨ ਭਵਨ** ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥ (ਮਃ ੪) ਅੰਗ ੧੩੨੬

ਫਰੀਦਾ **ਜੰਗਲੁ ਜੰਗਲੁ** ਕਿਆ ਭਵਹਿ ਵਣਿ ਕੰਡਾ ਮੋੜੇਹਿ ॥ (ਫਰੀਦ) ਅੰਗ ੧੩੭੮

ਭਵਨ ਭਵਨ, ਜੰਗਲੁ ਜੰਗਲੁ ਦੁਹਰੁਕਤੀਯੁਕਤ ਰੂਪ ਇਕ ਸ੍ਰੇਣੀ ਅਤੇ ਬਹੁਵਚਨ ਦਾ ਕਾਰਜ ਕਰ ਰਹੇ ਹਨ। ਸਾਰੇ ਭਵਨ ਪਵਿੱਤਰ ਹੋ ਗਏ, ਜਿੱਥੇ ਸਾਧੂਆਂ ਦੇ ਚਰਨ ਪਏ। ਇਸੇ ਤਰ੍ਹਾਂ ਦੁਹਰੁਕਤੀਯੁਕਤ ਰੂਪ ਜੰਗਲੁ ਜੰਗਲੁ ਦਾ ਪ੍ਰਕਾਰਜ ਹੈ। ਸੋ ਉਪਰੋਕਤ ਵਾਕਾਂ ਵਿਚ ਬਹੁਵਚਨ ਦਾ ਪ੍ਰਕਾਰਜ ਭਾਵ ਪੱਧਰ 'ਤੇ ਪ੍ਰਾਥਮਿਕਤਾ ਗ੍ਰਹਿਣ ਕਰਦਾ ਹੈ।

'ਵਸਤੂ ਵਾਚਕ ਨਾਂਵ, ਸ੍ਰੇਣੀ ਵਾਚਕ ਨਾਂਵ' ਅਤੇ 'ਸਥਾਨ ਵਾਚਕ ਖ਼ਾਸ ਨਾਂਵ' ਰੂਪਗਤ ਦੁਹਰੁਕਤੀ ਵਜੋਂ ਨਹੀਂ ਮਿਲਦੇ, ਇਹਨਾਂ ਦੀ ਵਰਤੋਂ ਇਕਹਿਰੀ ਜਾਂ ਅਰਥਗਤ ਦੁਹਰੁਕਤੀ ਵਜੋਂ ਮਿਲਦੀ ਹੈ। ਭਾਵ ਵਾਚਕ ਨਾਂਵ ਅਤੇ ਕਾਲ ਵਾਚਕ ਨਾਂਵਾਂ ਦੇ ਦੁਹਰੁਕਤੀਯੁਕਤ ਰੂਪ ਸੀਮਿਤ ਮਿਲਦੇ ਹਨ। ਸਮੁੱਚੇ ਰੂਪ ਵਿਚ ਮਿਲਦੇ ਦੁਹਰੁਕਤੀਯੁਕਤ ਨਾਂਵਾਂ ਦਾ ਅਧਿਐਨ ਖੋਜ-ਪ੍ਰਬੰਧ ਦੇ ਤੀਜੇ ਅਧਿਆਇ ਵਿਚ ਕੀਤਾ ਹੈ।

**i.ਅ. ਪੜਨਾਂਵ ਦੁਹਰੁਕਤੀ:-** ਵਾਕ ਵਿਚ ਨਾਂਵ ਦੇ ਬਾਰ ਬਾਰ ਦੁਹਰਾਉ ਤੋਂ ਬਚਣ ਲਈ ਪੜਨਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਪੜਨਾਂਵ ਵਰਤਮਾਨ ਪੰਜਾਬੀ ਤੋਂ ਵੱਖਰੇ ਰੂਪ ਵਾਲੇ ਹਨ। ਦੁਹਰੁਕਤੀਯੁਕਤ ਪੜਨਾਂਵਾਂ ਦੀ ਵਰਤੋਂ ਇਕਹਿਰੇ ਪੜਨਾਂਵਾਂ ਤੋ ਸੀਮਿਤ ਮਿਲਦੀ ਹੈ, ਇਹ ਵਾਕ ਦੀ ਭਾਵ ਬਣਤਰ ਵਿਚ ਮੂਲ ਅਰਥਾਂ ਤੋਂ ਵੱਖਰੇ ਅਰਥਾਂ ਦਾ ਕਾਰਜ ਕਰਦੇ ਹਨ। ਜਿਵੇਂ 'ਹਉ ਹਉ, ਮੇਰਾ ਮੇਰਾ, ਮੇਰੀ ਮੇਰੀ, ਮੇਰੋ ਮੇਰੋ, ਮੋਰ ਮੋਰ, ਮੇਰਉ ਮੇਰਉ' ਪੜਨਾਂਵਾਂ ਦੇ ਦੁਹਰੁਕਤੀਯੁਕਤ ਰੂਪ 'ਭਾਵ ਵਾਚਕ' ਨਾਂਵ ਦਾ ਕਾਰਜ ਕਰ ਰਹੇ ਹਨ:

**ਹਉ ਹਉ** ਕਰਤ ਬਧੇ ਬਿਕਾਰ॥ ਮੋਹ ਲੋਭ ਡੂਬੌ ਸੰਸਾਰ ॥ (ਮਃ ੫) ਅੰਗ ੧੧੯੨

**ਮੇਰਾ ਮੇਰਾ** ਕਰਦੇ ਪਚਿ ਮੁਏ ਹਉਮੈ ਕਰਤ ਵਿਹਾਇ ॥ (ਮਃ ੩) ਅੰਗ ੧੪੧੭

ਉਪਰੋਕਤ ਵਾਕਾਂ ਵਿਚ **ਹਉ ਹਉ, ਮੇਰਾ ਮੇਰਾ** ਪੜਨਾਂਵੀਂ ਰੂਪ ਹਨ, ਪ੍ਰੰਤੂ ਦੁਹਰੁਕਤੀਯੁਕਤ ਵਰਤੋਂ ਵਿਚ ਇਹ 'ਭਾਵ ਵਾਚਕ' ਨਾਂਵ ਦਾ ਪ੍ਰਕਾਰਜ ਕਰ ਰਹੇ ਹਨ। ਸ਼ਬਦ ਦਾ ਰੂਪ ਅਤੇ ਮੂਲ ਅਰਥ ਨਹੀਂ

ਬਦਲੇ, ਦੂਹਰੇ ਰੂਪ ਵਿਚ ਵਰਤੋਂ ਕਾਰਨ ਸ਼ਬਦ ਦੀ 'ਭਾਵ ਬਣਤਰ' ਅਤੇ 'ਪ੍ਰਕਾਰਜ' ਬਦਲ ਰਿਹਾ ਹੈ। ਪਹਿਲੇ ਵਾਕ ਵਿਚ **ਹਉ ਹਉ** ਵਿਕਾਰ ਵਧਣ ਦਾ ਕਾਰਨ ਬਣਦਾ ਹੈ ਅਤੇ ਦੂਜੇ ਵਾਕ ਵਿਚ **ਮੇਰਾ ਮੇਰਾ** ਦੀ ਨਿਰੰਤਰਤਾ ਮਨੁੱਖ ਦੀ ਆਤਮਿਕ ਮੌਤ ਦਾ ਕਾਰਨ ਬਣਦੀ ਹੈ। ਦੂਹਰਾ ਰੂਪ ਭਾਵ ਵਾਚਕ ਨਾਂਵ ਅਤੇ ਲਗਾਤਾਰਤਾ ਦਾ ਪ੍ਰਕਾਰਜ ਕਰ ਰਿਹਾ ਹੈ। ਦੁਹਰੁਕਤੀਯੁਕਤ ਬਣਤਰ ਵਿਚ ਸ਼ਬਦ ਦੀ ਭਾਵ ਬਣਤਰ ਅਤੇ ਪ੍ਰਕਾਰਜ ਮੂਲ ਅਰਥਾਂ ਤੋਂ ਭਿੰਨ ਹੁੰਦਾ ਹੈ। ਦੂਜਾ ਪੁਰਖ ਪੜਨਾਂਵ ਦੇ ਸੱਤ ਦੁਹਰੁਕਤੀਯੁਕਤ ਰੂਪ 'ਤੂ ਤੂ, ਤੂੰ ਤੂੰ, ਤੁਹੀ ਤੁਹੀ, ਤੂਹੀ ਤੂਹੀ, ਤੂੰਹੀ ਤੂੰਹੀ, ਤੂਹੈ ਤੂਹੈ ਅਤੇ ਤੂੰਹੈ ਤੂੰਹੈ' ਮਿਲਦੇ ਹਨ। 'ਤੂ ਤੂ' ਅਤੇ 'ਤੂੰ ਤੂੰ' ਸਾਧਾਰਨ ਰੂਪ ਹਨ, ਬਾਕੀ ਦੇ ਸ਼ਬਦ ਤੂੰ+ ਹੀ (ਦਬਾਉ ਬੋਧਕ) ਸੰਯੁਕਤ ਰੂਪ ਹੈ। ਇਹ ਦੂਜਾ ਪੁਰਖ ਪੜਨਾਂਵ ਦੇ ਨਾਲ ਦਬਾਉ ਦਾ ਕਾਰਜ ਵੀ ਕਰਦੇ ਹਨ।

[ਹਰਿ ਪ੍ਰਭ ਦਾਤਾ ਏਕੁ **ਤੂੰ] [ਤੂੰ** ਆਪੇ ਬਖਸਿ ਮਿਲਾਇ ]॥ (ਮ: ੩) ਅੰਗ ੨੩੪

ਕਬੀਰ **ਤੂੰ ਤੂੰ** ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ (ਕਬੀਰ) ਅੰਗ ੧੩੭੫

ਉਪਰੋਕਤ ਵਾਕਾਂ ਵਿਚ **ਤੂੰ ਤੂੰ** ਦਾ ਦੁਹਰਾਉ ਹੈ, ਪ੍ਰੰਤੂ ਦੋਹਾਂ ਦੀ 'ਭਾਵ ਬਣਤਰ' ਅਤੇ 'ਵਾਕੰਸ਼' ਬਣਤਰ ਵੱਖਰੀ ਹੈ। ਪਹਿਲੇ ਵਾਕ ਵਿਚ ਤੂੰ ਤੂੰ ਦਾ ਦੂਹਰਾ ਰੂਪ ਪੜਨਾਂਵ ਵਜੋਂ ਵੱਖਰੇ ਵੱਖਰੇ ਵਾਕੰਸ਼ ਦਾ ਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ ਤੂੰ ਤੂੰ ਦਾ ਦੁਹਰਾਉਯੁਕਤ ਰੂਪ ਦੋ ਪੁਰਖਾਂ ਵਿਚਲਾ ਭੇਦ ਖ਼ਤਮ ਕਰਕੇ ਕੇਵਲ ਤੂੰ ਦਾ ਅਰਥ ਦਿੰਦਾ ਹੈ। ਦੋਹਾਂ ਦਾ ਆਪਾ ਭੇਦ ਖ਼ਤਮ ਹੋ ਜਾਂਦਾ ਹੈ।

**ਸੋਈ ਸੋਈ** ਪੜਨਾਂਵ ਰੂਪ 'ਅਨਯੈ ਪੁਰਖ ਪੜਨਾਂਵ ਅਤੇ 'ਸੰਬੰਧ ਵਾਚਕ ਪੜਨਾਂਵ' ਦਾ ਕਾਰਜ ਕਰਦਾ ਹੈ। 'ਨਿਜਵਾਚਕ ਪੜਨਾਂਵ' ਦਾ ਮੂਲ ਰੂਪ **ਆਪ** ਹੈ। ਮੂਲ ਰੂਪ ਨਾਲ ਵਧੇਤਰਾਂ ਦੀ ਵਰਤੋਂ ਕਰਕੇ ਇਸ ਦੇ ਵਿਭਿੰਨ ਰੂਪ ਸਿਰਜੇ ਮਿਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਇਸਦੇ ਤਿੰਨ ਰੂਪ 'ਆਪਿ ਆਪਿ, ਆਪੇ ਆਪੇ, ਅਪੁਨੀ ਅਪੁਨੀ' ਮਿਲਦੇ ਹਨ, ਜਦਕਿ ਇਕਹਿਰੇ ਰੂਪ ਵਿਚ ਇਸਦੇ ਵਧੇਰੇ ਰੂਪ ਮਿਲਦੇ ਹਨ। ਇਸਦੇ ਵਿਭਿੰਨ ਰੂਪਾਂ ਦੀ ਸਾਰਣੀ ਪੜਨਾਂਵ ਵਾਲੇ ਅਧਿਆਇ ਵਿਚ ਦਿੱਤੀ ਗਈ ਹੈ।

**ਕੌਣ** ਪ੍ਰਸ਼ਨ ਵਾਚਕ ਪੜਨਾਂਵ ਦਾ ਮੂਲ ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਵਿਭਿੰਨ ਰੂਪ 'ਕਉਣੁ ਕਉਣੁ, ਕਉਨ ਕਉਨ ਅਤੇ ਕਵਨ ਕਵਨ' ਅਤੇ ਇਸਦਾ ਸੰਖਿਪਤ ਰੂਪ 'ਕੋ ਕੋ' ਵਰਤਿਆ ਮਿਲਦਾ ਹੈ। ਅਜੋਕੀ ਵਰਤੋਂ ਵਿਚ ਇਸਦਾ ਮੂਲ ਰੂਪ 'ਕੌਣ' ਹੀ ਕਾਰਜਸ਼ੀਲ ਹੈ। ਕੌਣ ਦੇ ਸੰਬੰਧ ਵਾਚਕ ਰੂਪ 'ਕਿਸ' ਦੀ ਦੁਹਰੁਕਤੀਯੁਕਤ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਾਰ ਮਿਲਦੀ ਹੈ।

ਦਰਗਹ ਲੇਖਾ ਮੰਗੀਐ **ਕਿਸੁ ਕਿਸੁ** ਉਤਰੁ ਦੇਉ॥ ਅੰਗ ੧੦੮੯

ਉਪਰੋਕਤ ਵਾਕ ਵਿਚ 'ਕਿਸੁ' ਦਾ ਦੁਹਰੁਕਤੀਯੁਕਤ ਰੂਪ ਬਹੁਵਚਨ ਦਾ ਕਾਰਜ ਕਰ ਰਿਹਾ ਹੈ। **ਕਿਸ** ਦਾ ਬਹੁਵਚਨ ਨਹੀਂ ਬਣਦਾ, ਸੋ **ਕਿਸ** ਦਾ ਦੂਹਰਾ ਰੂਪ ਬਹੁਵਚਨ ਲਈ ਵਰਤਿਆ ਗਿਆ ਹੈ। ਇਹ ਬਹੁਵਚਨ ਅਤੇ ਵਿਭਿੰਨਤਾ ਦਾ ਕਾਰਜ ਕਰ ਰਿਹਾ ਹੈ। 'ਕੋ' **ਕੌਣ** ਦਾ ਸੰਖਿਪਤ ਅਤੇ ਪੁਰਾਤਨ ਰੂਪ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ 'ਪ੍ਰਸ਼ਨ ਵਾਚਕ' ਪੜਨਾਂਵ ਦਾ ਕਾਰਜ ਕਰਦਾ ਹੈ, ਜਦਕਿ ਇਕਹਿਰੇ ਰੂਪ ਵਿਚ ਇਹ ਇਕ ਤੋਂ ਵਧੇਰੇ ਸ਼ਬਦ ਸ਼੍ਰੇਣੀਆਂ 'ਸੰਬੰਧਕ, ਅਨਿਸ਼ਚੇਵਾਚਕ ਪੜਨਾਂਵ, ਅਨਿਸ਼ਚੇਵਾਚਕ ਵਿਸ਼ੇਸ਼ਣ' ਦਾ ਕਾਰਜ ਕਰਦਾ ਹੈ:

ਜੇ **ਕੋ** ਪਾਵੈ ਤਿਲ ਕਾ ਮਾਨੁ ॥ (ਮਃ ੧) ਅੰਗ ੪ (ਪੜਨਾਂਵ)

ਗੁਰ ਜੇਵਡੁ ਦਾਤਾ **ਕੋ** ਨਹੀ ਜਿਨਿ ਦਿਤਾ ਆਤਮ ਦਾਨੁ ॥ (ਮਃ ੫) ਅੰਗ ੫੨ (ਵਿਸ਼ੇਸ਼ਣ)

ਸਾਰ ਭੂਤ ਸਤਿ ਹਰਿ **ਕੋ** ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥

ਅੰਗ ੨੮੯ (ਸੰਬੰਧਕ)

ਗੁਰਮਤਿ ਰਾਮੁ ਕਹਿ **ਕੋ ਕੋ** ਨ ਬੈਕੁੰਠਿ ਗਏ ॥ (ਨਾਮਦੇਵ) ਅੰਗ ੭੧੮ (ਪੜਨਾਂਵ)

ਪਹਿਲੇ ਵਾਕ ਵਿਚ **ਕੋ** 'ਅਨਿਸ਼ਚੇਵਾਚਕ ਪੜਨਾਂਵ', ਦੂਜੇ ਵਾਕ ਵਿਚ 'ਅਨਿਸ਼ਚੇਵਾਚਕ ਪੜਨਾਂਵੀਂ ਵਿਸ਼ੇਸ਼ਣ', ਤੀਜੇ ਵਾਕ ਵਿਚ 'ਸੰਬੰਧਕ' ਦਾ ਕਾਰਜ ਕਰ ਰਿਹਾ ਹੈ। ਅਖ਼ੀਰਲੇ ਵਾਕ ਵਿਚ **ਕੋ ਕੋ** ਦੁਹਰੁਕਤੀਯੁਕਤ ਰੂਪ 'ਕੌਣ' ਦੇ ਅਰਥਾਂ ਵਿਚ 'ਪ੍ਰਸ਼ਨਵਾਚਕ ਪੜਨਾਂਵ' ਦਾ ਕਾਰਜ ਕਰ ਰਿਹਾ ਹੈ।

**i.ੲ. ਵਿਸ਼ੇਸ਼ਣ ਦੁਹਰੁਕਤੀ:-** ਨਾਂਵ, ਪੜਨਾਂਵ ਦੀ ਵਿਸ਼ੇਸ਼ਤਾ ਦਾ ਕਾਰਜ ਕਰਨ ਵਾਲੇ ਸ਼ਬਦ 'ਵਿਸ਼ੇਸ਼ਣ' ਹਨ। ਵਾਕ ਬਣਤਰ ਵਿਚ ਇਕ 'ਵਾਕੰਸ਼' ਦੇ ਕਾਰਜ ਵਜੋਂ ਵਿਸ਼ੇਸ਼ਣ ਦੀ ਦੂਹਰੀ ਵਰਤੋਂ 'ਵਿਸ਼ੇਸ਼ਣ ਦੁਹਰੁਕਤੀ' ਹੈ। ਵਿਆਕਰਨਕ ਬਣਤਰ ਦੇ ਪੱਖ ਤੋਂ ਵਿਸ਼ੇਸ਼ਣ ਨੂੰ 'ਨਾਂਵ ਵਾਕੰਸ਼' ਦਾ ਅੰਗ ਮੰਨਿਆ ਜਾਂਦਾ ਹੈ। ਕਾਰਜੀ ਪੱਖ ਤੋਂ ਨਾਂਵ/ ਪੜਨਾਂਵ ਦੀ ਗ਼ੈਰ ਮੌਜੂਦਗੀ ਵਿਚ ਵਿਸ਼ੇਸ਼ਣ 'ਨਾਂਵ ਵਾਕੰਸ਼' ਅਤੇ ਅਪੂਰਨ ਕਿਰਿਆਵੀਂ ਵਾਕਾਂ ਵਿਚ 'ਕਿਰਿਆ ਪੂਰਕ' ਵਜੋਂ ਵੀ ਕਾਰਜਸ਼ੀਲ ਹੁੰਦਾ ਹੈ। ਅਪੂਰਨ ਕਿਰਿਆਵੀਂ ਵਾਕਾਂ ਵਿਚ ਇਹ 'ਕਿਰਿਆ ਵਾਕੰਸ਼' ਜਾਂ 'ਨਾਂਵ ਵਾਕੰਸ਼ ਦਾ ਅੰਗ ਹੁੰਦਾ ਹੈ।

ਕਹੁ ਨਾਨਕ **ਅਗਮ ਅਗਮ** ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥

(ਮਃ ੫) ਅੰਗ ੨੦੯

**ਵਡਾ ਵਡਾ** ਆਖੈ ਸਭੁ ਕੋਈ ॥ (ਮਃ ੧) ਅੰਗ ੧੦੩੫

**ਵਡੇ ਵਡੇ** ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥ (ਮਃ ੫) ਅੰਗ ੬੭੨

ਉਪਰੋਕਤ ਤਿੰਨਾਂ ਵਾਕਾਂ ਦੀ ਬਣਤਰ ਵੱਖਰੀ ਹੈ। ਪਹਿਲੇ ਦੋ ਵਾਕਾਂ ਵਿਚ ਵਿਸ਼ੇਸ਼ਣ ਕਰਮ ਵਜੋਂ ਕਿਰਿਆ ਪੂਰਕ ਦੀ ਸਥਿਤੀ ਵਿਚ ਹਨ। **ਅਗਮ ਅਗਮ** 'ਠਾਕੁਰ' ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। ਵਡਾ ਦਾ ਵਿਸ਼ੇਸ਼ ਵਾਕ ਵਿਚੋਂ ਗ਼ੈਰ ਹਾਜ਼ਰ ਹੈ, ਇਹ ਕਰਤਾ ਦੀ ਗ਼ੈਰ ਹਾਜ਼ਰੀ ਵਿਚ ਉਸਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। ਅਖ਼ੀਰਲੇ ਵਾਕ ਵਿਚ **ਵਡੇ ਵਡੇ** ਵਿਸ਼ੇਸ਼ਣ ਰੂਪ ਕਰਤਾ 'ਨਾਂਵ ਵਾਕੰਸ਼' ਦੀ ਬਣਤਰ ਵਿਚ ਰਾਜੇ ਤੇ ਜ਼ਿਮੀਦਾਰਾਂ ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ।

ਵਿਸ਼ੇਸ਼ਣ ਦੁਹਰੁਕਤੀ ਵਿਚ ਸਮਾਸੀ ਸ਼ਬਦਾਂ ਦੀ ਦੁਹਰੁਕਤੀਯੁਕਤ ਵਰਤੋਂ ਮਿਲਦੀ ਹੈ। ਭਾਸ਼ਾਈ ਬਣਤਰਾਂ ਵਿਚ 'ਸਮਾਸੀ' ਅਤੇ 'ਦੁਹਰੁਕਤੀ' ਦੋਵੇਂ ਸੁਤੰਤਰ ਹੋਂਦ ਵਾਲੇ ਸੰਕਲਪ ਹਨ। 'ਵਡਭਾਗੀ' ਵਡ (ਬੰਧੇਜੀ ਵਿਸ਼ੇਸ਼ਣ)+ ਭਾਗ (ਮੁਕਤ ਨਾਂਵ)+ ਈ (ਬੰਧੇਜੀ ਪਿਛੇਤਰ) ਦੇ ਜੋੜ ਤੋਂ ਸਮਾਸੀ ਗੁਣਵਾਚਕ ਵਿਸ਼ੇਸ਼ਣ **ਵਡਭਾਗੀ** ਹੋਂਦ ਗ੍ਰਹਿਣ ਕਰਦਾ ਹੈ। ਸਮਾਸੀ ਸ਼ਬਦ ਨੂੰ ਦੁਹਰੁਕਤੀਯੁਕਤ ਰੂਪ ਵਿਚ ਵਰਤਿਆ ਜਾ ਸਕਦਾ ਹੈ, ਪਰ ਸਮਾਸ 'ਦੁਹਰੁਕਤੀ' ਨਹੀਂ ਹੈ:

**ਵਡਭਾਗੀ ਵਡਭਾਗੀ** ਸਤਸੰਗਤਿ ਪਾਈ ਰਾਮ ॥ (ਮਃ ੫) ਅੰਗ ੪੫੩

ਵਡਭਾਗੀ — ਵਡਭਾਗੀ- ਵਡੇ ਭਾਗਾਂ ਵਾਲਾ
— ਵਡਭਾਗੀ- ਵਡੇ ਭਾਗਾਂ ਨਾਲ

ਉਪਰੋਕਤ ਉਦਾਹਰਨਾਂ ਵਿਚ ਦੂਜਾ ਅਰਥ ਵਧੇਰੇ ਢੁਕਵਾਂ ਨਜ਼ਰ ਆਉਂਦਾ ਹੈ, ਸਮਾਸੀ ਸ਼ਬਦ ਦੀ ਦੁਹਰੁਕਤੀ ਨਿਸ਼ਚੇ ਦਾ ਭਾਵ ਦੇ ਰਹੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਗੁਣਵਾਚਕ' ਵਿਸ਼ੇਸ਼ਣ ਆਮ ਨਾਂਵ, ਖ਼ਾਸ ਨਾਂਵ, ਭਾਵ ਵਾਚਕ ਨਾਂਵ, ਵਸਤੂ ਵਾਚਕ ਨਾਂਵ, ਸਥਾਨ ਵਾਚਕ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਦੇ ਵਿਸ਼ੇਸ਼ਣ ਵਜੋਂ ਵਰਤੇ ਮਿਲਦੇ ਹਨ। 'ਸੰਖਿਅਕ' ਵਿਸ਼ੇਸ਼ਣ ਦੇ ਵਿਭਿੰਨ ਉਪਭੇਦ ਮਿਲਦੇ ਹਨ। ਏਕੈ ਏਕੈ, ਏਕੋ ਏਕੋ, ਆਢ ਆਢ, ਪੂਰਨ ਸੰਖਿਅਕ ਵਿਸ਼ੇਸ਼ਣ ਦੇ ਦੂਹਰੇ ਰੂਪ ਹਨ। 'ਅਨਿਕ ਅਨਿਕ, ਅਨੇਕ ਅਨੇਕ, ਹੋਰੁ ਹੋਰੁ, ਕੇਤੀ ਕੇਤੀ, ਪਰੈ ਪਰੈ, ਬਹੁਤ ਬਹੁਤ, ਬੇਅੰਤ ਬੇਅੰਤ' ਆਦਿ ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਦੇ ਦੂਹਰੇ ਰੂਪ ਹਨ। 'ਕੋਟਿ' ਨਿਸ਼ਚਤ ਸੰਖਿਅਕ ਵਿਸ਼ੇਸ਼ਣ 'ਕਰੋੜ' ਦਾ ਪੁਰਾਤਨ ਰੂਪ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕਰੋੜ ਦੇ ਅਰਥਾਂ ਵਿਚ 'ਕੋਟਿ' ਅਤੇ 'ਕਰੋਰ, ਕ੍ਰੋਰ' ਸ਼ਬਦ ਵਰਤੇ ਮਿਲਦੇ ਹਨ। ਪ੍ਰੋ. ਸਾਹਿਬ ਸਿੰਘ ਨੇ ਇਸਨੂੰ ਨਿਸ਼ਚਤ ਸੰਖਿਆ ਵਿਸ਼ੇਸ਼ਣ ਦੀ ਸ਼੍ਰੇਣੀ ਵਿਚ ਰੱਖਿਆ ਹੈ। ਦੁਹਰੁਕਤੀਯੁਕਤ ਵਰਤੋਂ ਕਰਨ 'ਤੇ ਇਹ ਨਿਸ਼ਚਤ ਸੰਖਿਅਕ ਵਿਸ਼ੇਸ਼ਣ ਤੋਂ ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ:

**ਕੋਟਿ ਕੋਟਿ** ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥ (ਮਃ ੪) ਅੰਗ ੯੭੫

**ਕੋਟਿ ਕੋਟਿ** ਦਾ ਦੂਹਰਾ ਰੂਪ ਵਾਕ ਦੀ ਭਾਵ ਬਣਤਰ ਵਿਚ **ਹੀ** ਦਬਾਉ ਬੋਧਕ ਭਾਵ ਨਾਲ ਮੂਲ ਅਰਥਾਂ ਦਾ ਕਾਰਜ ਕਰਦਾ ਉਸਦਾ ਅਰਥ ਵਿਸਥਾਰ ਕਰਦਾ ਹੈ , ਜਾਂ ਪਾਪ ਨਾਲ ਵਿਸ਼ੇਸ਼ਣ (ਅਨੇਕ) ਦੇ ਅਰਥਾਂ ਦਾ ਪ੍ਰਕਾਰਜ ਕਰਦਾ ਹੈ।

ਵਿਸ਼ੇਸ਼ਣਾਂ ਦੇ ਕੁਝ ਰੂਪ ਅਜਿਹੇ ਮਿਲਦੇ ਹਨ, ਜਿਹੜੇ ਦੂਹਰਾ ਕਾਰਜ ਕਰਦੇ ਹਨ। ਜਿਵੇਂ 'ਬੇਅੰਤੁ ਬੇਅੰਤੁ' ਅਤੇ 'ਬਹੁਤ ਬਹੁਤ' ਵਿਸ਼ੇਸ਼ਣ ਦਾ ਕਾਰਜ ਦੂਹਰਾ ਹੈ। 'ਬੇਅੰਤੁ ਬੇਅੰਤੁ' 'ਅਨਿਸ਼ਚਤ ਸੰਖਿਅਕ' ਵਿਸ਼ੇਸ਼ਣ ਅਤੇ 'ਗੁਣ ਵਾਚਕ' ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। 'ਬਹੁਤ ਬਹੁਤ' ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਅਤੇ ਮਾਤਰਾ ਬੋਧਕ ਸੰਖਿਅਕ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ:

ਤੂੰ ਪਾਰਬ੍ਰਹਮੁ **ਬੇਅੰਤੁ ਬੇਅੰਤੁ** ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

(ਮਃ ੪) ਅੰਗ ੧੧ (ਗੁਣ ਵਾਚਕ)

ਗੁਨ **ਬੇਅੰਤ ਬੇਅੰਤ** ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ ॥ (ਮਃ ੫) ਅੰਗ ੫੩੫

(ਅਨਿਸ਼ਚਤ ਸੰਖਿਅਕ ਵਾਚਕ)

ਜਾ ਕਉ ਚਿੰਤਾ **ਬਹੁਤੁ ਬਹੁਤੁ** ਦੇਹੀ ਵਿਆਪੈ ਰੋਗੁ ॥ (ਮਃ ੫) ਅੰਗ ੭੦

(ਅਸੀਮ ਮਾਤਰਾ ਵਾਚਕ)

ਹਰਿ ਕੇ ਗੁਨ **ਬਹੁਤ ਬਹੁਤ** ਬਹੁ ਸੋਭਾ ਹਮ ਤੁਛ ਕਰਿ ਕਰਿ ਬਰਨਥੇ ॥

(ਮਃ ੪) ਅੰਗ ੧੩੨੦ (ਅਨਿਸ਼ਚਤ ਸੰਖਿਅਕ ਵਾਚਕ)

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਵਿਸ਼ੇਸ਼ਣ ਵਾਕ ਦੇ ਪ੍ਰਸੰਗ ਵਿਚ ਵਿਭਿੰਨ ਵਿਸ਼ੇਸ਼ਣਾਂ ਦਾ ਪ੍ਰਕਾਰਜ ਕਰਦੇ ਹਨ। ਸੰਖਿਅਕ ਵਿਸ਼ੇਸ਼ਣ ਦੇ 'ਕ੍ਰਮਵਾਰ' ਅਤੇ 'ਗੁਣਾ ਵਾਚਕ ਵਿਸ਼ੇਸ਼ਣ' ਦੀ ਵਰਤੋਂ ਪੂਰਨ ਰੂਪਗਤ ਦੁਹਰੁਕਤੀ ਵਿਚ ਨਹੀਂ ਮਿਲਦੀ, ਬਲਕਿ ਇਕਹਿਰੇ ਅਤੇ ਅਰਥਗਤ ਦੁਹਰੁਕਤੀ ਵਿਚ ਇਹਨਾਂ ਦੀ ਵਰਤੋਂ ਮਿਲਦੀ ਹੈ।

**i.ਸ. ਕਿਰਿਆ ਦੁਹਰੁਕਤੀ:-** 'ਕਿਰਿਆ' ਵਾਕ ਦੀ ਪ੍ਰਮੁਖ ਇਕਾਈ ਹੈ, ਕਿਰਿਆ ਰੂਪਾਂ ਦੀ ਦੂਹਰੀ ਵਰਤੋਂ 'ਕਿਰਿਆ ਦੁਹਰੁਕਤੀ' ਹੈ। ਇਹ ਵਾਕ ਦੀ ਕਾਰਜੀ ਸਥਿਤੀ ਦਾ ਪਤਾ ਦਿੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ

ਇਸਦੇ ਦੋ ਤਰ੍ਹਾਂ ਦੇ ਰੂਪ ਮਿਲਦੇ ਹਨ: ਮੂਲ ਕਿਰਿਆ ਰੂਪ ਅਤੇ ਦੂਜੀਆਂ ਭਾਸ਼ਾਵਾਂ ਤੋਂ ਲਏ ਕਿਰਿਆ ਰੂਪ। ਦੂਜੀਆਂ ਭਾਸ਼ਾਵਾਂ ਤੋਂ ਲਏ ਕਿਰਿਆ ਸ਼ਬਦਾਂ ਦੀ ਵਰਤੋਂ ਇਕਹਿਰੇ ਰੂਪ ਵਿਚ ਵਧੇਰੇ ਹੈ, ਜਦਕਿ ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੇ ਮੂਲ ਰੂਪ ਵਧੇਰੇ ਵਰਤੇ ਗਏ ਹਨ। ਮੱਧਕਾਲ ਦੀ ਭਾਸ਼ਾ ਸੰਯੋਗਾਤਮਕ ਹੋਣ ਕਾਰਨ ਕਿਰਿਆ ਦੇ ਅਜਿਹੇ ਰੂਪ ਮਿਲਦੇ ਹਨ ਜਿਹੜੇ ਇਕ ਸ਼ਬਦ ਨਾਲ ਪੂਰੇ ਵਾਕ ਦੇ ਅਰਥ ਦਿੰਦੇ ਹਨ, ਜਿਵੇਂ: **ਸੁਧੋਸੁ,** "ਉਸ ਦੀ ਸੋਧ ਕੀਤੀ"[2], ਕਿਰਿਆ ਦਾ ਇਕਹਿਰਾ ਰੂਪ ਸਾਧਾਰਨ ਵਾਕ ਦਾ ਕਾਰਜ ਕਰ ਰਿਹਾ ਹੈ। ਦੁਹਰੁਕਤੀਯੁਕਤ ਕਿਰਿਆ ਰੂਪਾਂ ਦਾ ਪ੍ਰਕਾਰਜ ਇਕਹਿਰੇ ਕਿਰਿਆ ਰੂਪਾਂ ਤੋਂ ਭਿੰਨ ਹੈ। ਇਹ ਇਕ ਅਰਥ 'ਤੇ ਬਲ ਦਿੰਦੇ ਹਨ ਜਾਂ ਪ੍ਰਕਾਰਜ ਵਜੋਂ 'ਵਿਸ਼ੇਸ਼ਣ' ਅਤੇ 'ਕਿਰਿਆ' ਦੀ ਲਗਾਤਾਰਤਾ ਦਾ ਕਾਰਜ ਕਰਦੇ ਹਨ।

ਪੰਜਾਬੀ ਵਾਕ ਬਣਤਰ 'ਕਰਤਾ+ ਕਰਮ+ ਕਿਰਿਆ' ਵਾਲੀ ਹੈ। ਵਿਆਕਰਨ ਅਨੁਸਾਰ ਵਾਕ ਬਣਤਰ ਵਿਚ 'ਕਿਰਿਆ' ਵਾਕ ਦੇ ਅੰਤ 'ਤੇ ਵਿਚਰਦੀ ਹੈ, ਦੁਹਰੁਕਤੀਯੁਕਤ ਕਿਰਿਆ ਵਾਲੇ ਵਾਕਾਂ ਦੀ ਬਣਤਰ ਇਸਤੋਂ ਭਿੰਨ ਹੈ। "ਕਾਵਿ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਕ੍ਰਮ ਮੁਕਤ ਹੈ। ਇਹ ਸਾਹਿਤਕ ਅਤੇ ਬੋਲਚਾਲ ਦੀ ਬੋਲੀ ਦੋਹਾਂ ਤੋਂ ਵੱਖਰੀ ਹੈ, ਕਿਉਂਕਿ ਇਥੇ ਸ਼ਬਦ ਕ੍ਰਮ ਦੀ ਆਜ਼ਾਦੀ ਹੈ, ਨਾ ਕਿ ਸਿਰਫ ਵਾਕੰਸ਼ ਕਰਮ ਦੀ।"[3] ਵਾਕ ਬਣਤਰ ਵਿਚ ਵਾਕੰਸ਼ਾਂ ਨੂੰ ਕ੍ਰਮਵਾਰ ਰੱਖਿਆ ਜਾਂਦਾ ਹੈ। ਵਾਕੰਸ਼ ਆਪਸ ਵਿਚ ਜੁੜ ਕੇ ਵਾਕ ਬਣਾਉਂਦੇ ਹਨ। "ਇਕ ਵਾਕ ਵਿਚ ਦੋ ਤਰ੍ਹਾਂ ਦੇ ਵਾਕੰਸ਼ ਵਧੇਰੇ ਮਹੱਤਵਪੂਰਨ ਸਮਝੇ ਜਾਂਦੇ ਹਨ। ਇਕ ਨੂੰ ਨਾਂਵ ਵਾਕੰਸ਼ ਅਤੇ ਦੂਜੇ ਨੂੰ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ।"[4] ਨਾਂਵ ਵਾਕੰਸ ਅਤੇ ਕਿਰਿਆ ਵਾਕੰਸ਼ ਇਕ ਸਾਧਾਰਨ ਜਾਂ ਉਪਵਾਕ ਦੀ ਸਿਰਜਨਾ ਕਰਦੇ ਹਨ। ਆਮ ਤੌਰ 'ਤੇ ਨਾਂਵ ਵਾਕੰਸ਼ ਪਹਿਲਾਂ ਅਤੇ ਕਿਰਿਆ ਵਾਕੰਸ਼ ਅਖ਼ੀਰ 'ਤੇ ਆਉਂਦਾ ਹੈ। ਕਾਵਿ ਰਚਨਾ ਵਾਕ ਦੇ ਅਜਿਹੇ ਨਿਯਮਾਂ ਤੋਂ ਆਜ਼ਾਦ ਹੈ। ਕਾਵਿ ਰਚਨਾ

---

2 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 237.

3 Poetry is characterised by great freedom of order. It differs from both literary prose and colloquial speech in that there is appreciable freedom of word order, not merely of phrase order. A References Grammer of Punjabi, Harjeet singh gill and Henry A. Gleason, Publication Bureau, Punjabi University, Patiala, 1986, pn 151.

4 ਡਾ. ਪਰਮਜੀਤ ਸਿੰਘ ਸਿੱਧੂ, ਪੰਜਾਬੀ ਵਾਕੰਸ਼ ਜੁਗਤ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1991, ਪੰਨਾ 10.

ਵਿਚ ਜ਼ਰੂਰੀ ਨਹੀਂ ਕਿ ਹਰ ਵਾਕ ਨਾਂਵ ਵਾਕੰਸ਼ ਜਾਂ ਕਿਰਿਆ ਵਾਕੰਸ਼ ਵਾਲਾ ਹੋਵੇ। ਗੁਰਬਾਣੀ ਦੀ ਵਾਕ ਜੁਗਤ ਵਿਚ ਕਿਰਿਆ ਵਾਕੰਸ਼ ਤੋਂ ਬਿਨਾਂ ਇਕੱਲਾ ਨਾਂਵ ਵਾਕੰਸ਼ (ਤੂ ਸਰਵਰ (ਕਿਰਿਆ ਲੁਪਤ)) ਵੀ ਪੂਰੇ ਵਾਕ ਦਾ ਕਾਰਜ ਕਰ ਰਿਹਾ ਹੈ।

ਗੁਰਬਾਣੀ ਦੀ ਭਾਸ਼ਾ ਵਿਚ ਕਿਰਿਆ ਰੂਪ ਵਾਕ ਦੇ ਆਰੰਭ ਵਾਲੇ ਜਾਂ 'ਕਿਰਿਆ ਵਿਸ਼ੇਸ਼ਣ' ਨਾਂਵ/ ਪੜਨਾਂਵ ਦੇ ਨਾਲ ਜਾਂ 'ਵਿਸ਼ੇਸ਼ਣ' ਰੂਪ ਕਿਰਿਆ ਦੇ ਨਾਲ ਵਰਤੇ ਗਏ ਹਨ। ਇਸੇ ਤਰ੍ਹਾਂ ਦੁਹਰੁਕਤੀਯੁਕਤ ਕਿਰਿਆ ਰੂਪੀ ਵਾਕਾਂ ਵਿਚ ਦੂਹਰੀ ਕਿਰਿਆ ਵਾਕ ਦੇ ਅੰਤ 'ਤੇ ਨਹੀਂ, ਬਲਕਿ ਵਾਕ ਦੇ ਆਦਿ ਜਾਂ ਮੱਧ 'ਤੇ ਵਿਚਰ ਰਹੀ ਹੈ ਅਤੇ ਇਹ ਕਿਰਿਆ 'ਤੇ ਦਬਾਉ ਬੋਧਕ ਪ੍ਰਭਾਵ ਬਣਾਉਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਰੂਪ ਵਿਚ 'ਕਾਲਕੀ' ਕਿਰਿਆ ਦੇ ਪਿਛੇਤਰਯੁਕਤ ਰੂਪ ਵਧੇਰੇ ਮਿਲਦੇ ਹਨ, 'ਅਕਾਲਕੀ' ਕਿਰਿਆ ਦੇ ਪਿਛੇਤਰਯੁਕਤ ਰੂਪ ਨਹੀਂ ਮਿਲਦੇ। ਅਕਾਲਕੀ ਕਿਰਿਆ ਦੇ ਧਾਤੂ ਰੂਪ ਵਧੇਰੇ ਵਰਤੇ ਗਏ ਹਨ। ਇਸਦਾ ਵਿਸਥਾਰ ਅਧਿਆਇ ਛੇਵਾਂ ਵਿਚ ਦਿੱਤਾ ਗਿਆ ਹੈ। ਦੁਹਰੁਕਤੀਯੁਕਤ ਰੂਪ ਕਿਰਿਆ ਦੀ ਨਿਰੰਤਰਤਾ ਦਾ ਪ੍ਰਕਾਰਜ ਕਰਦੇ ਹਨ:

**ਜਪਿ ਜਪਿ** ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ (ਮਃ ੫) ਅੰਗ ੮੧੫

**ਜਪਿ ਜਪਿ** ਜੀਵਾ ਤੇਰਾ ਨਾਉ ॥ ਆਗੈ ਦਰਗਹ ਪਾਵਉ ਠਾਉ॥ (ਮਃ ੫) ਅੰਗ ੮੯੩

ਦੁਹਰੁਕਤੀਯੁਕਤ ਰੂਪ 'ਜਪਿ' ਕਿਰਿਆ ਦੀ ਅਰਥਗਤ ਇਕਾਈ 'ਨਿਰੰਤਰਤਾ' ਦੇ ਅਰਥ ਦਿੰਦੀ ਹੈ। ਕਿਰਿਆ ਦਾ ਇਕਹਿਰਾ ਰੂਪ ਅਰਥਗਤ ਇਕਾਈ ਦਾ ਪ੍ਰਕਾਰਜ ਨਹੀਂ ਕਰਦਾ। ਇਕਹਿਰੇ ਰੂਪ ਤੋਂ ਨਿਰੰਤਰਤਾ ਵਾਲੇ ਅਰਥ ਲੈਣ ਲਈ ਸਦਾ ਜਾਂ ਹਮੇਸ਼ਾ ਵਿਸ਼ੇਸ਼ਣ ਕੁਝ ਹੱਦ ਤੱਕ ਇਹਨਾਂ ਅਰਥਾਂ ਦਾ ਪ੍ਰਕਾਰਜ ਕਰਦੇ ਹਨ। ਪਰ ਕਾਵਿ ਰਚਨਾ ਵਿਚ ਮਸਲਾ ਸਿਰਫ ਅਰਥਾਂ ਦਾ ਨਹੀਂ, ਬਲਕਿ ਕਾਵਿ ਸੁਹਜ ਅਤੇ ਵਜਨ ਦਾ ਵਧੇਰੇ ਹੁੰਦਾ ਹੈ। ਸੋ ਕਾਵਿ ਸੁਹਜ ਅਤੇ ਵਜਨ ਵਿਚ ਅਜਿਹੇ ਸ਼ਬਦ ਖਲਲ ਪੈਦਾ ਕਰਦੇ ਹਨ।

ਮੂਲ ਰੂਪ ਵਿਚ ਦੁਹਰੁਕਤੀਯੁਕਤ ਕਿਰਿਆ ਦਾ ਪ੍ਰਕਾਰਜ ਇਕਹਿਰੀ ਕਿਰਿਆ ਦੀ ਤੁਲਨਾ ਵਿਚ ਵਧੇਰੇ ਸਪੱਸ਼ਟ ਹੁੰਦਾ ਹੈ।

**i.ਹ. ਕਿਰਿਆ ਵਿਸ਼ੇਸ਼ਣ ਦੁਹਰੁਕਤੀ:-** ਕਿਰਿਆ ਦੀ ਵਿਸਤ੍ਰਿਤ ਜਾਣਕਾਰੀ ਦੇਣ ਵਾਲੇ ਸ਼ਬਦ ਕਿਰਿਆ ਵਿਸ਼ੇਸ਼ਣ ਹਨ, ਇਹਨਾਂ ਸ਼ਬਦਾਂ ਦੀ ਇਕ ਇਕਾਈ ਵਜੋਂ ਦੂਹਰੀ ਵਰਤੋਂ ਕਿਰਿਆ ਵਿਸ਼ੇਸ਼ਣ ਦੁਹਰੁਕਤੀ ' ਹੈ। ਵਾਕ ਬਣਤਰ ਵਿਚ ਇਹ ਕਿਰਿਆ ਨਾਲ ਵਿਚਰ ਕੇ ਵਾਕ ਵਿਚਲੇ 'ਵਿਧੇਅ' ਦੇ ਤੱਤਾਂ ਵਿਚ ਵਾਧਾ ਕਰਦੇ ਹਨ। ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਵਾਕ ਵਿਚ ਇਕ ਇਕਾਈ ਵਜੋਂ ਕਿਰਿਆ ਵਾਕੰਸ਼ ਦਾ ਕਾਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਕਿਰਿਆ ਵਿਸ਼ੇਸ਼ਣਾਂ ਦੇ ਅਰਥ ਅਤੇ ਕਾਰਜ ਦੇ ਪੱਖ ਤੋਂ ਦੋ ਮੁਖ ਰੂਪ ਹਨ:

1. ਮੂਲ ਰੂਪ ਕਿਰਿਆ ਵਿਸ਼ੇਸ਼ਣ
2. ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਰੂਪ

**1. ਮੂਲ ਰੂਪ ਕਿਰਿਆ ਵਿਸ਼ੇਸ਼ਣ:-** 'ਊਨਵਿ ਊਨਵਿ, ਸਹਜੇ ਸਹਜੇ, ਝਿਮਿ ਝਿਮਿ, ਪੁਨਹ ਪੁਨਹ, ਲਾਂਗਤ ਲਾਂਗਤ, ਮੁਰਿ ਮੁਰਿ' ਆਦਿ ਮੂਲ ਰੂਪ ਕਿਰਿਆ ਵਿਸ਼ੇਸ਼ਣ ਹਨ। ਇਸ ਦੇ ਦੋ ਉਪਭੇਦ ਹਨ:

1.i. ਮੂਲ ਰੂਪ

1.ii. ਸੰਖਿਪਤ ਰੂਪ

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮਃ ੩) ਅੰਗ ੧੪੨੦

**ਊਨਵਿ ਊਨਵਿ** ਆਇਆ ਵਰਸੈ ਨੀਰੁ ਨਿਪੰਗੁ ॥ (ਮਃ ੩) ਅੰਗ ੧੨੮੦

ਲੈ ਕਰਿ ਠੇਗਾ ਟਗਰੀ ਤੋਰੀ **ਲਾਂਗਤ ਲਾਂਗਤ** ਜਾਤੀ ਥੀ ॥ (ਨਾਮਦੇਵ) ਅੰਗ ੮੭੪

ਨਾਨਕ ਸਰਨਿ ਗਹੀ ਸੁਆਮੀ ਕੀ **ਪੁਨਹ ਪੁਨਹ** ਨਮਸਕਾਰਾ ॥ (ਮਃ ੫) ਅੰਗ ੭੧੭

ਪੰਦ੍ਰਹ ਥਿਤੀ ਤੈ ਸਤ ਵਾਰ॥ ਮਾਹਾ ਰੁਤੀ ਆਵਹਿ **ਵਾਰ ਵਾਰ**॥ (ਮਃ ੩) ਅੰਗ ੮੪੨

**ਝਿਮਿ ਝਿਮਿ** ਮੂਲ ਕਿਰਿਆ ਵਿਸ਼ੇਸ਼ਣ ਦਾ ਅਜਿਹਾ ਰੂਪ ਹੈ, ਇਸਦੀ ਵਰਤੋਂ ਹਮੇਸ਼ਾ ਦੁਹਰੁਕਤੀਯੁਕਤ ਰੂਪ ਵਿਚ ਹੀ ਸੰਭਵ ਹੈ। ਇਸਦਾ ਇਕਹਿਰਾ ਰੂਪ ਅਰਥ ਅਤੇ ਕਾਰਜ ਪੱਖ ਤੋਂ ਨਿਰਾਰਥਕ ਹੈ, ਇਹ ਅਰਥ ਸੰਚਾਰ ਨਹੀਂ ਕਰਦਾ। ਇਸੇ ਤਰ੍ਹਾਂ **ਰਿਮਿ ਝਿਮਿ ਊਣੇ ਝੂਣੇ** ਹਮੇਸ਼ਾ ਦੁਹਰੁਕਤੀਯੁਕਤ ਰੂਪ ਵਿਚ ਹੀ ਕਾਰਜਸ਼ੀਲ ਹੁੰਦੇ ਹਨ। **ਊਂਨਵਿ ਊਂਨਵਿ, ਲਾਂਗਤ ਲਾਂਗਤ** ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰ ਰਹੇ ਹਨ, **ਪੁਨਹ ਪੁਨਹ, ਵਾਰ ਵਾਰ** ਬਾਰੰਬਾਰਤਾ ਦਾ ਕਾਰਜ ਕਰ ਰਹੇ ਹਨ।

ਬਦਨੈ ਬਿਨੁ **ਖਿਰ ਖਿਰ** ਹਾਸਤਾ ॥ (ਕਬੀਰ) ਅੰਗ ੧੧੯੪

ਪੜੀਅਹਿ ਜੇਤੇ **ਬਰਸ ਬਰਸ** ਪੜੀਅਹਿ ਜੇਤੇ ਮਾਸ ॥ (ਮਃ ੧) ਅੰਗ ੪੬੭

**ਊਂਨਵਿ ਊਂਨਵਿ** ਆਇਆ ਅਵਰਿ ਕਰੇਂਦਾ ਵੰਨ ॥ (ਮਃ ੩) ਅੰਗ ੧੨੮੦

**ਮੁਸਿ ਮੁਸਿ** ਰੋਵੈ ਕਬੀਰ ਕੀ ਮਾਈ ॥ (ਕਬੀਰ) ਅੰਗ ੫੨੪

ਗੁਰਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਵਜੋਂ ਮੂਲ ਕਿਰਿਆ ਵਿਸ਼ੇਸ਼ਣਾਂ ਦੇ ਟੇਢੇ ਰੂਪ ਵਰਤੇ ਮਿਲਦੇ ਹਨ 'ਖਿਰ ਖਿਰ, ਮੁਸਿ ਮੁਸਿ, ਊਂਨਵਿ ਊਂਨਵਿ, ਨਿਵਿ ਨਿਵਿ, ਠਿਮਿ ਠਿਮਿ, ਬਰਸ ਬਰਸ' ਆਦਿ 'ਖਿਰਿ ਖਿਰਿ' ਅਤੇ 'ਬਰਤ ਬਰਤ' ਵਿਚ ਧੁਨੀ ਪਰਿਵਰਤਨ ਹੈ 'ਊਂਨਵਿ ਊਂਨਵਿ, ਨਿਵਿ ਨਿਵਿ, ਠਿਮਿ ਠਿਮਿ, ਮੁਸਿ ਮੁਸਿ' ਵਿਭਿੰਨ ਸ਼ਬਦਾਂ ਤੋਂ ਵਿਉਤਪਤ, ਕਾਵਿ ਰਚਨਾ ਵਿਚ ਸੁਹਜ ਅਤੇ ਕਾਰਜ ਦੀ ਲਗਾਤਾਰਤਾ ਨੂੰ ਦਰਸਾ ਰਹੇ ਹਨ।

ਅਮਰ ਭਏ **ਸਦ ਸਦ** ਹੀ ਜੀਵਹਿ ॥ (ਮਃ ੫) ਅੰਗ ੨੭੬

**ਸਦ ਸਦ** ਮੂਲ ਕਿਰਿਆ ਵਿਸ਼ੇਸ਼ਣ ਦਾ ਸੰਖਿਪਤ ਰੂਪ ਹੈ। ਇਹ 'ਸਦਾ/ ਹਮੇਸ਼ਾ' ਦਾ ਪ੍ਰਕਾਰਜ ਕਰ ਰਿਹਾ ਹੈ।

**2. ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਰੂਪ:-** 'ਨਾਂਵ, ਵਿਸ਼ੇਸ਼ਣ ਜਾਂ ਕਿਰਿਆ' ਸ਼੍ਰੇਣੀ ਦੇ ਮੂਲ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਕਾਰਜ ਪੱਖ ਤੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ।

**ਰਸਕਿ ਰਸਕਿ, ਤਪਿ ਤਪਿ, ਪੁਰਜਾ ਪੁਰਜਾ, ਛਿਟੀ ਛਿਟੀ** ਸ਼ਬਦਾਂ ਵਿਚੋਂ 'ਰਸਕਿ, ਤਪਿ' ਭਾਵ ਵਾਚਕ ਨਾਂਵ 'ਪੁਰਜਾ, ਛਿਟੀ' ਵਸਤੂ ਵਾਚਕ ਨਾਂਵ ਦੂਹਰੇ ਰੂਪ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ:

**ਰਸਕਿ ਰਸਕਿ** ਸੁਆਮੀ ਗੁਣ ਗਾਇਣ ॥ (ਮਃ ੫) ਅੰਗ ੧੩੧੨

ਮਨਮੁਖਿ ਅੰਧਾ **ਤਪਿ ਤਪਿ** ਖਪੈ ਬਿਨੁ ਸਬਦੈ ਸਾਂਤਿ ਨ ਆਈ ॥ (ਮਃ ੩) ਅੰਗ ੫੭੧

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਨਾਂਵਾਂ ਦੇ ਰੂਪ ਅਤੇ ਅਰਥ ਨਹੀਂ ਬਦਲੇ, ਵਾਕ ਦੇ ਪ੍ਰਸੰਗ ਵਿਚ ਇਹਨਾਂ ਦੀ ਕਾਰਜੀ ਇਕਾਈ ਬਦਲ ਰਹੀ ਹੈ। ਵਾਕ ਬਣਤਰ ਵਿਚ **ਰਸਕਿ ਰਸਿਕ** ਭਾਵ ਵਾਚਕ ਨਾਂਵ ਕਰਤਾ ਕਾਰਕ ਨਾਂਵ ਸੁਆਮੀ ਤੋਂ ਪਹਿਲਾਂ ਆਇਆ ਹੈ ਅਤੇ ਇਹ ਨਾਂਵ ਵਾਕੰਸ਼ ਦਾ ਅੰਗ ਹੈ, ਜਦਕਿ ਕਾਰਜ ਪੱਖ ਤੋਂ ਇਹ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ **ਤਪਿ ਤਪਿ** ਭਾਵ ਵਾਚਕ ਨਾਂਵ ਕਿਰਿਆ ਪੂਰਕ ਸ਼ਬਦ ਮੁਖ ਕਿਰਿਆ 'ਖਪੈ' ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ।

**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਕਬੀਰ) ਅੰਗ ੧੧੦੫

ਗਿਰਿਓ ਜਾਇ ਰਸਾਤਲਿ ਪਰਿਓ **ਛਿਟੀ ਛਿਟੀ** ਸਿਰ ਭਾਰੈ ॥ (ਮਃ ੫) ਅੰਗ ੧੨੦੫

**ਛਿਟੀ** ਛਟੀ ਦਾ ਰੂਪ ਹੈ, ਛਟੀ (ਟਾਹਣੀ) ਵਸਤੂ ਵਾਚਕ ਨਾਂਵ ਹੈ। ਉਪਰੋਕਤ ਵਾਕ ਵਿਚ **ਛਿਟੀ ਛਿਟੀ** 'ਟੋਟੇ ਟੋਟੇ' ਦੇ ਅਰਥਾਂ ਵਿਚ ਪ੍ਰਕਾਰਜਸ਼ੀਲ ਹੈ। ਜਿਵੇਂ ਦਰੱਖਤ ਦੀਆਂ ਛਟੀਆਂ/ ਟਾਹਣੀਆਂ ਸੰਗਠਿਤ ਨਾ ਹੋ ਕੇ ਖੰਡਿਤ ਰੂਪ ਵਿਚ ਹੁੰਦੀਆਂ ਹਨ, ਇਸੇ ਤਰ੍ਹਾਂ "ਮਨੁੱਖ ਸਿਰ ਭਾਰ ਡਿੱਗ ਕੇ ਟੋਟੇ ਟੋਟੇ ਹੋ ਜਾਂਦਾ ਹੈ।"[5] ਛਿਟੀ ਛਿਟੀ/ ਟੋਟੇ ਟੋਟੇ ਬਹੁਵਚਨ ਦੇ ਅਰਥਾਂ ਵਿਚ ਕਿਰਿਆ ਦੀ ਵਿਸ਼ੇਸ਼ਤਾ ਦਾ ਕਾਰਜ ਕਰ

---

5 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ(ਅੱਠਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1964, ਪੰਨਾ 696.

ਰਿਹਾ ਹੈ। **ਪੁਰਜਾ ਪੁਰਜਾ** ਵਸਤੂ ਵਾਚਕ ਨਾਂਵ ਦੂਹਰੇ ਰੂਪ ਵਿਚ ਮੁਖ ਕਿਰਿਆ **ਕਟਿ** ਦੀ ਵੀਧੀ ਵਾਚਕ ਵਿਸ਼ੇਸ਼ਤਾ ਦਾ ਪ੍ਰਕਾਰਜ ਕਰ ਰਿਹਾ ਹੈ। ਇਕ ਸੰਖਿਅਕ ਵਿਸ਼ੇਸ਼ਣ ਦਾ ਦੂਹਰਾ ਰੂਪ **ਏਕੀ ਏਕੀ** ਵਾਕ ਵਿਚ ਕਿਰਿਆ ਪੂਰਕ ਦੇ ਸਥਾਨ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ:

ਕਹੈ ਨਾਨਕੁ ਛਪੈ ਕਿਉ ਛਪਿਆ **ਏਕੀ ਏਕੀ** ਵੰਡਿ ਦੀਆ ॥ (ਮਃ ੧) ਅੰਗ ੩੫੧

ਵੰਡਿ ਮੁਖ ਕਿਰਿਆ ਹੈ, **ਏਕੀ ਏਕੀ** ਰੂਪ ਕਿਰਿਆ ਦੀ ਸਥਿਤੀ ਨੂੰ ਦਰਸਾ ਰਿਹਾ ਹੈ। ਇਕਹਿਰਾ ਰੂਪ ਇਕ (ਵਿਸ਼ੇਸ਼ਣ/ ਨਾਂਵ) ਦੀ ਵੰਡ ਦੇ ਅਰਥ ਦਿੰਦਾ ਹੈ, ਦੂਹਰਾ ਰੂਪ ਕਿਰਿਆ ਦੀ ਬਰਾਬਰ ਵੰਡ ਦੇ ਅਰਥਾਂ ਦਾ ਪ੍ਰਕਾਰਜ ਕਰ ਰਿਹਾ ਹੈ।

ਕਿਰਿਆ ਦੇ ਕੁਝ ਅਜਿਹੇ ਸ਼ਬਦ ਮਿਲਦੇ ਹਨ, ਜਿਹੜੇ ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਕਾਰਜ ਪੱਖ ਤੋਂ ਇਹਨਾਂ ਦੀ ਸ਼੍ਰੇਣੀ ਬਦਲਦੀ ਹੈ, ਅਰਥ ਪੱਖ ਤੋਂ ਇਹ ਮੂਲ ਅਰਥਾਂ ਨੂੰ ਨਹੀਂ ਤਿਆਗਦੇ, ਵਾਕ ਦੇ ਪ੍ਰਸੰਗ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ, **ਘੋਲਿ ਘੋਲਿ, ਚਬਿ ਚਬਿ, ਮਟਕਿ ਮਟਕਿ, ਥਰ ਥਰ, ਡੋਲਿ ਡੋਲਿ** ਆਦਿ:

ਹਮ ਤਿਨ ਕੇ ਚਰਣ ਪਖਾਲਦੇ ਧੂੜਿ **ਘੋਲਿ ਘੋਲਿ** ਪੀਜੈ ॥ (ਮਃ ੪) ਅੰਗ ੧੨੬

**ਮਟਕਿ ਮਟਕਿ** ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ ॥ (ਮਃ ੪) ਅੰਗ ੯੮੩

ਉਪਰੋਕਤ ਵਾਕਾਂ ਵਿਚ **ਘੋਲਿ ਘੋਲਿ** ਅਤੇ **ਮਟਕਿ ਮਟਕਿ** ਕਿਰਿਆ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਇਕਹਿਰੇ ਰੂਪ ਵਿਚ ਦੋਵੇਂ ਸ਼ਬਦ ਮੁਖ ਕਿਰਿਆ ਵਜੋਂ ਕਾਰਜਸ਼ੀਲ ਹੁੰਦੇ ਹਨ, ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ ਦਰਸਾ ਰਹੇ ਹਨ।

**ਪੁਰਜਾ, ਘਟਿ, ਝਿਮਿ, ਥਰ, ਮੁਸਿ** ਅਜਿਹੇ ਕਿਰਿਆ ਵਿਸ਼ੇਸ਼ਣ ਸ਼ਬਦ ਹਨ, ਜਿਹੜੇ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਹੀ ਕਾਰਜਸ਼ੀਲ ਹੁੰਦੇ ਹਨ। ਇਕਹਿਰੇ ਰੂਪ ਵਿਚ ਇਹ ਵੱਖਰੀ ਸ਼ਬਦ ਸ਼੍ਰੇਣੀ ਜਾਂ

ਨਿਰਾਰਥਕ ਸ਼ਬਦਾਂ ਦਾ ਕਾਰਜ ਕਰਦੇ ਹਨ। ਝਿਮਿ, ਥਰ, ਮੁਸਿ ਇਕਹਿਰੇ ਰੂਪ ਵਿਚ ਨਿਰਾਰਥਕ ਹਨ, 'ਪੁਰਜਾ' ਇਕਹਿਰੇ ਰੂਪ ਵਿਚ ਵਸਤੂ ਵਾਚਕ ਨਾਂਵ ਹੈ ਅਤੇ 'ਘਟਿ' ਮਾਤਰਾ ਵਾਚਕ ਵਿਸ਼ੇਸ਼ਣ ਹੈ। ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਜੋਂ ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ।

**I.ii. ਵਾਕੰਸ਼ ਦੁਹਰੁਕਤੀ:-** ਵਾਕੰਸ਼, 'ਵਾਕ' ਤੋਂ ਛੋਟੀ ਇਕਾਈ ਹੈ। ਇਹ ਵਾਕ ਦਾ ਹਿੱਸਾ ਅਤੇ ਵਾਕ ਸਿਰਜਨਾ ਦਾ ਆਧਾਰ ਹੈ। 'ਵਾਕੰਸ਼ਾਂ' ਦੇ ਜੋੜ ਤੋਂ 'ਵਾਕ ਜਾਂ ਉਪਵਾਕ' ਦੀ ਸਿਰਜਨਾ ਹੁੰਦੀ ਹੈ। ਪ੍ਰੰਪਰਿਕ ਵਿਆਕਰਨਾਂ ਵਿਚ ਵਾਕ ਨੂੰ 'ਉਦੇਸ਼' ਅਤੇ 'ਵਿਧੇਅ' ਵਿਚ ਵੰਡਿਆ ਜਾਂਦਾ ਸੀ। ਉਦੇਸ਼ ਨੂੰ 'ਨਾਂਵ ਵਾਕੰਸ਼' ਅਤੇ ਵਿਧੇਅ ਨੂੰ 'ਕਿਰਿਆ ਵਾਕੰਸ਼' ਕਿਹਾ ਜਾਂਦਾ ਹੈ। "ਵਾਕੰਸ਼ ਦੇ ਆਪਸ ਵਿਚ ਜੁੜਨ ਨਾਲ ਵਾਕ ਬਣਦਾ ਹੈ। ਇਸ ਲਈ ਵਾਕ ਨੂੰ ਵਾਕੰਸ਼ਾਂ ਵਿਚ ਵੰਡਿਆ ਜਾਂਦਾ ਹੈ। ਇਕ ਵਾਕ ਵਿਚ ਦੋ ਤਰ੍ਹਾਂ ਦੇ ਵਾਕੰਸ਼ ਵਧੇਰੇ ਮਹੱਤਵਪੂਰਨ ਸਮਝੇ ਜਾਂਦੇ ਹਨ। ਇਕ ਨੂੰ ਨਾਂਵ ਵਾਕੰਸ਼ ਅਤੇ ਦੂਜੇ ਨੂੰ ਕਿਰਿਆ ਵਾਕੰਸ਼ ਕਿਹਾ ਜਾਂਦਾ ਹੈ।"[6] ਸੋ ਇਕ ਸਾਧਾਰਨ ਵਾਕ ਵਿਚ ਦੋ ਵਾਕੰਸ਼ ਕਾਰਜਸ਼ੀਲ ਹੁੰਦੇ ਹਨ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼।' 'ਨਾਂਵ ਵਾਕੰਸ਼' ਦਾ ਮੁਖ ਅੰਗ ਨਾਂਵ/ ਪੜਨਾਂਵ ਹੈ, 'ਵਿਸ਼ੇਸ਼ਣ, ਸੰਬੰਧਕ' ਅਤੇ 'ਯੋਜਕ' ਇਸਦੇ ਗ਼ੈਰ ਜ਼ਰੂਰੀ ਅੰਗ ਹਨ। 'ਕਿਰਿਆ ਵਾਕੰਸ਼' ਦਾ ਮੁਖ ਅੰਗ ਕਿਰਿਆ ਹੈ, ਕਿਰਿਆ ਵਿਸ਼ੇਸ਼ਣ ਇਸਦਾ ਗ਼ੈਰ ਜ਼ਰੂਰੀ ਅੰਗ ਹੈ। ਗੁਰੂ ਗ੍ਰੰਥ ਸਾਹਿਬ ਦੀ ਵਾਕ ਬਣਤਰ ਵਿਚ ਦੁਹਰੁਕਤੀਯੁਕਤ ਵਾਕੰਸ਼ਾਂ ਦੀ ਵਰਤੋਂ ਮਿਲਦੀ ਹੈ।

'ਵਾਕੰਸ਼' ਦੁਹਰੁਕਤੀ ਵਿਚ ਮੁਖ ਰੂਪ ਵਿਚ ਤਿੰਨ ਤਰ੍ਹਾਂ ਦਾ ਦੁਹਰਾਉ ਮਿਲਦਾ ਹੈ। ਪੂਰੇ ਪੂਰੇ ਵਾਕੰਸ਼ ਦਾ ਦੁਹਰਾਉ, ਕ੍ਰਮਵਾਰ ਸੰਖਿਅਕ ਵਿਸ਼ੇਸ਼ਣਾਂ ਨਾਲ ਇਕ ਤੋਂ ਵਧੇਰੇ ਵਾਕੰਸ਼ਾਂ ਦਾ ਦੁਹਰਾਉ ਅਤੇ ਵਾਕ ਦੇ ਅਖ਼ੀਰ ਤੇ ਸ਼ੁਰੂ ਵਿਚ ਇਕੋ ਵਾਕੰਸ਼ ਦਾ ਦੁਹਰਾਉ।

**ਤੇਰੀ ਭਗਤਿ ਤੇਰੀ ਭਗਤਿ** ਭੰਡਾਰ ਜੀ ਭਰੇ ਬਿਅੰਤ ਬੇਅੰਤਾ ॥ (ਮਃ ੪) ਅੰਗ ੧੧

**ਤੇਰੇ ਭਗਤ ਤੇਰੇ ਭਗਤ** ਸਲਾਹਨਿ ਤੁਧੁ ਜੀ ਹਰਿ ਅਨਿਕ ਅਨੇਕ ਅਨੰਤਾ ॥

---

[6] ਪਰਮਜੀਤ ਸਿੰਘ ਸਿੱਧੂ, ਪੰਜਾਬੀ ਵਾਕੰਸ਼ ਜੁਗਤ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1991, ਪੰਨਾ 10.

(ਮਃ ੪) ਅੰਗ ੧੧

ਉਪਰੋਕਤ ਵਾਕਾਂ ਵਿਚ ਪੂਰਨ ਵਾਕੰਸ਼ ਦੁਹਰਾਉ ਹੈ। ਪਹਿਲੇ ਦੋ ਵਾਕੰਸ਼ ਨਾਂਵ, ਪੜਨਾਂਵ ਦੀ ਬਣਤਰ ਵਾਲੇ ਹਨ, ਇਹ ਕਾਵਿ ਸੁਹਜ ਅਤੇ ਅਰਥ ਵਜੋਂ ਇਕ ਅਰਥ 'ਤੇ ਤੀਬਰਭਾਵ ਦਾ ਪ੍ਰਕਾਰਜ ਕਰਦੇ ਹਨ, ਇਸ ਨਾਲ ਅਰਥ ਵਧੇਰੇ ਸਥਿਰ ਅਤੇ ਘੇਰਾ ਸੰਕੁਚਿਤ ਹੁੰਦਾ ਹੈ। ਪੂਰਨ ਵਾਕੰਸ਼ ਦੁਹਰੁਕਤੀ ਵਿਚ ਦੂਜੀ ਤਰ੍ਹਾਂ ਦਾ ਦੁਹਰਾਉ ਦੋ ਵਾਕਾਂ ਦੇ ਅੰਤਰਗਤ, ਪਹਿਲੇ ਵਾਕ ਦੇ ਅਖ਼ੀਰ 'ਤੇ, ਦੂਜੇ ਵਾਕ ਦੇ ਸ਼ੁਰੂ ਵਿਚ ਮਿਲਦਾ ਹੈ:

ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ **ਖਸਮ ਸੇਤੀ ਅਰਦਾਸਿ** ॥

(ਮਃ ੧) ਅੰਗ ੭੪

**ਖਸਮ ਸੇਤੀ ਅਰਦਾਸਿ** ਵਖਾਣੈ ਉਰਧ ਧਿਆਨਿ ਲਿਵ ਲਾਗਾ ॥ (ਮਃ ੧) ਅੰਗ ੭੪

ਮਾਇਆ ਮੋਹੁ ਖੁਆਇਅਨੁ **ਮਰਿ ਜੰਮੈ ਵਾਰੋ ਵਾਰਾ** ॥ (ਮਃ ੩) ਅੰਗ ੫੮੩

**ਮਰਿ ਜੰਮੈ ਵਾਰੋ ਵਾਰਾ** ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥

(ਮਃ ੩) ਅੰਗ ੫੮੩

ਇਕੋ ਅਰਥ ਅਗਲੇ ਵਾਕ ਵਿਚ ਸੰਚਾਰਤ ਹੋ ਰਿਹਾ ਹੈ। ਮੂਲ ਰੂਪ ਵਿਚ ਦੋਵੇਂ ਵਾਕ ਦੁਹਰੁਕਤੀ ਦੇ ਇਰਦ-ਗਿਰਦ ਅਰਥ ਸੰਚਾਰ ਕਰਦੇ ਹਨ। ਵਾਕ ਦੀ ਲੈਅ ਅਤੇ ਤਾਲ ਬਣਦਾ ਹੈ, ਦੁਹਰੁਕਤੀ ਦੀ ਇਹ ਵਿਧੀ ਵਾਕ ਵਿਚ ਲੈਅ ਦਾ ਕੰਮ ਕਰਦੀ ਹੈ। ਅਜਿਹੀ ਦੁਹਰੁਕਤੀ ਵਧੇਰੇ ਕਰਕੇ ਗਾਇਨ ਸ਼ੈਲੀ ਵਿਚ ਕਾਰਜਸ਼ੀਲ ਹੁੰਦੀ ਹੈ।

ਕ੍ਰਮਵਾਰ ਸੰਖਿਅਕ ਵਿਸ਼ੇਸ਼ਣਾਂ ਵਾਲੇ ਵਾਕਾਂ ਵਿਚ ਪੂਰਨ ਵਾਕੰਸ਼ਾਂ ਦਾ ਦੁਹਰਾਉ ਕਈ ਵਾਕਾਂ ਤੱਕ ਚੱਲਦਾ ਹੈ। ਇਕੋ ਰੂਪ ਦਾ ਕਈ ਵਾਕਾਂ ਤੱਕ ਦੁਹਰਾਉ ਰਾਗਾਤਮਕਤਾ ਵਿਚ ਰਸ ਪੈਦਾ ਕਰਦਾ ਹੈ। ਪੂਰਨ ਦੁਹਰੁਕਤੀ ਵਿਚ ਕ੍ਰਮਵਾਰ ਸੰਖਿਅਕ ਵਿਸ਼ੇਸ਼ਣ ਸ਼ਬਦਾਂ ਦਾ ਦੁਹਰਾਉ ਕਾਰਜ ਦੀ ਪੜਾਅਵਾਰ ਜਾਣਕਾਰੀ ਦੇ

ਨਾਲ ਕਾਵਿ ਰਚਨਾ ਵਿਚ ਸੁਹਜ ਅਤੇ ਲੈਅ ਦਾ ਕਾਰਜ ਕਰਦੇ ਹਨ। ਗੁਰੂ ਨਾਨਕ, ਗੁਰੂ ਰਾਮਦਾਸ ਤੇ ਗੁਰੂ ਅਰਜਨ ਦੁਆਰਾ ਰਚੇ ਪਹਿਰਿਆਂ ਵਿਚ ਦੁਹਰੁਕਤੀ ਦੀ ਇਹ ਕਿਸਮ ਮਿਲਦੀ ਹੈ:

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਹੁਕਮਿ ਪਇਆ ਗਰਭਾਸਿ ॥ (ਮਃ ੧) ਅੰਗ ੭੪

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਵਿਸਰਿ ਗਇਆ ਧਿਆਨੁ ॥ (ਮਃ ੧) ਅੰਗ ੭੫

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਧਨ ਜੋਬਨ ਸਿਉ ਚਿਤੁ ॥ (ਮਃ ੧) ਅੰਗ ੭੫

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਲਾਵੀ ਆਇਆ ਖੇਤੁ ॥ (ਮਃ ੧) ਅੰਗ ੭੫

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਬਾਲਕ ਬੁਧਿ ਅਚੇਤੁ ॥ (ਮਃ ੧) ਅੰਗ ੭੫

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਭਰਿ ਜੋਬਨਿ ਮੈ ਮਤਿ ॥ (ਮਃ ੧) ਅੰਗ

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਸਰਿ ਹੰਸ ਉਲਥੜੇ ਆਇ ॥ (ਮਃ ੧) ਅੰਗ ੭੫

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਬਿਰਧਿ ਭਇਆ ਤਨੁ ਖੀਣੁ ॥ (ਮਃ ੧) ਅੰਗ ੭੬

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਹਰਿ ਪਾਇਆ ਉਦਰ ਮੰਝਾਰਿ ॥ (ਮਃ ੪) ਅੰਗ ੭੬

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਮਨੁ ਲਾਗਾ ਦੂਜੈ ਭਾਇ ॥ (ਮਃ ੪) ਅੰਗ ੭੬

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਮਨੁ ਲਗਾ ਆਲਿ ਜੰਜਾਲਿ ॥ (ਮਃ ੪) ਅੰਗ ੭੬

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਹਰਿ ਚਲਣ ਵੇਲਾ ਆਦੀ ॥ (ਮਃ ੪) ਅੰਗ ੭੭

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਧਰਿ ਪਾਇਤਾ ਉਦਰੈ ਮਾਹਿ ॥ (ਮਃ ੫) ਅੰਗ ੭੭

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਭਰਿ ਜੁਆਨੀ ਲਹਰੀ ਦੇਇ ॥ (ਮਃ ੫) ਅੰਗ ੭੭

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਬਿਖੁ ਸੰਚੈ ਅੰਧੁ ਅਗਿਆਨੁ ॥ (ਮਃ ੫) ਅੰਗ ੭੭

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ** ਦਿਨੁ ਨੇੜੈ ਆਇਆ ਸੋਇ ॥ (ਮਃ ੫) ਅੰਗ ੭੭

ਉਪਰੋਕਤ ਵਾਕਾਂ ਵਿਚ ਵਾਕ ਦੁਹਰੁਕਤੀ ਨਹੀਂ, ਬਲਕਿ ਵਾਕੰਸ਼ ਦੁਹਰੁਕਤੀ ਹੈ। ਇਹ ਦੁਹਰਾਉ ਕੇਵਲ ਹਰੇਕ ਪਹਿਰੇ ਦੀ ਪਹਿਲੀ ਪੰਕਤੀ ਵਿਚ ਹੈ। ਇਸ ਤਰ੍ਹਾਂ ਦੁਹਰਾਇਆ ਗਿਆ ਰੂਪ ਸਥਾਨ ਕਰਕੇ ਦੂਰ ਅਤੇ ਇਕਹਿਰੀ ਬਣਤਰ ਤੋਂ ਬਾਹਰ ਆਉਂਦਾ ਹੈ। ਵਾਕੰਸ਼ ਬਣਤਰ ਸਾਧਾਰਨ ਨਹੀਂ, ਬਲਕਿ ਇਕ ਤੋਂ ਵਧੇਰੇ ਵਾਕੰਸ਼ਾਂ ਵਾਲੀ ਹੈ। ਹਰੇਕ ਪਹਿਰੇ ਵਿਚ ਚਾਰ ਚਾਰ ਪਹਿਰਿਆਂ ਦਾ ਜ਼ਿਕਰ ਹੈ।

ਰੂਪਗਤ ਦੁਹਰੁਕਤੀ ਤੋਂ ਇਲਾਵਾ ਵਾਕੰਸ਼ ਦੁਹਰੁਕਤੀ 'ਅਰਥਗਤ ਦੁਹਰੁਕਤੀ' ਵਾਲੀ ਵੀ ਮਿਲਦੀ ਹੈ। ਅਰਥਗਤ ਦੁਹਰੁਕਤੀ ਵਿਚ ਵਾਕੰਸ਼ ਇਕ ਤੋਂ ਵਧੇਰੇ ਸ਼੍ਰੇਣੀਆਂ ਦਾ ਪ੍ਰਕਾਰਜ ਕਰਦੇ ਹਨ। ਜਿਵੇਂ 'ਸੰਬੰਧਕ' ਦੀ ਵਰਤੋਂ ਨਾਲ ਦੁਹਰੁਕਤੀ ਦੀ ਸਿਰਜਨਾ ਜਾਂ ਇਕੋ ਵਰਗ ਵਾਲੇ ਵਿਭਿੰਨ ਸ਼ਬਦਾਂ ਦੀ ਵਾਕੰਸ਼ ਦੁਹਰੁਕਤੀ ਵਜੋਂ ਸਿਰਜਨਾ ਜਾਂ ਵਿਰੋਧੀ ਅਰਥ ਵਾਲੇ ਵਾਕੰਸ਼ਾਂ ਦੀ ਦੁਹਰੁਕਤੀਯੁਕਤ ਸਿਰਜਨਾ ਆਦਿ। ਸੰਬੰਧਕ ਦੀ ਵਰਤੋਂ ਨਾਲ ਇਕ ਵਾਕੰਸ਼ ਸਿਰਜਿਆਂ ਜਾਂਦਾ ਹੈ, ਜਦਕਿ ਇਕ ਵਰਗ ਵਾਲੇ ਜਾਂ ਵਿਰੋਧੀ ਅਰਥ ਵਾਲੇ ਵਾਕੰਸ਼ਾਂ ਵਿਚ ਦੋ ਵਾਕੰਸ਼ ਇਕ ਇਕਾਈ ਵਜੋਂ ਸਿਰਜੇ ਜਾਂਦੇ ਹਨ। ਇਹਨਾਂ ਵਿਚ ਇਕ ਸ਼ਬਦ ਰੂਪ ਦਾ ਦੁਹਰਾਉ ਨਹੀਂ ਬਲਕਿ, ਵਾਕੰਸ਼ ਦਾ ਦੁਹਰਾਉ ਹੈ।

**ਸੰਬੰਧਕ ਦੁਹਰੁਕਤੀ:-** ਪੂਰਨ ਅਤੇ ਅਪੂਰਨ ਦੁਹਰੁਕਤੀ ਵਿਚ 'ਸੰਬੰਧਕ' ਅਪ੍ਰਤੱਖ ਰੂਪ ਵਿਚ ਪ੍ਰਕਾਰਜਸ਼ੀਲ ਹਨ। ਵਾਕੰਸ਼ ਦੁਹਰੁਕਤੀ ਦੇ ਕੁਝ ਰੂਪ ਅਜਿਹੇ ਮਿਲਦੇ ਹਨ, ਜਿਥੇ ਦੁਹਰੁਕਤੀ ਦਾ ਮੂਲ ਆਧਾਰ 'ਸੰਬੰਧਕ' ਹਨ। ਦੋ ਸ਼ਬਦਾਂ ਦੇ ਵਿਚਾਲੇ ਸੰਬੰਧਕ ਪ੍ਰਤੱਖ ਰੂਪ ਵਿਚ ਪ੍ਰਕਾਰਜਸ਼ੀਲ ਹੁੰਦੇ ਹਨ। ਵੇਦ ਅਗਨੀਹੋਤਰੀ ਨੇ ਅਜਿਹੇ ਸ਼ਬਦਾਂ ਨੂੰ 'ਮਧੇਤਰ ਦੁਹਰੁਕਤੀ' ਕਿਹਾ ਹੈ। ਇਕ ਵੱਖਰੀ ਸ਼ਬਦ ਸ਼੍ਰੇਣੀ ਨਾਲ ਬਣੀ ਵਾਕੰਸ਼ ਇਕਾਈ ਨੂੰ ਉਸਨੇ ਮਧੇਤਰ ਮੰਨਿਆ ਹੈ। ਅਜਿਹੀਆਂ ਉਜਾਹਰਨਾਂ ਗੁਰਬਾਣੀ ਵਿਚ ਵੀ ਮਿਲਦੀਆਂ ਹਨ:

ਨਾਨਕ ਆਖਣਿ ਸਭੁ ਕੋ ਆਖੈ **ਇਕ ਦੂ ਇਕੁ** ਸਿਆਣਾ ॥ (ਮਃ ੧) ਅੰਗ ੫

ਸੰਤ ਕੀ ਨਿੰਦਾ **ਦੋਖ ਮਹਿ ਦੋਖੁ** ॥ (ਮਃ ੫) ਅੰਗ ੨੮੦

**ਅਨਾਥ ਕੇ ਨਾਥੇ** ਸ੍ਰਬ ਕੈ ਸਾਥੇ ਜਪਿ ਜੂਐ ਜਨਮੁ ਨ ਹਾਰੀਐ ॥ (ਮਃ ੫) ਅੰਗ ੮੦

ਦੀਨ ਦਇਆਲ **ਅਨਾਥ ਕੋ ਨਾਥੁ** ॥ (ਮਃ ੫) ਅੰਗ ੨੯

**ਇਕ ਦੂ ਇਕ** ਅਤੇ **ਦੋਖ ਮਹਿ ਦੋਖੁ** 'ਰੂਪਗਤ ਵਾਕੰਸ਼' ਦੁਹਰੁਕਤੀ ਦੀ ਇਕ ਕਿਸਮ ਹੈ। ਦੋਹਾਂ ਵਾਕੰਸ਼ਾਂ ਵਿਚ 'ਸੰਬੰਧਕ' ਵਾਕੰਸ਼ ਇਕਾਈ ਦੀ ਸਿਰਜਨਾ ਦਾ ਕਾਰਜ ਕਰ ਰਿਹਾ ਹੈ। **ਦੂ** ਸੰਬੰਧਕ ਉਪਮਾ ਦਾ ਕਾਰਜ ਕਰ ਰਿਹਾ ਹੈ। **ਇਕ ਦੂ ਇਕ** ਵਾਕੰਸ਼ ਇਕ ਤੋਂ ਦੂਜੇ ਤੱਕ ਅਰਥ ਸੰਚਾਰਤ ਕਰਦਾ ਹੈ ਅਤੇ ਦੂ ਸੰਬੰਧਕ ਉਪਮਾ ਦਾ ਕਾਰਜ ਕਰ ਰਿਹਾ ਹੈ। **ਦੋਖ ਮਹਿ ਦੋਖੁ** ਵਾਕੰਸ਼ ਇਕਾਈ 'ਪਾਪਾਂ ਦਾ ਪਾਪ/ ਦੁਖ ਹੀ ਦੁਖ' ਦੇ ਅਰਥਾਂ ਵਿਚ ਵਿਸ਼ੇਸ਼ਣ+ ਨਾਂਵ (ਕਰਮ ਵਾਕੰਸ਼) ਦਾ ਕਾਰਜ ਕਰ ਰਹੀ ਹੈ। **ਅਨਾਥ ਕੇ ਨਾਥੇ** ਅਤੇ **ਅਨਾਥ ਕੋ ਨਾਥ** ਅਰਥਗਤ ਵਾਕੰਸ਼ ਦੁਹਰੁਕਤੀ ਹੈ। ਅਨਾਥ ਨਾਥੁ ਦੋਵੇਂ ਵਿਰੋਧਾਰਥੀ ਹਨ, ਪਰ ਵਾਕ ਦੇ ਪ੍ਰਸੰਗ ਵਿਚ ਇਕ ਵਾਕੰਸ਼ ਦੀ ਇਕਾਈ ਵਿਚ ਹੋਣ ਕਾਰਨ ਆਪਸੀ ਵਿਰੋਧ ਨਹੀਂ ਸਿਰਜ ਰਹੇ।

**I.iii. ਵਾਕ/ ਉਪਵਾਕ ਦੁਹਰੁਕਤੀ:-** ਗੁਰੂ ਗ੍ਰੰਥ ਸਾਹਿਬ ਵਿਚ ਉਪਵਾਕ/ ਵਾਕ ਦਾ ਦੁਹਰਾਉ ਸੀਮਿਤ ਰੂਪ ਵਿਚ ਮਿਲਦਾ ਹੈ। ਕਾਵਿ ਭਾਸ਼ਾ ਦੀ ਵਾਕ ਸਿਰਜਨਾ ਵਿਚ ਕਿਰਿਆ ਦੀ ਵਰਤੋਂ ਤੋਂ ਬਿਨਾਂ ਉਪਵਾਕ/ ਵਾਕ ਸਿਰਜੇ ਜਾਂਦੇ ਹਨ, ਜੋ ਉਪਵਾਕ/ ਵਾਕ ਦੀ ਭਾਵ ਬਣਤਰ ਦਾ ਸਾਰਥਕ ਸੰਚਾਰ ਕਰਦੇ ਹਨ। ਕਿਰਿਆ ਤੋਂ ਬਿਨਾਂ ਸਿਰਜੀ 'ਉਪਵਾਕ' ਦੁਹਰੁਕਤੀ ਦੀ ਬਣਤਰ 'ਵਾਕੰਸ਼' ਦੁਹਰੁਕਤੀ ਵਾਲੀ ਹੈ। ਬਣਤਰ ਪੱਖ ਵਾਲੇ ਵਾਕੰਸ਼ 'ਉਪਵਾਕ' ਦਾ ਕਾਰਜ ਕਰਦੇ ਹਨ, ਜਿਵੇਂ:

ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥ **ਏਕ ਤੂਹੀ ਏਕ ਤੁਹੀ** ॥ (ਮਃ ੧) ਅੰਗ ੧੪੩

ਅਸਤਿ ਏਕ ਦਿਗਰਿ ਕੁਈ॥ **ਏਕ ਤੁਈ ਏਕ ਤੁਈ** ॥ (ਮਃ ੧) ਅੰਗ ੧੪੪

ਉਪਰੋਕਤ ਵਾਕ ਨਾਂਵ/ ਪੜਨਾਂਵ+ ਵਿਸ਼ੇਸ਼ਣ ਦੀ ਬਣਤਰ ਵਾਲੇ ਇਕ ਵਾਕੰਸ਼ ਰੂਪੀ ਉਪਵਾਕ ਹਨ। ਦੋਹਾਂ ਦੀ ਭਾਵ ਬਣਤਰ ਵੱਖਰੀ ਹੈ, ਪ੍ਰਸੰਗ ਵੱਖਰਾ ਹੈ, ਪਰ ਉਪਵਾਕ ਦਾ ਦੁਹਰਾਉ ਵਾਕ ਦਾ ਮੂਲ ਕੇਂਦਰ ਹੈ। ਪਹਿਲਾ ਵਾਕ 'ਨਾਸ਼ਮਾਨਤਾ' ਦੀ ਸਥਿਤੀ ਵਾਲਾ ਹੈ ਤੇ ਦੂਜਾ 'ਨਿਸ਼ੇਧ' ਦੀ ਸਥਿਤੀ ਵਾਲਾ ਹੈ। ਦੁਹਰੁਕਤੀਯੁਕਤ ਰੂਪ ਵਿਭਿੰਨ ਪ੍ਰਸੰਗਾਂ ਨੂੰ ਪਰਮਾਤਮਾ ਦੀ ਅਸਤਿ ਹੋਂਦ ਨਾਲ ਜੋੜਦਾ ਹੈ। ਬਾਦਸ਼ਾਹ ਵੀ

ਨਾਸ਼ ਹੋ ਜਾਣਗੇ ਕੇਵਲ ਪਰਮਾਤਮਾ/ ਖ਼ੁਦਾਇ ਹੀ ਸਦਾ ਅਟੱਲ ਹੋਂਦ ਵਾਲਾ ਹੈ। ਵਾਕ ਵਿਚ ਉਪਵਾਕ ਦਾ ਦੁਹਰਾਉ 'ਅਫਜੂ ਖੁਦਾਇ' 'ਤੇ ਬਲ ਦਾ ਕਾਰਜ ਕਰ ਰਿਹਾ ਹੈ।

ਦੂਜੇ ਵਾਕ ਵਿਚ ਪਹਿਲਾ ਉਪਵਾਕ ਪਰਮਾਤਮਾ ਨੂੰ ਅਸਤਿ ਹੋਂਦ ਦਰਸਾਉਂਦਾ ਹੈ ਤੇ ਦੂਜਾ ਉਪਵਾਕ ਕਿਸੇ ਦੂਜੇ ਦਾ ਨਿਸ਼ੇਧ ਕਰਦਾ ਹੈ। ਵਾਕ ਵਿਚ ਦੁਹਰਾਉਯੁਕਤ ਉਪਵਾਕ ਪਹਿਲੇ ਉਪਵਾਕ 'ਤੇ ਬਲ ਦਿੰਦਾ ਹੈ ਅਤੇ ਨਾਲ ਹੀ ਕਿਸੇ ਦੂਜੇ ਦਾ ਨਿਸ਼ੇਧ ਕਰਦਾ ਹੈ। ਉਪਵਾਕ ਦਾ ਦੁਹਰਾਉ ਸੰਖਿਪਤ ਰੂਪ ਵਿਚ ਵਾਕ ਦੀ ਭਾਵ ਜੁਗਤ ਦਾ ਸੰਚਾਰ ਕਰਦਾ ਹੈ। ਰੂਪ ਵਜੋਂ ਇਸਦਾ ਮੇਲ 'ਕੁਈ' ਨਾਲ ਬਣਦਾ ਹੈ ਤੇ ਉਚਾਰਨ ਵਿਚ ਲਮਕਾਅ ਪੈਦਾ ਹੁੰਦਾ ਹੈ।

ਵਰਗਾਰਥਕ ਉਪਵਾਕਾਂ ਦੀ ਵੀ ਅਜਿਹੀ ਦੁਹਰੁਕਤੀਯੁਕਤ ਬਣਤਰ ਮਿਲਦੀ ਹੈ। ਜਿਹੜੇ ਕਿਰਿਆ ਤੋਂ ਬਿਨਾਂ ਵਾਕੰਸ਼ ਇਕਾਈ ਵਿਚ ਹਨ:

ਪ੍ਰਣਵੈ ਨਾਨਕੁ ਬੇਨਤੀ **ਤੂ ਸਰਵਰੁ ਤੂ ਹੰਸੁ** ॥ (ਮਃ ੧) ਅੰਗ ੨੩

**ਕਿਆ ਹੰਸੁ ਕਿਆ ਬਗੁਲਾ** ਜਾ ਕਉ ਨਦਰਿ ਕਰੇਇ ॥ (ਮਃ ੧) ਅੰਗ ੯੧

ਉਪਰੋਕਤ ਵਾਕਾਂ ਵਿਚਲੇ ਉਪਵਾਕ 'ਵਾਕੰਸ਼' ਬਣਤਰ ਵਾਲੇ ਹਨ, ਕਿਰਿਆ ਲੁਪਤ ਹੈ। ਕਿਰਿਆ ਲੁਪਤ ਹੋਣ ਕਾਰਨ ਉਪਵਾਕ, 'ਵਾਕੰਸ਼ ਇਕਾਈ' ਦੇ ਵਧੇਰੇ ਨੇੜੇ ਪ੍ਰਤੀਤ ਹੁੰਦੇ ਹਨ। ਵਰਗਾਰਥੀ ਉਪਵਾਕ ਵਿਚਲੇ ਸ਼ਬਦ 'ਸਰਵਰੁ, ਹੰਸੁ, ਬਗੁਲਾ' ਪ੍ਰਤੀਕ ਰੂਪ ਵਿਚ ਵਰਤੇ ਗਏ ਹਨ। ਜੋ ਆਪਸ ਵਿਚ ਗੁਣਾਤਮਕ ਸੰਬੰਧ ਦਰਸਾਉਂਦੇ ਹਨ। **ਸਰਵਰੁ** ਸਰੋਵਰ (ਜਗਤ) ਦਾ ਪ੍ਰਤੀਕ ਹੈ ਅਤੇ **ਹੰਸੁ** ਗੁਰਮੁਖਿ ਦਾ ਪ੍ਰਤੀਕ ਹੈ। ਪ੍ਰਤੀਕਾਤਮਕ ਰੂਪ ਰਾਹੀਂ ਪਰਮਾਤਮਾ ਦੀ ਸਰਵ ਵਿਆਪਕਤਾ ਨੂੰ ਦਰਸਾ ਰਹੇ ਹਨ। ਅਖ਼ੀਰਲੇ ਵਾਕ ਵਿਚ ਗੁਣਾਤਮਕ ਵਿਰੋਧ ਹੈ। ਨਦਰਿ ਦਾ ਸੰਕਲਪ ਵਿਰੋਧ ਨੂੰ ਖ਼ਤਮ ਕਰ ਰਿਹਾ ਹੈ। ਪਰਮਾਤਮਾ ਦੀ ਨਦਰਿ ਵਿਚ 'ਚੰਗਾ ਮਾੜਾ, ਗੁਰਮੁਖ ਮਨਮੁਖ' ਸਾਰੇ ਆਉਂਦੇ ਹਨ। ਇਥੇ 'ਹੰਸੁ ਬਗੁਲਾ' ਗੁਰਮੁਖ ਮਨਮੁਖ/ ਚੰਗੇ ਮਾੜੇ ਦੇ ਪ੍ਰਤੀਕ ਹਨ। ਦੁਹਰੁਕਤੀਯੁਕਤ ਸ਼ਬਦ ਨਦਰਿ ਦੀ ਵਿਸ਼ਾਲਤਾ ਦੇ ਸੰਕਲਪ ਨੂੰ ਸਪੱਸ਼ਟ ਕਰ ਰਹੇ ਹਨ।

ਵਿਰੋਧਾਰਥਕ ਉਪਵਾਕ ਵਿਚ ਦੋ ਉਪਵਾਕਾਂ ਦਾ ਦੁਹਰਾਉ ਆਪਸੀ ਵਿਰੋਧ ਵਾਲਾ ਹੈ। ਵਾਕ ਦੇ ਪ੍ਰਸੰਗ ਵਿਚ ਇਹ ਆਪਸੀ ਵਿਰੋਧ ਨਹੀਂ ਸਿਰਜ ਰਹੇ, ਬਲਕਿ ਸਮੁੱਚੀ ਇਕਾਈ ਦਾ ਕਾਰਜ ਕਰ ਰਹੇ ਹਨ:

ਹੁਕਮੇ ਧਾਰਿ ਅਧਰ ਰਹਾਵੈ॥ **ਹੁਕਮੇ ਉਪਜੈ ਹੁਕਮਿ ਸਮਾਵੈ** ॥ (ਮਃ ੫) ਅੰਗ ੨੭੭

**ਦੂਖੀ ਉਪਜੈ ਦੂਖੀ ਬਿਨਸੈ**

**ਕਿਆ ਲੈ ਆਇਆ ਕਿਆ ਲੈ ਜਾਹਾ** ਹੇ ॥ (ਮਃ ੧) ਅੰਗ ੧੦੩੩

ਏ ਮਨ ਮੇਰਿਆ ਤੂ **ਕਿਆ ਲੈ ਆਇਆ ਕਿਆ ਲੈ ਜਾਇਸੀ** ਰਾਮ ॥

(ਮਃ ੧) ਅੰਗ ੧੧੧੩

ਏ ਮਨ ਮੇਰਿਆ ਤਾ ਛੁਟਸੀ ਜਾ ਭਰਮੁ ਚੁਕਾਇਸੀ ਰਾਮ ॥ (ਮਃ ੧) ਅੰਗ ੧੧੧੩

ਵਿਰੋਧਾਰਥਕ ਉਪਵਾਕ ਦੁਹਰੁਕਤੀਯੁਕਤ ਰੂਪ ਵਿਚ ਜੁੜ ਕੇ ਵਾਕ ਦਾ ਕਾਰਜ ਕਰਦੇ ਹਨ। ਇਕਹਿਰਾ ਉਪਵਾਕ ਕੇਵਲ ਇਕ ਪੱਖ ਨੂੰ ਦਰਸਾਉਂਦਾ ਹੈ, ਦੋ ਵਿਰੋਧੀ ਉਪਵਾਕ ਸਮੁੱਚੀ ਪ੍ਰਕਿਰਿਆ ਨੂੰ ਦਰਸਾਉਂਦੇ ਹਨ। ਪਹਿਲੇ ਵਾਕ ਵਿਚ ਪਰਮਾਤਮਾ ਦੀ ਸਰਵ ਸ਼ਕਤੀ ਦਾ ਉਲੇਖ ਹੈ। ਉਸਦੇ ਹੁਕਮ ਵਿਚ ਸਭ ਕੁਝ ਉਪਜਦਾ ਅਤੇ ਸਮਾਉਂਦਾ ਹੈ। ਦੂਜਾ ਵਾਕ ਜੀਵ ਦੀ ਸਥਿਤੀ ਦਰਸਾਉਂਦਾ ਹੈ। 'ਉਪਜੈ ਬਿਨਸੈ, ਆਇਆ ਜਾਹਾ' ਵਿਰੋਧੀ ਕਿਰਿਆਵਾਂ ਜੀਵ ਦੀ ਸਮੁੱਚੀ ਸਥਿਤੀ ਦੀ ਤਸਵੀਰ ਪੇਸ਼ ਕਰਦੀਆਂ ਹਨ। ਮਨੁੱਖ ਦੁੱਖ ਵਿਚ ਹੀ ਜੰਮਦਾ, ਦੁਖ ਵਿਚ ਹੀ ਮਰਦਾ ਹੈ। ਇਸੇ ਵਾਕ ਦਾ ਦੂਜਾ ਉਪਵਾਕ ਪ੍ਰਸ਼ਨੋਤਰੀ ਸ਼ੈਲੀ ਵਿਚ ਹੈ। ਗੁਰੂ ਨਾਨਕ ਮਨੁੱਖ ਨੂੰ ਸਵਾਲ ਕਰਦੇ ਹਨ, ਕਿ ਮਨੁੱਖ ਕੀ ਲੈ ਕੇ ਆਇਆ? ਤੇ ਕੀ ਲੈ ਕੇ ਜਾਵੇਗਾ? ਅਗਲੇ ਵਾਕ ਵਿਚ ਗੁਰੂ ਜੀ ਆਪਣੇ ਆਪ ਨੂੰ ਸੰਬੋਧਿਤ ਹੋ ਕੇ ਆਪਣੇ ਮਨ ਨੂੰ ਸਵਾਲ ਕਰਦੇ ਕਿ, ਤੂੰ ਕੀ ਲੈ ਕੇ ਆਇਆਂ ਸੀ? ਤੇ ਕੀ ਲੈ ਕੇ ਜਾਵੇਗਾ? ਅਗਲੀ ਤੁਕ ਵਿਚ ਗੁਰੂ ਜੀ ਇਸ ਦਾ ਉੱਤਰ ਦਿੰਦੇ ਹਨ, ਕਿ ਤੇਰੀ ਖ਼ਲਾਸੀ ਤਾਂ ਹੀ ਹੋਵੇਗੀ, ਜਦ ਤੇਰੇ ਮਨ ਦੇ ਸੰਸੇ ਜਾਂ ਭਟਕਣਾ ਖ਼ਤਮ ਹੋਵੇਗੀ। ਇਸ ਤਰ੍ਹਾਂ ਗੁਰੂ ਜੀ ਇਕ

ਵਾਕ ਵਿਚ ਦੂਹਰੇ ਉਪਵਾਕ ਸਿਰਜ ਕੇ ਮਨੁੱਖ ਨੂੰ ਉਸਦੇ ਜੀਵਨ ਦੇ ਆਦਿ ਤੋਂ ਅੰਤ/ ਜਨਮ ਤੋਂ ਮਰਨ ਤੱਕ ਦੇ ਚੱਕਰਵਿਊ ਤੋਂ ਜਾਣੂ ਕਰਵਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਵਾਕ ਦੁਹਰਾਉ ਦੇ ਨਮੂਨੇ ਵੀ ਮਿਲਦੇ ਹਨ। ਇਹਨਾਂ ਦੀ ਮਾਤਰਾ ਸੀਮਿਤ ਰੂਪ ਵਿਚ ਹੈ, ਪਰ ਵੰਨਗੀ ਵਿਚ ਵਿਭਿੰਨਤਾ ਹੈ। ਵਾਕ ਦੁਹਰੁਕਤੀ 'ਪਹਿਲੇ ਪੰਜ ਗੁਰੂਆਂ, ਭਗਤ ਕਬੀਰ ਤੇ ਭਟ ਗਯੰਦ ਦੀ ਬਾਣੀ ਵਿਚ ਮਿਲਦੀ ਹੈ। ਵਧੇਰੇ ਵਰਤੋਂ ਗੁਰੂ ਨਾ ਨਕ ਬਾਣੀ ਵਿਚ ਹੈ। ਗੁਰੂ ਨਾਨਕ, ਇਕ ਸ਼ਬਦ ਨੂੰ ਕੇਂਦਰ ਵਿਚ ਰੱਖ ਕੇ ਉਸਦੀ ਵਿਆਖਿਆ ਕਰਦੇ ਅਤੇ ਅਖ਼ੀਰ 'ਤੇ ਦੁਹਰਾਉ ਕਰਕੇ ਉਸਦਾ ਮਹੱਤਵ ਦਰਸਾਉਂਦੇ ਹਨ। ਵਾਕ ਦੁਹਰੁਕਤੀ ਦੀ ਇਹ ਬਣਤਰ **ਜਪੁ** ਜੀ ਵਿਚ ਮਿਲਦੀ ਹੈ। 8-11 ਤੱਕ ਪਉੜੀਆਂ 'ਸੁਣੀਐ' ਕੇਂਦਰ ਵਿਚ ਹੈ, ਹਰੇਕ ਪਉੜੀ ਦੇ ਅਖ਼ੀਰ 'ਤੇ ਵਾਕ ਦਾ ਦੁਹਰਾਉ ਸੁਣੀਐ ਦੀ ਮਹੱਤਤਾ ਵਾਲਾ ਹੈ। ਇਸੇ ਤਰ੍ਹਾਂ ਅਗਲੀਆਂ 12-15 ਤੱਕ ਪਉੜੀਆਂ 'ਮੰਨੈ' ਦੀ ਮਹੱਤਤਾ ਦੇ ਅਰਥ ਵਾਲੀਆਂ ਹਨ। 17-19 ਪਉੜੀਆਂ ਦੇ ਅਖ਼ੀਰ ਵੀ ਵਾਕ ਦੁਹਰੁਕਤੀ ਵਾਲਾ ਹੈ। ਵਾਕ ਸਿਰਜਨਾ ਦੀ ਦੂਜੀ ਵਿਧੀ ਵਿਚ ਗੁਰੂ ਨਾਨਕ 'ਵਾਕ ਨੂੰ ਕੇਂਦਰ ਵਿਚ ਰੱਖ ਕੇ ਪਉੜੀ ਦਾ ਆਰੰਭ ਤੇ ਅੰਤ' ਇਕ ਵਾਕ ਨਾਲ ਕਰਦੇ ਹਨ। ਪਉੜੀ ਦੇ ਆਰੰਭਲੇ ਵਾਕ ਵਿਚ ਪਉੜੀ ਦਾ ਕੇਂਦਰੀ ਭਾਵ ਹੈ, ਵਿਚਾਲੇ ਕੇਂਦਰੀ ਭਾਵ ਦੇ ਵਿਆਖਿਆਮਈ ਵਾਕ ਹਨ ਅਤੇ ਅਖ਼ੀਰ 'ਤੇ ਆਰੰਭਲੇ ਵਾਕ ਦਾ ਦੁਹਰਾਉ ਹੈ। ਵਾਕ ਦੁਹਰਾਉ ਦੀ ਇਹ ਕਿਸਮ ਸਥਾਨ ਕਰਕੇ ਦੂਰੀ ਵਾਲੀ ਬਣਦੀ ਹੈ:

ਜੁਗਹ ਜੁਗੰਤਰਿ ਭਗਤ ਤੁਮਾਰੇ ॥ (ਮਃ ੧) ਅੰਗ ਪ੬੭

ਜੁਗਹ ਜੁਗੰਤਰਿ ਭਗਤ ਤੁਮਾਰੇ ॥ (ਮਃ ੧) ਅੰਗ ਪ੬੭

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ (ਮਃ ੧) ਅੰਗ ੧੨੯੦

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ (ਮਃ ੧) ਅੰਗ ੧੨੯੦

ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ॥ (ਮਃ ੧) ਅੰਗ ੧੨੯੦

ਗਿਆਨੁ ਧਿਆਨੁ ਕਛੁ ਸੂਝੈ ਨਾਹੀ ਚਤੁਰੁ ਕਹਾਵੈ ਪਾਂਡੇ ॥ (ਮ: ੧) ਅੰਗ ੧੨੯੦

ਪਹਿਲੇ ਵਾਕ ਦੀ ਬਣਤਰ ਇਕਹਿਰੇ ਵਾਕ ਵਾਲੀ ਹੈ, ਭਾਵ ਇਕ ਵਾਕ ਦਾ ਦੁਹਰਾਉ ਹੈ। ਦੂਜਾ ਵਾਕ ਦੋ ਵਾਕਾਂ ਦਾ ਦੁਹਰਾਉ ਹੈ। ਪਹਿਲਾ ਵਾਕ ਸਲੋਕ ਦੀ ਇਕ ਪਉੜੀ ਦਾ ਕੇਂਦਰੀਕਰਨ ਕਰਦਾ ਹੈ। ਸਲੋਕ ਦੀ ਪੰਜਵੀਂ ਪਉੜੀ ਵਿਚ ਇਹ ਦੁਹਰਾਉ ਮਿਲਦਾ ਹੈ। ਪੂਰੀ ਪਉੜੀ ਵਿਚ ਭਗਤ ਦੇ ਕਾਰਜ ਦੀ ਵਿਆਖਿਆ ਹੈ, ਅਖ਼ੀਰਲੇ ਵਾਕ ਰਾਹੀਂ ਫਿਰ ਗੁਰੂ ਜੀ ਪਹਿਲੇ ਵਾਕ ਦਾ ਦੁਹਰਾਉ ਕਰਕੇ ਭਗਤਾਂ ਦੀ ਮੌਜੂਦਗੀ ਨੂੰ ਦਰਸਾਉਂਦੇ ਹਨ। ਵਾਕ ਦੂਜਾ, ਵਾਕ ਪੂਰੇ ਸਲੋਕ ਦਾ ਕੇਂਦਰੀਕਰਨ ਕਰਦਾ ਹੈ। ਗੁਰੂ ਨਾਨਕ ਦੁਆਰਾ ਰਚਿਤ ਪੂਰੇ ਸਲੋਕ ਦਾ ਭਾਵ ਇਹਨਾਂ ਪੰਕਤੀਆਂ ਦੁਆਲੇ ਘੁੰਮਦਾ ਹੈ। ਸਲੋਕ ਵਿਚ ਗੁਰੂ ਨਾਨਕ ਇਹਨਾਂ ਪੰਕਤੀਆਂ ਰਾਹੀਂ ਮਨੁੱਖ ਨੂੰ ਬਾਰ ਬਾਰ ਉਸਦੀ ਅਸਲੀਅਤ ਦੀ ਸੋਝੀ ਕਰਵਾਉਂਦੇ ਹਨ। ਗੁਰੂ ਨਾਨਕ ਦੇਵ ਜੀ ਦੀ ਕਾਵਿ ਸ਼ੈਲੀ ਭੱਟਾਂ ਦੇ ਸਵੱਈਆਂ ਵਿਚ ਵੇਖਣ ਨੂੰ ਮਿਲਦੀ ਹੈ। ਸਵੈਯਾ ਵਿਚ ਇਕ ਵਾਕ ਦਾ ਦੁਹਰਾਉ ਦੋ ਤੋਂ ਜ਼ਿਆਦਾ ਵਾਰ ਕੀਤਾ ਗਿਆ ਹੈ। ਦੁਹਰਾਉਯੁਕਤ ਵਾਕ 'ਸਵੈਯਾ' ਦੀ ਕੇਂਦਰੀ ਤੁਕ ਦਾ ਕਾਰਜ ਕਰਦਾ ਹੈ:

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥

(ਭਟ ਗਯੰਦ) ਅੰਗ ੧੪੦੧

ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ ॥

(ਭਟ ਗਯੰਦ) ਅੰਗ ੧੪੦੨

ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਵਾਕਾਂ ਦਾ ਵਿਸ਼ੇਸ਼ ਮਹੱਤਵ ਹੈ। ਉਪਰੋਕਤ ਸਵੈਯਾ ਵਿਚ ਜੋ ਕੰਮ ਰਹਾਉ ਦੀ ਪੰਕਤੀ ਕਰਦੀ ਹੈ, ਉਹੀ ਕੰਮ ਵਾਕ ਦਾ ਦੁਹਰਾਉ ਕਰ ਰਿਹਾ ਹੈ। ਸ਼ਲੋਕ ਵਿਚ ਵਾਕ ਦਾ ਦੁਹਰਾਉ ਕਰਕੇ ਉਸੇ ਪ੍ਰਸੰਗ ਨੂੰ ਅੱਗੇ ਵਧਾਇਆ ਜਾਂਦਾ ਹੈ। ਹਰਿਮੰਦਰ ਸਾਹਿਬ ਵਿਚ ਹਰ ਰੋਜ਼ ਅੰਮ੍ਰਿਤ ਵੇਲੇ ਸਿੱਖ ਸੰਗਤ ਇਹਨਾਂ ਵਾਕਾਂ ਦਾ ਦੁਹਰਾਉਗਤ ਉਚਾਰਨ ਕਰਕੇ ਗੁਰੂ ਰਾਮਦਾਸ ਦੀ ਉਸਤਤ ਗਾਉਂਦੀ ਹੈ।

ਹਥਲੇ ਖੋਜ-ਕਾਰਜ ਵਿਚ 'ਪੂਰਨ ਰੂਪਗਤ ਦੁਹਰੁਕਤੀ' ਦੇ ਭੇਦ 'ਸ਼ਬਦ' ਦੁਹਰੁਕਤੀ ਨੂੰ ਆਧਾਰ ਬਣਾਇਆ ਹੈ। ਸੋ ਉਪਰੋਕਤ ਪੂਰਨ ਰੂਪਗਤ ਦੁਹਰੁਕਤੀ ਦੀ ਸੰਖੇਪ ਜਾਣਕਾਰੀ ਹੈ। ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ ਬਣਦੇ ਵੱਖ-ਵੱਖ ਅਧਿਆਇਆਂ ਵਿਚ 'ਸ਼ਬਦ' ਦੁਹਰੁਕਤੀ ਦਾ ਸਮੁੱਚਾ ਵਿਸ਼ਲੇਸ਼ਣ ਕੀਤਾ ਗਿਆ ਹੈ।

**2.1.II. ਵਧਾਵੀਂ ਰੂਪਗਤ ਦੁਹਰੁਕਤੀ:-** ਵਧਾਵੀਂ ਦੁਹਰੁਕਤੀ 'ਰੂਪਗਤ' ਦੁਹਰੁਕਤੀ ਦਾ ਇਕ ਭੇਦ ਹੈ। ਵਧਾਵੀਂ ਦੁਹਰੁਕਤੀ 'ਵਧੇਤਰਯੁਕਤ' ਹੈ। ਵਾਕ ਦੀ ਇਕ ਇਕਾਈ ਵਿਚਲੇ ਦੋ ਸ਼ਬਦਾਂ ਦੇ ਮੂਲ ਧਾਤੂ ਨਾਲ 'ਧੁਨੀ' ਜਾਂ 'ਉਚਾਰਖੰਡ' ਦਾ ਵਾਧਾ 'ਵਧਾਵੀਂ' ਦੁਹਰੁਕਤੀ ਹੈ। ਵਧਾਵੀਂ ਦੁਹਰੁਕਤੀ ਦਾ ਧਾਤੂ ਰੂਪ ਇਕ ਹੁੰਦਾ ਹੈ। ਧਾਤੂ ਨਾਲ ਵਧੇਤਰ ਜੋੜ ਕੇ ਨਵਾਂ ਸ਼ਬਦ ਰੂਪ ਘੜਿਆ ਜਾਂਦਾ ਹੈ। ਧਾਤੂ ਨਾਲ ਧੁਨੀਆਤਮਕ ਜਾਂ ਰੂਪਾਤਮਕ ਵਾਧਾ ਧਾਤੂ ਦੇ 'ਆਦਿ, ਮੱਧ' ਜਾਂ 'ਅੰਤਲੀ' ਸਥਿਤੀ ਵਿਚ ਹੁੰਦਾ ਹੈ। ਆਦਿ, ਮੱਧ ਅਤੇ ਅੰਤਲੀ ਸਥਿਤੀ ਵਜੋਂ ਵਧਾਵੀਂ ਦੁਹਰੁਕਤੀ ਨੂੰ 'ਅਗੇਤਰ, ਮਧੇਤਰ' ਅਤੇ 'ਪਿਛੇਤਰ ਦੁਹਰੁਕਤੀ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਧਾਵੀਂ ਦੁਹਰੁਕਤੀ ਦੀਆਂ ਪੰਜ ਭੇਦ ਮਿਲਦੇ ਹਨ:

**II.i. ਅਗੇਤਰ ਦੁਹਰੁਕਤੀ**

**II.ii. ਮਧੇਤਰ ਦੁਹਰੁਕਤੀ**

**II.iii. ਪਿਛੇਤਰ ਦੁਹਰੁਕਤੀ**

**II.iv. ਅਗੇਤਰ+ ਪਿਛੇਤਰ ਦੁਹਰੁਕਤੀ**

**II.v. ਪਿਛੇਤਰ+ ਪਿਛੇਤਰ**

**II.i. ਅਗੇਤਰ ਦੁਹਰੁਕਤੀ:-** ਮੂਲ ਸ਼ਬਦ ਦੇ ਅੱਗੇ ਲੱਗੇ ਵਧੇਤਰ ਨੂੰ 'ਅਗੇਤਰ' ਕਿਹਾ ਜਾਂਦਾ ਹੈ। ਧਾਤੂ ਨਾਲ ਅਗੇਤਰ ਦੀ ਵਰਤੋਂ ਕਰਨ 'ਤੇ ਇਸਦੇ ਮੂਲ ਰੂਪ ਵਿਚ ਬਦਲਾਅ ਨਹੀਂ ਆਉਂਦਾ, ਜਦਕਿ ਇਸਦੇ ਅਰਥ, 'ਉਤਕਰਸ਼, ਅਪਕਰਸ਼, ਵਿਸਥਾਰ ' ਕਾਰਨ ਇਸਦੀ ਸ਼੍ਰੇਣੀ ਵਿਚ ਬਦਲਾਅ ਦੀ ਸੰਭਾਵਨਾ

ਬਣਦੀ ਹੈ, ਪਰ ਸ਼੍ਰੇਣੀ ਦਾ ਬਦਲਣਾ ਲਾਜ਼ਮੀ ਨਹੀਂ। ਜਿਵੇਂ **ਗੁਰ ਸਤਿਗੁਰ, ਪੜ੍ਹਿਆ ਅਣਪੜ੍ਹਿਆ** ਇਕੋ ਸ਼੍ਰੇਣੀ ਦੇ ਸ਼ਬਦ ਰਹਿੰਦੇ ਹਨ ਪਹਿਲੀ ਉਦਾਹਰਨ ਵਿਚ 'ਅਰਥ ਉਤਕਰਸ਼' ਹੈ ਦੂਜੀ ਵਿਚ 'ਅਰਥ ਅਪਕਰਸ਼'। 'ਅਗੇਤਰ' ਇਸਦਾ ਅਰਥ ਪਰਿਵਰਤਨ ਕਰ ਰਿਹਾ ਹੈ, ਜਦਕਿ ਸ਼ਬਦ ਦੀ ਸ਼੍ਰੇਣੀ ਕਾਇਮ ਰਹਿੰਦੀ ਹੈ। 'ਬੇਅੰਤ ਅੰਤੁ' ਵਿਚ **ਬੇਅੰਤੁ** ਵਿਸ਼ੇਸ਼ਣ ਅਤੇ **ਅੰਤੁ** ਕਾਲ ਵਾਚਕ ਕਿਰਿਆ ਵਿਸ਼ੇਸ਼ਣ ਹੈ, ਇਸਦੇ ਅਰਥ ਦੇ ਨਾਲ ਇਸਦੀ ਸ਼੍ਰੇਣੀ ਵੀ ਪਰਿਵਰਤਤ ਹੋ ਰਹੀ ਹੈ। ਅਗੇਤਰ ਤੋਂ ਵਿਉਂਤਪਤ ਸ਼ਬਦ ਮੂਲ ਧਾਤੂ ਨਾਲ ਦੁਹਰੁਕਤੀਯੁਕਤ ਰੂਪ ਵਿਚ ਵਿਭਿੰਨ ਅਰਥਗਤ ਇਕਾਈਆਂ ਲਈ ਕਾਰਜਸ਼ੀਲ ਹੁੰਦੇ ਹਨ:

ੳ. ਅਰਥ ਉਤਕਰਸ਼

ਅ. ਅਰਥ ਅਪਕਰਸ਼

ੲ. ਅਰਥ ਵਿਸਥਾਰ

**ੳ. ਅਰਥ ਉਤਕਰਸ਼:-** ਮੂਲ ਸ਼ਬਦ ਦੇ ਅੱਗੇ ਲੱਗੇ 'ਅ, ਸੁ, ਬੇ, ਸਤਿ, ਗੁਰ, ਪਾਤਿ, ਬਾਦਿ' ਅਗੇਤਰ ਅਰਥ ਉਤਕਰਸ਼ ਦਾ ਕਾਰਜ ਕਰ ਰਹੇ ਹਨ।

**ਕਰਮ ਸੁਕਰਮ** ਕਰਾਏ ਆਪੇ ਇਸੁ ਜੰਤੈ ਵਸਿ ਕਿਛੁ ਨਾਹਿ ॥ (ਮਃ ੫) ਅੰਗ ੭੭

ਨੀਚ ਰੂਖ ਤੇ ਊਚ ਭਏ ਹੈ **ਗੰਧ ਸੁਗੰਧ** ਨਿਵਾਸਾ ॥ (ਰਵਿਦਾਸ) ਅੰਗ ੪੮੬

ਬਾਬਾਣੀਆ ਕਹਾਣੀਆ **ਪੁਤ ਸਪੁਤ** ਕਰੇਨਿ ॥ (ਮਃ ੩) ਅੰਗ ੯੫੧

ਚੰਦਨ **ਗੰਧ ਸੁਗੰਧ** ਹੈ ਬਹੁ ਬਾਸਨਾ ਬਹਕਾਰਿ ॥ (ਮਃ ੩) ਅੰਗ ੧੨੬੦

**ਬਾਦਿਸਾਹ ਸਾਹ** ਵਾਪਾਰੀ ਮਰਨਾ ॥ਜੋ ਦੀਸੈ ਸੋ ਕਾਲਹਿ ਖਰਨਾ ॥ (ਮਃ ੫) ਅੰਗ ੭੪੦

**ਪਾਤਿਸਾਹ ਸਾਹ** ਉਮਰਾਉ ਪਤੀਆਏ ॥ਦੁਸਟ ਅਹੰਕਾਰੀ ਮਾਰਿ ਪਚਾਏ ॥

(ਮਃ ੫) ਅੰਗ ੮੬੯

ਉਪੋਰਕਤ ਵਾਕਾਂ ਵਿਚ ਅਗੇਤਰ ਦੁਹਰੁਕਤੀ 'ਅਰਥ ਉਤਕਰਸ਼' ਦੀ ਅਰਥਗਤ ਇਕਾਈ ਦਾ ਕਾਰਜ ਕਰ ਰਹੀ ਹੈ। ਅਰਥ ਉਤਕਰਸ਼ ਵਿਚ ਇਸ ਦੀਆਂ ਕਾਰਜੀ ਇਕਾਈਆਂ ਭਿੰਨ ਹਨ। 'ਕਰਮ ਸੁਕਰਮ, ਪੁਤ ਸਪੁਤ, ਗੰਧ ਸੁਗੰਧ' ਵਿਚ ਵਿਚ 'ਸੁ' ਅਗੇਤਰ ਧਾਤੂ ਦੇ ਚੰਗੇ ਗੁਣ ਵਜੋਂ ਅਰਥ ਦੇ ਰਿਹਾ ਹੈ। **ਕਰਮ ਸੁਕਰਮ** (ਚੰਗੇ ਮੰਦੇ ਕਰਮ) ਦੇ ਸਤਹੀ ਅਰਥ ਆਪਸੀ ਵਿਰੋਧ ਵਾਲੇ ਹਨ, ਪਰ ਅਰਥ ਦੇ ਗਹਿਨ ਪੱਧਰ 'ਤੇ ਇਹ ਕਰਮ ਦੇ ਸਮੁਚੇ ਪੱਖ ਦਾ ਪ੍ਰਕਾਰਜ ਕਰ ਰਹੇ ਹਨ। ਗੰਧ ਸੁਗੰਧ ਅਤੇ ਪੁਤ ਸਪੁਤ ਦਾ ਕਾਰਜ ਇਸਤੋਂ ਭਿੰਨ ਹੈ। ਬਾਬਾਣੀਆ ਕਹਾਣੀਆ (ਬਾਬਿਆਂ/ ਵੱਡੇ ਵਡੇਰਿਆਂ ਦੀਆਂ ਕਹਾਣੀਆਂ) ਪੁੱਤ ਤੋਂ ਸਪੁੱਤ ਦਾ ਕਾਰਜ ਕਰਦੀਆਂ ਹਨ। ਗੰਧ ਦੇ ਦੋ ਅਰਥ ਭੇਦ ਹਨ: ਸੁਗੰਧ ਤੇ ਦੁਰਗੰਧ। ਗੰਧ ਭਾਵ ਵਾਚਕ ਨਾਂਵ ਤੋਂ ਸੁਗੰਧ ਦੁਹਰੁਕਤੀਯੁਕਤ ਰੂਪ ਵਿਚ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ।

ਅਖ਼ੀਰਲੇ ਦੋ ਵਾਕਾਂ ਵਿਚ **ਬਾਦਿਸਾਹ ਸਾਹ, ਪਾਤਿਸਾਹ ਸਾਹ** ਦੁਹਰੁਕਤੀਯੁਕਤ ਰੂਪ **ਸਾਹ** ਨਾਂਵ ਨਾਲ **ਬਾਦਿ** ਅਤੇ **ਪਾਤਿ** ਅਗੇਤਰ ਸਾਹ ਦੇ ਉਤਮ ਗੁਣ ਵਜੋਂ ਨਹੀਂ, ਬਲਕਿ ਸਾਹ ਤੋਂ ਉੱਚੀ ਹਸਤੀ ਦੇ ਅਰਥ ਦਿੰਦੇ ਹਨ। ਇਥੇ ਅਗੇਤਰ ਇਕ ਨਵਾਂ 'ਨਾਂਵ' ਸਿਰਜਦਾ ਹੈ। ਸੋ ਬਾਦਿਸਾਹ ਸਾਹ ਅਤੇ ਪਾਤਿਸਾਹ ਸਾਹ ਅਰਥ ਉਤਕਰਸ਼ ਦੀ ਇਕਾਈ ਵਜੋਂ ਇਕ ਵਰਗ ਦੀ ਦੁਹਰੁਕਤੀ ਦਾ ਕਾਰਜ ਕਰਦੇ ਹਨ।

ਪਹਿਲੀ ਕਿਸਮ ਵਿਚ ਧਾਤੂ ਰੂਪ (ਨਾਂਵ) ਇਕ ਹੀ ਰਹਿੰਦਾ ਹੈ, ਦੂਜੀ ਕਿਸਮ ਵਿਚ ਅਗੇਤਰ ਨਾਲ ਦੋ ਨਾਂਵ ਇਕ ਵਰਗ ਵਿਚ ਕਾਰਜਸ਼ੀਲ ਹੁੰਦੇ ਹਨ। ਸੋ ਅਗੇਤਰ ਰੂਪ ਇਕੋ ਅਰਥਗਤ ਇਕਾਈ ਵਿਚ ਵੀ ਵਿਭਿੰਨ ਕਾਰਜ ਕਰਦੇ ਹਨ।

**ਅ. ਅਰਥ ਅਪਕਰਸ਼:-** ਕਿਸੇ ਸ਼ਬਦ ਨਾਲ ਅਗੇਤਰ ਜੁੜਨ 'ਤੇ ਉਹ ਸ਼ਬਦ ਆਪਣੇ ਮੂਲ ਅਰਥਾਂ ਤੋਂ ਹੀਣ ਭਾਵ ਵਾਲੇ ਅਰਥ ਦੇਣ ਤਾਂ ਉਹ 'ਅਰਥ ਅਪਕਰਸ਼' ਹੈ। ਅਰਥ ਅਪਕਰਸ਼ ਆਮ ਤੌਰ ਤੇ ਵਿਰੋਧਾਰਥੀ ਅਤੇ ਵਰਗਾਰਥੀ ਦੁਹਰੁਕਤੀ ਦਾ ਕਾਰਜ ਕਰਦਾ ਹੈ। '**ਅ, ਅਉ, ਅਨ, ਅਵ, ਕੁ, ਦੁਰ, ਨੀ**' ਅਗੇਤਰ ਵਰਤਣ 'ਤੇ ਸ਼ਬਦ ਮੂਲ ਅਰਥ ਤੋਂ ਹੇਠਲੇ ਪੱਧਰ ਦੇ ਅਰਥ ਦੇ ਰਹੇ ਹਨ।

**ਪਤਿ ਅਪਤਿ** ਤਾ ਕੀ ਨਹੀ ਲਾਜ ॥ (ਕਬੀਰ) ਅੰਗ ੩੨੪

ਤਉ **ਸਗਨ ਅਪਸਗਨ** ਕਹਾ ਬੀਚਾਰੈ ॥ (ਮਃ ੫) ਅੰਗ ੨੯੧

**ਰੂਪੁ ਅਨਰੂਪੁ** ਮੋਰੋ ਕਛੁ ਨ ਬੀਚਾਰਿਓ ਪ੍ਰੇਮ ਗਹਿਓ ਮੋਹਿ ਹਰਿ ਰੰਗ ਭੀਨ ॥

(ਮਃ ੫) ਅੰਗ ੭੧੬

**ਥਾਉ ਕੁਥਾਉ** ਨ ਜਾਣਨੀ ਸਦਾ ਚਿਤਵਹਿ ਬਿਕਾਰ ॥ (ਮਃ ੩) ਅੰਗ ੧੨੪੮

**ਅਪਵਿਤ੍ਰ ਪਵਿਤ੍ਰ** ਜਿਨਿ ਤੂ ਕਰਿਆ ॥ (ਮਃ ੫) ਅੰਗ ੯੧੩

**ਨਾਪਾਕ ਪਾਕੁ** ਕਰਿ ਹਦੂਰਿ ਹਦੀਸਾ ਸਾਬਤ ਸੂਰਤਿ ਦਸਤਾਰ ਸਿਰਾ ॥

(ਮਃ ੫) ਅੰਗ ੧੦੮੪

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਸ਼ਬਦਾਂ ਨਾਲ ਲੱਗੇ ਅਗੇਤਰ ਸ਼ਬਦਾਂ ਨੂੰ ਨਾਂਹਵਾਚਕ ਅਤੇ ਵਿਰੋਧਾਰਥਕ ਅਰਥ ਦਿੰਦੇ ਹਨ। ਪਹਿਲੇ ਪੰਜ ਵਾਕਾਂ ਵਿਚ ਅਗੇਤਰ ਦੂਜੇ ਸ਼ਬਦ ਨਾਲ ਹੈ, ਇਹ ਮੂਲ ਅਰਥ ਤੋਂ ਮੰਦ ਅਰਥ ਦਾ ਵਿਰੋਧ ਸਿਰਜ ਰਿਹਾ ਹੈ। ਵਾਕ ਦੇ ਪ੍ਰਸੰਗ ਵਿਚ ਅਰਥਾਂ ਵਿਚਲਾ ਵਿਰੋਧ, ਵਿਰੋਧੀ ਸਥਿਤੀ ਵਿਚ ਨਹੀਂ, ਬਲਕਿ ਸਮੁਚਤਾ ਦੀ ਇਕਾਈ ਵਿਚ ਹੈ। ਅਖ਼ੀਰਲੇ ਦੋ ਵਾਕਾਂ ਵਿਚ ਅਗੇਤਰ **ਅਪਵਿਤ੍ਰ ਤੋਂ ਪਵਿਤ੍ਰ, ਨਾਪਾਕ ਤੋਂ ਪਾਕੁ** ਭਾਵ ਮੰਦੇ ਤੋਂ ਚੰਗੀ ਸਥਿਤੀ ਵੱਲ ਕਾਰਜ ਕਰ ਰਿਹਾ ਹੈ। ਇਥੇ ਇਹ ਗੁਰਬਾਣੀ ਵਿਚਲੀ ਦਾਰਸ਼ਨਿਕ ਮਹੱਤਤਾ ਨੂੰ ਦਰਸਾਉਂਦਾ ਹੈ।

**ੲ. ਅਰਥ ਵਿਸਥਾਰ:**

**ਰੰਗ ਪਰੰਗ** ਅਨੇਕ ਨ ਜਾਪਨ੍ਹਿ ਕਰਤਬਾ ॥ (ਮਃ ੫) ਅੰਗ ੯੬੫

**ਦੇਸਿ ਪਰਦੇਸਿ** ਧਨੁ ਚੋਰਾਇ ਆਣਿ ਮੁਹਿ ਪਾਇਆ ॥ (ਮਃ ੪) ਅੰਗ ੧੨੪੯

ਕੂਪੁ ਭਰਿਓ ਜੈਸੇ ਦਾਦਿਰਾ ਕਛੁ **ਦੇਸੁ ਬਿਦੇਸੁ** ਨ ਬੂਝ ॥

(ਰਵਿਦਾਸ) ਅੰਗ ੩੪੬

ਉਪਰੋਕਤ ਵਾਕਾਂ ਵਿਚ **ਰੰਗ ਪਰੰਗ** ਦਾ **ਦੇਸਿ ਪਰਦੇਸਿ** ਅਤੇ **ਦੇਸੁ ਬਿਦੇਸੁ** ਤੋਂ ਵੱਖਰਾ ਪ੍ਰਕਾਰਜ ਹੈ। **ਰੰਗ ਪਰੰਗ** ਵਿਚ ਅਗੇਤਰ 'ਰੰਗਾਂ ਦੀ ਵਿਭਿੰਨਤਾ' ਜਾਂ 'ਰੰਗਾਂ ਦੀ ਅਨੇਕਤਾ' ਵਜੋਂ 'ਵਿਸ਼ੇਸ਼ਣ' ਦਾ ਕਾਰਜ ਕਰਦਾ ਹੈ। **ਦੇਸਿ** ਨਾਲ **ਪਰ** ਅਤੇ **ਬਿ** ਅਗੇਤਰ ਦੇਸ ਤੋਂ ਪ੍ਰਦੇਸ਼ ਜਾਂ ਵਿਦੇਸ ਦੇ ਅਰਥ ਦਿੰਦੇ ਹਨ,

ਅਗੇਤਰ ਦੇਸ ਦੇ ਖੇਤਰ ਦਾ ਵਿਸਥਾਰ ਕਰਦੇ ਹਨ। ਦੇਸ ਤੋਂ ਪ੍ਰਦੇਸ ਜਾਂ ਬਿਦੇਸੁ ਦੀ ਪ੍ਰਕਿਰਤੀ ਵਿਰੋਧ ਵਾਲੀ ਹੈ, ਜਦਕਿ ਵਾਕ ਦੇ ਸੰਦਰਭ ਵਿਚ ਇਹ 'ਅਰਥ ਵਿਸਥਾਰ' ਦਾ ਕਾਰਜ ਕਰ ਰਹੇ ਹਨ।

ਅਰਥਗਤ ਪ੍ਰਕਾਰਜੀ ਇਕਾਈਆਂ ਤੋਂ ਬਿਨਾਂ ਅਗੇਤਰ ਦੁਹਰੁਕਤੀ 'ਅਰਥਗਤ' ਦੁਹਰੁਕਤੀ ਦੀ ਸਿਰਜਨਾ ਦਾ ਆਧਾਰ ਵੀ ਬਣਦੀ ਹੈ। ਇਸ ਦੀ ਵਰਤੋਂ ਨਾਲ 'ਵਰਗਾਰਥੀ' ਅਤੇ 'ਵਿਰੋਧਾਰਥੀ' ਦੁਹਰੁਕਤੀਯੁਕਤ ਸ਼ਬਦ ਘੜੇ ਜਾਂਦੇ ਹਨ।

**ਸ. ਵਰਗਾਰਥੀ ਦੁਹਰੁਕਤੀ:**

ਜਾ ਕੈ **ਈਦਿ ਬਕਰੀਦਿ** ਕੁਲ ਗਊ ਰੇ ਬਧੁ ਕਰਹਿ ਮਾਨੀਅਹਿ ਸੇਖ ਸਹੀਦ ਪੀਰਾ ॥

(ਰਵਿਦਾਸ) ਅੰਗ ੧੨੯੩

ਛਾਇਆ ਰੂਪੀ ਸਾਧੁ ਹੈ ਜਿਨਿ ਤਜਿਆ **ਬਾਦੁ ਬਿਬਾਦੁ** ॥ (ਕਬੀਰ) ਅੰਗ ੧੩੭੬

**ਆਸ ਪਿਆਸ** ਸਫਲ ਮੂਰਤਿ ਉਮਗਿ ਹੀਉ ਤਰਸਨਾ ॥ (ਮਃ ੫) ਅੰਗ ੧੩੦੫

ਗੁਰੁ ਜਿਨ੍ਹ ਕਉ ਸੁਪ੍ਰਸੰਨੁ **ਮਾਨੁ ਅਭਿਮਾਨੁ** ਨਿਵਾਰੈ ॥ (ਭਟ ਕਲਜਜ) ਅੰਗ ੧੩੯੮

'ਅਰਥ ਉਤਕਰਸ਼' ਵਿਚ ਅਗੇਤਰ ਅਰਥ ਉਤਕਰਸ਼ ਦੇ ਨਾਲ ਵਰਗਾਰਥੀ ਦੁਹਰੁਕਤੀ ਦਾ ਕਾਰਜ ਵੀ ਕਰਦੇ ਹਨ, ਪਰ ਉਪਰੋਕਤ ਵਾਕਾਂ ਵਿਚ ਅਗੇਤਰ ਦੁਹਰੁਕਤੀਯੁਕਤ ਸ਼ਬਦ ਕੇਵਲ ਇਕ ਵਰਗ ਦੇ ਅਰਥਾਂ ਦਾ ਪ੍ਰਕਾਰਜ ਕਰ ਰਹੇ ਹਨ। **ਈਦਿ** ਮੁਸਲਮਾਨਾਂ ਦਾ ਧਾਰਮਿਕ ਤਿਉਹਾਰ, **ਬਕਰੀਦਿ, ਈਦਿ** ਨਾਲ **ਬਕਰ** ਅਗੇਤਰ **ਈਦ** ਦੀ ਇਕ ਵਿਸ਼ੇਸ਼ ਕਿਸਮ, **ਬਾਦੁ ਬਿਬਾਦੁ** 'ਵਾਦ ਵਿਵਾਦ' ਦੇ ਅਰਥਾਂ ਵਿਚ, **ਆਸ ਪਿਆਸ** ਉਮੀਦ ਅਤੇ ਤਾਂਘ, **ਮਾਨੁ ਅਭਿਮਾਨੁ** ਸਾਰੇ ਇਕੋ ਵਰਗ ਦੇ ਸ਼ਬਦ ਹਨ।

**ਹ. ਵਿਰੋਧਾਰਥਕ ਦੁਹਰੁਕਤੀ:-** ਦੁਹਰੁਕਤੀਯੁਕਤ ਸ਼ਬਦ ਵਿਚ ਮੂਲ ਰੂਪ ਨਾਲ ਲੱਗਾ 'ਅਗੇਤਰ' ਵਾਕ ਦੇ ਸੰਦਰਭ ਵਿਚ ਵਿਰੋਧ ਦਾ ਕਾਰਜ ਕਰਦਾ ਹੈ। ਅਗੇਤਰ ਰੂਪੀ 'ਵਿਰੋਧਾਰਥਕ' ਦੁਹਰੁਕਤੀ ਵਿਰੋਧ ਦੇ ਨਾਲ 'ਅਰਥ ਅਪਕਰਸ਼' ਦਾ ਕਾਰਜ ਵੀ ਕਰਦੀ ਹੈ। 'ਅਪਵਿਤ੍ਰ ਪਵਿਤ੍ਰ' ਵਿਰੋਧਾਰਥਕ ਦੁਹਰੁਕਤੀ ਵਿਚ 'ਅਰਥ

ਅਪਕਰਸ਼' ਹੈ। 'ਅਪਵਿਤ੍ਰ' ਅਗੇਤਰ+ ਮੂਲ ਸ਼ਬਦ 'ਅਰਥ ਉਤਕਰਸ਼' ਤੋਂ 'ਅਰਥ ਅਪਕਰਸ਼' ਦਾ ਕਾਰਜ ਕਰ ਰਿਹਾ ਹੈ। **ਸਰ ਅਪਸਰ, ਗਤਿ ਅਵਿਗਤ** (ਚੰਗਾ ਮੰਦਾ), **ਕਾਲੁ ਬਿਕਾਲੁ** (ਮੌਤ ਜਨਮ), **ਭਾਉ ਅਭਾਉ** (ਪਿਆਰ ਵੈਰ), **ਥਾਪਿ ਉਥਾਪਿ** (ਬਣਾਉਣਾ, ਨਾਸ ਕਰਨਾ) ਆਦਿ ਸ਼ਬਦਾਂ ਨਾਲ ਲੱਗੇ ਅਗੇਤਰ ਕੇਵਲ ਵਿਰੋਧ ਦਾ ਕਾਰਜ ਕਰ ਰਹੇ ਹਨ:

**ਅਪਵਿਤ੍ਰ ਪਵਿਤ੍ਰ** ਜਿਨਿ ਤੂ ਕਰਿਆ ॥ (ਮਃ ੫) ਅੰਗ ੯੧੩

ਗੁਰਮੁਖਿ **ਸਰ ਅਪਸਰ** ਬਿਧਿ ਜਾਣੈ ॥ (ਮਃ ੧) ਅੰਗ ੯੪੧

**ਗਤਿ ਅਵਿਗਤ** ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ ॥

(ਮਃ ੧) ਅੰਗ ੧੦੨੫

**ਕਾਲੁ ਬਿਕਾਲੁ** ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ (ਮਃ ੧) ਅੰਗ ੭੬੪

**ਕਾਲੁ ਅਕਾਲੁ** ਖਸਮ ਕਾ ਕੀਨ੍ਹਾ ਇਹੁ ਪਰਪੰਚੁ ਬਧਾਵਨੁ ॥ (ਕਬੀਰ) ਅੰਗ ੧੧੦੪

**ਪਵਿਤ੍ਰ** ਦਾ ਵਿਰੋਧੀ ਸ਼ਬਦ ਪਤਿਤ ਹੈ, ਉਪਰੋਕਤ ਵਾਕ ਵਿਚ **ਪਵਿਤ੍ਰ** ਨਾਲ **ਅ** ਅਗੇਤਰ ਇਸਦੇ ਵਿਰੋਧਾਰਥਕ ਸ਼ਬਦ ਵਜੋਂ ਪ੍ਰਕਾਰਜ ਕਰ ਰਿਹਾ ਹੈ। 'ਪਵਿਤ੍ਰ ਪਤਿਤ' ਵਿਰੋਧਾਰਥਕ ਦੁਹਰੁਕਤੀ ਹੈ, ਇਹ ਅਰਥ ਅਪਕਰਸ਼ ਜਾਂ ਅਗੇਤਰ ਦੁਹਰੁਕਤੀ ਦੇ ਅੰਤਰਗਤ ਨਹੀਂ ਆਉਂਦੀ। **ਸਰ ਅਪਸਰ** ਅਤੇ **ਗਤਿ ਅਵਿਗਤ** ਵਿਚ **ਅਪ** ਅਤੇ **ਅਵਿ** ਅਗੇਤਰ ਵਿਰੋਧ ਦਾ ਕਾਰਜ ਕਰਦੇ ਹਨ। ਇਹ ਚੰਗੇ ਮੰਦੇ ਦੇ ਅਰਥਾਂ ਵਿਚ ਪ੍ਰਕਾਰਜਸ਼ੀਲ ਹਨ। ਅਖ਼ੀਰਲੇ ਦੋ ਵਾਕਾਂ ਵਿਚ **ਕਾਲੁ ਬਿਕਾਲੁ** ਅਤੇ **ਕਾਲੁ ਅਕਾਲੁ** 'ਜਨਮ ਮਰਨ' ਵਿਰੋਧੀ ਅਰਥਾਂ ਵਿਚ ਜੀਵ ਦੀ ਆਵਾਗਵਨ ਦੀ ਸਮੁਚੀ ਸਥਿਤੀ ਦਾ ਪ੍ਰਕਾਰਜ ਕਰਦੇ ਹਨ।

**ਕ. ਸ਼ਬਦਾ ਦੀ ਰੂਪਾਤਮਕ ਸਾਂਝ:-** ਅਗੇਤਰ ਦੀ ਵਰਤੋਂ ਕਰਨ ਨਾਲ ਸ਼ਬਦ ਦਾ ਰੂਪ ਨਹੀਂ ਬਦਲਦਾ, ਅਜਿਹੀ ਸਥਿਤੀ ਵਿਚ ਸ਼ਬਦ ਦਾ ਅਰਥ ਵਿਭਿੰਨ ਹੋਣ 'ਤੇ ਸ਼ਬਦਾਂ ਦੀ ਰੂਪਾਤਮਕ ਸਾਂਝ ਦੁਹਰੁਕਤੀ ਦਾ ਕਾਰਜ ਕਰਦੀ ਹੈ:

**ਵਿਤ ਨਵਿਤ** ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ ॥

(ਮਃ ੫) ਅੰਗ ੯੯੯

**ਦੁਘਟ ਘਟ** ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥

(ਮਃ ੧) ਅੰਗ ੧੦੪੨

ਉਪਰੋਕਤ ਵਾਕਾਂ ਵਿਚ ਅਗੇਤਰ ਦੁਹਰੁਕਤੀਯੁਕਤ ਸ਼ਬਦਾਂ ਵਿਚ ਅਰਥ ਦੇ ਪੱਖ ਤੋਂ ਕੋਈ ਸਾਂਝ ਨਹੀਂ ਬਣਦੀ। ਰੂਪਾਤਮਕ ਸਾਂਝ ਹੋਣ ਕਾਰਨ ਇਹ 'ਅਗੇਤਰ ਦੁਹਰੁਕਤੀ' ਦੀ ਸ਼੍ਰੇਣੀ ਵਿਚ ਆਉਂਦੇ ਹਨ। **ਵਿਤ** ਭਾਵ 'ਧਨ'[7] ਨਾਂਵ, **ਨ** ਅਗੇਤਰ **ਨਵਿਤ** ਦਾ ਅਰਥ 'ਧਨ ਦੀ ਖਾਤਰ'[8] **ਵਿਤ** ਇਕ ਸ਼ਬਦ ਦਾ ਅਰਥ ਦਿੰਦਾ ਹੈ, **ਨਵਿਤ** ਇਕ ਵਾਕੰਸ਼ ਦਾ। **ਘਟ** ਭਾਵ 'ਰਸਤਾ'[9] ਨਾਂਵ, **ਦੁਘਟ** 'ਔਖਾ ਰਸਤਾ'[10] ਵਿਸ਼ੇਸ਼ਣ+ ਨਾਂਵ। ਵਾਕ ਦਾ ਕਰਮ ਇਸਤੋਂ ਪਿਛਲੇ ਵਾਕ ਵਿਚ ਹੈ, ਉਪਰੋਕਤ ਵਾਕ ਕਰਮ ਦੀ ਪ੍ਰਾਪਤੀ/ ਫ਼ਲ ਵਾਲਾ ਹੈ। ਦੁਘਟ (ਘਟ) ਅਗੇਤਰਯੁਕਤ ਵਿਸ਼ੇਸ਼ਣ ਰੂਪ ਫ਼ਲ ਦੀ ਪ੍ਰਾਪਤੀ ਦਾ ਕਾਰਜ ਕਰ ਰਿਹਾ ਹੈ। ਸਿਮਰਨ ਦੀ ਬਰਕਤ ਨਾਲ ਔਖੇ ਜੀਵਨ ਪੰਧ ਦਾ ਨਾਸ ਕਰਨ ਵਾਲਾ ਪਰਮਾਤਮਾ ਮਿਲ ਜਾਂਦਾ ਹੈ ਤੇ ਮਨੁੱਖ ਆਵਾਗਵਨ ਤੋਂ ਮੁਕਤ ਹੋ ਜਾਂਦਾ ਹੈ।

**ਖ. ਦਬਾਉਬੋਧਕ ਪ੍ਰਭਾਵ:**

ਮਝ ਭਰਿ **ਦੁਖ ਬਦੁਖ** ॥ ਨਾਨਕ ਸਚੇ ਨਾਮ ਬਿਨੁ ਕਿਸੈ ਨ ਲਥੀ ਭੁਖ ॥

(ਮਃ ੧) ਅੰਗ ੧੦੯੧

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ **ਸੁੰਨ ਮਸੁੰਨੰ** ॥ (ਮਃ ੧) ਅੰਗ ੯੪੩

---

7 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 409.

8 ਓਹੀ।

9 ਓਹੀ, ਪੰਨਾ 636.

10 ਓਹੀ।

ਦੁਖ ਨਾਲ ਲੱਗਾ **ਬ** ਅਤੇ 'ਸੁੰਨ' ਨਾਲ **ਅ** ਅਗੇਤਰ ਦਬਾਉਬੋਧਕ 'ਹੀ' ਦਾ ਪ੍ਰਕਾਰਜ ਕਰ ਰਹੇ ਹਨ। ਦੁਖ+ ਬ ਅਗੇਤਰ ਨਾਲ ਬਣਿਆ 'ਬਦੁਖ' ਇਕਹਿਰੇ ਰੂਪ ਵਿਚ ਅਰਥ ਵਿਸਥਾਰ ਨਹੀਂ ਕਰਦਾ, ਇਥੇ ਇਹ ਨੁਕਤਾ ਵੀ ਉਘੜਦਾ ਹੈ, ਹੋ ਸਕਦਾ ਹੈ ਕਿ **ਬ** ਦੋਵਾਂ ਸ਼ਬਦਾਂ ਤੋਂ ਵੱਖਰਾ, ਦੋਹਾਂ ਦੇ ਮੱਧ ਵਿਚ ਹੋਵੇ, ਰਚਨਾ ਦੀ ਸੰਯੋਗਾਤਮਕ ਭਾਸ਼ਾ ਦੇ ਨਿਖੇੜ ਸਮੇਂ **ਬ** ਨੂੰ ਦੁਖ ਨਾਲ ਅਗੇਤਰ ਵਜੋਂ ਜੋੜ ਦਿੱਤਾ ਹੋਵੇ। ਸੋ ਇਥੇ ਇਸਨੂੰ ਅਗੇਤਰ ਦੇ ਅਰਥਾਂ ਵਿਚ ਲਿਆ ਹੈ, ਇਹ ਅਗੇਤਰ+ਨਾਂਵ, ਦੇ ਰੂਪ ਵਿਚ ਨਾਂਵ ਸ਼ਬਦਾਂ 'ਤੇ ਦਬਾਉ ਬੋਧਕ ਕਾਰਜ ਕਰ ਰਿਹਾ ਹੈ। **ਬ** ਅਗੇਤਰ ਦੀ ਥਾਂ 'ਹੀ' ਸ਼ਬਦ ਵਰਤਣ ਨਾਲ ਕਾਵਿਮਈ ਵਾਕ ਵਾਰਤਕ ਰੂਪ ਵਧੇਰੇ ਪ੍ਰਤੀਤ ਹੁੰਦਾ ਹੈ। ਅਖ਼ੀਰਲੇ ਵਾਕ ਦੀ ਸਥਿਤੀ ਵੀ ਅਜਿਹੀ ਹੈ, **ਸੁੰਨੰ ਮਸੁੰਨੰ** ਦੁਹੁਰਕਤੀਯੁਕਤ ਰੂਪ ਵਿਚ ਨਿਰਗੁਣ ਪਰਮਾਤਮਾ ਦੀ ਸਰਵ ਵਿਆਪਕਤਾ ਤੇ ਨਿਰੋਲ ਹੋਂਦ ਨੂੰ ਦਰਸਾ ਰਿਹਾ ਹੈ।

ਸੋ ਦੁਹਰੁਕਤੀਯੁਕਤ ਸ਼ਬਦਾਂ ਵਿਚ ਮੂਲ ਸ਼ਬਦ ਨਾਲ ਲੱਗੇ ਅਗੇਤਰਾਂ ਦੇ ਵਿਭਿੰਨ ਪ੍ਰਕਾਰਜ ਹਨ।

**II.ii. ਮਧੇਤਰ ਦੁਹਰੁਕਤੀ:-** ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਵਿਚ 'ਮਧੇਤਰ' ਦੀ ਵਰਤੋਂ ਆਮ ਮਿਲਦੀ ਹੈ। ਮਧੇਤਰ ਵਰਤੋਂ ਦੇ ਚਾਰ ਉਪਭੇਦ ਮਿਲਦੇ ਹਨ 'ਇਕਹਿਰਾ ਮਧੇਤਰ, ਦੂਹਰਾ ਮਧੇਤਰ, ਮਧੇਤਰ+ ਪਿਛੇਤਰ ਅਤੇ ਪਿਛੇਤਰ+ ਮਧੇਤਰ।' ਇਕਹਿਰੇ ਮਧੇਤਰ ਵਿਚ ਦੁਹਰੁਕਤੀਯੁਕਤ ਸ਼ਬਦ ਦੇ ਇਕ ਸ਼ਬਦ ਨਾਲ ਵਧੇਤਰ ਦੀ ਵਰਤੋਂ ਹੈ, ਦੂਹਰੇ ਮਧੇਤਰ ਦੀ ਵਰਤੋਂ ਦੋ ਰੂਪਾਂ ਵਿਚ ਮਿਲਦੀ ਹੈ: ਦੁਹਰੁਕਤੀ ਦੇ ਇਕ ਸ਼ਬਦ ਵਿਚ ਮਧੇਤਰ ਦੀ ਦੂਹਰੀ ਵਰਤੋਂ ਅਤੇ ਦੂਜੇ ਰੂਪ ਵਿਚ ਦੁਹਰੁਕਤੀ ਦੇ ਦੋਹਾਂ ਸ਼ਬਦਾਂ ਨਾਲ ਮਧੇਤਰ ਦੀ ਵਰਤੋਂ। ਮਧੇਤਰ+ ਪਿਛੇਤਰ ਵਿਚ ਮਧੇਤਰ ਪਹਿਲਾਂ ਅਤੇ ਪਿਛੇਤਰ ਦੀ ਵਰਤੋਂ ਬਾਅਦ ਵਿਚ ਹੈ ਅਤੇ ਪਿਛੇਤਰ+ ਮਧੇਤਰ ਵਿਚ ਪਿਛੇਤਰ ਦੀ ਵਰਤੋਂ ਪਹਿਲਾਂ ਅਤੇ ਮਧੇਤਰ ਦੀ ਵਰਤੋਂ ਮਗਰੋਂ ਆਉਂਦੀ ਹੈ।

ਦੁਹਰੁਕਤੀਯੁਕਤ ਸ਼ਬਦਾਂ ਨਾਲ ਮਧੇਤਰ ਦੀ ਵਰਤੋਂ ਕਰਨ 'ਤੇ ਇਕ ਸ਼ਬਦ ਦੂਜੇ ਤੋਂ ਵੱਖਰੇ ਅਰਥ ਦਿੰਦਾ ਹੈ, ਜਿਵੇਂ **ਪਾਰਸੁ ਪਰਸੁ** 'ਪਾਰਸੁ' ਗੁਰੂ ਦਾ ਵਿਸ਼ੇਸ਼ਣ ਹੈ, ਪਰਸੁ ਛੋਹ ਹੈ। ਦੋਵੇਂ ਇਕ ਦੂਜੇ ਤੋਂ ਵੱਖਰੇ ਅਰਥ ਵਾਲੇ ਹਨ, ਦੂਹਰੀ ਵਰਤੋਂ ਵਿਚ ਦੋਹਾਂ ਦੀ ਸ਼ਬਦ ਬਣਤਰ ਇਕ ਹੈ। **ਅਪਰ ਅਪਾਰੁ** ਦੀ ਵਰਤੋਂ

ਵਿਸ਼ੇਸ਼ਣ ਵਾਕੰਸ਼ ਦਾ ਕਾਰਜ ਕਰ ਰਹੀ ਹੈ। **ਤਰਨ ਤਾਰਨ** ਵਿਚ 'ਤਰਨ' ਨਾਂਵ ਰੂਪ ਹੈ, ਤਰਨ ਨਾਲ ਮਧੇਤਰ ਦੀ ਵਰਤੋਂ ਕਰਨ 'ਤੇ ਇਹ 'ਕਰਤਾ ਕਾਰਕ' ਦਾ ਕਾਰਜ ਕਰ ਰਿਹਾ ਹੈ। ਇਸੇ ਤਰ੍ਹਾਂ **ਖਲਕੁ** ਤੋਂ **ਖਾਲਕੁ** ਆਮ ਨਾਂਵ ਤੋਂ ਕਰਤਾ ਕਾਰਕ ਨਾਂਵ ਦਾ ਕਾਰਜ ਕਰ ਰਿਹਾ ਹੈ।

ਫਰੀਦਾ **ਖਾਲਕੁ ਖਲਕ** ਮਹਿ ਖਲਕ ਵਸੈ ਰਬ ਮਾਹਿ ॥ (ਮਃ ੫) ਅੰਗ ੧੩੮੧

ਹਰਿ ਕੀਰਤਿ ਗੁਰਮਤਿ ਜਸੁ ਗਾਇਓ ਮਨਿ ਉਘਰੇ **ਕਪਟ ਕਪਾਟ** ॥

(ਮਃ ੪) ਅੰਗ ੯੮੬

ਮੂਲ ਰੂਪ ਨਾਲ ਮਧੇਤਰ ਲਾ ਕੇ ਸ਼ਬਦਾਂ ਦੀ ਕਾਰਕੀ ਸਥਿਤੀ ਬਦਲ ਜਾਂਦੀ ਹੈ ਅਤੇ ਇਹ ਮੂਲ ਤੋਂ ਵੱਖਰੇ ਅਰਥਾਂ ਦਾ ਸੰਚਾਰ ਕਰਦੇ ਹਨ। ਜਿਵੇਂ **ਖਲਕ** ਆਮ ਨਾਂਵ ਹੈ, ਮਧੇਤਰ ਦੀ ਵਰਤੋਂ ਨਾਲ ਬਣਿਆ **ਖਾਲਕੁ** ਖ਼ਾਸ ਨਾਂਵ ਕਰਤਾ ਕਾਰਕ ਦਾ ਕਾਰਜ ਕਰ ਰਿਹਾ ਹੈ। **ਕਪਟ ਕਪਾਟ** ਦੁਹਰੁਕਤੀ ਵਿਚ ਵਰਤਿਆ ਮਧੇਤਰ ਦੋਵਾਂ ਸ਼ਬਦਾਂ ਨੂੰ ਇਕ ਦੂਜੇ ਤੋਂ ਵੱਖਰੇ ਅਰਥ ਦੇ ਰਿਹਾ ਹੈ, ਕਪਟ 'ਵਿਸ਼ੇਸ਼ਣ' ਹੈ ਅਤੇ ਕਪਾਟ 'ਆਮ ਨਾਂਵ' ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਅਰਥਾਂ ਦਾ ਸੰਚਾਰ ਕਰ ਰਹੇ ਹਨ।

ਹਮ **ਕੁਚਲ ਕੁਚੀਲ** ਅਤਿ ਅਭਿਮਾਨੀ ਮਿਲਿ ਸਬਦੇ ਮੈਲੁ ਉਤਾਰੀ ॥

(ਮਃ ੩) ਅੰਗ ੯੧੦

**ਕੁਚਲ, ਚਲ** ਨਾਲ **ਕੁ** ਪਿਛੇਤਰ ਜੁੜ ਕੇ ਬਣਿਆ 'ਕੁਚਲ' ਭੈੜੀ ਚਾਲ ਦੇ ਅਰਥ ਦਿੰਦਾ ਹੈ, **ਕੁਚਲ** ਤੋਂ **ਈ** ਮਧੇਤਰ ਲਾ ਕੇ ਬਣਿਆ 'ਕੁਚੀਲ' ਆਚਰਨ (ਨਾਂਵ) ਦੇ ਅਰਥ ਦਿੰਦਾ ਹੈ। ਦੋਹਾਂ ਦੇ ਅਰਥ ਮਿਲਦੇ- ਜੁਲਦੇ ਹਨ, ਪਰ ਸਮਾਨ ਨਹੀਂ।

ਮਧੇਤਰ ਰਹਿਤ ਅਜਿਹੇ ਸ਼ਬਦਾਂ ਦੀ ਦੂਹਰੀ ਵਰਤੋਂ ਨਹੀਂ ਮਿਲਦੀ, ਭਾਵ 'ਮਧੇਤਰ' ਤੋਂ ਬਿਨਾਂ 'ਕੁਚਲ ਕੁਚਲ' ਨੂੰ ਦੂਹਰੇ ਰੂਪ ਵਿਚ ਵਰਤਣ ਨਾਲ ਕਾਵਿ ਦੀ ਚਾਲ ਲੈਅਮਈ ਨਹੀਂ ਰਹਿੰਦੀ ਤੇ ਇਸ ਵਿਚ ਅਰਥ ਅਤੇ ਕਾਰਜ ਪਰਿਵਰਤਨ ਵਾਪਰਦਾ ਹੈ । ਅਜਿਹੀ ਸਥਿਤੀ ਵਿਚ 'ਮਧੇਤਰ' ਦੁਹਰੁਕਤੀਯੁਕਤ

ਵਰਤੋਂ ਵਿਧੀ ਦਾ ਕਾਰਜ ਕਰ ਰਿਹਾ ਹੈ। ਮਧੇਤਰ+ ਪਿਛੇਤਰ ਅਤੇ ਪਿਛੇਤਰ+ ਮਧੇਤਰ ਦੀ ਵਰਤੋਂ ਵੀ ਮਿਲਦੀ ਹੈ। ਮਧੇਤਰ+ ਪਿਛੇਤਰ ਦੀ ਵਰਤੋਂ ਨਾਲ ਮੂਲ ਸ਼ਬਦ ਦੇ ਅਰਥ ਅਤੇ ਕਾਰਜ ਬਦਲ ਜਾਂਦਾ ਹੈ:

ਆਪੇ **ਪਤਣੁ ਪਾਤਣੀ** ਪਿਆਰਾ ਆਪੇ ਪਾਰਿ ਲੰਘਾਹੁ ॥ (ਮਃ ੪) ਅੰਗ ੬੦੪

**ਬ੍ਰਾਹਮਣੁ ਬ੍ਰਹਮੁ** ਜੋ ਬਿੰਦੇ ਹਰਿ ਸੇਤੀ ਰੰਗਿ ਰਾਤਾ ॥ (ਮਃ ੩) ਅੰਗ ੬੮

ਪਹਿਲੇ ਵਾਕ ਵਿਚ **ਪਤਣੁ** ਸਥਾਨ ਵਾਚਕ ਨਾਂਵ ਤੋਂ **ਪਾਤਣੀ** ਕਰਤਾ ਕਾਰਕ ਨਾਂਵ ਦਾ ਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ **ਬ੍ਰਹਮੁ** ਤੋਂ **ਬ੍ਰਾਹਮਣੁ** (**ਬ੍ਰਹਮੁ)** ਸੰਕਲਪ ਤੋਂ ਕਰਤਾ ਨਾਂਵ ਦੀ ਸਥਿਤੀ ਵਿਚ ਹੈ। ਇਥੇ ਮਧੇਤਰ ਦੀ ਵਰਤੋਂ ਵਾਲੇ ਸ਼ਬਦ ਰੂਪ ਹਨ, ਪ੍ਰੰਤੂ ਇਹ ਸ਼ਬਦ ਦੁਹਰੁਕਤੀਯੁਕਤ ਕਿਸਮ ਵਾਲੇ ਨਹੀਂ ਹਨ।

ਆਪੇ **ਪਰਖੇ ਪਾਰਖੂ** ਪਵੈ ਖਜਾਨੈ ਰਾਸਿ ॥ (ਮਃ ੧) ਅੰਗ ੬੧

ਪਰਖ (ਧਾਤੂ, ਕਰਮ ਨਾਂਵ) ਨਾਲ ਮਧੇਤਰ+ ਪਿਛੇਤਰ (ਪਾਰਖੂ) ਕਰਮ ਕਾਰਕ ਤੋਂ ਕਰਤਾ ਕਾਰਕ ਦਾ ਕਾਰਜ ਕਰ ਰਿਹਾ ਹੈ। ਪਰਖੇ (ਪਰਖ+ ਏ) ਪਿਛੇਤਰਯੁਕਤ ਹੈ।

**ਜਪ** ਨਾਂਵ ਅਤੇ ਕਿਰਿਆ ਦੋਹਾਂ ਦੇ ਅਰਥਾਂ ਵਿਚ ਕਾਰਜਸ਼ੀਲ ਹੁੰਦਾ ਹੈ। ਜਪੁ ਨਾਲ 'ਆ' ਮਧੇਤਰ ਤੋਂ ਬਣਿਆ **ਜਾਪੁ** ਨਾਂਵ, ਜਪ (ਧਾਤੂ) ਨਾਲ 'ਲਾ, ਉ' ਪਿਛੇਤਰ ਰੂਪ ਕਿਰਿਆ ਦਾ ਕਾਰਜ ਕਰ ਰਹੇ ਹਨ:

ਹਰਿ ਹਰਿ **ਜਾਪੁ ਜਪਲਾ** ॥ (ਮਃ ੫) ਅੰਗ ੮੯੧

ਰਸਨਾ **ਜਾਪੁ ਜਪਉ** ਬਨਵਾਰੀ ॥ (ਮਃ ੫) ਅੰਗ ੭੪੦

ਆਪੇ ਲੇਖਾ ਮੰਗਸੀ ਆਪਿ **ਕਰਾਏ ਕਾਰ** ॥ (ਮਃ ੧) ਅੰਗ ੧੨੮੨

**ਕਰ** ਕਿਰਿਆ ਤੋਂ ਬਣਿਆ ਮਧੇਤਰ **ਕਾਰ** ਕਰਮ ਵਾਚਕ ਨਾਂਵ ਦਾ ਕਾਰਜ ਕਰ ਰਿਹਾ ਹੈ। ਮਧੇਤਰ ਦੀਆਂ ਅਜਿਹੀਆਂ ਉਦਾਹਰਨਾਂ ਤੋਂ ਸਪੱਸ਼ਟ ਹੈ, ਕਿ ਮਧੇਤਰ ਦੀ ਵਰਤੋਂ ਨਾਲ ਨਾਂਵ ਤੋਂ ਕਿਰਿਆ, ਕਿਰਿਆ

ਤੋਂ ਨਾਂਵ, ਆਮ ਨਾਂਵ ਤੋਂ ਕਰਤਾ ਨਾਂਵ, ਸਥਾਨ ਵਾਚਕ ਨਾਂਵ ਤੋਂ ਕਰਤਾ ਨਾਂਵ ਦੀ ਸਿਰਜਨਾ ਆਮ ਹੋਈ ਮਿਲਦੀ ਹੈ, ਜੋ ਕਿ ਅਜੋਕੇ ਸਮੇਂ ਵਿਚ ਵੀ ਕਾਰਜਸ਼ੀਲ ਹੈ।

**II.iii. ਪਿਛੇਤਰ ਦੁਹਰੁਕਤੀ:-** ਦੁਹਰੁਕਤੀਯੁਕਤ ਸ਼ਬਦਾਂ ਨਾਲ 'ਪਿਛੇਤਰ' ਵਾਕ ਦੇ ਸੰਦਰਭ ਵਿਚ ਇਕ ਤੋਂ ਵਧੇਰੇ ਅਰਥਾਂ ਵਿਚ ਕਾਰਜਸ਼ੀਲ ਹੁੰਦਾ ਹੈ। ਧਾਤੂ ਰੂਪ ਨਾਲ 'ਪਿਛੇਤਰ' ਦੀ ਵਰਤੋਂ ਕਾਰਨ ਸ਼੍ਰੇਣੀਗਤ ਪਰਿਵਰਤਨ ਵਾਪਰਦਾ ਹੈ। ਦੁਹਰੁਕਤੀ ਦੇ ਪਹਿਲੇ ਸ਼ਬਦ ਨਾਲ ਲੱਗਾ ਪਿਛੇਤਰ ਅਪ੍ਰਤੱਖ 'ਸੰਬੰਧਕ' ਦਾ ਕਾਰਜ ਕਰਦਾ ਹੈ। 'ਸੰਬੰਧਕ' ਪਿਛੇਤਰ ਵਿਚ ਲੁਪਤ ਹੁੰਦਾ ਹੈ, ਇਹ ਲੁਪਤ 'ਸੰਬੰਧਕ' ਪਿਛੇਤਰ ਰੂਪ ਵਿਚ 'ਵਾਕੰਸ਼' ਦਾ ਕਾਰਜ ਕਰਦੇ ਹਨ। "ਪੰਜਾਬੀ ਵਾਕਾਂ ਵਿਚ ਨਾਂਵ ਵਾਕੰਸ਼ ਦੀ ਪਹਿਚਾਣ 'ਰੂਪ ਦੇ ਆਧਾਰ' 'ਤੇ ਤਿੰਨ ਤਰ੍ਹਾਂ ਕੀਤੀ ਜਾਂਦੀ ਹੈ। ਮੁਖ ਸ਼ਬਦ ਰਾਹੀਂ, ਸਥਾਨ ਰਾਹੀਂ, ਸੰਬੰਧਕ ਰਾਹੀਂ।"[11] ਗੁਰਬਾਣੀ ਵਿਚ ਵਧੇਰੇ 'ਸੰਬੰਧਕ' ਪਿਛੇਤਰ ਦੇ ਰੂਪ ਵਾਲੇ ਮਿਲਦੇ ਹਨ। ਪਿਛੇਤਰ ਦੁਹਰੁਕਤੀਯੁਕਤ ਰੂਪ ਵਿਚ 'ਸੰਬੰਧਕਾਂ' ਵਜੋਂ 'ਵਾਕੰਸ਼' ਸਿਰਜਨਾ ਦਾ ਆਧਾਰ ਹਨ:

ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ **ਪਾਤਿਸਾਹੀ ਪਾਤਿਸਾਹੁ** ॥ (ਮਃ ੧) ਅੰਗ ੫

ਜੇ ਕੋ ਆਖੈ ਬੋਲੁਵਿਗਾੜੁ॥ ਤਾ ਲਿਖੀਐ ਸਿਰਿ **ਗਾਵਾਰਾ ਗਾਵਾਰੁ** ॥ (ਮਃ ੧) ਅੰਗ ੬

ਅਲਾਹ **ਪਾਕੰ ਪਾਕ** ਹੈ ਸਕ ਕਰਉ ਜੇ ਦੂਸਰ ਹੋਇ ॥ (ਕਬੀਰ) ਅੰਗ ੭੨੭

ਪਹਿਲੇ ਤਿੰਨ ਵਾਕਾਂ ਵਿਚ **ਈ, ਆ** ਪਿਛੇਤਰ **ਦਾ** ਸੰਬੰਧਕ ਦਾ ਕਾਰਜ ਕਰ ਰਹੇ ਹਨ। ਪਿਛੇਤਰ ਦੋ ਨਾਂਵਾਂ ਨੂੰ ਆਪਸ ਵਿਚ ਜੋੜ ਕੇ ਵਾਕ ਵਿਚ ਇਕ ਵਾਕੰਸ਼ ਦੀ ਸਿਰਜਨਾ ਕਰਦਾ ਹੈ। ਦੁਹਰੁਕਤੀਯੁਕਤ ਰੂਪ ਵਿਚ ਅਰਥ ਪੱਖ ਤੋਂ ਇਹ ਵਿਸ਼ੇਸ਼ਣ ਦਾ ਕਾਰਜ ਵੀ ਕਰਦਾ ਹੈ: ਪਾਤਿਸਾਹੀ ਪਾਤਿਸਾਹੁ (ਪਾਤਿਸਾਹਾਂ ਦਾ ਪਾਤਸਾਹ)[12], ਗਾਵਾਰਾ ਗਾਵਾਰੁ (ਗਾਵਾਰਾ ਦੇ ਗਾਵਾਰ/ ਮਹਾ ਮੂਰਖ)[13]। ਅਖ਼ੀਰਲੇ ਵਾਕ ਵਿਚ **ਪਾਕੰ ਪਾਕ**

---

[11] ਡਾ. ਪਰਮਜੀਤ ਸਿੰਘ ਸਿੱਧੂ, ਪੰਜਾਬੀ ਵਾਕੰਸ਼ ਜੁਗਤ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1991, ਪੰਨਾ 22.

[12] ਸਾਹਿਬ ਸਿੰਘ, ਜਪੁਜੀ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997 (27th ed), ਪੰਨਾ 97.

[13] ਓਹੀ, ਪੰਨਾ 101.

(ਪਾਕ+ ਅੰ, ਪਾਕ ਭਾਵ ਪਵਿੱਤਰ ਤੋਂ ਪਵਿੱਤਰ/ ਸਭ ਤੋਂ ਪਵਿੱਤਰ)[14] ਵਾਕੰਸ਼ ਵਿਚ ਪਿਛੇਤਰ **ਤੋਂ** ਸੰਬੰਧਕ ਦਾ ਕਾਰਜ ਕਰ ਰਿਹਾ ਹੈ। ਉਪਰੋਕਤ ਦੁਹਰੁਕਤੀਯੁਕਤ ਬਣਤਰਾਂ ਵਿਚ ਵਾਕੰਸ਼ ਦੀ ਸਿਰਜਨਾ ਦਾ ਆਧਾਰ ਪਿਛੇਤਰ ਰੂਪ 'ਸੰਬੰਧਕ' ਹੈ।

**ੳ. ਅਧਿਕਰਨ ਕਾਰਕ:- ਆ, ਈ, ਊ, ਐ** ਪਿਛੇਤਰ 'ਅਧਿਕਰਨ' ਕਾਰਕ ਦਾ ਕਾਰਜ ਕਰ ਰਹੇ ਹਨ:

**ਖਾਕੂ ਖਾਕੁ** ਰਲੈ ਸਭੁ ਫੈਲੁ॥ ਬਿਨੁ ਸਬਦੈ ਨਹੀ ਉਤਰੈ ਮੈਲੁ ॥ (ਮਃ ੧) ਅੰਗ ੮੩੨

ਬਿਨੁ ਸਬਦੈ ਭਸਮੈ ਕੀ ਢੇਰੀ **ਖੇਹੂ ਖੇਹ** ਰਲਾਇਦਾ ॥ (ਮਃ ੩) ਅੰਗ ੧੦੫੯

ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ **ਸਲਲੈ ਸਲਲ** ਸਮਾਇਦਾ ॥

(ਮਃ ੫) ਅੰਗ ੧੦੭੬

ਕਹੁ ਨਾਨਕ ਹਮ ਤੁਮ ਗੁਰਿ ਖੋਈ ਹੈ **ਅੰਭੈ ਅੰਭੁ** ਮਿਲੋਗਨੀ ॥ (ਮਃ ੫) ਅੰਗ ੮੮੩

ਉਪਰੋਕਤ ਵਸਤੂ ਵਾਚਕ ਨਾਂਵਾਂ ਨਾਲ ਪਿਛੇਤਰ 'ਅਧਿਕਰਨ' ਕਾਰਕ ਦਾ ਕਾਰਜ ਕਰ ਰਿਹਾ ਹੈ। ਪੁਰਖ ਵਾਚਕ ਨਾਂਵ ਨਾਲ **ਐ** ਪਿਛੇਤਰ, ਸੰਬੰਧ ਕਾਰਕ ਦਾ ਕਾਰਜ ਕਰਦਾ ਹੈ। ਸੰਬੰਧ ਕਾਰਕ ਵਜੋਂ ਇਹ ਦੋ ਨਾਂਵਾਂ ਦੇ ਸੰਬੰਧ ਨੂੰ ਦਰਸਾਉਂਦਾ ਹੈ:

**ਪੁਰਖੈ ਪੁਰਖੁ** ਮਿਲਿਆ ਸੁਖੁ ਪਾਇਆ ਸਭ ਚੂਕੀ ਆਵਣ ਜਾਨੀ ॥ (ਮਃ ੪) ਅੰਗ ੧੧੯੯

**ਅ. ਲਿੰਗ ਦਾ ਕਾਰਜ:- ਈ** ਪਿਛੇਤਰ ਰੂਪ 'ਪੁਲਿੰਗ ਤੋਂ ਇਸਤਰੀ ਲਿੰਗ' ਦਾ ਕਾਰਜ ਕਰਦਾ ਹੈ:

ਸਦਾ **ਸੁਹਾਗੁ ਸੁਹਾਗਣੀ** ਜੇ ਚਲਹਿ ਸਤਿਗੁਰ ਭਾਇ ॥ (ਮਃ ੩) ਅੰਗ ੬੬

[14] ਭਾਈ ਜੋਧ ਸਿੰਘ, ਬਾਣੀ ਭਗਤ ਕਬੀਰ ਜੀ ਸਟੀਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981, ਪੰਨਾ 134.

ਕਰਿ **ਦਾਸ ਦਾਸੀ** ਤਜਿ ਉਦਾਸੀ ਕਰ ਜੋੜਿ ਦਿਨੁ ਰੈਣਿ ਜਾਗੀਐ ॥ (ਮਃ ੫) ਅੰਗ ੪੫੭

ਉਪਰੋਕਤ ਵਾਕਾਂ ਵਿਚ 'ਈ' ਪਿਛੇਤਰ ਨਾਲ ਬਣੇ ਸ਼ਬਦ 'ਇਸਤਰੀ ਲਿੰਗ' ਨਾਂਵ ਹਨ।

**ੲ. ਭਾਵ ਵਾਚਕ ਨਾਂਵ ਤੋਂ ਆਮ ਨਾਂਵ:**

ਹਰਿ **ਰਸੁ ਰਸਨਾ** ਚਾਖੁ ਤੂੰ ਤਾਂ ਮਨੁ ਨਿਰਮਲੁ ਹੋਈ ॥ (ਮਃ ੩) ਅੰਗ ੪੯੨

**ਮੋਹਨੀ ਮੋਹਿ** ਲੀਏ ਤ੍ਰੈ ਗੁਨੀਆ॥ ਲੋਭਿ ਵਿਆਪੀ ਝੂਠੀ ਦੁਨੀਆ ॥

(ਮਃ ੫) ਅੰਗ ੧੦੦੪

**ਨਾ, ਨੀ** ਪਿਛੇਤਰ ਭਾਵ ਵਾਚਕ ਨਾਂਵ ਤੋਂ ਆਮ ਨਾਂਵ ਦੀ ਸ੍ਰੇਣੀ ਵਿਚ ਸ਼ਬਦ ਪਰਿਵਰਤਨ ਦਾ ਕਾਰਜ ਕਰ ਰਹੇ ਹਨ।

**ਸ. ਭਾਵ ਵਾਚਕ ਨਾਂਵ ਤੋਂ ਵਿਸ਼ੇਸ਼ਣ:**

**ਭੁਖਿਆ ਭੁਖ** ਨ ਉਤਰੀ ਜੇ ਬੰਨਾ ਪੁਰੀਆ ਭਾਰ ॥ (ਮਃ ੧) ਅੰਗ ੧

ਤਿਨ ਕੀ ਭੁਖ ਕਦੇ ਨ ਉਤਰੈ ਨਿਤ **ਭੁਖਾ ਭੁਖ** ਕੂਕਾਹੀ ॥ (ਮਃ ੪) ਅੰਗ ੩੦੮

ਨਿਕਟਿ ਵਸਤੁ ਕਉ ਜਾਣੈ ਦੂਰੇ **ਪਾਪੀ ਪਾਪ** ਕਮਾਹੀ ॥ (ਮਃ ੫) ਅੰਗ ੭੪੧

**ਭੁਖ, ਪਾਪ** ਭਾਵ ਵਾਚਕ ਨਾਂਵ ਹਨ, ਇਹਨਾਂ ਨਾਲ **ਇਆ, ਆ, ਈ** ਪਿਛੇਤਰ ਲਾ ਕੇ ਬਣੇ **ਭੁਖਿਆ, ਭੁਖਾ, ਪਾਪੀ** ਅਰਥ ਵਜੋਂ ਵਿਸ਼ੇਸ਼ਣ ਹਨ। **ਭੁਖਿਆ ਭੁਖ** ਅਤੇ **ਭੁਖਾ ਭੁਖ** ਦੁਹਰੁਕਤੀਯੁਕਤ ਰੂਪ ਵਿਚ ਪਿਛੇਤਰ ਦੀ ਵੱਖਰਤਾ ਅਤੇ ਦੋਹਾਂ ਦੀ ਕਾਰਜੀ ਸਥਿਤੀ ਭਿੰਨ ਹੈ। **ਭੁਖਿਆ ਭੁਖ** (ਭੁਖਿਆ ਦੀ ਭੁਖ)[15] ਵਾਕੰਸ਼ ਹੈ, **ਭੁਖਾ ਭੁਖ** ਕਰਮ ਵਾਕੰਸ਼ 'ਦਬਾਉ ਬੋਧਕ' ਕਾਰਜ ਕਰ ਰਿਹਾ ਹੈ। ਅਜਿਹੀ ਸਥਿਤੀ ਵਿਚ ਪਿਛੇਤਰ ਤੋਂ ਬਿਨਾਂ ਨਾਂਵਾਂ ਦੀ ਦੂਹਰੀ ਵਰਤੋਂ ਅਰਥ ਸੰਚਾਰ ਵਿਚ ਰੁਕਾਵਟ ਅਤੇ ਕਾਵਿਕ ਸੁਰ ਵਿਚ ਖ਼ਲਲ

---

15 ਸਾਹਿਬ ਸਿੰਘ, ਜਪੁਜੀ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1997 (27th ed), ਪੰਨਾ 42.

ਪੈਦਾ ਕਰਦੀ ਹੈ। ਦੁਹਰੁਕਤੀਯੁਕਤ ਰੂਪ ਵਿਚ ਨਾਂਵ ਨਾਲ ਪਿਛੇਤਰ ਜੁੜ ਕੇ 'ਵਾਕੰਸ਼' ਵਜੋਂ ਅਰਥਾਂ ਦਾ ਸੰਚਾਰ ਕਰ ਰਹੇ ਹਨ।

**ਹ. ਕਰਮ ਤੋਂ ਕਰਤਾ ਨਾਂਵ:-** ਦੂਹਰੇ ਰੂਪਾਂ ਵਿਚ ਕਰਮ ਤੋਂ ਕਰਤਾ ਨਾਂਵ, 'ਵਿਸ਼ੇਸ਼ਣ' ਦੀ ਸਥਿਤੀ ਵਾਲਾ ਹੈ। ਕਰਮ ਦੇ ਆਧਾਰ 'ਤੇ ਨਾਂਵ 'ਕਰਤਾ' ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ:

ਹਾਰ **ਜੂਆਰ ਜੂਆ** ਬਿਧੇ ਇੰਦ੍ਰੀ ਵਸਿ ਲੈ ਜਿਤਨੋ ॥ (ਮਃ ੫) ਅੰਗ ੨੧੨

**ਧਰਮੀ ਧਰਮੁ** ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥

(ਮਃ ੧) ਅੰਗ ੪੬੯

ਜਿਉ **ਰਾਜੇ ਰਾਜੁ** ਕਮਾਵਦੇ ਦੁਖ ਸੁਖ ਭਿੜੀਆ ॥ (ਮਃ ੩) ਅੰਗ ੫੧੬

**ਅਮਲੀ ਅਮਲੁ** ਨ ਅੰਬੜੈ ਮਛੀ ਨੀਰੁ ਨ ਹੋਇ ॥ (ਮਃ ੧) ਅੰਗ ੫੫੭

ਨਾਮੁ ਖਸਮ ਕਾ ਚਿਤਿ ਨ ਕੀਆ **ਕਪਟੀ ਕਪਟੁ** ਕਮਾਣਾ ॥ (ਮਃ ੧) ਅੰਗ ੬੬੦

ਨਿਕਟਿ ਵਸਤੁ ਕਉ ਜਾਣੈ ਦੂਰੇ **ਪਾਪੀ ਪਾਪ** ਕਮਾਹੀ ॥ (ਮਃ ੫) ਅੰਗ ੭੪੧

**ਨਿੰਦਕ ਨਿੰਦਾ** ਕਰਿ ਪਚੇ ਜਮਕਾਲਿ ਗ੍ਰਸੀਏ ॥ (ਮਃ ੫) ਅੰਗ ੮੧੫

ਘੋਲੀ ਗੇਰੂ ਰੰਗੁ ਚੜਾਇਆ ਵਸਤ੍ਰ **ਭੇਖ ਭੇਖਾਰੀ** ॥ (ਮਃ ੧) ਅੰਗ ੧੦੧੨

**ਕ. ਨਾਂਵ ਤੋਂ ਕਿਰਿਆ:**

ਸਰਬ ਕਲਾ ਕਰਿ **ਖੇਲੈ ਖੇਲ** ॥ (ਮਃ ੫) ਅੰਗ ੨੯੪

ਕਲਿਜੁਗਿ **ਬੀਜੁ ਬੀਜੇ** ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ (ਮਃ ੪) ਅੰਗ ੪੪੬

ਹਮ ਗੁਣ ਨਾਹੀ ਕਿਆ **ਬੋਲਹ ਬੋਲ** ॥ਤੂ ਸਭਨਾ ਦੇਖਹਿ **ਤੋਲਹਿ ਤੋਲ** ॥

(ਮਃ ੩) ਅੰਗ ੧੦੫੧

ਦੂਹਰੇ ਰੂਪ ਵਿਚ **ਐ, ਏ, ਹ** ਪਿਛੇਤਰ ਨਾਂਵ ਤੋਂ ਕਿਰਿਆ ਦਾ ਕਾਰਜ ਕਰ ਰਹੇ ਹਨ।

**ਖ. ਬਾਰੰਬਾਰਤਾ:-** ਬਾਰੰਬਾਰਤਾ ਲਈ **ਐ, ੳ,** ◌ਂ ਪਿਛੇਤਰ ਦੀ ਵਰਤੋਂ ਮਿਲਦੀ ਹੈ, ਇਹ ਦੁਹਰੁਕਤੀਯੁਕਤ ਰੂਪ ਵਿਚ ਹੀ ਸੰਭਵ ਹੈ। ਇਕਹਿਰੇ ਰੂਪ ਵਿਚ ਇਹਨਾਂ ਪਿਛੇਤਰੀ ਸ਼ਬਦਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਦੁਹਰੁਕਤੀਯੁਕਤ ਰੂਪ ਵਿਚ ਇਹ ਬਾਰੰਬਾਰਤਾ ਜਾਂ ਮੁੜ ਮੁੜ ਦੇ ਅਰਥਾਂ ਦਾ ਸੰਚਾਰ ਕਰਦੇ ਹਨ:

**ਬਾਰੰ ਬਾਰ** ਮਾਇਆ ਤੇ ਅਟਕੈ ਲੈ ਨਰਜਾ ਮਨੁ ਤੋਲੈ ਦੇਵ ॥ (ਕਬੀਰ) ਅੰਗ ੮੫੭

ਕਬੀਰ ਮਾਨਸ ਜਨਮੁ ਦੁਲੰਭੁ ਹੈ ਹੋਇ ਨ **ਬਾਰੈ ਬਾਰ** ॥ (ਕਬੀਰ) ਅੰਗ ੧੩੬੬

ਮਾਇਆ ਮੋਹੁ ਨ ਚੁਕਈ ਮਰਿ ਜੰਮਹਿ **ਵਾਰੋ ਵਾਰ** ॥ (ਮਃ ੩) ਅੰਗ ੧੪੧੯

ਦੂਹਰੇ ਰੂਪ ਵਿਚ **ਬਾਰੰ ਬਾਰ** ਦੀ ਵਰਤੋਂ 7 ਵਾਰ ਹੈ, **ਵਾਰੋ ਵਾਰ** ਦੀ 25 ਵਾਰ ਹੈ। ਇਕਹਿਰੇ ਰੂਪ ਵਿਚ ਇਹਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। **ਬਾਰੈ ਬਾਰ** ਦੀ ਵਰਤੋਂ 2 ਵਾਰ ਦੂਹਰੇ ਰੂਪ ਵਿਚ ਅਤੇ ਇਕ ਵਾਕ ਇਕਹਿਰੇ ਰੂਪ ਵਿਚ ਮਿਲਦੀ ਹੈ। ਇਕਹਿਰੇ ਰੂਪ ਵਿਚ ਬਾਰੈ ਦੀ ਵਰਤੋਂ ਵਾਰਨੇ/ ਸਦਕੇ ਦੇ ਅਰਥਾਂ ਵਿਚ ਹੈ।

ਨਮਸਕਾਰ ਡੰਡਉਤਿ ਬੰਦਨਾ ਅਨਿਕ ਬਾਰ ਜਾਉ **ਬਾਰੈ** ॥ (ਮਃ ੫) ਅੰਗ ੮੨੦

**ਗ. ਦਬਾਉ ਬੋਧਕ ਪ੍ਰਕਾਰਜ:- ਆ, ੳ** ਪਿਛੇਤਰ **ਈ/ ਹੀ** ਦੁਹਰੁਕਤੀਯੁਕਤ ਨਾਂਵ 'ਤੇ ਦਬਾਉਬੋਧਕ ਕਾਰਜ ਕਰ ਰਹੇ ਹਨ:

**ਅਨਦੋ ਅਨਦੁ** ਘਣਾ ਮੈ ਸੋ ਪ੍ਰਭੁ ਡੀਠਾ ਰਾਮ ॥ (ਮਃ ੫) ਅੰਗ ੪੫੨

ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ **ਦੁਖੋ ਦੁਖੁ** ਕਮਾਏ ॥

(ਮਃ ੩) ਅੰਗ ੫੮੫

ਜੇਤਾ ਮੋਹੁ ਪਰੀਤਿ ਸੁਆਦ॥ ਸਭਾ ਕਾਲਖ **ਦਾਗਾ ਦਾਗ** ॥

(ਮਃ ੧) ਅੰਗ ੬੬੨

ਮਾਇਆ ਮਨਹੁ ਨ ਵੀਸਰੈ ਮਾਂਗੈ **ਦੰਮਾਂ ਦੰਮ** ॥ (ਮਃ ੫) ਅੰਗ ੧੪੨੬

ਉਪਰੋਕਤ ਵਾਕਾਂ ਵਿਚ ਮੂਲ ਸ਼ਬਦਾਂ ਨਾਲ ਪਿਛੇਤਰ ਲੱਗਣ ਕਾਰਨ ਇਹ ਨਿਰਾਰਥਕ ਸ਼ਬਦ ਪ੍ਰਤੀਤ ਹੁੰਦੇ ਹਨ। ਇਕਹਿਰੇ ਰੂਪ ਵਿਚ ਇਹ ਅਰਥ ਸੰਚਾਰ ਨਹੀਂ ਕਰਦੇ, ਬਲਕਿ ਦੁਹਰੁਕਤੀਯੁਕਤ ਰੂਪ ਵਿਚ ਇਕੋ ਅਰਥ ਦਾ ਦਬਾਉਬੋਧਕ ਪ੍ਰਭਾਵ ਸਿਰਜਦੇ ਹਨ।

**ਘ. ਸਮਾਸੀ ਸ਼ਬਦਾਂ ਦਾ ਕਾਰਜ:-** ਦੁਹਰੁਕਤੀਯੁਕਤ ਰੂਪ ਵਿਚ ਕੁਝ ਅਜਿਹੇ ਪਿਛੇਤਰ ਮਿਲਦੇ ਹਨ, ਜਿਹੜੇ ਮੂਲ ਸ਼ਬਦ ਨਾਲ ਲੱਗ ਕੇ ਸਮਾਸੀ ਸ਼ਬਦਾਂ ਦਾ ਕਾਰਜ ਕਰਦੇ ਹਨ:

ਕਾਹੂ ਦੀਨ੍ਹੇ **ਪਾਟ ਪਟੰਬਰ** ਕਾਹੂ ਪਲਘ ਨਿਵਾਰਾ ॥ (ਕਬੀਰ) ਅੰਗ ੪੭੯

ਤਟ ਤੀਰਥ **ਦੇਵ ਦੇਵਾਲਿਆ** ਕੇਦਾਰੁ ਮਥੁਰਾ ਕਾਸੀ ॥ (ਮਃ ੫) ਅੰਗ ੧੧੦੦

**ਇੰਦ੍ਰ ਇੰਦ੍ਰਾਸਣਿ** ਬੈਠੇ ਜਮ ਕਾ ਭਉ ਪਾਵਹਿ ॥ (ਮਃ ੩) ਅੰਗ ੧੦੪੯

ਪਟੰਬਰ, ਪਟ+ ਅੰਬਰ, 'ਰੇਸ਼ਮ ਤੇ ਰੇਸ਼ਮ ਦੇ ਕੱਪੜੇ'[16], ਇੰਦ੍ਰਾਸਣਿ, ਇੰਦ੍ਰ+ ਆਸਣ (ਨਾਂਵ+ ਸੰਬੰਧਕ ਲੁਪਤ+ ਨਾਂਵ) 'ਇੰਦ੍ਰ ਦੇ ਆਸਣ 'ਤੇ'[17], ਦੇਵਾਲਿਆ, ਦੇਵ+ ਆਲੇ (ਨਾਂਵ+ ਸੰਬੰਧਕ ਲੁਪਤ+ ਨਾਂਵ) 'ਦੇਵਤਿਆਂ ਦੇ ਮੰਦਰ'[18] ਆਦਿ।

ਉਪਰੋਕਤ ਦੂਹਰੇ ਰੂਪ ਸਮਾਸੀ ਸ਼ਬਦ ਦੇ ਮੇਲ ਵਾਲੇ ਹਨ। ਪਹਿਲੇ ਦੋ ਵਾਕ ਦੁਹਰੁਕਤੀਯੁਕਤ ਬਣਤਰ ਵਿਚ ਦੁਹਰੁਕਤੀ ਦਾ ਕਾਰਜ ਕਰ ਰਹੇ ਹਨ। ਅਖੀਰਲਾ ਵਾਕ ਸਥਾਨ ਕਰਕੇ ਦੁਹਰੁਕਤੀਯੁਕਤ

---

16 ਭਾਈ ਜੋਧ ਸਿੰਘ, ਬਾਣੀ ਭਗਤ ਕਬੀਰ ਜੀ ਸਟੀਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981, ਪੰਨਾ 101.

17 ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼ਬਦਾਰਥ

18 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1964, ਪੰਨਾ 80.

ਹੈ, ਕਾਰਜ ਵਜੋਂ ਦੋਵੇਂ ਅੰਤਰ ਸੰਬਿੰਧਤ ਹਨ, ਉਚਾਰਨ ਵਜੋਂ ਇੰਦ੍ਰ ਤੋਂ ਬਾਅਦ 'ਅਲਪ ਠਹਿਰਾਉ ' ਹੈ। ਅਜਿਹੀਆਂ ਬਣਤਰਾਂ ਦੁਹਰੁਕਤੀਯੁਕਤ ਨਹੀਂ ਹਨ।

ਦੂਹਰੇ ਰੂਪ ਦੀਆਂ ਇਕਹਿਰੀਆਂ ਬਣਤਰਾਂ ਵਧੇਰੇ ਮਿਲਦੀਆਂ ਹਨ:

ਮਨ ਕਾ **ਝੂਠਾ ਝੂਠੁ** ਕਮਾਵੈ ॥ ਮਾਇਆ ਨੋ ਫਿਰੈ ਤਪਾ ਸਦਾਵੈ ॥

(ਮਃ ੩) ਅੰਗ ੯੪੮

ਹਰਿ ਕੀ **ਪਿਆਸ ਪਿਆਸੀ** ਕਾਮਨਿ ਦੇਖਉ ਰੈਨਿ ਸਬਾਈ ॥

(ਮਃ ੧) ਅੰਗ ੧੨੩੨

ਉਪਰੋਕਤ ਵਾਕ ਰੂਪਕ ਪੱਖ ਤੋਂ ਦੁਹਰੁਕਤੀ ਦਾ ਭੁਲੇਖਾ ਪਾਉਂਦੇ ਹਨ। ਪ੍ਰੰਤੂ ਵੱਖਰੇ ਵਾਕੰਸ਼ਾਂ ਦਾ ਅੰਗ ਹੋਣ ਕਾਰਨ ਦੁਹਰੁਕਤੀ ਦੀ ਜੁਗਤ ਅਧੀਨ ਨਹੀਂ ਵਿਚਾਰੇ ਜਾ ਸਕਦੇ। ਦੁਹਰੁਕਤੀ ਤੋਂ ਵੱਖਰਤਾ ਲਈ ਇਹਨਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

**II.iv. ਅਗੇਤਰ+ ਪਿਛੇਤਰ ਦੁਹਰੁਕਤੀ:-** ਦੁਹਰੁਕਤੀਯੁਕਤ ਸ਼ਬਦ ਨਾਲ ਅਗੇਤਰ ਅਤੇ ਪਿਛੇਤਰ ਦੀ ਵਰਤੋਂ 'ਅਗੇਤਰ+ਪਿਛੇਤਰ' ਦੁਹਰੁਕਤੀ ਹੈ। ਅਗੇਤਰ+ਪਿਛੇਤਰ ਦੀ ਵਰਤੋਂ ਦੋ ਤਰ੍ਹਾਂ ਨਾਲ ਹੋਈ ਮਿਲਦੀ ਹੈ: ਦੁਹਰੁਕਤੀ ਦੇ ਦੋਹਾਂ ਸ਼ਬਦਾਂ ਨਾਲ ਵਧੇਤਰਾਂ ਦੀ ਵਰਤੋਂ ਜਾਂ ਦੁਹਰੁਕਤੀ ਦੇ ਕਿਸੇ ਇਕੋ ਸ਼ਬਦ ਨਾਲ ਅਗੇਤਰ ਅਤੇ ਪਿਛੇਤਰ ਦੀ ਵਰਤੋਂ, ਜਿਵੇਂ: **ਸੁਭਰ ਭਰੇ, ਸੰਗਿ ਕੁਸੰਗੀ** 'ਸੁਭਰ ਭਰੇ' ਵਿਚ ਪਹਿਲੇ ਭਰ ਨੂੰ 'ਅਗੇਤਰ' ਹੈ ਤੇ ਦੂਜੇ ਭਰ ਨੂੰ 'ਪਿਛੇਤਰ' ਅਤੇ **ਸੰਗਿ ਕੁਸੰਗੀ** ਵਿਚ ਅਗੇਤਰ ਅਤੇ ਪਿਛੇਤਰ ਦੋਵੇਂ ਵਧੇਤਰ ਦੁਹਰੁਕਤੀ ਦੇ ਦੂਜੇ ਸ਼ਬਦ ਨਾਲ ਕਾਰਜਸ਼ੀਲ ਹਨ:

**ਸੰਗਿ ਕੁਸੰਗੀ** ਬੈਸਤੇ ਤਬ ਪੂਛੈ ਧਰਮ ਰਾਇ ॥ (ਮਃ ੫) ਅੰਗ ੧੩੭੫

ਇਕੋ ਸ਼ਬਦ ਨਾਲ ਦੂਹਰਾ ਵਧੇਤਰਯੁਕਤ ਰੂਪ ਇਕੋ ਸ਼ਬਦ ਰੂਪ ਵਿਚ ਨਾਂਵ ਤੋਂ ਵਿਸ਼ੇਸ਼ਣ ਨਾਲ ਸੰਬੰਧਕ ਦਾ ਕਾਰਜ ਕਰਦਾ ਹੈ। ਕੁਸੰਗੀ ਮਾੜੇ ਗੁਣ ਵਾਲੇ ਦੀ ਵਿਸ਼ੇਸ਼ਤਾ ਦੇ ਨਾਲ ਸੰਬੰਧਕ ਦਾ ਕਾਰਜ ਕਰ

ਰਿਹਾ ਹੈ। ਸੰਗ ਭਾਵ ਵਾਚਕ ਨਾਂਵ ਹੈ, ਸੰਗ ਨਾਲ ਕੁ ਅਗੇਤਰ ਤੋਂ ਬਣਿਆਂ ਕੁਸੰਗ ਨਾਂਵ ਨਾਲ 'ਵਿਸ਼ੇਸ਼ਣ' ਹੈ, 'ਈ' ਪਿਛੇਤਰ 'ਸੰਬੰਧਕ' ਹੈ। ਕੁਸੰਗੀ ਦੂਹਰਾ ਵਧੇਤਰਯੁਕਤ ਸ਼ਬਦ ਆਪਣੇ ਆਪ ਵਿਚ 'ਵਾਕੰਸ਼' ਦਾ ਕਾਰਜ ਕਰ ਰਿਹਾ ਹੈ।

**ੳ. ਨਾਂਵ ਤੋਂ ਵਿਸ਼ੇਸ਼ਣ:**

ਆਗੈ ਦਰਗਹਿ ਮੰਨੀਅਹਿ ਮਿਲੈ **ਨਿਥਾਵੇ ਥਾਉ** ॥ (ਮਃ ੫) ਅੰਗ ੫੨

ਜਿਸਹਿ ਜਰਾਏ ਆਪਿ ਸੋਈ **ਅਜਰੁ ਜਰੈ** ॥ (ਮਃ ੫) ਅੰਗ ੯੫੮

ਮੇਰੇ ਸਾਹਿਬ ਤੂੰ ਮੈ **ਮਾਣੁ ਨਿਮਾਣੀ** ॥ (ਮਃ ੫) ਅੰਗ ੭੪੯

ਪੰਖੀ ਚਲੇ ਦਿਸਾਵਰੀ ਬਿਰਖਾ **ਸੁਫਲ ਫਲੰਤ** ॥ (ਕਬੀਰ) ਅੰਗ ੧੩੭੬

ਮੂਲ ਰੂਪ ਨਾਲ ਅਗੇਤਰ ਆਮ ਤੌਰ 'ਤੇ 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਉਪੋਰਕਤ ਦਿੱਤੇ ਵਾਕਾਂ ਵਿਚ ਦੁਹਰੁਕਤੀਯੁਕਤ ਰੂਪ ਨਾਲ ਦੋ ਵਧੇਤਰ ਵਰਤੇ ਗਏ ਹਨ। ਅਗੇਤਰ ਰੂਪੀ ਵਧੇਤਰ 'ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰ ਰਹੇ ਹਨ ਅਤੇ ਪਿਛੇਤਰ 'ਸੰਬੰਧਕ' ਦਾ। ਨਿਮਾਣੀ 'ਮੈ' ਦਾ ਵਿਸ਼ੇਸ਼ਣ ਹੈ, ਦੁਹਰੁਕਤੀਯੁਕਤ ਬਣਤਰ ਕਾਰਨ ਇਹ ਸਥਿਤੀ ਕਾਰਨ ਵਿਸ਼ੇਸ਼ ਤੋਂ ਦੂਰੀ 'ਤੇ ਹੈ। ਅਖ਼ੀਰਲੇ ਵਾਕ ਵਿਚ ਫਲ ਨਾਲ 'ਸੁ' ਅਗੇਤਰ ਵਿਸ਼ੇਸ਼ਣ ਹੈ, ਫਲੰਤ ਨਾਲ 'ਅੰਤ' ਪਿਛੇਤਰ ਪੂਰਵ ਤੁਕ ਨਾਲ ਤੁਕਾਂਤ ਮੇਲ ਹੈ। ਸੋ ਭਗਤ ਕੀਬਰ ਜੀ ਨੇ ਦੁਹਰੁਕਤੀਯੁਕਤ ਰੂਪ ਵਿਚ ਪਿਛੇਤਰ ਦੀ ਵਰਤੋਂ ਕੇਵਲ ਕਾਵਿ ਸੁਹਜ ਵਜੋਂ ਕੀਤੀ ਹੈ।

**ਅ. ਵਰਗਾਰਥੀ ਦੁਹਰੁਕਤੀ:**

ਭ੍ਰਿਤਿਆ ਪ੍ਰਿਅੰ ਬਿਸ੍ਰਾਮ ਚਰਣੰ॥ **ਅਨਾਥ ਨਾਥੇ** ਨਾਨਕ ਸਰਣੰ ॥ (ਮਃ ੫) ਅੰਗ ੧੩੫੪

ਭਗਤਿ ਵਛਲ **ਅਨਾਥ ਨਾਥੇ** ਸਰਣਿ ਨਾਨਕ ਪੁਰਖ ਅਚੁਤਹ ॥ (ਮਃ ੫) ਅੰਗ ੧੩੫੮

**ਆਸ ਪਿਆਸੀ** ਪਿਰ ਕਉ ਲੋੜੀ ॥ (ਮਃ ੫) ਅੰਗ ੭੩੭

**ਆਸ ਪਿਆਸੀ** ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ ॥ (ਮਃ ੫) ਅੰਗ ੧੧੧੭

ਉਪੋਰਕਤ ਵਾਕਾਂ ਵਿਚ ਵਰਗਾਰਥੀ ਦੁਹਰੁਕਤੀ 'ਅਨਾਥ ਨਾਥੇ, ਆਸ ਪਿਆਸੀ' ਦੋਹਾਂ ਦਾ ਕਾਰਜ ਇਕ ਦੂਜੇ ਤੋਂ ਭਿੰਨ ਹੈ। **ਅ** (ਅਗੇਤਰ)+ ਨਾਥ (ਨਾਂਵ) = ਅਨਾਥ, ਜਿਸ ਦਾ ਕੋਈ ਆਸਰਾ ਨਾ ਹੋਵੇ 'ਨਿਆਸਰੇ' ਲਈ ਵਰਤਿਆ ਜਾਂਦਾ ਹੈ, ਅਰਥ ਪੱਖ ਤੋਂ ਇਹ ਵਿਸ਼ੇਸ਼ਣ ਸ਼ਬਦ ਹੈ, ਕਾਰਜ ਪੱਖ ਤੋਂ ਨਾਂਵ ਅਤੇ ਵਿਸ਼ੇਸ਼ਣ ਦੋਹਾਂ ਦਾ ਕਾਰਜ ਕਰਦਾ ਹੈ। ਨਾਥ+ ਏ (ਪਿਛੇਤਰ) (ਦੇ) ਸੰਬੰਧਕ ਦੇ ਅਰਥਾਂ ਵਿਚ ਵਰਤਿਆ ਹੈ। ਬਣਤਰ ਵਜੋਂ 'ਏ' ਨਾਥ ਦਾ ਪਿਛੇਤਰੀ ਰੂਪ ਹੈ, ਕਾਰਜ ਵਜੋਂ ਦੋਵਾਂ ਨਾਂਵਾਂ ਦੇ ਵਿਚਾਲੇ ਸੰਬੰਧਕ ਦਾ ਕਾਰਜ ਕਰ ਰਿਹਾ ਹੈ। ਅਗੇਤਰ+ ਪਿਛੇਤਰ ਦੀ ਵਰਤੋਂ ਨਾਲ ਬਣੇ ਦੁਹਰੁਕਤੀਯੁਕਤ ਸ਼ਬਦ ਵਾਕ ਦੀ 'ਨਾਂਵ ਵਾਕੰਸ਼' ਇਕਾਈ ਦਾ ਕਾਰਜ ਕਰ ਰਹੇ ਹਨ।

**ਆਸ ਪਿਆਸੀ** ਦਾ ਕਾਰਜ ਇਸ ਤੋਂ ਭਿੰਨ ਹੈ। ਆਸ (ਧਾਤੂ) ਨਾਲ ਅਗੇਤਰ+ਪਿਛੇਤਰ ਦੀ ਵਰਤੋਂ ਨਾਲ ਬਣਿਆ 'ਪਿਆਸੀ' ਇਸ ਨਾਲ ਮਿਲਦਾ ਜੁਲਦਾ 'ਨਾਂਵ' ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਦੋ ਨਾਂਵਾਂ ਦਾ ਕਾਰਜ ਕਰ ਰਹੇ ਹਨ। ਦਾਰਸ਼ਨਿਕ ਪ੍ਰਸੰਗ ਵਿਚ ਇਹ ਇਕ ਵਰਗ ਦੇ ਸ਼ਬਦ ਹਨ। ਜੀਵਾਤਮਾ ਆਸ ਤੇ ਤਾਂਘ ਵਿਚ ਪਰਮਾਤਮਾ ਨੂੰ ਲੋਚਦੀ (ਉਡੀਕਦੀ) ਹੈ।

**ੲ. ਵਿਰੋਧਾਰਥੀ ਦੁਹਰੁਕਤੀ:**

ਪਾਯਉ ਨਹੀ ਅੰਤੁ **ਸੁਰੇ ਅਸੁਰਹ** ਨਰ ਗਣ ਗੰਧ੍ਰਬ ਖੋਜੰਤ ਫਿਰੇ ॥

(ਭਟ ਬਲਜਜ) ਅੰਗ ੧੪੦੫

ਕੁਝ ਅਗੇਤਰ ਵਿਰੋਧੀ ਸ਼ਬਦ ਦਾ ਪ੍ਰਕਾਰਜ ਵੀ ਕਰਦੇ ਹਨ, ਜਿਵੇਂ ਉੱਤੇ ਦਿੱਤੇ ਵਾਕ ਵਿਚ **ਸੁਰ** ਨਾਲ ਲੱਗਾ **ਅ** ਅਗੇਤਰ ਵਿਰੋਧਾਰਥਕ ਅਰਥ ਦੇ ਰਿਹਾ ਹੈ। **ਸੁਰ** ਭਾਵ ਦੇਵ, ਅ (ਅਗੇਤਰ)+ ਸੁਰ= **ਅਸੁਰ** ਦੈਂਤ। ਦੈਂਤ, ਦੇਵ ਦਾ ਵਿਰੋਧੀ ਸ਼ਬਦ ਹੈ।

**ਸ. ਕਿਰਿਆ ਤੋਂ ਵਿਸ਼ੇਸ਼ਣ:**

ਕਵਿ ਕਲਜਜ ਠਕੁਰ ਹਰਦਾਸ ਤਨੇ ਗੁਰ ਰਾਮਦਾਸ ਸਰ **ਅਭਰ ਭਰੇ** ॥

(ਭਟ ਕਲਜਜ) ਅੰਗ ੧੩੯੬

**ਅਭਰ ਭਰੇ** ਪਾਯਉ ਅਪਾਰੁ ਰਿਦ ਅੰਤਰਿ ਧਾਰਿਓ ॥

(ਭਟ ਕਲਜਜ) ਅੰਗ ੧੩੯੭

**ਸੁਭਰ ਭਰੇ** ਨ ਹੋਵਹਿ ਊਣੇ ਜੋ ਰਾਤੇ ਰੰਗੁ ਲਾਈ ਰੇ ॥

(ਮ: ੧) ਅੰਗ ੧੫੬

ਭਰ 'ਮੁਖ ਕਿਰਿਆ' ਰੂਪ ਹੈ, ਇਸ ਨਾਲ ਲੱਗੇ ਅਗੇਤਰ **ਅ** ਅਤੇ **ਸੁ** ਵਿਸ਼ੇਸ਼ਣ ਵਜੋਂ ਖ਼ਾਲੀ ਅਤੇ ਭਰੀ ਸਥਿਤੀ ਦਾ ਪ੍ਰਾਕਰਜ ਕਰ ਰਹੇ ਹਨ।

**II.v. ਪਿਛੇਤਰ+ ਪਿਛੇਤਰ:-** ਗੁਰੂ ਗ੍ਰੰਥ ਸਾਹਿਬ ਵਿਚ ਵਧਾਵੀਂ ਦੁਹਰੁਕਤੀ ਦੇ ਅਜਿਹੇ ਰੂਪ ਵੀ ਮਿਲਦੇ ਹਨ, ਜਿਥੇ ਦੁਹਰੁਕਤੀਯੁਕਤ ਰੂਪ ਵਿਚ ਦੋਹਾਂ ਸ਼ਬਦਾਂ ਦੇ ਅੰਤ 'ਤੇ 'ਪਿਛੇਤਰ' ਦੀ ਵਰਤੋਂ ਕੀਤੀ ਗਈ ਹੈ। ਇਸ ਨਾਲ ਸ਼ਬਦ ਦੀ ਸ਼੍ਰੇਣੀ ਅਤੇ ਕਾਰਕੀ ਸਥਿਤੀ ਵਿਚ ਪਰਿਵਰਤਨ ਵਾਪਰਦਾ ਹੈ। ਸ਼੍ਰੇਣੀ ਪਰਿਵਰਤਨ ਦੀ ਸਥਿਤੀ ਵਿਚ ਇਹ 'ਸ਼੍ਰੇਣੀ ਬਦਲੂ ਪਿਛੇਤਰ' ਹਨ।

**ੳ. ਭਾਵ ਵਾਚਕ ਨਾਂਵ ਤੋਂ ਵਿਸ਼ੇਸ਼ਣ:**

ਨਾਨਕ ਨਦਰੀ ਪਾਈਐ **ਕੂੜੀ ਕੂੜੈ** ਠੀਸ ॥ (ਮ: ੧) ਅੰਗ ੭

**ਸਚੇ ਸਚੀ** ਦਾਤਿ ਦੇਹਿ ਦਇਆਲੁ ਹੈ ॥ (ਮ: ੧) ਅੰਗ ੪੨੨

ਕੂੜ, ਸਚ 'ਭਾਵ ਵਾਚਕ ਨਾਂਵ' **ਕੂੜੀ ਕੂੜੈ** (ਕੂੜ+ ਈ, ਕੂੜ+ ਐ) ਅਤੇ **ਸਚੇ ਸਚੀ** (ਸਚ+ ਏ, ਸਚ+ ਈ) ਨਾਂਵ+ ਪਿਛੇਤਰ 'ਵਿਸ਼ੇਸ਼ਣ' ਦਾ ਪ੍ਰਕਾਰਜ ਕਰ ਰਹੇ ਹਨ। **ਸਚੇ ਸਚੀ** ਵਿਸ਼ੇਸ਼ਣ ਰੂਪ ਬਣਤਰ ਕਰਕੇ ਦੁਹਰੁਕਤੀ ਦਾ ਭੁਲੇਖਾ ਪਾਉਂਦੇ ਹਨ। ਕਾਰਜ ਵਜੋਂ ਇਹ 'ਕਰਤਾ' ਕਾਰਕ ਤੇ 'ਕਰਮ' ਕਾਰਕ ਦੇ ਵਿਸ਼ੇਸ਼ਣ ਹਨ। 'ਸਚੇ' ਵਿਸ਼ੇਸ਼ਣ ਦਾ ਵਿਸ਼ੇਸ਼ (ਕਰਤਾ ਕਾਰਕ) ਵਾਕ ਵਿਚੋਂ ਗ਼ੈਰ ਹਾਜ਼ਰ ਹੈ, ਇਹ ਵਿਸ਼ੇਸ਼ ਤੋਂ

ਬਿਨਾਂ 'ਨਾਂਵ ਵਾਕੰਸ਼' ਦਾ ਕਾਰਜ ਕਰ ਰਿਹਾ ਹੈ। 'ਸਚੀ' ਦਾਤਿ (ਕਰਮ) ਦਾ ਵਿਸ਼ੇਸ਼ਣ ਹੈ। ਇਸ ਤਰ੍ਹਾਂ ਦੋਵੇਂ 'ਵਿਸ਼ੇਸ਼ਣ' ਦੋ ਵਿੰਭਿਨ ਨਾਵਾਂ ਦੇ ਵਿਸ਼ੇਸ਼ ਹੋਣ ਕਾਰਨ 'ਕਾਰਜ' ਪੱਖ ਤੋਂ ਦੁਹਰੁਕਤੀਯੁਕਤ ਨਹੀਂ ਹਨ।

**ਅ. ਪੜਨਾਂਵੀ ਪਿਛੇਤਰ:**

**ਢੰਢੋਲਿਮੁ ਢੂਢਿਮੁ** ਡਿਠੁ ਮੈ ਨਾਨਕ ਜਗੁ ਧੂਏ ਕਾ ਧਵਲਹਰੁ ॥

(ਮਃ ੧) ਅੰਗ ੧੩੮

**ਮੁ** ਪਹਿਲਾ ਪੁਰਖ ਪੜਨਾਂਵ ਰੂਪ ਹੈ, ਪਿਛੇਤਰ ਵਜੋਂ ਇਹ ਕਰਨ ਕਾਰਕ ਦਾ ਕਾਰਜ ਕਰ ਰਿਹਾ ਹੈ।

**ੲ. ਕਿਰਿਆ ਤੋਂ ਨਾਂਵ:**

ਜਿਨ ਕਉ **ਲਿਖਤੁ ਲਿਖਿਆ** ਧੁਰਿ ਪਾਈ ॥ (ਮਃ ੪) ਅੰਗ ੧੬੪

**ਲਿਖ** 'ਮੁਖ ਕਿਰਿਆ' ਲਿਖ+ ਤੁ **ਲਿਖਤੁ** 'ਨਾਂਵ', ਲਿਖ+ ਇਆ ਭੂਤਕਾਲੀ ਕਿਰਿਆ

**ਜਾਚਿਕੁ ਜਾਚੈ** ਨਾਮੁ ਤੇਰਾ ਸੁਆਮੀ ਘਟ ਘਟ ਅੰਤਰਿ ਸੋਈ ਰੇ ॥

(ਮਃ ੫) ਅੰਗ ੨੦੯

**ਜਾਚੈ,** 'ਜਾਚਨਾ' ਦਾ ਰੂਪ ਹੈ। ਜਾਚਨਾ ਦਾ ਅਰਥ 'ਮੰਗਦਾ'[19] ਅਤੇ ਜਾਚਨਾ ਤੋਂ ਜਾਚਿਕੁ 'ਮੰਗਣ ਵਾਲਾ'[20] (ਆਮ ਨਾਂਵ), ਇਹ ਕਿਰਿਆ ਤੋਂ ਨਾਂਵ ਦਾ ਪ੍ਰਕਾਰਜ ਕਰ ਰਿਹਾ ਹੈ।

**ਸ. ਸੰਬੰਧਕੀ ਪਿਛੇਤਰ+ ਲਿੰਗ ਬੋਧਕ ਪਿਛੇਤਰ:**

ਗੁਰਮਤੀ ਕਾਲੁ ਨ ਆਵੈ ਨੇੜੈ ਜਾ ਹੋਵੈ **ਦਾਸਨਿ ਦਾਸਾ** ॥ (ਮਃ ੧) ਅੰਗ ੧੪੦

**ਦਾਸਨਿ ਦਾਸੀ** ਕੀ ਪਨਿਹਾਰਿ ॥ (ਮਃ ੫) ਅੰਗ ੩੯੧

---

19 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 295.

20 ਓਹੀ।

ਉਪਰੋਕਤ ਵਾਕਾਂ ਵਿਚ **ਨਿ** ਪਿਛੇਤਰ ਦੋਵਾਂ ਨਾਵਾਂ ਵਿਚ 'ਸੰਬੰਧਕ' ਵਜੋਂ 'ਨਾਂਵ ਵਾਕੰਸ਼' ਦਾ ਕਾਰਜ ਕਰ ਰਿਹਾ ਹੈ। **ਆ, ਈ** ਪਿਛੇਤਰ ਲਿੰਗ ਭੇਦ ਨੂੰ ਦਰਸਾਉਂਦੇ, ਪੁਲਿੰਗ ਅਤੇ ਇਸਤਰੀ ਲਿੰਗ ਦਾ ਕਾਰਜ ਕਰ ਰਹੇ ਹਨ।

ਪਿਛੇਤਰ+ਪਿਛੇਤਰ ਦੁਹਰੁਕਤੀ ਦੇ ਵਧੇਰੇ ਰੂਪ ਕਿਰਿਆ ਅਤੇ ਨਾਂਵ ਵਾਲੇ ਮਿਲਦੇ ਹਨ। ਕਿਰਿਆ ਨਾਲ ਅਣ+ਹਾਰ ਦੋ ਪਿਛੇਤਰ ਲਾ ਕੇ ਕਿਰਿਆ ਸ਼ਬਦ 'ਕਰਤਾ ਨਾਂਵ ਵਾਕੰਸ਼' ਲਈ ਕਾਰਜਸ਼ੀਲ ਹੁੰਦਾ ਹੈ:

ਮਾਟੀ ਏਕ ਅਨੇਕ ਭਾਂਤਿ ਕਰਿ **ਸਾਜੀ ਸਾਜਨਹਾਰੈ** ॥ (ਕਬੀਰ) ਅੰਗ ੧੩੫੦

ਬਹਿ ਸਖੀਆ ਜਸੁ **ਗਾਵਹਿ ਗਾਵਣਹਾਰੀਆ** ॥ (ਮਃ ੪) ਅੰਗ ੬੪੫

ਬਾਜਹਿ ਬਾਜੇ ਧੁਨਿ ਆਕਾਰਾ॥ ਆਪਿ **ਵਜਾਏ ਵਜਾਵਣਹਾਰਾ** ॥ (ਮਃ ੩) ਅੰਗ ੧੦੬੧

ਉਪਰੋਕਤ ਵਾਕਾਂ ਵਿਚ 'ਅਰਥ ਸੰਕੋਚ' ਦੀ ਇਕਾਈ ਕਿਰਿਆਸ਼ੀਲ ਹੈ। ਕਿਰਿਆ ਪਿਛੇਤਰ ਨਾਲ ਬਣੇ ਨਾਂਵ ਰੂਪ ਅਰਥ ਦਾ ਘੇਰਾ ਸੀਮਿਤ ਕਰਦੇ ਹਨ। ਵਜਾਵਣਹਾਰਾ ਤੇ ਸਾਜਨਹਾਰਾ ਪਰਮਾਤਮਾ ਆਪ ਹੈ, ਅਰਥ ਉਸ ਤੱਕ ਸੀਮਿਤ ਹੋ ਜਾਂਦੇ ਹਨ। ਪਹਿਲਾ ਸ਼ਬਦ ਕਿਰਿਆ ਹੈ, ਦੁਹਰੁਕਤੀ ਦਾ ਦੂਜਾ ਸ਼ਬਦ **ਗਾਵਣਹਾਰੀਆ, ਵਜਾਵਣਹਾਰਾ ਸਾਜਨਹਾਰੈ** ਨਾਲ ਜੁੜੇ ਇਕ ਤੋਂ ਵਧੇਰੇ 'ਪਿਛੇਤਰ' ਕਰਤਾ ਨਾਂਵ ਇਸਤਰੀ ਲਿੰਗ, ਬਹੁਵਚਨ (ਗਾਵਣਹਾਰੀਆ), ਪੁਲਿੰਗ, ਇਕ ਵਚਨ (ਵਜਾਵਣਹਾਰਾ, ਸਾਜਨਹਾਰੈ) ਦੇ ਅਰਥ ਦੇ ਰਹੇ ਹਨ। ਗੁਰੂ ਗ੍ਰੰਥ ਸਾਹਿਬ ਦੀ ਸੰਯੋਗਾਤਮਕ ਭਾਸ਼ਾ ਇਕੋ ਸ਼ਬਦ ਵਿਚ ਬਹੁ ਸ਼ਬਦਾਂ/ ਵਾਕੰਸ਼ ਦੇ ਅਰਥ ਦਿੰਦੀ ਹੈ।

ਉਪਰੋਕਤ ਵਾਕਾਂ ਵਿਚ ਕੇਵਲ ਪਹਿਲਾ ਵਾਕ ਦੁਹਰੁਕਤੀਯੁਕਤ ਬਣਤਰ ਵਾਲਾ ਹੈ, ਅਖ਼ੀਰਲੇ ਦੋ ਵਾਕ ਦੁਹਰੁਕਤੀਮੁਕਤ ਹਨ। ਅਜਿਹੀਆਂ ਬਣਤਰਾਂ ਨੂੰ 'ਵਾਕੰਸ਼' ਇਕਾਈ ਦੇ ਆਧਾਰ 'ਤੇ ਨਿਖੇੜਿਆ ਹੈ।

**2.1.III. ਧੁਨੀ ਪਰਿਵਰਤਨ:-** ਦੁਹਰੁਕਤੀਯੁਕਤ ਸ਼ਬਦਾਂ ਵਿਚਾਲੇ ਆਪਸੀ ਧੁਨੀ ਪਰਿਵਰਤਨ ਨਾਲ ਨਵੇਂ ਸ਼ਬਦ ਸਿਰਜੇ ਜਾਂਦੇ ਹਨ। ਸਿਰਜੇ ਗਏ ਸ਼ਬਦ ਦੇ ਦੋ ਭੇਦ ਹਨ। ਪੂਰਨ ਦੁਹਰੁਕਤੀ ਦੇ ਅੰਤਰਗਤ ਸਾਰਥਕ ਧੁਨੀ ਪਰਿਵਰਤਨ ਦਾ ਵਿਸ਼ਲੇਸ਼ਣ ਹੈ।

**III.i. ਸਾਰਥਕ ਧੁਨੀ ਪਰਿਵਰਤਨ**

**III.ii. ਨਿਰਾਰਥਕ ਧੁਨੀ ਪਰਿਵਰਤਨ**

**III.i. ਸਾਰਥਕ ਧੁਨੀ ਪਰਿਵਰਤਨ:-** ਦੁਹਰੁਕਤੀਯੁਕਤ ਸ਼ਬਦਾਂ ਵਿਚਾਲੇ ਧੁਨੀ ਪਰਿਵਰਤਨ ਰਾਹੀਂ ਅਰਥਗਤ ਸ਼ਬਦ ਦੀ ਸਿਰਜਨਾ 'ਸਾਰਥਕ ਧੁਨੀ ਪਰਿਵਰਤਨ' ਹੈ। ਦੁਹਰੁਕਤੀ ਵਜੋਂ ਇਹ 'ਵਰਗਾਰਥੀ, ਵਿਰੋਧਾਰਥੀ, ਰੂਪਾਤਮਕ ਸਾਂਝ' ਵਾਲੇ ਸ਼ਬਦ ਦੀ ਸਿਰਜਨਾ ਅਤੇ 'ਸੰਬੰਧਕ, ਦਬਾਉਬੋਧਕ, ਅਧਿਕਰਨ ਕਾਰਕ, ਸ਼੍ਰੇਣੀ ਪਰਿਵਰਤਨ' ਆਦਿ ਦਾ ਕਾਰਜ ਕਰਦਾ ਹੈ।

**ੳ. ਵਰਗਾਰਥਕ ਧੁਨੀ ਪਰਿਵਰਤਨ:-** ਧੁਨੀ ਪਰਿਵਰਤਨ ਰਾਹੀਂ 'ਵਰਗਾਰਥਕ' ਸ਼ਬਦਾਂ ਦੀ ਸਿਰਜਨਾ ਕੀਤੀ ਜਾਂਦੀ ਹੈ। 'ਹੈਵਰ ਗੈਵਰ, ਤੰਤ ਮੰਤ, ਕਰਮ ਧਰਮ, ਬੂਝੈ ਸੂਝੈ, ਬਾਲੀ ਬਾਲੈ, ਚਿਹਨੁ ਵਰਨੁ, ਅਰਸਹੁ ਕੁਰਸਹੁ, ਅਬ ਤਬ, ਜਬ ਕਬ, ਦਲਿ ਮਲਿ, ਹਲਤਿ ਪਲਤਿ, ਮੰਡਲ ਖੰਡਲ, ਅਗਮ ਨਿਗਮੁ, ਬੁਧਿ ਸੁਧਿ, ਮੂਰਤਿ ਸੂਰਤਿ, ਨਾਰਦ ਸਾਰਦ, ਕੂਕਰ ਸੂਕਰ, ਰੋਗ ਸੋਗ, ਈਤ ਊਤ, ਚਰਨ ਸਰਨ, ਮੀਤ ਹੀਤ, ਭੁਗਤਿ ਜੁਗਤਿ, ਦੋਸੁ ਰੋਸੁ, ਜਾਹੂ ਕਾਹੂ, ਅਗਮ ਦ੍ਰਗਮ, ਸੁਧਿ ਬੁਧਿ, ਹਾਹਾ ਹੂਹੂ, ਬਰਸੁ ਸਰਸੁ, ਸੂਝਸਿ ਬੂਝਸਿ, ਅਨੁ ਧਨੁ, ਘੁਲਿ ਮਿਲਿ, ਦਇਆ ਮਇਆ, ਤਟਨ ਖਟਨ ਜਟਨ, ਚਰਨ ਸਰਨ, ਨੈਨ ਬੈਨ, ਬਲੁ ਛਲੁ, ਕੂਕਰਹ ਸੂਕਰਹ, ਰੁਖੀ ਸੁਖੀ, ਘਬੁ ਦਬੁ, ਅਰਝਿ ਉਰਝਿ, ਭਿਜਉ ਸਿਜਉ, ਓਤਿ ਪੋਤਿ' ਆਦਿ।

**ਹੈਵਰ ਗੈਵਰ** ਆਪਨ ਨਹੀ ਕਾਮ ॥ (ਮ: ੫) ਅੰਗ ੧੮੭

**ਕੂਕਰ ਸੂਕਰ** ਕਹੀਅਹਿ ਕੂੜਿਆਰਾ ॥ (ਮ: ੧) ਅੰਗ ੧੦੨੯

**ਮੀਤ ਹੀਤ** ਧਨੁ ਨਹ ਪਾਰਣਾ ॥ (ਮ: ੫) ਅੰਗ ੧੧੩੭

**ਹਾਹਾ ਹੂਹੂ** ਗੰਧ੍ਰਬ ਅਪਸਰਾ ਅਨੰਦ ਮੰਗਲ ਰਸ ਗਾਵਨੀ ਨੀਕੀ ॥

(ਮ: ੫) ਅੰਗ ੧੨੭੨

ਸਤਿਗੁਰ ਮਿਲੈ ਤ **ਸੂਝਸਿ ਬੂਝਸਿ** ਸਚ ਮਨਿ ਗਿਆਨੁ ਸਮਾਵੈ ॥

(ਮ: ੧) ਅੰਗ ੧੨੭੪

ਤੁਮਰੀ **ਦਇਆ ਮਇਆ** ਸੁਖੁ ਪਾਵਉ ਹੋਹੁ ਕ੍ਰਿਪਾਲ ਤ ਭਉਜਲੁ ਤਰਨਾ ॥

(ਮਃ ੫) ਅੰਗ ੧੨੯੯

**ਰੁਖੀ ਸੁਖੀ** ਖਾਇ ਕੈ ਠੰਢਾ ਪਾਣੀ ਪੀਉ ॥ (ਫਰੀਦ) ਅੰਗ ੧੩੭੯

ਉਪਰੋਕਤ ਵਾਕਾਂ ਵਿਚਲੇ ਦੁਹਰੁਕਤੀਯੁਕਤ ਸ਼ਬਦਾਂ ਵਿਚਾਲੇ ਧੁਨਾਤਮਕ ਅਤੇ ਅਰਥਗਤ ਸਾਂਝ ਹੈ। ਧੁਨੀ ਪਰਿਵਰਤਨ ਨਾਲ ਵਰਗਾਰਥੀ ਸ਼ਬਦ ਇਕ ਵਰਗ ਵਾਲੇ ਵਿਭਿੰਨ ਸ਼ਬਦਾਂ ਦਾ ਅਰਥ ਸੰਚਾਰਦੇ ਹਨ। ਵਿਭਿੰਨ ਅਰਥ ਸੰਚਾਰ ਵਿਚ 'ਅਰਥ ਵਿਸਥਾਰ' ਦੀ ਇਕਾਈ ਕਾਰਜਸ਼ੀਲ ਹੁੰਦੀ ਹੈ। ਧੁਨੀ ਪਰਿਵਰਤਨ 'ਵਿਅੰਜਨ ਤੋਂ ਵਿਅੰਜਨ' ਅਤੇ 'ਸ੍ਵਰ ਤੋਂ ਸ੍ਵਰ' ਵਿਚ ਹੋ ਰਿਹਾ ਹੈ। ਧੁਨੀ ਪਰਿਵਰਤਨ ਵਿਚ ਸ਼ਬਦ ਦੀ ਦੂਹਰੀ ਵਰਤੋਂ ਤੋਂ ਬਿਨਾਂ ਤਿੰਨ ਜਾਂ ਚਾਰ ਸ਼ਬਦਾਂ ਦੀ ਵਰਤੋਂ ਵੀ ਮਿਲਦੀ ਹੈ:

**ਦਰਸਨ ਪਰਸਨ ਸਰਸਨ ਹਰਸਨ ਰੰਗਿ ਰੰਗੀ** ਕਰਤਾਰੀ ਰੇ ॥ (ਮਃ ੫) ਅੰਗ ੪੦੪

**ਅਬ ਤਬ ਜਬ ਕਬ** ਤੁਹੀ ਤੁਹੀ ॥ (ਕਬੀਰ) ਅੰਗ ੯੬੯

ਦਰਸਨ ਪਰਸਨ ਸਰਸਨ ਹਰਸਨ ਅਤੇ ਅਬ ਤਬ ਜਬ ਕਬ ਧੁਨੀ ਪਰਿਵਰਤਨ ਦੀ ਦੂਹਰੀ ਦੁਹਰੁਕਤੀ ਹੈ। ਦਰਸਨ (ਦੇਖਣਾ), ਪਰਸਨ (ਸਪਰਸ਼ ਕਰਨਾ), ਸਰਸਨ (ਆਤਮਿਕ ਖਿੜਾਉ), ਹਰਸਨ (ਹਰਖ ਆਨੰਦ), ਵਿਚ 'ਰਸਨ' ਦਾ ਦੁਹਰਾਉ (ਧੁਨਾਤਮਕ ਸਾਂਝ) ਅਤੇ ਅਰਥਾਂ ਦੀ ਸਾਂਝ ਹੈ। **ਦਰਸਨ ਪਰਸਨ** ਵਰਗਾਰਥੀ ਦੁਹਰੁਕਤੀ ਹੈ ਅਤੇ **ਸਰਸਨ ਹਰਸਨ** ਸਮਾਨਾਰਥੀ ਦੁਹਰੁਕਤੀ ਹੈ। **ਰੰਗਿ ਰੰਗੀ** ਇਕੋ ਮੂਲ ਰੂਪ 'ਨਾਂਵ' ਅਤੇ 'ਕਿਰਿਆ' ਦਾ ਕਾਰਜ ਕਰ ਰਿਹਾ ਹੈ। **ਅਬ ਤਬ, ਜਬ ਕਬ** ਦੂਹਰੀ ਦੁਹਰੁਕਤੀ 'ਤੁਹੀ ਤੁਹੀ' ਦੀ ਵਿਸ਼ੇਸ਼ਤਾ ਦਰਸਾ ਰਹੀ ਹੈ। ਤੁਹੀ ਤੁਹੀ ਪਰਮਾਤਮਾ ਲਈ ਵਰਤਿਆ 'ਪੜਨਾਂਵੀਂ' ਰੂਪ ਹੈ, **ਅਬ ਤਬ** (ਕਾਲ ਵਾਚਕ), **ਜਬ ਕਬ** (ਸਥਾਨ ਵਾਚਕ) ਰੂਪ ਪਰਮਾਤਮਾ ਦੀ ਸਰਵ ਵਿਆਪਕਤਾ ਦੇ ਅਰਥਾਂ ਵਿਚ 'ਅਰਥ ਵਿਸਥਾਰ' ਦਾ ਕਾਰਜ ਕਰ ਰਹੇ ਹਨ। ਦੋਹਾਂ ਵਾਕਾਂ ਦੀ ਵਾਕੰਸ਼ ਸਿਰਜਨਾ ਦਾ ਆਧਾਰ 'ਧੁਨੀ ਪਰਿਵਰਤਨ' ਹੈ।

**ਅ. ਵਿਰੋਧਾਰਥਕ ਧੁਨੀ ਪਰਿਵਰਤਨ:-** ਧੁਨੀ ਪਰਿਵਰਤਨ ਰਾਹੀਂ ਵਿਰੋਧੀ ਸ਼ਬਦਾਂ ਦੀ ਸਿਰਜਨਾ ਵਿਰੋਧਾਰਥਕ ਧੁਨੀ ਪਰਿਵਰਤਨ ਹੈ। ਆਸਤਿ ਨਾਸਤਿ (ਹੋਂਦ ਅਣਹੋਂਦ, ਮੌਜੂਦ ਹੈ, ਨਹੀਂ ਹੈ )[21], ਸੁਭਾਇ ਅਭਾਇ (ਚੰਗਾ ਮੰਦਾ)[22], ਲਾੜੀ ਚਾੜੀ (ਨਿੰਦਾ ਖੁਸ਼ਾਮਦ) [23], ਨਿੰਦੁ ਬਿੰਦੁ (ਨਿੰਦਿਆ ਉਸਤਤ)[24], ਲਿੰਞ ਞਿੰਞ (ਨਰੋਏ ਤੇ ਸੁੱਕੇ ਅੰਗ)[25], ਹਰਣ ਭਰਣ (ਨਾਸ ਕਰਨ ਵਾਲਾ ਤੇ ਪਾਲਣ ਵਾਲਾ)[26], ਪਰਵਿਰਤਿ ਨਰਵਿਰਤਿ (ਗ੍ਰਿਹਿਣ ਤਿਆਗ)[27], ਊਰਮ ਧੂਰਮ (ਸੰ, ਊਰਵੀ/ ਧਰਤੀ, ਸੰ, ਧੂਮ੍ਰ/ ਆਕਾਸ਼)[28], ਅਰਧ ਉਰਧ (ਹੇਠਾਂ, ਉੱਤੇ)[29] ਆਦਿ:

**ਆਸਤਿ ਨਾਸਤਿ** ਏਕੋ ਨਾਉ ॥ (ਮਃ ੧) ਅੰਗ ੯੫੩

**ਸੁਭਾਇ ਅਭਾਇ** ਜੁ ਨਿਕਟਿ ਆਵੈ ਸੀਤੁ ਤਾ ਕਾ ਜਾਇ ॥ (ਮਃ ੫) ਅੰਗ ੧੦੧੮

ਹੋਯੋ ਹੈ ਹੋਵੰਤੋ **ਹਰਣ ਭਰਣ** ਸੰਪੂਰਣ ॥ (ਮਃ ੫) ਅੰਗ ੧੩੬੧

ਗੁਰਮੁਖਿ **ਪਰਵਿਰਤਿ ਨਰਵਿਰਤਿ** ਪਛਾਣੈ ॥ (ਮਃ ੧) ਅੰਗ ੯੪੧

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਵਿਰੋਧੀ ਸ਼ਬਦ ਅਰਥ ਵਜੋਂ ਇਕ ਦੂਜੇ ਦੇ ਵਿਰੋਧੀ ਹਨ, ਵਾਕ ਦੀ ਸਥਿਤੀ ਵਿਚ ਨਿਰੋਲ ਵਿਰੋਧ ਨਹੀਂ ਸਿਰਜਦੇ। ਜਿਵੇਂ: **ਆਸਤਿ ਨਾਸਤਿ** (ਹੋਂਦ ਅਣਹੋਂਦ) ਵਿਰੋਧੀ ਸ਼ਬਦ, ਵਿਰੋਧ ਵਜੋਂ ਨਹੀਂ, ਬਲਕਿ ਨਾਮ ਦੀ ਸਦੀਵੀ ਸਥਿਰਤਾ ਨੂੰ ਦਰਸਾ ਰਹੇ ਹਨ। **ਸੁਭਾਇ ਅਭਾਇ** (ਚੰਗਾ ਮੰਦਾ) ਦੋਹਾਂ ਪੱਖਾਂ ਦੀ ਸਮੁਚਤਾ ਦੇ ਅਰਥ ਦਿੰਦੇ ਹਨ।

---

21 ਸਾਹਿਬ ਸਿੰਘ, ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 115.

22 ਓਹੀ, ਪੰਨਾ 510.

23 ਓਹੀ, (ਪੋਥੀ ਛੇਵੀਂ), 1963, ਪੰਨਾ 796.

24 ਓਹੀ, (ਸੱਤਵੀਂ ਪੋਥੀ), ਪੰਨਾ 602.

25 ਓਹੀ, (ਨੌਵੀਂ ਪੋਥੀ), ਪੰਨਾ 940.

26 ਓਹੀ, (ਦੱਸਵੀਂ ਪੋਥੀ), 1964, ਪੰਨਾ 67.

27 ਓਹੀ, (ਸੱਤਵੀਂ ਪੋਥੀ), 1963, ਪੰਨਾ 51.

28 ਓਹੀ, (ਛੇਵੀਂ ਪੋਥੀ), ਪੰਨਾ 791.

29 ਓਹੀ, (ਸੱਤਵੀਂ ਪੋਥੀ), ਪੰਨਾ 113.

ਅਖ਼ੀਰਲੇ ਦੋ ਵਾਕ ਨਿਰੋਲ ਵਿਰੋਧੀ ਕਾਰਜ ਵਾਲੇ ਹਨ। **ਹਰਣ ਭਰਣ** (ਨਸ਼ਟ ਤੇ ਪਾਲਣ), **ਪਰਵਿਰਤਿ ਨਰਵਿਰਤਿ** (ਗ੍ਰਹਿਣ ਤੇ ਤਿਆਗ), ਇਹ ਇਕ ਇਕਾਈ ਦੇ ਰੂਪ ਵਿਚ ਵਿਰੋਧੀ ਸ਼ਬਦਾਂ ਦਾ ਪ੍ਰਕਾਰਜ ਕਰ ਰਹੇ ਹਨ। ਅਖ਼ੀਰਲੇ ਵਾਕ ਵਿਚ ਪਰਿਵਰਤਨ ਇਕ ਧੁਨੀ ਦਾ ਹੈ, ਵਿਰੋਧ ਪਰ ਅਤੇ ਨਰ ਦਾ ਹੈ। ਪਰ ਅਤੇ ਨਰ ਦੋ ਧੁਨੀਆਂ ਆਪਸੀ ਵਿਰੋਧ ਦਾ ਕਾਰਜ ਕਰ ਰਹੀਆਂ ਹਨ।

**ੲ. ਰੂਪਾਤਮਕ ਸਾਂਝ:-** ਧੁਨੀ ਪਰਿਵਰਤਨ ਦੇ ਵਧੇਰੇ ਸ਼ਬਦ ਅਜਿਹੇ ਮਿਲਦੇ ਹਨ, ਜਿਹੜੇ ਕੇਵਲ ਰੂਪਗਤ ਸਾਂਝ ਵਾਲੇ ਹਨ। ਰੂਪ ਦੇ ਪੱਖ ਤੋਂ ਇਹਨਾਂ ਦਾ ਧੁਨੀ ਪਰਿਵਰਤਨ ਹੋ ਰਿਹਾ ਹੈ, ਲੇਕਿਨ ਧਾਤੂ ਰੂਪ ਵਿਚ ਦੋਵੇਂ ਵੱਖਰੇ ਸ਼ਬਦ ਹਨ ਤੇ ਦੋਵੇਂ ਵੱਖਰੀ ਸ਼੍ਰੇਣੀ ਅਤੇ ਵੱਖਰੇ ਅਰਥਾਂ ਦਾ ਪ੍ਰਕਾਰਜ, 'ਇਕ ਵਾਕੰਸ਼' (ਨਾਂਵ+ ਵਿਸ਼ੇਸ਼ਣ) ਦੀ ਇਕ ਇਕਾਈ ਵਿਚ ਕਰਦੇ ਹਨ। ਇਹਨਾਂ ਸ਼ਬਦਾਂ ਵਿਚ ਅਰਥਾਂ ਦੀ ਸਾਂਝ ਨਹੀਂ ਬਣਦੀ, ਇਹ ਵਿਭਿੰਨ ਅਰਥਾਂ ਦਾ ਪ੍ਰਕਾਰਜ ਕਰਦੇ ਹਨ। ਇਹਨਾਂ ਦਾ ਸ਼ਾਬਦਿਕ ਰੂਪ ਮੂਹਰਲੀ ਧੁਨੀ ਦੇ ਫ਼ਰਕ ਨਾਲ ਬਰਾਬਰ ਹੈ। ਪਹਿਲੀ ਧੁਨੀ ਦੇ ਫ਼ਰਕ ਨਾਲ ਇਹ ਵੱਖਰੇ ਅਰਥਾਂ ਦਾ ਸੰਚਾਰ ਕਰ ਰਹੇ ਹਨ।

ਬੂਝਤ ਦੀਪਕ **ਮਿਲਤ ਤਿਲਤ** ॥ (ਮਃ ੫) ਅੰਗ ੯੮੭

ਪੀਅਹਿ ਤ **ਪਾਣੀ ਆਣੀ** ਮਰਾ ਖਾਹਿ ਤ ਪੀਸਣ ਜਾਉ ॥ (ਮਃ ੧) ਅੰਗ ੯੯੧

ਖੂਲੇ **ਕਪਟ ਧਪਟ** ਬੁਝਿ ਤ੍ਰਿਸਨਾ ਜੀਵਉ ਪੇਖਿ ਦਰਸਾਰੀ ॥ (ਮਃ ੫) ਅੰਗ ੧੧੨੦

ਅਨਿਕ ਜਤਨ ਕਰਿ ਰਹਣੁ ਨ ਪਾਵੈ **ਆਚੁ ਕਾਚੁ** ਢਰਿ ਪਾਂਹੀ ॥ (ਮਃ ੧) ਅੰਗ ੧੨੭੩

ਗਿਆਰਹ **ਮਾਸ ਪਾਸ** ਕੈ ਰਾਖੇ ਏਕੈ ਮਾਹਿ ਨਿਧਾਨਾ ॥ (ਕਬੀਰ) ਅੰਗ ੧੩੪੯

ਫਰੀਦਾ **ਰਤੀ ਰਤੁ** ਨ ਨਿਕਲੈ ਜੇ ਤਨੁ ਚੀਰੈ ਕੋਇ ॥ (ਫਰੀਦ) ਅੰਗ ੧੩੮੦

**ਸ. ਸ਼੍ਰੇਣੀ ਪਰਿਵਰਤਨ:-** ਕੁਝ ਸ਼ਬਦ ਅਜਿਹੇ ਹਨ, ਜਿਹਨਾਂ ਵਿਚਾਲੇ ਧੁਨੀ ਪਰਿਵਰਤਨ ਨਾਲ ਸ਼ਬਦ ਦੀ ਸ਼੍ਰੇਣੀ ਪਰਿਵਰਤਤ ਹੁੰਦੀ ਹੈ। ਇਹਨਾਂ ਸ਼ਬਦਾਂ ਦਾ ਮੂਲ ਇਕ ਜਾਂ ਵਿਭਿੰਨ ਹੋ ਸਕਦਾ ਹੈ। ਇਹ ਇਕ ਸ਼੍ਰੇਣੀ ਤੋਂ ਦੂਜੀ ਸ਼੍ਰੇਣੀ ਦੇ ਮੈਂਬਰ ਵਜੋਂ ਕਾਰਜ ਕਰਦੇ ਹਨ:

**ਸ.i. ਨਾਂਵ ਤੋਂ ਵਿਸ਼ੇਸ਼ਣ:**

**ਰਸ ਕਸ** ਖਾਏ ਪਿੰਡੁ ਵਧਾਏ ॥ (ਮਃ ੩) ਅੰਗ ੧੦੫੮

ਮਨ ਕੀ **ਜੂਠੀ ਜੂਠੁ** ਕਮਾਵੈ ॥ (ਮਃ ੩) ਅੰਗ ੧੦੪੭

ਦੁਰਮਤਿ **ਖੋਟੀ ਖੋਟੁ** ਕਮਾਵੈ ॥ (ਮਃ ੩) ਅੰਗ ੧੦੪੭

**ਰਸ** ਭਾਵ ਵਾਚਕ ਨਾਂਵ, **ਕਸ** (ਕਸੈਲਾ) ਗੁਣ ਵਾਚਕ ਵਿਸ਼ੇਸ਼ਣ ਹੈ। ਦੋਹਾਂ ਦਾ ਮੂਲ ਵਿਭਿੰਨ ਹੈ, ਵਾਕ ਬਣਤਰ ਵਿਚ ਇਕ ਇਕਾਈ ਦੇ ਰੂਪ ਵਿਚ ਕਸ 'ਰਸ' ਦੇ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। 'ਜੂਠੀ ਜੂਠੁ, ਖੋਟੀ ਖੋਟੁ' ਦਾ ਧਾਤੂ ਇਕ ਹੈ। ਵਾਕ ਬਣਤਰ ਵਿਚ ਦੋਵੇਂ ਰੂਪ ਦੋ ਵੱਖਰੇ ਵਾਕੰਸ਼ ਦਾ ਹਿੱਸਾ ਹਨ। ਜੂਠੀ ਅਤੇ ਖੋਟੀ ਵਿਸ਼ੇਸ਼ਣ ਪਹਿਲੇ ਵਾਕੰਸ਼ ਦਾ ਹਿੱਸਾ ਹਨ, ਜੂਠੁ ਤੇ ਖੋਟੁ ਕਿਰਿਆ ਦੇ ਕਰਮ ਪੂਰਕ ਹਨ। ਇਹ ਕੇਵਲ ਰੂਪਗਤ ਸਾਂਝ ਤੋਂ ਦੁਹਰੁਕਤੀਯੁਕਤ ਜਾਪਦੇ ਹਨ।

**ਸ.ii. ਭਾਵ ਵਾਚਕ ਨਾਂਵ ਤੋਂ ਕਰਤਾ ਨਾਂਵ:**

ਨਾਨਕ **ਨਦਰੀ ਨਦਰਿ** ਪਿਆਰੇ ॥ (ਮਃ ੧) ਅੰਗ ੯੪੩

ਨਦਰਿ (ਮਿਹਰ) ਭਾਵ ਵਾਚਕ ਨਾਂਵ ਤੋਂ ਕਰਤਾ ਨਾਂਵ (ਮਿਹਰ ਕਰਨ ਵਾਲਾ) ਦਾ ਕਾਰਜ ਕਰ ਰਿਹਾ ਹੈ।

**ਸ.iii. ਕਿਰਿਆ ਤੋਂ ਨਾਂਵ:**

ਹਰਿ **ਰੰਗ ਰਾਂਗ** ਭਏ ਮਨ ਲਾਲਾ ਰਾਮ ਨਾਮ ਰਸ ਖੀਵਨਿ ॥ (ਮਃ ੫) ਅੰਗ ੧੨੨੨

ਤੂੰ ਆਪੇ ਆਪਿ ਵਰਤਦਾ ਆਪਿ **ਬਣਤ ਬਣਾਈ** ॥ (ਮਃ ੧) ਅੰਗ ੧੨੯੧

**ਰੰਗ** ਨਾਂਵ, **ਰਾਂਗ** ਕਿਰਿਆ, **ਬਣਾਈ** 'ਬਣ' ਧਾਤੂ ਮੂਲ ਕਿਰਿਆ ਤੋਂ **ਬਣਤ** ਆਮ ਨਾਂਵ ਹੈ। ਧੁਨੀ ਪਰਿਵਰਤਨ ਨਾਲ ਇਹਨਾਂ ਸ਼ਬਦਾਂ ਦਾ ਅਰਥ, ਪ੍ਰਕਾਰਜ ਅਤੇ ਸ਼੍ਰੇਣੀ ਬਦਲ ਗਈ ਹੈ। ਵਾਕ ਵਿਚ ਇਹ ਇਕ 'ਵਾਕੰਸ਼' ਦਾ ਕਾਰਜ ਕਰ ਰਹੇ ਹਨ। ਭਾਵ ਵਾਚਕ ਨਾਂਵ ਤੋਂ ਕਰਤਾ ਨਾਂਵ ਅਤੇ ਕਿਰਿਆ ਤੋਂ ਨਾਂਵ

ਦੁਹਰੁਕਤੀ ਵਿਚ ਰੂਪ ਅਤੇ ਅਰਥਾਂ ਦੀ ਸਾਂਝ ਹੈ। ਦੁਹਰੁਕਤੀਯੁਕਤ ਸ਼ਬਦਾਂ ਦਾ ਮੂਲ ਇਕ ਹੈ, ਧੁਨੀ ਦੇ ਪਰਿਵਰਤਨ ਕਾਰਨ ਦੋਵੇਂ ਵੱਖਰੀ ਇਕਾਈ ਦਾ ਕਾਰਜ ਕਰਦੇ ਹਨ।

**ਹ. ਸੰਬੰਧਕ ਦਾ ਕਾਰਜ**

ਨਾਵਹਿ ਧੋਵਹਿ ਪੂਜਹਿ ਸੈਲਾ॥ ਬਿਨੁ ਹਰਿ ਰਾਤੇ **ਮੈਲੋ ਮੈਲਾ** ॥ (ਮਃ ੧) ਅੰਗ ੯੦੪

ਊਚੀ ਪਦਵੀ **ਊਚੋ ਊਚਾ** ਨਿਰਮਲ ਸਬਦੁ ਕਮਾਇਆ ॥ (ਮਃ ੧) ਅੰਗ ੧੦੪੧

**ਮੈਲੋ ਮੈਲਾ** ਅਤੇ **ਊਚੋ ਊਚਾ** ਵਿਚ 'ਆ' ਤੋਂ 'ਓ' ਧੁਨੀ ਪਰਿਵਰਤਨ ਹੈ। 'ਓ' **ਤੋਂ** ਸੰਬੰਧਕ ਤੁਲਨਾ ਦੇ ਅਰਥਾਂ ਵਿਚ ਕਾਰਜਸ਼ੀਲ ਹੈ। ਇਹ ਮੈਲੇ ਤੋਂ ਮੈਲਾ (ਨਿਸਫਲ) ਅਤੇ ਊਚੇ ਤੋਂ ਊਚਾ (ਸਫਲ) ਦੇ ਅਰਥ ਦੇ ਰਹੇ ਹਨ। ਮੈਲੋ ਤੇ ਊਚੋ ਸ਼ਬਦ ਇਕਹਿਰੇ ਰੂਪ ਵਿਚ ਨਿਰਾਰਥਕ ਹਨ। **ਓ** ਕਾਰਕੀ ਪਿਛੇਤਰ ਸੰਬੰਧਕ ਦੀ ਸਥਿਤੀ ਵਾਲਾ ਹੈ। ਮੈਲੋ ਮੈਲਾ ਦੁਹਰੁਕਤੀਯੁਕਤ ਰੂਪ ਕਰਮਕਾਂਡ ਕਰਨ ਵਿਚ ਫਸੇ ਹਰੀ ਨਾਮ ਤੋਂ ਸੱਖਣੇ ਮਨੁੱਖ ਨਿਘਰਤਾ ਦੀ ਸਥਿਤੀ ਨੂੰ ਦਰਸਾ ਰਿਹਾ ਹੈ, ਤੇ ਊਚੋ ਊਚਾ ਸ਼ਬਦ ਦੀ ਕਮਾਈ ਤੋਂ ਮਨੁੱਖ ਦੀ ਸਫ਼ਲ ਸਥਿਤੀ ਨੂੰ ਦਰਸਾਉਂਦਾ ਹੈ।

ਹੇਠਾਂ ਦਿੱਤੇ ਵਾਕਾਂ ਵਿਚ **ਏ, ਐ** ਪਿਛੇਤਰਯੁਕਤ ਰੂਪ ਵਿਚ ਸੰਬੰਧਕ ਵਜੋਂ 'ਅਧਿਕਰਣ ਕਾਰਕ' ਦਾ ਕਾਰਜ ਕਰ ਰਹੇ ਹਨ:

ਬਿਖਿਆ ਰਾਤੇ ਦੁਖੁ ਕਮਾਵਹਿ **ਦੁਖੇ ਦੁਖਿ** ਸਮਾਇਦਾ ॥ (ਮਃ ੩) ਅੰਗ ੧੦੫੯

ਨਾਨਕ ਨਾਮਿ ਰਤੇ ਵੀਚਾਰੀ **ਨਾਮੇ ਨਾਮਿ** ਸਮਾਇਦਾ ॥ (ਮਃ ੩) ਅੰਗ ੧੦੫੯

ਗੁਰ ਕੈ ਸਬਦਿ ਮਿਲਿਆ ਸਚੁ ਪਾਇਆ **ਸਚੇ ਸਚਿ** ਸਮਾਇਦਾ ॥ (ਮਃ ੩) ਅੰਗ ੧੦੬੦

ਕਹੁ ਨਾਨਕ **ਤਤੈ ਤਤੁ** ਮਿਲਾਇਆ ॥ (ਮਃ ੫) ਅੰਗ ੧੧੫੬

ਉਪਰੋਕਤ ਵਾਕਾਂ ਵਿਚ ਧੁਨੀ ਪਰਿਵਰਤਨ ਦੇ ਰੂਪ 'ਅਧਿਕਰਣ ਕਾਰਕ' ਦਾ ਕਾਰਜ ਕਰ ਰਹੇ ਹਨ। ਅਧਿਕਰਣ ਕਾਰਕ ਦਾ ਕਾਰਨ ਇਹਨਾਂ ਨਾਲ ਆਈ 'ਮੁਖ ਕਿਰਿਆ' ਹੈ।

**ਕ. ਦਬਾਉ ਬੋਧਕ ਪ੍ਰਭਾਵ:-** ਪਿਛੇਤਰ ਦੁਹਰੁਕਤੀ ਵਿਚ ਸ਼ਬਦ ਦੇ ਅੰਤ 'ਤੇ ਲੱਗੇ 'ਵਧੇਤਰ' ਵਾਕ ਵਿਚ ਦਬਾਉ ਦਾ ਕਾਰਜ ਕਰਦੇ ਹਨ, ਇਸੇ ਤਰ੍ਹਾਂ ਧੁਨੀ ਪਰਿਵਰਤਨ ਵਿਚ ਪਰਿਵਰਤਤ ਹੋਈ 'ਸ੍ਵਰ' ਧੁਨੀ ਦਬਾਉ ਦਾ ਕਾਰਜ ਕਰਦੀ ਹੈ।

ਗੁਰਮੁਖਿ **ਸਚੋ ਸਚੁ** ਕਮਾਵੈ ॥ (ਮਃ ੩) ਅੰਗ ੧੦੫੯

ਕੁਸੰਗਤਿ ਬਹਹਿ ਸਦਾ ਦੁਖੁ ਪਾਵਹਿ **ਦੁਖੋ ਦੁਖੁ** ਕਮਾਇਆ ॥ (ਮਃ ੩) ਅੰਗ ੧੦੬੮

**ਏਕੋ ਏਕੁ** ਰਵਿਆ ਸਭ ਠਾਈ ॥ (ਮਃ ੫) ਅੰਗ ੧੦੮੦

**ਨਾਮੋ ਨਾਮੁ** ਧਿਆਈਐ ਸਦਾ ਸਦ ਇਹੁ ਮਨੁ ਨਾਮੇ ਰਾਤਾ ਹੇ ॥ (ਮਃ ੩) ਅੰਗ ੧੦੫੨

ਸਚੁ ਜਾਣੈ ਕਚੁ ਵੈਦਿਓ ਤੂ **ਆਘੂ ਆਘੇ** ਸਲਵੇ ॥ (ਮਃ ੫) ਅੰਗ ੧੦੯੫

**ਭਸੋ ਭਸੁ** ਕਮਾਵਣੀ ਭੀ ਭਸੁ ਭਰੀਐ ਦੇਹ ॥ (ਮਃ ੧) ਅੰਗ ੧੨੪੦

ਜਿਤੁ ਗ੍ਰਿਹਿ ਮੰਦਰਿ ਹਰਿ ਹੋਤੁ ਜਾਸੁ ਤਿਤੁ ਘਰਿ **ਆਨਦੋ ਆਨੰਦੁ** ਭਜੁ ਰਾਮ ਰਾਮ ਰਾਮ ॥

(ਮਃ ੪) ਅੰਗ ੧੨੯੭

ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ **ਬਿਖੈ ਬਿਖੁ** ਖਾਈ ॥

(ਭਟ ਕੀਰਤ) ਅੰਗ ੧੪੦੬

ਉਪਰੋਕਤ ਵਾਕਾਂ ਵਿਚ ਧੁਨੀ ਪਰਿਵਰਤਨ ਵਾਲੇ ਰੂਪ ਵਿਚ ਅਰਥਗਤ **ਹੀ** ਨਿਪਾਤ ਦੀ ਸੰਧੀ ਹੈ। ਦਬਾਉਬੋਧਕਤਾ ਲਈ **ਹੀ** ਦੀ ਪ੍ਰਤੱਖ ਵਰਤੋਂ ਕਾਵਿ ਸੁਹਜ ਨੂੰ ਭੰਗ ਕਰਦੀ ਹੈ। ਸੰਧੀ ਨਾਲ ਬਣੇ ਇਹਨਾਂ

ਸ਼ਬਦਾਂ ਦੀ ਵਰਤੋਂ ਇਕਹਿਰੇ ਰੂਪ ਵਿਚ ਨਹੀਂ ਕੀਤੀ ਜਾਂਦੀ, ਇਹ ਦੁਹਰੁਕਤੀਯੁਕਤ ਰੂਪ ਵਿਚ ਹੀ ਕਾਰਜਸ਼ੀਲ ਹੁੰਦੇ ਹਨ।

**2.1.IV. ਧੁਨੀ ਆਗਮ ਦੁਹਰੁਕਤੀ:-** ਦੁਹਰੁਕਤੀਯੁਕਤ ਸ਼ਬਦ ਦੇ ਕਿਸੇ ਇਕ ਮੂਲ ਰੂਪ ਨਾਲ ਧੁਨੀ ਦਾ ਵਾਧਾ 'ਧੁਨੀ ਆਗਮ' ਹੈ। ਦੁਹਰੁਕਤੀਯੁਕਤ ਰੂਪ ਵਿਚ ਧੁਨੀ ਆਗਮ ਨਾਲ ਦੋ ਤਰ੍ਹਾਂ ਦੇ ਸ਼ਬਦ ਹੋਂਦ ਗ੍ਰਹਿਣ ਕਰਦੇ ਹਨ:

**IV.i ਸਾਰਥਕ ਧੁਨੀ ਆਗਮ**

**IV.ii. ਨਿਰਾਰਥਕ ਧੁਨੀ ਆਗਮ**

**IV.i. ਸਾਰਥਕ ਧੁਨੀ ਆਗਮ:-** ਇਸ ਵਿਚ ਕਿਸੇ ਧੁਨੀ ਦੇ ਆਗਮ ਨਾਲ ਸਾਰਥਕ ਸ਼ਬਦ ਹੋਂਦ ਗ੍ਰਹਿਣ ਕਰਦਾ ਹੈ। ਧੁਨੀ ਆਗਮ ਰੂਪ ਵਾਲੇ ਦੁਹਰੁਕਤੀਯੁਕਤ ਸ਼ਬਦ 'ਵਰਗਾਰਥਕ' ਦੁਹਰੁਕਤੀ ਅਤੇ 'ਅਰਥ ਵਿਸਥਾਰ' ਦਾ ਕਾਰਜ ਕਰਦੇ ਹਨ। ਪੂਰਨ ਦੁਹਰੁਕਤੀ ਦੇ ਅੰਤਰਗਤ ਸਾਰਥਕ ਧੁਨੀ ਦਾ ਵਿਸ਼ਲੇਸ਼ਣ ਹੈ:

ਵੇਖੁ ਜਿ ਮਿਠਾ ਕਟਿਆ **ਕਟਿ ਕੁਟਿ** ਬਧਾ ਪਾਇ ॥ ਅੰਗ ੧੪੨

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ **ਫੁਲੁ ਫਲ** ਗਿਆਨੁ ॥ (ਮਃ ੧) ਅੰਗ ੧੪੭

**ਫਲੀਅਹਿ ਫੁਲੀਅਹਿ** ਬਪੁੜੇ ਭੀ ਤਨ ਵਿਚਿ ਸੁਆਹ ॥ (ਮਃ ੧) ਅੰਗ ੪੬੩

ਸਸਿ ਰਿਖਿ ਨਿਸਿ ਸੂਰ ਦਿਨਿ ਸੈਲ ਤਰੂਅ **ਫਲ ਫੁਲ** ਦੀਅਉ ॥

(ਭਟ ਨਲਜਜ) ਅੰਗ ੧੩੯੯

**ਕੁਟਿ, ਫੁਲੁ, ਫੁਲੀਅਹਿ, ਫੁਲ** ਵਿਚ ਧੁਨੀ ਆਗਮ ਵਰਗਾਰਥੀ ਦੁਹਰੁਕਤੀ ਦਾ ਕਾਰਜ ਕਰ ਰਿਹਾ ਹੈ। ਇਹ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਸਾਰਥਕ ਅਰਥਾਂ ਦਾ ਸੰਚਾਰ ਅਤੇ ਕਾਵਿ ਸੁਹਜ ਦਾ ਕਾਰਜ ਕਰ ਰਹੇ ਹਨ।

**2.1.V. ਧੁਨੀ ਲੋਪ ਦੁਹਰੁਕਤੀ:-** ਦੁਹਰੁਕਤੀਯੁਕਤ ਸ਼ਬਦ ਵਿਚ ਮੂਲ ਰੂਪ ਨਾਲੋਂ ਕਿਸੇ ਧੁਨੀ ਦਾ ਖ਼ਾਰਜ ਹੋਣਾ 'ਧੁਨੀ ਲੋਪ' ਹੈ। ਧੁਨੀ ਲੋਪ ਦੇ ਦੋ ਭੇਦ ਹਨ:

**V.i. ਸਾਰਥਕ ਧੁਨੀ ਲੋਪ**

**V.ii. ਨਿਰਾਰਥਕ ਧੁਨੀ ਲੋਪ**

**V.i. ਸਾਰਥਕ ਧੁਨੀ ਲੋਪ:-** ਕਿਸੇ ਧੁਨੀ ਦੇ ਲੋਪ ਹੋਣ 'ਤੇ ਬਣਿਆ ਸ਼ਬਦ ਸਾਰਥਕ ਅਰਥਾਂ ਦਾ ਸੰਚਾਰ ਕਰਦਾ ਹੈ। ਧੁਨੀ ਲੋਪ ਦੇ ਵਧੇਰੇ ਸ਼ਬਦ 'ਨਿਰਾਰਥਕ' ਅਰਥ ਸੰਚਾਰ ਵਾਲੇ ਹਨ। ਨਿਰਾਰਥਕ ਧੁਨੀ ਲੋਪ ਅਪੂਰਨ ਦੁਹਰੁਕਤੀ ਦਾ ਭੇਦ ਹੈ।

ਜੇ ਕੋ ਮੂਰਖੁ ਆਪਹੁ ਜਾਣੈ **ਅੰਧਾ ਅੰਧੁ** ਕਮਾਇ ॥ (ਮਃ ੪) ਅੰਗ ੫੫੬

ਬਿਖਮ ਥਾਨ **ਬਹੁਤ ਬਹੁ** ਧਰੀਆ ਅਨਿਕ ਰਾਖ ਸੂਰੂਟਾ ॥ (ਮਃ ੫) ਅੰਗ ੧੨੧੦

**ਸੇਵਕ ਸੇਵਿ** ਰਹੇ ਸਚਿ ਰਾਤੇ ਜੋ ਤੇਰੈ ਮਨਿ ਭਾਣੇ ॥ (ਮਃ ੩) ਅੰਗ ੧੨੩੩

ਉਪਰੋਕਤ ਵਾਕਾਂ ਵਿਚ **ਅੰਧੁ, ਬਹੁ, ਸੇਵਿ** ਧੁਨੀ ਲੋਪ ਵਾਲੇ ਸਾਰਥਕ ਸ਼ਬਦ ਹਨ। **ਅੰਧੁ, ਬਹੁ** ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। **ਸੇਵਕ** 'ਕਰਤਾ ਨਾਂਵ' ਤੋਂ ਧੁਨੀ ਲੋਪ ਰੂਪ **ਸੇਵਿ** 'ਕਿਰਿਆ' ਦਾ ਕਾਰਜ ਕਰ ਰਿਹਾ ਹੈ।

## 2.2. ਅਰਥਗਤ ਦੁਹਰੁਕਤੀ

ਅਰਥਗਤ ਦੁਹਰੁਕਤੀ 'ਅਰਥ' ਕੇਂਦਰਤ ਹੈ। ਇਸਦੇ ਦੋਵੇਂ ਸ਼ਬਦ ਸਾਰਥਕ ਅਰਥਾਂ ਦਾ ਸੰਚਾਰ ਕਰਦੇ ਹਨ। ਅਰਥ ਪੱਖ ਤੋਂ ਇਹ 'ਸਮਾਨਤਾ' ਜਾਂ 'ਵਿਰੋਧਤਾ' ਦੇ ਆਧਾਰ 'ਤੇ ਵਾਕ ਵਿਚ ਇਕ ਇਕਾਈ ਦੇ ਰੂਪ ਵਿਚ 'ਇਕ ਵਾਕੰਸ਼' ਵਿਚ ਵਿਚਰਦੇ ਹਨ। ਸਮਾਨਤਾ ਦੇ ਆਧਾਰ 'ਤੇ ਇਸਦੇ ਦੋ ਰੂਪ 'ਸਮਾਨਾਰਥਕ' ਅਤੇ 'ਵਰਗਾਰਥਕ' ਬਣਦੇ ਹਨ ਅਤੇ ਵਿਰੋਧਤਾ ਦੇ ਆਧਾਰ 'ਤੇ 'ਵਿਰੋਧਾਰਥਕ' ਅਰਥਗਤ ਦੁਹਰੁਕਤੀ।

'ਸਮਾਨਾਰਥਕ ਤੇ ਵਰਗਾਰਥਕ' ਦਾ ਮੂਲ ਆਧਾਰ ਇਕ ਹੈ, ਪ੍ਰੰਤੂ ਦੋਹਾਂ ਦੀ 'ਸ਼ਬਦਾਵਲੀ' ਅਤੇ 'ਅਰਥਗਤ ਪ੍ਰਕਾਰਜ' ਭਿੰਨ ਹੈ। ਸਮਾਨਾਰਥਕ ਦੁਹਰੁਕਤੀ 'ਇਕ ਅਰਥ' 'ਤੇ ਕੇਂਦਰਤ ਹੈ, ਜਦਕਿ ਵਰਗਾਰਥਕ ਦੁਹਰੁਕਤੀ 'ਇਕ ਵਰਗ' 'ਤੇ। ਵਰਗਾਰਥਕ ਦੁਹਰੁਕਤੀ ਦਾ 'ਅਰਥ' ਘੇਰਾ ਵਿਸ਼ਾਲ ਹੈ, ਇਹ ਇਕ ਵਾਕੰਸ਼ ਵਿਚ ਵਿਸ਼ਾਲ ਅਤੇ ਮਹੀਨ ਅਰਥ ਦਾ ਪ੍ਰਕਾਰਜ ਕਰਨਯੋਗ ਹੈ। ਜਿਵੇਂ 'ਖੰਡ ਬ੍ਰਹਿਮੰਡ' ਆਦਿ। ਸਮਾਨਾਰਥਕ ਦੁਹਰੁਕਤੀ ਦਾ 'ਸ਼ਬਦ' ਘੇਰਾ ਵਿਸ਼ਾਲ ਹੈ, ਇਹ ਇਕ ਤੋਂ ਵਧੇਰੇ ਭਾਸ਼ਾਵਾਂ ਦੇ ਇਕੋ ਅਰਥ ਵਾਲੇ ਸ਼ਬਦਾਂ ਦਾ ਪ੍ਰਕਾਰਜ 'ਇਕ ਵਾਕੰਸ਼' ਵਿਚ ਕਰਦੀ ਹੈ।

**2.2.I. ਸਮਾਨਾਰਥਕ ਦੁਹਰੁਕਤੀ**

**2.2.II. ਵਰਗਾਰਥਕ ਦੁਹਰੁਕਤੀ**

**2.2.III . ਵਿਰੋਧਾਰਥਕ ਦੁਹਰੁਕਤੀ**

**2.2.I. ਸਮਾਨਾਰਥਕ ਦੁਹਰੁਕਤੀ:-** ਇਕਹਿਰੇ ਅਰਥ 'ਤੇ ਕੇਂਦਰਤ 'ਇਕ ਅਰਥ/ ਸਮਾਨ ਅਰਥ' ਵਾਲੇ ਦੋ ਸ਼ਬਦਾਂ ਦਾ ਇਕ ਵਾਕੰਸ਼ ਵਿਚ ਦੁਹਰਾਉ 'ਸਮਾਨਾਰਥਕ' ਦੁਹਰੁਕਤੀ ਹੈ। ਇਹ ਦੁਹਰੁਕਤੀਯੁਕਤ ਰੂਪ ਵਿਚ ਇਕ ਅਰਥ ਦਾ ਸੰਚਾਰ ਕਰਦੇ ਹਨ। "ਪੰਜਾਬੀ ਵਿਚ ਸਮਾਨਾਰਥੀ ਦੁਹਰੁਕਤੀ ਆਪਣੇ ਆਪ ਵਿਚ ਇਕ ਇਤਿਹਾਸਕ ਘਟਨਾ ਹੈ, ਇਹ ਫ਼ਾਰਸੀ ਅਤੇ ਪੰਜਾਬੀ ਭਾਸ਼ਾਵਾਂ ਦੇ ਆਪਸੀ ਸੰਪਰਕ ਦਾ ਸਿੱਟਾ ਹੈ। ਪੰਜਾਬੀ ਵਿਚ ਫ਼ਾਰਸੀ ਭਾਸ਼ਾ ਭਾਈਚਾਰੇ ਦੇ ਰਾਜ ਦੀ ਸਥਾਪਤੀ ਦੇ ਮੁੱਢਲੇ ਦਿਨਾਂ ਵਿਚ ਪੈਦਾ ਹੋਈ ਭਾਸ਼ਾਈ ਸਮੱਸਿਆ (ਇਹਨਾਂ ਦੋਹਾਂ ਭਾਇਚਾਰਿਆਂ ਦੇ ਲੋਕਾਂ ਲਈ ਇਕ ਦੂਜੇ ਦੀ ਭਾਸ਼ਾ ਨੂੰ ਸਮਝਣ ਦੀ ਸਮੱਸਿਆ) ਦੇ ਹੱਲ ਲਈ ਮੁੱਢਲਾ ਉਪਰਾਲਾ ਸੀ, ਵਿਚਾਰ ਅਧੀਨ ਵਸਤੂ ਜਾਂ ਕਾਰਜ ਲਈ ਪੰਜਾਬੀ ਅਤੇ ਫ਼ਾਰਸੀ ਦੋਹਾਂ ਭਾਸ਼ਾਵਾਂ ਦੇ ਸ਼ਬਦਾਂ ਦੀ ਇਕੱਠੀ ਵਰਤੋਂ। ਇਸ ਦਾ ਮਕਸਦ ਇਹ ਸੀ ਕਿ ਪੰਜਾਬੀ ਅਤੇ ਫ਼ਾਰਸੀ ਇਹਨਾਂ ਦੋਹਾਂ ਭਾਸ਼ਾਵਾਂ ਵਿਚੋਂ ਕੋਈ ਇਕ ਭਾਸ਼ਾ ਜਾਨਣ ਵਾਲਾ ਸਰੋਤਾ ਬੋਲ ਨੂੰ ਸਮਝ ਸਕੇ। ਇਸ ਦੁਹਰੁਕਤੀ ਵਿਚ ਇਕ ਸ਼ਬਦ ਫ਼ਾਰਸੀ ਦਾ ਅਤੇ ਦੂਜਾ ਪੰਜਾਬੀ ਦਾ ਹੁੰਦਾ ਹੈ। ਇਹ ਦੋਵੇਂ ਸ਼ਬਦ ਇਕ ਦੂਜੇ ਦਾ ਅਨੁਵਾਦ ਹੀ

ਕਰਦੇ ਹਨ।"[30] ਭਾਸ਼ਾ 'ਤੇ ਹੋਰ ਭਾਸ਼ਾਵਾਂ ਦੇ ਪ੍ਰਭਾਵ ਸਦਕਾ ਅਜਿਹੇ ਸ਼ਬਦ ਰੂਪ ਵਿਹਾਰਕ ਜਾਂ ਸਾਹਿਤਕ ਭਾਸ਼ਾ ਵਿਚ ਆਮ ਹੀ ਵਰਤੇ ਜਾਂਦੇ ਹਨ, ਜਿਸਦਾ ਅਰਥ ਇਕ ਭਾਸ਼ਾ ਤੋਂ ਅਨਜਾਣ ਵਿਅਕਤੀ ਵੀ ਆਸਾਨੀ ਨਾਲ ਸਮਝ ਸਕਦਾ ਹੈ। ਵੇਦ ਅਗਨੀਹੋਤਰੀ ਦੀ ਇਹ ਧਾਰਨਾ ਆਧੁਨਿਕ ਸਮੇਂ ਵਿਚ ਮਿਲਦੀ ਹੈ ਤੇ ਇਹ ਆਧੁਨਿਕ ਸਾਹਿਤ ਤੇ ਫਿੱਟ ਬੈਠਦੀ ਹੈ। ਜਦੋਂ ਪੰਜਾਬੀ ਅਤੇ ਫ਼ਾਰਸੀ ਦੋ ਵੱਖਰੀਆਂ ਖੇਤਰੀ ਭਾਸ਼ਾਵਾਂ ਹਨ। ਜਦਕਿ ਗੁਰੂ ਗ੍ਰੰਥ ਸਾਹਿਬ ਮੱਧਕਾਲ ਦੀ ਰਚਨਾ ਹੈ। ਉਸ ਸਮੇਂ ਫ਼ਾਰਸੀ ਅਤੇ ਪੰਜਾਬੀ ਇਕੋ ਖੇਤਰ ਵਿਚ ਬੋਲੀਆਂ ਜਾਂਦੀਆਂ ਸਨ। ਸੋ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਮਾਨਾਰਥਕ ਦੁਹਰੁਕਤੀ ਨੂੰ ਕੇਵਲ ਇਸ ਤੱਥ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਵਿਚ ਸਮਾਨਾਰਥਕ ਦੁਹਰੁਕਤੀ ਭਾਰਤੀ ਅਤੇ ਸਾਮੀ ਭਾਸ਼ਾਵਾਂ ਦੇ ਸੁਮੇਲ ਦਾ ਸਿੱਟਾ ਹੈ। ਬਾਣੀਕਾਰਾਂ ਦਾ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹੋਣ ਕਾਰਨ ਵਿਭਿੰਨ ਭਾਸ਼ਾਵਾਂ ਦੇ 'ਸਮਾਨਾਰਥਕ' ਸ਼ਬਦ ਮਿਲਣੇ ਸੁਭਾਵਿਕ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੀ ਵਰਤੋਂ ਕਾਰਨ ਸਮਾਨਾਰਥਕ ਦੁਹਰੁਕਤੀ ਦੀ ਕਿਸਮ ਮਿਲਦੀ ਹੈ, ਇਸ ਨਾਲ ਭਾਸ਼ਾਈ ਸ਼ਬਦਾਵਲੀ ਦਾ ਘੇਰਾ ਵਿਸ਼ਾਲ ਹੁੰਦਾ ਹੈ।

**I.i. ਨਾਂਵ:-** ਸਮਾਨਾਰਥਕ ਦੁਹਰੁਕਤੀ ਦੇ ਅੰਤਰਗਤ ਨਾਂਵ ਸ਼ਬਦ ਸ਼੍ਰੇਣੀ ਦੇ 'ਆਮ ਨਾਂਵ' ਅਤੇ 'ਭਾਵ ਵਾਚਕ' ਨਾਂਵਾਂ ਦੀ ਵਰਤੋਂ ਵਧੇਰੇ ਹੈ। 'ਤਨੁ ਦੇਹ, ਦੇਹ ਸਰੀਰਿ, ਪਸੁ ਢੋਰ, ਮੜੀ ਮਸਾਣੀ, ਰੁਖ ਬਿਰਖ' ਆਦਿ ਦੂਹਰੇ ਰੂਪ ਵਿਚ ਇਕ ਅਰਥ ਦਾ ਸੰਚਾਰ ਕਰਦੇ ਹੋਏ, ਸ਼ਬਦ ਰੂਪ ਦੀ ਭਿੰਨਤਾ ਦਰਸਾਉਂਦੇ ਹਨ। ਦੁਹਰੁਕਤੀ ਦੇ ਦੋਵੇਂ ਸ਼ਬਦ ਇਕੋ ਭਾਸ਼ਾ ਦੇ ਜਾਂ ਦੋ ਵਿਭਿੰਨ ਭਾਸ਼ਾਵਾਂ ਦੇ ਹੋ ਸਕਦੇ ਹਨ:

ਗੁਰ ਤੇ ਨਿਰਮਲੁ ਜਾਣੀਐ ਨਿਰਮਲ **ਦੇਹ ਸਰੀਰੁ** ॥ (ਮਃ ੧) ਅੰਗ ਪ੭

ਕੇਤੇ **ਰੁਖ ਬਿਰਖ** ਹਮ ਚੀਨੇ ਕੇਤੇ ਪਸੂ ਉਪਾਏ ॥ (ਮਃ ੧) ਅੰਗ ੧੫੬

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ **ਪਸੁ ਢੋਰ** ॥ (ਮਃ ੩) ਅੰਗ ੪੨੭

ਰਹੈ ਬੇਬਾਣੀ **ਮੜੀ ਮਸਾਣੀ** ॥ (ਮਃ ੧) ਅੰਗ ੪੬੭

---

[30] ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰਾਉ, ਲੇਖ, (ਜੋਗਿੰਦਰ ਸਿੰਘ ਪੁਆਰ, (ਸੰਪ.), ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ,), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 176.

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਸਮਾਨਾਰਥੀ ਸ਼ਬਦ ਇਕੋ ਭਾਸ਼ਾ 'ਸੰਸਕ੍ਰਿਤ' ਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਇਹ ਭਾਸ਼ਾ ਸ਼ਬਦਾਵਲੀ ਦੀ ਅਮੀਰੀ ਨੂੰ ਦਰਸਾਉਂਦੇ ਹਨ। 'ਦੇਹ ਸਰੀਰੁ, ਰੁਖ ਬਿਰਖ, ਪਸੁ ਢੋਰ' ਜਾਤੀ ਵਾਚਕ ਆਮ ਨਾਂਵ ਹਨ, 'ਮੜੀ ਮਸਾਣੀ' ਸਥਾਨ ਵਾਚਕ ਆਮ ਨਾਂਵ ਹਨ। ਦੂਹਰੇ ਰੂਪ ਵਿਚ ਇਹ ਵਾਕ ਦਾ ਵਜਨ ਪੂਰਾ ਕਰਦੇ ਹਨ।

ਦੁਹਰੁਕਤੀ ਸ਼ਬਦ ਦੇ ਮੂਲ ਅਰਥਾਂ ਤੋਂ ਬਿਨਾਂ ਵਾਕ ਵਿਚ ਸ਼ਬਦ ਨੂੰ ਨਵੇਂ ਅਰਥ ਵਜੋਂ ਵਰਤਦੀ ਹੈ, ਇਹ ਦੁਹਰੁਕਤੀ ਦੀ ਵਿਸ਼ੇਸ਼ਤਾ ਸਿੱਧ ਹੁੰਦੀ ਹੈ। ਮੂਲ ਰੂਪ ਵਿਚ **ਜਗਤੁ** ਤੇ **ਸੰਸਾਰੁ** ਸਮਾਨਾਰਥੀ ਸ਼ਬਦ ਹਨ ਅਤੇ **ਸਾਗਰੁ** ਤੇ **ਸੰਸਾਰ** ਦੋਹਾਂ ਦੇ ਅਰਥ ਇਕ ਦੂਜੇ ਤੋਂ ਭਿੰਨ ਹਨ। ਦੂਹਰੇ ਰੂਪ ਵਿਚ ਦੋ ਵਿਭਿੰਨ ਸ਼ਬਦ (ਸਾਗਰ ਅਤੇ ਸੰਸਾਰੁ) ਤੁਲਨਾ ਵਜੋਂ ਸਮਾਨ ਅਰਥਾਂ ਦਾ ਸੰਚਾਰ ਕਰ ਰਹੇ ਹਨ:

**ਸੰਸਾਰੁ ਸਾਗਰੁ** ਤਿਨ੍ਹੀ ਤਰਿਆ ਜਿਨ੍ਹੀ ਏਕੁ ਧਿਆਇਆ ॥ (ਮਃ ੫) ਅੰਗ ੪੬੧

**ਸੰਸਾਰੁ ਸਾਗਰੁ** ਮਹਾ ਬਿਖੜਾ ਪਲ ਏਕ ਮਾਹਿ ਤਰਾਇਆ ॥ (ਮਃ ੫) ਅੰਗ ੬੯੧

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ **ਜਗਤੁ ਸੰਸਾਰੁ** ॥ (ਮਃ ੩) ਅੰਗ ੫੯੪

ਦੁਹਰੁਕਤੀਯੁਕਤ ਸ਼ਬਦ ਬਣਤਰ, ਗੁਰਬਾਣੀ ਦੇ ਵਿਸ਼ੇਸ਼ ਦਾਰਸ਼ਨਿਕ ਪ੍ਰਸੰਗ ਨੂੰ ਉਘਾੜਦੀ ਹੈ। ਸਾਗਰ 'ਸੰਸਾਰ' ਦਾ ਗੁਣਾਤਮਕ ਵਿਸ਼ੇਸ਼ਣ ਹੈ। ਮੂਲ ਅਰਥ ਵਜੋਂ ਦੋਵੇਂ 'ਨਾਂਵ' ਸ਼੍ਰੇਣੀ ਦੇ ਸ਼ਬਦ ਹਨ, ਪ੍ਰੰਤੂ ਵਾਕ ਦੀ ਭਾਵ ਬਣਤਰ ਵਿਚ ਸਾਗਰ 'ਨਾਂਵ' ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। **ਸੰਸਾਰੁ ਸਾਗਰੁ** ਸ਼ਬਦ ਸਮਾਨਾਰਥਕ ਅਰਥ ਵਜੋਂ ਤੁਲਨਾਤਮਕ ਵਾਕ ਸਿਰਜਨਾ ਦਾ ਆਧਾਰ ਬਣਦੇ ਹਨ। ਜਦਕਿ **ਜਗਤੁ ਸੰਸਾਰ** ਸਮਾਨਾਰਥਕ ਅਰਥ ਵਜੋਂ ਸਾਧਾਰਨ ਵਾਕ ਸਿਰਜਨਾ ਦਾ ਆਧਾਰ ਹੈ। ਦੁਹਰੁਕਤੀਯੁਕਤ ਰੂਪ ਵਿਚ ਸੰਸਾਰੁ ਨੂੰ ਸਾਗਰੁ ਨਾਲ ਤੁਲਨਾਇਆ ਹੈ, ਤੁਲਨਾਤਮਕ ਪੱਖ ਤੋਂ ਇਕਹਿਰਾ ਰੂਪ ਅਰਥ ਸੰਚਾਰ ਵਿਚ ਰੋਕ ਪੈਦਾ ਕਰਦਾ ਹੈ।

ਚੰਗੇ ਮੰਦੇ ਦੀ ਜਾਣਕਾਰੀ ਲਈ ਦੋ ਸ਼ਬਦਾਂ ਨੂੰ ਇਕ ਜੁੱਟ ਵਿਚ ਵਰਤਿਆ ਜਾਂਦਾ ਹੈ, ਅਜਿਹੀ ਸ਼ਬਦ ਵਰਤੋਂ 'ਵਿਰੋਧਾਰਥਕ' ਦੁਹਰੁਕਤੀ ਹੈ। ਸਮਾਨਾਰਥਕ ਦੁਹਰੁਕਤੀ ਵਿਚ **ਕਰਮ ਕਰਤੂਤਿ** ਸ਼ਬਦ ਦੀ

ਪ੍ਰਕਿਰਤੀ ਸਤਹ੍ਹੀ ਪੱਧਰ 'ਤੇ ਅਜਿਹੀ ਜਾਪਦੀ ਹੈ। ਵਿਹਾਰਕ ਭਾਸ਼ਾ ਵਿਚ ਵੀ ਇਸਦੀ ਵਰਤੋਂ ਅਜਿਹੇ ਅਰਥਾਂ ਵਿਚ ਹੀ ਅਕਸਰ ਕਰ ਲਈ ਜਾਂਦੀ ਹੈ, ਜਦਕਿ ਗੁਰਬਾਣੀ ਵਿਚ ਇਸਦੇ ਅਰਥ 'ਵਿਰੋਧਾਰਥਕ' ਨਹੀਂ ਬਲਕਿ 'ਸਮਾਨਾਰਥਕ' ਮਿਲਦੇ ਹਨ।

**ਕਰਮ ਕਰਤੂਤਿ** ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ ॥ (ਮਃ ੧) ਅੰਗ ੩੫੧

'ਕਰਮ ਕਰਤੂਤਿ' ਦੁਹਰੁਕਤੀ ਮੂਲ ਰੂਪ ਵਿਚ ਕਰਮ/ ਕਾਰਜ (ਕਰਨੀ ਤੇ ਕਥਨੀ/ ਵਿਹਾਰ) ਨਾਲ ਸੰਬੰਧਿਤ ਹੈ। ਦੂਹਰੀ ਵਰਤੋਂ ਵਿਚ ਇਹ ਇਕ ਅਰਥ ਦਾ ਸੰਚਾਰ ਕਰ ਰਿਹਾ ਹੈ। ਵਰਤਮਾਨ ਭਾਸ਼ਾ ਵਿਚ ਕਰਮ ਅਤੇ ਕਰਤੂਤਿ ਨੂੰ ਕ੍ਰਮਵਾਰ 'ਹਾਂ ਵਾਚਕ' ਅਤੇ 'ਨਾਂਹ ਵਾਚਕ' ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਕਰਮ ਭਾਵ 'ਅਮਲ' ਅਤੇ ਕਰਤੂਤਿ 'ਮਾੜੇ ਅਮਲ' ਉਪਰੋਕਤ ਵਾਕ ਵਿਚ ਦੋਹਾਂ ਦਾ ਅਰਥ ਇਕ ਹੈ। ਦੋਵੇਂ ਹਾਂ ਵਾਚਕ ਅਰਥਾਂ ਵਿਚ ਕਾਰਜਸ਼ੀਲ ਹਨ। ਹੇਠਾਂ ਦਿੱਤੇ ਵਾਕ ਵਿਚ 'ਨਾਂਵ' ਦਾ ਦੂਹਰਾ ਰੂਪ 'ਕਿਰਿਆ ਪੂਰਕ' ਦਾ ਕਾਰਜ ਕਰ ਰਿਹਾ ਹੈ:

ਹਰਿ ਸਾਚੇ ਸੇਤੀ **ਵਣਜੁ ਵਾਪਾਰਾ** ॥ (ਮਃ ੩) ਅੰਗ ੧੦੪੮

'ਵਣਜੁ ਵਾਪਾਰਾ' ਦੁਹਰੁਕਤੀਯੁਕਤ ਨਾਂਵ ਦੀ ਥਾਂ ਕਿਸੇ ਇਕ ਸ਼ਬਦ ਦੀ ਵਰਤੋਂ ਬੇਸ਼ੱਕ ਅਰਥ ਸੰਚਾਰ ਦਾ ਕਾਰਜ ਕਰਦੀ ਹੈ, ਪਰ ਇਹ ਵਾਕ ਦੀ ਲੈਆਤਮਕ ਸੁਰਤਾ ਨੂੰ ਭੰਗ ਕਰਦੀ ਹੈ, ਇਸ ਨਾਲ ਵਾਕ ਦਾ ਵਜਨ ਪੂਰਾ ਨਹੀਂ ਹੁੰਦਾ। ਕਿਰਿਆ ਨਾਲ ਸੰਬੰਧਿਤ ਹੋਣ ਕਾਰਨ 'ਕਿਰਿਆ ਪੂਰਕ' ਦਾ ਕਾਰਜ ਕਰ ਰਹੇ ਹਨ। ਵਾਕ ਵਿਚ ਕਿਰਿਆ ਪ੍ਰਤੱਖ ਰੂਪ ਵਿਚ ਗ਼ੈਰ ਹਾਜ਼ਰ ਹੈ। **ਵਣਜੁ ਵਾਪਾਰਾ** ਕਿਰਿਆ ਦੀ ਗ਼ੈਰ ਹਾਜ਼ਰੀ ਵਿਚ 'ਕਿਰਿਆ' ਅਤੇ 'ਕਿਰਿਆ ਪੂਰਕ' ਦਾ ਕਾਰਜ ਕਰ ਰਹੇ ਹਨ।

ਇਸੇ ਤਰਾਂ ਭਾਵ ਵਾਚਕ ਨਾਵਾਂ ਵਿਚ ਇਕੋ ਅਰਥ ਵਾਲੇ ਇਕ ਤੋਂ ਵਧੇਰੇ ਜਾਂ ਸਮਅਰਥੀ ਸ਼ਬਦ ਵਰਤੇ ਗਏ ਹਨ। ਜਿਵੇਂ, **ਹੇਤੁ, ਪਿਆਰੁ, ਮੋਹੁ** ਆਦਿ ਸਮਾਨਾਰਥਕ ਸ਼ਬਦ ਸੰਸਕ੍ਰਿਤ ਤੋਂ ਪੰਜਾਬੀ ਵਿਚ ਆਏ ਹਨ:

ਸਚਿ ਮਾਣੇ ਪਿਰ ਸੇਜੜੀ ਗੂੜਾ **ਹੇਤੁ ਪਿਆਰੁ** ॥ (ਮ: ੧) ਅੰਗ ੫੮

ਨਿੰਦਾ ਹਮਰੀ **ਪ੍ਰੇਮ ਪਿਆਰੁ**॥ ਨਿੰਦਾ ਹਮਰਾ ਕਰੈ ਉਧਾਰੁ ॥ (ਕਬੀਰ) ਅੰਗ ੩੩੯

ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ **ਮੋਹੁ ਪਿਆਰੁ** ॥ (ਮ: ੩) ਅੰਗ ੬੪੯

ਜਨ ਨਾਨਕ ਕੀ **ਲਜ ਪਾਤਿ** ਗੁਰੂ ਹੈ ਸਿਰੁ ਬੇਚਿਓ ਸਤਿਗੁਰ ਆਗੇ ॥

(ਮ: ੪) ਅੰਗ ੧੭੨

ਕੈ ਪਹਿ ਕਰਉ **ਅਰਦਾਸਿ ਬੇਨਤੀ** ਜਉ ਸੁਨਤੋ ਹੈ ਰਘੁਰਾਇਓ ॥

(ਮ: ੫) ਅੰਗ ੨੦੫

**ਹੇਤੁ ਪਿਆਰੁ, ਪ੍ਰੇਮ ਪਿਆਰੁ ਮੋਹੁ ਪਿਆਰੁ** ਇਕੋ ਅਰਥ ਵਾਲੇ ਸਮਾਨਾਰਥਕ ਦੁਹਰੁਕਤੀਯੁਕਤ ਹਨ। ਉਪਰੋਕਤ ਦੁਹਰੁਕਤੀਯੁਕਤ ਸ਼ਬਦ ਇਕੋ ਭਾਸ਼ਾ ਦੇ ਹਨ ਅਤੇ **ਲਜ ਪਾਤਿ, ਅਰਦਾਸਿ ਬੇਨਤੀ** ਦੋ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਹਨ। **ਲਜ ਪਾਤਿ** ਸਮਾਨਾਰਥੀ, **ਅਰਦਾਸਿ-** 'ਫ਼ਾਰਸੀ, ਅਰਜਦਾਸ਼ਤ- ਮੰਗਣ ਦੀ ਕਿਰਿਆ'[31] **ਬੇਨਤੀ-** 'ਸੰਸਕ੍ਰਿਤ, ਪ੍ਰਾਥਨਾ'[32] ਸਮਅਰਥੀ ਹੈ, ਬੇਸ਼ਕ ਦੋਹਾਂ ਨੂੰ ਇਕੋ ਅਰਥ ਵਜੋਂ ਵਰਤ ਲਿਆ ਜਾਂਦਾ ਹੈ, ਪਰ ਦੋਹਾਂ ਦੀ ਵਰਤੋਂ ਦੀ ਸਥਿਤੀ ਭਿੰਨ ਹੈ। 'ਅਰਦਾਸਿ' ਦੀ ਵਰਤੋਂ ਦਾਰਸ਼ਨਿਕ ਪ੍ਰਸੰਗ ਵਿਚ ਵਧੇਰੇ ਕੀਤੀ ਜਾਂਦੀ ਹੈ। ਉਪਰੋਕਤ ਵਾਕ ਵਿਚ ਦੋਵੇਂ ਸਮਾਨਾਰਥਕ ਅਰਥ ਵਿਚ ਵਰਤੇ ਗਏ ਹਨ। **ਲਜ ਪਾਤਿ** 'ਅਰਬੀ ਸੰਸਕ੍ਰਿਤ' ਦਾ ਸੁਮੇਲ ਹੈ, **ਅਰਦਾਸਿ ਬੇਨਤੀ** 'ਫ਼ਾਰਸੀ ਸੰਸਕ੍ਰਿਤ' ਦਾ ਸੁਮੇਲ ਹੈ। ਕਿਸੇ ਇਕ ਭਾਸ਼ਾ ਤੋਂ ਅਣਜਾਣ ਵਿਅਕਤੀ ਇਸਦੇ ਅਰਥ ਚੰਗੀ ਤਰ੍ਹਾਂ ਸਮਝ ਸਕਦਾ ਹੈ।

**I.ii. ਵਿਸ਼ੇਸ਼ਣ:-** ਸੰਸਕ੍ਰਿਤ ਸ਼ਬਦ **ਮੂਰਖ** ਜੋ ਪੰਜਾਬੀ ਵਿਚ ਆਮ ਵਰਤਿਆ ਜਾਂਦਾ ਹੈ, ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਸਮਾਨਾਰਥਕ ਸ਼ਬਦ 'ਮੁਗਧੁ, ਗੁਬਾਰੁ, ਮੂੜ, ਗਵਾਰ, ਬਾਵਰ, ਗਾਵਰ' **ਪਵਿਤ੍ਰ** ਲਈ 'ਪਾਕੁ,

---

[31] ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਨਾਕੋਸ਼, ਭਾਸ਼ਾ ਵਿਭਾਗ, ਪੰਜਾਬ, 1981 (4th ed.) ਪੰਨਾ 81.

[32] ਉਹੀ, ਪੰਨਾ 887.

ਪਾਵਨੁ, ਪਵਿਤੁ, ਪੁਨੀਤ' ਆਦਿ ਗੁਣ ਵਾਚਕ ਵਿਸ਼ੇਸ਼ਣ ਵਰਤੇ ਗਏ ਹਨ। **ਅਨੇਕ** 'ਅਨਿਸ਼ਚਤ ਸੰਖਿਅਕ ਵਿਸ਼ੇਸ਼ਣ' ਲਈ 'ਅਨੰਤ, ਅਸੰਖ, ਅਸੰਖਾ' ਆਦਿ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਮਿਲਦੇ ਹਨ। ਇਕਹਿਰੇ ਰੂਪ ਵਿਚ ਇਹਨਾਂ ਦੇ ਸਮਾਨਾਰਥਕ ਸ਼ਬਦਾਂ ਦੀ ਮਾਤਰਾ ਹੋਰ ਵੀ ਹੋ ਸਕਦੀ ਹੈ।

**ਮੂੜ ਮੁਗਧ** ਤੇਰਾ ਸੰਗੀ ਕਵਨ ॥ (ਮਃ ੫) ਅੰਗ ੮੯੮

ਹਮ **ਮੂੜ ਮੁਗਧ** ਕਿਛੁ ਮਿਤਿ ਨਹੀ ਪਾਈ ਤੂ ਅਗੰਮੁ ਵਡ ਜਾਣਿਆ ॥

(ਮਃ ੪) ਅੰਗ ੧੧੧੪

ਮਨੁ ਜੋਗੀ ਮਨੁ ਭੋਗੀਆ ਮਨੁ **ਮੂਰਖੁ ਗਾਵਾਰੁ** ॥ (ਮਃ ੧) ਅੰਗ ੧੩੩੦

ਉਰਝਿ ਰਹਿਓ ਰੇ **ਬਾਵਰ ਗਾਵਰ** ਜਿਉ ਕਿਰਖੈ ਹਰਿਆਇਓ ਪਸੂਆ ॥

(ਮਃ ੫) ਅੰਗ ੨੦੬

'ਮੂੜ ਮੁਗਧ, ਮੂਰਖੁ ਗਾਵਾਰੁ, ਬਾਵਰ ਗਾਵਰ' ਦੁਹਰੁਕਤੀਯੁਕਤ ਸ਼ਬਦ ਜੀਵਾਤਮਾ ਦੇ ਬਓਰੇ ਸੁਭਾਅ ਲਈ ਵਰਤੇ ਗਏ ਹਨ। ਅਖ਼ੀਰਲੇ ਵਾਕ ਵਿਚ **ਬਾਵਰ ਗਾਵਰ** ਵਿਚ ਗਾਵਰ ਸ਼ਬਦ ਗਵਾਰ ਦਾ ਰੂਪ ਹੈ, ਬਾਵਰ ਨਾਲ ਦੁਹਰੁਕਤੀਯੁਕਤ ਰੂਪ ਵਿਚ ਇਹ ਵਾਕ ਦਾ ਵਜਨ ਪੂਰ ਰਿਹਾ ਹੈ। ਇਕਹਿਰੇ ਰੂਪ ਵਿਚ ਗਾਵਰ ਨਹੀਂ, ਬਲਕਿ ਗਵਾਰ ਸ਼ਬਦ ਹੀ ਵਰਤਿਆ ਮਿਲਦਾ ਹੈ।

ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥

ਤਾ ਹੋਆ **ਪਾਕੁ ਪਵਿਤੁ** ॥ (ਮਃ ੧) ਅੰਗ ੪੭੩

**ਪਵਿਤੁ ਪਾਵਨ** ਸੇ ਜਨ ਨਿਰਮਲ ਹਰਿ ਕੈ ਨਾਮਿ ਸਮਾਇ ॥ (ਮਃ ੩) ਅੰਗ ੧੩੪੬

ਆਪਿ **ਪਵਿਤੁ ਪਾਵਨ** ਸਭਿ ਕੀਨੇ ॥ (ਮਃ ੫) ਅੰਗ ੧੧੫੦

**ਪਾਕੁ ਪਵਿਤੁ** ਫ਼ਾਰਸੀ ਅਤੇ ਸੰਸਕ੍ਰਿਤ ਦਾ ਸੁਮੇਲ ਹੈ ਅਤੇ **ਪਵਿਤੁ ਪਾਵਨ** ਸੰਸਕ੍ਰਿਤ ਭਾਸ਼ਾ ਦੇ ਸ਼ਬਦ ਹਨ। ਇਕੋ ਅਰਥ ਵਾਲੇ ਦੋ ਸ਼ਬਦਾਂ ਦੀ ਵਰਤੋਂ ਇਕ ਅਰਥ 'ਤੇ ਬਲ ਦਿੰਦੀ ਹੈ। ਅਖ਼ੀਰਲੇ ਵਾਕ ਵਿਚ **ਪਵਿਤੁ ਪਾਵਨ** ਦੋ ਵਿਭਿੰਨ ਵਾਕੰਸ਼ਾਂ ਦੇ ਕਾਰਜ ਵਜੋਂ ਦੁਹਰੁਕਤੀਯੁਕਤ ਨਹੀਂ ਹਨ।

**I.iii. ਕਿਰਿਆ:-** ਸਮਾਨਾਰਥਕ ਕਿਰਿਆ ਅਤੇ ਕਿਰਿਆ ਵਿਸ਼ੇਸ਼ਣ ਸ਼ਬਦਾਵਲੀ ਦੀ ਮਾਤਰਾ ਸੀਮਿਤ ਰੂਪ ਵਿਚ ਮਿਲਦੀ ਹੈ। ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਕੋਈ ਭਾਸ਼ਾ ਕਿਸੇ ਦੂਜੀ ਭਾਸ਼ਾ ਤੋਂ ਕਿਰਿਆ ਤੋਂ ਇਲਾਵਾ ਹੋਰ ਸ਼ਬਦਾਵਲੀ ਵਧੇਰੇ ਗ੍ਰਹਿਣ ਕਰਦੀ ਹੈ, ਕਿਰਿਆ ਸ਼ਬਦਾਵਲੀ ਉਸ ਦੀ ਆਪਣੀ ਮੂਲ ਭਾਸ਼ਾ ਦੀ ਹੁੰਦੀ ਹੈ। ਵੇਦ ਅਗਨੀਹੋਤਰੀ ਨੇ ਸਮਾਨਾਰਥੀ ਦੁਹਰੁਕਤੀ ਵਿਚ ਇਸ ਵੱਲ ਇਸ਼ਾਰਾ ਕੀਤਾ ਹੈ। "ਜਾਪਦਾ ਹੈ ਕਿ ਸ਼ੁਰੂ ਸ਼ੁਰੂ ਵਿਚ ਕੇਵਲ ਨਾਂਵ ਸ਼ਬਦਾਂ ਦੇ ਹੀ ਅਨੁਵਾਦੀ ਸਮਾਸਾਂ ਦੀ ਵਰਤੋਂ ਕੀਤੀ ਜਾਂਦੀ ਹੋਵੇਗੀ, ਕਿਉਂਕਿ ਵੇਖਣ ਵਿਚ ਆਇਆ ਹੈ ਕਿ ਇਕ ਭਾਸ਼ਾ ਕਿਸੇ ਦੂਜੀ ਭਾਸ਼ਾ ਕੋਲੋਂ ਸਭ ਤੋਂ ਪਹਿਲਾਂ 'ਨਾਂਵ' ਸ਼ਬਦ ਹੀ ਗ੍ਰਹਿਣ ਕਰਦੀ ਹੈ।"[33] ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੇ ਕਿਰਿਆਵੀਂ ਸ ਮਾਨਾਰਥਕ ਦੁਹਰੁਕਤੀਯੁਕਤ ਰੂਪ ਮਿਲਦੇ ਹਨ:

ਜਿਨ ਗੁਰਮੁਖਿ **ਖੋਜਿ ਢੰਢੋਲਿਆ** ਤਿਨ ਅੰਦਰਹੁ ਹੀ ਸਚੁ ਲਾਧਿਆ ॥ (ਮਃ ੪) ਅੰਗ ੩੧੩

ਹਰਿ **ਜਪੀਐ ਆਰਾਧੀਐ** ਆਠ ਪਹਰ ਗੋਵਿੰਦੁ ॥ (ਮਃ ੫) ਅੰਗ ੪੬

ਪ੍ਰਭ ਕੇ ਚਰਨ ਮਨ ਮਾਹਿ ਧਿਆਨੁ॥ ਸਗਲ ਤੀਰਥ **ਮਜਨ ਇਸਨਾਨੁ** ॥ (ਮਃ ੫) ਅੰਗ ੧੯੫

**ਕੂਕ ਪੁਕਾਰ** ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ ॥ (ਮਃ ੪) ਅੰਗ ੩੦੯

ਮਾਣਸਾ ਕਿਅਹੁ ਦੀਬਾਣਹੁ ਕੋਈ **ਨਸਿ ਭਜਿ** ਨਿਕਲੈ ਹਰਿ ਦੀਬਾਣਹੁ ਕੋਈ ਕਿਥੈ ਜਾਇਆ ॥

(ਮਃ ੪)ਅੰਗ ੫੯੧

**ਖੋਜਿ ਢੰਢੋਲਿਆ** ਸਮਅਰਥੀ ਸ਼ਬਦ ਹਨ। ਖੋਜ ਢੰਢੋਲਿਆ 'ਖੋਜ ਕੇ ਢੂੰਢਦੇ ਹਨ'[34] 'ਖੋਜ' ਢੂਢ ਦੀ ਵਿਧੀ ਹੈ। ਜਿਹੜੇ ਖੋਜ (ਯਤਨ) ਕਰਕੇ ਭਾਲਦੇ/ਢੂਢਦੇ ਹਨ, ਉਹ ਅੰਦਰੋਂ ਹੀ ਪਰਮਾਤਮਾ ਨੂੰ ਪਾ ਲੈਂਦੇ

---

[33] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 36.

[34] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 799.

ਹਨ। ਇਥੇ ਪਰਮਾਤਮਾ ਨੂੰ ਪਾਉਣ ਦੀ ਵਿਧੀ ਯਤਨਾਂ ਨਾਲ ਉਸਨੂੰ ਭਾਲਣਾ ਜਾਂ ਢੂਢਣਾ ਹੈ। ਆਮ ਤੌਰ ’ਤੇ ਇਸਨੂੰ ਸਮਾਨ ਅਰਥਾਂ ਵਿਚ ਵਰਤ ਲਿਆ ਜਾਂਦਾ ਹੈ। ਇਸ ਦੀ ਸਮਅਰਥੀ ਵੱਖਰਤਾ ਇਸਦੀ ਕਾਰਜੀ ਅਰਥਗਤ ਇਕਾਈ ਵਿਚ ਹੈ। **ਜਪੀਐ ਆਰਾਧੀਐ** ਦੋਵਾਂ ਸ਼ਬਦਾਂ ਵਿਚ ਵਾਕ ਜੁਗਤ ਦੀ ਸਾਂਝ ਹੈ। **ਮਜਨ ਇਸਨਾਨੁ, ਕੂਕ ਪੁਕਾਰ, ਨਸਿ ਭਜਿ** ਪੂਰਨ ਤੌਰ ’ਤੇ ਸਮਾਨਾਰਥਕ ਸ਼ਬਦ ਹਨ, ਦੁਹਰੁਕਤੀਯੁਕਤ ਰੂਪ ਵਿਚ ਇਹ ਕਿਰਿਆ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਂਦੇ ਅਤੇ ਇਕ ਇਕਾਈ ਦਾ ਕਾਰਜ ਕਰ ਰਹੇ ਹਨ।

ਨਾਂਵ ਸ਼ਬਦਾਂ ਦੇ ਕੁਝ ਅਜਿਹੇ ਸ਼ਬਦ ਮਿਲਦੇ ਹਨ, ਜਿਹਨਾਂ ਦੀ ਵਰਤੋਂ ਸਾਧਾਰਨ ਤੌਰ ’ਤੇ ਕਿਰਿਆ ਵਜੋਂ ਕਰ ਲਈ ਜਾਂਦੀ ਹੈ, ਜਦਕਿ ਇਹ ਮੂਲ ਰੂਪ ਵਿਚ ਨਾਂਵ ਸ਼੍ਰੇਣੀ ਦੇ ਸ਼ਬਦ ਹੁੰਦੇ ਹਨ, ਜਿਵੇਂ: ਦਰਸਨ ਸ੍ਰਵਨ।

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਰੂਪ ਵਿਚ ਇਸਦੇ ਵਿਭਿੰਨ ਰੂਪ ਮਿਲਦੇ ਹਨ ‘ਦਰਸਨੁ ਦੇਖਿ, ਦਰਸਨੁ ਪੇਖਿ, ਦਰਸੁ ਪੇਖਉ, ਦਰਸਨੁ ਡੀਠਾ, ਸ੍ਰਵਨ ਸੁਨੀਜੈ, ਸ੍ਰਵਣਿ ਸੁਣੀਐ, ਸ੍ਰਵਣੀ ਸੁਣਉ’ ਆਦਿ। ਦੂਹਰੇ ਰੂਪ ਵਿਚ ਨਾਂਵ ਤੇ ਕਿਰਿਆ ਵਜੋਂ ਇਕ ਇਕਾਈ ਦਾ ਕਾਰਜ ਕਰ ਰਹੇ ਹਨ। ਦੁਹਰੁਕਤੀਯੁਕਤ ਵਰਤੋਂ ਵਿਚ ਇਹਨਾਂ ਦਾ ਪ੍ਰਕਾਰਜ ‘ਕਿਰਿਆ’ ਤੋਂ ‘ਕਿਰਿਆ ਪੂਰਕ’ ਅਤੇ ‘ਕਰਨ ਕਾਰਕ’ ਦਾ ਵਧੇਰੇ ਹੈ। ਦਰਸਨ ‘ਕਿਰਿਆ ਪੂਰਕ’ ਦਾ ਕਾਰਜ ਕਰ ਰਿਹਾ ਹੈ ਅਤੇ ਸ੍ਰਵਣੀ ‘ਕਰਨ ਕਾਰਕ’ ਦਾ ਕਾਰਜ ਕਰ ਰਿਹਾ ਹੈ:

ਗੁਰ **ਦਰਸਨੁ ਦੇਖਿ** ਮਨਿ ਹੋਇ ਬਿਗਾਸੁ ॥ (ਮਃ ੫) ਅੰਗ ੨੮

**ਦਰਸਨੁ ਦੇਖਿ** ਜੀਵਾ ਗੁਰ ਤੇਰਾ ॥ (ਮਃ ੫) ਅੰਗ ੭੪੨

**ਦਰਸਨੁ ਪੇਖਿ** ਮੇਰਾ ਮਨੁ ਮੋਹਿਓ ਦੁਰਮਤਿ ਜਾਤ ਬਹੀ ॥ (ਮਃ ੫) ਅੰਗ ੧੨੨੫

ਨੈਨਿ **ਦਰਸੁ ਪੇਖਉ** ਨਿਸਿ ਭੋਰ ॥ (ਮਃ ੫) ਅੰਗ ੯੮੭

ਜਿਨਿ ਚਾਖਿਆ ਤਿਨਿ **ਦਰਸਨੁ ਡੀਠਾ** ॥ (ਮਃ ੧) ਅੰਗ ੧੦੩੨

**ਸ੍ਰਵਨ ਸੁਨੀਜੈ** ਅੰਮ੍ਰਿਤ ਕਥਾ ॥ (ਮਃ ੫) ਅੰਗ ੩੮੬

ਜੋ ਦੀਸੈ ਸੋ ਏਕੋ ਤੂਹੈ ॥ਬਾਣੀ ਤੇਰੀ **ਸ੍ਰਵਣਿ ਸੁਣੀਐ** ॥ (ਮਃ ੫) ਅੰਗ ੧੦੭੬

**ਸ੍ਰਵਣੀ ਸੁਣਉ** ਬਿਮਲ ਜਸੁ ਸੁਆਮੀ ॥ (ਮਃ ੫) ਅੰਗ ੧੦੮੦

ਉਪਰੋਕਤ ਵਾਕਾਂ ਵਿਚ **ਦਰਸਨ, ਸ੍ਰਵਨ** 'ਨਾਂਵ' ਸ਼ਬਦ ਹਨ ਤੇ **ਦੇਖਿ, ਪੇਖਿ, ਪੇਖਉ, ਡੀਠਾ, ਸੁਨੀਜੈ, ਸੁਣੀਐ, ਸੁਣਉ** 'ਕਿਰਿਆ' ਸ਼ਬਦ ਹਨ। ਦੋਵਾਂ ਵਿਚ ਅਰਥਾਂ ਦੀ ਸਾਂਝ ਕਾਰਨ ਇਹ ਸਮਾਨਾਰਥਕ ਜਾਪਦੇ ਹਨ, ਆਮ ਤੌਰ 'ਤੇ ਇਹਨਾਂ ਨੂੰ ਸਮਾਨਾਰਥਕ ਵਰਤ ਵੀ ਲਿਆ ਜਾਂਦਾ ਹੈ। ਦੂਹਰੇ ਰੂਪ ਵਿਚ 'ਮੁਖ ਕਿਰਿਆ' ਦੇਖਿ ਨਾਲ 'ਦਰਸਨ' ਹਮੇਸ਼ਾ ਨਾਂਵ ਦਾ ਪ੍ਰਕਾਰਜ ਕਰਦਾ ਹੈ। ਸੰਸਕ੍ਰਿਤ ਸ਼ਬਦ **ਸ੍ਰਵਣ** ਨਾਂਵ ਅਤੇ ਕਿਰਿਆ ਲਈ ਵਰਤਿਆ ਜਾਂਦਾ ਹੈ। ਵਰਤਮਾਨ ਸਮੇਂ ਵਿਚ ਇਸਨੂੰ ਆਮ ਤੌਰ 'ਤੇ ਕਿਰਿਆ ਲਈ ਵਰਤਿਆ ਜਾ ਰਿਹਾ ਹੈ, ਜਦਕਿ ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਰੂਪ ਵਿਚ ਇਸਦੀ ਵਰਤੋਂ ਕਰਨ ਕਾਰਕ (ਕੰਨਾਂ) ਦੀ ਸਥਿਤੀ ਵਿਚ 'ਨਾਂਵ' ਵਜੋਂ ਵਧੇਰੇ ਕੀਤੀ ਮਿਲਦੀ ਹੈ। ਇਕਹਿਰੇ ਰੂਪ ਵਿਚ ਇਸਨੂੰ ਕਿਰਿਆ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ:

ਹਮਰੈ **ਸ੍ਰਵਣੁ** ਸਿਮਰਨੁ ਹਰਿ ਕੀਰਤਨੁ ਹਉ ਹਰਿ ਬਿਨੁ ਰਹਿ ਨ ਸਕਉ ਹਉ ਇਕੁ ਖਿਨੁ ॥

(ਮਃ ੪) ਅੰਗ ੩੬੯

ਉਪਰੋਕਤ ਵਾਕ ਵਿਚ **ਸ੍ਰਵਣੁ** 'ਮੁਖ ਕਿਰਿਆ' ਦਾ ਕਾਰਜ ਕਰ ਰਿਹਾ ਹੈ, ਦੂਹਰੇ ਰੂਪ ਵਿਚ ਕਿਰਿਆ ਨਾਲ 'ਕਰਨ ਕਾਰਕ' ਨਾਂਵ ਵਜੋਂ ਪ੍ਰਕਾਰਜਸ਼ੀਲ ਹੈ। **ਉ** (ਸ੍ਰਵਣੁ) ਅੰਤਿਕ ਰੂਪ ਕਿਰਿਆ ਦੇ ਅਰਥਾਂ ਵਿਚ ਹੈ, ਸ੍ਰਵਣ (ਕਰਨ ਕਾਰਕ) ਨਾਂਵ।

**I.iv. ਕਿਰਿਆ ਵਿਸ਼ੇਸ਼ਣ:-** ਕਿਰਿਆ ਵਾਕੰਸ਼ ਦਾ ਹਿੱਸਾ 'ਕਿਰਿਆ ਵਿਸ਼ੇਸ਼ਣ' ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਵਿਸ਼ੇਸ਼ਣਾਂ ਦਾ ਕਾਰਜ ਦੂਹਰਾ ਹੈ, ਇਹ ਕਿਰਿਆ ਦੀ ਵਿਸ਼ੇਸ਼ਤਾ ਦੇ ਨਾਲ ਕਿਰਿਆ 'ਤੇ ਦਬਾਉ ਬੋਧਕ ਪ੍ਰਭਾਵ ਵੀ ਬਣਾਉਂਦੇ ਹਨ:

**ਨਿਤਿ ਅਹਿਨਿਸਿ** ਹਰਿ ਪ੍ਰਭੁ ਸੇਵਿਆ ਸਤਗੁਰਿ ਦੀਆ ਨਾਮੁ ॥ (ਮਃ ੧) ਅੰਗ ੨੧

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ॥ ਗੁਣ ਗਾਵੈ **ਅਨਦਿਨੁ ਨਿਤਿ** ਜਾਗੀ ॥

(ਮਃ ੫) ਅੰਗ ੧੦੯

**ਨਿਤਿ** ਮੂਲ ਸ਼ਬਦ **ਅਨਦਿਨੁ** ਅਤੇ **ਅਹਿਨਿਸਿ** ਸਮਾਸੀ ਵਿਸ਼ੇਸ਼ਣ ਸ਼ਬਦ ਹਨ। ਦੋਹਾਂ ਵਾਕਾਂ ਵਿਚ ਸਮਾਨਾਰਥਕ ਸ਼ਬਦਾਂ ਦਾ ਕਾਰਜ ਭਿੰਨ ਹੈ। ਨਿਤਿ ਅਹਿਨਿਸਿ (ਹਮੇਸ਼ਾ) ਸਥਿਤੀ ਕਾਰਨ 'ਕਿਰਿਆ' ਤੋਂ ਦੂਰ ਹੈ, ਪਰ ਕਾਰਜ 'ਕਿਰਿਆ' ਦੀ ਵਿਸ਼ੇਸ਼ਤਾ ਦਾ ਕਰ ਰਿਹਾ ਹੈ। ਦੂਜੇ ਵਾਕ ਵਿਚ **ਅਨਦਿਨੁ ਨਿਤਿ,** ਮੁਖ ਕਿਰਿਆ ਗਾਵੈ ਦੀ ਕਾਲ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰਦਾ ਹੈ। "ਉਹ ਹਰ ਰੋਜ਼/ ਲਗਾਤਾਰ ਮਾਇਆ ਦੇ ਹੱਲਿਆ ਤੋਂ ਸੁਚੇਤ ਰਹਿ ਕੇ ਗੁਣ ਗਾਉਂਦਾ ਹੈ।"[35]

ਗੁਰੂ ਗ੍ਰੰਥ ਸਾਹਿਬ ਵਿਚ ਸਮਾਨਾਰਥੀ ਦੁਹਰੁਕਤੀ ਦਾ ਵਧੇਰੇ ਮਹੱਤਵ ਕਾਵਿ ਸਾਸ਼ਤਰੀ ਦ੍ਰਿਸਟੀ ਤੋਂ ਬਣਦਾ ਹੈ। ਵਾਕ ਵਿਚ ਸਮਾਨਾਰਥੀ ਸ਼ਬਦ ਵਾਕ ਦਾ ਵਜਨ ਪੂਰਾ ਕਰਦੇ ਹਨ, ਇਸ ਨਾਲ ਵਾਕ ਵਿਚਲੀ ਲੈਅ ਨਿਰੰਤਰ ਬਣੀ ਰਹਿੰਦੀ ਹੈ। ਸ਼ਬਦਾਂ ਵਿਚ ਲਮਕਾਅ ਪੈਦਾ ਹੁੰਦਾ ਹੈ। ਅਜਿਹੀ ਸਥਿਤੀ ਵਿਚ ਇਕਹਿਰਾ ਸ਼ਬਦ, 'ਅਰਥ' ਵਜੋਂ ਭਾਵੇਂ ਪੂਰਨ ਵਾਕ ਦਾ ਸੰਚਾਰ ਕਰਦਾ ਹੈ, ਪਰ ਵਾਕ ਵਿਚ ਲੈਅ ਨਾ ਹੋਣ ਕਾਰਨ ਵਾਕ ਅਧੂਰਾ ਪ੍ਰਤੀਤ ਹੁੰਦਾ ਹੈ। ਵਧੇਰੇ ਸੰਭਵ ਹੈ ਕਿ ਮੂਲ ਭਾਸ਼ਾ 'ਤੇ ਹੋਰ ਭਾਸ਼ਾਵਾਂ ਦੇ ਪ੍ਰਭਾਵ ਸਦਕਾ ਕਿਸੇ ਭਾਸ਼ਾ ਵਿਚ 'ਸਮਾਨਾਰਥਕ' ਸ਼ਬਦ ਹੋਂਦ ਗ੍ਰਹਿਣ ਕਰਦੇ ਹਨ। ਇਸ ਨਾਲ ਇਕੋ ਅਰਥ ਵਾਲੇ ਵਿਭਿੰਨ ਭਾਸ਼ਾਵਾਂ ਦੇ ਸ਼ਬਦ ਇਕ ਅਰਥ ਨੂੰ ਅਗਰਭੂਮਿਤ ਕਰਦੇ ਹਨ। ਪੰਜਾਬੀ ਸ਼ਬਦਾਵਲੀ ਨਾਲ ਵਰਤੇ ਗਏ ਵਿਭਿੰਨ ਭਾਸ਼ਾਵਾਂ ਦੇ ਸ਼ਬਦ 'ਸ਼ਬਦਾਵਲੀ' ਦਾ ਘੇਰਾ ਵਿਸ਼ਾਲ ਕਰਦੇ ਹਨ। ਅਜੋਕੇ ਸਮੇਂ ਤੱਕ ਇਹ ਪੰਜਾਬੀ ਵਿਚ ਇਸ ਤਰ੍ਹਾਂ ਘੁਲ ਮਿਲ ਗਏ, ਜਿਵੇਂ ਕਿਸੇ ਓਪਰੀ ਭਾਸ਼ਾ ਦੇ ਨਾ ਹੋ ਕੇ ਸਗੋਂ ਪੰਜਾਬੀ ਭਾਸ਼ਾ ਦੇ ਹੀ ਸ਼ਬਦ ਹੋਣ। ਪੰਜਾਬੀ ਬੁਲਾਰਾ ਅਜਿਹੇ ਦੁਹਰੁਕਤੀਯੁਕਤ ਸ਼ਬਦਾਂ ਦੀ ਵਰਤੋਂ ਸੁਭਾਵਿਕ ਹੀ ਕਰ ਰਿਹਾ ਹੈ।

[35] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1961, ਪੰਨਾ 666.

**2.2.II. ਵਰਗਾਰਥਕ ਦੁਹਰੁਕਤੀ:-** ਦੁਹਰੁਕਤੀਯੁਕਤ ਰੂਪ ਵਿਚ ਇਕੋ ਵਰਗ ਦੇ ਦੋ ਸ਼ਬਦ ਵਿਭਿੰਨ ਵਸਤਾਂ ਨੂੰ ਚਿਹਨਤ ਕਰਦੇ ਹਨ। ਦੂਹਰੀ ਵਰਤੋਂ ਵਜੋਂ ਇਕ ਵਰਗ ਦਾ ਕਾਰਜ ਕਰਦੇ ਹਨ। "ਮੁੱਢਲੇ ਅਰਥੀਮਾਂ (lexeme) ਦੀ ਸਾਂਝ ਵਾਲੇ ਸ਼ਬਦ ਵਰਗਾਰਥੀ ਹਨ।"[36] ਦੂਹਰੇ ਵਰਗਾਰਥਕ ਸ਼ਬਦਾਂ ਦਾ ਅਰਥ ਘੇਰਾ ਬਹੁਤ ਵਿਸ਼ਾਲ ਹੈ। ਇਹ ਦੋ ਸ਼ਬਦਾਂ ਵਿਚ ਪੂਰੇ ਵਰਗ ਦੇ ਅਰਥ ਦੇਣ ਦੀ ਸਮਰੱਥਾ ਰੱਖਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਂ ਵਿਚ ਵਰਗਾਰਥੀ ਦੁਹਰੁਕਤੀ ਦੀ ਮਾਤਰਾ ਸਭ ਤੋਂ ਵਧੇਰੇ ਮਿਲਦੀ ਹੈ। ਹਰੇਕ ਨਿੱਕੇ ਤੋਂ ਵੱਡੇ ਵਰਤਾਰੇ ਦੇ ਵਰਗਾਰਥਕ ਵਰਗ ਮਿਲਦੇ ਹਨ। ਜਿਵੇਂ **ਬਨ** ਇਕ ਵੱਡਾ ਵਰਤਾਰਾ ਹੈ, **ਫਲ** ਉਸਦੇ ਅੰਤਰਗਤ ਇਕ ਛੋਟੀ ਵਸਤ ਹੈ, ਦੁਹਰੁਕਤੀਯੁਕਤ ਰੂਪ ਵਿਚ ਦੋਵੇਂ ਇਕ ਵਰਗ ਵਿਚ ਕਾਰਜਸ਼ੀਲ ਹਨ। 'ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ'[37] ਵਰਗ ਦੇ ਆਧਾਰ 'ਤੇ ਇਸਦੇ ਵਿਭਿੰਨ ਉਪਵਰਗ ਬਣਦੇ ਹਨ, ਦੋ ਮੁਖ ਵਰਗ: ਕੁਦਰਤੀ ਅਤੇ ਸਮਾਜਿਕ। 'ਜੀਅ ਜੰਤ, ਪਸੁ ਪੰਖੀਆ, ਗੰਗਾ ਜਮੁਨ, ਅੰਬਰਿ ਤਾਰੇ, ਚੰਦੁ ਸੂਰਜੁ, ਚੰਦ ਆਕਾਸ, ਪਉਣੁ ਪਾਣੀ, ਦਿਨਸੁ ਰਾਤਿ, ਨਿਸਿ ਬਾਸਰੁ, ਆਬ ਖਾਕੁ' ਆਦਿ ਕੁਦਰਤੀ ਵਰਗ ਹਨ। 'ਰਿਧਿ ਸਿਧਿ, ਖਤ੍ਰੀ ਬ੍ਰਾਹਮਣ, ਜਤੀ ਸਤੀ, ਗਰੀਬ ਮਸਕੀਨ, ਸੋਗ ਸੰਤਾਪੁ, ਤੀਰਥ ਵਰਤ' ਆਦਿ ਸਮਾਜਿਕ ਵਰਗ ਹਨ।

**ਜੀਅ ਜੰਤ** 'ਕੁਦਰਤੀ' ਵਰਗ ਦੇ ਵਿਭਿੰਨ 'ਸਮਾਜਿਕ' ਉਪਵਰਗ ਬਣਦੇ ਹਨ। ਮਨੁੱਖੀ ਵਰਗ ਵਿਚ 'ਰਿਸ਼ਤਾਨਾਤਾ ਪ੍ਰਣਾਲੀ ਦੇ ਆਧਾਰ 'ਤੇ, ਉਮਰ ਦੇ ਆਧਾਰ 'ਤੇ, ਧਰਮ ਦੇ ਆਧਾਰ 'ਤੇ, ਵਰਨ ਦੇ ਆਧਾਰ 'ਤੇ, ਲਿੰਗ ਦੇ ਆਧਾਰ 'ਤੇ, ਕਾਰਜ ਦੇ ਆਧਾਰ 'ਤੇ' ਬਣੇ ਉਪਵਰਗ ਹਨ। ਕਿਰਤ ਦੇ ਆਧਾਰ 'ਤੇ **ਪੰਡਿਤ, ਜੋਤਕੀ, ਵਾਪਾਰੀ, ਵਣਜਾਰਿਆ**। 'ਪਸੁ ਪੰਖੀ' ਮੁਖ ਵਰਗ ਦੇ ਉਪਵਰਗ ਲਿੰਗ ਅਤੇ ਗੁਣ ਆਧਾਰਤ ਬਣਦੇ ਹਨ। ਉਪਰੋਕਤ ਸ਼ਬਦ ਵਰਗਾਰਥਕ ਨਾਂਵ ਹਨ।

---

[36] ਵੇਦ ਅਗਨੀਹੋਤਰੀ, ਪੰਜਾਬੀ ਵਿਚ ਦੁਹਰੁਕਤੀ , ਲੇਖ, (ਜੋਗਿੰਦਰ ਸਿੰਘ ਪੁਆਰ (ਸੰਪ) , ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988, ਪੰਨਾ 184.

[37] ਗੁਰੂ ਗ੍ਰੰਥ ਸਾਹਿਬ, ਪੰਨਾ 1366.

**II.i. ਨਾਂਵ:-** ਵਰਗਾਰਥਕ ਦੁਹਰੁਕਤੀ ਵਿਚ 'ਨਾਂਵ' ਅਤੇ 'ਵਿਸ਼ੇਸ਼ਣ' ਸ਼੍ਰੇਣੀ ਦੇ ਦੂਹਰੇ ਸ਼ਬਦ ਸਭ ਤੋਂ ਜ਼ਿਆਦਾ ਮਾਤਰਾ ਵਿਚ ਹਨ। ਉਪਰੋਕਤ 'ਆਮ ਨਾਂਵ' ਸ਼ਬਦਾਂ ਦੇ ਵਿਭਿੰਨ ਵਰਗਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਇਹ ਸ਼ਬਦ ਵਿਭਿੰਨ ਅਰਥਾਂ ਅਤੇ ਮੁੱਢਲੇ ਅਰਥੀਮ ਲਈ ਵਰਤੇ ਗਏ ਹਨ। ਇਕੋ ਵਰਗ ਦੇ ਦੋ ਸ਼ਬਦ, ਕਾਰਜ ਵਜੋਂ ਵਰਗ ਦਾ ਕਾਰਜ ਵੀ ਕਰਦੇ ਹਨ ਤੇ ਵਰਗ ਦੇ ਅੰਤਰਗਤ ਵਿਸਿਸਟ ਸ਼੍ਰੇਣੀ ਦੇ ਅਰਥ ਵੀ ਦਿੰਦੇ ਹਨ। ਜਿਵੇਂ 'ਜੀਅ ਜੰਤ, ਪਸੁ ਪੰਖੀਆ' ਦੀ ਸਾਂਝ ਕੁਦਰਤੀ ਜੀਵ ਵਜੋਂ ਹੈ ਤੇ ਵੱਖਰਤਾ 'ਜਾਤੀਗਤ ਵਿਸਿਸਟਤਾ' ਕਾਰਨ ਹੈ:

**ਜੀਅ ਜੰਤ** ਸਭਿ ਖੇਲੁ ਤੇਰਾ ਕਿਆ ਕੋ ਆਖਿ ਵਖਾਣਏ ॥ (ਮਃ ੩) ਅੰਗ ੯੧੮

ਕੁਦਮ ਕਰੇ **ਪਸੁ ਪੰਖੀਆ** ਦਿਸੈ ਨਾਹੀ ਕਾਲੁ ॥ (ਮਃ ੫) ਅੰਗ ੪੩

**ਜੀਅ ਜੰਤ** ਵਿਚ ਸਾਰੇ ਜੀਵ ਆ ਜਾਂਦੇ ਹਨ, ਦੂਹਰੇ ਰੂਪ ਵਿਚ ਇਹ ਪਰਮਾਤਮਾ ਦੀ (ਖੇਲੁ) ਸਿਰਜਨ ਪ੍ਰਕਿਰਿਆ ਨੂੰ ਦਰਸਾ ਰਹੇ ਹਨ। 'ਜੀਅ' ਨਾਂਵ, ਪ੍ਰਾਣੀ/ ਜੀਵ, 'ਜੰਤ' ਸੰਸਕ੍ਰਿਤ ਨਾਂਵ, ਜਾਨਵਰ/ ਪ੍ਰਾਣੀ ਲਈ ਵਰਤਿਆ ਜਾਂਦਾ ਹੈ, ਦੋਵੇਂ ਸਮਾਨਾਰਥੀ ਸ਼ਬਦ ਹਨ। ਪੰਜਾਬੀ ਵਿਚ ਆਮ ਤੌਰ 'ਤੇ 'ਜੀਅ' ਪ੍ਰਾਣੀ/ ਮਨੁੱਖ/ ਜਾਨਵਰਾਂ ਲਈ ਅਤੇ 'ਜੰਤ' ਜਾਨਵਰਾਂ/ ਪਸ਼ੂਆਂ ਲਈ ਵਰਤਿਆ ਜਾਂਦਾ ਹੈ, ਇਹਨਾਂ ਅਰਥਾਂ ਵਿਚ ਇਹ ਵਰਗਾਰਥੀ ਸ਼ਬਦ ਬਣਦੇ ਹਨ। 'ਪਸੁ ਪੰਖੀਆ' ਵਰਗ ਦੀ ਦੁਹਰੁਕਤੀ ਦੋਹਾਂ ਦੇ ਸਾਂਝੇ ਗੁਣ 'ਕੁਦਮ' ਨੂੰ ਦਰਸਾ ਰਹੇ ਹਨ। "ਪਸ਼ੂ ਤੇ ਪੰਖੀ ਕਲੋਲਾਂ ਕਰਦੇ ਹਨ, ਉਹਨਾਂ ਨੂੰ ਮੌਤ ਨਹੀਂ ਦਿਖਦੀ।"[38]

'ਪਸ਼ੂ ਪੰਖੀਆ, ਜੀਅ ਜੰਤ' ਸ਼੍ਰੇਣੀ ਦੇ ਮੁਖ ਵਰਗ ਹਨ, 'ਗਊ ਭੈਸ, ਹਸਤੀ ਘੋੜੇ, ਮਛੁ ਕਛੁ, ਹੈਵਰ ਗੈਵਰ, ਬਗੁਲਾ ਕਾਗ, ਕਾਗਹੁ ਹੰਸੁ' ਆਦਿ ਇਸ ਦੇ ਉਪਵਰਗ ਹਨ। ਇਹ ਸਪੱਸ਼ਟ ਹੁੰਦਾ ਹੈ ਕਿ ਮੁਖ ਵਰਗ ਦੇ ਅੱਗੋਂ ਉਪਵਰਗ ਬਣਦੇ ਹਨ।

[38] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2007, ਪੰਨਾ 43.

**ਬਗੁਲਾ ਕਾਗ** ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥

(ਮਃ ੪) ਅੰਗ ੮੮੧

ਜੇ ਤਿਸੁ ਭਾਵੈ ਨਾਨਕਾ **ਕਾਗਹੁ ਹੰਸੁ** ਕਰੇ ॥ (ਫਰੀਦ) ਅੰਗ ੧੩੮੪ (ਤੁਲਨਾ)

ਪਹਿਲੇ ਵਾਕ ਵਿਚ **ਬਗੁਲਾ ਕਾਗ** ਦੇ ਵਰਗ ਦੀ ਸਾਂਝ ਉਹਨਾਂ ਦੇ 'ਗੁਣਾਂ' ਦੇ ਆਧਾਰ 'ਤੇ ਹੈ। ਇਕੋ ਵਰਗ ਦੇ ਦੋਵੇਂ ਪੰਛੀਆਂ ਦੇ ਕਰਮ/ ਗੁਣ ਸਮਾਨ ਹਨ। ਇਹ ਪ੍ਰਤੀਕਾਤਮਕ ਰੂਪ ਵਿਚ ਵਰਤੇ ਗਏ ਹਨ। ਦੂਜੇ ਵਾਕ ਵਿਚ **ਕਾਗਹੁ ਹੰਸੁ** (ਕਾਗ (ਕਾਂ) ਹੁ (ਤੋਂ) ਹੰਸੁ) ਗੁਣਾਤਮਕ ਪਰਿਵਰਤਨ 'ਨੀਚ ਤੋਂ ਊਚ' ਵਿਚ ਹੈ।

ਬਰਸਾਤ/ ਬੱਦਲ ਦੀ ਸਾਂਝ ਕਾਰਨ ਇਕੋ ਵਰਗ ਦੇ ਅਤੇ ਦੋ ਵਿਭਿੰਨ ਵਰਗਾਂ ਦੇ ਸ਼ਬਦ ਦੁਹਰੁਕਤੀ ਦੇ ਰੂਪ ਵਿਚ ਵਰਗ ਦਾ ਕਾਰਜ ਕਰਦੇ ਹਨ:

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ **ਦਾਦਰ ਮੋਰ** ਲਵੰਤੇ ॥ (ਮਃ ੧) ਅੰਗ ੧੧੦੮

ਊਨਵਿ ਘਨਹਰੁ ਗਰਜੈ ਬਰਸੈ **ਕੋਕਿਲ ਮੋਰ** ਬੈਰਾਗੈ ॥ (ਮਃ ੧) ਅੰਗ ੧੧੯੭

**ਦਾਦਰ ਮੋਰ** ਦੋਵੇਂ ਵੱਖਰੇ ਵਰਗ ਦੇ ਨਾਂਵ ਹਨ, **ਕੋਕਿਲ ਮੋਰ** ਇਕੋ ਵਰਗ ਦੇ ਨਾਂਵ ਹਨ। 'ਕੋਕਿਲ ਮੋਰ' ਦੀ ਸਾਂਝ 'ਪੰਖੀ' ਸ੍ਰੇਣੀ ਕਾਰਨ ਵੀ ਹੈ, ਇਸੇ ਤਰ੍ਹਾਂ 'ਦਾਦਰ ਮੋਰ' ਦੀ ਸ੍ਰੇਣੀਗਤ ਸਾਂਝ ਇਹਨਾਂ ਦਾ ਮੁਢਲਾ ਅਰਥੀਮ ਹੈ। ਵਰਗਾਰਥਕ ਦੁਹਰੁਕਤੀ ਵਜੋਂ ਇਹਨਾਂ ਵਿਚਲੀ ਸਾਂਝ 'ਬਰਸਾਤ' ਹੈ। ਬਰਸਾਤ ਕਾਰਨ ਇਹ ਇਕ ਵਰਗ ਵਿਚ ਹਨ।

**ੳ. ਸਮਾਜਿਕ ਸਾਂਝ/ ਸੰਬੰਧ:** ਮਨੁੱਖੀ ਸੰਦਰਭ ਵਿਚ ਵਰਗਾਰਥਕ ਦੁਹਰੁਕਤੀ ਦੇ ਵਿਭਿੰਨ ਵਰਗ

**ਰਿਸ਼ਤਾਨਾਤਾ:** 'ਮਾਈ ਬਾਪੁ, ਭੈਣ ਭਾਈ' ਆਦਿ

**ਵਰਨ:** 'ਖਤ੍ਰੀ ਬ੍ਰਾਹਮਣੁ, ਸੂਦੁ ਵੈਸ' ਆਦਿ

**ਧਰਮ:** 'ਹਿੰਦੂ ਤੁਰਕੁ' ਆਦਿ

**ਉਮਰ:** 'ਬਾਲਾ ਬੂਢਾ, ਬਾਲਕ ਬਿਰਧਿ' ਆਦਿ

**ਲਿੰਗ:** 'ਇਸਤਰੀ ਪੁਰਖ, ਬਾਲੀ ਬਾਲੈ' ਆਦਿ

**ਕਾਰਜ/ ਕਰਮ:** 'ਪੰਡਿਤ ਜੋਤਕੀ, ਨਟ ਨਾਟਿਕ' ਆਦਿ ਵਰਗਾਰਥਕ ਦੁਹਰੁਕਤੀਯੁਕਤ ਭੇਦ ਮਿਲਦੇ ਹਨ:

ਰਸਨਾ ਰਮਹੁ ਰਾਮ ਗੁਣ ਨੀਤ॥ ਸੁਖੁ ਪਾਵਹੁ ਮੇਰੇ **ਭਾਈ ਮੀਤ** ॥

(ਮਃ ੫) ਅੰਗ ੧੮੫

ਪ੍ਰਤਿਪਾਲੈ ਨਾਨਕ ਹਮਹਿ ਆਪਹਿ **ਮਾਈ ਬਾਪ** ॥ (ਮਃ ੫) ਅੰਗ ੨੫੭

ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ **ਦੇਵਰ ਜੇਸਟ** ॥ (ਮਃ ੫) ਅੰਗ ੩੭੧

ਉਪਰੋਕਤ ਵਾਕਾਂ ਵਿਚਲੇ ਵਰਗਾਰਥੀ ਸ਼ਬਦਾਂ ਦਾ ਮੁਢਲਾ ਅਰਥੀਮ 'ਸਮਾਜਿਕ ਸਾਂਝ/ ਰਿਸ਼ਤਾ' ਹੈ। ਇਕਹਿਰੇ ਰੂਪ ਵਿਚ ਇਹ ਵੱਖ ਵੱਖ ਰਿਸ਼ਤਿਆਂ ਨੂੰ ਚਿਹਨਤ ਕਰਦੇ ਹਨ ਅਤੇ ਦੂਹਰੇ ਰੂਪ ਵਿਚ ਇਕ ਵਰਗ ਦਾ ਪ੍ਰਕਾਰਜ ਕਰਦੇ ਹਨ।

**ਅ. ਧਰਮ ਦੇ ਆਧਾਰ 'ਤੇ:**

ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕਾਲ ਸਮੇਂ ਹਿੰਦੂ ਅਤੇ ਮੁਸਲਿਮ ਧਰਮ ਦਾ ਵਧੇਰੇ ਜ਼ੋਰ ਸੀ। ਹਿੰਦੂ ਧਰਮ ਦੇ ਬ੍ਰਾਹਮਣ ਪੰਡਿਤ ਕਰਮਕਾਂਡ ਦੇ ਆਧਾਰ 'ਤੇ ਹਿੰਦੂ ਧਰਮ ਨੰ ਵਧਾਵਾ ਦੇ ਰਹੇ ਸਨ ਤੇ ਮੁਸਲਮਾਨ ਰਾਜਨੀਤਿਕ ਤਾਕਤ ਦੀ ਵਰਤੋਂ ਕਰਕੇ ਆਮ ਲੋਕਾਂ ਨੂੰ ਮੁਸਲਮਾਨ ਬਣਾ ਰਹੇ ਸਨ। ਪੰਡਿਤਾਂ ਅਤੇ ਮੁਲਾਣਿਆਂ ਨੇ ਸਮਾਜ ਨੂੰ ਧਰਮ ਦੇ ਆਧਾਰ 'ਤੇ ਵੰਡ ਦਿੱਤਾ ਤੇ ਆਪਣੇ ਧਰਮ ਨੂੰ ਉੱਚ ਧਰਮ ਵਜੋਂ ਦਰਸਾਇਆ। ਭਗਤਾਂ ਨੇ ਆਪਣੀ ਬਾਣੀ ਰਾਹੀਂ ਅਜਿਹੇ ਵਰਤ ਵਰਤਾਰੇ ਦਾ ਵਿਰੋਧ ਕੀਤਾ। ਹਿੰਦੂ ਅਤੇ ਤੁਰਕ ਦੋਵੇਂ ਦੁਹਰੁਕਤੀਯੁਕਤ ਅਤੇ ਇਕਹਿਰੇ ਰੂਪ ਵਿਚ ਵਰਤੇ ਮਿਲਦੇ ਹਨ। ਦੁਹਰੁਕਤੀਯੁਕਤ ਰੂਪਾਂ

ਰਾਹੀਂ ਮੁਖ ਰੂਪ ਵਿਚ 'ਭਗਤ ਕਬੀਰ' ਇਹਨਾਂ ਦਾ ਆਪਸੀ ਵਿਰੋਧ ਦਰਸਾਉਂਦੇ, ਹੋਏ ਕਟਾਖ਼ਸ ਕਰਦੇ ਹਨ:

**ਹਿੰਦੂ ਤੁਰਕ** ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ (ਕਬੀਰ) ਅੰਗ ੪੭੭

**ਹਿੰਦੂ ਤੁਰਕ** ਕਾ ਸਾਹਿਬੁ ਏਕ ॥ (ਕਬੀਰ) ਅੰਗ ੧੧੫੮

**ਹਿੰਦੂ ਤੁਰਕ** ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ ॥ (ਕਬੀਰ) ਅੰਗ ੪੮੩

ਏਕੁ ਗੁਸਾਈ ਅਲਹੁ ਮੇਰਾ॥ **ਹਿੰਦੂ ਤੁਰਕ** ਦੁਹਾਂ ਨੇਬੇਰਾ ॥ (ਮਃ ੫) ਅੰਗ ੧੧੩੬

ਭਗਤ ਕਬੀਰ ਸਾਂਝੇ ਰੂਪ ਵਿਚ ਦੋਹਾਂ 'ਤੇ ਕਟਾਖ਼ਸ ਕਰਦੇ ਹਨ ਅਤੇ ਦੋਹਾਂ ਦਾ ਮੂਲ ਇਕ ਸਿੱਧ ਕਰਦੇ ਹਨ। ਗੁਰੂ ਅਰਜਨ ਦਾ ਕਥਨ ਹੈ ਕਿ 'ਮੇਰਾ ਅੱਲਾ ਗੁਸਾਈ ਇਕ ਹੈ, ਮੈਂ ਹਿੰਦੂ ਤੇ ਤੁਰਕ ਦੋਹਾਂ ਤੋਂ ਨਿਬੇੜਾ ਕਰ ਲਿਆ ਹੈ।' ਇਸੇ ਸੰਦਰਭ ਵਿਚ ਗੁਰੂ ਨਾਨਕ ਦਾ ਕਥਨ ਹੈ: 'ਨਾ ਮੈ ਹਿੰਦੂ ਹਾਂ ਤੇ ਨਾ ਮੁਸਲਮਾਨ':

ਨਾ ਹਮ **ਹਿੰਦੂ** ਨ **ਮੁਸਲਮਾਨ** ॥ (ਮਃ ੫) ਅੰਗ ੧੧੩੬

ਇਕਹਿਰੀ ਸ਼ਬਦ ਬਣਤਰ ਵਿਚ ਦੋਹਾਂ ਧਰਮਾਂ ਦੇ ਪੈਰੋਕਾਰਾਂ ਵੱਲੋਂ ਸਥਾਪਤ ਕੀਤੇ ਗਏ ਕਰਮਕਾਂਡ/ ਧਾਰਮਿਕ ਅਕੀਦਿਆਂ ਦਾ ਜ਼ਿਕਰ ਮਿਲਦਾ ਹੈ, ਜਦਕਿ ਦੁਹਰੁਕਤੀਯੁਕਤ ਰੂਪ ਵਿਚ ਆਪਸੀ ਵਿਰੋਧ/ ਕਟਾਖ਼ਸ ਕੀਤਾ ਗਿਆ ਹੈ। ਮੂਲ ਰੂਪ ਵਿਚ ਇਹ ਦੂਹਰੇ ਰੂਪ ਧਾਰਮਿਕ ਭੇਦ-ਭਾਵ ਅਤੇ ਅਕੀਦਿਆਂ ਦਾ ਨਿਸ਼ੇਧ ਕਰਦੇ ਹਨ ਅਤੇ ਸਭ ਦੀ ਬਰਾਬਰੀ ਦਾ ਸੰਦੇਸ਼ ਦਿੰਦੇ ਹਨ।

**ੲ. ਵਰਨ ਦੇ ਆਧਾਰ 'ਤੇ:**

**ਸੂਦੁ ਵੈਸੁ** ਪਰ ਕਿਰਤਿ ਕਮਾਵੈ ॥ (ਮਃ ੪) ਅੰਗ ੧੬੪

**ਖਤ੍ਰੀ ਬ੍ਰਾਹਮਣ** ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥ (ਮਃ ੪) ਅੰਗ ੭੩੩

**ਸੂਦੁ ਵੈਸੁ** ਨੀਵੇਂ ਵਰਣ ਨਾਲ ਸੰਬੰਧਿਤ ਹੋਣ ਕਾਰਨ 'ਇਕ ਵਰਗ' ਦਾ ਪ੍ਰਕਾਰਜ ਕਰ ਰਹੇ ਹਨ। ਸੂਦੁ ਤੇ ਵੈਸੁ ਦੀ ਸਥਿਤੀ ਲਗਭਗ ਬਰਾਬਰ ਹੈ। **ਖਤ੍ਰੀ ਬ੍ਰਾਹਮਣ** ਉੱਚ ਵਰਗ ਨਾਲ ਸੰਬੰਧਿਤ ਹੋਣ ਕਾਰਨ ਉੱਚ ਵਰਗ ਦਾ ਪ੍ਰਕਾਰਜ ਕਰਦੇ ਹਨ। "ਪਰਮਾਤਮਾ ਨੇ ਖੱਤਰੀਆਂ ਤੇ ਬ੍ਰਾਹਮਣਾਂ (ਉੱਚੀ ਜਾਤ ਦੇ ਗੁਮਾਨੀਆਂ) ਵੱਲ ਪਿੱਠ ਕਰ ਲਈ ਤੇ ਨੀਵੀਂ ਜਾਤ ਦੇ ਨਾਮਦੇਵ ਨੂੰ ਮੱਥੇ ਲਾ ਲਿਆ।"[39] ਦੋਹਾਂ ਵਰਗਾਂ ਦੀ ਆਪਸੀ ਸਾਂਝ ਹੋਣ ਕਾਰਨ ਦੋਵੇਂ ਇਕ ਦੂਜੇ ਦੇ ਸਹਾਇਕ ਹੋਣ ਦਾ ਅਰਥ ਸੰਚਾਰ ਕਰਦੇ ਹਨ। ਜਦਕਿ ਇਕਹਿਰੇ ਰੂਪ ਵਿਚ ਇਹੀ ਸ਼ਬਦ 'ਵਿਸ਼ੇਸ਼ ਵਰਣ' ਦੇ ਅਰਥਾਂ ਤੱਕ ਸੀਮਿਤ ਰਹਿ ਜਾਂਦੇ ਹਨ। ਚਾਰੇ ਆਪਣੇ ਵਰਣ ਵਿਸ਼ੇਸ਼ ਦੇ ਲੱਛਣਾਂ ਦਾ ਪ੍ਰਕਾਰਜ ਕਰਦੇ ਹਨ 'ਸੂਦੁ, ਵੈਸੁ' ਤੋਂ ਵੱਖਰੇ ਅਰਥ ਦਿੰਦਾ ਹੈ ਅਤੇ 'ਖਤ੍ਰੀ, ਬ੍ਰਾਹਮਣ' ਤੋਂ ਵੱਖਰੇ ਅਰਥਾਂ ਦਾ ਪ੍ਰਕਾਰਜ ਕਰਦਾ ਹੈ:

ਖੇਤੁ ਪਛਾਣੈ ਬੀਜੈ ਦਾਨੁ॥ ਸੋ **ਖਤ੍ਰੀ** ਦਰਗਹ ਪਰਵਾਣੁ ॥ (ਮਃ ੧) ਅੰਗ ੧੪੧੧

ਅਵਰ ਉਪਦੇਸੈ ਆਪਿ ਨ ਬੂਝੈ॥ ਐਸਾ **ਬ੍ਰਾਹਮਣੁ** ਕਹੀ ਨ ਸੀਝੈ ॥ (ਮਃ ੫) ਅੰਗ ੩੭੨

**ਖਜਤ੍ਰੀ** ਸਬਦੰ ਸੂਰ ਸਬਦੰ **ਸੂਦ੍ਰ** ਸਬਦੰ ਪਰਾ ਕ੍ਰਿਤਹ ॥ (ਮਃ ੧) ਅੰਗ ੧੩੫੩

ਇਕਹਿਰੀ ਵਰਤੋਂ ਵਿਚ ਚਾਰੇ ਸ਼ਬਦ ਚਾਰੇ ਵਰਣਾਂ ਨੂੰ 'ਵਿਸ਼ੇਸ਼ ਵਰਗ' ਵਜੋਂ ਮਾਨਤਾ ਦੇ ਰਹੇ ਹਨ। ਚਾਰ ਵਰਣਾਂ ਦੀ ਮੁੱਢਲੀ ਸਾਂਝ ਮਾਨਵ/ ਪ੍ਰਾਣੀ ਹੈ। ਮਾਨਵ ਦੇ ਦੋ ਵਰਗ ਉੱਚ ਵਰਗ ਤੇ ਨੀਵਾਂ ਵਰਗ, ਦੋਹਾਂ ਵਰਗਾਂ ਦੇ ਚਾਰ ਵਰਣ ਹਨ। ਵਰਗ ਅਤੇ ਵਰਗਾਰਥਕ ਦੁਹਰੁਕਤੀ ਵਿਚ ਅੰਤਰ ਹੈ, 'ਵਰਗ' ਵਿਚ ਇਕ ਵਰਗ ਨਾਲ ਸੰਬੰਧਤ ਸਾਰੇ ਸ਼ਬਦ ਆ ਸਕਦੇ ਹਨ ਅਤੇ 'ਵਰਗਾਰਥਕ ਦੁਹਰੁਕਤੀ' ਵਿਚ ਇਕ ਵਰਗ ਵਾਲੇ ਦੋ ਸ਼ਬਦ ਕਾਰਜਸ਼ੀਲ ਹੁੰਦੇ ਹਨ। ਗੁਰਬਾਣੀ ਵਿਚ ਚਾਰਾਂ ਵਰਣਾਂ ਦੀ ਇਕ ਇਕਾਈ ਬਣਦੀ ਹੈ। ਗੁਰਬਾਣੀ ਚਾਰਾਂ ਵਰਣਾਂ ਦੀ ਮੁੱਢਲੀ ਇਕਾਈ ਦੇ ਆਧਾਰ 'ਤੇ ਚਾਰਾਂ ਵਰਣਾਂ ਨੂੰ ਸਾਂਝੀਵਾਲਤਾ ਦਾ ਉਪਦੇਸ ਦਿੰਦੀ ਹੈ:

[39] ਸਾਹਿਬ ਸਿੰਘ. ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 561.

**ਖਤ੍ਰੀ ਬ੍ਰਾਹਮਣ ਸੂਦ ਵੈਸ** ਉਪਦੇਸੁ ਚਹੁ ਵਰਨਾ ਕਉ ਸਾਝਾ ॥ (ਮ: ੫) ਅੰਗ ੭੪੭

**ਖਤ੍ਰੀ ਬ੍ਰਾਹਮਣ ਸੂਦ ਵੈਸ** ਸਭ ਏਕੈ ਨਾਮਿ ਤਰਾਨਥ ॥ (ਮ: ੫) ਅੰਗ ੧੦੦੧

ਉਪਰੋਕਤ ਵਾਕਾਂ ਦੇ ਹਵਾਲੇ ਨਾਲ ਮਨੁੱਖ ਵਰਗਗਤ ਨਾ ਹੋ ਕੇ ਇਕ ਸਾਂਝੀ ਸਮਾਜਿਕ ਇਕਾਈ ਬਣਦਾ ਹੈ।

**ਭਾਵ ਵਾਚਕ ਨਾਂਵ:**

**ਦੂਖੁ ਰੋਗੁ** ਕਛੁ ਭਉ ਨ ਬਿਆਪੈ ॥ (ਮ: ੫) ਅੰਗ ੧੮੪

ਅੰਤਰਿ **ਲੋਭੁ ਵਿਕਾਰੁ** ਹੈ ਦੂਜੈ ਭਾਇ ਖੁਆਇ ॥ (ਮ: ੩) ਅੰਗ ੯੫੦

**ਕਾਮਿ ਕ੍ਰੋਧਿ** ਭਰੇ ਹਮ ਅਪਰਾਧੀ ॥ (ਮ: ੩) ਅੰਗ ੧੦੪੮

ਵਰਗਾਰਥਕ ਦੁਹਰੁਕਤੀ ਵਿਚ 'ਭਾਵ ਵਾਚਕ' ਨਾਂਵਾਂ ਦੀ ਵਰਤੋਂ ਆਮ ਹੀ ਕੀਤੀ ਮਿਲਦੀ ਹੈ। ਇਹ ਇਕ ਅਰਥ ਨਾਲ ਮਿਲਦੇ ਜੁਲਦੇ ਵਰਗਾਰਥਕ ਸ਼ਬਦ ਹਨ। 'ਲੋਭੁ, ਵਿਕਾਰੁ, ਕਾਮਿ, ਕ੍ਰੋਧਿ' ਭਾਵ ਵਾਚਕ ਨਾਂਵ ਮਨੁੱਖੀ ਮਨ ਵਿਚਲੇ ਵਿਕਾਰਾਂ ਦੀ ਤਸਵੀਰਕਸੀ ਕਰਦੇ ਹਨ। **ਦੁਖ ਰੋਗ** ਇਹਨਾਂ ਤੋਂ ਵੱਖਰੇ ਵਰਗ ਵਾਲੇ ਨਾਂਵ ਹਨ। ਦੁਹਰੁਕਤੀਯੁਕਤ ਰੂਪ ਵਿਚ ਲਗਭਗ ਇਕ ਅਰਥ ਦਾ ਸੰਚਾਰ ਕਰਦੇ ਹਨ।

ਉਪਰੋਕਤ ਵਰਗਾਂ ਵਿਚ ਮਾਨਵ ਇਕਾਈ ਨੂੰ ਇਹਨਾਂ ਨੁਕਤਿਆਂ ਦੇ ਆਧਾਰ 'ਤੇ ਵੰਡਿਆ ਹੈ, ਜਦਕਿ ਇਹਨਾਂ ਦਾ ਅਰਥੀਮ ਸਮਾਜਿਕ ਜੀਵ/ ਮਾਨਵ ਪ੍ਰਾਣੀ ਦੇ ਰੂਪ ਵਿਚ ਸਾਂਝਾ ਹੈ। ਭਾਵ ਇਹਨਾਂ ਦੀ ਮੂਲ ਇਕਾਈ ਇਕ ਹੈ। ਉਪਰੋਕਤ ਵਰਗ ਮਾਨਵ ਜਾਤੀ ਦੇ ਵਿਭਿੰਨ ਰੂਪਾਂ/ ਪ੍ਰਾਕਰਜਾਂ ਨੂੰ ਵਿਭਿੰਨ ਸ਼ਬਦਾਂ ਰਾਹੀਂ ਚਿਹਨਤ ਕਰਦੇ ਹਨ।

**ਵਸਤੂ ਵਾਚਕ ਨਾਂਵ:-** ਵਰਗਾਰਥਕ ਦੁਹਰੁਕਤੀ ਵਿਚ 'ਵਸਤੂ ਵਾਚਕ' ਨਾਂਵਾਂ ਦੀ ਸਮੱਗਰੀ ਵੱਡੀ ਮਾਤਰਾ ਵਿਚ ਮਿਲਦੀ ਹੈ। ਵਰਤੋਂ ਦੇ ਪ੍ਰਸੰਗ ਵਿਚ ਇਕੋ ਵਰਗ ਦੇ ਨਾਂਵਾਂ ਦੇ ਵਿਭਿੰਨ ਪ੍ਰਕਾਰਜ ਹਨ। ਇਹ ਦੋ ਤਰ੍ਹਾਂ ਨਾਲ ਵਰਤੇ ਮਿਲਦੇ ਹਨ: ਸਿੱਧੇ ਰੂਪ ਵਿਚ ਵਸਤਾਂ ਦੀ ਮੰਗ ਵਜੋਂ ਅਤੇ ਪ੍ਰਤੀਕਾਤਮਕ ਰੂਪ ਵਿਚ:

**ਦਾਲਿ ਸੀਧਾ** ਮਾਗਉ ਘੀਉ॥ ਹਮਰਾ ਖੁਸੀ ਕਰੈ ਨਿਤ ਜੀਉ ॥

**ਪਨ੍ਹੀਆ ਛਾਦਨੁ** ਨੀਕਾ॥ ਅਨਾਜੁ ਮਗਉ ਸਤ ਸੀ ਕਾ ॥ (ਧੰਨਾ) ਅੰਗ ੬੯੫

ਉਪਰੋਕਤ ਵਾਕ ਵਿਚ ਮਨੁਖ ਦੀਆਂ ਮੁਢਲੀਆਂ ਲੋੜਾਂ ਵਾਲੀਆਂ ਵਸਤਾਂ ਦੀ ਪਰਮਾਤਮਾ ਤੋਂ ਸਿੱਧੇ ਰੂਪ ਵਿਚ ਮੰਗ ਕੀਤੀ ਜਾ ਰਹੀ ਹੈ। ਪਹਿਲੇ ਵਾਕ ਵਿਚ ਘੀਉ ਵੀ ਵਰਗਾਰਥਕ ਵਸਤੂ ਵਾਚਕ ਨਾਂਵ ਹੈ, ਪਰ ਵਸਤੂ ਵਾਚਕ ਵਰਗਾਰਥਕ ਦੁਹਰੁਕਤੀ ਨਹੀਂ ਹੈ। ਵਧੇਰੇ ਵਸਤੂ ਵਾਚਕ ਨਾਂਵਾਂ ਦੀ ਵਰਤੋਂ ਪ੍ਰਤੀਕ ਰੂਪ ਵਿਚ ਕੀਤੀ ਮਿਲਦੀ ਹੈ:

**ਸੁਇਨਾ ਰੁਪਾ** ਸਭ ਧਾਤੁ ਹੈ ਮਾਟੀ ਰਲਿ ਜਾਈ ॥

ਬਿਨੁ ਨਾਵੈ ਨਾਲਿ ਨ ਚਲਈ ਸਤਿਗੁਰਿ ਬੂਝ ਬੁਝਾਈ॥ (ਮਃ ੧) ਅੰਗ ੧੦੧੨

ਬਿਨੁ ਹਰਿ ਸਗਲ ਨਿਰਾਰਥ ਕਾਮ॥ **ਸੁਇਨਾ ਰੁਪਾ** ਮਾਟੀ ਦਾਮ ॥

(ਮਃ ੫) ਅੰਗ ੮੮੯

**ਸੁਇਨਾ ਰੁਪਾ** ਦੀ ਪ੍ਰਤੀਕਾਤਮਕ ਵਰਤੋਂ ਨਿਸ਼ੇਧ ਦੀ ਸਥਿਤੀ ਵਿਚ ਹੈ। ਪਰਮਾਤਮਾ ਦੇ ਨਾਮ ਤੋਂ ਬਿਨਾਂ ਮਹਿੰਗੀਆਂ ਧਾਤਾਂ ਵੀ ਮਿੱਟੀ ਹਨ। ਗੁਰਬਾਣੀ ਪਦਾਰਥਕ ਸਮੱਗਰੀ ਦਾ ਨਿਸ਼ੇਧ ਕਰਦੀ ਹੈ। ਵਸਤੂਗਤ ਸਮੱਗਰੀ ਮਿੱਟੀ ਹੈ। ਇਸੇ ਤਰ੍ਹਾਂ ਖਾਣ ਯੋਗ ਵਸਤੂਆਂ ਵਿਚ ਸਭ ਤੋਂ ਉੱਤਮ 'ਨਾਮ' ਨੂੰ ਦੱਸਿਆ ਹੈ:

**ਕੂਜਾ ਮੇਵਾ** ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥ (ਮਃ ੧) ਅੰਗ ੧੫੫

ਫਰੀਦਾ **ਸਕਰ ਖੰਡੁ ਨਿਵਾਤ ਗੁੜੁ** ਮਾਖਿਉ ਮਾਂਝਾ ਦੁਧੁ ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ (ਫਰੀਦ) ਅੰਗ ੧੩੭੯

**ਕੂਜਾ ਮੇਵਾ** (ਉੱਤਮ ਵਸਤਾਂ) ਦੀ ਵਰਗਾਰਥਕ ਵਰਤੋਂ ਕੇਵਲ ਇਸਦੇ ਮੂਲ ਅਰਥਾਂ ਤੱਕ ਸੀਮਿਤ ਨਹੀਂ, ਬਲਕਿ ਇਹ ਸਾਰੀ ਖਾਣਯੋਗ ਸਮੱਗਰੀ ਦੇ ਅਰਥ ਦੇ ਰਹੇ ਹਨ। ਇਹਨਾਂ ਉੱਤਮ ਵਸਤਾਂ ਦੇ ਹਵਾਲੇ ਨਾਲ ਗੁਰਬਾਣੀ ਵਸਤੂ ਦਾ ਨਿਸ਼ੇਧ ਕਰਦੀ ਹੈ ਤੇ ਕੇਵਲ ਪਰਮਾਤਮਾ ਦੇ ਨਾਮ ਨੂੰ ਉੱਤਮ (ਮਿੱਠਾ) ਸਿੱਧ ਕਰਦੀ ਹੈ। ਦੂਜੇ ਵਾਕ ਵਿਚ ਦੂਹਰੀ ਦੁਹਰੁਕਤੀ ਹੈ। ਸਾਰੀਆਂ ਵਸਤਾਂ ਮਿੱਠੀਆਂ ਹਨ, ਨਾਲ ਹੀ ਅਗਲੇ ਵਾਕ ਵਿਚ ਇਹਨਾਂ ਦਾ ਨਿਸ਼ੇਧ ਹੈ। ਇਹ ਰੱਬ ਤੱਕ ਪਹੁੰਚਣ ਵਿਚ ਸਹਾਇਕ ਨਾ ਹੋਣ ਕਾਰਨ, ਨਿਸ਼ੇਧ ਦੀ ਸਥਿਤੀ ਵਿਚ ਹਨ।

**ਜਲ ਦੁਧ** ਨਿਆਈ ਰੀਤਿ ਅਬ ਦੁਧ ਆਚ ਨਹੀ ਮਨ ਐਸੀ ਪ੍ਰੀਤਿ ਹਰੇ ॥

(ਮਃ ੫) ਅੰਗ ੪੫੪

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ **ਜਲ ਦੁਧ** ਹੋਇ ॥ (ਮਃ ੧) ਅੰਗ ੬੦

**ਜਲ ਦੁਧ** ਦੀ ਵਰਗਾਰਥਕ ਵਰਤੋਂ ਦੋਹਾਂ ਦੀ ਇਕਮਿਕਤਾ ਦੇ ਪ੍ਰਤੀਕਾਤਮਕ ਰੂਪ ਵਿਚ ਹੈ। ਵਸਤੂ ਵਜੋਂ ਇਹਨਾਂ ਦੀ ਵਰਤੋਂ ਉਪਰਲੇ ਧਰਾਤਲ 'ਤੇ ਹੈ। ਇਹਨਾਂ ਦੀ ਪ੍ਰੀਤ ਰਾਹੀਂ ਜੀਵਾਤਮਾ ਤੇ ਪਰਮਾਤਮਾ ਨੂੰ ਇਸੇ ਤਰ੍ਹਾਂ ਦੀ ਪ੍ਰੀਤ ਕਰਨ ਦਾ ਸੁਨੇਹਾ ਹੈ। ਜਲ ਦੁਧ ਦੀ ਇਕਮਿਕਤਾ ਹੈ।

ਲੱਕੜ ਤੇ ਲੋਹਾਂ ਦੋ ਵਿਭਿੰਨ ਵਸਤਾਂ ਹਨ, ਦੋਹਾਂ ਦੇ ਗੁਣ ਵੱਖਰੇ ਹਨ। ਇਹਨਾਂ ਦੀ ਸਾਂਝ ਦਾ ਆਧਾਰ ਵਸਤੂਗਤ ਸਮੱਗਰੀ ਹੈ। ਇਹ ਵਸਤੂ ਵਾਚਕ ਨਾਂਵ 'ਵਿਅਕਤੀ ਵਾਚਕ' ਲਈ ਪ੍ਰਤੀਕ ਦਾ ਕਾਰਜ ਕਰ ਰਹੇ ਹਨ। ਲੱਕੜ ਦਾ ਵਿਸ਼ੇਸ਼ ਗੁਣ ਤਰਨਾ ਹੈ ਤੇ ਲੱਕੜ ਨਾਲ ਲੱਗਾ ਲੋਹਾ ਵੀ ਤਰ ਜਾਂਦਾ ਹੈ, ਉਸੇ ਤਰ੍ਹਾਂ ਪਰਮਾਤਮਾ ਨਾਲ ਜੁੜਿਆ ਮਨੁੱਖ ਵੀ ਤਰ ਜਾਂਦਾ ਹੈ।

ਹੁਕਮੁ ਪਛਾਣੈ ਊਜਲਾ ਸਿਰਿ **ਕਾਸਟ ਲੋਹਾ** ਪਾਰਿ ॥ (ਮਃ ੩) ਅੰਗ ੧੦੮੯

ਗੁਰ ਸਤਿਗੁਰ ਪਿਛੈ ਤਰਿ ਗਇਆ ਜਿਉ **ਲੋਹਾ ਕਾਠ** ਸੰਗੋਇਆ ॥ (ਮਃ ੪) ਅੰਗ ੩੦੯

ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਵਸਤੂ ਵਾਚਕ' ਨਾਂਵਾਂ ਦੀ ਵਰਤੋਂ ਵਿਚ ਕਿਤੇ ਵੀ ਵਸਤੂ ਨੂੰ ਸਲਾਹਿਆ ਨਹੀਂ ਗਿਆ। ਬਲਕਿ ਇਸਦਾ ਨਿਸ਼ੇਧ ਕੀਤਾ ਹੈ। ਦੁਹਰੁਕਤੀਯੁਕਤ ਵਿਚ 'ਵਸਤੂ ਵਾਚਕ' ਨਾਂਵ ਕੇਵਲ ਉਸਦੇ ਮੂਲ ਅਰਥਾਂ ਤੱਕ ਸੀਮਿਤ ਨਹੀਂ ਰਹਿੰਦੇ, ਬਲਕਿ ਇਹ ਉਸਦੇ ਗੁਣਾਤਮਕ ਸਥਿਤੀ ਦੇ ਆਧਾਰ 'ਤੇ ਪ੍ਰਕਾਰਜ ਕਰਦੇ ਹਨ।

**II.ii. ਵਿਸ਼ੇਸ਼ਣ:-** ਵਾਕ ਵਿਚ 'ਵਿਸ਼ੇਸ਼ਣ' ਮੁਖ ਸ਼ਬਦ ਵਜੋਂ, ਮੁਖ ਸ਼ਬਦ ਦੀ ਵਿਸ਼ੇਸ਼ਤਾ ਵਜੋਂ ਜਾਂ ਕਿਰਿਆ ਪੂਰਕ ਵਜੋਂ ਵਿਚਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਵਿਸ਼ੇਸ਼ਣਾਂ ਵਿਚ 'ਵਰਗਾਰਥਕ ਵਿਸ਼ੇਸ਼ਣ' ਦੀ ਕਿਸਮ ਸਭ ਤੋਂ ਵੱਧ ਮਾਤਰਾ ਵਿਚ ਮਿਲਦੀ ਹੈ। 'ਅਗਮ ਅਗੋਚਰ, ਨਵਾਂ ਨਿਰੋਆ, ਬੇਸੁਮਾਰ ਬੇਅੰਤ, ਗਿਆਨੀ ਧਿਆਨੀ, ਮੂਰਖ ਗਾਵਾਰਾ, ਅਲਖ ਅਗਮ, ਅਲਖ ਅਪਾਰ, ਗਹਿਲੇ ਬਾਵਲੇ, ਹੀਨਾ ਨਾਪਾਕ' ਆਦਿ ਦੂਹਰੇ ਰੂਪ ਵਿਚ ਮਿਲਦੇ ਜੁਲਦੇ ਜਾਂ ਇਕ ਅਰਥ ਦਾ ਕਾਰਜ ਕਰਦੇ ਹਨ।

ਧਾਰਿ ਕ੍ਰਿਪਾ ਪ੍ਰਭ ਹਾਥ ਦੇ ਰਾਖਿਆ ਹਰਿ ਗੋਵਿਦੁ **ਨਵਾ ਨਿਰੋਆ** ॥ (ਮਃ ੫) ਅੰਗ ੬੨੦

ਸਭ ਰੋਗ ਮਿਟਾਵੇ **ਨਵਾ ਨਿਰੋਆ**॥ ਨਾਨਕ ਰਖਾ ਆਪੇ ਹੋਆ ॥ (ਮਃ ੫) ਅੰਗ ੭੪੪

ਵਾਕ ਬਣਤਰ ਅਨੁਸਾਰ 'ਵਿਸ਼ੇਸ਼ਣ' ਦਾ ਕਾਰਜ ਭਿੰਨ ਹੈ। ਪਹਿਲੇ ਵਾਕ ਵਿਚ **ਨਵਾ ਨਿਰੋਆ** 'ਹਰਿ ਗੋਵਿਦੁ' ਦਾ ਵਿਸ਼ੇਸ਼ਣ ਅਤੇ ਕਿਰਿਆ ਪੂਰਕ ਹੈ। ਦੂਜੇ ਵਾਕ ਵਿਚ **ਨਵਾ ਨਿਰੋਆ** ਸਾਧਾਰਨ ਵਾਕ ਵਿਚ 'ਉਦੇਸ਼' ਦਾ ਕਾਰਜ ਕਰ ਰਿਹਾ ਹੈ, ਵਿਸ਼ੇਸ਼ਣ ਦਾ ਵਿਸ਼ੇਸ਼ ਗ਼ੈਰ ਹਾਜ਼ਰ ਹੈ। ਸਭ ਰੋਗ ਮਿਟਾਵੇ ਦਾ ਸੰਬੰਧ ਅਗਲੀ ਤੁਕ ਦੇ ਆਪੇ (ਪਰਮਾਤਮਾ) ਨਾਲ ਹੈ, ਦੂਹਰਾ ਵਿਸ਼ੇਸ਼ਣ 'ਕਰਤਾ' ਤੇ 'ਕਿਰਿਆ' ਤੋਂ ਬਿਨਾਂ ਆਪਣੇ ਆਪ ਵਿਚ ਸਾਧਾਰਨ ਵਾਕ ਦੇ ਅਰਥ ਦੇ ਰਿਹਾ ਹੈ। ਵਾਕ ਦੇ ਸੰਦਰਭ ਵਿਚ ਨਵਾ ਜਾਂ ਨਿਰੋਆ ਇਕਹਿਰਾ ਸ਼ਬਦ ਅਰਥ ਸੰਚਾਰ ਨਹੀਂ ਕਰਦਾ। ਇਸੇ ਤਰ੍ਹਾਂ ਹੇਠਲੇ ਵਾਕ ਵਿਚ **ਬੇਸੁਮਾਰ ਬੇਅੰਤ** ਸੁਆਮੀ ਦੇ ਗੁਣ ਵਾਚਕ ਵਿਸ਼ੇਸ਼ਣ ਹਨ। ਇਹ ਸੁਆਮੀ (ਨਾਂਵ) ਦੀ ਹੋਂਦਸ਼ੀਲਤਾ ਵੱਲ ਲੈ ਜਾਂਦੇ ਹਨ, ਭਾਵ ਸੁਆਮੀ ਦਾ ਕੋਈ ਅੰਤ ਨਹੀਂ, ਉਹ ਗਿਣਤੀਆਂ ਤੋਂ ਮੁਕਤ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਸੁਆਮੀ ਦੀ ਕਾਲ/ ਸਥਾਨ ਰਹਿਤ ਹੋਂਦ ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ।

**ਬੇਸੁਮਾਰ ਬੇਅੰਤ** ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ ॥ (ਮ: ੫) ਅੰਗ ੬੭੪

**ਅਗਮ ਅਗੋਚਰ** ਪ੍ਰਭੁ ਗੁਰਮੁਖਿ ਪਾਈਐ ਅਪੁਨੇ ਸਤਿਗੁਰ ਕੈ ਬਲਿਹਾਰੀ ॥

(ਮ: ੪) ਅੰਗ ੫੦੬

**ਅਨੇਕ ਅਸੰਖ** ਨਾਮ ਹਰਿ ਤੇਰੇ ਨ ਜਾਹੀ ਜਿਹਵਾ ਇਤੁ ਗਨਣੇ ॥ (ਮ: ੪) ਅੰਗ ੧੧੩੫

ਇਕਹਿਰੇ ਰੂਪ ਵਾਲੇ ਸੁਤੰਤਰ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਵਾਕ ਦੀ ਭਾਵ ਬਣਤਰ ਨੂੰ ਵਧੇਰੇ ਰੌਚਕ ਤੇ ਮਹੱਤਵਪੂਰਨ ਬਣਾਉਂਦੇ ਹਨ। **ਬੇਸੁਮਾਰ ਬੇਅੰਤ** ਪਰਮਾਤਮਾ ਦੀ ਹੋਂਦ ਦੀ ਵਿਸ਼ੇਸ਼ਤਾ ਨੂੰ ਦਰਸਾਉਂਦੇ ਹਨ। **ਅਗਮ ਅਗੋਚਰ** ਪਰਮਾਤਮਾ ਦੀ ਹੋਂਦ ਦੀ ਗੁਣਾਤਮਕ ਵਿਸ਼ੇਸ਼ਤਾ ਦਰਸਾਉਂਦੇ ਹਨ। **ਅਨੇਕ ਅਸੰਖ** ਹਰੀ ਦੇ ਨਾਮ ਦੇ ਸੰਖਿਅਕ ਵਿਸ਼ੇਸ਼ਣ ਹਨ। ਹਰੀ ਦੇ ਗੁਣਾਂ ਦੇ ਆਧਾਰ ’ਤੇ ਉਸ ਦੇ ਅਨੇਕ ਨਾਮ ਹਨ। ‘ਵਿਸ਼ੇਸ਼ਣ’ ਉਸਦੇ ਨਾਵਾਂ ਦੀ ਵਿਸ਼ੇਸ਼ਤਾ ਦਾ ਪ੍ਰਕਾਰਜ ਕਰ ਰਹੇ ਹਨ। ਸੋ ‘ਵਿਸ਼ੇਸ਼’ ਵਾਕ ਦੇ ਪ੍ਰਸੰਗ ਵਿਚ ਵਿਸ਼ੇਸ਼ ਦੀ ਸਥਿਤੀ ਅਨੁਸਾਰ ਪ੍ਰਕਾਰਜਸ਼ੀਲ ਹਨ।

‘ਨਿਸ਼ਚਤ ਸੰਖਿਅਕ’ (ਅਰਬ, ਖਰਬ, ਲਾਖ, ਕਰੋਰਿ) ਵਿਸ਼ੇਸ਼ਣਾਂ ਦੀ ਦੁਹਰੁਕਤੀਯੁਕਤ ਵਰਤੋਂ ‘ਅਨਿਸ਼ਚਤ ਸੰਖਿਅਕ’ ਵਿਸ਼ੇਸ਼ਣ ਦਾ ਕਾਰਜ ਕਰਦੀ ਹੈ।

ਨਾਂਗੇ ਪਾਵਹੁ ਤੇ ਗਏ ਜਿਨ ਕੇ **ਲਾਖ ਕਰੋਰਿ** ॥ (ਕਬੀਰ) ਅੰਗ ੧੩੬੫

ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ **ਲਾਖ ਕਰੋਰਿ** ॥

ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥ (ਕਬੀਰ) ਅੰਗ ੧੩੭੨

ਭੰਡਾਰ ਦਰਬ **ਅਰਬ ਖਰਬ** ਪੇਖਿ ਲੀਲਾ ਮਨੁ ਸਧਾਰੈ ॥ (ਮ: ੫) ਅੰਗ ੯੦੧

ਦੂਹਰਾ ਰੂਪ ‘ਨਾਂਵ’ ਦੀ ਗ਼ੈਰ ਮੌਜੂਦਗੀ ਵਿਚ ‘ਵਾਕੰਸ਼’ ਦੇ ਰੂਪ ਵਿਚ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਇਹ ਸੰਖਿਆ ਨੂੰ ਅਸੀਮਤ ਕਰਦਾ ਹੈ। ਵਾਕ ਦੇ ਪ੍ਰਸੰਗ ਵਿਚ ‘ਲਾਖ ਕਰੋਰਿ’ ਦੀ ਭਾਵ ਬਣਤਰ

ਭਿੰਨ ਹੈ। ਪਹਿਲੇ ਵਾਕ ਵਿਚ 'ਲਾਖ ਕਰੋਰਿ' ਦੀ ਨਾਸ਼ਮਾਨਤਾ ਤੇ ਅਣਸਹਾਇਕ ਹੋਣ ਦਾ ਮਹੱਤਵ ਹੈ। ਇਸਦੀ ਮੌਜੂਦਗੀ ਵਿਚ ਵੀ ਮਨੁੱਖ ਨੰਗੇ ਪੈਰੀਂ ਜਾਂਦਾ ਹੈ। ਦੂਜੇ ਵਾਕ ਵਿਚ ਮਨੁੱਖ ਦੀ 'ਲਾਖ ਕਰੋਰਿ' ਜੋੜਨ ਦੀ ਵਿਧੀ ਹੈ। ਭਗਤ ਕਬੀਰ ਜੀ ਪਹਿਲਾ ਮਨੁੱਖ ਦੁਆਰਾ 'ਲਾਖ ਕਰੋਰਿ' ਜੋੜਨ ਦਾ ਢੰਗ ਦੱਸਦੇ ਹਨ, ਫਿਰ ਨਾਲ ਹੀ ਉਸਦੀ ਨਾਸ਼ਮਾਨਤਾ ਤੇ ਮਨੁਖ ਦੇ ਅੰਤਿਮ ਪੜਾਅ 'ਤੇ ਸਹਾਇਕ ਨਾ ਹੋਣ ਦੀ ਸਚਾਈ ਦੱਸਦੇ ਹਨ। ਇਸੇ ਤਰ੍ਹਾਂ 'ਅਰਬ ਖਰਬ' ਦੁਹਰੁਕਤੀਯੁਕਤ ਵਿਸ਼ੇਸ਼ਣ ਵੀ 'ਅਨਿਸ਼ਚਤ ਸੰਖਿਅਕ' ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਦਰਬ ਨਾਂਵ (ਧਨ) ਪਹਿਲੇ ਵਾਕੰਸ਼ ਦਾ ਹਿੱਸਾ ਹੈ। ਅਰਬ ਖਰਬ, ਨਾਂਵ ਵਾਕੰਸ਼ ਭੰਡਾਰ ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ।

ਦੋ ਸੰਖਿਆਵਾਂ ਦੇ ਜੋੜ ਵਾਲੇ ਸੰਖਿਅਕ ਵਿਸ਼ੇਸ਼ਣ ਇਕ ਇਕਾਈ ਵਜੋਂ ਦੁਹਰੁਕਤੀਯੁਕਤ ਰੂਪ ਵਿਚ ਵਰਤੇ ਮਿਲਦੇ ਹਨ। ਇਹਨਾਂ ਦਾ ਰੂਪ ਦੂਹਰਾ ਹੈ, ਮੂਲ ਰੂਪ ਵਿਚ ਇਹ ਕਾਰਜ 'ਇਕ ਇਕਾਈ' ਦਾ ਕਰ ਰਹੇ ਹਨ:

**ਦਸ ਚਾਰਿ** ਹਟ ਤੁਧੁ ਸਾਜਿਆ ਵਾਪਾਰੁ ਕਰੀਵੇ ॥ (ਮਃ ੪) ਅੰਗ ੮੩

ਜਾ ਕੀ ਸੇਵਾ **ਦਸ ਅਸਟ** ਸਿਧਾਈ ॥ (ਮਃ ੫) ਅੰਗ ੩੯੦

ਜੈਸੇ ਬਸਤਰ ਦੇਹ ਓਢਾਨੇ ਦਿਨ **ਦੋਇ ਚਾਰਿ** ਭੋਰਾਹਾ ॥ (ਮਃ ੫) ਅੰਗ ੪੦੨

ਦਿਨ **ਦਸ ਪਾਂਚ** ਬਹੂ ਭਲੇ ਆਈ ॥ (ਕਬੀਰ) ਅੰਗ ੪੮੪

ਦਸ ਚਾਰਿ (14) ਦਸ ਅਸਟ (18) ਰੂਪ ਵਜੋਂ ਵਰਗਾਰਥਕ ਦੁਹਰੁਕਤੀਯੁਕਤ ਵਿਸ਼ੇਸ਼ਣ ਹਨ, ਪ੍ਰੰਤੂ ਕਾਰਜ ਇਹ ਇਕ ਇਕਾਈ ਦਾ ਕਰ ਰਹੇ ਹਨ। ਪੁਰਾਣ ਦੀ ਗਿਣਤੀ ਅਠਾਰਾਂ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੁਰਾਣ ਦੀ ਗਿਣਤੀ ਵਜੋਂ ਅਠਾਰਾਂ ਦੀ ਸਿੱਧੇ ਰੂਪ ਵਿਚ ਵਰਤੋਂ ਨਹੀਂ ਮਿਲਦੀ, ਬਲਕਿ ਦੋ ਸ਼ਬਦ ਇਸਦੇ ਅਰਥ ਵਜੋਂ ਵਰਤੇ ਗਏ ਹਨ। ਇਸਤੋਂ ਇਹ ਸੰਕੇਤ ਵੀ ਮਿਲਦਾ ਹੈ ਕਿ, ਹੋ ਸਕਦਾ ਹੈ ਪਹਿਲਾਂ ਪਹਿਲ ਸੰਖਿਆਵਾਂ ਦੀ ਵਰਤੋਂ ਇਸ ਰੂਪ ਵਿਚ ਕੀਤੀ ਜਾਂਦੀ ਹੋਵੇ।

**ਦੋਇ ਚਾਰਿ, ਦਸ ਪਾਂਚ** ਦੁਹਰੁਕਤੀਯੁਕਤ ਵਿਸ਼ੇਸ਼ਣ ਸਮੇਂ ਦੀ ਅਨਿਸ਼ਚਤ ਤੇ ਸੀਮਤ ਇਕਾਈ ਦਾ ਪ੍ਰਕਾਰਜ ਕਰ ਰਹੇ ਹਨ। ਵਿਹਾਰਕ ਭਾਸ਼ਾ ਵਿਚ ਵੀ ਅਜਿਹੇ ਸ਼ਬਦਾਂ ਦੀ ਦੂਹਰੀ ਵਰਤੋਂ ਸਮੇਂ ਦੀ ਨਿਸ਼ਚਤ ਜਾਣਕਾਰੀ ਨਾ ਹੋਣ ਅਤੇ ਅੰਦਾਜ਼ੇ ਵਜੋਂ ਕਰ ਲਈ ਜਾਂਦੀ ਹੈ।

ਵਰਗਾਰਥੀ ਵਿਸ਼ੇਸ਼ਣਾਂ ਦੇ ਪੂਰੇ ਪੂਰੇ ਵਾਕ ਇਕ ਵਰਗ ਵਾਲੇ ਮਿਲਦੇ ਹਨ। ਇਹ ਵਾਕ ਸਿਰਜਨਾ ਦੀ ਇਕ ਵਿਧੀ ਹੈ, ਬਾਣੀਕਾਰ ਨਿਰਗੁਣ ਪਰਮਾਤਮਾ ਨੂੰ ਸਲਾਹੁਣ ਲਈ ਸ਼ਰਧਾਮਈ ਭਾਵਨਾ ਵਿਚ ਇਕੋ ਵਰਗ ਦੇ ਕਈ ਸ਼ਬਦਾਂ ਦੀ ਇਕੱਠੀ ਵਰਤੋਂ ਕਰਦੇ ਹਨ:

**ਅਗਮ ਅਗੋਚਰ ਬੇਅੰਤ ਅਥਾਹਾ** ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥

(ਮਃ ੫) ਅੰਗ ੯੮

**ਅਗਮ ਅਗੋਚਰ ਅਲਖ ਅਪਾਰਾ** ਚਿੰਤਾ ਕਰਹੁ ਹਮਾਰੀ ॥ (ਮਃ ੧) ਅੰਗ ੧੯੫

ਉਪਰੋਕਤ ਵਾਕਾਂ ਵਿਚ ਦੋ ਤੋਂ ਵਧੇਰੇ 'ਵਰਗਾਰਥਕ' ਵਿਸ਼ੇਸ਼ਣਾਂ ਦੀ ਵਰਤੋਂ ਪਰਮਾਤਮਾ ਦੀਆਂ ਵਿਭਿੰਨ ਗੁਣਾਤਮਕ ਇਕਾਈਆਂ ਨੂੰ ਦਰਸਾ ਰਹੀ ਹੈ। ਇਹਨਾਂ ਦੀ ਇਕੱਠੀ ਵਰਤੋਂ ਵਾਕ ਵਿਚ ਇਕ ਇਕਾਈ ਦਾ ਕਾਰਜ ਕਰਦੀ ਹੈ। ਦੋ ਤੋਂ ਜਿਆਦਾ ਵਾਰ ਵਰਤੋਂ ਵਾਲੇ ਰੂਪ ਦੁਹਰੁਕਤੀਯੁਕਤ ਸ਼੍ਰੇਣੀ ਵਿਚ ਨਹੀਂ ਆਉਂਦੇ। ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ਣ ਦੀ ਸ਼੍ਰੇਣੀ ਵਾਲੇ ਅਜਿਹੇ ਵਾਕ ਵੱਡੀ ਮਾਤਰਾ ਵਿਚ ਮਿਲ ਜਾਂਦੇ ਹਨ। ਕੁਝ ਦੁਹਰੁਕਤੀਯੁਕਤ ਰੂਪ ਵੀ ਅਜਿਹੇ ਹਨ, ਜਿਹੜੇ ਸਥਿਤੀ ਦੀ ਨੇੜਤਾ ਕਾਰਨ ਦੂਹਰੇ ਰੂਪ ਵਿਚ ਹਨ, ਅਰਥ ਵਜੋਂ ਦੋ ਵੱਖਰੇ ਵਾਕੰਸ਼ਾਂ ਦੇ ਕਾਰਜ ਵਾਲੇ ਹਨ:

ਪਹਿਲਾ ਸਚੁ ਹਲਾਲ **ਦੁਇ ਤੀਜਾ** ਖੈਰ ਖੁਦਾਇ ॥ (ਮਃ ੧) ਅੰਗ ੧੪੧

ਪਾਪ ਪੁੰਨ **ਦੁਇ ਏਕ** ਸਮਾਨ ॥ ਕਬੀਰ) ਅੰਗ ੩੨੫

'ਦੁਇ ਤੀਜਾ, ਦੁਇ ਏਕ' ਸਾਧਾਰਨ ਪਾਠਕ ਲਈ ਅਜਿਹੇ ਰੂਪ ਦੁਹਰੁਕਤੀ ਹਨ, ਜਦਕਿ ਅਸਲ ਵਿਚ ਇਹ ਦੁਹਰੁਕਤੀਯੁਕਤ ਬਣਤਰ ਵਾਲੇ ਨਹੀਂ ਹਨ।

**II.iii. ਕਿਰਿਆ:-** ਦੋ ਮਿਲਦੇ ਜੁਲਦੇ ਅਰਥ ਵਾਲੀਆਂ ਕਿਰਿਆਵਾਂ ਨੂੰ ਇਕ ਇਕਾਈ ਵਜੋਂ ਇਕ ਵਾਕੰਸ਼ ਵਿਚ ਵਰਤੋਂ 'ਵਰਗਾਰਥਕ ਕਿਰਿਆ' ਦੁਹਰੁਕਤੀ ਹੈ।

ਮਨਮੁਖ ਮੁਗਧ ਕਰਹਿ ਚਤੁਰਾਈ॥ **ਨਾਤਾ ਧੋਤਾ** ਥਾਇ ਨ ਪਾਈ ॥ (ਮਃ ੧) ਅੰਗ ੯੫੧

ਪੈਰੀ ਚਲੈ ਹਥੀ ਕਰਣਾ ਦਿਤਾ **ਪੈਨੈ ਖਾਇ** ॥ (ਮਃ ੧) ਅੰਗ ੧੩੮

ਹਰਿ **ਵੇਖੈ ਸੁਣੈ** ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ॥ (ਮਃ ੪) ਅੰਗ ੩੦੯

**ਖਾਣਾ ਪੀਣਾ** ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥ (ਮਃ ੧) ਅੰਗ ੪੭੨

ਉਪਰੋਕਤ ਵਾਕਾਂ ਵਿਚ ਵਰਗਾਰਥਕ ਕਿਰਿਆਵਾਂ ਜੀਵ ਦੀਆਂ ਮੂਲ ਕਿਰਿਆਵਾਂ ਹਨ। ਇਹ ਇਕ ਜੁੱਟ/ ਇਕਾਈ ਵਿਚ ਕਾਰਜ ਕਰ ਰਹੀਆਂ ਹਨ। **ਨਾਤਾ ਧੋਤਾ, ਵੇਖੈ ਸੁਣੈ, ਖਾਣਾ ਪੀਣਾ** ਇਕ ਵਰਗ ਦੀਆਂ ਕਿਰਿਆਵਾਂ ਹਨ, **ਪੈਨੈ ਖਾਇ** ਦੋ ਵੱਖ ਵੱਖ ਕਿਰਿਆ ਰੂਪ ਹਨ। ਦੁਹਰੁਕਤੀਯੁਕਤ ਰੂਪ ਵਿਚ ਇਹਨਾਂ ਦੀ ਇਕ ਅਰਥ ਵਜੋਂ ਸਾਂਝ ਮਨੁਖ ਦੀ ਮੁਢਲੀ ਕਿਰਿਆ ਦੇ ਅਰਥ ਵਿਚ ਹੈ।

**II.iv. ਕਿਰਿਆ ਵਿਸ਼ੇਸ਼ਣ:-** ਕਿਰਿਆ ਵਿਸ਼ੇਸ਼ਣ ਦੁਹਰੁਕਤੀ ਦੇ ਰੂਪ ਦੋ ਤਰ੍ਹਾਂ ਦੇ ਮਿਲਦੇ ਹਨ, ਇਕ: ਉਹ ਰੂਪ ਜਿਹੜੇ ਮੂਲ 'ਕਿਰਿਆ ਵਿਸ਼ੇਸ਼ਣ' ਹਨ ਅਤੇ ਦੂਜੇ: ਉਹ ਜਿਹੜੇ ਮੂਲ ਰੂਪ ਵਿਚ 'ਕਿਰਿਆ ਵਿਸ਼ੇਸ਼ਣ' ਸ਼੍ਰੇਣੀ ਦੇ ਸ਼ਬਦ ਨਹੀਂ ਹਨ, ਜਿਵੇਂ: **ਦਿਨਸ ਰੈਣਿ, ਅਨਦਿਨੁ ਨਿਤਿ** । ਇਹ ਮੂਲ ਰੂਪ ਵਿਚ 'ਆਮ ਨਾਂਵ' ਹਨ, ਵਾਕ ਦੀ ਸਥਿਤੀ ਵਿਚ ਕਿਰਿਆ ਨਾਲ ਕਿਰਿਆ ਦੀ 'ਕਾਲ ਵਾਚਕ' ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। **ਭਉਦੇ ਫਿਰਦੇ** ਕਿਰਿਆ ਸ਼੍ਰੇਣੀ ਦੇ ਸ਼ਬਦ ਹੇਠਾਂ ਦਿੱਤੇ ਵਾਕ ਵਿਚ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ। ਮੂਲ ਰੂਪ ਕਿਰਿਆ ਵਿਸ਼ੇਸ਼ਣ **ਸਦਾ ਸਦਾ, ਸਹਿਜ ਸੁਭਾਇ** ਹੈ। ਸਹਿਜ ਸੁਭਾਇ ਵਰਗਾਰਥਕ ਕਿਰਿਆ ਵਿਸ਼ੇਸ਼ਣ ਹੈ, ਦੋਹਾਂ ਦੀ ਇਕਹਿਰੀ ਅਤੇ ਦੁਹਰੁਕਤੀਯੁਕਤ ਰੂਪ ਵਿਚ ਵਰਤੋਂ ਕੀਤੀ ਜਾਂਦੀ ਹੈ। **ਸੁਭਾਵਿਕ** 'ਸਹਿਜ ਸੁਭਾਇ' ਦਾ ਸਮਾਸੀ ਸ਼ਬਦ ਹੈ। ਸੁਭਾਵਿਕ ਸਮਾਸੀ ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ, **ਸਹਿਜ ਸੁਭਾਇ** ਦੁਹਰੁਕਤੀ ਅਤੇ **ਸਹਿਜੇ** ਇਕਹਿਰੇ ਰੂਪ ਦੀ ਵਰਤੋਂ ਮਿਲਦੀ ਹੈ।

**ਸਹਜਿ ਸੁਭਾਇ** ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ ॥ (ਮਃ ੧) ਅੰਗ ੧੫੭

ਅੰਮ੍ਰਿਤੁ ਜਿਨ੍ਹਾ ਚਖਾਇਓਨੁ ਰਸੁ ਆਇਆ **ਸਹਜਿ ਸੁਭਾਇ** ॥ (ਮਃ ੩) ਅੰਗ ੪੨੮

**ਸਹਜੇ** ਗਾਵਿਆ ਥਾਇ ਪਵੈ ਬਿਨੁ ਸਹਜੈ ਕਥਨੀ ਬਾਦਿ ॥ (ਮਃ ੩) ਅੰਗ ੬੮

ਜੋਗੀ ਗਿਰਹੀ ਜਟਾ ਬਿਭੂਤ॥ **ਆਗੈ ਪਾਛੈ** ਰੋਵਹਿ ਪੂਤ॥ (ਮਃ ੧) ਅੰਗ ੯੫੧

**ਸਹਜਿ ਸੁਭਾਇ** ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। ਇਕਹਿਰਾ ਰੂਪ 'ਸਹਜੇ' ਕਿਰਿਆ ਦੀ ਗੁਣਾਤਮਕ ਵਿਸ਼ੇਸ਼ਤਾ ਦਰਸਾਉਂਦਾ ਹੈ। 'ਸਹਿਜ ਸੁਭਾਇ' ਕਿਰਿਆ ਦੀ ਵਿਧੀ ਨੂੰ ਦਰਸਾਉਂਦਾ ਹੈ। 'ਆਗੈ ਪਾਛੈ' ਦਿਸ਼ਾ ਵਾਚਕ ਵਿਰੋਧੀ ਸ਼ਬਦ ਉਪਰੋਕਤ ਵਾਕ ਵਿਚ ਵਿਰੋਧ ਵਜੋਂ ਨਹੀਂ, ਬਲਕਿ ਜੋਗੀ ਦੇ ਜੀਵਨ ਵਿਚਲੀ ਸਥਿਤੀ ਦਾ ਪ੍ਰਕਾਰਜ ਕਰ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਇਕ ਵਰਗ ਵਾਲੇ ਵਾਕ ਮਿਲਦੇ ਹਨ। ਵਾਕਾਂ ਵਿਚ ਵਰਗਾਰਥਕ ਸ਼ਬਦਾਂ ਦੀ ਸਿਰਜਨਾ ਨਿਰੰਤਰ ਇਕ ਲੜੀ ਦੇ ਰੂਪ ਵਿਚ ਹੈ। ਦੋ ਸ਼ਬਦਾਂ ਤੋਂ ਵਧੇਰੇ ਵਰਤੋਂ ਕਾਰਨ ਇਹ ਦੁਹਰੁਕਤੀ ਦੇ ਅੰਤਰਗਤ ਨਹੀਂ ਆਉਂਦੇ।

**ਵਿਸੁਏ ਚਸਿਆ ਘੜੀਆ ਪਹਰਾ ਥਿਤੀ ਵਾਰੀ ਮਾਹੁ** ਹੋਆ॥ ਸੂਰਜੁ ਏਕੋ ਰੁਤਿ ਅਨੇਕ ॥

(ਮਃ ੧) ਅੰਗ ੧੨

ਇਕ ਸੂਰਜ ਤੋਂ ਉਤਪੰਨ ਹੋਣ ਵਾਲੇ ਕਾਲ ਦੀ ਛੋਟੀ ਤੋਂ ਵੱਡੀ ਇਕਾਈ ਦੀ ਕ੍ਰਮਵਾਰ ਸਥਿਤੀ ਦਰਸਾਈ ਹੈ। ਇਹਨਾਂ ਦੀ ਮੂਲ ਇਕਾਈ 'ਸੂਰਜ' ਹੈ। ਇਹ ਇਕ ਸੂਰਜ ਤੋਂ ਉਤਪੰਨ ਹੋਣ ਵਾਲੀਆਂ ਵਿਭਿੰਨ ਇਕਾਈਆਂ ਹਨ। ਇਕੋ ਵਰਗ ਵਿਚ ਨਾਂਵ, ਵਿਸ਼ੇਸ਼ਣ ਤੇ ਕਿਰਿਆ ਦੀ ਵਰਗਗਤ ਸ਼ਬਦਾਵਲੀ ਵੀ ਮਿਲਦੀ ਹੈ।

**ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥**

**ਸਰਮ ਸੁੰਨਤਿ ਸੀਲੁ ਰੋਜਾ** ਹੋਹੁ **ਮੁਸਲਮਾਣੁ**॥ (ਮਃ ੧) ਅੰਗ ੧੪੦

ਉਪਰੋਕਤ ਵਾਕ ਵਿਚਲੇ ਨਾਂਵ ਸ਼ਬਦ 'ਸਰ੍ਹਾਂ' ਦੀ ਸ਼ਬਦਾਵਲੀ ਦੇ ਇਕ ਵਰਗ ਵਜੋਂ ਕਾਰਜਸ਼ੀਲ ਹਨ। ਇਹ 'ਇਸਲਾਮਿਕ ਸਰ੍ਹਾਂ' ਦੀ ਸ਼ਬਦਾਵਲੀ ਦਾ ਉੱਤਮ ਨਮੂਨਾ ਹੈ। ਇਹਨਾਂ ਸਾਰੇ ਰੂਪਾਂ ਦੀ ਸਾਂਝ 'ਸਰ੍ਹਾਂ' ਕਰਕੇ ਹੈ। ਇਕੋ ਵਾਕ ਰਾਹੀਂ ਮੁਸਲਮਾਨ ਹੋਣ ਦੀਆਂ ਨਿਸ਼ਾਨੀਆਂ ਦੱਸੀਆਂ ਹਨ।

**ਮਾਤ ਪਿਤਾ ਸੁਤ ਮੀਤ ਭਾਈ** ਤਿਸੁ ਬਿਨਾ ਨਹੀ ਕੋਇ ॥ (ਮਃ ੫) ਅੰਗ ੫੦੧

**ਮਾਤ ਪਿਤਾ ਸੁਤ ਬੰਧਪ ਭਾਈ** ਜਿਨਿ ਇਹ ਸ੍ਰਿਸਟਿ ਉਪਾਈ ਹੇ ॥ (ਮਃ ੫) ਅੰਗ ੧੦੭੧

**ਮਾਤ ਪਿਤਾ ਸੁਤ ਮੀਤ ਭਾਈ** ਵਿਚ ਸਾਂਝ 'ਰਿਸ਼ਤਾ ਪ੍ਰਣਾਲੀ' ਕਰਕੇ ਹੈ। ਸੋ ਪਰਿਵਾਰਕ ਰਿਸ਼ਤਿਆ ਦਾ ਜ਼ਿਕਰ ਤੇ ਇਹਨਾਂ ਦਾ ਨਿਸ਼ੇਧ ਹੈ। ਤਿਸੁ 'ਪਰਮਾਤਮਾ' ਦਾ ਪੜਨਾਂਵ ਹੈ, 'ਪਰਮਾਤਮਾ' ਤੋਂ ਬਿਨਾਂ ਇਹ ਰਿਸ਼ਤੇ ਸਹਾਇਕ ਨਹੀਂ ਹਨ। ਦੂਜੇ ਵਾਕ ਵਿਚ ਸਾਰੇ ਰਿਸ਼ਤਿਆਂ ਦਾ ਮੂਲ ਪਰਮਾਤਮਾ ਨੂੰ ਦੱਸਿਆ ਹੈ। ਸ੍ਰਿਸਟੀ ਨੂੰ ਪੈਦਾ ਕਰਨ ਵਾਲਾ ਪਰਮਾਤਮਾ ਆਪ ਹੀ 'ਮਾਂ, ਪਿਉ, ਪੁੱਤ, ਸੰਬੰਧੀ ਤੇ ਭਾਈ' ਹੈ।

ਵਰਗਾਰਥਕ ਵਾਕ 'ਕਿਰਿਆ' ਰੂਪ ਵਾਲੇ ਵੀ ਮਿਲਦੇ ਹਨ। ਵਿਆਕਰਨ ਅਨੁਸਾਰ ਇਕ ਸਾਧਾਰਨ ਵਾਕ ਵਿਚ ਇਕ 'ਨਾਂਵ ਵਾਕੰਸ਼' ਅਤੇ ਇਕ 'ਕਿਰਿਆ ਵਾਕੰਸ਼' ਹੁੰਦਾ ਹੈ। 'ਸੰਯੁਕਤ' ਜਾਂ 'ਮਿਸ਼ਰਤ' ਵਾਕਾਂ ਵਿਚ ਕਿਰਿਆ ਦੀ ਗਿਣਤੀ ਇਕ ਤੋਂ ਵੱਧ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਾਧਾਰਨ ਵਾਕ ਇਕ ਤੋਂ ਵਧੇਰੇ ਕਿਰਿਆਵਾਂ ਵਾਲੇ ਹਨ। ਵਿਭਿੰਨ ਕਿਰਿਆ ਰੂਪ ਸਾਧਾਰਨ ਵਾਕ ਦੀ ਸਿਰਜਨਾ ਦਾ ਆਧਾਰ ਹਨ:

**ਖਾਣਾ ਪੀਣਾ ਹਸਣਾ ਸਉਣਾ** ਵਿਸਰਿ ਗਇਆ ਹੈ ਮਰਣਾ ॥ (ਮਃ ੧) ਅੰਗ ੧੨੫੪

**ਆਖਣੁ ਵੇਖਣੁ ਬੋਲਣੁ ਚਲਣੁ ਜੀਵਣੁ ਮਰਣਾ** ਧਾਤੁ ॥ (ਮਃ ੧) ਅੰਗ ੧੪੫

ਮੁਖ ਕਿਰਿਆ ਵਾਲੇ ਰੂਪ ਇਕ ਵਰਗ ਵਿਚ ਵਰਤੇ ਮਿਲਦੇ ਹਨ। ਸੰਚਾਲਕ ਕਿਰਿਆਵਾਂ ਦੀ ਇਕੱਠੀ ਵਰਤੋਂ ਆਮ ਤੌਰ 'ਤੇ ਵਿਰੋਧ ਦੀ ਸਥਿਤੀ ਵਾਲੀ ਹੈ। ਮਨੁਖ ਦੀਆਂ ਮੂਲ ਕਿਰਿਆ ਦੇ ਅਰਥ ਵਜੋਂ ਇਹਨਾਂ ਦੀ ਸਾਂਝ ਬਣਦੀ ਹੈ।

**2.2.III. ਵਿਰੋਧਾਰਥਕ ਦੁਹਰੁਕਤੀ:-** ਇਕਹਿਰਾ ਸ਼ਬਦ ਕਿਸੇ ਸ਼ਬਦ ਦਾ ਵਿਰੋਧੀ ਸ਼ਬਦ ਨਹੀਂ ਹੁੰਦਾ, ਦੁਹਰੁਕਤੀ ਦੇ ਅੰਤਰਗਤ ਵਿਰੋਧ ਦਾ ਸੰਕਲਪ ਉਪਜਦਾ ਹੈ। ਜਿਵੇਂ **ਪਾਪ ਪੁੰਨ** ਦੋਵੇਂ ਵਿਰੋਧੀ ਸ਼ਬਦ ਹਨ, ਪ੍ਰੰਤੂ ਇਕਹਿਰੇ ਰੂਪ ਵਿਚ 'ਪੁੰਨ' ਚੰਗਿਆਈ ਨਾਲ ਸੰਬੰਧਿਤ ਹੈ ਅਤੇ 'ਪਾਪ' ਬੁਰਿਆਈ ਨਾਲ। ਵੇਦ ਅਗਨੀਹੋਤਰੀ ਨੇ ਵਿਰੋਧਾਰਥਕ ਦੁਹਰੁਕਤੀ ਨੂੰ ਪੰਜਾਬੀਆਂ ਦੀ ਮੰਗਲਕਾਮਨਾ ਰੁਚੀ ਦਾ ਪ੍ਰਗਟਾ ਵੀ ਦੱਸਿਆ ਹੈ। "ਵਿਰੋਧਾਰਥੀ ਦੁਹਰਾਉ ਵਿਚ ਮੰਗਲਕਾਰੀ ਦੀ ਰੁਚੀ ਕਾਰਜਸ਼ੀਲ ਹੁੰਦੀ ਹੈ।"[40] ਪੰਜਾਬੀ ਮੰਦਾਰਥੀ ਸ਼ਬਦ ਦੀ ਵਰਤੋਂ ਤੋਂ ਗੁਰੇਜ ਕਰਦੇ ਹੋਏ, ਆਮ ਹੀ ਮੰਦ ਅਰਥੀ ਸ਼ਬਦ ਨਾਲ ਸ਼ੁਭ ਅਰਥੀ ਸ਼ਬਦ ਦੀ ਵਰਤੋਂ ਵੀ ਕਰ ਲੈਂਦੇ ਹਨ। ਜਿਵੇਂ 'ਮਾੜਾ ਮੋਟਾ, ਨਫ਼ਾ ਨੁਕਸਾਨ, ਚੰਗਾ ਮੰਦਾ' ਆਦਿ ਇਸ ਤਰ੍ਹਾਂ ਦੋ ਵਿਰੋਧੀ ਅਰਥ ਵਾਲੇ ਸ਼ਬਦ 'ਸ਼ਬਦ ਜੁੱਟ' ਦੇ ਰੂਪ ਵਿਚ 'ਅਰਥ ਦੀ ਸਮੁੱਚਤਾ' ਦਾ ਪ੍ਰਕਾਰਜ ਕਰਦੇ ਹਨ। ਵਿਰੋਧਾਰਥੀ ਸ਼ਬਦ ਦੀ ਬਣਤਰ ਦੋ ਤਰ੍ਹਾਂ ਦੀ ਹੈ:

1. ਉਹ ਵਿਰੋਧੀ ਸ਼ਬਦ ਜਿਹਨਾਂ ਵਿਚ ਰੂਪ ਦੇ ਆਧਾਰ 'ਤੇ ਕੋਈ ਸਾਂਝ ਨਹੀਂ ਹੁੰਦੀ। ਇਹ ਅਰਥ ਕਰਕੇ ਆਪਸੀ ਵਿਰੋਧ ਸਿਰਜਦੇ ਹਨ: 'ਪਾਪੁ ਪੁੰਨ, ਬੁਰਾ ਭਲਾ, ਨਿਸ ਬਾਸਰ, ਧੂਪ ਛਾਵ'।

2. ਦੂਜੀ ਕਿਸਮ ਦੇ ਉਹ ਸ਼ਬਦ, ਜਿਹੜੇ ਮੂਲ ਰੂਪ ਨਾਲ 'ਅਗੇਤਰ' ਜਾਂ 'ਮੂਲ ਦੇ ਆਪਸੀ ਧੁਨੀ ਪਰਿਵਰਤਨ' ਨਾਲ 'ਵਿਰੋਧਾਰਥਕ' ਸ਼ਬਦਾਂ ਦਾ ਕਾਰਜ ਕਰਦੇ ਹਨ। ਅਗੇਤਰ ਰੂਪੀ ਵਿਰੋਧੀ ਸ਼ਬਦਾਂ ਦਾ ਮੂਲ ਰੂਪ ਸਮਾਨ ਰਹਿੰਦਾ ਹੈ ਅਤੇ 'ਧੁਨੀ ਪਰਿਵਰਤਨ' ਵਿਚ ਕੇਵਲ ਮੁੱਢਲੀ ਧੁਨੀ ਬਦਲਦੀ ਹੈ, ਬਾਕੀ ਰੂਪ ਸਮਾਨ ਰਹਿੰਦਾ ਹੈ। ਸੋ ਇਸ ਕਿਸਮ ਵਿਚ ਦੁਹਰੁਕਤੀਯੁਕਤ ਸ਼ਬਦਾਂ ਦਾ ਧਾਤੂ ਰੂਪ ਸਮਾਨ ਰਹਿੰਦਾ ਹੈ। 'ਗੁਣ ਅਵਗੁਣ, ਪੁਤ ਕਪੁਤ, ਪਾਕੁ ਨਾਪਾਕੁ, ਆਸ ਨਿਰਾਸ' ਆਦਿ ਅਗੇਤਰਯੁਕਤ ਵਿਰੋਧੀ ਸ਼ਬਦ ਹਨ। 'ਸੰਜੋਗੁ ਵਿਜੋਗੁ, ਮਿਤ੍ਰ ਸਤ੍ਰ' ਧੁਨੀ ਪਰਿਵਰਤਨ ਤੋਂ ਬਣੇ ਵਿਰੋਧਾਰਥਕ ਸ਼ਬਦ ਹਨ।

**ਸੁਖ ਦੁਖ** ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥ (ਮਃ ੧) ਅੰਗ ੫੭

[40] ਵੇਦ ਅਗਨੀਹੋਤਰੀ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਜਲੰਧਰ, 2008, ਪੰਨਾ 33.

**ਸੁਖ ਦੁਖ** ਸਮ ਕਰਿ ਨਾਮੁ ਨ ਛੋਡਉ ਆਪੇ ਬਖਸਿ ਮਿਲਾਵਣਹਾਰਾ ॥

(ਮਃ ੧) ਅੰਗ ੪੧੬

**ਅਪਵਿਤ੍ਰ ਪਵਿਤ੍ਰ** ਜਿਨਿ ਤੂ ਕਰਿਆ ॥ (ਮਃ ੫) ਅੰਗ ੯੧੩

**ਗੁਣੁ ਅਵਗੁਣੁ** ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥

(ਮਃ ੫) ਅੰਗ ੫੭੭

**'ਸੁਖ ਦੁਖ, ਸੰਜੋਗੁ ਵਿਜੋਗੁ, ਮਿਤ੍ਰ ਸਤ੍ਰ, ਗੁਣ ਅਵਗੁਣ'** ਸਮਰੂਪਕ ਵਿਰੋਧੀ ਸ਼ਬਦ ਹਨ। **'ਸੁਖ ਦੁਖ, ਸੰਜੋਗੁ ਵਿਜੋਗੁ, ਮਿਤ੍ਰ ਸਤ੍ਰ'** ਵਿਚ 'ਧੁਨੀ ਪਰਿਵਰਤਨ' ਵਿਰੋਧ ਦਾ ਕਾਰਨ ਹੈ। **ਪਾਕੁ ਨਾਪਾਕੁ, ਅਪਵਿਤ੍ਰ ਪਵਿਤ੍ਰ** ਵਿਚ 'ਅਗੇਤਰ' ਵਿਰੋਧ ਦਾ ਕਾਰਜ ਕਰ ਰਿਹਾ ਹੈ। ਜਿਥੇ 'ਵਿਰੋਧਤਾ' ਹੋਵੇਗੀ, ਉਥੇ ਹੀ ਦੋਹਾਂ ਦੀ 'ਸਮਾਨਤਾ' ਦਾ ਸੰਦੇਸ਼ ਦਿੱਤਾ ਜਾਂਦਾ ਹੈ। ਇਥੇ ਗੁਰਬਾਣੀ 'ਸੁਖ ਦੁਖ' ਨੂੰ ਇਕ ਸਮਾਨ ਸਮਝਣ ਦਾ ਸੰਦੇਸ਼ ਦੇ ਰਹੀ ਹੈ। **ਗੁਣੁ ਅਵਗੁਣੁ** ਵਿਚ ਵਿਰੋਧੀ ਸ਼ਬਦ 'ਮਾੜੇ ਚੰਗੇ' ਦੋਹਾਂ ਪੱਖਾਂ ਦੀ ਸਮੁਚਤਾ ਦਾ ਕਾਰਜ ਕਰ ਰਿਹਾ ਹੈ। **ਅਪਵਿਤ੍ਰ ਪਵਿਤ੍ਰ** ਵਿਚ ਅਪਵਿਤ੍ਰ ਤੋਂ ਪਵਿਤ੍ਰ 'ਨੀਚ ਤੋਂ ਊਚ' ਦੀ ਸਥਿਤੀ ਹੈ।

**III.i ਨਾਂਵ:-** ਨਾਂਵ ਸ਼ਬਦ ਸ਼੍ਰੇਣੀ ਦੇ ਵਿਰੋਧਾਰਥਕ ਸ਼ਬਦ ਬਾਕੀ ਦੀਆਂ ਵਿਰੋਧੀ ਸ਼ਬਦ ਸ਼੍ਰੇਣੀਆਂ ਤੋਂ ਵੱਧ ਮਾਤਰਾ ਵਿਚ ਮਿਲਦੇ ਹਨ। ਵਿਰੋਧਾਰਥਕ ਸ਼ਬਦਾਂ ਦੀ ਰੂਪਾਤਮਕ ਭਿੰਨਤਾ ਤੋਂ ਇਲਾਵਾ ਇਸਦੀ ਵਰਤੋਂ ਵਿਧੀ ਦਾ ਪ੍ਰਕਾਰਜ ਵੀ ਦੂਹਰਾ ਬਣਦਾ ਹੈ, ਦੋ ਵਿਰੋਧੀ ਸ਼ਬਦਾਂ ਦੀ ਸਮਦ੍ਰਿਸਟ/ ਸਮਾਨਤਾ ਵਜੋਂ ਵਰਤੋਂ ਅਤੇ ਵਿਰੋਧ ਦੀ ਸਮੁਚੀ ਇਕਾਈ ਜਾਂ ਵਿਰੋਧ ਦੇ ਖ਼ਾਤਮੇ ਵਜੋਂ ਵਰਤੋਂ:

ਦੋ ਵਿਰੋਧੀ ਸ਼ਬਦਾਂ ਦੀ ਸਮਦ੍ਰਿਸਟਕ ਵਰਤੋਂ ਆਮ ਤੌਰ 'ਤੇ ਨਾਂਵ ਸ਼ਬਦ ਸ਼੍ਰੇਣੀ ਵਿਚ ਕੀਤੀ ਮਿਲਦੀ ਹੈ।

**ਸੁਖ ਦੁਖ** ਸਮ ਕਰਿ ਜਾਣੀਅਹਿ ਸਬਦਿ ਭੇਦਿ ਸੁਖੁ ਹੋਇ ॥ (ਮਃ ੧) ਅੰਗ ੫੭

**ਮਿਤ੍ਰ ਸਤ੍ਰ** ਜਾ ਕੈ ਏਕ ਸਮਾਨੈ ॥ (ਮਃ ੫) ਅੰਗ ੩੯੨

**ਬੁਰਾ ਭਲਾ** ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥

(ਮ: ੧) ਅੰਗ ੪੩੨

**ਧੂਪ ਛਾਵ** ਜੇ ਸਮ ਕਰਿ ਜਾਣੈ॥ ਬੰਧਨ ਕਾਟਿ ਮੁਕਤਿ ਘਰਿ ਆਣੈ ॥

(ਮ: ੧) ਅੰਗ ੯੩੨

ਉਪਰੋਕਤ ਵਾਕਾਂ ਵਿਚ 'ਸਮ' ਸ਼ਬਦ ਦੋ ਵਿਰੋਧੀ ਸ਼ਬਦਾਂ ਨੂੰ ਸਮਦ੍ਰਿਸਟੀ ਵਜੋਂ ਅਰਥ ਦੇ ਰਿਹਾ ਹੈ। ਦੋ ਸ਼ਬਦਾਂ ਦੀ ਸਮਾਨਤਾ ਦਾ ਜ਼ਿਕਰ ਉੱਥੇ ਹੋਵੇਗਾ, ਜਿੱਥੇ ਵਿਰੋਧ ਹੋਵੇਗਾ। ਵਿਰੋਧਾਰਥਕ ਸ਼ਬਦ ਦੀ ਬਿਰਤੀ ਅਜਿਹੀ ਹੈ, ਕਿ ਦੁਹਰਾਉਗਤ ਰੂਪ ਵਿਚ ਹੀ ਉਹ ਵਿਰੋਧਾਰਥਕ ਕਹਾਉਂਦਾ ਹੈ, ਇਕਹਿਰੇ ਰੂਪ ਵਿਚ ਉਹ ਵਿਰੋਧੀ ਨਹੀਂ ਰਹਿੰਦਾ ਅਤੇ ਵਾਕ ਦਾ ਭਾਵ/ ਅਰਥ ਸੰਚਾਰਤ ਨਹੀਂ ਹੁੰਦਾ । 'ਸੁਖ ਦੁਖ, ਮਿਤ੍ਰ ਸਤ੍ਰ, ਬੁਰਾ ਭਲਾ, ਧੂਪ ਛਾਵ' ਆਦਿ ਦੁਹਰੁਕਤੀਯੁਕਤ ਸ਼ਬਦਾਂ ਦੀ ਇਕਹਿਰੀ ਵਰਤੋਂ ਵਾਕ ਨੂੰ ਅਰਥਹੀਨ ਬਣਾ ਦਿੰਦੀ ਹੈ। ਇਕਹਿਰਾ ਸ਼ਬਦ ਵਿਰੋਧੀ/ ਵਿਰੋਧ ਦਾ ਖ਼ਾਤਮਾ ਜਾਂ ਤੁਲਨਾਤਮਕ ਪ੍ਰਕਾਰਜ ਨਹੀਂ ਕਰਦਾ। ਸੋ ਵਿਰੋਧ ਦਾ ਆਧਾਰ 'ਦੁਹਰੁਕਤੀ' ਹੈ। ਸਮਾਨਤਾ ਜਾਂ ਤੁਲਨਾਤਮਕ ਅਰਥ ਦੇ ਪ੍ਰਕਾਰਜ ਵਾਲੇ ਵਾਕ ਹਮੇਸ਼ਾ ਦੁਹਰੁਕਤੀਯੁਕਤ ਬਣਤਰ ਵਿਚ ਹੀ ਪ੍ਰਕਾਰਜਸ਼ੀਲ ਹੁੰਦੇ ਹਨ।

ਦੋ ਸ਼ਬਦ ਆਪਸੀ ਵਿਰੋਧ ਵਿਚ ਅਰਥ ਦੀ 'ਸਮੁਚਤਾ' ਨੂੰ ਪ੍ਰਗਟਾਉਂਦੇ ਹਨ। ਇਕਹਿਰੇ ਰੂਪ ਵਿਚ ਇਹ ਸਾਧਾਰਨ ਵਾਕ ਦੀ ਸਿਰਜਨਾ ਦੇ ਸਮਰੱਥ ਹਨ। ਇਹ ਆਪਸੀ ਅਰਥ ਵਿਸਥਾਰ ਦੇ ਆਧਾਰ ਵਜੋਂ ਕਾਰਜਸ਼ੀਲ ਹੁੰਦੇ ਹਨ ਅਤੇ ਦੋਹਾਂ ਪੱਖਾਂ ਦੀ ਸਮੁਚਤਾ ਦਾ ਕਾਰਜ ਇਕ ਇਕਾਈ ਵਜੋਂ ਕਰਦੇ ਹਨ:

ਹੋਇ ਕਿਰਸਾਣੁ ਈਮਾਨੁ ਜੰਮਾਇ ਲੈ **ਭਿਸਤੁ ਦੋਜਕੁ** ਮੂੜੇ ਏਵ ਜਾਣੀ ॥ (ਮ: ੧) ਅੰਗ ੨੪

ਤੂੰ ਆਪੇ **ਦੁਖੁ ਸੁਖੁ** ਦੇਵਹਿ ਕਰਤੇ ਗੁਰਮੁਖਿ ਹਰਿ ਦੇਖਾਵਣਿਆ ॥ (ਮ: ੩) ਅੰਗ ੧੨੫

**ਹਰਖੁ ਸੋਗੁ** ਸਭੁ ਮੋਹੁ ਗਵਾਇਆ ॥ (ਮ: ੩) ਅੰਗ ੧੨੨

**ਬੁਰਾ ਭਲਾ** ਨਹੀ ਸੁਝੀ ਹੇ ॥ (ਮ: ੫) ਅੰਗ ੨੧੩

ਉਪਰੋਕਤ ਵਾਕਾਂ ਵਿਚ ਵਿਰੋਧਾਰਥਕ ਸ਼ਬਦ **ਭਿਸਤੁ ਦੋਜਕੁ** ਅਤੇ **ਸੁਖੁ ਦੁਖੁ** ਵਿਰੋਧ ਦੀ ਸਥਿਤੀ ਵਿਚ ਨਹੀਂ, ਸਗੋਂ ਦੋਹਾਂ ਸ਼ਬਦਾਂ ਦੀ ਸਮੁਚੀ ਅਰਥਗਤ ਇਕਾਈ ਵਜੋਂ ਕਾਰਜਸ਼ੀਲ ਹਨ। **ਹਰਖੁ ਸੋਗੁ, ਬੁਰਾ ਭਲਾ** ਵਿਰੋਧਾਰਥਕ ਸ਼ਬਦ 'ਵਿਰੋਧ' ਸਿਰਜਨਾ ਵਾਲੇ ਨਹੀਂ, ਬਲਕਿ 'ਵਿਰੋਧ ਦੇ ਖ਼ਾਤਮੇ' ਦੀ ਸਥਿਤੀ ਵਿਚ ਹਨ। ਸੋ ਵਿਰੋਧ ਦੀਆਂ ਅਜਿਹੀਆਂ ਉਦਾਹਰਨਾਂ ਤੋਂ ਸਪੱਸ਼ਟ ਹੈ, ਕਿ ਦੋ ਵਿਰੋਧੀ ਸ਼ਬਦ ਹਮੇਸ਼ਾ 'ਵਿਰੋਧ' ਦਾ ਕਾਰਜ ਹੀ ਨਹੀਂ ਕਰਦੇ, ਵਾਕ ਦੇ ਪ੍ਰਸੰਗ ਵਿਚ ਇਹ ਵਿਭਿੰਨ ਅਰਥਗਤ ਇਕਾਈਆਂ ਦਾ ਪ੍ਰਕਾਰਜ ਕਰਦੇ ਹਨ।

**III.ii. ਪੜਨਾਂਵ:-** ਵਿਰੋਧਾਰਥਕ ਪੜਨਾਂਵ ਦੁਹਰੁਕਤੀ ਵਿਚ ਪੁਰਖ ਵਾਚਕ ਪੜਨਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾ ਪੁਰਖ ਅਤੇ ਦੂਜਾ ਪੁਰਖ ਦੇ ਸੰਬੰਧਸੂਚਕ ਪੜਨਾਂਵ ਆਪਸੀ ਵਿਰੋਧ ਦੀ ਸਥਿਤੀ ਵਿਚ ਹਨ। ਸਤਹੀ ਪੱਧਰ 'ਤੇ ਅਰਥਪੱਖ/ ਵਿਆਕਰਨ ਦੇ ਪੱਖ ਤੋਂ ਇਹ ਵਿਰੋਧਾਰਥਕ ਪ੍ਰਕਾਰਜ ਕਰਦੇ ਹਨ, ਜਦਕਿ ਦਾਰਸ਼ਨਿਕ ਸੰਦਰਭ ਵਿਚ ਭਾਵ ਵਾਚਕ ਨਾਂਵ ਦਾ ਪ੍ਰਕਾਰਜ ਕਰਦੇ ਹਨ:

**ਮੇਰਾ ਤੇਰਾ** ਛੋਡੀਐ ਭਾਈ ਹੋਈਐ ਸਭ ਕੀ ਧੂਰਿ ॥ (ਮਃ ੫) ਅੰਗ ੬੪੦

ਦੀਬਾਨੁ ਏਕੋ ਕਲਮ ਏਕਾ **ਹਮਾ ਤੁਮ੍ਹਾ** ਮੇਲੁ ॥ (ਮਃ ੧) ਅੰਗ ੪੭੩

**ਮੇਰਾ ਤੇਰਾ** ਪਹਿਲਾ ਪੁਰਖ ਅਤੇ ਦੂਜਾ ਪੁਰਖ ਦੇ 'ਸੰਬੰਧਸੂਚਕੀ' ਰੂਪ ਵਿਰੋਧ ਦੇ ਖ਼ਾਤਮੇ ਦੀ ਸਥਿਤੀ ਵਿਚ ਕਾਰਜਸ਼ੀਲ ਹਨ। ਵਿਰੋਧ ਦਾ ਖ਼ਾਤਮਾ 'ਕਿਰਿਆ' ਰਾਹੀਂ ਸਿਰਜਤ ਹੁੰਦਾ ਹੈ, ਕਿਰਿਆ ਇਹਨਾਂ ਦੀ ਦ੍ਵੈਤ ਵਾਲੀ ਸਥਿਤੀ ਦਾ ਖ਼ਾਤਮਾ ਦਰਸਾਉਂਦੀ ਹੈ। ਦੂਜੇ ਵਾਕ ਵਿਚ ਵੀ ਪਹਿਲਾ ਪੁਰਖ ਤੇ ਦੂਜੇ ਪੁਰਖ (ਪਰਮਾਤਮਾ) ਨਾਲ ਮੇਲ ਕਾਰਨ ਦ੍ਵੈਤ ਵਾਲੀ ਸਥਿਤੀ 'ਅਦ੍ਵੈਤ' ਵਿਚ ਤਬਦੀਲ ਹੁੰਦੀ ਹੈ। ਦੂਹਰੇ ਵਿਰੋਧਾਰਥਕ ਪੜਨਾਂਵਾਂ ਵਿਚ ਇਸਦੀ ਕਾਰਜੀ ਸਥਿਤੀ ਅਦ੍ਵੈਤ ਵਾਲੀ ਹੈ। ਉਪਰ ਦਿੱਤੇ ਵਾਕਾਂ ਵਿਚ ਵਿਰੋਧ ਦਾ ਖ਼ਾਤਮਾ ਕਿਰਿਆ ਰਾਹੀਂ ਹੋ ਰਿਹਾ ਹੈ, ਪ੍ਰੰਤੂ ਹੇਠਾਂ ਦਿੱਤੇ ਵਾਕਾਂ ਦੀ ਵਾਕਾਤਮਕ ਸਥਿਤੀ ਵੱਖਰੀ ਹੈ:

ਸਭੁ ਕੋ ਤੇਰਾ ਤੂ ਸਭਨਾ ਕਾ **ਹਉ ਤੇਰਾ ਤੂ ਹਮਾਰਾ** ॥ (ਮਃ ੩) ਅੰਗ ੭੬੮

**ਹਮ ਥਾਰੇ** ਤ੍ਰਿਭਵਣ ਜਗੁ ਤੁਮਰਾ **ਤੂ ਮੇਰਾ ਹਉ ਤੇਰਾ** ॥ (ਮਃ ੧) ਅੰਗ ੧੨੫੫

**ਹਉ ਤੇਰਾ, ਤੂ ਹਮਾਰਾ, ਹਮ ਥਾਰੇ, ਤੂ ਮੇਰਾ, ਹਉ ਤੇਰਾ,** ਦੁਹਰੁਕਤੀਯੁਕਤ 'ਵਿਰੋਧੀ ਪੜਨਾਂਵ' ਵਿਰੋਧ ਦੇ ਖ਼ਾਤਮੇ ਵਾਲੇ ਹਨ। ਇਹ ਕਿਰਿਆ ਦੀ ਵਰਤੋਂ ਤੋਂ ਬਿਨਾਂ ਆਤਮਾ ਪਰਮਾਤਮਾ ਦੀ ਇਕ ਇਕਾਈ ਵਜੋਂ ਕਾਰਜ ਕਰ ਰਹੇ ਹਨ। ਵਾਕ ਬਣਤਰ ਵਿਚ 'ਵਾਕੰਸ਼' ਇਕਾਈ ਦੇ ਰੂਪ ਵਿਚ ਕਾਰਜ ਪੱਖ ਤੋਂ ਸਾਧਾਰਨ ਵਾਕ ਦੀ ਇਕਾਈ ਵਜੋਂ ਕਾਰਜਸ਼ੀਲ ਹਨ। ਹਉ ਤੇਰਾ 'ਮੈਂ ਤੇਰਾ ਹਾਂ' (ਸਾਧਾਰਨ ਵਾਕ), ਤੂ ਹਮਾਰਾ 'ਤੂ ਮੇਰਾ ਹੈ' (ਸਾਧਾਰਨ ਵਾਕ), ਦੋਵੇਂ ਵਾਕੰਸ਼ ਅੰਤਰ ਸੰਬੰਧਿਤ ਹਨ।

**III.iii. ਵਿਸ਼ੇਸ਼ਣ:-** ਵਿਰੋਧਾਰਥਕ ਵਿਸ਼ੇਸ਼ਣ ਦੁਹਰੁਕਤੀ ਮੂਲ ਰੂਪ ਵਿਚ ਮਨੁੱਖ ਦੀ ਮੰਗਲਮਈ ਰੁਚੀ ਦੇ ਪ੍ਰਗਟਾ ਵਾਲੀ ਹੈ। ਅਰਥ ਪੱਖ ਤੋਂ ਇਹ ਆਪਸੀ ਵਿਰੋਧ ਦਰਸਾਉਂਦੇ ਹੋਏ ਚੰਗੇ ਦੇ ਨਾਲ ਨਾਲ ਮਾੜੇ ਗੁਣਾਂ ਤੋਂ ਵੀ ਜਾਣੂ ਕਰਵਾ ਦਿੰਦੇ ਹਨ:

**ਖੋਟੇ ਖਰੇ** ਤੁਧੁ ਆਪਿ ਉਪਾਏ ॥ (ਮਃ ੩) ਅੰਗ ੧੧੯

**ਮੰਦਾ ਚੰਗਾ** ਆਪਣਾ ਆਪੇ ਹੀ ਕੀਤਾ ਪਾਵਣਾ ॥ (ਮਃ ੧) ਅੰਗ ੪੭੦

**ਬੁਰੇ ਭਲੇ** ਹਮ ਥਾਰੇ ॥ (ਮਃ ੫) ਅੰਗ ੬੩੧ ਅਰਥ ਸਮਚਤਾ

**ਮੈਲੇ ਹਛੇ** ਕਾ ਵੀਚਾਰੁ ਆਪਿ ਵਰਤਾਇਸੀ ॥ (ਮਃ ੧) ਅੰਗ ੭੩੦

**ਨਿਰਗੁਣੁ ਸਰਗੁਣੁ** ਆਪੇ ਸੋਈ ॥ (ਮਃ ੩) ਅੰਗ ੧੨੮

ਵਿਰੋਧੀ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਅਰਥ ਪੱਖ ਤੋਂ ਗੁਣਾਤਮਕ ਵਿਰੋਧ ਵਾਲੇ ਹਨ, ਕਾਰਜ ਪੱਖ ਤੋਂ ਸਮੁਚਤਾ ਦਾ ਕਾਰਜ ਕਰ ਰਹੇ ਹਨ। ਚੰਗਾ ਮਾੜਾ ਸਾਰਾ ਕੁਝ ਪਰਮਾਤਮਾ ਦਾ ਕੀਤਾ ਹੋ ਰਿਹਾ ਹੈ। ਸ਼ੁਭਾਰਥ ਅਤੇ ਮੰਦਾਰਥ ਇਕ ਹੁਕਮ ਵਿਚ ਸਮਾਉਂਦੇ ਹਨ। 'ਨਿਰਗੁਣ ਸਰਗੁਣ' ਵਿਰੋਧੀ ਵਿਸ਼ੇਸ਼ਣ ਪਰਮਾਤਮਾ ਦੇ ਸਰੂਪ ਦੇ ਦੋਹਾਂ ਪੱਖਾਂ ਨੂੰ ਪ੍ਰਗਟਾਉਂਦੇ ਹੋਏ, ਦੋਹਾਂ ਪੱਖਾਂ ਦਾ ਸਮੂਹਿਕ ਪ੍ਰਗਟਾ ਕਰਦੇ ਹਨ।

**ਅੰਤਰਿ ਬਾਹਰਿ** ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥ (ਮਃ ੫) ਅੰਗ ੮੦

**ਬਾਹਰਿ ਭੀਤਰਿ** ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥ (ਮਃ ੯) ਅੰਗ ੬੮੪

**ਅੰਤਰਿ ਬਾਹਰਿ** ਅਤੇ **ਬਾਹਰਿ ਭੀਤਰਿ** ਦੋਹਾਂ ਸ਼ਬਦਾਂ ਦਾ ਪ੍ਰਕਾਰਜ ਸਮਾਨ ਹੈ। **ਅੰਤਰਿ ਬਾਹਰਿ, ਬਾਹਰਿ ਭੀਤਰਿ** ਵਿਰੋਧੀ ਸ਼ਬਦ ਹਨ, ਦੁਹਰੁਕਤੀਯੁਕਤ ਰੂਪ ਵਿਚ ਪਰਮਾਤਮਾ ਦੀ ਸਰਵ ਵਿਆਪਕਤਾ (ਅੰਤਰਿ ਬਾਹਰਿ, ਬਾਹਰਿ ਭੀਤਰਿ) 'ਭਾਵ ਹਰ ਥਾਂ'[41] ਵਜੋਂ 'ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ।

**ਪਤਿਤ ਪਾਵਨ** ਦੁਹਰੁਕਤੀ ਦਾਰਸ਼ਨਿਕ ਪ੍ਰਸੰਗ ਵਿਚ 'ਨੀਚ ਤੋਂ ਊਚ' ਦੇ ਅਰਥ ਗੁਣਾਤਮਕ ਪਰਿਵਰਤਨ ਵਜੋਂ 'ਅਰਥ ਉਤਕਰਸ਼' ਦਾ ਕਾਰਜ ਕਰਦੀ ਹੈ:

**ਪਤਿਤ ਪਾਵਨ** ਪ੍ਰਭ ਨਾਮ ਤੁਮਾਰੇ ॥ (ਮਃ ੫) ਅੰਗ ੨੪੧

ਹਰਿ ਕੈ ਮਾਰਗਿ **ਪਤਿਤ ਪੁਨੀਤ** ॥ (ਮਃ ੫) ਅੰਗ ੧੮੮

ਉਪਰੋਕਤ ਵਾਕ ਵਿਚ 'ਪਤਿਤ ਪਾਵਨ' ਦੁਹਰੁਕਤੀ ਵਿਚ 'ਸੰਬੰਧਕ' ਅਪ੍ਰਤੱਖ ਰੂਪ ਵਿਚ ਕਾਰਜਸ਼ੀਲ ਹੈ। ਹਰੀ ਪ੍ਰਭੂ/ ਪ੍ਰਭੂ ਦਾ ਨਾਮ ਮਨੁੱਖ ਨੂੰ ਪਤਿਤ ਤੋਂ ਪਾਵਨ ਕਰਦਾ ਹੈ, ਭਾਵ ਨੀਵੀਂ ਤੋਂ ਉੱਚੀ ਅਵਸਥਾ ਵੱਲ ਲੈ ਕੇ ਜਾਂਦਾ ਹੈ। ਅਜਿਹੇ ਸੰਦਰਭ ਵਿਚ ਕਿਸੇ ਇਕ ਸਬਦ ਦੀ ਵਰਤੋਂ ਨਾਲ ਅਰਥ ਅਤੇ ਪ੍ਰਕਾਰਜ ਸਪੱਸ਼ਟ ਨਹੀਂ ਹੁੰਦਾ, ਵਾਕ ਅਰਥਹੀਣ ਹੋ ਜਾਂਦਾ ਹੈ।

**III.iv. ਕਿਰਿਆ:-** ਵਿਰੋਧਾਰਥਕ ਕਿਰਿਆ ਸਮੂਹਿਕ ਰੂਪ ਵਿਚ ਕਾਰਜਸ਼ੀਲ ਹੁੰਦੀ ਹੈ। ਮੁਖ ਰੂਪ ਵਿਚ ਕਿਰਿਆ ਦੇ ਦੋ ਰੂਪ: 'ਉਪਜਣਾ ਅਤੇ ਬਿਨਸਣਾ' ਦੇ ਅੰਤਰਗਤ ਹੀ ਸਾਰੀਆਂ ਕਿਰਿਆਵਾਂ ਆ ਜਾਂਦੀਆਂ ਹਨ।

ਹੁਕਮੀ ਭਾਂਡੇ ਸਾਜਿਆ ਤੂੰ ਆਪੇ **ਭੰਨਿ ਸਵਾਰਿ** ਜੀਉ ॥ (ਮਃ ੧) ਅੰਗ ੭੩

ਕਾਚੀ ਗਾਗਰਿ ਦੇਹ ਦੁਹੇਲੀ **ਉਪਜੈ ਬਿਨਸੈ** ਦੁਖੁ ਪਾਈ ॥ (ਮਃ ੧) ਅੰਗ ੩੫੫

ਰਾਜੇ ਰਾਇ ਰੰਕ ਨਹੀ ਰਹਣਾ **ਆਇ ਜਾਇ** ਜੁਗ ਚਾਰੇ ॥ (ਮਃ ੧) ਅੰਗ ੯੩੧

**ਓਪਤਿ ਪਰਲਉ** ਪ੍ਰਭ ਤੇ ਹੋਵੈ ਇਹ ਬੀਚਾਰੀ ਹਰਿ ਜਨੀ ॥ (ਮਃ ੫) ਅੰਗ ੧੧੯੬

---

41 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1961, ਪੰਨਾ 514.

ਗੁਰੂ ਗ੍ਰੰਥ ਸਾਹਿਬ ਵਿਚ ਮੁਖ ਰੂਪ ਵਿਚ ਉਪਰੋਕਤ ਵਿਰੋਧੀ ਕਿਰਿਆਵਾਂ ਦੀ ਵਰਤੋਂ ਮਿਲਦੀ ਹੈ। ਵਾਕ ਬਣਤਰ ਵਿਚ ਇਹਨਾਂ ਦੇ ਰੂਪ ਵਿਚ ਪਰਿਵਰਤਨ ਕਾਰਨ ਮੂਲ ਕਿਰਿਆਵਾਂ ਦੇ ਵਿਭਿੰਨ ਰੂਪ ਵਰਤੇ ਮਿਲਦੇ ਹਨ। ਦੂਹਰੀ ਵਿਰੋਧਾਰਥਕ ਕਿਰਿਆ ਜੀਵ ਦੇ ਕੇਵਲ 'ਉਪਜਣ' ਦਾ ਅਰਥ ਨਹੀਂ ਦਿੰਦੀ, ਇਸਦੇ ਨਾਲ ਉਸਦੇ 'ਬਿਨਸਣ' ਦਾ ਅਰਥ ਵੀ ਹੈ। ਇਹ ਸਿਰਜੀ ਗਈ ਵਸਤ ਦੀ ਮੂਲ ਸਚਾਈ ਨੂੰ ਪੇਸ਼ ਕਰਦੀ ਹੈ। ਬ੍ਰਹਿਮੰਡ ਵਿਚ ਜਿਸ ਦੀ ਸਿਰਜਨਾ ਹੋਈ ਹੈ, ਉਸਦਾ ਬਿਨਸਣਾ ਲਾਜ਼ਮੀ ਹੈ।

**III.iv. ਕਿਰਿਆ ਵਿਸ਼ੇਸ਼ਣ:-** ਵਿਰੋਧਾਰਥਕ ਕਿਰਿਆ ਵਿਸ਼ੇਸ਼ਣਾਂ ਦੀ ਵਰਤੋਂ ਬਹੁਤ ਸੀਮਿਤ ਰੂਪ ਵਿਚ ਮਿਲਦੀ ਹੈ। ਮੂਲ ਰੂਪ 'ਨਾਂਵ' ਅਤੇ 'ਕਿਰਿਆ' ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਵਾਕ ਦੇ ਅੰਤਰਗਤ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ:

ਸਭਨਾ ਵਿਚਿ ਤੂ ਵਰਤਦਾ ਸਾਹਾ ਸਭਿ ਤੁਝਹਿ ਧਿਆਵਹਿ **ਦਿਨੁ ਰਾਤਿ** ॥

(ਮਃ ੪) ਅੰਗ ੬੭੦

ਨਾਮੁ ਤੇਰਾ ਜਪੀ **ਦਿਨੁ ਰਾਤਿ** ॥ (ਮਃ ੫) ਅੰਗ ੭੪੦

**ਆਦਿ ਅੰਤਿ** ਪ੍ਰਭੁ ਸਦਾ ਸਹਾਈ ਧੰਨੁ ਹਮਾਰਾ ਮੀਤੁ ॥ (ਮਃ ੫) ਅੰਗ ੬੮੨

**ਦਿਨੁ ਰਾਤਿ** ਮੂਲ ਰੂਪ ਵਿਚ 'ਨਾਂਵ' ਹਨ, ਦੁਹਰੁਕਤੀਯੁਕਤ ਰੂਪ ਵਿਚ ਇਹ 'ਹਮੇਸ਼ਾ/ ਸਦਾ' ਦੇ ਅਰਥਾਂ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਕਿਰਿਆ ਨਾਲ ਇਹ ਕਿਰਿਆ ਦੀ 'ਕਾਲ ਵਾਚਕ' ਵਿਸ਼ੇਸ਼ਤਾ ਦਰਸਾਉਂਦਾ ਹੈ, ਪ੍ਰੰਤੂ ਅਰਥ ਵਜੋਂ ਇਹ ਵਿਰੋਧੀ ਹਨ। ਵਾਕ ਦੇ ਸੰਦਰਭ ਵਿਚ ਇਸਦਾ 'ਕਾਰਜ' ਅਰਥ ਅਤੇ ਸ਼੍ਰੇਣੀ ਤੋਂ ਨਿਰੋਲ ਵੱਖਰਾ ਹੈ। **ਆਦਿ ਅੰਤਿ** ਵਿਰੋਧੀ ਸ਼ਬਦ ਸਮੁੱਚੇ ਸਮੇਂ ਦਾ ਵਰਨਣ ਇਕ ਇਕਾਈ ਦੇ ਰੂਪ ਵਿਚ ਕਿਰਿਆ ਵਿਸ਼ੇਸ਼ਣ ਵਜੋਂ ਕਰ ਰਹੇ ਹਨ।

## ਅ. ਅਪੂਰਨ ਦੁਹਰੁਕਤੀ

ਉਹ ਸ਼ਬਦ ਜਿਹੜੇ ਇਕਹਿਰੇ ਤੌਰ 'ਤੇ ਵਿਚਰਨ ਦੇ ਸਮਰੱਥ ਨਹੀਂ ਹੁੰਦੇ, ਦੂਹਰ ਦੇ ਰੂਪ ਵਿਚ ਮੂਲ ਸ਼ਬਦ ਨਾਲ ਮਿਲਕੇ 'ਅਰਥ ਗ੍ਰਹਿਣ' ਅਤੇ 'ਅਰਥ ਵਿਸਥਾਰ' ਕਰਦੇ ਹਨ। ਇਸ ਦਾ ਇਕ ਸ਼ਬਦ ਪੂਰਨ ਅਤੇ

ਦੂਜਾ ਸ਼ਬਦ ਅਪੂਰਨ/ ਨਿਰਾਰਥਕ ਹੁੰਦਾ ਹੈ, ਜਾਂ ਕੁਝ ਹਾਲਤਾਂ ਵਿਚ ਦੋਵੇਂ ਸ਼ਬਦ ਨਿਰਾਰਥਕ ਹੁੰਦੇ ਹਨ। ਨਿਰਾਰਥਕ ਸ਼ਬਦ ਇਕਹਿਰੇ ਰੂਪ ਵਿਚ ਵਿਚਰਨ ਦੇ ਸਮਰੱਥ ਨਹੀਂ ਹੁੰਦੇ, ਸਾਰਥਕ ਸ਼ਬਦ ਨਾਲ ਮਿਲਕੇ ਮੂਲ ਅਰਥ ਵਿਚ ਵਿਸਥਾਰ ਕਰਦੇ ਹਨ। ਦੋਵੇਂ ਨਿਰਾਰਥਕ ਸ਼ਬਦ ਦੂਹਰੇ ਰੂਪ ਵਿਚ ਇਕ ਨਵਾਂ ਅਰਥ ਸਿਰਜਦੇ ਹਨ, ਜੋ ਇਕਹਿਰੇ ਰੂਪ ਵਿਚ ਕੋਈ ਹੋਂਦ ਨਹੀਂ ਰੱਖਦਾ। ਅਪੂਰਨ ਦੁਹਰੁਕਤੀ ਦੇ ਤਿੰਨ ਭੇਦ 'ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ' ਹਨ:

**2.1. ਧੁਨੀ ਪਰਿਵਰਤਨ**

**2.2. ਧੁਨੀ ਆਗਮ**

**2.3. ਧੁਨੀ ਲੋਪ**

**2.1. ਧੁਨੀ ਪਰਿਵਰਤਨ:- 'ਸੋਚਤ ਸਾਚਤ, ਬੇਦ ਬਾਦ, ਟਾਲੈ ਟੋਲੈ, ਪਿਆਸ ਪਿਊਸ, ਸਾਤ ਸੂਤ, ਊਚ ਮੂਚ, ਝਗੜੂ ਝਗੋਲੁ, ਨੈਨ ਬੈਨ, ਬੀਧੇ ਬਾਂਧੇ, ਰਾਚਿ ਮਾਚਿ, ਊਣੇ ਝੂਣੇ, ਦਾਨਾ ਬੀਨਾ** ਅਪੂਰਨ ਦੁਹਰੁਕਤੀ ਦੇ ਧੁਨੀ ਪਰਿਵਰਤਨ ਵਾਲੇ ਸ਼ਬਦ ਹਨ। ਇਹਨਾਂ ਵਿਚਾਲੇ ਧੁਨੀ ਪਰਿਵਰਤਨ 'ਸਾਰਥਕ ਤੋਂ ਨਿਰਾਰਥਕ' ਵਿਚ ਹੋ ਰਿਹਾ ਹੈ। ਅਜਿਹੇ 'ਨਿਰਾਰਥਕ' ਸ਼ਬਦ ਇਕਹਿਰੇ ਰੂਪ ਵਿਚ ਵਿਚਰਨ ਤੋਂ ਅਸਮਰੱਥ ਹੁੰਦੇ ਹਨ, ਇਹਨਾਂ ਦੀ ਹੋਂਦ ਦੁਹਰੁਕਤੀ ਦੇ ਅੰਤਰਗਤ ਉਪਜਦੀ ਹੈ ਅਤੇ ਇਹ ਦੁਹਰੁਕਤੀ ਦੇ ਅੰਤਰਗਤ ਹੀ ਅਰਥ ਸੰਚਾਰ ਕਰਦੇ ਹਨ:

**ਸੋਚਤ ਸਾਚਤ** ਰੈਨਿ ਬਿਹਾਨੀ ॥ (ਮਃ ੫) ਅੰਗ ੩੯੦

**ਬੇਦ ਬਾਦ** ਸਭਿ ਆਖਿ ਵਖਾਣਹਿ ॥ (ਮਃ ੩) ਅੰਗ ੧੦੫੦

ਕਬੀਰ **ਟਾਲੈ ਟੋਲੈ** ਦਿਨੁ ਗਇਆ ਬਿਆਜੁ ਬਢੰਤਉ ਜਾਇ ॥ (ਕਬੀਰ) ਅੰਗ ੧੩੭੫

ਹੁਤੀ ਜੁ **ਪਿਆਸ ਪਿਊਸ** ਪਿਵੰਨ ਕੀ ਬੰਛਤ ਸਿਧਿ ਕਉ ਬਿਧਿ ਮਿਲਾਯਉ ॥

(ਭਟ ਨਲਜ) ਅੰਗ ੧੪੦੦

**ਸਾਤ ਸੂਤ** ਮਿਲਿ ਬਨਜੁ ਕੀਨ ॥ (ਕਬੀਰ) ਅੰਗ ੧੧੯੫

**ਊਚ ਮੂਚ** ਬੇਅੰਤੁ ਠਾਕੁਰੁ ਸਰਬ ਊਪਰਿ ਤੁਹੀ ਏਕ ॥ (ਮਃ ੫) ਅੰਗ ੧੩੪੧

ਉਪਰੋਕਤ ਵਾਕਾਂ ਵਿਚ **ਸਾਚਤ, ਬਾਦ, ਟੋਲੈ, ਪਿਊਸ, ਸਾਤ** ਅਤੇ **ਮੂਚ** ਨਿਰਾਰਥਕ ਸ਼ਬਦ ਹਨ। ਇਹ ਦੂਹਰੇ ਰੂਪ ਵਿਚ ਅਰਥ ਸੰਚਾਰ ਦਾ ਕਾਰਜ ਕਰ ਰਹੇ ਹਨ, ਇਕਹਿਰੇ ਰੂਪ ਵਿਚ ਇਹ ਸੁਤੰਤਰ ਤੌਰ ’ਤੇ ਵਿਚਰਨ ਦੇ ਅਸਮਰੱਥ ਹਨ। ਟਾਲੈ ਟੋਲੈ (ਟਾਲੈ ਟੂਲੇ) ਸਾਧਾਰਨ ਰੂਪ ਵਿਚ ਵਰਤੇ ਜਾਣ ਵਾਲੇ ਰੂਪ ਤੋਂ ਭਿੰਨ ਹੈ। ਸਾਧਾਰਨ ਰੂਪ ਤੋਂ ਪਰਿਵਰਤਨ ਵਾਲਾ ਰੂਪ ਵਾਕਾਤਮਕ ਜੁਗਤ ਅਨੁਸਾਰ ਨਵਾਂ ਘੜਿਆ ਹੈ। ਇਹ ਗੁਰਬਾਣੀ ਦੀ ਆਪਣੀ ਭਾਸ਼ਾਈ ਵਿਸ਼ੇਸ਼ਤਾ ਹੈ।

**2.2. ਧੁਨੀ ਆਗਮ:-** ਅਪੂਰਨ ਦੁਹਰੁਕਤੀ ਵਿਚ ‘ਧੁਨੀ ਦੇ ਆਗਮ’ ਨਾਲ ਨਿਰਾਰਥਕ ਸ਼ਬਦ ਹੋਂਦ ਗ੍ਰਹਿਣ ਕਰਦੇ ਹਨ। ਦੂਹਰ ਵਜੋਂ ਇਹ ਸਾਰਥਕ ਅਰਥਾਂ ਦਾ ਵਿਸਥਾਰ ਕਰਦੇ ਹਨ । ਆਮ ਕਰਕੇ ਅਜਿਹੇ ਸ਼ਬਦ ‘ਕਾਵਿ ਸੁਹਜ’ ਅਤੇ ‘ਕਾਵਿ ਵਜਨ’ ਦੀ ਪੂਰਤੀ ਕਰਦੇ ਹਨ। ‘ਢਲਿ ਢੁਲਿ, ਊਚ ਮੂਚੌ’ ਧੁਨੀ ਆਗਮ ਦੇ ਦੁਹਰੁਕਤੀਯੁਕਤ ਸ਼ਬਦ ਹਨ। ਮੂਚੌ ਵਿਚ ਪਹਿਲੀ ਧੁਨੀ ਦਾ ਪਰਿਵਰਤਨ ਤੇ ਆਖ਼ਰੀ ਧੁਨੀ ਦਾ ਆਗਮ ਹੈ:

ਪਬਣਿ ਕੇਰੇ ਪਤ ਜਿਉ **ਢਲਿ ਢੁਲਿ** ਜੁੰਮਣਹਾਰ ॥ (ਮਃ ੧) ਅੰਗ ੨੩

**ਊਚ ਮੂਚੌ** ਬਹੁ ਅਪਾਰ॥ ਸਿਮਰਤ ਨਾਨਕ ਤਰੇ ਸਾਰ ॥ (ਮਃ ੫) ਅੰਗ ੯੮੭

**ਢੁਲਿ, ਮੂਚੌ** ਇਕਹਿਰੇ ਰੂਪ ਵਿਚ ਨਿਰਾਰਥਕ ਸ਼ਬਦ ਹਨ। ਦੁਹਰੁਕਤੀਯੁਕਤ ਰੂਪ ਵਿਚ ਮੂਲ ਸ਼ਬਦ ਦੇ ਅਰਥ ਵਿਸਥਾਰ ਦਾ ਪ੍ਰਕਾਰਜ ਕਰ ਰਹੇ ਹਨ।

**2.3. ਧੁਨੀ ਲੋਪ:-** ਦੂਹਰੇ ਸ਼ਬਦ ਰੂਪ ਵਿਚੋਂ ਕਿਸੇ ‘ਧੁਨੀ ਦਾ ਖ਼ਾਰਜ ’ ਹੋਣਾ ‘ਧੁਨੀ ਲੋਪ ’ ਹੈ, ਅਪੂਰਨ ਦੁਹਰੁਕਤੀ ਵਿਚ ਧੁਨੀ ਲੋਪ ਨਾਲ ਸ਼ਬਦ ‘ਨਿਰਾਰਥਕ’ ਹੁੰਦਾ ਹੈ। ਇਹ ਮੂਲ ਸ਼ਬਦ ਦਾ ਅਰਥ ਵਿਸਥਾਰ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਬਹੁਤ ਸੀਮਿਤ ਰੂਪ ਮਿਲਦੇ ਹਨ।

ਸਤਿਗੁਰ ਕੈ ਆਖਿਐ ਜੋ ਚਲੈ ਸੋ ਸਤਿ ਪੁਰਖੁ **ਭਲ ਭਲਾ** ॥ (ਮਃ ੪) ਅੰਗ ੩੦੪

ਸਭ ਤੇਰੀ ਬਣਤ ਬਣਾਵਣੀ ਨਾਨਕ **ਭਲ ਭਲਾ** ॥ (ਮਃ ੪) ਅੰਗ ੩੦੪

**ਭਲਾ** ਭਾਵ ਵਾਚਕ ਨਾਂਵ ਤੋਂ ਧੁਨੀ ਦੇ ਲੋਪ ਨਾਲ **ਭਲ** ਨਿਰਾਰਥਕ ਸ਼ਬਦ ਦਾ ਕਾਰਜ ਕਰ ਰਿਹਾ ਹੈ।

ਦੁਹਰੁਕਤੀ ਦੀ ਇਕ ਵਿਸ਼ੇਸ਼ ਕਿਸਮ ਮਿਲਦੀ ਹੈ, ਜਿਸਦੇ ਦੋਵੇਂ ਸ਼ਬਦ ਇਕਹਿਰੇ ਰੂਪ ਵਿਚ ਨਿਰਾਰਥਕ ਹੁੰਦੇ ਹਨ। ਦੋਵੇਂ ਨਿਰਾਰਥਕ ਸ਼ਬਦ ਦੂਹਰ ਦੇ ਰੂਪ ਵਿਚ ਨਵਾਂ ਅਰਥ ਸਿਰਜਦੇ ਅਤੇ ਸਾਰਥਕ ਅਰਥ ਸੰਚਾਰ ਕਰਦੇ ਹਨ। ਅਜਿਹੇ ਸ਼ਬਦਾਂ ਦੀ ਰੂਪਗਤ ਸਾਂਝ ਲਾਜ਼ਮੀ ਨਹੀਂ। **ਅਲ ਪਲਾਲੀਆ**, **ਰੁਣ ਝੁਣ**, **ਅਰਲੁ ਬਰਲੁ**, **ਝਿਲਿ ਮਿਲਿ**, **ਭੰਭਲ ਭੂਸੇ**, **ਘੂਮਨ ਘੇਰ** ਆਦਿ ਅਪੂਰਨ ਦੁਹਰੁਕਤੀਯੁਕਤ ਰੂਪ ਹਨ।

ਗਾਲ੍ਹੀ **ਅਲ ਪਲਾਲੀਆ** ਕੰਮਿ ਨ ਆਵਹਿ ਮਿਤ ॥ (ਮਃ ੫) ਅੰਗ ੩੨੦

ਮੋਰੀ **ਰੁਣ ਝੁਣ** ਲਾਇਆ ਭੈਣੇ ਸਾਵਣੁ ਆਇਆ ॥ (ਮਃ ੧) ਅੰਗ ੫੫੭

ਓਸੁ **ਅਰਲੁ ਬਰਲੁ** ਮੁਹਹੁ ਨਿਕਲੈ ਨਿਤ ਝਗੂ ਸੁਟਦਾ ਮੁਆ ॥ (ਮਃ ੪) ਅੰਗ ੬੫੩

ਜਹ **ਝਿਲਿ ਮਿਲਿ** ਕਾਰੁ ਦਿਸੰਤਾ ॥ (ਨਾਮਦੇਵ) ਅੰਗ ੬੫੭

ਜੋ ਸਤਿਗੁਰਿ ਫਿਟਕੇ ਸੇ ਸਭ ਜਗਤਿ ਫਿਟਕੇ ਨਿਤ **ਭੰਭਲ ਭੂਸੇ** ਖਾਹੀ ॥ (ਮਃ ੪) ਅੰਗ ੩੦੮

**ਘੂਮਨ ਘੇਰ** ਅਗਾਹ ਗਾਖਰੀ ਗੁਰ ਸਬਦੀ ਪਾਰਿ ਉਤਰੀਐ ਰੇ ॥ (ਮਃ ੫) ਅੰਗ ੪੦੪

ਗੁਰੂ ਗ੍ਰੰਥ ਸਾਹਿਬ ਵਿਚ ਨਿਰੋਲ ਅਪੂਰਨ ਦੁਹਰੁਕਤੀਯੁਕਤ ਸ਼ਬਦ ਬਹੁਤ ਸੀਮਿਤ ਮਾਤਰਾ ਵਿਚ ਮਿਲਦੇ ਹਨ। **ਅਲ ਪਲਾਲੀਆ** 'ਫੋਕੀਆ ਗੱਲਾਂ'[42], **ਰੁਣ ਝੁਣ** 'ਮਿੱਠਾ ਗੀਤ'[43], **ਅਰਲੁ ਬਰਲੁ** 'ਉਲਟ ਪੁਲਟ/ ਬਕਵਾਸ'[44], **ਝਿਲਿ ਮਿਲਿ** 'ਚੰਚਲਤਾ, ਚੁੰਧਿਆਉਣ ਵਾਲਾ'[45], **ਭੰਭਲ ਭੂਸੇ** ਡਕੋ ਡੋਲੇ/

---

[42] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਸ੍ਰੀ ਅੰਮ੍ਰਿਤਸਰ, 2007, ਪੰਨਾ 320.

[43] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 321.

[44] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਦੂਜੀ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 653.

ਭਟਕਣਾ'[46], **ਘੂਮਨ ਘੇਰ** 'ਅਨੇਕ ਵਿਕਾਰ'[47] ਉਪਰੋਕਤ ਨਿਰਾਰਥਕ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਸਾਰਥਕ ਅਰਥਾਂ ਦਾ ਸੰਚਾਰ ਕਰ ਰਹੇ ਹਨ। ਇਕਹਿਰੇ ਰੂਪ ਵਿਚ ਇਹਨਾਂ ਸ਼ਬਦਾਂ ਦੀ ਆਪਣੀ ਕੋਈ ਹੋਂਦ ਨਹੀਂ, ਵਾਕ ਵਿਚ ਇਕ ਜੁੱਟ ਦੇ ਰੂਪ ਵਿਚ ਇਹ ਸਾਰਥਕ ਅਰਥ ਵਿਸਥਾਰ ਕਰਦੇ ਹਨ। ਇਹਨਾਂ ਨੂੰ ਇਕ ਦੂਜੇ ਦਾ ਆਧਾਰ ਵੀ ਕਿਹਾ ਜਾ ਸਕਦਾ ਹੈ। ਇਕ ਦੂਜੇ ਦੇ ਆਧਾਰ 'ਤੇ ਦੋਵੇਂ ਸ਼ਬਦ ਸਾਰਥਕ ਅਰਥਾਂ ਦਾ ਪ੍ਰਕਾਰਜ ਕਰਦੇ ਹਨ।

## ੲ. ਇਕੱਠੇ ਵਿਚਰਦੇ ਇਕਹਿਰੇ ਰੂਪਾਂ ਦੀ ਦੁਹਰੁਕਤੀ ਤੋਂ ਵੱਖਰਤਾ

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੇ ਬਹੁਤ ਸਾਰੇ ਰੂਪ ਅਜਿਹੇ ਮਿਲਦੇ ਹਨ, ਜਿਹੜੇ ਕੇਵਲ ਰੂਪ ਕਰਕੇ ਦੁਹਰੁਕਤੀਯੁਕਤ ਹਨ। ਵਾਕ ਵਿਚ ਸਥਿਤੀ ਦੀ ਨੇੜਤਾ ਕਾਰਨ ਇਹ ਸਾਧਾਰਨ ਪਾਠਕ ਨੂੰ ਦੁਹਰੁਕਤੀ ਦਾ ਭੁਲੇਖਾ ਪਾਉਂਦੇ ਹਨ, ਪਰ ਦੁਹਰੁਕਤੀ ਦੀ ਸਿਧਾਂਤਕ ਜਾਣਕਾਰੀ ਰੱਖਣ ਵਾਲਾ ਜਾਂ ਭਾਸ਼ਾ ਵਿਗਿਆਨ ਦੀ ਸਮਝ ਰੱਖਣ ਵਾਲਾ ਅਜਿਹੀਆਂ ਬਣਤਰਾਂ ਨੂੰ ਆਸਾਨੀ ਨਾਲ ਦੁਹਰੁਕਤੀ ਤੋਂ ਵੱਖਰੀਆਂ ਕਰ ਲੈਂਦਾ ਹੈ। ਦੁਹਰੁਕਤੀ ਦੀਆਂ ਅਜਿਹੀਆਂ ਬਣਤਰਾਂ ਦੀ ਪਛਾਣ ਦੇ ਤਿੰਨ ਆਧਾਰ ਬਣਦੇ ਹਨ। ਵਾਕ ਬਣਤਰ ਵਿਚ 'ਇਕ ਵਾਕੰਸ਼ ਇਕਾਈ ਦੇ ਰੂਪ ਵਿਚ, ਉਚਾਰਨ ਦੇ ਪੱਖ ਤੋਂ' ਅਤੇ 'ਕਾਰਜ ਦੇ ਪੱਖ ਤੋਂ' ਇਸਦੀ ਪਛਾਣ ਕੀਤੀ ਜਾਂਦੀ ਹੈ। ਉਚਾਰਨ ਦੇ ਪੱਖ ਤੋਂ ਇਕ ਆਮ ਪਾਠਕ ਸਾਧਾਰਨ ਜਾਣਕਾਰੀ ਨਾਲ 'ਦੁਹਰੁਕਤੀ' ਦੀ ਪਛਾਣ ਕਰ ਲੈਂਦਾ ਹੈ, ਪ੍ਰੰਤੂ 'ਵਾਕੰਸ਼' ਅਤੇ 'ਕਾਰਜ' ਦੇ ਪੱਖ ਤੋਂ ਦੁਹਰੁਕਤੀ ਦੀ ਪਛਾਣ ਕਰਨੀ ਆਮ ਪਾਠਕ ਲਈ ਕਠਿਨ ਹੈ। ਅਜਿਹੀ ਸਥਿਤੀ ਵਿਚ ਦੁਹਰੁਕਤੀਯੁਕਤ ਰੂਪ ਇਕ 'ਵਾਕੰਸ਼' ਦਾ ਹਿੱਸਾ ਹੁੰਦਾ ਹੈ, ਪ੍ਰੰਤੂ ਕਾਰਜ ਵਜੋਂ ਉਹ ਵਿਭਿੰਨ ਵਾਕੰਸ਼ਾਂ ਲਈ ਕਾਰਜਸ਼ੀਲ ਹੋਣ ਕਾਰਨ 'ਦੁਹਰੁਕਤੀਯੁਕਤ' ਨਹੀਂ ਹੁੰਦਾ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀ ਦੇ ਅਜਿਹੇ ਰੂਪਾਂ ਨੂੰ ਦੁਹਰੁਕਤੀ ਤੋਂ ਨਿਖੇੜਿਆ ਗਿਆ ਹੈ:

---

[45] ਭਾਈ ਜੋਧ ਸਿੰਘ, ਭਗਤ ਨਾਮਦੇਵ ਤਥਾ ਹੋਰ ਭਗਤ (ਜੀਵਨੀ ਤੇ ਰਚਨਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 26.

[46] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1962, ਪੰਨਾ 781.

[47] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਰਾਜ ਪਬਲਿਸ਼ਰਜ਼. ਜਲੰਧਰ, 1962, ਪੰਨਾ 303.

**ਸਚੇ ਸਚੀ** ਦਾਤਿ ਦੇਹਿ ਦਇਆਲੁ ਹੈ ॥ (ਮਃ ੧) ਅੰਗ ੪੨੨

ਨਾਨਕ ਨਦਰੀ ਪਾਈਐ **ਕੂੜੀ ਕੂੜੈ** ਠੀਸ॥ (ਮਃ ੧) ਅੰਗ ੭

**ਸਚੇ ਸਚੀ, ਕੂੜੀ ਕੂੜੈ** ਵਿਸ਼ੇਸ਼ਣ ਦੁਹਰੁਕਤੀਯੁਕਤ ਸ਼ਬਦਾਂ ਦੀ ਪਛਾਣ ਸਾਧਾਰਨ ਪਾਠਕ ਲਈ ਸੰਭਵ ਨਹੀਂ। ਇਕ ਸਾਧਾਰਨ ਪਾਠਕ ਇਸ ਨੂੰ ਦੁਹਰੁਕਤੀ ਮੰਨੇਗਾ, ਜਦਕਿ ਕਾਰਜ ਦੇ ਪੱਖ ਤੋਂ ਇਹ ਸ਼ਬਦ ਦੁਹਰੁਕਤੀਯੁਕਤ ਨਹੀਂ ਹਨ। 'ਸਚੇ' ਵਿਸ਼ੇਸ਼ਣ ਰੂਪ 'ਕਰਤਾ ਕਾਰਕ' ਦਾ ਵਿਸ਼ੇਸ਼ਣ ਹੈ। ਕਰਤਾ ਕਾਰਕ (ਵਿਸ਼ੇਸ਼) ਵਾਕ ਵਿਚੋਂ ਗ਼ੈਰ ਹਾਜ਼ਰ ਹੈ। ਸਚੀ 'ਦਾਤਿ' ਦਾ ਵਿਸ਼ੇਸ਼ਣ ਹੈ। ਸਚੇ 'ਕਰਤਾ' ਦਾ ਵਿਸ਼ੇਸ਼ਣ ਹੈ, ਸਚੀ 'ਕਰਮ' ਦਾ ਵਿਸ਼ੇਸ਼ਣ ਹੈ। ਦੋਵਾਂ ਦਾ ਕਾਰਜ ਇਕ ਦੂਜੇ ਤੋਂ ਵੱਖਰਾ ਹੈ। ਅਜਿਹੇ ਦੁਹਰੁਕਤੀਯੁਕਤ ਰੂਪਾਂ ਨੂੰ ਕਾਰਜ ਦੇ ਪੱਖ ਤੋਂ ਨਿਖੇੜਿਆ ਹੈ।

ਵਾਕੰਸ਼ ਵਜੋਂ ਦੁਹਰੁਕਤੀ ਦੀ ਪਛਾਣ ਲਈ 'ਸ਼ਬਦ ਰੂਪ' ਜਾਂ 'ਅਰਥ ਪੱਖ' ਤੋਂ ਸ਼ਬਦ ਦਾ ਦੂਹਰਾ ਰੂਪ ਵਾਕ ਬਣਤਰ ਵਿਚ ਇਕ 'ਵਾਕੰਸ਼' ਇਕਾਈ ਦੇ ਰੂਪ ਵਿਚ ਹੋਣਾ ਚਾਹੀਦਾ ਹੈ। ਵਾਕ ਵਿਚ ਸ਼ਬਦ ਦਾ ਦੂਹਰਾ ਰੂਪ, ਜਿਹੜਾ ਸਥਾਨ ਕਰਕੇ 'ਦੁਹਰੁਕਤੀਯੁਕਤ' ਰੂਪ ਵਿਚ ਹੋਵੇ, ਪਰ ਵਾਕੰਸ਼ ਵਜੋਂ ਵੱਖ ਵੱਖ ਵਾਕੰਸ਼ ਦਾ ਅੰਗ ਹੋਵੇ, ਅਜਿਹੇ ਸ਼ਬਦ ਦੁਹਰੁਕਤੀਯੁਕਤ ਨਹੀਂ ਹਨ:

[ਮਨ ਕਾ **ਝੂਠਾ] [ਝੂਠੁ** ਕਮਾਵੈ] ॥ ਮਾਇਆ ਨੋ ਫਿਰੈ ਤਪਾ ਸਦਾਵੈ ॥

(ਮਃ ੩) ਅੰਗ ੯੪੮

[ਮਨ ਕੀ **ਜੂਠੀ] [ਜੂਠੁ** ਕਮਾਵੈ] ॥ (ਮਃ ੩) ਅੰਗ ੧੦੪੭

[ਦੁਰਮਤਿ **ਖੋਟੀ] [ਖੋਟੁ** ਕਮਾਵੈ] ॥ (ਮਃ ੩) ਅੰਗ ੧੦੪੭

[ਚੰਦਨ **ਗੰਧ] [ਸੁਗੰਧ** ਹੈ] ਬਹੁ ਬਾਸਨਾ ਬਹਕਾਰਿ ॥ (ਮਃ ੩) ਅੰਗ ੧੨੬੦

ਉਪਰੋਕਤ ਵਾਕਾਂ ਵਿਚ ਦੂਹਰੇ ਸ਼ਬਦ 'ਝੂਠਾ ਝੂਠੁ, ਜੂਠੀ ਜੂਠੁ, ਖੋਟੀ ਖੋਟੁ, ਗੰਧ ਸੁਗੰਧ' ਵਾਕੰਸ਼ ਵਜੋਂ ਦੁਹਰੁਕਤੀਯੁਕਤ ਨਹੀਂ ਹਨ। ਇਹ ਸ਼ਬਦ 'ਸਥਾਨ' ਕਰਕੇ ਦੂਹਰੇ ਰੂਪ ਵਿਚ ਹਨ, ਵਾਕੰਸ਼ ਵਜੋਂ ਦੋ ਵਿਭਿੰਨ ਵਾਕੰਸ਼ਾਂ ਦਾ ਹਿੱਸਾ ਹੋਣ ਕਾਰਨ ਦੁਹਰੁਕਤੀਯੁਕਤ ਨਹੀਂ ਹਨ।

ਆਮ ਤੌਰ 'ਤੇ ਸਾਧਾਰਨ ਪਾਠਕ 'ਵਾਕੰਸ਼' ਦੇ ਸੰਕਲਪ ਤੋਂ ਅਨਜਾਣ ਹੁੰਦੇ ਹਨ, ਉਹ ਅਜਿਹੇ ਸ਼ਬਦਾਂ ਦੀ ਪਛਾਣ ਉਚਾਰਨ ਦੇ ਪੱਖ ਤੋਂ ਕਰਦੇ ਹਨ। ਉਚਾਰਨ ਵਜੋਂ ਦੁਹਰੁਕਤੀ ਦੇ ਪਹਿਲੇ ਸ਼ਬਦ ਤੋਂ ਬਾਅਦ ਅਤੇ ਦੂਜੇ ਸ਼ਬਦ ਤੋਂ ਪਹਿਲਾਂ ਅਲਪ ਠਹਿਰਾਉ ਹੋਣ ਕਾਰਨ ਦੋਵੇਂ ਸ਼ਬਦ ਇਕ ਦੂਜੇ ਤੋਂ ਵੱਖਰੇ ਹਨ। ਵੱਖਰੀ ਸਥਿਤੀ ਵਿਚ ਉਚਾਰੇ ਜਾਣ ਕਾਰਨ ਦੁਹਰੁਕਤੀਯੁਕਤ ਸ਼ਬਦ ਨਹੀਂ ਹਨ।

ਸਾਰੰਸ਼ ਵਜੋਂ, ਸੁਤੰਤਰ ਰੂਪ ਵਿਚ ਵਿਚਰਨ ਵਾਲੇ 'ਰੂਪਗਤ' ਅਤੇ 'ਅਰਥਗਤ' ਸ਼ਬਦ 'ਪੂਰਨ' ਦੁਹਰੁਕਤੀਯੁਕਤ ਸ਼ਬਦ ਹਨ। 'ਅਪੂਰਨ' ਦੁਹਰੁਕਤੀ ਦੇ ਸ਼ਬਦ ਸੁਤੰਤਰ ਰੂਪ ਵਿਚ ਨਹੀਂ, ਬਲਕਿ ਸਾਰਥਕ ਨਾਲ ਅਰਥ ਵਿਸਥਾਰ ਕਰਦੇ ਹਨ, ਹਮੇਸ਼ਾ ਦੂਹਰੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਅਪੂਰਨ ਦੁਹਰੁਕਤੀ ਨਵੇਂ ਸ਼ਬਦ ਅਤੇ ਨਵੇਂ ਪ੍ਰਸੰਗਿਕ ਅਰਥਾਂ ਦੀ ਸਿਰਜਨਾ ਕਰਦੀ ਹੈ। ਪੂਰਨ ਦੁਹਰੁਕਤੀ ਵਿਚ ਇਕੋ ਸ਼ਬਦ ਦਾ ਦੁਹਰਾਉ ਵਿਸ਼ੇਸ਼ ਭਾਵ ਬਣਤਰ ਦਾ ਪ੍ਰਕਾਰਜ ਕਰਦਾ ਹੈ, ਵਧਾਵੀਂ ਦੁਹਰੁਕਤੀ ਵਿਚ ਵਿਭਿੰਨ ਵਧੇਤਰਾਂ ਦੀ ਵਰਤੋਂ ਕਰਕੇ 'ਨਵੇਂ ਸ਼ਬਦ' ਅਤੇ 'ਨਵੇਂ ਅਰਥ' ਘੜੇ ਜਾਂਦੇ ਹਨ, ਜੋ ਦੁਹਰੁਕਤੀਯੁਕਤ ਰੂਪ ਵਿਚ ਵਿਭਿੰਨ ਪ੍ਰਕਾਰਜ ਕਰਦੇ ਹਨ। 'ਧੁਨੀ ਪਰਿਵਰਤਨ, ਧੁਨੀ ਆਗਮ' ਤੇ 'ਧੁਨੀ ਲੋਪ' ਦਾ ਪ੍ਰਕਾਰਜ ਵੀ ਅਜਿਹਾ ਹੀ ਹੈ। ਧੁਨੀਆਂ ਰਾਹੀਂ ਦੋ ਤਰ੍ਹਾਂ ਦੇ ਸ਼ਬਦ ਸਿਰਜੇ ਜਾਂਦੇ ਹਨ : ਪੂਰਨ ਤੇ ਅਪੂਰਨ। 'ਪੂਰਨ' ਸ਼ਬਦ, ਰੂਪਗਤ ਦੁਹਰੁਕਤੀ ਦੇ ਅੰਤਰਗਤ ਆਉਂਦੇ ਹਨ, ਧੁਨੀਆਂ ਰਾਹੀਂ ਸਿਰਜੇ ਅਪੂਰਨ ਸ਼ਬਦ 'ਅਪੂਰਨ' ਦੁਹਰੁਕਤੀ ਦੇ ਭੇਦ ਹਨ।

ਰੂਪਗਤ ਅਤੇ ਅਰਥਗਤ ਪੂਰਨ ਦੁਹਰੁਕਤੀ ਦਾ ਕਾਰਜ ਭਿੰਨ ਹੈ। ਰੂਪਗਤ ਦੁਹਰੁਕਤੀ 'ਰੂਪ' ਕੇਂਦਰਿਤ ਹੈ, ਅਰਥਗਤ ਦੁਹਰੁਕਤੀ 'ਅਰਥ' ਕੇਂਦਰਤ ਹੈ। ਇਹ ਇਕੋ ਅਰਥ (ਸਮਾਨਾਰਥੀ), ਇਕ ਵਰਗ (ਵਰਗਾਰਥੀ) ਦੇ ਅਰਥ ਜਾਂ ਵਿਰੋਧੀ ਅਰਥਾਂ (ਵਿਰਾਧਾਰਥੀ) ਦਾ ਕਾਰਜ ਕਰਦੀ ਹੈ। ਸਮਾਨਾਰਥੀ

ਦੁਹਰੁਕਤੀ ਦੀ ਵਰਤੋਂ ਵਿਸ਼ੇਸ਼ ਤੌਰ ’ਤੇ ‘ਕਾਵਿ ਸੁਹਜ’ ਦਾ ਕਾਰਜ ਕਰਦੀ ਹੈ। ਵਾਕ ਦਾ ਵਜਨ ਪੂਰਨ ਲਈ ਇਸਦੀ ਵਰਤੋਂ ਆਮ ਕੀਤੀ ਮਿਲਦੀ ਹੈ। ਵਰਗਾਥਕ ਸ਼ਬਦ ਇਕ ਵਰਗ ਦੇ ਦੋ ਅਰਥਾਂ ਨੂੰ ਚਿਹਨਤ ਕਰਦੇ ਹਨ। ਗੁਰਬਾਣੀ ਵਿਚ ਵਿਰੋਧੀ ਸ਼ਬਦਾਂ ਦੀ ਦੁਹਰੁਕਤੀਯੁਕਤ ਵਰਤੋਂ ਸਮਦ੍ਰਿਸਟੀ ਦੇ ਭਾਵ ਵਾਲੀ ਹੈ, ਬਹੁਤ ਸੀਮਿਤ ਰੂਪ ਵਿਚ ‘ਵਿਰੋਧੀ ਸ਼ਬਦ’ ਵਿਰੋਧ ਦੀ ਸਥਿਤੀ ਵਾਲੇ ਹਨ। ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ ਵਧੇਰੇ ‘ਵਿਰੋਧੀ ਸ਼ਬਦ’ ਵਿਰੋਧ ਦੇ ਖ਼ਾਤਮੇ ਦੀ ਸਥਿਤੀ ਵਿਚ ਹਨ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀ ਦੇ ਸਮੁੱਚੇ ਰੂਪਾਂ ਅਤੇ ਪ੍ਰਕਾਰਜ ਦਾ ਅਧਿਐਨ ਹੈ।

ਕਾਰਜ ਦੇ ਪੱਖ ਤੋਂ ਦੁਹਰੁਕਤੀਯੁਕਤ ਸ਼ਬਦ ਵਾਕ ਬਣਤਰ ਵਿਚ ਵਿਸ਼ੇਸ਼ ਕਾਰਜੀ ਇਕਾਈਆਂ ਦਾ ਪ੍ਰਕਾਰਜ ਕਰਦੇ ਹਨ। ਵਾਕ ਦੇ ਪ੍ਰਸੰਗ ਵਿਚ ਇਹ ‘ਨਿਰੰਤਰਤਾ, ਬਾਰੰਬਾਰਤਾ, ਕਾਰਜ ਆਦੇਸ਼, ਅਰਥ ਆਦੇਸ਼, ਅਰਥ ਵਿਸਥਾਰ’ ਅਤੇ ‘ਅਰਥ ਸੰਕੋਚ’ ਆਦਿ ਦਾ ਕਾਰਜ ਕਰਦੇ ਹਨ। ਸ਼ਬਦ ਦਾ ਵਿਸ਼ੇਸ਼ ਪ੍ਰਕਾਰਜ ਦੂਹਰੇ ਰੂਪ ਵਿਚ ਹੀ ਸੰਭਵ ਹੈ, ਇਕਹਿਰਾ ਰੂਪ ਕਾਰਜੀ ਇਕਾਈਆਂ ਦਾ ਪ੍ਰਕਾਰਜ ਨਹੀਂ ਕਰਦਾ। ਵਾਕ ਦੇ ਭਾਵਗਤ ਪ੍ਰਕਾਰਜ ਤੋਂ ਬਿਨਾਂ ‘ਕਾਵਿ ਜੁਗਤ’ ਵਜੋਂ ਵਿਸ਼ੇਸ਼ ਮਹੱਤਵ ਰੱਖਦੇ ਹਨ। ‘ਸੰਗੀਤਕ’ ਪੱਖ ਤੋਂ ਦੁਹਰੁਕਤੀ ਕਾਵਿ ਰਚਨਾ ਵਿਚ ‘ਵਜਨ, ਲੈਅ’ ਅਤੇ ‘ਰਸ’ ਦਾ ਕਾਰਜ ਕਰਦੀ ਹੈ। ਦੁਹਰੁਕਤੀਯੁਕਤ ਸ਼ਬਦਾਂ ਦੀ ਦੂਹਰੀ ਬਣਤਰ ਵਾਲੇ ਇਕਹਿਰੇ ਰੂਪਾਂ ਤੋਂ ਵੱਖਰਤਾ ਲਈ ਤਿੰਨ ਆਧਾਰ ਨਿਸ਼ਚਤ ਕੀਤੇ ਹਨ, ਜੋ ਅਜਿਹੇ ਸ਼ਬਦਾਂ ਨੂੰ ਦੁਹਰੁਕਤੀ ਤੋਂ ਵੱਖਰਾ ਕਰਦੇ ਹਨ। ਵਧੇਰੇ ਸ਼ਬਦ ਸਥਾਨ ਕਰਕੇ ਦੁਹਰੁਕਤੀ ਦੀ ਬਣਤਰ ਵਾਲੇ ਹਨ। ਸਾਧਾਰਨ ਪਾਠਕ ਨਿਸ਼ਚਤ ਕੀਤੀਆਂ ਇਕਾਈਆਂ ਦੇ ਆਧਾਰ ’ਤੇ ਸਤਹੀ ਪੱਧਰ ਵਾਲੇ ਸਥਾਨ ਕਰਕੇ ਇਕੱਠੇ ਵਿਚਰਦੇ ਰੂਪਾਂ ਨੂੰ ਦੁਹਰੁਕਤੀ ਤੋਂ ਵੱਖਰਾ ਕਰ ਸਕਦੇ ਹਨ।

ਹਥਲੇ ਖੋਜ-ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਪੂਰਨ ਰੂਪਗਤ ਦੁਹਰੁਕਤੀ ਦੇ ਰੂਪਾਂ ਦਾ ਅਧਿਐਨ ਕੀਤਾ ਹੈ। ਰੂਪਗਤ ਦੁਹਰੁਕਤੀ ਨੂੰ ਕੇਵਲ ਸ਼ਬਦ ਦੁਹਰੁਕਤੀ ਤੱਕ ਸੀਮਿਤ ਰੱਖਿਆ ਹੈ, ਇਸ ਆਧਾਰ ਤੇ ਇਸ ਨੂੰ ਸ਼ਬਦ ਦੁਹਰੁਕਤੀ ਨਾਮ ਨਾਲ ਅੰਕਿਤ ਕੀਤਾ ਹੈ। ਪੂਰਨ ਰੂਪਗਤ ਦੁਹਰੁਕਤੀਯੁਕਤ ਸ਼ਬਦਾਵਲੀ ਦਾ ਵਿਸ਼ੇਸ਼ ਤੌਰ ਤੇ ਰੂਪ ਅਤੇ ਪ੍ਰਕਾਰਜ ਵਜੋਂ ਅਧਿਐਨ ਕੀਤਾ ਹੈ। ਦੁਹਰੁਕਤੀ ਦੀ ਭਾਵ ਬਣਤਰ ਨੂੰ ਕੇਂਦਰ ਵਿਚ ਨਹੀਂ ਰੱਖਿਆ ਗਿਆ, ਕਿਤੇ ਕਿਤੇ ਇਸ ਵੱਲ ਸੰਕੇਤ ਜ਼ਰੂਰ ਕੀਤਾ ਗਿਆ ਹੈ।

ਦੁਹਰੁਕਤੀ ਦੇ ਸਮੁੱਚੇ ਵਰਤਾਰੇ ਦਾ ਬਹੁ ਪੱਖਾਂ ਤੋਂ ਅਧਿਐਨ ਕਰਨਾ ਵਧੇਰੇ ਸਮੇਂ ਦੀ ਮੰਗ ਕਰਦਾ ਹੈ। ਖੋਜ-ਕਾਰਜ ਦੀ ਸੀਮਾ ਅਤੇ ਸਮੇਂ ਨੂੰ ਧਿਆਨ ਵਿਚ ਰੱਖ ਕੇ ਦੁਹਰੁਕਤੀ ਦੇ ਰੂਪ ਤੇ ਪ੍ਰਕਾਰਜ ਨੂੰ ਅਧਿਐਨ ਦਾ ਮੁਖ ਕੇਂਦਰ ਬਣਾਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਦੁਹਰੁਕਤੀ' ਭਾਸ਼ਾ ਵਿਆਕਰਨ ਅਨੁਸਾਰ ਕਿਵੇਂ ਵੱਖਰੀ ਹੈ। ਦੁਹਰੁਕਤੀ ਦੇ ਕਿਹੜੇ ਰੂਪ ਜਿਆਦਾ ਵਰਤੇ ਗਏ ਹਨ, ਇਕਹਿਰੇ ਰੂਪ ਤੋਂ ਇਹਨਾਂ ਦਾ ਪ੍ਰਕਾਰਜ ਕਿਵੇਂ ਵੱਖਰਾ ਹੈ। ਦੁਹਰੁਕਤੀਯੁਕਤ ਬਣਤਰ ਵਿਚ ਵਰਤੇ ਰੂਪ ਕੋਸ਼ੀ ਅਰਥ ਤੋਂ ਬਿਨਾਂ ਕਿਹੜੀਆਂ ਅਰਥਗਤ ਇਕਾਈਆਂ ਲਈ ਕਾਰਜਸ਼ੀਲ ਹੁੰਦੇ ਹਨ। ਕਾਵਿ ਸ਼ਾਸਤਰ ਅਤੇ ਸੰਗੀਤ ਦੇ ਪੱਖ ਤੋਂ ਦੁਹਰੁਕਤੀ ਵਾਕ ਬਣਤਰ ਵਿਚ ਕਿਵੇ ਸਹਾਇਕ ਹੈ? ਕਾਵਿ ਰਚਨਾ ਵਿਚ ਕਿਵੇਂ ਮਹੱਤਵਪੂਰਨ ਹੈ? ਆਦਿ ਪੱਖਾਂ ਤੋਂ ਅਧਿਐਨ ਕੀਤਾ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ

ਭਾਸ਼ਾਈ ਸ਼ਬਦ ਸ਼੍ਰੇਣੀਆਂ ਵਿਚ 'ਨਾਂਵ' ਅਹਿਮ ਸ਼ਬਦ ਸ਼੍ਰੇਣੀ ਹੈ। ਕਿਸੇ ਭਾਸ਼ਾ ਦਾ ਸਰੂਪ ਨਿਸ਼ਚਤ ਕਰਨ ਵਿਚ ਨਾਂਵਾਂ ਦੀ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਭਾਸ਼ਾਈ ਸ਼ਬਦਾਵਲੀ ਨੂੰ ਰੂਪ ਦੇ ਆਧਾਰ 'ਤੇ ਵਿਕਾਰੀ ਅਤੇ ਅਵਿਕਾਰੀ ਵਿਚ ਵੰਡਿਆ ਜਾਂਦਾ ਹੈ। ਮੂਲ ਰੂਪ ਵਿਚ 'ਨਾਂਵ' ਵਿਕਾਰੀ ਸ਼ਬਦ ਸ਼੍ਰੇਣੀ ਹੈ। **ਪੰਜਾਬੀ ਮੈਨੂਅਲ ਅਤੇ ਗਰਾਮਰ** ਵਿਚ ਨਾਂਵ ਰੂਪਾਂਤਰਨ ਅਤੇ ਨਾਂਵ ਦੀ ਵਿਉਂਤਪਤੀ ਦਾ ਜ਼ਿਕਰ ਕੀਤਾ ਮਿਲਦਾ ਹੈ। "ਨਾਂਵ ਲਿੰਗ ਨਿਰਪੱਖ ਨਹੀਂ ਹਨ, ਇਸਦੇ ਦੋ ਲਿੰਗ : ਪੁਲਿੰਗ ਅਤੇ ਇਸਤਰੀ ਲਿੰਗ, ਦੋ ਵਚਨ : ਇਕਵਚਨ ਤੇ ਬਹੁਵਚਨ ਅਤੇ ਅੱਠ ਕਾਰਕ ਹਨ।"[1] ਸੰਸਕ੍ਰਿਤ ਵਿਚ ਤਿੰਨ 'ਲਿੰਗ' (ਪੁਲਿੰਗ, ਇਸਤਰੀ ਲਿੰਗ ਅਤੇ ਨਿਪੁੰਸਕ ਲਿੰਗ), ਤਿੰਨ 'ਵਚਨ' (ਇਕ ਵਚਨ, ਦੋ ਵਚਨ ਅਤੇ ਬਹੁਵਚਨ) ਅਤੇ ਅੱਠ 'ਕਾਰਕ' (ਕਰਤਾ, ਕਰਮ, ਕਰਨ, ਅਪਾਦਾਨ, ਸੰਪਰਦਾਨ, ਅਧਿਕਰਨ, ਸੰਬੰਧ, ਸੰਬੋਧਨ ਕਾਰਕ) ਹਨ। "ਪੰਜਾਬੀ ਭਾਸ਼ਾ ਵਿਚ ਕਰਤਾ, ਕਰਮ, ਆਪਾਦਾਨ, ਅਧਿਕਰਨ, ਕਰਨ ਅਤੇ ਸੰਪਰਦਾਨ ਛੇ ਕਾਰਕਾਂ ਦੀ ਹੋਂਦ ਸਾਕਾਰ ਹੁੰਦੀ ਹੈ।"[2] ਸੋ ਪੰਜਾਬੀ ਭਾਸ਼ਾ ਵਿਚ ਦੋ 'ਲਿੰਗ' (ਪੁਲਿੰਗ ਅਤੇ ਇਸਤਰੀ ਲਿੰਗ) ਦੋ 'ਵਚਨ' (ਇਕ ਵਚਨ, ਬਹੁਵਚਨ) ਅਤੇ ਛੇ ਕਾਰਕ ਹਨ। "ਨਾਂਵ, 'ਵਚਨ' ਅਤੇ 'ਕਾਰਕ' ਕਰਕੇ ਰੂਪਾਂਤ੍ਰਿਤ ਹੁੰਦੇ ਹਨ।"[3] ਨਾਂਵ ਰੂਪਾਂਤਰਨ ਨੂੰ ਲੈ ਕੇ ਭਾਸ਼ਾ ਵਿਗਿਆਨੀ ਇਕਮਤ ਨਹੀਂ ਹਨ। "ਪੰਜਾਬੀ ਨਾਂਵ ਦੇ ਪੁਲਿੰਗ, ਇਸਤਰੀ ਲਿੰਗ ਅਤੇ ਇਕਵਚਨ ਤੇ ਬਹੁਵਚਨ ਦੋਵੇਂ ਰੂਪ ਹਨ।"[4] ਪੰਜਾਬੀ ਨਾਂਵਾਂ ਦਾ ਰੂਪਾਂਤਰਨ 'ਲਿੰਗ, ਵਚਨ' ਅਤੇ 'ਕਾਰਕ' ਦੇ ਆਧਾਰ 'ਤੇ ਹੁੰਦਾ ਹੈ। 'ਲਿੰਗ' ਅਤੇ 'ਵਚਨ' ਦੇ ਆਧਾਰ 'ਤੇ ਬਣੇ ਨਾਂਵੀਂ ਰੂਪ 'ਕਾਰਕੀ' ਰੂਪ ਨਾਲ ਮਿਲ ਕੇ ਵਾਕ

---

1 Noun is no neuter gender, all nouns classified as masculine or femimine, two number, singular and plural, cases are eight. E.P.Newton, Punjbai Manual & Grammar, Director General of Languages Punjabi, Patiala, 1896. pn 10.

2 ਡਾ. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ,2008, ਪੰਨਾ 49.

3 Nouns are inflected for number and case, Harjeet Singh Gill & Gleason, A Reference Grammar of Punjabi, Publication Bureau, Punjabi University, Patiala, 1986, pn 4.

4 Gurinder Singh Mann & more (edt), An Introduction to Punjabi Grammar, Publication Bureau, Punjabi University, Patiala, 2011, pn 35.

ਬਣਤਰ ਅਨੁਸਾਰ ਕਾਰਜਸ਼ੀਲ ਹੁੰਦੇ ਹਨ। 'ਕਾਰਕ' ਨਾਂਵ ਦੇ ਵਿਆਕਰਨਕ ਕਾਰਜ ਨੂੰ ਅੰਕਿਤ ਕਰਦੇ ਹਨ।

'ਲਿੰਗ' ਦੇ ਆਧਾਰ 'ਤੇ: ਚਾਚਾ ਚਾਚੀ, 'ਵਚਨ' ਦੇ ਆਧਾਰ 'ਤੇ: ਮੁੰਡਾ ਮੁੰਡੇ ਆਦਿ 'ਕਾਰਕ' ਦੇ ਆਧਾਰ 'ਤੇ: 'ਗੱਡੀ' ਸਾਧਾਰਨ, 'ਗੱਡੀਓ' ਅਪਾਦਾਨ ਆਦਿ। 'ਵਿਉਂਤਪਤ ਵਧੇਤਰ' ਸ਼ਬਦ ਸਿਰਜਨਾ ਦਾ ਕਾਰਜ ਕਰਦੇ ਹਨ। "ਵਿਉਂਤਪਤੀ ਪਿਛੇਤਰ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼ਬਦ ਸ਼੍ਰੇਣੀ ਤੋਂ ਨਾਂਵਾਂ ਦਾ ਨਿਰਮਾਣ ਕਰਦੇ ਹਨ।"[5]

1. ਨਾਂਵਾਂ ਤੋਂ ਨਾਂਵਾਂ ਦਾ ਨਿਰਮਾਣ: 'ਦਾਸ ਦਾਸੀ'[6]
2. ਵਿਸ਼ੇਸ਼ਣ ਤੋਂ ਨਾਂਵਾਂ ਦਾ ਨਿਰਮਾਣ: 'ਵਡੀ ਵਡਿਆਈ'[7]
3. ਕਿਰਿਆ ਤੋਂ ਨਾਂਵਾਂ ਦਾ ਨਿਰਮਾਣ: 'ਲਿਖਤ ਲਿਖੇ'[8]

ਇਸ ਤਰ੍ਹਾਂ ਨਾਂਵ ਵਿਉਂਤਪਤੀ ਦੇ ਤਿੰਨ ਆਧਾਰ ਹਨ। ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਦੇ ਮੂਲ ਰੂਪ ਅਤੇ ਵਿਉਂਤਪਤ ਰੂਪ ਇਕਹਿਰੇ ਅਤੇ ਦੂਹਰੇ ਰੂਪ ਵਿਚ ਮਿਲਦੇ ਹਨ। 'ਨਾਂਵ' ਖੁੱਲੀ ਸ਼ਬਦ ਸ਼੍ਰੇਣੀ ਹੋਣ ਕਾਰਨ ਇਸਦੀ ਸ਼ਬਦਾਵਲੀ ਅਸੀਮਤ ਹੈ।

## ੳ. ਨਾਂਵ: ਪਰਿਭਾਸ਼ਾ ਤੇ ਰੂਪ

ਭਾਸ਼ਾ ਵਿਚ ਵਰਤੇ ਜਾਂਦੇ ਉਹ ਸ਼ਬਦ, ਜਿਹੜੇ ਕਿਸੇ ਦੇ ਨਾਮ ਦਾ ਬੋਧ ਕਰਵਾਉਂਦੇ ਹਨ, 'ਨਾਂਵ' ਹਨ।

---

5 E.P. Newton, Punjbai Manual & Grammar, Director General of Languages, Patiala, 1896, pn 260-266.

6 ਗੁਰੂ ਗ੍ਰੰਥ ਸਾਹਿਬ, ਪੰਨਾ 457.

7 ਓਹੀ, ਪੰਨਾ 305.

8 ਓਹੀ, ਪੰਨਾ 799.

"ਜਿਹੜਾ ਸ਼ਬਦ ਕਿਸੇ ਪ੍ਰਾਣੀ, ਵਸਤ, ਥਾਂ, ਗੁਣ, ਹਾਲਤ, ਵਿਚਾਰ ਆਦਿ ਦਾ ਨਾਮ ਹੋਵੇ, ਉਸਨੂੰ ਵਿਆਕਰਨ ਦੀ ਨਾਂਵ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।"[9]

**ਹਰਕੀਰਤ ਸਿੰਘ** ਅਨੁਸਾਰ ਸਮਾਜ ਵਿਚਲੇ ਹਰੇਕ ਵਰਤਾਰੇ (ਜੀਵ, ਨਿਰਜੀਵ, ਕੁਦਰਤੀ, ਸਮਾਜਿਕ) ਦੇ 'ਨਾਮ, ਭਾਵ' ਆਦਿ ਦੇ ਪ੍ਰਗਟਾਵੇ ਲਈ ਵਰਤਿਆ ਜਾਂਦਾ ਸ਼ਬਦ 'ਨਾਂਵ' ਸ਼੍ਰੇਣੀ ਦਾ ਮੈਂਬਰ ਹੈ।

'ਪੰਜਾਬੀ ਭਾਸ਼ਾ ਦਾ ਵਿਆਕਰਨ' ਭਾਗ ਪਹਿਲਾ ਵਿਚ ਨਾਂਵ ਦੀ ਪਰਿਭਾਸ਼ਾ 'ਰੂਪ, ਸਥਾਨ' ਅਤੇ 'ਕਾਰਜ' ਦੇ ਆਧਾਰ 'ਤੇ ਨਿਸ਼ਚਤ ਕੀਤੀ ਹੈ। "ਪੰਜਾਬੀ ਸ਼ਬਦਾਵਲੀ ਵਿਚ ਜਿਹਨਾਂ ਸ਼ਬਦਾਂ ਦੀ ਰੂਪਾਵਲੀ ਦੇ ਸ਼ਬਦ ਰੂਪਾਂ ਦਾ ਅੰਤ /-ਏ, -ਇਆਂ, -ਆਂ, -ਵਾਂ, -ਇਉਂ, -ਉਂ, -ਇਆ, -ਆ/ ਆਦਿ ਪਿਛੇਤਰਾਂ ਨਾਲ ਹੁੰਦਾ ਹੈ। ਉਹਨਾਂ ਨੂੰ ਨਾਂਵ ਦੀ ਸ਼ਬਦ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।"[10] ਰੂਪ ਵਜੋਂ ਨਾਂਵ ਦੀ ਪਛਾਣ ਮੂਲ ਨਾਲ ਲੱਗੇ ਅੰਤਿਮ ਪਿਛੇਤਰਾਂ ਤੋਂ ਕਰਵਾਈ ਹੈ। ਇਸ ਤੋਂ ਅੱਗੇ 'ਸਥਾਨ' ਅਤੇ 'ਕਾਰਜ' ਦੇ ਆਧਾਰ 'ਤੇ ਪਰਿਭਾਸ਼ਾ ਅੰਕਿਤ ਹੈ। "ਉਹਨਾਂ ਸਾਰੇ ਸ਼ਬਦਾਂ ਨੂੰ ਜੋ ਵਾਕ ਵਿਚ ਕਿਰਿਆ ਦੇ ਕਰਤਾ ਜਾਂ ਕਰਮ ਵਜੋਂ ਵਿਚਰਦੇ ਹਨ, ਸ਼ਬਦਾਂ ਦੀ 'ਨਾਂਵ' ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ।"[11] ਕਾਰਜ ਵਜੋਂ ਵਾਕ ਵਿਚ ਕਿਰਿਆ ਦਾ ਸੰਬੰਧ ਸਿੱਧੇ ਤੌਰ ਤੇ 'ਨਾਂਵ' (ਕਰਤਾ ਜਾਂ ਕਰਮ) ਨਾਲ ਹੁੰਦਾ ਹੈ।

**ਅ ਬੇਸਿਕ ਗਰਾਮਰ ਆਫ਼ ਮਾਡਰਨ ਹਿੰਦੀ** ਅਨੁਸਾਰ: "ਨਾਂਵ ਦੇ ਦੋ ਮੁਖ ਭੇਦ ਹਨ, ਆਮ ਨਾਂਵ ਅਤੇ ਖ਼ਾਸ ਨਾਂਵ। ਆਮ ਨਾਂਵ ਦੇ ਤਿੰਨ ਭੇਦ : ਪਦਾਰਥ ਵਾਚਕ ਨਾਂਵ, ਸਮੂਹ ਵਾਚਕ ਨਾਂਵ, ਭਾਵ ਵਾਚਕ ਨਾਂਵ ਹਨ।"[12]

ਪੰਜਾਬੀ ਵਿਆਕਰਨਾਂ ਵਿਚ ਆਮ ਤੌਰ 'ਤੇ ਨਾਂਵ ਸ਼੍ਰੇਣੀ ਦੇ ਪੰਜ ਭੇਦ ਕੀਤੇ ਹਨ:

---

9 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 13.

10 ਜੋਗਿੰਦਰ ਸਿੰਘ ਪੁਆਰ ਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ -1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992, ਪੰਨਾ 50.

11 ਓਹੀ, ਪੰਨਾ 53.

12 Aryendra Sharma, A Basic Grammar of Modern Hindi, Central Hindi Directorate, New Delhi, 1958, pn 30-31.

1. ਨਿੱਜੀ ਨਾਂਵ (ਖ਼ਾਸ ਨਾਂਵ)

2. ਜਾਤੀ ਬੋਧਕ ਨਾਂਵ

3. ਪਦਾਰਥ ਬੋਧਕ ਨਾਂਵ

4. ਸਮੂਹ ਬੋਧਕ ਨਾਂਵ

5. ਭਾਵਵਾਚੀ ਨਾਂਵ

'ਨਾਂਵ' ਦੀ ਪਰਿਭਾਸ਼ਾ ਸਮੁੱਚੇ ਸਮਾਜਿਕ ਵਰਤਾਰੇ ਦੇ 'ਨਾਂਵਾਂ, ਥਾਂਵਾਂ, ਗੁਣ, ਹਾਲਾਤ, ਭਾਵ' ਆਦਿ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ, ਜਦਕਿ ਨਾਂਵ ਦੇ ਉਪਰੋਕਤ ਭੇਦ 'ਪਰਿਭਾਸ਼ਾ' ਤੇ ਖਰੇ ਨਹੀਂ ਉਤਰਦੇ। ਪੰਜਾਬੀ ਭਾਸ਼ਾ ਵਿਆਕਰਨਾਂ ਵਿਚ ਕੀਤੀ ਗਈ 'ਨਾਂਵ' ਦੀ ਵਰਗਵੰਡ ਪੂਰਨ ਤੌਰ 'ਤੇ ਦਰੁਸਤ ਨਹੀਂ ਮੰਨੀ ਜਾ ਸਕਦੀ। ਨਾਂਵ ਦੇ ਭੇਦ ਦੀਆਂ ਕੁਝ ਖ਼ਾਮੀਆਂ ਨਜ਼ਰ ਆਉਂਦੀਆਂ ਹਨ। **ਦੁਨੀ ਚੰਦ੍ਰ**, ਦੁਆਰਾ ਕੀਤੀ ਨਾਂਵ ਦੀ ਪਰਿਭਾਸ਼ਾ ਅਤੇ ਕਿਸਮਾਂ ਵਿਚ 'ਸਥਾਨ ਵਾਚਕ' ਨਾਂਵਾਂ ਦਾ ਜ਼ਿਕਰ ਨਹੀਂ ਮਿਲਦਾ, ਬਲਕਿ ਖ਼ਾਸ ਨਾਂਵ ਦੇ ਅੰਤਰਗਤ 'ਸਥਾਨ ਵਾਚਕ ਨਾਂਵ' ਦੀਆਂ ਉਦਾਹਰਨਾਂ ਦਿੱਤੀਆਂ ਹਨ। "ਜੋ ਨਾਂਵ ਕਿਸੇ ਖ਼ਾਸ ਪਦਾਰਥ ਦਾ ਬੋਧ ਕਰਾਏ, ਉਸਨੂੰ ਖ਼ਾਸ ਨਾਂਵ ਕਹਿੰਦੇ ਹਨ, ਜਿਵੇਂ: ਹਿਮਾਲਾ, ਚੰਡੀਗੜ੍ਹ, ਬਿਆਸ, ਸੁੰਦਰ ਦਾਸ ਆਦਿ।"[13] ਦੁਨੀ ਚੰਦ੍ਰ ਨੇ ਉਦਾਹਰਨਾਂ ਵਜੋਂ ਸਥਾਨ ਵਾਚਕ ਨਾਂਵਾਂ ਦੀ ਵਰਤੋਂ ਕੀਤੀ ਹੈ। ਇਸੇ ਤਰ੍ਹਾਂ 'ਹਰਕੀਰਤ ਸਿੰਘ' ਪਰਿਭਾਸ਼ਾ ਅਤੇ ਉਦਾਹਰਨਾਂ ਵਜੋਂ 'ਸਥਾਨ ਵਾਚਕ' ਨਾਂਵਾਂ ਦੀ ਵਰਤੋਂ ਕਰਦਾ ਹੈ। ਅਜਿਹੇ ਸੰਕੇਤ ਮਾਤਰ ਇਸ਼ਾਰੇ ਤੋਂ ਬਿਨਾਂ 'ਸਥਾਨ ਵਾਚਕ' ਦੀ ਵੱਖਰੀ ਕਿਸਮ ਦਾ ਜ਼ਿਕਰ ਨਹੀਂ ਮਿਲਦਾ, ਜਦਕਿ ਨਾਂਵ ਸ਼੍ਰੇਣੀ ਵਿਚ 'ਸਥਾਨ ਵਾਚਕ' ਨਾਂਵ ਵੀ ਅਸੀਮਤ ਮਾਤਰਾ ਵਿਚ ਮਿਲਦੇ ਹਨ ਅਤੇ ਭਾਸ਼ਾ ਵਿਗਿਆਨੀ ਉਦਾਹਰਨਾਂ ਵਜੋਂ ਆਮ ਹੀ ਇਹਨਾਂ ਦੀ ਵਰਤੋਂ ਕਰ ਰਹੇ ਹਨ। ਇਸੇ ਤਰ੍ਹਾਂ ਨਾਵ ਸ਼੍ਰੇਣੀ ਦੇ ਕੁਝ ਸ਼ਬਦ ਅਜਿਹੇ ਹਨ, ਜਿਹਨਾਂ ਵੱਲ ਸੰਕੇਤ ਮਿਲਦਾ ਹੈ, ਪ੍ਰੰਤੂ ਵਿਸਤ੍ਰਿਤ ਜ਼ਿਕਰ ਨਹੀਂ। ਪੰਜਾਬੀ ਭਾਸ਼ਾ ਵਿਚ 'ਕਾਲ ਵਾਚਕ' ਨਾਂਵ ਵੀ ਵਧੇਰੇ ਮਾਤਰਾ ਵਿਚ ਵਰਤੇ ਜਾਂਦੇ ਹਨ, ਪਰ ਇਹਨਾਂ ਦਾ ਜ਼ਿਕਰ ਕਿਸੇ ਵੀ

[13] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 46.

ਵਿਆਕਰਨ ਵਿਚ ਨਹੀਂ ਮਿਲਦਾ। ਇਹ ਸਮੇਂ ਦਾ ਬੋਧ ਕਰਵਾਉਂਦੇ ਹਨ, ਇਹਨਾਂ ਦੀ ਪ੍ਰਕਿਰਤੀ ਦੇ ਆਧਾਰ 'ਤੇ ਇਹ 'ਭਾਵ ਵਾਚਕ' ਨਾਂਵਾਂ ਨਾਲ ਮਿਲਦੇ ਹਨ, ਪਰ ਅਸੀਂ ਇਹਨਾਂ ਨੂੰ ਸੁਤੰਤਰ ਸ਼੍ਰੇਣੀ ਵਜੋਂ ਵਿਚਾਰਾਂਗੇ । ਪੰਜਾਬੀ ਵਿਚ ਇਹਨਾਂ ਦੀ ਵਰਤੋਂ ਆਮ ਹੀ ਕੀਤੀ ਜਾਂਦੀ ਹੈ। ਵਾਕ ਦੇ ਪ੍ਰਸੰਗ ਵਿਚ ਇਹਨਾਂ ਦੀ 'ਸ਼੍ਰੇਣੀ' ਵਰਤੋਂ 'ਤੇ ਆਧਾਰਿਤ ਹੁੰਦੀ ਹੈ। ਇਹ 'ਨਾਂਵ' ਅਤੇ 'ਕਿਰਿਆ ਵਿਸ਼ੇਸ਼ਣ' ਦੋਹਾਂ ਸ਼੍ਰੇਣੀਆਂ ਲਈ ਵਰਤੇ ਜਾਂਦੇ ਹਨ। ਭਾਵ ਵਾਚਕ ਨਾਂਵਾਂ ਦੇ ਕੁਝ ਰੂਪ ਜਿਹੜੇ ਸ਼ੁਧ ਰੂਪ ਵਿਚ 'ਭਾਵ ਵਾਚਕ' ਨਹੀਂ ਹਨ।

ਸੋ ਨਾਂਵ ਵਰਗੀਕਰਨ ਦੀਆਂ ਅਜਿਹੀਆਂ ਤਰੁੱਟੀਆਂ ਕਾਰਨ ਹਥਲੇ ਖੋਜ-ਕਾਰਜ ਵਿਚ ਨਾਂਵ ਦੀ ਪਹਿਲਾਂ ਕੀਤੀ ਵਰਗਵੰਡ ਦੇ ਹਵਾਲੇ ਨਾਲ 'ਪਰਿਭਾਸ਼ਾ, ਅਰਥ ਅਤੇ ਵਰਤੋਂ' ਨੂੰ ਆਧਾਰ ਬਣਾ ਕੇ 'ਨਾਂਵ ਸ਼੍ਰੇਣੀ' ਦੀ ਨਵੀਂ ਵਰਗਵੰਡ ਕਰਨ ਦਾ ਯਤਨ ਕੀਤਾ ਗਿਆ ਹੈ।

## ਅ. ਨਾਂਵ ਦੇ ਭੇਦ

**3.1. ਵਰਤੋਂ ਦੇ ਆਧਾਰ 'ਤੇ**

**3.2. ਅਰਥ ਦੇ ਆਧਾਰ 'ਤੇ**

ਵਰਤੋਂ ਦੇ ਆਧਾਰ 'ਤੇ ਨਾਂਵ ਦੇ ਦੋ ਭੇਦ: ਆਮ ਨਾਂਵ ਅਤੇ ਖ਼ਾਸ ਨਾਂਵ ਹਨ।

**3.1.I. ਆਮ ਨਾਂਵ:-** "ਜਿਸ ਨਾਂਵ ਤੋਂ ਸਾਰੇ ਪਦਾਰਥਾਂ ਦਾ ਜਾਂ ਇਕ ਇਕ ਪਦਾਰਥ ਦਾ ਬੋਧ ਹੋਵੇ, ਉਸਨੂੰ 'ਜਾਤੀ ਵਾਚਕ' ਨਾਂਵ ਆਖਦੇ ਹਨ।"[14] ਆਮ ਨਾਂਵ ਪੂਰੀ ਜਾਤੀ ਲਈ ਜਾਂ ਇਕੱਲੇ 'ਵਿਅਕਤੀ, ਸਥਾਨ, ਵਸਤ, ਪਸ਼ੂ, ਪੰਛੀ' ਆਦਿ ਲਈ ਵਰਤੇ ਜਾਂਦੇ ਹਨ। ਵਸਤੂ ਵਾਚਕ ਅਤੇ ਭਾਵ ਵਾਚਕ ਨਾਂਵ ਵੀ ਆਮ ਨਾਂਵ ਦੀ ਸ਼੍ਰੇਣੀ ਵਿਚ ਆਉਂਦੇ ਹਨ।

---

[14] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 47.

**3.1.II. ਖ਼ਾਸ ਨਾਂਵ:-** ਇਹ ਵਿਸ਼ੇਸ਼ ਨਾਮ ਦਾ ਬੋਧ ਕਰਵਾਉਂਦੇ ਹਨ। "ਜੋ ਨਾਂਵ ਕਿਸੇ ਖ਼ਾਸ ਪਦਾਰਥ ਦਾ ਬੋਧ ਕਰਾਏ, ਉਸਨੂੰ 'ਖ਼ਾਸ ਨਾਂਵ' ਕਹਿੰਦੇ ਹਨ।"[15] ਖ਼ਾਸ ਨਾਂਵ ਵਿਅਕਤੀ ਜਾਂ ਸਥਾਨ ਦੇ ਨਿੱਜੀ ਨਾਂਵ ਹਨ। ਇਸ ਤਰ੍ਹਾਂ ਸ਼ੁੱਧ ਰੂਪ ਵਿਚ ਇਹ 'ਵਿਅਕਤੀ ਵਾਚਕ' ਅਤੇ 'ਸਥਾਨ ਵਾਚਕ' ਨਾਂਵ ਲਈ ਵਰਤੇ ਜਾਂਦੇ ਹਨ। ਸਮਾਜਿਕ ਵਰਤਾਰੇ ਵਿਚ ਕਈ ਵਾਰ ਹੋਰ ਜੀਵਾਂ ਲਈ ਵੀ 'ਖ਼ਾਸ ਨਾਂਵਾਂ' ਦੀ ਵਰਤੋਂ ਕਰ ਲਈ ਜਾਂਦੀ ਹੈ, ਜਿਵੇਂ: 'ਮੋਤੀ, ਸ਼ੇਰੂ' ਕਿਸੇ ਕੁੱਤੇ ਦੇ ਖ਼ਾਸ ਨਾਮ ਹੋ ਸਕਦੇ ਹਨ। ਜਿਸ ਤਰ੍ਹਾਂ ਵਿਅਕਤੀ ਜਾਂ ਸਥਾਨ ਦਾ ਨਿੱਜੀ ਨਾਂਵ ਹੋਣਾ ਲਾਜ਼ਮੀ ਹੈ, ਜਾਨਵਰਾਂ ਲਈ ਇਸਦੀ ਵਰਤੋਂ ਲਾਜ਼ਮੀ ਨਹੀਂ। ਇਸ ਕਾਰਨ ਅਜਿਹੇ ਨਾਂਵਾਂ ਦੀ ਵਰਤੋਂ ਵਿਆਪਕ ਰੂਪ ਵਿਚ ਨਹੀਂ, ਬਲਕਿ ਬਹੁਤ ਸੀਮਿਤ ਰੂਪ ਵਿਚ ਕੀਤੀ ਜਾਂਦੀ ਹੈ।

### 3.2. ਅਰਥ ਦੇ ਆਧਾਰ 'ਤੇ ਨਾਂਵ ਦੇ ਭੇਦ

ਅਰਥ ਦੇ ਆਧਾਰ 'ਤੇ ਨਾਂਵ ਦੇ ਛੇ ਭੇਦ ਕੀਤੇ ਹਨ।

**3.2.I. ਜਾਤੀ ਵਾਚਕ ਨਾਂਵ**

**3.2.II. ਸਮੂਹ ਵਾਚਕ ਨਾਂਵ**

**3.2.III. ਵਸਤੂ ਵਾਚਕ ਨਾਂਵ**

**3.2.IV. ਭਾਵ ਵਾਚਕ ਨਾਂਵ**

**3.2.V. ਸਥਾਨ ਵਾਚਕ ਨਾਂਵ**

**3.2.VI. ਕਾਲ ਵਾਚਕ ਨਾਂਵ**

**3.2.I. ਜਾਤੀ ਵਾਚਕ ਨਾਂਵ:-** 'ਮਾਨਵ ਜਾਤੀ' ਅਤੇ 'ਜੀਵ ਜੰਤੂਆਂ' ਲਈ ਵਰਤੇ ਜਾਂਦੇ ਨਾਂਵ 'ਜਾਤੀ ਵਾਚਕ' ਨਾਂਵ ਦੀ ਸ਼੍ਰੇਣੀ ਵਿਚ ਆਉਂਦੇ ਹਨ। ਵਰਤੋਂ ਦੇ ਆਧਾਰ 'ਤੇ ਜਾਤੀ ਵਾਚਕ ਨਾਂਵ ਦੀਆਂ ਅੱਗੋਂ 'ਆਮ

[15] ਓਹੀ, ਪੰਨਾ 47.

ਨਾਂਵ' ਅਤੇ 'ਖ਼ਾਸ ਨਾਂਵ' ਦੋ ਸ਼੍ਰੇਣੀਆਂ ਬਣਦੀਆਂ ਹਨ। ਮਨੁੱਖ ਆਮ ਨਾਂਵ ਹੈ, **ਹਰਨਾਖਸ** ਮਨੁੱਖ ਜਾਤੀ ਦਾ ਖ਼ਾਸ ਨਾਂਵ ਹੈ। ਜਾਤੀ ਵਾਚਕ ਵਿਚ 'ਖ਼ਾਸ ਨਾਂਵ' ਕੇਵਲ ਮਨੁੱਖ ਦੇ ਨਿੱਜੀ ਨਾਮ ਲਈ ਵਰਤੇ ਜਾਂਦੇ ਹਨ।

**3.2.II. ਸਮੂਹ ਵਾਚਕ ਨਾਂਵ:-** ਸਮੂਹ ਵਾਚਕ ਨਾਂਵ 'ਜਾਤੀ ਵਾਚਕ' ਨਾਂਵ ਅਤੇ 'ਵਸਤੂ ਵਾਚਕ' ਨਾਂਵ ਵਿਚ ਵਰਤੇ ਜਾਂਦੇ ਹਨ। ਜਾਤੀ ਵਾਚਕ ਨਾਂਵ ਵਿਚ ਮਨੁੱਖਾਂ ਅਤੇ ਪਸ਼ੂ, ਪੰਛੀਆਂ ਦੇ ਸਮੂਹ, 'ਸਮੂਹ ਵਾਚਕ' ਨਾਂਵ ਹਨ। ਜਿਵੇਂ 'ਜੰਞ, ਸੈਨਾ' ਮਨੁੱਖ ਜਾਤੀ ਦੇ ਸਮੂਹ ਵਾਚਕ ਨਾਂਵ 'ਵਗ, ਝੁੰਡ, ਡਾਰ, ਪਸ਼ੂ, ਪੰਛੀਆਂ' ਦੇ ਸਮੂਹ ਵਾਚਕ ਨਾਂਵ ਹਨ।

**3.2.III. ਵਸਤੂ ਵਾਚਕ ਨਾਂਵ :-** ਉਹ ਨਾਮ ਜਿਹੜੇ ਪਦਾਰਥਕ ਵਸਤਾਂ ਲਈ ਵਰਤੇ ਜਾਂਦੇ ਹਨ। ਮੂਲ ਰੂਪ ਵਿਚ ਇਹ ਆਮ ਨਾਂਵ ਹਨ, ਪਰ ਵਰਤੋਂ ਦੇ ਆਧਾਰ 'ਤੇ ਕਿਸੇ ਵਸਤੂ ਦਾ ਵੀ ਖ਼ਾਸ ਨਾਮ ਰੱਖਿਆ ਜਾ ਸਕਦਾ ਹੈ। ਜਿਵੇਂ 'ਹਾਵੜਾ' ਜਾਂ 'ਇੰਟਰ ਸਿਟੀ' ਟ੍ਰੇਨ ਆਦਿ। ਇਹਨਾਂ ਦੀ ਖ਼ਾਸ ਨਾਂਵ ਵਜੋਂ ਵਰਤੋਂ ਲਈ ਆਮ ਨਾਂਵ ਨਾਲ ਖ਼ਾਸ ਨਾਂਵ ਦੀ ਵਰਤੋਂ ਲਾਜ਼ਮੀ ਹੈ। ਦੋ ਨਾਂਵਾਂ ਦੀ ਇਕੱਠੀ ਵਰਤੋਂ ਕੀਤੀ ਜਾਂਦੀ ਹੈ। ਵਸਤੂਆਂ ਦੀ ਵਿਭਿੰਨਤਾ ਦੇ ਆਧਾਰ 'ਤੇ ਇਸ ਦੀਆਂ ਅੱਗੇ ਹੋਰ ਕਿਸਮਾਂ ਹੋ ਸਕਦੀਆਂ ਹਨ: 'ਬਨਸਪਤੀ, ਧਾਤਾਂ, ਤਰਲ ਪਦਾਰਥ, ਆਵਾਜਾਈ ਦੇ ਸਾਧਨ, ਕਿੱਤਿਆ ਨਾਲ ਸੰਬੰਧਿਤ ਸੰਦਾਂ ਦੀ ਸ਼ਬਦਾਵਲੀ, ਗਹਿਣੇ' ਆਦਿ।

**3.2.IV. ਭਾਵ ਵਾਚਕ ਨਾਂਵ :-** ਨਾਂਵ ਦੇ ਉਹ ਭੇਦ ਜਿਹੜੇ ਕੇਵਲ ਮਹਿਸੂਸ ਕੀਤੇ ਜਾ ਸਕਦੇ ਹਨ, 'ਭਾਵ ਵਾਚਕ' ਨਾਂਵ ਹਨ। "ਜਿਨ੍ਹਾਂ ਵਸਤਾਂ ਨੂੰ ਅਸੀਂ ਹੱਥ ਨਾਲ ਛੂਹ ਨਹੀਂ ਸਕਦੇ ਤੇ ਜਿਨ੍ਹਾਂ ਦਾ ਕੋਈ ਆਕਾਰ ਨਹੀਂ, ਅਥਵਾ ਜੋ ਸਥਾਨ ਨਹੀਂ ਘੇਰਦੀਆਂ। ਉਹਨਾਂ ਨੂੰ ਭਾਵ ਵਾਚੀ ਨਾਂਵ ਕਿਹਾ ਜਾਂਦਾ ਹੈ। "[16] ਇਹ ਇੰਦਰੀਆਂ ਦੁਆਰਾ ਗ੍ਰਹਿਣ/ ਮਹਿਸੂਸ ਕੀਤੇ ਜਾਂਦੇ ਹਨ। ਇਸ ਲਈ ਵੱਖ ਵੱਖ ਗਿਆਨ ਇੰਦਰੀਆਂ ਦੁਆਰਾ ਅਨੁਭਵ ਕੀਤੇ ਜਾਣ ਵਾਲੇ ਸਾਰੇ ਨਾਂਵ ਜਿਨ੍ਹਾਂ ਦੀ ਕੋਈ ਸਥੂਲ/ ਵਸਤੂ ਮੂਲਕ ਹੋਂਦ ਨਹੀਂ, ਉਹਨਾਂ ਨੂੰ ਭਾਵ ਵਾਚਕ ਨਾਂਵ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਭਾਵ ਵਾਚਕ ਨਾਂਵ ਦੇ ਦੋ ਉਪਭੇਦ ਹਨ:

---

[16] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 36.

i. **ਸ਼ੁੱਧ ਭਾਵ ਵਾਚਕ ਨਾਂਵ**

ii. **ਅਲਪ ਭਾਵ ਵਾਚਕ ਨਾਂਵ**

i. **ਸ਼ੁੱਧ ਭਾਵ ਵਾਚਕ ਨਾਂਵ:-** ਰੂਪ ਰਹਿਤ ਅਮੂਰਤ ਨਾਂਵ, ਜਿਹਨਾਂ ਨੂੰ ਕੇਵਲ ਮਹਿਸੂਸ ਕੀਤਾ ਜਾ ਸਕੇ **ਸ਼ੁੱਧ ਭਾਵ ਵਾਚਕ** ਨਾਂਵ ਹਨ। ਇਹ ਭਾਵਾਤਮਕ ਜਾਂ ਗੁਣਾਤਮਕ ਹੁੰਦੇ ਹਨ। ਜਿਵੇਂ 'ਦੁਖ, ਸੁਖ, ਭੁਖ, ਮੋਹ, ਕ੍ਰੋਧ, ਗਰਬਿ, ਹੰਕਾਰ, ਖ਼ੁਸ਼ੀ, ਗ਼ਮੀ' ਆਦਿ।

ii. **ਅਲਪ ਭਾਵ ਵਾਚਕ ਨਾਂਵ:-** ਪੰਜਾਬੀ ਭਾਸ਼ਾ ਵਿਚ ਕੁਝ ਅਜਿਹੇ ਸ਼ਬਦ ਮਿਲਦੇ ਹਨ, ਜਿਹਨਾਂ ਦੀ ਹੋਂਦ ਥੋੜਚਿਰੀ ਹੈ, ਇਹਨਾਂ ਨੂੰ ਮਹਿਸੂਸ ਕਰਨ ਦੇ ਨਾਲ ਨਾਲ ਵੇਖਿਆ ਵੀ ਜਾ ਸਕਦਾ ਹੈ। ਇਹਨਾਂ ਦੀ ਸਥੂਲ ਹੋਂਦ ਕਾਰਨ ਇਹ ਸ਼ੁੱਧ ਭਾਵ ਵਾਚਕ ਤੋਂ ਵੱਖਰੇ ਹਨ। ਇਹ ਪ੍ਰਕਿਰਤਕ ਜਾਂ ਸਮਾਜਿਕ ਪ੍ਰਸਥਿਤੀਆਂ ਦੇ ਅਨੁਸਾਰ ਹੋਂਦ ਗ੍ਰਹਿਣ ਕਰਦੇ ਹਨ ਅਤੇ ਸਮਾਂ ਪਾ ਕੇ ਅਸਤ ਹੋ ਜਾਂਦੇ ਹਨ। ਜਿਵੇਂ 'ਚਾਨਣ, ਹਨ੍ਹੇਰਾ, ਧੁੱਪ, ਛਾਂ, ਸੋਕਾ, ਲਹਿਰਾਂ' ਆਦਿ। ਪੰਜਾਬੀ ਭਾਸ਼ਾ ਵਿਗਿਆਨੀਆਂ ਨੇ ਅਜਿਹੇ ਨਾਂਵਾਂ 'ਤੇ ਪ੍ਰਸ਼ਨ ਚਿੰਨ ਲਾਏ ਹਨ। ਅਜਿਹੇ ਨਾਂਵ 'ਨਾਂਵਾਂ' ਦੇ ਕਿਸੇ ਹੋਰ ਭੇਦ ਵਿਚ ਨਹੀਂ ਸਮਾਉਂਦੇ। ਸੋ ਇਸ ਖੋਜ-ਕਾਰਜ ਵਿਚ ਇਹਨਾਂ ਦੇ ਅਰਥ ਅਤੇ ਹੋਂਦ ਦੇ ਆਧਾਰ 'ਤੇ ਇਹਨਾਂ ਨਾਂਵਾਂ ਨੂੰ 'ਅਲਪ ਭਾਵ ਵਾਚਕ' ਦਾ ਨਾਮ ਦਿੱਤਾ ਹੈ।

**3.2.V. ਸਥਾਨ ਵਾਚਕ ਨਾਂਵ :-** ਕਿਸੇ ਸਥਾਨ ਨਾਲ ਸੰਬੰਧਿਤ ਨਾਂਵ 'ਸਥਾਨ ਵਾਚਕ' ਨਾਂਵ ਹਨ। ਨਦੀ\ ਦਰਿਆ, ਪਰਬਤ ਆਦਿ ਵੀ ਕਿਸੇ ਸਥਾਨ ਤੇ ਸਥਿਤ ਹੋਣ ਕਾਰਨ ਇਹਨਾਂ ਨੂੰ 'ਸਥਾਨ ਵਾਚਕ' ਨਾਂਵ ਹੀ ਕਿਹਾ ਜਾਵੇਗਾ। ਵਰਤੋਂ ਦੇ ਆਧਾਰ 'ਤੇ ਇਸ ਦੇ ਦੋ ਭੇਦ 'ਆਮ ਨਾਂਵ' ਅਤੇ 'ਖ਼ਾਸ ਨਾਂਵ' ਹਨ।

i. **ਸਥਾਨ ਵਾਚਕ ਆਮ ਨਾਂਵ:-** ਉਹ ਨਾਂਵ ਜਿਹੜੇ ਕਿਸੇ 'ਵਿਸ਼ੇਸ਼ ਸਥਾਨ' ਨਾਲ ਸੰਬੰਧਿਤ ਨਾ ਹੋ ਕੇ ਸਗੋਂ ਸਾਂਝੇ ਰੂਪ ਵਿਚ ਵਰਤੇ ਜਾਂਦੇ ਹਨ 'ਆਮ ਨਾਂਵ' ਹਨ। ਆਮ ਨਾਂਵ ਵਜੋਂ ਇਹ ਇਕਹਿਰੇ ਰੂਪ ਵਿਚ ਵਰਤੇ ਜਾਂਦੇ ਹਨ, ਪਰ ਖ਼ਾਸ ਨਾਂਵ ਵਜੋਂ ਇਹਨਾਂ ਨਾਲ ਕਿਸੇ ਖ਼ਾਸ ਨਾਂਵ ਦੀ ਵਰਤੋਂ ਕੀਤੀ ਜਾਂਦੀ ਹੈ। ਆਮ ਨਾਂਵ ਤੋਂ ਖ਼ਾਸ ਨਾਂਵ ਬਣਾਉਣ ਦੀ ਇਹ ਇਕ ਜੁਗਤ ਹੈ। ਆਮ ਨੂੰ ਖ਼ਾਸ ਬਣਾਉਣ ਲਈ ਆਮ ਨਾਂਵ ਨਾਲ ਸਥਾਨ ਦੇ ਖ਼ਾਸ/ ਨਿੱਜੀ ਨਾਮ ਦੀ ਵਰਤੋਂ ਕੀਤੀ ਜਾਂਦੀ ਹੈ:

ਤੂੰ ਮੇਰੋ **ਮੇਰੁ** ਪਰਬਤੁ ਸੁਆਮੀ ਓਟ ਗਹੀ ਮੈ ਤੇਰੀ ॥ (ਕਬੀਰ) ਅੰਗ ੯੬੯

**ਲਾਹੌਰ** ਸਹਰੁ ਜਹਰੁ ਕਹਰੁ ਸਵਾ ਪਹਰੁ ॥ (ਮਃ ੧) ਅੰਗ ੧੪੧੨

**ਪਰਬਤ** ਅਤੇ **ਸਹਰੁ** ਆਮ ਨਾਂਵ ਹਨ, ਇਹਨਾਂ ਨਾਲ **ਮੇਰੁ** ਅਤੇ **ਲਾਹੌਰ** ਖ਼ਾਸ ਨਾਂਵ ਦੀ ਵਰਤੋਂ ਨਾਲ ਇਹ 'ਖ਼ਾਸ ਨਾਂਵ' ਦੇ ਅਰਥ ਦੇ ਰਹੇ ਹਨ। 'ਨਗਰ, ਗ੍ਰਾਮ, ਨਦੀ, ਸਾਗਰ, ਮੈਦਾਨੁ, ਬਨ, ਜੰਗਲੁ' ਆਦਿ 'ਆਮ ਨਾਂਵ' ਹਨ।

ii. **ਸਥਾਨ ਵਾਚਕ ਖ਼ਾਸ ਨਾਂਵ:-** ਕਿਸੇ ਸਥਾਨ ਦਾ ਵਿਸ਼ੇਸ਼ ਨਾਮ ਸਥਾਨ ਵਾਚਕ 'ਖ਼ਾਸ ਨਾਂਵ' ਹੈ। ਜਿਵੇਂ 'ਪ੍ਰਾਗ, ਮਕਾ, ਕੇਦਾਰ, ਲਾਹੌਰ, ਮੇਰੁ, ਗੰਗਾ' ਆਦਿ ਦੀ ਵਰਤੋਂ ਵਿਸ਼ੇਸ਼ ਸਥਾਨ ਲਈ ਕੀਤੀ ਜਾਂਦੀ ਹੈ।

**3.2.VI. ਕਾਲ ਵਾਚਕ ਨਾਂਵ :-** ਕਾਲ ਨੂੰ ਸ਼ਬਦਾਂ ਰਾਹੀਂ ਦਰਸਾਉਂਦੇ ਸ਼ਬਦ 'ਕਾਲ ਵਾਚਕ' ਨਾਂਵ ਹਨ। ਪੰਜਾਬੀ ਭਾਸ਼ਾ ਵਿਚ ਕਾਲ ਵਾਚਕ ਸ਼ਬਦਾਵਲੀ ਮਿਲਦੀ ਹੈ , ਪਰ ਕਾਲ ਵਾਚਕ ਦੀ ਸ਼੍ਰੇਣੀ ਨਹੀਂ ਮਿਲਦੀ । ਕਾਲ ਵਾਚਕ ਨਾਂਵਾਂ ਦੀ ਪ੍ਰਵਿਰਤੀ 'ਭਾਵ ਵਾਚਕ' ਨਾਂਵਾਂ ਨਾਲ ਮਿਲਦੀ ਹੈ। ਵਰਤੋਂ ਦੇ ਪ੍ਰਸੰਗ ਵਿਚ ਇਹ ਕਿਰਿਆ ਨਾਲ ਕਿਰਿਆ ਦੀ ਵਿਸ਼ੇਸ਼ਤਾ ਦਾ ਪ੍ਰਕਾਰਜ ਕਰਦੇ ਹਨ। ਮੂਲ ਰੂਪ ਵਿਚ ਇਹ ਨਾਂਵ ਸ਼੍ਰੇਣੀ ਦੇ ਸ਼ਬਦ ਹਨ।

ਉਪਰੋਕਤ ਨਾਂਵ ਦੀ ਪਰਿਭਾਸ਼ਾ ਅਤੇ ਸ਼ਬਦਾਵਲੀ ਦੇ ਆਧਾਰ 'ਤੇ ਨਾਂਵ ਦੀਆਂ ਕਿਸਮਾਂ ਦੀ ਨਵੇਂ ਸਿਰੇ ਤੋਂ ਵਰਗਵੰਡ ਕੀਤੀ ਗਈ ਹੈ। ਨਾਂਵ ਸ਼ਬਦਾਵਲੀ ਦਾ ਵਰਤਾਰਾ ਅਸੀਮ ਹੈ। ਇਸਦੀ ਸਮੁੱਚੀ ਸ਼ਬਦਾਵਲੀ ਦੇ ਵਿਭਿੰਨ ਉਪਵਰਗ ਬਣਦੇ ਹਨ। ਇਹਨਾਂ ਉਪਵਰਗਾਂ ਦਾ ਜ਼ਿਕਰ ਨਹੀਂ ਕੀਤਾ, ਬਲਕਿ ਵਰਗਵੰਡ ਦੇ ਅੰਤਰਗਤ ਮੁਖ ਕਿਸਮਾਂ ਨੂੰ ਵਿਚਾਰਿਆ ਗਿਆ ਹੈ। ਭਾਸ਼ਾ ਦੀਆਂ ਉਹ ਸ਼੍ਰੇਣੀਆਂ ਜਿਹੜੀਆਂ ਕਿਸੇ ਦੂਜੀ ਭਾਸ਼ਾ ਦੇ ਸ਼ਬਦਾਂ ਨੂੰ ਆਪਣੇ ਵਿਚ ਆਸਾਨੀ ਨਾਲ ਜਜ਼ਬ ਕਰ ਲੈਂਦੀਆ ਹਨ, 'ਖੁੱਲੀਆਂ ਸ਼ਬਦ ਸ਼੍ਰੇਣੀਆਂ' ਹਨ। ਗੁਰੂ ਗ੍ਰੰਥ ਸਾਹਿਬ ਵਿਚ ਵੀ ਨਾਂਵ ਸ਼ਬਦਾਵਲੀ ਅਸੀਮਤ ਰੂਪ ਵਿਚ ਮਿਲਦੀ ਹੈ। ਜਿਵੇਂ: 'ਪੂਤਨਾ, ਹਰਨਾਖਸ, ਪ੍ਰਹਿਲਾਦੁ, ਬਲਰਾਮ, ਸੱਤਾ, ਬਲਵੰਡ' (ਖਾਸ ਨਾਂਵ) 'ਗਊ, ਭੈਸ, ਗਾਇਤ੍ਰੀ, ਕੋਇਲ, ਕੁੱਤੇ, ਬਰਦ, ਖਰ, ਗਜ, ਮੀਨ, ਪਾਖਨ, ਸੂਆ, ਚਟਾਰਾ, ਕੁੰਚਰ, ਜੋਇ, ਕਲਤੁ, ਭ੍ਰਾਤਾ, ਸਖੀ' ਆਦਿ

(ਆਮ ਨਾਂਵ), 'ਦੁਖੁ, ਸੁਖੁ, ਹਰਖੁ, ਮੋਹੁ, ਵੈਰਾਗੁ, (ਭਾਵ ਵਾਚਕ ਨਾਂਵ), 'ਧੂਪੁ, ਛਾਵ, ਹਨੇਰਾ, ਚਾਨਣੁ, ਲਹਿਰ' ਆਦਿ (ਅਲਪ ਭਾਵ ਵਾਚਕ ਨਾਂਵ), 'ਜੰਞ, ਵਗ' (ਸਮੂਹ ਵਾਚਕ ਨਾਂਵ), 'ਦੂਧੁ, ਘੀਉ, ਮਾਖਨੁ, ਪਾਣੀ, ਕੰਬਲੜੀ, ਰੋਟੀ, ਕਾਠਿ' (ਵਸਤੂ ਵਾਚਕ ਨਾਂਵ), 'ਘਰਿ, ਗ੍ਰਾਮ, ਨਗਰਿ, ਭਵਨ, ਮੈਦਾਨੁ' ਆਦਿ (ਸਥਾਨ ਵਾਚਕ ਆਮ ਨਾਂਵ), 'ਸਰਸਵਤੀ, ਪ੍ਰਾਗ, ਕੇਦਾਰ, ਅਯੋਧਿਆ, ਹਰਿਦੁਆਰ' (ਸਥਾਨ ਵਾਚਕ ਖ਼ਾਸ ਨਾਂਵ), 'ਚਸਾ, ਖਿਨੁ, ਪਲੁ, ਬਿੰਦੁ, ਦਿਨੁ, ਪਹਿਰੁ, ਨਿਮਖੁ' (ਕਾਲ ਵਾਚਕ ਨਾਂਵ) ਆਦਿ । ਇਹਨਾਂ ਵਿਚ ਵਿਭਿੰਨ ਭਾਸ਼ਾਵਾਂ ਦੇ ਬਹੁਤ ਸਾਰੇ ਨਾਂਵ ਸ਼ਾਮਿਲ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੀ ਸ਼ਬਦਾਵਲੀ ਦੀ ਵਰਤੋਂ ਕਾਰਨ ਅਤੇ ਨਾਂਵ ਦੇ ਖੁੱਲੀ ਸ਼ਬਦ ਸ਼੍ਰੇਣੀ ਹੋਣ ਕਾਰਨ ਪਰਮਾਤਮਾ ਦੇ ਨਿਰਗੁਣ ਸਰੂਪ ਲਈ ਭਾਸ਼ਾਈ ਵਿਭਿੰਨਤਾ ਦ੍ਰਿਸਟੀਗੋਚਰ ਹੁੰਦੀ ਹੈ। ਜਿਵੇਂ 'ਰਾਮ ਰਾਮ, ਗੋਵਿਦੁ ਗੋਵਿਦੁ' ਆਦਿ।

## ੲ. ਨਾਂਵ ਦੁਹਰੁਕਤੀ: ਪਰਿਭਾਸ਼ਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ

> ਰੂਪਗਤ ਦੁਹਰੁਕਤੀ ਦੇ ਅੰਤਰਗਤ ਇਕ ਨਾਂਵ ਰੂਪ ਦੀ ਇਕ ਵਾਕੰਸ਼ ਇਕਾਈ ਵਿਚ ਦੂਹਰੀ ਵਰਤੋਂ ਨਾਂਵ ਦੁਹਰੁਕਤੀ ਹੈ। ਇਕ ਨਾਂਵ ਰੂਪ ਦੂਹਰੇ ਰੂਪ ਵਿਚ ਇਕ ਇਕਾਈ ਦਾ ਕਾਰਜ ਕਰਦਾ ਹੈ।

**ਗੁਰੂ ਗ੍ਰੰਥ ਸਾਹਿਬ ਵਿਚ ਨਾਂਵ ਦੁਹਰੁਕਤੀ ਦੇ ਭੇਦ:**

**I. ਖ਼ਾਸ ਨਾਂਵ ਦੁਹਰੁਕਤੀ :-** ਖ਼ਾਸ ਨਾਂਵਾਂ ਦਾ ਦੁਹਰਾਉ ਨਹੀਂ ਕੀਤਾ ਜਾਂਦਾ । ਕਾਵਿ ਭਾਸ਼ਾ ਦੀ ਆਪਣੀ ਸਿਰਜਨਾ ਵਿਧੀ ਹੈ, ਸੋ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਵਿਚ ਵਿਅਕਤੀ ਵਾਚਕ ਖ਼ਾਸ ਨਾਂਵਾਂ ਦਾ ਦੁਹਰਾਉ ਪਰਮਾਤਮਾ ਦੇ ਨਿਰਗੁਣ ਸਰੂਪ ਲਈ ਕੀਤਾ ਮਿਲਦਾ ਹੈ। ਇਹਨਾਂ ਨਾਂਵਾਂ ਵਿਚ ਰੂਪਗਤ ਵਿਭਿੰਨਤਾ ਮਿਲਦੀ ਹੈ। ਬਹੁ ਧਰਮਾਂ ਦੇ ਪਿਛੋਕੜ ਕਾਰਨ ਅਤੇ ਵਧੇਰੇ ਭਾਸ਼ਾਵਾਂ ਦੀ ਵਰਤੋਂ ਕਾਰਨ ਇਸਦੇ ਵਿਭਿੰਨ ਰੂਪ ਮਿਲਦੇ ਹਨ। ਰੂਪਕ ਪੱਖ ਤੋਂ ਇਹਨਾਂ ਨਾਂਵਾਂ ਵਿਚ ਵਿਭਿੰਨਤਾ ਹੈ, ਅਰਥ ਵਜੋਂ ਇਕ ਹੀ ਅਰਥ ਦਾ ਸੰਚਾਰ ਕਰ ਰਹੇ ਹਨ। 'ਹਰਿ ਹਰਿ, ਰਾਮ ਰਾਮ, ਗੋਬਿਦੁ ਗੋਬਿਦੁ, ਗੋਵਿਦੁ ਗੋਵਿਦੁ' ਵਿਭਿੰਨ ਦੁਹਰੁਕਤੀਯੁਕਤ ਖ਼ਾਸ ਨਾਂਵ ਪਰਮਾਤਮਾ ਦੇ ਨਿਰਗੁਣ ਸਰੂਪ ਦਾ ਸੰਚਾਰ ਕਰ ਰਹੇ ਹਨ। ਇਹਨਾਂ ਦੀ

ਆਪਣੀ ਇਕ ਅਰਥ ਜੁਗਤ ਹੈ। ਇਹਨਾਂ ਦੇ ਰੂਪ ਵਿਚ ਮੂਲ ਅਰਥ ਵੱਲ ਇਸ਼ਾਰਾ/ ਸੰਕੇਤ ਮਿਲਦਾ ਹੈ। ਗੁਣਾਤਮਕ ਪ੍ਰਕਾਰਜ ਦੇ ਆਧਾਰ 'ਤੇ ਇਹਨਾਂ ਦੇ ਅਰਥ ਸਿਰਜੇ ਜਾ ਸਕਦੇ ਹਨ, ਪ੍ਰੰਤੂ ਇਹ ਇਕ ਹੀ ਵਿਆਪਕ ਹਸਤੀ ਲਈ ਵਰਤੇ ਗਏ 'ਨਾਂਵ' ਰੂਪ ਹਨ:

**ਹਰਿ ਹਰਿ** ਨਾਮੁ ਧਿਆਈਐ ਜਿਸ ਨਉ ਕਿਰਪਾ ਕਰੇ ਰਜਾਇ ॥ (ਮਃ ੩) ਅੰਗ ੨੮

**ਹਰਿ ਹਰਿ** ਨਾਮੁ ਜਪੇ ਆਰਾਧੇ ਵਿਚਿ ਅਗਨੀ ਹਰਿ ਜਪਿ ਜੀਵਿਆ ॥ (ਮਃ ੪) ਅੰਗ ੭੬

**ਹਰਿ ਹਰਿ** ਨਾਮੁ ਜਪਹੁ ਮਨ ਮੇਰੇ ਜਿਤੁ ਸਦਾ ਸੁਖੁ ਹੋਵੈ ਦਿਨੁ ਰਾਤੀ ॥ (ਮਃ ੪) ਅੰਗ ੮੮

**ਹਰਿ ਹਰਿ** ਉਤਮੁ ਨਾਮੁ ਹੈ ਜਿਨਿ ਸਿਰਿਆ ਸਭੁ ਕੋਇ ਜੀਉ ॥ (ਮਃ ੪) ਅੰਗ ੮੧

ਉਪਰੋਕਤ ਉਦਾਹਰਨਾਂ ਵਿਚ **ਹਰਿ ਹਰਿ** ਦੁਹਰੁਕਤੀਯੁਕਤ ਰੂਪ ਹਰਿ 'ਤੇ ਦਬਾਉ ਕਾਰਨ ਜਾਪ ਵਿਧੀ ਦੀ ਨਿਰੰਤਰਤਾ ਦਾ ਪ੍ਰਕਾਰਜ ਕਰ ਰਹੇ ਹਨ। ਹਰਿ ਦਾ ਇਕਹਿਰਾ ਰੂਪ ਸਥਿਰਤਾ ਦਾ ਲਖਾਇਕ ਹੈ। ਇਕਹਿਰੇ ਰੂਪ ਵਿਚ ਇਸਦੀ ਵਰਤੋਂ ਨਾਲ ਜਾਪ ਦੀ ਵਿਧੀਗਤ ਨਿਰੰਤਰਤਾ ਨਹੀਂ ਬਣਦੀ। ਦੁਹਕਤੀਯੁਕਤ ਰੂਪ ਸ਼ਾਬਦਿਕ ਅਰਥਾਂ ਦੇ ਨਾਲ ਨਾਲ ਜਾਪ ਦੀ ਵਿਧੀ ਦੇ ਰੂਪ ਵਿਚ ਦੂਹਰਾ ਪ੍ਰਕਾਰਜ ਕਰ ਰਿਹਾ ਹੈ।

ਅਖ਼ੀਰਲੇ ਵਾਕ ਵਿਚ **ਹਰਿ ਹਰਿ** ਦੁਹਰੁਕਤੀਯੁਕਤ ਰੂਪ ਵੱਖਰੇ ਪ੍ਰਸੰਗ ਵਿਚ ਹੈ। ਇਹ ਹਰੀ ਨਾਮ ਦੀ ਉਸਤਤੀ ਵਾਲਾ ਵਾਕ ਹੈ। ਹਰਿ ਹਰਿ ਦਾ ਸੰਬੰਧ ਨਾਮੁ ਨਾਲ ਹੈ। ਨਾਮੁ ਨਾਲ ਲੱਗਾ ਵਿਸ਼ੇਸ਼ਣ ਹਰੀ ਦੇ ਉੱਤਮ ਨਾਮ ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। ਪਹਿਲੇ ਵਾਕ ਕਾਰਜੀ ਸਥਿਤੀ ਵਿਚ ਸਨ। ਇਸ ਵਿਚ ਦਬਾਉ ਅਤੇ ਅਰਥ ਸੰਕੋਚ ਦੀ ਇਕਾਈ ਕਾਰਜਸ਼ੀਲ ਹੁੰਦੀ ਹੈ। ਹਰੀ ਦਾ ਨਾਮ/ ਜਾਂ ਕੇਵਲ ਹਰੀ ਦਾ ਨਾਮ ਉਤਮ ਹੈ।

**ਹਰਿ ਹਰਿ** (1050) ਦੀ ਦੁਹਰੁਕਤੀਯੁਕਤ ਵਰਤੋਂ ਨਾਂਵ ਦੇ ਬਾਕੀ ਰੂਪਾਂ ਤੋਂ ਵਧੇਰੇ ਮਿਲਦੀ ਹੈ। ਇਹ ਗੁਰੂਆਂ ਅਤੇ ਭਗਤਾਂ ਦੀ ਬਾਣੀ ਵਿਚ ਵਰਤਿਆ ਰੂਪ ਹੈ। ਰਾਮ ਦੀ ਦੁਹਰੁਕਤੀਯੁਕਤ ਵਰਤੋਂ 'ਤੀਜੇ,

ਚੌਥੇ' ਤੇ 'ਪੰਜਵੇਂ' ਗੁਰੂ ਤੇ 'ਭਗਤ ਕਬੀਰ' ਦੀ ਬਾਣੀ ਵਿਚ ਇਕ ਵਾਰ ਮਿਲਦੀ ਹੈ। ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਇਸਦੀ ਵਰਤੋਂ ਵਧੇਰੇ ਮਿਲਦੀ ਹੈ।

'ਰਾਮ' ਭਾਵ ਰਮਣ ਵਾਲਾ, ਵਰਤੋਂ ਵਿਧੀ ਅਨੁਸਾਰ ਇਸਦੇ ਵਿਭਿੰਨ ਪ੍ਰਸੰਗ ਬਣਦੇ ਹਨ। ਸਮਾਜਿਕ ਪ੍ਰਸੰਗ ਵਿਚ 'ਰਾਮ' ਇਕਹਿਰੇ ਰੂਪ ਵਿਚ ਵਿਅਕਤੀ ਦਾ ਨਿੱਜ ਵਾਚਕ ਭਾਵ 'ਖ਼ਾਸ ਨਾਂਵ' ਵੀ ਹੈ। ਭਾਰਤੀ ਪ੍ਰੰਪਰਾ ਵਿਚੋਂ ਗ੍ਰਹਿਣ ਕੀਤਾ 'ਰਾਮ' ਸ਼ਬਦ ਹਿੰਦੂ ਧਰਮ ਵਿਚ ਵਿਅਕਤੀ ਦੇ ਨਿੱਜ ਨਾਲ ਵੀ ਜਾ ਜੁੜਦਾ ਹੈ। ਇਕਹਿਰੇ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਵੀ ਰਾਮ ਦੀ ਨਿਜ ਵਾਚਕ ਵਰਤੋਂ ਦਾ ਪ੍ਰਸੰਗ ਮਿਲਦਾ ਹੈ:

ਰੋਵੈ **ਰਾਮੁ** ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ ॥ (ਮਃ ੧) ਅੰਗ ੯੫੪

**ਰਾਮੁ** ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥ (ਮਃ ੯) ਅੰਗ ੧੪੨੯

ਉਪਰੋਕਤ ਵਾਕਾਂ ਵਿਚ **ਰਾਮ** ਹਿੰਦੂਆਂ ਦੇ ਅਵਤਾਰ ਸ੍ਰੀ ਰਾਮ ਚੰਦਰ ਦੇ ਨਿੱਜ ਦੇ ਅਰਥਾਂ ਵਿਚ ਖ਼ਾਸ ਨਾਂਵ ਦਾ ਪ੍ਰਕਾਰਜ ਕਰ ਰਿਹਾ ਹੈ। ਹਿੰਦੂ ਲੋਕ ਵਿਹਾਰਕ ਭਾਸ਼ਾ ਵਿਚ ਆਮ ਹੀ **ਰਾਮ ਰਾਮ** ਦੀ ਵਰਤੋਂ ਕਰਦੇ ਹਨ। ਇਸ ਤਰ੍ਹਾਂ ਰਾਮ ਰਾਮ ਦਾ ਦੂਹਰਾ ਪ੍ਰਕਾਰਜ ਹੁੰਦਾ ਹੈ, ਇਕ ਤਾਂ ਹਿੰਦੂ ਲੋਕ ਅਵਤਾਰ ਰਾਮ ਨੂੰ ਯਾਦ ਕਰਦਿਆ ਰਾਮ ਦਾ ਆਰਾਧਨ ਕਰ ਲੈਂਦੇ ਹਨ ਅਤੇ ਦੂਜੇ ਪੱਖ ਤੋਂ ਸਿਸਟਾਚਾਰ ਦੀ ਪਾਲਣਾ ਕਰ ਰਹੇ ਹੁੰਦੇ ਹਨ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ **ਰਾਮ ਰਾਮ** ਦੀ ਦੁਹਰੁਕਤੀਯੁਕਤ ਵਰਤੋਂ ਹਿੰਦੂ ਧਰਮ ਤੱਕ ਸੀਮਿਤ ਨਾ ਹੋ ਕੇ ਵਿਅਕਤੀ ਵਿਸ਼ੇਸ਼ ਲਈ ਨਹੀਂ, ਬਲਕਿ ਪਰਮਾਤਮਾ ਦੇ ਨਿਰਗੁਣ ਸਰੂਪ ਦੇ ਆਰਾਧਨ ਲਈ ਕੀਤੀ ਮਿਲਦੀ ਹੈ, ਜਿਵੇਂ:

**ਰਾਮ ਰਾਮ** ਕਰਤਿਆ ਸੁਖੁ ਸਾਂਤਿ ਸਰੀਰ ॥ (ਮਃ ੩) ਅੰਗ ੧੫੯

ਉਪਰੋਕਤ ਵਾਕ ਵਿਚ ਪਰਮਾਤਮਾ ਦੇ ਨਾਮ\ਸਿਮਰਨ ਦਾ ਮਹਾਤਮ ਭਾਵ ਫ਼ਲ ਦੀ ਪ੍ਰਾਪਤੀ ਦਾ ਜ਼ਿਕਰ ਹੈ। ਇਥੇ ਰਾਮ ਦਾ ਇਕਹਿਰਾ ਰੂਪ ਵਰਤਣ ਨਾਲ ਵਾਕ ਵਿਚਲਾ ਲਮਕਾਅ ਨਹੀਂ ਰਹਿੰਦਾ, ਜਾਪ ਦੀ ਵਿਧੀਗਤ ਨਿਰੰਤਰਤਾ ਨਹੀਂ ਬਣਦੀ । ਜਾਪ ਦੀ ਵਿਧੀ ਵਜੋਂ ਦੁਹਰੁਕਤੀਯੁਕਤ ਸ਼ਬਦ ਰੂਪਾਂ ਦੀ ਮਹੱਤਤਾ ਵਧੇਰੇ ਸਪੱਸ਼ਟ ਹੁੰਦੀ ਹੈ।

ਜਪਿ ਮਨ ਮੇਰੇ **ਰਾਮ ਰਾਮ** ਰੰਗਿ ॥ (ਮਃ ੫) ਅੰਗ ੧੭੭

**ਰਾਮ ਰਾਮ** ਬੋਲਿ **ਰਾਮ ਰਾਮ**॥ ਤਿਆਗਹੁ ਮਨ ਕੇ ਸਗਲ ਕਾਮ ॥ (ਮਃ ੫) ਅੰਗ ੧੧੮੨

ਉਪਰੋਕਤ ਵਾਕਾਂ ਵਿਚ **ਰਾਮ ਰਾਮ** ਦੁਹਰੁਕਤੀਯੁਕਤ ਰੂਪ ਨਿਰਗੁਣ ਪਰਮਾਤਮਾ ਦੀ ਅਰਾਧਨਾ ਦੇ ਅਰਥਾਂ ਦਾ ਸੰਚਾਰ ਕਰ ਰਹੇ ਹਨ। ਵਿਸ਼ੇਸ਼ ਅਰਥਾਂ ਦੇ ਨਾਲ ਨਾਲ ਦੁਹਰੁਕਤੀਯੁਕਤ ਰੂਪ ਕਾਵਿਕ ਸੁਹਜ ਦਾ ਪ੍ਰਕਾਰਜ ਵੀ ਕਰਦਾ ਹੈ। ਇਕਹਿਰੇ ਰੂਪ ਨਾਲ ਕਾਵਿਕ ਸੁਹਜ ਕਾਇਮ ਨਹੀਂ ਰਹਿੰਦਾ, ਜੋ ਕਿ ਕਾਵਿ ਜੁਗਤ ਦਾ ਇਕ ਜ਼ਰੂਰੀ ਤੱਤ ਹੈ।

ਵਿਭਿੰਨ ਖੇਤਰਾਂ ਦੇ ਪ੍ਰਭਾਵ ਕਾਰਨ ਗੋਬਿੰਦ ਸ਼ਬਦ ਦੇ ਵਿਭਿੰਨ ਰੂਪ: ਜਿਵੇਂ ਗੋਬਿਦ, ਗੋਬਿਦੁ, ਗੋਬਿੰਦ, ਗੋਬਿੰਦੁ, ਗੋਵਿਦ, ਗੋਵਿਦੁ, ਗੋਵਿੰਦੁ ਆਦਿ ਮਿਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ 'ਗੋਬਿਦੁ ਗੋਬਿਦੁ, ਗੋਬਿੰਦ ਗੋਬਿੰਦ, ਗੋਵਿਦੁ ਗੋਵਿਦੁ, ਗੋਵਿੰਦੁ ਗੋਵਿੰਦੁ' ਚਾਰ ਰੂਪ ਵਰਤੇ ਮਿਲਦੇ ਹਨ।

**ਗੋਬਿਦੁ ਗੋਬਿਦੁ** ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥

(ਮਃ ੩) ਅੰਗ ੧੨੧

**ਗੋਬਿੰਦ ਗੋਬਿੰਦ** ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ ॥ (ਮਃ ੫) ਅੰਗ ੪੦੯

**ਗੋਵਿਦੁ ਗੋਵਿਦੁ** ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥

(ਮਃ ੪) ਅੰਗ ੧੩੧੨

**ਗੋਵਿੰਦੁ ਗੋਵਿੰਦੁ** ਪ੍ਰੀਤਮੁ ਮਨਿ ਪ੍ਰੀਤਮੁ ਮਿਲਿ ਸਤਸੰਗਤਿ ਸਬਦਿ ਮਨੁ ਮੋਹੈ॥

(ਮਃ ੪) ਅੰਗ ੪੯੨

ਉਪਰੋਕਤ ਵਾਕਾਂ ਵਿਚ ਵਾਕੰਸ਼ ਦੀ ਭਾਵ ਜੁਗਤ ਅਨੁਸਾਰ ਇਕਹਿਰਾ ਰੂਪ ਨਹੀਂ ਆ ਸਕਦਾ। ਪਹਿਲੇ ਤਿੰਨ ਵਾਕਾਂ ਵਿਚ ਦੁਹਰੁਕਤੀਯੁਕਤ ਨਾਂਵ 'ਕਿਰਿਆ' ਨਾਲ ਕਰਮ ਕਾਰਕ ਦੀ ਸਥਿਤੀ ਵਿਚ

ਵਿਚਰ ਰਹੇ ਹਨ, ਅਖ਼ੀਰਲੇ ਵਾਕ ਵਿਚ 'ਗੋਵਿੰਦੁ ਗੋਵਿੰਦੁ' ਕਰਤਾ ਕਾਰਕ ਦੀ ਸਥਿਤੀ ਵਿਚ ਹੈ। ਦੂਹਰੀ ਵਰਤੋਂ ਵਿਚ ਵਾਕ ਦੇ ਪ੍ਰਸੰਗ ਵਿਚ ਇਹਨਾਂ ਦਾ ਪ੍ਰਕਾਰਜ ਭਿੰਨ ਹੈ। ਦੂਹਰੇ ਰੂਪ ਵਿਚ 'ਗੋਬਿਦੁ ਗੋਬਿਦੁ, ਗੋਬਿੰਦ ਗੋਬਿੰਦ' ਇਕ ਵਾਰ ਅਤੇ 'ਗੋਵਿਦੁ ਗੋਵਿਦੁ, ਗੋਵਿੰਦੁ ਗੋਵਿੰਦੁ' ਦੀ ਵਰਤੋਂ ਤਿੰਨ ਵਾਰ ਮਿਲਦੀ ਹੈ।

ਪਹਿਲੇ ਤਿੰਨ ਵਾਕਾਂ ਵਿਚ ਨਾਂਵ ਦਾ ਦੁਹਰੁਕਤੀਯੁਕਤ ਰੂਪ 'ਕਰਮ ਕਾਰਕ' ਦੀ ਸਥਿਤੀ ਵਿਚ ਹੈ। ਮੁਖ ਕਿਰਿਆ ਇਸਤੇ ਕਾਰਜਸ਼ੀਲ ਹੈ। ਅਖ਼ੀਰਲੇ ਵਾਕ ਵਿਚ ਦੁਹਰੁਕਤੀਯੁਕਤ ਨਾਂਵ ਦੀ ਸਥਿਤੀ ਵੱਖਰੀ ਹੈ। ਅਖ਼ੀਰਲੇ ਵਾਕ ਵਿਚ 'ਗੋਵਿੰਦੁ' ਦੇ ਦੁਹਰੁਕਤੀਯੁਕਤ ਰੂਪ ਵਿਚਲਾ ਪਹਿਲਾ ਗੋਵਿੰਦੁ 'ਮਨਿ ਪ੍ਰੀਤਮੁ' ਨਾਲ ਕਾਰਜਸ਼ੀਲ ਹੁੰਦਾ ਹੈ ਤੇ ਦੂਜਾ ਗੋਵਿੰਦੁ 'ਪ੍ਰੀਤਮੁ' ਨਾਲ। ਦੁਹਰੁਕਤੀਯੁਕਤ ਰੂਪ ਦੋ ਵਾਕੰਸ਼ਾਂ ਦਾ ਕਾਰਜ ਕਰਦਾ ਹੈ।

'ਗੋਬਿੰਦ' ਕਿਸੇ ਖ਼ਾਸ ਵਿਅਕਤੀ ਲਈ ਵਰਤਿਆ ਜਾਣ ਵਾਲਾ 'ਖ਼ਾਸ ਨਾਂਵ' ਵੀ ਹੈ, ਉਪਰੋਕਤ ਵਾਕਾਂ ਵਿਚ ਗੋਬਿੰਦ ਦੇ ਵਿਭਿੰਨ ਰੂਪ ਕਿਸੇ ਵਿਅਕਤੀ ਦੇ ਨਿੱਜ ਦਾ ਪ੍ਰਗਟਾਵਾ ਨਹੀਂ ਕਰ ਰਹੇ, ਬਲਕਿ ਨਿਰਗੁਣ ਪਰਮਾਤਮਾ ਦੇ ਸਿਮਰਨ ਭਾਵ ਜਾਪ ਦੀ ਵਿਧੀ ਦਾ ਪ੍ਰਕਾਰਜ ਕਰ ਰਹੇ ਹਨ। ਸਮਾਜਿਕ ਪ੍ਰਸੰਗ ਵਿਚ ਖ਼ਾਸ ਨਾਂਵ ਵਜੋਂ 'ਗੋਬਿੰਦ' ਨਾਂਵ ਦੀ ਵਰਤੋਂ ਆਮ ਹੀ ਮਿਲ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਗੋਬਿੰਦ' ਨਾਂਵ ਦੀ ਵਰਤੋਂ ਬਿਲਕੁਲ ਵੱਖਰੇ ਅਰਥਾਂ ਵਿਚ ਕੀਤੀ ਮਿਲਦੀ ਹੈ। ਇਥੇ 'ਗੋਬਿੰਦ' ਪਰਮਾਤਮਾ ਦੇ ਨਿਰਗੁਣ ਸਰੂਪ ਦੇ ਨਿੱਜ ਦਾ ਲਖ਼ਾਇਕ ਹੈ। 'ਗੋਬਿਦੁ ਗੋਬਿਦੁ' ਦੀ ਵਰਤੋਂ ਗੁਰੂ ਅਮਰਦਾਸ ਜੀ ਕਰਦੇ ਹਨ। ਵਰਤਮਾਨ ਸਮੇਂ ਵਿਚ ਪ੍ਰਚਲਿਤ ਰੂਪ 'ਗੋਬਿੰਦ' ਦੀ ਦੁਹਰੁਕਤੀਯੁਕਤ ਵਰਤੋਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਮਿਲਦੀ ਹੈ। ਇਕਹਿਰੇ ਰੂਪ ਵਿਚ ਇਸਦੀ ਵਰਤੋਂ ਗੁਰੂਆਂ ਦੀ ਬਾਣੀ, ਭਗਤ ਨਾਮਦੇਵ, ਰਵਿਦਾਸ, ਕਬੀਰ ਅਤੇ ਭੱਟਾਂ ਦੀ ਬਾਣੀ ਵਿਚ ਮਿਲਦੀ ਹੈ। 'ਗੋਵਿਦੁ ਗੋਵਿਦੁ, ਗੋਵਿੰਦੁ ਗੋਵਿੰਦੁ' ਦੀ ਦੁਹਰੁਕਤੀਯੁਕਤ ਵਰਤੋਂ ਗੁਰੂ ਰਾਮਦਾਸ ਜੀ ਦੀ ਬਾਣੀ ਵਿਚ ਕੀਤੀ ਮਿਲਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਲਈ ਵਰਤੇ ਗਏ ਖ਼ਾਸ ਨਾਂਵਾਂ ਵਿਚ 'ਭਾਰਤੀ' ਅਤੇ 'ਇਸਲਾਮੀ' ਦੋ ਮੁਖ ਪਰੰਪਰਾਵਾਂ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ। ਭਾਰਤੀ ਪਰੰਪਰਾ ਤੋਂ ਆਏ ਨਾਂਵ 'ਗੋਪਾਲ, ਠਾਕੁਰ, ਗੋਬਿੰਦ, ਰਮਈਆ, ਪਾਰਬ੍ਰਹਮ, ਰਾਮ, ਪ੍ਰਭ' ਆਦਿ ਅਤੇ ਇਸਲਾਮੀ ਪਰੰਪਰਾ ਤੋਂ ਆਏ

ਨਾਂਵ 'ਦਮੋਦਰ, ਖੁਦਾਇ, ਅਲਾਹਿ, ਗੁਸਈਆ' ਆਦਿ ਨਾਂਵ ਇਕਹਿਰੇ ਰੂਪ ਵਿਚ ਪਰਮਾਤਮਾ ਲਈ ਵਰਤੇਂ ਮਿਲਦੇ ਹਨ। ਗੁਰਬਾਣੀ ਵਿਚ ਸਮਾਜਿਕ ਵਰਤਾਰੇ ਭਾਵ ਵਿਅਕਤੀ ਦੇ ਨਿੱਜ ਨਾਲ ਸੰਬੰਧਿਤ ਇਕਹਿਰੇ ਜਾਂ ਦੂਹਰੁਕਤੀਯੁਕਤ 'ਖ਼ਾਸ ਨਾਂਵ' ਨਹੀਂ ਮਿਲਦੇ, ਬਲਕਿ ਪ੍ਰਸੰਗਿਕ ਜਾਂ ਆਤਮ ਸੰਬੋਧਕੀ ਰੂਪ ਵਿਚ ਕੁਝ ਕੁ ਸੀਮਿਤ ਵਰਤੋਂ ਮਿਲਦੀ ਹੈ, ਜਿਵੇਂ:

ਹਰਿ ਹਰਿ ਕਰਤ **ਪੂਤਨਾ** ਤਰੀ॥ (ਨਾਮਦੇਵ) ਅੰਗ ੮੭੪

ਸਹੰਸਰ ਦਾਨ ਦੇ **ਇੰਦ੍ਰ** ਰੋਆਇਆ॥ **ਪਰਸ ਰਾਮੁ** ਰੋਵੈ ਘਰਿ ਆਇਆ ॥

(ਮਃ ੧) ਅੰਗ ੯੫੩

**ਅਜੈ** ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ ॥ (ਮਃ ੧) ਅੰਗ ੯੫੩

ਰੋਵੈ **ਰਾਮੁ** ਨਿਕਾਲਾ ਭਇਆ॥ **ਸੀਤਾ ਲਖਮਣੁ** ਵਿਛੁੜਿ ਗਇਆ ॥ (ਮਃ ੧) ਅੰਗ ੯੫੪

ਰੋਵੈ **ਜਨਮੇਜਾ** ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ ॥ (ਮਃ ੧) ਅੰਗ ੯੫੪

**ਗੋਤਮੁ** ਤਪਾ **ਅਹਿਲਿਆ** ਇਸਤ੍ਰੀ ਤਿਸੁ ਦੇਖਿ **ਇੰਦ੍ਰੁ** ਲੁਭਾਇਆ ॥ (ਮਃ ੧) ਅੰਗ ੧੩੪੪

**ਸੀਤਾ** ਲੈ ਗਇਆ ਦਹਸਿਰੋ **ਲਛਮਣੁ** ਮੂਓ ਸਰਾਪਿ ॥ (ਮਃ ੧) ਅੰਗ ੧੪੧੨

ਪ੍ਰੇਮ ਭਗਤਿ ਕੈ ਕਾਰਣੈ ਕਹੁ **ਰਵਿਦਾਸ** ਚਮਾਰ ॥ (ਰਵਿਦਾਸ) ਅੰਗ ੩੪੬

ਸੁਇਨੇ ਕੀ ਸੂਈ ਰੁਪੇ ਕਾ ਧਾਗਾ॥ **ਨਾਮੇ** ਕਾ ਚਿਤੁ ਹਰਿ ਸਉ ਲਾਗਾ ॥

(ਨਾਮਦੇਵ) ਅੰਗ ੪੮੫

ਸਚ ਕੀ ਬਾਣੀ **ਨਾਨਕੁ** ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥ (ਮਃ ੧) ਅੰਗ ੭੨੩

ਉਪਰੋਕਤ ਵਾਕਾਂ ਵਿਚ ਵਰਤੇ ਇਕਹਿਰੇ ਖ਼ਾਸ ਨਾਂਵ **ਪੂਤਨਾ**, **ਇੰਦ੍ਰ**, **ਪਰਸ ਰਾਮੁ**, **ਅਜੈ**, **ਰਾਮੁ**, **ਸੀਤਾ**, **ਲਖਮਣੁ**, **ਜਨਮੇਜਾ**, **ਗੋਤਮੁ**, **ਅਹਿਲਿਆ**, **ਸੀਤਾ** ਵਿਸ਼ੇਸ਼ ਪ੍ਰਸੰਗ ਸਿਰਜ ਰਹੇ ਹਨ। ਇਸ ਤੋਂ

ਇਲਾਵਾ ਹੋਰ ਵੀ ਵਧੇਰੇ ਖ਼ਾਸ ਨਾਂਵ ਮਿਲਦੇ ਹਨ, ਜਿਵੇਂ 'ਦ੍ਰੋਪਤੀ, ਗਨਿਕਾ, ਕੁਬਿਜਾ, ਰਾਵਨ, ਕੰਸੁ, ਸਿਵਾ, ਧ੍ਰੂਅ, ਹਰਨਾਖਸੁ, ਜਸਰਥ ਰਾਇ, ਪ੍ਰਹਲਾਦੁ' ਆਦਿ। ਅਖ਼ੀਰਲੇ ਤਿੰਨ ਵਾਕਾਂ ਵਿਚ ਆਏ ਖ਼ਾਸ ਨਾਂਵ **ਰਵਿਦਾਸ, ਨਾਮੇ, ਨਾਨਕੁ** ਆਤਮ ਸੰਬੋਧਨੀ ਰੂਪ ਵਿਚ ਵਰਤੇ ਗਏ ਹਨ। ਇਹ ਬਾਣੀ ਦੇ ਰਚੈਤਾ ਵੱਲ ਇਸ਼ਾਰਾ ਕਰ ਰਹੇ ਹਨ।

ਜਾਤੀ ਵਾਚਕ ਖ਼ਾਸ ਨਾਂਵ ਦੇ ਕੁਝ ਅਜਿਹੇ ਰੂਪ ਵੀ ਹਨ, ਜਿਥੇ ਇਕ ਸ਼ਬਦ ਦੀ ਵਰਤੋਂ ਦੋ ਤੋਂ ਜਿਆਦਾ ਵਾਰ ਕੀਤੀ ਮਿਲਦੀ ਹੈ, ਇਹ ਦੁਹਰੁਕਤੀ ਤੋਂ ਵੱਖਰੀ ਕਿਸਮ ਹੈ, ਜਿਵੇਂ:

**[ਹਰਿ ਹਰਿ] [ਹਰਿ** ਰਸੁ ਆਪਿ ਹੈ] ਆਪੇ ਹਰਿ ਰਸੁ ਹੋਇ ॥ (ਮਃ ੪) ਅੰਗ ੪੧

**[ਹਰਿ ਹਰਿ] [ਹਰਿ** ਆਰਾਧੀਐ॥] ਸੰਤਸੰਗਿ ਹਰਿ ਮਨਿ ਵਸੈ ਭਰਮੁ ਮੋਹੁ ਭਉ ਸਾਧੀਐ ॥

(ਮਃ ੫) ਅੰਗ ੨੧੧

**[ਰਾਮ ਰਾਮ] [ਰਾਮ** ਕੀਰਤਨੁ ਗਾਇ॥] ਰਮਤ ਰਾਮੁ ਸਭ ਰਹਿਓ ਸਮਾਇ ॥

(ਮਃ ੫) ਅੰਗ ੮੬੫

**[ਰਾਮ ਰਾਮ] [ਰਾਮ** ਸਦਾ ਸਹਾਇ॥] **[ਰਾਮ ਰਾਮ] [ਰਾਮ** ਲਿਵ ਲਾਇ॥]

(ਮਃ ੫) ਅੰਗ ੮੬੫

ਉਪਰੋਕਤ ਵਾਕਾਂ ਵਿਚ 'ਹਰਿ, ਰਾਮ, ਗੋਵਿਦੁ' ਸ਼ਬਦ ਦੀ ਵਰਤੋਂ ਤਿੰਨ ਵਾਰ ਹੈ। ਆਮ ਤੌਰ ਤੇ ਪਹਿਲੇ ਦੋ ਰੂਪ ਇਕ ਦੁਹਰੁਕਤੀਯੁਕਤ ਜੁੱਟ ਦੇ ਰੂਪ ਵਿਚ ਵਰਤੇ ਗਏ ਹਨ, ਪਹਿਲੇ ਦੋ ਰੂਪਾਂ (ਦੁਹਰੁਕਤੀ) ਤੋਂ ਬਾਅਦ ਅਲਪ ਠਹਿਰਾਉ ਹੈ। ਤੀਜਾ ਰੂਪ ਅਗਲੇ 'ਨਾਂਵ' ਜਾਂ 'ਕਿਰਿਆ' ਦਾ ਅੰਗ ਬਣਦਾ ਹੈ। ਭਾਵ ਬਣਤਰ ਵਿਚ 'ਜਾਪ ਦੀ ਵਿਧੀ' ਵਜੋਂ ਦੁਹਰੁਕਤੀਯੁਕਤ ਰੂਪ ਇਕ ਜੁੱਟ ਵਜੋਂ ਉਚਾਰਨ ਦੀ ਇਕਾਈ ਬਣਦਾ ਹੈ। ਪਹਿਲੇ ਦੋ ਸ਼ਬਦ 'ਹਰਿ ਹਰਿ, ਰਾਮ ਰਾਮ, ਗੋਵਿਦੁ ਗੋਵਿਦੁ' ਦੁਹਰੁਕਤੀਯੁਕਤ ਰੂਪ ਹਨ, ਜਦਕਿ ਤੀਜਾ **ਹਰਿ** 'ਰਸੁ' ਅਤੇ 'ਆਰਾਧੀਐ' ਨਾਲ ਹੈ। ਤੀਜੇ ਅਤੇ ਚੌਥੇ ਵਾਕ ਵਿਚ 'ਰਾਮ ਰਾਮ'

ਦੁਹਰੁਕਤੀਯੁਕਤ ਰੂਪ ਹੈ ਤੇ 'ਰਾਮ ਕੀਰਤਨੁ ਗਾਇ, ਰਾਮ ਸਦਾ ਸਹਾਇ, ਰਾਮ ਲਿਵ ਲਾਇ' ਦੁਹਰੁਕਤੀਯੁਕਤ 'ਰਾਮ' ਤੋਂ ਵੱਖਰੇ ਵਾਕੰਸ਼ ਹਨ। ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਰਾਗਯੁਕਤ ਹੈ ਤੇ ਇਸਦਾ ਉਚਾਰਨ ਰਾਗਾਂ ਅਨੁਸਾਰ ਕੀਤਾ ਜਾਂਦਾ ਹੈ। ਸੋ ਇਕ ਸ਼ਬਦ ਦੀ ਦੁਹਰੁਕਤੀਯੁਕਤ ਵਰਤੋਂ ਜਾਂ ਇਸ ਤੋਂ ਵਧੇਰੇ ਵਰਤੋਂ ਸ਼ਬਦ ਗਾਇਨ ਵਿਚ ਲੈਆਤਮਕ ਚਾਲ ਦੀ ਨਿਰੰਤਰਤਾ ਸਿਰਜਦੀ ਹੈ। 'ਖ਼ਾਸ ਨਾਂਵ' ਵਿਚ ਦੂਹਰੇ ਦੁਹਰੁਕਤੀਯੁਕਤ ਰੂਪ ਵੀ ਮਿਲਦੇ ਹਨ। ਭਾਵ ਇਕ ਵਾਕ ਵਿਚ ਦੁਹਰੁਕਤੀ ਦੀ ਵਰਤੋਂ ਦੋ ਵਾਰ ਕੀਤੀ ਗਈ ਹੈ, ਜਿਵੇਂ:

> **ਹਰਿ ਹਰਿ ਹਰਿ ਹਰਿ** ਨਾਮੁ ਜੀਵਾ ਸੁਣਿ ਸੁਣੇ ॥ (ਮਃ ੫) ਅੰਗ ੫੧੯
>
> **ਹਰਿ ਹਰਿ ਹਰਿ ਹਰਿ** ਨਾਮੁ ਮੇਰੈ ਮੰਨਿ ਵਸਾਈ ਰਾਮ ॥ (ਮਃ ੪) ਅੰਗ ੫੭੨
>
> ਤੁਮਰੇ ਗੁਨ ਅਗਮ ਅਗੋਚਰ ਏਕ ਜੀਹ ਕਿਆ ਕਥੈ ਬਿਚਾਰੀ **ਰਾਮ ਰਾਮ ਰਾਮ ਰਾਮ** ਲਾਲ ॥ (ਮਃ ੪) ਅੰਗ ੧੨੯੬

ਉਪਰੋਕਤ ਵਾਕਾਂ ਵਿਚ 'ਦੂਹਰੀ ਦੁਹਰੁਕਤੀ' ਮਿਲਦੀ ਹੈ। ਦੂਹਰੀ ਦੁਹਰੁਕਤੀ ਇਕ ਅਰਥ 'ਤੇ ਦਬਾਉ ਵਜੋਂ ਤੀਬਰਭਾਵ ਦਾ ਪ੍ਰਕਾਰਜ ਕਰ ਰਹੀ ਹੈ। ਹਰੀ ਜਾਂ ਰਾਮ ਵਾਕ ਦੇ ਕੇਂਦਰ ਵਿਚ ਆ ਜਾਂਦਾ ਹੈ। ਨਾਂਵ ਦਾ ਸਿੱਧਾ ਪ੍ਰਭਾਵ ਕਿਰਿਆ 'ਤੇ ਹੈ, ਨਾਂਵ ਦੇ ਦੁਹਰਾਉ ਨਾਲ ਕਿਰਿਆ ਦੀ ਸਥਿਤੀ ਬਾਰੰਬਾਰਤਾ ਜਾਂ ਨਿਰੰਤਰਤਾ ਵਾਲੀ ਬਣਦੀ ਹੈ।

**II. ਆਮ ਨਾਂਵ ਦੁਹਰੁਕਤੀ:-** ਸਮੁੱਚੀ ਜਾਤੀ ਲਈ ਵਰਤੇ ਜਾਂਦੇ ਨਾਂਵ 'ਆਮ ਨਾਂਵ' ਹਨ। ਦੁਹਰੁਕਤੀਯੁਕਤ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਵਿਭਿੰਨ ਉਪਵਰਗ ਮਿਲਦੇ ਹਨ। ਮਾਨਵ ਜਾਤੀ ਦੇ ਸੰਦਰਭ ਵਿਚ:

**II.ੳ. ਇਕ ਸ਼੍ਰੇਣੀ ਜਾਂ ਵਰਗ ਵਜੋਂ:**

**ਭਗਤੁ** **ਭਗਤੁ** ਸੁਨੀਐ ਤਿਹੁ ਲੋਇ ॥ਜਾ ਕੈ ਹਿਰਦੈ ਏਕੋ ਹੋਇ ॥ (ਮਃ ੫) ਅੰਗ ੨੮੩

ਗੁਰ ਉਪਦੇਸਿ ਸਾਧ ਕੀ ਸੰਗਤਿ **ਭਗਤੁ ਭਗਤੁ** ਤਾ ਕੋ ਨਾਮੁ ਪਰਿਓ ॥ (ਨਾਮਦੇਵ) ਅੰਗ ੧੧੦੫

**ਭਗਤੁ** **ਭਗਤੁ** ਕਹੈ ਸਭੁ ਕੋਈ ॥ਬਿਨੁ ਸਤਿਗੁਰ ਸੇਵੇ ਭਗਤਿ ਨ ਪਾਈਐ ਪੂਰੈ ਭਾਗਿ

ਮਿਲੈ ਪ੍ਰਭੁ ਸੋਈ ॥ (ਮਃ ੩) ਅੰਗ ੧੧੩੧

**ਭਗਤਿ** **ਭਗਤਿ** ਕਰਤੇ ਹਰਿ ਪਾਇਆ ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥

(ਮਃ ੪) ਅੰਗ ੮੩੭

ਭਗਤ- ਨਾਂਵ (ਇਕਵਚਨ/ ਬਹੁਵਚਨ)

ਭਗਤ+ ਉ- ਭਗਤੁ ਨਾਂਵ (ਬਹੁਵਚਨ)

ਭਗਤ+ ਇ- ਭਗਤਿ ਕਿਰਿਆ

ਭਗਤੁ ਦਾ ਦੂਹਰਾ ਰੂਪ ਇਕ ਸ਼੍ਰੇਣੀ ਜਾਂ ਇਕ ਵਰਗ ਦਾ ਪ੍ਰਕਾਰਜ ਕਰ ਰਿਹਾ ਹੈ। ਨਾਂਵ ਦੀ ਦੁਹਰੁਕਤੀਯੁਕਤ ਵਰਤੋਂ ਇਕ ਸ਼ਬਦ 'ਤੇ ਧਿਆਨ ਕੇਂਦ੍ਰਿਤ ਕਰਦੀ ਹੈ। ਕਰਮ ਦੇ ਆਧਾਰ 'ਤੇ ਮਨੁੱਖ 'ਭਗਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਆਮ ਹੀ ਦੁਹੁਰਕਤੀਯੁਕਤ ਰੂਪ ਬਹੁਵਚਨ ਜਾਂ ਵਿਸ਼ੇਸ਼ਣ ਦਾ ਕਾਰਜ ਵੀ ਕਰਦੇ ਹਨ, ਪ੍ਰੰਤੂ ਉਪਰੋਕਤ ਵਾਕਾਂ ਵਿਚ 'ਭਗਤੁ' ਦੀ ਦੁਹਰੁਕਤੀਯੁਕਤ ਵਰਤੋਂ ਇਕ ਵੱਖਰੇ ਅਰਥਾਂ ਵਿਚ ਕੀਤੀ ਮਿਲਦੀ ਹੈ। ਇਥੇ ਭਗਤੁ ਦਾ ਦੁਹਰੁਕਤੀਯੁਕਤ ਰੂਪ ਇਕ ਵਰਗ ਅਤੇ ਤੀਬਰਭਾਵ ਦਾ ਪ੍ਰਕਾਰਜ ਕਰ ਰਿਹਾ ਹੈ, ਵਾਕ ਬਣਤਰ ਵਿਚ ਸੁਹਜ ਅਤੇ ਲੈਆਤਮਿਕਤਾ ਸਿਰਜ ਰਿਹਾ ਹੈ। ਭਗਤ ਸ਼ਬਦ ਦੇ ਵਿਭਿੰਨ ਰੂਪ ਮਿਲਦੇ ਹਨ: 'ਭਗਤ, ਭਗਤੁ' ਅਤੇ 'ਭਗਤਿ।' ਅੰਤਿਕ ਪਿਛੇਤਰਾਂ ਕਾਰਨ ਇਸਦੇ ਅਰਥਾਂ ਅਤੇ ਸ਼੍ਰੇਣੀ ਵਿਚ ਪਰਿਵਰਤਨ ਹੁੰਦਾ ਹੈ। 'ਭਗਤ' ਨਾਂਵ, ਅਖ਼ੀਰਲੇ ਵਾਕ ਵਿਚ 'ਭਗਤਿ ਭਗਤਿ' ਮੁਖ ਕਿਰਿਆ ਹੈ, ਇਹ ਕਾਰਜ ਦੀ ਨਿਰੰਤਰਤਾ ਦਾ ਪ੍ਰਕਾਰਜ ਕਰ ਰਿਹਾ ਹੈ।

ਇਸੇ ਤਰ੍ਹਾਂ ਵਿਭਿੰਨ ਜਾਤੀ ਵਾਚਕ ਆਮ ਨਾਂਵ ਦੁਹਰੁਕਤੀਯੁਕਤ ਰੂਪ ਵਿਚ ਇਕ ਸ਼੍ਰੇਣੀ ਦਾ ਕਾਰਜ ਕਰਦੇ ਹਨ:

**ਮੁੰਡੀਆ ਮੁੰਡੀਆ** ਹੂਏ ਏਕ॥ ਏ ਮੁੰਡੀਆ ਬੂਡਤ ਕੀ ਟੇਕ ॥ (ਕਬੀਰ) ਅੰਗ ੮੭੧ (ਸਾਰੇ ਮੁੰਡੀਆ)

**ਪੰਡਿਤ** **ਪੰਡਿਤ** ਜਲਿ ਮੂਏ ਮੂਰਖ ਉਬਰੇ ਭਾਗਿ ॥ (ਕਬੀਰ) ਅੰਗ ੧੩੭੩ (ਕੇਵਲ ਪੰਡਿਤ)

**ਮਾਟੀ ਮਾਟੀ** ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ ॥ (ਮਃ ੫) ਅੰਗ ੮੮੫

(ਦੋ ਵਿਭਿੰਨ ਵਸਤਾਂ ਦੀ ਇਕਮਿਕਤਾ)

ਉਪਰੋਕਤ ਵਾਕਾਂ ਵਿਚਲੇ ਦੁਹਰੁਕਤੀਯੁਕਤ ਨਾਂਵ ਇਕ ਵਰਗ/ ਸ਼੍ਰੇਣੀ ਦਾ ਕਾਰਜ ਤਾਂ ਕਰਦੇ ਹਨ, ਪਰ ਤਿੰਨਾਂ ਨਾਂਵਾਂ ਦੀ ਕਾਰਜ ਪ੍ਰਣਾਲੀ ਵੱਖਰੀ ਹੈ। ਮੁੰਡੀਆ ਮੁੰਡੀਆ, ਦਾ ਅਰਥ ਸਾਰੇ ਮੁੰਡੀਆ ਤੋਂ ਹੈ। ਨਾਂਵ ਦਾ ਦੂਹਰਾ ਰੂਪ 'ਨਾਂਵ' ਨਾਲ 'ਵਿਸ਼ੇਸ਼ਣ' ਦਾ ਕਾਰਜ ਕਰ ਰਿਹਾ ਹੈ। 'ਹੂਏ ਏਕ' ਇਕ ਹੋਣ ਦੇ ਅਰਥਾਂ ਵਿਚ, ਇਕ ਹੋਣ ਲਈ ਇਕ ਤੋਂ ਵਧੇਰੇ ਦਾ ਹੋਣਾ ਲਾਜ਼ਮੀ ਹੈ।

**ਪੰਡਿਤ ਪੰਡਿਤ** ਦੀ ਸਥਿਤੀ ਇਸਤੋਂ ਵੱਖਰੀ ਹੈ। "ਜੋ ਮਨੁੱਖ ਆਪਣੇ ਆਪ ਨੂੰ ਸਿਆਣੇ (ਹੰਕਾਰੀ) ਸਮਝਦੇ ਹਨ, ਉਹ ਕੇਵਲ ਹੰਕਾਰ ਦੀ ਅੱਗ ਵਿਚ ਸੜ ਮਰਦੇ ਹਨ ।"[17] ਹੰਕਾਰੀ 'ਕਰਮ ਨਾਂਵ' ਹੈ, ਇਹ ਕਰਮ ਦੇ ਆਧਾਰ 'ਤੇ ਇਕ ਵਰਗ/ ਇਕ ਸ਼੍ਰੇਣੀ ਦੇ ਅਰਥ ਦੇ ਰਹੇ ਹਨ। ਕਾਰਜ ਵਜੋਂ ਨਾਂਵ ਦਾ ਦੂਹਰਾ ਰੂਪ ਵਿਸਿਸਟ ਸ਼੍ਰੇਣੀ ਦੇ ਅਰਥ ਦਾ ਪ੍ਰਕਾਰਜ ਕਰ ਰਿਹਾ ਹੈ।

ਅਖ਼ੀਰਲਾ ਵਾਕ ਪਹਿਲੇ ਦੋਵਾਂ ਵਾਕਾਂ ਤੋਂ ਵੱਖਰਾ ਪ੍ਰਕਾਰਜ ਕਰ ਰਿਹਾ ਹੈ। **ਮਾਟੀ ਮਾਟੀ** ਦਾ ਦੂਹਰਾ ਰੂਪ ਦੁਹਰੁਕਤੀਯੁਕਤ ਨਹੀਂ ਹੈ, ਬਲਕਿ ਇਹਨਾਂ ਦੀ ਰੂਪਾਤਮਕ ਸਾਂਝ ਪੂਰਨ ਦੁਹਰੁਕਤੀ ਨਾਲ ਮੇਲ ਦਰਸਾਉਂਦੀ ਹੈ। ਮਾਟੀ, ਮਾਟੀ ਪ੍ਰਤੀਕਾਤਮਕ ਰੂਪ ਵਿਚ ਦੋ ਵਿਭਿੰਨ ਨਾਂਵ ਵਸਤੂ ਵਾਚਕ ਅਤੇ ਜਾਤੀ ਵਾਚਕ ਹਨ, ਪਰ ਵਾਸਤਵ ਵਿਚ ਦੋਹਾਂ ਦਾ ਮੂਲ ਇਕ ਹੈ। ਦੋਵਾਂ ਦਾ ਮੂਲ ਇਕ ਹੋਣ ਕਾਰਨ ਦੋਵੇਂ ਇਕ-ਮਿਕ ਹਨ। ਇਹ ਮਨੁੱਖੀ ਸਰੀਰ ਦਾ ਪ੍ਰਤੀਕ ਹੋਣ ਕਾਰਨ 'ਜਾਤੀ ਵਾਚਕ' ਹਨ। ਮਨੁੱਖ ਦੀ ਹੋਂਦ ਮਿੱਟੀ ਤੋਂ ਵੱਧ ਕੁਝ ਨਹੀਂ, ਮਨੁੱਖੀ ਸਰੀਰ ਮਿੱਟੀ ਹੈ ਤੇ ਅਖ਼ੀਰ ਮਿੱਟੀ ਵਿਚ ਮਿਲਣਾ ਹੈ, ਗੁਰਬਾਣੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ। ਸਥਾਨ ਕਰਕੇ ਦੂਹਰਾ ਰੂਪ ਮਾਨਵ ਦੇ ਮਿੱਟੀ ਵਿਚ ਮਿਲ ਜਾਣ ਦਾ ਜ਼ਿਕਰ ਕਰ ਰਿਹਾ ਹੈ।

---

[17] ਸਾਹਿਬ ਸਿੰਘ, ਸਲੋਕ ਭਗਤ ਕਬੀਰ ਜੀ (ਸਟੀਕ), ਕਟੜਾ ਜਲਿਆ ਵਾਲਾ, ਅੰਮ੍ਰਿਤਸਰ, 1949, ਪੰਨਾ 203.

ਸ਼ਬਦ ਦਾ ਦੂਹਰਾ ਰੂਪ ਅਰਥ ਦਾ ਪ੍ਰਸੰਗ ਬਦਲ ਦਿੰਦਾ ਹੈ। ਇਕਹਿਰੇ ਰੂਪ ਵਿਚ ਇਹ ਵਸਤੂ ਵਾਚਕ ਹੈ, ਉਪਰੋਕਤ ਰੂਪ ਵਿਚ ਇਕ 'ਜਾਤੀ ਵਾਚਕ' ਅਤੇ ਦੂਜਾ 'ਵਸਤੂ ਵਾਚਕ' ਹੈ। ਵਾਕ ਵਿਚ ਸ਼ਬਦ ਦਾ ਦੂਹਰਾ ਰੂਪ ਅਰਥ ਦਾ ਕੇਂਦਰੀਕਰਨ ਅਤੇ ਭਾਵ ਦੀ ਏਕਤਾ ਦਾ ਸੰਚਾਰ ਕਰਦਾ ਹੈ।

**ਪਾਹੁਨੜੇ ਪਾਹੁਨੜੇ** ਮੇਰੇ ਸੰਤ ਪਿਆਰੇ ਰਾਮ ॥ (ਮਃ ੫) ਅੰਗ ੪੫੨

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਰੂਪ ਵਿਸਮਾਦ ਪੈਦਾ ਕਰ ਰਿਹਾ ਹੈ। ਸੰਤ ਪਿਆਰੇ, ਪ੍ਰਾਹੁਣੇ (ਜਿੰਦ ਦਾ ਸਾਈਂ) ਦੇ ਆਉਣ ਦੀ ਖ਼ੁਸ਼ੀ/ ਚਾਅ ਪ੍ਰਗਟ ਹੋ ਰਿਹਾ ਹੈ। ਕਾਰਜ ਵਜੋਂ ਦੁਹਰੁਕਤੀ ਦੀ ਵਿਸ਼ੇਸ਼ ਵਿਆਕਰਨਕ ਮਹੱਤਤਾ ਹੈ। ਵਿਆਕਰਨਕ ਮਹੱਤਤਾ ਤੋਂ ਬਿਨਾਂ ਦੁਹਰੁਕਤੀ ਦੀ ਕਾਵਿ ਜੁਗਤ ਵਜੋਂ ਵੀ ਵਿਸ਼ੇਸ਼ ਮਹੱਤਤਾ ਹੈ। ਕਾਵਿ ਜੁਗਤ ਦੀ ਦ੍ਰਿਸ਼ਟੀ ਤੋਂ ਕਲਾਤਮਿਕ ਸੁਹਜ ਨੂੰ ਧਿਆਨ ਵਿਚ ਰੱਖਦਿਆਂ ਵਾਕ ਬਣਤਰ ਵਿਚ ਵੱਖਰਾ ਵਿਸ਼ੇਸ਼ਣ ਨਾ ਵਰਤ ਕੇ ਦੁਹਰੁਕਤੀਯੁਕਤ ਰੂਪ ਦੀ ਵਰਤੋਂ ਕੀਤੀ ਮਿਲਦੀ ਹੈ। ਸੁਹਜ ਸੰਚਾਰ ਦੇ ਨਾਲ ਨਾਲ ਇਹ ਵਿਸ਼ੇਸ਼ਣ ਦਾ ਕਾਰਜ ਕਰਦੀ ਹੈ:

**II.ਅ. ਹਰੇਕ** ਦੇ ਅਰਥਾਂ ਵਿਚ

ਰੂਪ ਨ ਧੂਪ ਨ ਗੰਧ ਨ ਦੀਪਾ ਓਤਿ ਪੋਤਿ **ਅੰਗ ਅੰਗ** ਸੰਗਿ ਮਉਲੀ ॥

(ਮਃ ੫) ਅੰਗ ੮੨੨ (ਹਰੇਕ ਅੰਗ)

**ਅੰਗ ਅੰਗ** ਸੁਖਦਾਈ ਪੂਰਨ ਬ੍ਰਹਮਾਈ ਥਾਨ ਥਾਨੰਤਰ ਦੇਸਾ ॥

(ਮਃ ੫) ਅੰਗ ੧੨੩੭ (ਹਰੇਕ ਅੰਗ)

ਪਾਤੀ ਤੋਰੈ ਮਾਲਿਨੀ **ਪਾਤੀ ਪਾਤੀ** ਜੀਉ ॥ (ਕਬੀਰ) ਅੰਗ ੪੭੯

(ਹਰੇਕ ਪਾਤੀ/ ਪੱਤਾ)

ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ **ਜਨ ਜਨ** ਕੀ ॥ (ਮਃ ੯) ਅੰਗ ੪੧੧

(ਹਰੇਕ ਜਨ ਦੀ/ ਜਣੇ ਖਣੇ ਦੀ, ਵਿਅੰਗ)

**ਸਿਰਿ ਸਿਰਿ** ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ (ਮਃ ੫) ਅੰਗ ੧੦

(ਹਰੇਕ ਜੀਵ)

ਆਪੇ **ਸਿਰਿ ਸਿਰਿ** ਧੰਧੈ ਲਾਇਆ ॥ (ਮਃ ੩) ਅੰਗ ੮੪੧ (ਹਰੇਕ ਜੀਵ)

ਉਪਰੋਕਤ ਵਾਕਾਂ ਵਿਚ ਵਰਤੇ ਵਿਭਿੰਨ ਦੁਹਰੁਕਤੀਯੁਕਤ ਰੂਪ ਸਮੁੱਚੀ ਇਕਾਈ ਦੀ ਵਿਸ਼ੇਸ਼ਤਾ ਵਜੋਂ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਇਹ ਦੁਹਰੁਕਤੀ ਦੀ ਇਕ ਵਿਸ਼ੇਸ਼ਤਾ ਹੈ। ਵਿਸ਼ੇਸ਼ਣ (ਹਰੇਕ) ਦਾ ਅਰਥ ਦੁਹਰੁਕਤੀਯੁਕਤ ਬਣਤਰ ਵਿਚ ਲੁਪਤ ਹੈ। 'ਅੰਗ ਅੰਗ, ਪਾਤੀ ਪਾਤੀ' ਭਾਵ ਹਰੇਕ ਅੰਗ/ ਰੋਮਿ, ਹਰੇਕ ਪਾਤੀ ਦੇ ਅਰਥ ਦਿੰਦੇ ਹਨ। 'ਜਨ ਜਨ' ਭਾਵ ਹਰੇਕ ਜਨ ਦੀ/ ਜਣੇ ਖਣੇ ਦੇ ਅਰਥਾਂ ਵਿਚ 'ਦੁਹਰੁਕਤੀ' ਵਿਅੰਗ ਸਿਰਜਣਾ ਦਾ ਪ੍ਰਕਾਰਜ ਵੀ ਕਰ ਰਹੀ ਹੈ। ਵਿਸ਼ੇਸ਼ਣ ਦੀ ਪ੍ਰਤੱਖ ਰੂਪ ਵਿਚ ਵਰਤੋਂ ਕਾਵਿਕ ਸੁਹਜ ਨੂੰ ਭੰਗ ਕਰਦੀ ਹੈ, 'ਕਾਵਿ' ਵਾਰਤਕ ਰੂਪ ਪ੍ਰਤੀਤ ਹੋਣ ਲੱਗਦਾ ਹੈ, ਸੋ ਕਾਵਿ ਜਗਤ ਵਿਚ ਦੁਹਰੁਕਤੀ ਆਪਣੇ ਆਪ ਵਿਚ ਵਿਸ਼ੇਸ਼ ਮਹੱਤਤਾ ਰੱਖਦੀ ਹੈ ਤੇ ਕਾਵਿਕ ਸੁਹਜ ਦਾ ਕਾਰਜ ਕਰਦੀ ਹੈ।

ਭਾਸ਼ਾ ਦੀ ਬਣਤਰ ਵਿਚ ਭਾਵਾਤਮਕ ਪੱਖ ਤੋਂ ਦੁਹਰੁਕਤੀਯੁਕਤ ਸ਼ਬਦ ਬਣਤਰ ਮਹੱਤਵਪੂਰਨ 'ਅਰਥ ਜੁਗਤ' ਦੀ ਵਿਧੀ ਹੈ। ਜਿਵੇਂ 'ਪ੍ਰੇਤ' ਜਾਂ 'ਭੂਤੁ' ਜਾਤੀ ਵਾਚਕ ਨਾਂਵ ਹਨ, ਪ੍ਰੰਤੂ 'ਪ੍ਰੇਤ' ਅਤੇ 'ਭੂਤੁ' ਦੀ ਦੁਹਰੁਕਤੀਯੁਕਤ ਵਰਤੋਂ 'ਡਰ' ਅਤੇ 'ਭੈਅ' ਦਾ ਭਾਵ ਪੈਦਾ ਕਰਦੀ ਹੈ। ਆਮ ਤੌਰ 'ਤੇ ਵਿਹਾਰਕ ਭਾਸ਼ਾ ਵਿਚ ਭੈਅ ਦੇ ਅਰਥਾਂ ਵਿਚ ਦੁਹਰੁਕਤੀ ਦੀ ਵਰਤੋਂ ਸੁਭਾਵਿਕ ਹੋ ਜਾਂਦੀ ਹੈ, ਜਾਂ ਡਰ ਦਾ ਭਾਵ ਪੈਦਾ ਕਰਨ ਲਈ ਵਿਸਮਿਕ ਸ਼ਬਦਾਂ ਦੀ ਵਰਤੋਂ ਕਰ ਲਈ ਜਾਂਦੀ ਹੈ। ਵਿਸਮਿਕ ਸ਼ਬਦ **ਹਾਇ** ਪ੍ਰੇਤ ਜਾਂ **ਹਾਇ** ਭੂਤੁ ਸ਼ਬਦ ਦੀ ਵਰਤੋਂ ਸਪੱਸ਼ਟ ਭਾਵ ਨਹੀਂ ਪ੍ਰਗਟਾਉਂਦੀ। ਅਜਿਹੇ ਸ਼ਬਦਾਂ ਦੀ ਵਰਤੋਂ ਨਾਲ ਕਾਵਿ ਵਿਚਲਾ ਸੁਹਜ ਅਤੇ ਸਹਿਜ ਨਹੀਂ ਰਹਿੰਦਾ। 'ਹਾਇ' ਵਿਸਮਿਕ ਸ਼ਬਦ ਕਾਵਿਕ ਸੁਹਜ ਵਿਚ ਵਿਗਾੜ ਪੈਦਾ ਕਰਦਾ ਹੈ ਅਤੇ ਅਰਥ ਸੰਚਾਰ ਵਿਚ ਰੁਕਾਵਟ ਬਣਦਾ ਹੈ। ਦੁਹਰੁਕਤੀ ਸਹੀ ਅਰਥਾਂ ਵਿਚ ਭਾਵ ਅਰਥਾਂ ਦਾ ਸੰਚਾਰ ਕਰਦੀ ਹੈ:

ਜਬ ਹੀ ਹੰਸ ਤਜੀ ਇਹ ਕਾਂਇਆ **ਪ੍ਰੇਤ ਪ੍ਰੇਤ** ਕਰਿ ਭਾਗੀ ॥ (ਮਃ ੯) ਅੰਗ ੬੩੪

ਉਹ ਤਉ **ਭੂਤੁ ਭੂਤੁ** ਕਰਿ ਭਾਗੀ ॥ (ਰਵਿਦਾਸ) ਅੰਗ ੧੯੪

ਦੁਹਰੁਕਤੀਯੁਕਤ ਰੂਪ 'ਸੋਗਮਈ' ਅਤੇ 'ਭੈਅਮਈ' ਭਾਵ ਪੈਦਾ ਕਰ ਰਹੇ ਹਨ। **ਪ੍ਰੇਤ ਪ੍ਰੇਤ** ਅਤੇ **ਭੂਤੁ ਭੂਤੁ** ਕਰਤਾ ਕਾਰਕ ਨਹੀਂ ਕਰਮ ਕਾਰਕ ਹਨ। ਸਾਧਾਰਨ ਅਰਥਾਂ ਵਿਚ ਇਸਦਾ ਇਕਹਿਰਾ ਰੂਪ ਵੀ ਮਿਲਦਾ ਹੈ, ਜਿਵੇਂ:

ਮਰਤੀ ਬਾਰ ਲੇਹੁ ਲੇਹੁ ਕਰੀਐ **ਭੂਤੁ** ਰਹਨ ਕਿਉ ਦੀਆ ॥ (ਕਬੀਰ) ਅੰਗ ੬੫੪

ਕਲਿ ਮਹਿ **ਪ੍ਰੇਤ** ਜਿਨ੍ਹੀ ਰਾਮੁ ਨ ਪਛਾਤਾ ਸਤਜੁਗਿ ਪਰਮ ਹੰਸ ਬੀਚਾਰੀ॥

(ਮਃ ੩) ਅੰਗ ੧੧੩੧

**ਭੂਤੁ** ਅਤੇ **ਪ੍ਰੇਤ** ਦੋਵੇਂ ਸਮਾਨਾਰਥੀ ਸ਼ਬਦ ਹਨ। ਉਪਰੋਕਤ ਵਾਕਾਂ ਵਿਚ ਵਰਤੇ ਇਕਹਿਰੇ ਨਾਂਵ 'ਭੂਤੁ' ਅਤੇ 'ਪ੍ਰੇਤ' ਪ੍ਰਤੀਕਾਤਮਕ ਰੂਪ ਵਿਚ ਅਰਥ ਸੰਚਾਰ ਕਰ ਰਹੇ ਹਨ। ਦੁਹਰੁਕਤੀਯੁਕਤ ਰੂਪ ਵਿਚ ਇਹ 'ਸੋਗ' ਅਤੇ 'ਭੈਅ' ਦੇ ਅਰਥ ਦਾ ਸੰਚਾਰ ਕਰਦੇ ਹਨ।

ਅਰਥਗਤ ਦੁਹਰੁਕਤੀਯੁਕਤ ਰੂਪ ਵਿਚ ਜਾਂ ਇਕਹਿਰੇ ਰੂਪ ਵਿਚ 'ਜਾਤੀਵਾਚਕ' ਆਮ ਨਾਂਵ ਦੇ ਵਧੇਰੇ ਉਪਵਰਗ ਮਿਲਦੇ ਹਨ। ਜਿਵੇਂ ਮਾਨਵ ਜਾਤੀ ਵਿਚ ਮਿਲਦੇ ਉਪਵਰਗ ਧਰਮ ਦੇ ਆਧਾਰ 'ਤੇ: 'ਹਿੰਦੂ (ਪੰਡਿਤੁ, ਪ੍ਰੋਹਿਤੁ), ਤੁਰਕੁ ਮੁਸਲਮਾਣੁ (ਮੁਲਾ, ਸੇਖ, ਕਾਜੀ, ਮਸਾਇਕ) ਆਦਿ), ਕਾਰਜ ਦੇ ਆਧਾਰ 'ਤੇ: (ਸੁਨਾਰਾ, ਦਾਈ, ਪਸ਼ੂਆਰਾ, ਵੈਦੁ), ਵਰਣ ਦੇ ਆਧਾਰ 'ਤੇ: (ਸੂਦ, ਚਮਾਰ, ਛੀਪਾ, ਨਾਈ, ਖਤ੍ਰੀ, ਬ੍ਰਾਹਮਣ, ਵੈਸ ਆਦਿ) ਆਦਿ ਮਿਲਦੇ ਹਨ।

**II.ੲ. ਧਰਮ ਦੇ ਆਧਾਰ 'ਤੇ:**

**ਹਿੰਦੂ ਤੁਰਕ** ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥ (ਕਬੀਰ) ਅੰਗ ੪੭੭

**ਕਾਜੀ ਮੁਲਾਂ** ਕਰਹਿ ਸਲਾਮੁ ॥ (ਨਾਮਦੇਵ) ਅੰਗ ੧੧੬੫

'ਹਿੰਦੂ ਤੁਰਕ' ਦੋ ਵਿਭਿੰਨ ਧਰਮਾਂ ਦੇ ਨਾਂਵ ਹਨ। ਕਾਜੀ ਮੁਲਾਂ ਇਕੋ ਧਰਮ ਦੇ ਦੋ ਨਾਂਵ ਹਨ, ਜੋ ਕਿ ਦੂਹਰੇ ਰੂਪ ਵਿਚ ਕਾਰਜਸ਼ੀਲ ਹਨ।

**II.ਸ. ਵਰਣ ਦੇ ਆਧਾਰ 'ਤੇ:**

**ਸੂਦੁ ਵੈਸੁ** ਪਰ ਕਿਰਤਿ ਕਮਾਵੈ ॥ (ਮ: ੪) ਅੰਗ ੧੬੪

**ਖਤ੍ਰੀ ਬ੍ਰਾਹਮਣ** ਪਿਠਿ ਦੇ ਛੋਡੇ ਹਰਿ ਨਾਮਦੇਉ ਲੀਆ ਮੁਖਿ ਲਾਇ ॥ (ਮ: ੪) ਅੰਗ ੭੩੩

**ਖਤ੍ਰੀ ਬ੍ਰਾਹਮਣ ਸੂਦ ਵੈਸ** ਉਪਦੇਸੁ ਚਹੁ ਵਰਨਾ ਕਉ ਸਾਝਾ॥ (ਮ: ੫) ਅੰਗ ੭੪੭

'ਸੂਦੁ ਵੈਸੁ, ਖਤ੍ਰੀ ਬ੍ਰਾਹਮਣ' ਅਰਥਗਤ ਦੁਹਰੁਕਤੀਯੁਕਤ ਨਾਂਵ ਹਨ। ਸਮਾਜ ਵਿਚ ਚਾਰ ਵਰਨ ਹਨ। ਅਖ਼ੀਰਲੇ ਵਾਕ ਵਿਚ ਚਾਰਾਂ ਵਰਨਾਂ ਦੀ ਇਕੱਠੀ ਵਰਤੋਂ ਕਰਕੇ ਚਾਰੇ ਵਰਨਾਂ ਨੂੰ ਸਾਂਝੀਵਾਲਤਾ ਦਾ ਉਪਦੇਸ਼ ਦਿੱਤਾ ਗਿਆ ਹੈ।

**II.ਹ. ਕਾਰਜ ਦੇ ਆਧਾਰ 'ਤੇ:**

ਸੋਨਾ ਗਢਤੇ ਹਿਰੈ **ਸੁਨਾਰਾ** ॥ (ਨਾਮਦੇਵ) ਅੰਗ ੮੭੩

ਜਿਉ ਮੀਨਾ ਹੇਰੈ **ਪਸੂਆਰਾ** ॥ (ਨਾਮਦੇਵ) ਅੰਗ ੮੭੩

ਭੋਲਾ **ਵੈਦੁ** ਨ ਜਾਣਈ ਕਰਕ ਕਲੇਜੇ ਮਾਹਿ ॥ (ਮ: ੧) ਅੰਗ ੧੨੭੯

'ਸੁਨਾਰਾ, ਪਸੂਆਰਾ, ਵੈਦੁ' ਕਾਰਜ ਦੇ ਆਧਾਰ 'ਤੇ ਬਣੇ 'ਜਾਤੀ ਵਾਚਕ ਆਮ ਨਾਂਵ' ਹਨ। ਗੁਰਬਾਣੀ ਵਿਚ ਬਹੁਤ ਸੀਮਿਤ ਰੂਪ ਵਿਚ ਇਹਨਾਂ ਦੀ ਇਕਹਿਰੀ ਵਰਤੋਂ ਮਿਲਦੀ ਹੈ।

**II.ਕ. ਰਿਸ਼ਤਾਨਾਤਾ ਪ੍ਰਣਾਲੀ ਦੇ ਆਧਾਰ 'ਤੇ:**

**ਭੈਣ ਭਾਈ** ਸਭਿ ਸਜਣਾ ਤੁਧੁ ਜੇਹਾ ਨਾਹੀ ਕੋਇ ਜੀਉ ॥ (ਮ: ੫) ਅੰਗ ੭੩

ਸਭ ਪਰਵਾਰੈ ਮਾਹਿ ਸਰੇਸਟ॥ ਮਤੀ ਦੇਵੀ **ਦੇਵਰ ਜੇਸਟ** ॥ (ਮ: ੫) ਅੰਗ ੩੭੧

**ਪੁਤ੍ਰ ਕਲਤ੍ਰ** ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ ॥ (ਮ: ੫) ਅੰਗ ੫੪੧

**II.ਖ. ਲਿੰਗ ਦੇ ਆਧਾਰ 'ਤੇ:**

ਅਨਦ ਕਰਹਿ **ਨਰ ਨਾਰੀ** ॥ (ਮ: ੫) ਅੰਗ ੬੨੧

ਬਾਬੁਲ ਕੈ ਘਰਿ ਬੇਟੜੀ **ਬਾਲੀ ਬਾਲੈ** ਨੇਹਿ ॥ (ਮ: ੧) ਅੰਗ ੯੩੫

**ਇਸਤਰੀ ਪੁਰਖੈ** ਬਹੁ ਪ੍ਰੀਤਿ ਮਿਲਿ ਮੋਹੁ ਵਧਾਇਆ ॥ (ਮ: ੪) ਅੰਗ ੧੨੪੯

**II.ਗ. ਪਸ਼ੂ ਪੰਖੀਆਂ ਦੇ ਮਿਲਦੇ ਜਾਤੀ ਵਾਚਕ ਆਮ ਨਾਂਵ:**

ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ **ਪਸੁ ਢੋਰ** ॥ (ਮ: ੫) ਅੰਗ ੨੫੧

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ **ਪਸੁ ਢੋਰ** ॥ (ਮ: ੩) ਅੰਗ ੪੨੭

ਕੁਦਮ ਕਰੇ **ਪਸੁ ਪੰਖੀਆ** ਦਿਸੈ ਨਾਹੀ ਕਾਲੁ ॥ (ਮ: ੫) ਅੰਗ ੪੩

**ਗਊ ਭੈਸ** ਮਗਉ ਲਾਵੇਰੀ ॥ (ਧੰਨਾ) ਅੰਗ ੬੯੫

**ਬਗੁਲਾ ਕਾਗ** ਨੀਚ ਕੀ ਸੰਗਤਿ ਜਾਇ ਕਰੰਗ ਬਿਖੂ ਮੁਖਿ ਲਾਈਐ ॥ (ਮ: ੪) ਅੰਗ ੮੮੧

**ਕਊਆ ਕਾਗ** ਕਉ ਅੰਮ੍ਰਿਤ ਰਸੁ ਪਾਈਐ ਤ੍ਰਿਪਤੈ ਵਿਸਟਾ ਖਾਇ ਮੁਖਿ ਗੋਹੈ ॥

(ਮ: ੪) ਅੰਗ ੪੯੩

**ਪਸੁ ਪੰਖੀਆ** ਦੋ ਵਿਭਿੰਨ ਜਾਤੀਆਂ ਦੇ ਆਮ ਨਾਂਵ ਹਨ। **ਪਸੁ ਢੋਰ** ਇਕੋ ਸ਼੍ਰੇਣੀ ਦੇ ਦੋ ਵਿਭਿੰਨ ਨਾਂਵ ਹਨ। ਪਸੁ ਪੰਖੀਆ 'ਵਰਗਾਰਥੀ' ਦੁਹਰੁਕਤੀ ਦੀ ਉਦਾਹਰਨ ਹੈ ਅਤੇ **ਪਸੁ ਢੋਰ** 'ਸਮਾਨਾਰਥੀ' ਦੁਹਰੁਕਤੀ ਹੈ। **ਗਊ ਭੈਸ** ਪਸ਼ੂ ਸ਼੍ਰੇਣੀ ਦੇ 'ਵਰਗਾਰਥਕ' ਨਾਂਵ ਹਨ। ਇਕ ਜਾਤੀ ਵਿਚ ਦੋਹਾਂ ਵਿਚਲੇ ਕੁਝ ਨਿਖੜਵੇਂ ਲੱਛਣ ਇਕ ਦੂਜੇ ਤੋਂ ਵੱਖਰਤਾ ਦਰਸਾਉਂਦੇ ਹਨ, ਪਰ ਦੋਵਾਂ ਵਿਚਲੀ ਮੂਲ ਸਾਂਝ ਇਕ ਸ਼੍ਰੇਣੀ ਹੋਣ ਕਾਰਨ ਵਰਗਾਰਥਕ ਨਾਂਵ ਹਨ। ਇਸੇ ਤਰ੍ਹਾਂ **ਬਗੁਲਾ ਕਾਗ** ਪੰਛੀ ਜਾਤੀ ਦੇ ਦੋ 'ਵਰਗਾਰਥਕ' ਨਾਂਵ ਹਨ।

ਦੁਹਰੁਕਤੀਯੁਕਤ ਰੂਪ ਵਿਚ ਦੋਹਾਂ ਦੇ ਨੀਵੇਂ ਗੁਣਾਂ ਦਾ ਬਿਆਨ ਕੀਤਾ ਹੈ। **ਕਊਆ ਕਾਗ** ਦੋਵੇਂ 'ਸਮਾਨਾਰਥੀ' ਸ਼ਬਦ ਹਨ। ਅਜਿਹੇ ਸ਼ਬਦ ਭਾਸ਼ਾਈ ਵੱਖਰਤਾ ਨੂੰ ਉਜਾਗਰ ਕਰਦੇ ਹਨ। ਜਾਤੀ ਵਾਚਕ ਨਾਂਵ ਦੇ ਅਜਿਹੇ ਵਧੇਰੇ ਉਦਾਹਰਨ ਇਕਹਿਰੇ ਰੂਪ ਵਿਚ ਵੀ ਮਿਲਦੇ ਹਨ, ਜਿਵੇਂ:

ਹਕੁ ਪਰਾਇਆ ਨਾਨਕਾ ਉਸੁ **ਸੂਅਰ** ਉਸੁ **ਗਾਇ** ॥ (ਮਃ ੧) ਅੰਗ ੧੪੧

**ਮਛੁਲੀ** ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ (ਨਾਮਦੇਵ) ਅੰਗ ੬੯੩

ਕਾਲੀ **ਕੋਇਲ** ਤੂ ਕਿਤ ਗੁਨ ਕਾਲੀ ॥ (ਫਰੀਦ) ਅੰਗ ੭੯੪

ਗਹਿਲਾ ਲੋਕੁ ਨ ਜਾਣਦਾ **ਹੰਸੁ** ਨ ਕੋਧ੍ਰਾ ਖਾਇ ॥ (ਫਰੀਦ) ਅੰਗ ੧੩੮੧

ਮੈ ਜਾਣਿਆ ਵਡ **ਹੰਸੁ** ਹੈ ਤਾਂ ਮੈ ਕੀਤਾ ਸੰਗੁ ॥ (ਫਰੀਦ) ਅੰਗ ੧੩੮੪

**ਹੰਸਾ** ਵਿਚਿ ਬੈਠਾ **ਬਗੁ** ਨ ਬਣਈ ਨਿਤ ਬੈਠਾ **ਮਛੀ** ਨੋ ਤਾਰ ਲਾਵੈ ॥

(ਮਃ ੫) ਅੰਗ ੯੬੦

ਇਕਹਿਰੇ ਰੂਪ ਵਿਚ ਵਰਤੇ ਗਏ ਅਜਿਹੇ ਹੋਰ ਵਧੇਰੇ ਜਾਤੀ ਵਾਚਕ ਆਮ ਨਾਂਵ ਮਿਲਦੇ ਹਨ। ਅਜਿਹੇ ਵਾਕ ਮਨੁੱਖ ਨੂੰ ਸਮਝਾਉਣ ਲਈ ਪ੍ਰਤੀਕਾਤਮਕ ਰੂਪ ਵਿਚ ਸਿਰਜੇ ਗਏ ਹਨ। ਪਹਿਲੇ ਵਾਕ ਵਿਚ ਸੂਅਰ ਅਤੇ ਗਾਇ ਦਾ ਪ੍ਰਤੀਕ ਹੈ। ਗੁਰੂ ਨਾਨਕ **ਉਸੁ ਸੂਅਰ ਉਸੁ ਗਾਇ** ਰਾਹੀਂ ਮੁਸਲਮਾਨ ਤੇ ਹਿੰਦੂ ਧਰਮ ਦੇ ਪੂਰੇ ਪ੍ਰਸੰਗ ਨੂੰ ਪੇਸ਼ ਕਰ ਦਿੰਦੇ ਹਨ। ਇਹ ਭਾਸ਼ਾ ਸ਼ੈਲੀ ਦੀ ਸੰਜਮਤਾ ਦਾ ਵਧੀਆ ਨਮੂਨਾ ਹੈ। "ਹੇ ਨਾਨਕ! ਪਰਾਇਆ ਹੱਕ ਮੁਸਲਮਾਨ ਲਈ ਸੂਰ ਹੈ ਤੇ ਹਿੰਦੂ ਲਈ ਗਾਂ ਹੈ। "[18] ਦੂਜੀ ਤੁਕ ਵਿਚ ਭਗਤ ਨਾਮਦੇਵ ਜੀ ਆਪਣੇ ਮਨ ਦੀ ਰਾਮਈਆ ਨਾਲ ਪ੍ਰੀਤ ਨੂੰ 'ਮਛਲੀ ਦੀ ਪਾਣੀ ਨਾਲ ਪ੍ਰੀਤ' ਰਾਹੀਂ ਤੁਲਨਾਉਂਦੇ ਹਨ। "ਮਛਲੀ ਨੂੰ ਜੇਹਾ ਪਾਣੀ ਪਿਆਰਾ ਹੈ, ਤੇਹਾ ਮੇਰੇ ਮਨ ਨੂੰ ਰਾਮ ਪਿਆਰਾ ਹੈ।"[19] ਗੁਰਬਾਣੀ ਵਿਚ 'ਹੰਸ' (ਚੰਗੇ ਗੁਣਾਂ ਕਾਰਨ) ਗੁਰਮੁਖ ਦਾ ਪ੍ਰਤੀਕ ਹੈ ਅਤੇ 'ਬਗੁਲਾ' (ਮਾੜੇ ਗੁਣਾਂ ਕਾਰਨ) ਮਨਮੁਖ ਦਾ ਪ੍ਰਤੀਕ ਹੈ।

---

18 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪਹਿਲੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1961, ਪੰਨਾ 833.

19 ਭਾਈ ਜੋਧ ਸਿੰਘ, ਭਗਤ ਨਾਮਦੇਵ ਤਥਾ ਹੋਰ ਭਗਤ (ਜੀਵਨੀ ਤੇ ਰਚਨਾ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ 30.

ਗੁਰਮੁਖ ਅਤੇ ਮਨੁਮੁਖ ਦੇ ਅਰਥ ਸੰਚਾਰ ਲਈ ਹੰਸ ਅਤੇ ਬਗੁਲੇ ਦੀ ਪ੍ਰਤੀਕਾਤਮਕ ਵਰਤੋਂ ਵਧੇਰੇ ਮਿਲਦੀ ਹੈ। ਇਹਨਾਂ ਪ੍ਰਤੀਕਾਂ ਰਾਹੀਂ ਗੁਰੂ ਜੀ ਮਨੁੱਖ ਦੇ ਬਾਹਰੀ ਭੇਖ 'ਤੇ ਵਿਅੰਗ ਕਰਦੇ ਹਨ।

**III. ਸਮੂਹ ਵਾਚਕ ਨਾਂਵ ਦੁਹਰੁਕਤੀ:-** 'ਜਾਤੀ, ਵਿਅਕਤੀ' ਅਤੇ 'ਵਸਤੂਆਂ' ਦੇ ਸਮੂਹਾਂ ਲਈ ਵਰਤੇ ਜਾਂਦੇ ਨਾਂਵ 'ਸਮੂਹ ਵਾਚਕ' ਨਾਂਵ ਹਨ। ਜੀਵਾਂ ਦੇ ਸਮੂਹ ਵਿਚ 'ਮਨੁੱਖ, ਪਸ਼ੂ, ਪੰਛੀਆਂ' ਆਦਿ ਦੇ ਸਮੂਹ ਆ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਜਾਤੀ ਦੇ ਸੰਦਰਭ ਵਿਚ  ਸਮੂਹ ਵਾਚਕ ਨਾਂਵ ਦੇ ਦੁਹਰੁਕਤੀਯੁਕਤ ਰੂਪ ਨਹੀਂ ਮਿਲਦੇ। ਇਸਦੇ ਇਕਹਿਰੇ ਸਮੂਹ ਵਾਚਕ ਨਾਂਵ ਵੀ ਸੀਮਿਤ ਮਾਤਰਾ ਵਿਚ ਮਿਲਦੇ ਹਨ,

ਤੇਰਾ ਏਕੁ ਨਾਮੁ ਤਾਰੇ **ਸੰਸਾਰੁ** ॥ (ਮਃ ੧) ਅੰਗ ੨੪

ਤੁਧੁ **ਸੰਸਾਰੁ** ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ ॥ (ਮਃ ੧) ਅੰਗ ੭੧

ਨਾਨਕ ਮਨਮੁਖਿ ਅੰਧੁ ਪਿਆਰੁ॥ ਬਾਝੁ ਗੁਰੂ ਡੁਬਾ **ਸੰਸਾਰੁ** ॥ (ਮਃ ੧) ਅੰਗ ੧੩੮

ਗੁਰਬਾਣੀ ਇਸੁ **ਜਗ** ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ (ਮਃ ੩) ਅੰਗ ੬੭

ਆਪਿ ਨਰਾਇਣੁ ਕਲਾ ਧਾਰਿ **ਜਗ** ਮਹਿ ਪਰਵਰਿਯਉ ॥ (ਭਟ ਕੀਰਤ) ਅੰਗ ੧੩੯੫

ਕਬੀਰ ਜਿਸੁ ਮਰਨੇ ਤੇ **ਜਗੁ** ਡਰੈ ਮੇਰੇ ਮਨਿ ਆਨੰਦੁ ॥ (ਕਬੀਰ) ਅੰਗ ੧੩੬੫

ਜਿਸੁ ਨਾਮੁ ਰਿਦੈ ਤਿਸੁ ਕੋਟ ਕਈ **ਸੈਨਾ** ॥ (ਮਃ ੫) ਅੰਗ ੧੧੫੫

ਰਾਵਨ **ਸੈਨਾ** ਜਹ ਤੇ ਛਲੀ ॥ (ਕਬੀਰ) ਅੰਗ ੧੧੬੩

ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ **ਜੰਞ** ਆਈ ॥ (ਮਃ ੪) ਅੰਗ ੫੭੫

ਗੁਣ **ਜੰਞ** ਲਾੜੇ ਨਾਲਿ ਸੋਹੈ ਪਰਖਿ ਮੋਹਣੀਐ ਲਇਆ ॥ (ਮਃ ੧) ਅੰਗ ੭੬੫

ਡਾਹਪਣਿ ਤਨਿ ਸੁਖੁ ਨਹੀ ਬਿਨੁ ਡਰ ਬਿਣਠੀ **ਡਾਰ** ॥ (ਮਃ ੧) ਅੰਗ ੯੩੩

ਸਕਤਾ ਸੀਹੁ ਮਾਰੇ ਪੈ **ਵਗੈ** ਖਸਮੈ ਸਾ ਪੁਰਸਾਈ ॥ (ਮਃ ੧) ਅੰਗ ੩੬੦

ਉਪਰੋਕਤ ਵਾਕਾਂ ਵਿਚ 'ਸੰਸਾਰੁ, ਜਗ, ਜਗੁ' ਨਾਂਵ ਸਮੁੱਚੇ ਜਗਤ ਦੀ ਸਮੂਹਿਕ ਇਕਾਈ ਹੈ। 'ਸੈਨਾ, ਜੰਞ' ਮਨੁੱਖੀ ਸਮੂਹ ਦੇ ਨਾਂਵ ਹਨ। 'ਡਾਰ' ਪੰਛੀਆਂ ਦੇ ਸਮੂਹ ਲਈ ਵਰਤਿਆ ਜਾਂਦਾ 'ਸਮੂਹ ਵਾਚਕ' ਨਾਂਵ ਹੈ। ਉਪਰੋਕਤ ਵਾਕ ਵਿਚ 'ਡਾਰ' ਸਮੂਹਿਕ ਜੀਵਾਂ ਲਈ ਵਰਤਿਆ ਗਿਆ ਹੈ। 'ਵਗੈ' ਸਮੂਹ ਵਾਚਕ ਨਾਂਵ 'ਪਸ਼ੂਆਂ ਦੇ ਝੁੰਡ' ਲਈ ਵਰਤਿਆ ਜਾਂਦਾ ਹੈ। ਉਪਰੋਕਤ ਇਸਦੀ ਵਰਤੋਂ ਪ੍ਰਤੀਕਾਤਮਕ ਰੂਪ ਵਿਚ ਕੀਤੀ ਗਈ ਹੈ। 'ਵਗੈ' ਸ਼ਬਦ ਦੀ ਵਰਤੋਂ ਦੋ ਅਰਥਾਂ ਵਿਚ ਮਿਲਦੀ ਹੈ, ਜਿਵੇਂ:

ਸਕਤਾ ਸੀਹੁ ਮਾਰੇ ਪੈ **ਵਗੈ** ਖਸਮੈ ਸਾ ਪੁਰਸਾਈ ॥ (ਮਃ ੧) ਅੰਗ ੩੬੦

ਕੰਨੀ ਬੁਜੇ ਦੇ ਰਹਾਂ ਕਿਤੀ **ਵਗੈ** ਪਉਣੁ ॥ (ਫਰੀਦ) ਅੰਗ ੧੩੮੨

ਪਹਿਲੇ ਵਾਕ ਵਿਚ **ਵਗੈ** ਸਮੂਹ ਵਾਚਕ ਨਾਂਵ (ਪਸ਼ੂਆਂ ਦਾ ਇਕੱਠ) ਹੈ। ਦੂਜੇ ਵਾਕ ਵਿਚ **ਵਗੈ** 'ਮੁਖ ਕਿਰਿਆ' (ਵਗਣਾ) ਹੈ। ਸਮੁੱਚੇ ਵਾਕ ਦੇ ਪ੍ਰਸੰਗ ਵਿਚ ਇਹ ਵੱਖਰੇ ਅਰਥਾਂ ਦਾ ਸੰਚਾਰ ਕਰਦੇ ਹਨ।

'ਭੰਡਾਰ, ਘਾਣੀ, ਪੋਟਲੀ' ਆਦਿ 'ਸਮੂਹ ਵਾਚਕ' ਵਸਤੂਆਂ ਦੇ ਸਮੂਹ ਲਈ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਰੂਪਗਤ ਦੁਹਰੁਕਤੀ ਵਿਚ ਵਸਤੂ ਦੇ 'ਸਮੂਹ ਵਾਚਕ' ਨਾਂਵ ਦਾ ਇਕ ਰੂਪ **ਮਾਇਆ** ਮਿਲਦਾ ਹੈ। ਮਾਇਆ ਵਸਤੂਗਤ ਸ਼੍ਰੇਣੀ ਦਾ 'ਸਮੂਹ ਵਾਚਕ' ਨਾਂਵ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਾਇਆ ਦੀ ਭਾਵ ਜੁਗਤ ਗਹਿਨ ਪੱਧਰ 'ਤੇ ਵਿਭਿੰਨ ਅਰਥਾਂ ਦਾ ਸੰਚਾਰ ਕਰਦੀ ਹੈ:

**ਮਾਇਆ ਮਾਇਆ** ਕਰਿ ਮੁਏ ਮਾਇਆ ਕਿਸੈ ਨ ਸਾਥਿ ॥ (ਮਃ ੧) ਅੰਗ ੯੩੫

ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ **ਮਾਇਆ ਮਾਇਆ** ॥

(ਮਃ ੪) ਅੰਗ ੧੧੭੮

**ਮਾਇਆ** 'ਸਮੂਹ ਵਾਚਕ' ਅਤੇ 'ਵਸਤੂ ਵਾਚਕ' ਨਾਂਵ ਹੈ। ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ ਇਸਦੀ ਵਰਤੋਂ ਪਦਾਰਥਕ ਵਸਤਾਂ ਅਤੇ ਭਾਵਾਤਮਕ ਰੂਪ ਵਿਚ 'ਮੋਹ ਮਾਇਆ' ਦੇ ਅਰਥਾਂ ਵਿਚ ਵੀ ਕੀਤੀ ਜਾਂਦੀ ਹੈ। ਉਪਰੋਕਤ ਵਾਕਾਂ ਵਿਚ ਮਾਇਆ ਦਾ ਦੁਹਰੁਕਤੀਯੁਕਤ ਨਾਂਵ ਰੂਪ ਇਕ ਤੋਂ ਵਧੇਰੇ ਅਰਥਾਂ 'ਧਨ,

ਦੌਲਤ, ਜਾਇਦਾਦ' ਵਜੋਂ ਪ੍ਰਕਾਰਜਸ਼ੀਲ ਹੈ। ਅਰਥਗਤ ਵਰਤੋਂ ਤੋਂ ਸਮੂਹ ਵਾਚਕ ਨਾਂਵ ਦੇ ਤਿੰਨ ਰੂਪ ਮਿਲਦੇ ਹਨ, 'ਅੰਨੁ, ਕਮਾਦੁ, ਕਪਾਹਾ'। ਇਕ ਵਰਗ ਨਾਲ ਸੰਬੰਧਿਤ ਹੋਣ ਕਾਰਨ ਇਹ ਵਰਗਾਰਥੀ ਦੁਹਰੁਕਤੀਯੁਕਤ ਨਾਂਵ ਹਨ:

ਵੁਠੈ **ਅੰਨੁ ਕਮਾਦੁ ਕਪਾਹਾ** ਸਭਸੈ ਪੜਦਾ ਹੋਵੈ ॥ (ਮਃ ੧) ਅੰਗ ੧੫੦

ਤੋਇਅਹੁ **ਅੰਨੁ ਕਮਾਦੁ ਕਪਾਹਾਂ** ਤੋਇਅਹੁ ਤ੍ਰਿਭਵਣੁ ਗੰਨਾ ॥ (ਮਃ ੧) ਅੰਗ ੧੨੯੦

**ਅੰਨੁ, ਕਮਾਦੁ, ਕਪਾਹਾ** 'ਸਮੂਹ ਵਾਚਕ' ਨਾਂਵ ਹਨ। ਇਹ ਦੂਹਰੇ ਰੂਪ ਵਿਚ ਨਹੀਂ, ਬਲਕਿ ਤੀਹਰੇ ਰੂਪ ਵਿਚ ਹਨ। ਤੀਹਰੇ ਰੂਪ ਵਿਚ ਹੋਣ ਕਾਰਨ ਦੁਹਰੁਕਤੀ ਨਹੀਂ ਕਹਾਂਗੇ, ਬਲਕਿ ਅਰਥਗਤ ਨਾਂਵ ਕਹਾਂਗੇ। ਇਹ ਅਰਥਗਤ ਦੇ 'ਵਰਗਾਰਥਕ' ਨਾਂਵ ਹਨ। ਵਰਗ ਦੇ ਅੰਤਰਗਤ ਇਕੋ ਵਰਗ ਦੇ ਦੋ ਜਾਂ ਦੋ ਤੋਂ ਵਧੇਰੇ ਸ਼ਬਦ, ਇਕ ਵਾਕ ਵਿਚ ਵਰਤੇ ਜਾ ਸਕਦੇ ਹਨ। ਰੂਪਗਤ ਜਾਂ ਅਰਥਗਤ ਵਜੋਂ ਸਮੂਹ ਵਾਚਕ ਨਾਂਵਾਂ ਦੀ ਵਰਤੋਂ ਨਾ ਮਾਤਰ ਹੈ, ਇਕਹਿਰੇ ਰੂਪ ਵਿਚ ਇਹਨਾਂ ਦੀ ਵਰਤੋਂ ਵਧੇਰੇ ਮਿਲਦੀ ਹੈ:

ਕਿਰਸਾਣੀ ਜੰਮੀ ਭਾਉ ਕਰਿ ਹਰਿ **ਬੋਹਲ** ਬਖਸ ਜਮਾਇਆ ॥ (ਮਃ ੪) ਅੰਗ ੩੦੪

ਸਭ ਧਰਤਿ ਭਈ ਹਰੀਆਵਲੀ **ਅੰਨੁ** ਜੰਮਿਆ **ਬੋਹਲ** ਲਾਇ ॥ (ਮਃ ੪) ਅੰਗ ੧੨੫੦

ਗੁਰੁ ਸਾਗਰੁ ਪੂਰਾ **ਭੰਡਾਰ**॥ ਊਤਮ ਰਤਨ ਜਵਾਹਰ ਅਪਾਰ ॥ (ਮਃ ੩) ਅੰਗ ੩੬੩

ਲਾਲ ਜਵੇਹਰ ਭਰੇ **ਭੰਡਾਰ**॥ ਤੋਟਿ ਨ ਆਵੈ ਜਪਿ ਨਿਰੰਕਾਰ ॥ (ਮਃ ੫) ਅੰਗ ੩੯੪

ਕਬੀਰ **ਘਾਣੀ** ਪੀੜਤੇ ਸਤਿਗੁਰ ਲੀਏ ਛਡਾਇ ॥ (ਕਬੀਰ) ਅੰਗ ੧੩੭੫

ਬੰਨ੍ਹਿ ਉਠਾਈ **ਪੋਟਲੀ** ਕਿਥੈ ਵੰਞਾ ਘਤਿ ॥ (ਫਰੀਦ) ਅੰਗ ੧੩੭੭

'ਬੋਹਲ, ਅੰਨੁ, ਭੰਡਾਰ, ਘਾਣੀ, ਪੋਟਲੀ' ਵਸਤੂ ਦੇ 'ਸਮੂਹ ਵਾਚਕ' ਨਾਂਵ ਹਨ।

IV. **ਵਸਤੂ ਵਾਚਕ ਨਾਂਵ ਦੁਹਰੁਕਤੀ:-** ਪਦਾਰਥਕ ਸਮੱਗਰੀ ਸਮੁੱਚੇ ਰੂਪ ਵਿਚ 'ਵਸਤੂ ਵਾਚਕ' ਨਾਂਵ ਸ਼੍ਰੇਣੀ ਵਿਚ ਆਉਂਦੀ ਹੈ। ਵਸਤੂ ਵਾਚਕ ਨਾਂਵਾਂ ਦੀ ਅਸੀਮਤ ਸ਼ਬਦਾਵਲੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ। ਜਿਵੇਂ 'ਮਾਖਨੁ, ਬੀਜੁ, ਫਲੁ, ਕਪੜੇ, ਦੀਵਾ, ਘਿਇ, ਕਲਮ, ਕਾਗਦੁ, ਲਾਕਰੀ, ਧਜਾ, ਮਾਂਦਲ, ਮੋਤੀ, ਆਟਾ, ਲੋਨ, ਦੂਧੁ, ਦਾਲਿ, ਸੀਧਾ, ਪਾਣੀ, ਹਿੰਙ, ਕਥੂਰੀ, ਕਾਠਿ, ਲੋਹਾ, ਛਾਦਨੁ, ਪਨੀਆ' ਆਦਿ। ਵਸਤੂ ਵਾਚਕ ਆਮ ਨਾਂਵ 'ਸ਼੍ਰੇਣੀ ਵਾਚਕ' ਨਾਂਵ ਹਨ। ਪੂਰੀ ਸ਼੍ਰੇਣੀ ਲਈ ਬਹੁਵਚਨ ਜਾਂ ਇਕ ਵਚਨ ਦੇ ਰੂਪ ਵਿਚ ਵਰਤੇ ਜਾਂਦੇ ਹਨ। ਵਸਤੂ ਦੇ ਅਰਥਾਂ ਦੇ ਆਧਾਰ 'ਤੇ ਇਹਨਾਂ ਦੇ ਵਿਭਿੰਨ ਰੂਪ ਬਣਦੇ ਹਨ।

IV.**ੳ. ਕੁਦਰਤੀ ਵਸਤਾਂ:** ਬਨਸਪਤੀ, ਫਲੁ, ਫੁਲ, ਲਾਕਰੀ, ਕਾਠਿ ਆਦਿ।

IV.**ਅ. ਖਾਣ ਵਾਲੀਆ ਵਸਤਾਂ:** ਗਰੀ, ਛੁਹਾਰੇ, ਆਟਾ, ਸਰਸਉਂ, ਸਕਰ, ਜਲ, ਖੀਰੁ, ਗੁੜ, ਲੋਣੁ, ਅੰਮ੍ਰਿਤ, ਘੀਉ' ਆਦਿ

IV.**ੲ. ਧਾਤਾਂ/ ਗਹਿਣੇ:** ਸੋਨਾ, ਜਵਾਹਰਾਤੁ, ਹੀਰੇ, ਮੋਤੀ, ਆਦਿ।

ਵਸਤੂ ਵਾਚਕ ਨਾਂਵ ਦੇ ਕੁਝ ਰੂਪ ਅਜਿਹੇ ਹਨ, ਜਿਹਨਾਂ ਦੇ ਬਹੁਵਚਨ ਨਹੀਂ ਬਣਦੇ, ਜਿਵੇਂ 'ਆਟਾ, ਸਰਸਉਂ, ਸਕਰ, ਜਲ, ਖੀਰੁ, ਗੁੜ, ਜਵਾਹਰ, ਪਾਰਸ, ਲੋਣੁ, ਅੰਮ੍ਰਿਤ, ਘੀਉ'। ਗੁਰੂ ਗ੍ਰੰਥ ਸਾਹਿਬ ਵਿਚ ਇਕਹਿਰੇ ਵਸਤੂ ਵਾਚਕ ਨਾਂਵਾਂ ਦੀ ਸ਼ਬਦਾਵਲੀ ਵਿਸ਼ਾਲ ਰੂਪ ਵਿਚ ਮਿਲਦੀ ਹੈ, ਜਦਕਿ ਦੁਹਰੁਕਤੀਯੁਕਤ ਰੂਪ ਵਿਚ ਇਸਦੇ ਬਹੁਤ ਸੀਮਿਤ ਰੂਪ ਮਿਲਦੇ ਹਨ:

**ਕਉਡੀ ਕਉਡੀ** ਜੋਰਤ ਕਪਟੇ ਅਨਿਕ ਜੁਗਤਿ ਕਰਿ ਧਾਇਓ ॥ (ਮਃ ੫) ਅੰਗ ੫੦੧

**ਕਉਡੀ ਕਉਡੀ** ਕਉ ਖਾਕੁ ਸਿਰਿ ਛਾਨੈ ॥ (ਮਃ ੫) ਅੰਗ ੮੯੯

ਕਬੀਰ **ਕਉਡੀ ਕਉਡੀ** ਜੋਰਿ ਕੈ ਜੋਰੇ ਲਾਖ ਕਰੋਰਿ ॥ (ਕਬੀਰ) ਅੰਗ ੧੩੭੨

ਉਪਰੋਕਤ ਵਾਕਾਂ ਵਿਚ 'ਕਉਡੀ' ਦਾ ਦੁਹਰੁਕਤੀਯੁਕਤ ਰੂਪ 'ਗਿਣਤੀ ਵਾਚਕ ਵਿਸ਼ੇਸ਼ਣ' (ਇਕ ਕਉਡੀ) ਅਤੇ 'ਨਾਂਵ' (ਕਉਡੀ) ਦੋਵਾਂ ਦਾ ਕਾਰਜ ਕਰ ਰਿਹਾ ਹੈ। ਵਰਤੋਂ ਦੇ ਪ੍ਰਸੰਗ ਵਿਚ ਇਸਦਾ

ਦੁਹਰੁਕਤੀਯੁਕਤ ਰੂਪ ਹੀ ਅਰਥਾਂ ਦਾ ਸਹੀ ਸੰਚਾਰ ਕਰਦਾ ਹੈ। ਕੇਵਲ ਇਕ ਕਉਡੀ ਲਈ ਮਨੁੱਖ ਖਾਕ ਨਹੀਂ ਛਾਣਦਾ ਜਾਂ ਵਧੇਰੇ ਯਤਨ ਨਹੀਂ ਕਰਦਾ ਜਾਂ ਛਲ ਕਪਟ ਨਹੀਂ ਕਰਦਾ। ਇਥੇ ਕਉਡੀ ਦੇ ਦੁਹਰੁਕਤੀਯੁਕਤ ਰੂਪ ਦਾ ਭਾਵ ਇਕ ਇਕ ਕਉਡੀ/ ਵਧੇਰੇ ਧਨ ਜੋੜਨ ਲਈ ਮਨੁੱਖ ਛਲ ਕਪਟ ਕਰਦਾ ਹੈ, ਖਾਕ ਛਾਣਦਾ ਹੈ, ਭਾਵ ਵਧੇਰੇ ਧਨ ਦੀ ਪ੍ਰਾਪਤੀ ਲਈ ਉਹ ਲਗਾਤਾਰ ਮਿਹਨਤ ਕਰਦਾ ਹੈ, ਛਲ ਫਰੇਬ ਕਰਦਾ ਹੈ, ਗੁਰਬਾਣੀ ਦਾ ਦਾਰਸ਼ਨਿਕ ਪ੍ਰਸੰਗ ਮਨੁੱਖ ਦੀ ਤ੍ਰਿਸ਼ਨਾ ਨੂੰ ਦਰਸਾਉਂਦਾ ਹੈ । ਇਕ ਇਕ ਕਉਡੀ ਜੋੜਨ ਨਾਲ ਉਹ ਲੱਖ ਕਰੋੜ ਬਣਾ ਲੈਂਦਾ ਹੈ। ਅਜਿਹੇ ਪ੍ਰਸੰਗ ਦੁਹਰੁਕਤੀ ਦੇ ਮਹੱਤਵ ਨੂੰ ਵਧੇਰੇ ਸਪੱਸ਼ਟ ਰੂਪ ਵਿਚ ਪੇਸ਼ ਕਰਦੇ ਹਨ।

ਅਰਥਗਤ ਦੁਹਰੁਕਤੀ ਵਿਚ ਵਸਤੂ ਵਾਚਕ ਨਾਂਵਾਂ ਦੀ ਵਰਤੋਂ ਵਧੇਰੇ ਮਿਲਦੀ ਹੈ:

**ਗਰੀ ਛੁਹਾਰੇ** ਖਾਂਦੀਆ ਮਾਣਨ੍ਹਿ ਸੇਜੜੀਆ ॥ (ਮ: ੧) ਅੰਗ ੪੧੭

**ਦਾਲਿ ਸੀਧਾ** ਮਾਗਉ **ਘੀਉ**॥ ਹਮਰਾ ਖੁਸੀ ਕਰੈ ਨਿਤ ਜੀਉ॥**ਪਨ੍ਹੀਆ ਛਾਦਨੁ** ਨੀਕਾ ॥

(ਧੰਨਾ) ਅੰਗ ੬੯੫

ਫਰੀਦਾ **ਸਕਰ ਖੰਡੁ ਨਿਵਾਤ ਗੁੜੁ ਮਾਖਿਓ** ਮਾਂਝਾ **ਦੁਧੁ** ॥

ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ (ਫਰੀਦ) ਅੰਗ ੧੩੭੯

'ਗਰੀ ਛੁਹਾਰੇ, ਦਾਲਿ ਸੀਧਾ, ਪਨ੍ਹੀਆ ਛਾਦਨੁ' ਅਰਥਗਤ 'ਵਰਗਾਰਥੀ' ਦੁਹਰੁਕਤੀਯੁਕਤ ਨਾਂਵ ਰੂਪ ਹਨ। ਅਖ਼ੀਰਲੇ ਵਾਕ ਵਿਚ ਦੁਹਰੁਕਤੀ ਤੋਂ ਵਧੇਰੇ ਸ਼ਬਦਾਂ ਦੀ ਇਕੱਠੀ ਵਰਤੋਂ ਜੁਗਤ ਰਾਹੀਂ 'ਬਾਬਾ ਫ਼ਰੀਦ' ਜੀ ਮਿੱਠੀਆਂ ਵਸਤਾਂ ਦੇ ਹਵਾਲੇ ਨਾਲ ਇਹ ਸੰਕੇਤ ਕਰਦੇ ਹਨ, ਕਿ ਸਾਰੀਆਂ ਵਸਤਾਂ ਮਿੱਠੀਆਂ ਹਨ, ਪਰ ਤੇਰੇ ਤੱਕ ਪਹੁੰਚਣ ਵਿਚ ਸਹਾਇਕ ਨਹੀਂ ਹਨ। ਦਾਰਸ਼ਨਿਕ ਪ੍ਰਸੰਗ ਤੋਂ ਬਾਬਾ ਫ਼ਰੀਦ ਜੀ ਪਦਾਰਥਕ ਵਸਤਾਂ ਦੇ ਹਵਾਲੇ ਰਾਹੀਂ ਨਿਰਗੁਣ ਪਰਮਾਤਮਾ ਦੇ ਨਾਮ ਰਸ ਦੀ ਮਿਠਾਸ ਨੂੰ ਸਭ ਤੋਂ ਉੱਤਮ ਦੱਸਦੇ ਹਨ।

V. **ਭਾਵ ਵਾਚਕ ਨਾਂਵ ਦੁਹਰੁਕਤੀ:-** ਮੂਲ ਰੂਪ ਵਿਚ ਭਾਵ ਵਾਚਕ ਨਾਂਵਾਂ ਦਾ ਕੋਈ ਸਥੂਲ ਰੂਪ ਜਾਂ ਆਕਾਰ ਨਹੀਂ ਹੁੰਦਾ। ਇਹ ਅਮੂਰਤ ਅਤੇ ਭਾਵਾਤਮਕ ਹੋਣ ਕਾਰਨ ਕੇਵਲ ਮਹਿਸੂਸ ਕੀਤੇ ਜਾ ਸਕਦੇ ਹਨ। ਕੁਝ ਅਜਿਹੇ 'ਭਾਵ ਵਾਚਕ' ਨਾਂਵ ਮਿਲਦੇ ਹਨ, ਜਿਹੜੇ ਕੁਦਰਤੀ ਜਾਂ ਸਮਾਜਿਕ ਪ੍ਰਸਥਿਤੀਆਂ ਕਾਰਨ ਉਪਜਦੇ ਹਨ। ਅਜਿਹੇ ਨਾਂਵਾਂ ਦੀ ਹੋਂਦ ਥੋੜ ਚਿਰੀ ਹੈ, ਮਨੁੱਖ ਇਹਨਾਂ ਨੂੰ ਮਹਿਸੂਸ ਕਰਨ ਦੇ ਨਾਲ ਨਾਲ ਵੇਖ ਵੀ ਸਕਦਾ ਹੈ। ਇਸ ਤਰ੍ਹਾਂ ਭਾਵ ਵਾਚਕ ਨਾਂਵ ਦੇ ਦੋ ਉਪਭੇਦ ਹਨ:

**i. ਸ਼ੁੱਧ ਭਾਵ ਵਾਚਕ ਨਾਂਵ ਦੁਹਰੁਕਤੀ**

**ii. ਅਲਪ ਭਾਵ ਵਾਚਕ ਨਾਂਵ ਦੁਹਰੁਕਤੀ**

**i. ਸ਼ੁੱਧ ਭਾਵ ਵਾਚਕ ਨਾਂਵ ਦੁਹਰੁਕਤੀ:-** ਉਹ ਨਾਂਵ ਜਿਹੜੇ ਕੇਵਲ ਮਹਿਸੂਸ ਕੀਤੇ ਜਾਂਦੇ ਹਨ, ਜਿਵੇਂ 'ਕਾਮ, ਕ੍ਰੋਧ, ਲੋਭ, ਮੋਹ, ਹਉਮੈ, ਦੁਖ, ਸੁਖ, ਹਰਖ, ਸੋਗ, ਭੁਖ, ਪਿਆਸ, ਪਿਆਰੁ, ਨੇਹੁ, ਵੈਰ, ਵਿਰੋਧੁ, ਗਰਬਿ, ਜਿਣਿ, ਆਨੰਦਿ' ਆਦਿ। ਅਜਿਹੇ ਨਾਂਵਾਂ ਦਾ ਦੁਹਰਾਉ 'ਸ਼ੁੱਧ ਭਾਵ ਵਾਚਕ ਨਾਂਵ ਦੁਹਰੁਕਤੀ' ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਸ਼ੁੱਧ ਭਾਵ ਵਾਚਕ' ਨਾਂਵ ਦੁਹਰੁਕਤੀਯੁਕਤ ਰੂਪ ਵਿਚ ਸੀਮਿਤ ਮਾਤਰਾ ਵਿਚ ਮਿਲਦੇ ਹਨ, ਜਿਵੇਂ:

ਤੇਰੇ ਜਨ **ਰਸਕਿ ਰਸਕਿ** ਗੁਣ ਗਾਵਹਿ ॥ (ਮਃ ੫) ਅੰਗ ੩੮੦

ਜਗਜੀਵਨੁ ਦਾਤਾ ਪਾਇਆ॥ ਹਰਿ **ਰਸਕਿ ਰਸਕਿ** ਗੁਣ ਗਾਇਆ ॥ (ਮਃ ੫) ਅੰਗ ੬੨੨

**ਰਸਿ ਰਸਿ** ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ ਬਸਹੁ ਗੋਪਾਲ ॥ (ਮਃ ੫) ਅੰਗ ੬੮੦

ਪਾਪ ਪੁੰਨ ਹਮਰੈ ਵਸਿ ਨਾਹਿ॥ **ਰਸਕਿ ਰਸਕਿ** ਨਾਨਕ ਗੁਣ ਗਾਹਿ ॥ (ਮਃ ੫) ਅੰਗ ੮੯੯

ਦੁਖ ਨਾਠੇ ਸੁਖ ਸਹਜਿ ਸਮਾਏ **ਅਨਦ ਅਨਦ** ਗੁਣ ਗਾਇਆ ॥ (ਮਃ ੫) ਅੰਗ ੧੨੧੮

**ਆਨੰਦੁ ਆਨੰਦੁ** ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ (ਮਃ ੩) ਅੰਗ ੯੧੭

**ਰਸਕਿ ਰਸਕਿ, ਰਸਿ ਰਸਿ, ਅਨਦ ਅਨਦ, ਆਨੰਦੁ ਆਨੰਦੁ** ਸ਼ਬਦਾਂ ਦੇ ਅਰਥ ਲਗਭਗ ਸਮਾਨ ਹਨ। ਭਾਸ਼ਾਈ ਵਿਭਿੰਨਤਾ ਦੇ ਸਿੱਟੇ ਵਜੋਂ ਇਕੋ ਅਰਥ ਵਾਲੇ ਵਧੇਰੇ ਸ਼ਬਦਾਂ ਦੀ ਵਰਤੋਂ ਮਿਲਦੀ ਹੈ। ਵਿਆਕਰਨਕ ਪੱਖ ਤੋਂ ਉਪਰੋਕਤ ਬਣਤਰਾਂ ਦੁਹਰੁਕਤੀ ਦੇ ਭਾਸ਼ਾਈ ਮਹੱਤਵ ਦਾ ਉੱਤਮ ਨਮੂਨਾ ਹਨ, ਇਹ ਇਕ ਵਿਆਕਰਨਕ ਇਕਾਈ 'ਉਪਵਾਕ' ਦਾ ਕਾਰਜ ਕਰ ਰਹੀਆਂ ਹਨ। ਦੁਹਰੁਕਤੀ 'ਭਾਵ ਦੀ ਗਹਿਰਾਈ' ਅਤੇ 'ਨਿਰੰਤਰਤਾ' ਦੇ ਅਰਥ ਸਿਰਜਦੀ ਹੈ। ਅਖ਼ੀਰਲੇ ਵਾਕ ਵਿਚ **ਆਨੰਦੁ ਆਨੰਦੁ** ਦੁਹਰੁਕਤੀ ਦੀ ਭਾਵ ਬਣਤਰ ਦੂਜੇ ਵਾਕਾਂ ਤੋਂ ਵੱਖਰੀ ਹੈ। ਪਹਿਲੇ ਪੰਜ ਵਾਕਾਂ ਵਿਚ ਭਗਤ 'ਆਨੰਦ ਜਾਂ ਰਸ' ਲੈ ਕੇ ਹਰੀ ਦੇ ਗੁਣ ਗਾ ਰਹੇ ਹਨ, ਪਰ ਅਖ਼ੀਰਲੇ ਵਾਕ ਵਿਚ ਆਨੰਦ ਦੀ ਸਥਿਤੀ ਦਾ ਬਿਆਨ ਹੈ। ਬਹੁਵਚਨ ਪੜਨਾਂਵੀਂ ਰੂਪ (ਸਭੁ) ਨਾਲ ਆਨੰਦ ਦੇ ਅਨੁਭਵ ਦਾ ਸੰਚਾਰ ਕਰਨ ਲਈ ਦੁਹਰੁਕਤੀਯੁਕਤ ਰੂਪ ਦੀ ਸਿਰਜਨਾ ਢੁੱਕਵੇਂ ਰੂਪ ਵਿਚ ਹੋਈ ਹੈ। ਕਲਾਤਮਕ ਪੱਖ ਤੋਂ ਵੀ ਦੂਹਰਾ ਰੂਪ ਸੁਹਜ ਦਾ ਸੰਚਾਰ ਕਰ ਰਿਹਾ ਹੈ। ਭਾਸ਼ਾਈ ਬਣਤਰ ਦੀ ਵਿਸ਼ੇਸ਼ ਸਿਰਜਨਾ ਅਤੇ ਕਲਾਤਮਕ ਸੁਹਜ ਤੋਂ ਬਿਨਾਂ ਦੁਹਰੁਕਤੀ ਵਰਤੋਂ ਦੇ ਪ੍ਰਸੰਗ ਵਿਚ ਨਵੇਂ ਕਾਰਜੀ ਅਰਥ ਸਿਰਜਦੀ ਹੈ। ਅਰਥ ਪਰਿਵਰਤਨ ਨਾਲ ਸ਼ਬਦ ਦੀ ਮੂਲ ਇਕਾਈ ਬਦਲ ਜਾਂਦੀ ਹੈ। ਜਿਵੇਂ ਫ਼ਾਰਸੀ ਤੋਂ ਪੰਜਾਬੀ ਵਿਚ ਆਇਆ **ਹਉ** ਸ਼ਬਦ ਮੂਲ ਰੂਪ ਵਿਚ ਪਹਿਲੇ ਪੁਰਖ ਦਾ ਸਾਧਾਰਨ ਪੜਨਾਂਵ (ਮੈਂ), ਇਕ ਵਚਨ ਹੈ। ਦੁਹਰੁਕਤੀਯੁਕਤ ਰੂਪ ਵਿਚ **ਹਉ** ਸ਼ਬਦ 'ਭਾਵ ਵਾਚਕ ਨਾਂਵ' ਦਾ ਪ੍ਰਕਾਰਜ ਕਰਦਾ ਹੈ, ਜਿਵੇਂ:

**ਹਉ ਹਉ** ਕਰਿ ਮਰਣਾ ਕਿਆ ਪਾਵੈ ॥ (ਮਃ ੧) ਅੰਗ ੨੨੬

ਨਾਨਕ **ਹਉ ਹਉ** ਕਰਤੇ ਖਪਿ ਮੁਏ ਖੂਹਣਿ ਲਖ ਅਸੰਖ ॥ (ਮਃ ੩) ਅੰਗ ੧੪੧੩

ਉਪਰੋਕਤ ਵਾਕਾਂ ਵਿਚ **ਹਉ ਹਉ** ਦੁਹਰੁਕਤੀਯੁਕਤ ਰੂਪ 'ਭਾਵ ਵਾਚਕ ਨਾਂਵ' (ਹਉਮੈ ਦੇ ਅਰਥਾਂ ਵਿਚ) ਕਰਮ ਕਾਰਕ ਦੀ ਸਥਿਤੀ ਵਿਚ ਵਿਚਰ ਰਿਹਾ ਹੈ। ਇਕਹਿਰੇ ਰੂਪ ਵਿਚ 'ਹਉ' ਦੀ ਵਰਤੋਂ ਪਹਿਲਾ ਪੁਰਖ ਪੜਨਾਂਵ ਦੇ ਸਾਧਾਰਨ ਰੂਪ ਵਿਚ ਮਿਲਦੀ ਹੈ, ਜਿਵੇਂ:

ਮੇਰੇ ਪ੍ਰੀਤਮਾ **ਹਉ** ਜੀਵਾ ਨਾਮੁ ਧਿਆਇ ॥ (ਮਃ ੪) ਅੰਗ ੪੦

**ਹਉ** ਪਾਪੀ ਤੂੰ ਨਿਰਮਲੁ ਏਕ ॥ (ਮਃ ੧) ਅੰਗ ੧੫੩

**ਹਉ** ਤਿਨ ਕੈ ਬਲਿਹਾਰਣੈ ਜਿਨਾ ਨਾਮੇ ਲਗਾ ਪਿਆਰੁ ॥ (ਮਃ ੩) ਅੰਗ ੨੯

**ਹਉ** ਰਹਿ ਨ ਸਕਾ ਬਿਨੁ ਨਾਮ ਵਖਾਣੇ ॥ (ਮਃ ੪) ਅੰਗ ੯੫

ਉਪਰੋਕਤ ਵਾਕਾਂ ਵਿਚ 'ਹਉ' ਦੀ ਇਕਹਿਰੇ ਰੂਪ ਵਿਚ ਵਰਤੋਂ ਪਹਿਲਾ ਪੁਰਖ ਪੜਨਾਂਵ ਦੇ ਰੂਪ ਵਿਚ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਹਉ' ਦੀ ਦੁਹਰੁਕਤੀਯੁਕਤ ਵਰਤੋਂ 24 ਵਾਰ ਹੈ, ਦੂਹਰੇ ਰੂਪ ਵਿਚ ਇਸਦਾ ਪ੍ਰਕਾਰਜ ਭਾਵ ਵਾਚਕ ਨਾਂਵ ਵਾਲਾ ਹੈ। ਇਕਹਿਰੇ ਰੂਪ ਵਿਚ 'ਹਉ' ਦੀ ਵਰਤੋਂ 741 ਵਾਰ, ਪਹਿਲਾ ਪੁਰਖ ਪੜਨਾਂਵ ਦੇ ਸਾਧਾਰਨ ਰੂਪ ਵਿਚ ਮਿਲਦੀ ਹੈ। ਇਸ ਤੋਂ ਸਪੱਸ਼ਟ ਹੈ ਦੁਹਰੁਕਤੀਯੁਕਤ ਰੂਪ ਵਾਕ ਦੇ ਸੰਦਰਭ ਵਿਚ ਸ਼ਬਦ ਦਾ ਅਰਥ, ਪ੍ਰਕਾਰਜ ਅਤੇ ਸ਼੍ਰੇਣੀ ਪਰਿਵਰਤਨ ਦਾ ਕਾਰਜ ਕਰਦਾ ਹੈ।

**ii. ਅਲਪ ਭਾਵ ਵਾਚਕ ਨਾਂਵ:-** ਨਾਂਵਾਂ ਦੀ ਮਿਲਦੀ ਸ਼ਬਦਾਵਲੀ ਵਿਚ ਭਾਸ਼ਾ ਦੇ ਕੁਝ ਅਜਿਹੇ ਸ਼ਬਦ ਵੀ ਮਿਲਦੇ ਹਨ, ਜੋ ਸ਼ੁੱਧ ਰੂਪ ਵਿਚ ਭਾਵ ਵਾਚਕ ਨਹੀਂ ਹਨ। ਇਹਨਾਂ ਦੀ ਪ੍ਰਕਿਰਤੀ ਦੇ ਆਧਾਰ 'ਤੇ ਇਹ 'ਅਲਪ ਭਾਵ ਵਾਚਕ' ਨਾਂਵ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੀ ਰੂਪਗਤ ਦੁਹਰੁਕਤੀਯੁਕਤ ਵਰਤੋਂ ਨਹੀਂ ਮਿਲਦੀ, ਬਲਕਿ ਅਰਥਗਤ ਅਤੇ ਇਕਹਿਰੇ ਰੂਪ ਵਿਚ ਇਹਨਾਂ ਦੀ ਵਰਤੋਂ ਮਿਲਦੀ ਹੈ, ਜਿਵੇਂ:

**ਧੂਪ ਛਾਵ** ਜੇ ਸਮ ਕਰਿ ਜਾਣੈ॥ ਬੰਧਨ ਕਾਟਿ ਮੁਕਤਿ ਘਰਿ ਆਣੈ ॥ (ਮਃ ੧) ਅੰਗ ੯੩੨

ਸੂਕੈ ਨਾਹੀ **ਛਾਵ ਧੂਪ**॥ ਸਗਲੀ ਰੂਤੀ ਹਰਿਆ ਹੋਇ ॥ (ਮਃ ੫) ਅੰਗ ੧੧੮੦

ਚੰਦ **ਅਨੇਰਾ** ਕਿ ਕਰੇ ਪਉਣ ਪਾਣੀ ਕਿਆ ਜਾਤਿ ॥ (ਮਃ ੨) ਅੰਗ ੧੫੦

ਬਾਹਰਿ ਦਿਸੈ **ਚਾਨਣਾ** ਦਿਲਿ ਅੰਧਿਆਰੀ ਰਾਤਿ ॥ (ਫਰੀਦ) ਅੰਗ ੧੩੮੦

**ਬਾਦਲ** ਬਿਨੁ ਬਰਖਾ ਹੋਈ॥ ਜਉ ਤਤੁ ਬਿਚਾਰੈ ਕੋਈ ॥ (ਨਾਮਦੇਵ) ਅੰਗ ੬੫7

ਆਵੈ **ਲਹਰਿ** ਸਮੁੰਦ ਸਾਗਰ ਕੀ ਖਿਨ ਮਹਿ ਭਿੰਨ ਭਿੰਨ ਢਹਿ ਪਈਆ ॥ (ਮਃ ੪) ਅੰਗ ੮੩੫

ਗੰਗਾ ਕੀ **ਲਹਰਿ** ਮੇਰੀ ਟੁਟੀ ਜੰਜੀਰ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥ (ਕਬੀਰ) ਅੰਗ ੧੧੬੨

**ਧੂਪ ਛਾਵ, ਅਨੇਰਾ, ਚਾਨਣਾ, ਬਾਦਲ, ਲਹਰਿ** ਅਲਪਭਾਵ ਵਾਚਕ ਨਾਂਵ ਹਨ, ਇਹਨਾਂ ਦੀ ਹੋਂਦ ਸਥਿਰ ਨਹੀਂ। ਅਸਥਾਈ ਹੋਣ ਕਾਰਨ ਇਹਨਾਂ ਨੂੰ 'ਅਲਪ ਭਾਵ ਵਾਚਕ' ਨਾਂਵ ਕਿਹਾ ਗਿਆ ਹੈ। ਜਿਹੜੇ ਨਾਂਵਾਂ ਦੀ ਸਥਾਈ ਰੂਪ ਵਿਚ ਕੋਈ ਹੋਂਦ ਨਹੀਂ, ਕੇਵਲ ਭਾਵਾਤਮਕ ਪੱਧਰ 'ਤੇ ਕਾਰਜਸ਼ੀਲ ਹੁੰਦੇ ਹਨ, ਉਹ 'ਸ਼ੁੱਧ ਭਾਵ ਵਾਚਕ' ਹਨ। ਅਲਪ ਭਾਵ ਵਾਚਕ ਨਾਂਵਾਂ ਨੂੰ ਮਨੁੱਖ ਮਹਿਸੂਸ ਕਰਨ ਦੇ ਨਾਲ ਵੇਖ ਵੀ ਸਕਦਾ ਹੈ। **ਧੂਪ ਛਾਵ** ਅਰਥਗਤ ਦੁਹਰੁਕਤੀਯੁਕਤ ਨਾਂਵ ਹਨ, ਅਰਥ ਵਜੋਂ ਇਕ ਜੁੱਟ ਦੇ ਰੂਪ ਵਿਚ ਇਹ 'ਵਰਗਾਰਥੀ' ਅਤੇ 'ਵਿਰੋਧਾਰਥੀ' ਦੁਹਰੁਕਤੀ ਦਾ ਪ੍ਰਕਾਰਜ ਕਰਦੇ ਹਨ।

**VI. ਸਥਾਨ ਵਾਚਕ ਨਾਂਵ ਦੁਹਰੁਕਤੀ:-** ਕਿਸੇ ਸਥਾਨ ਦਾ ਬੋਧ ਕਰਵਾਉਣ ਲਈ ਵਰਤੇ ਜਾਂਦੇ ਨਾਂਵਾਂ ਨੂੰ 'ਸਥਾਨ ਵਾਚਕ' ਨਾਂਵ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਭਾਸ਼ਾਈ ਸ਼ਬਦਾਵਲੀ ਵਿਚ ਸਥਾਨ ਵਾਚਕ ਨਾਂਵਾਂ ਦੀ ਵਰਤੋਂ ਵੱਡੇ ਪੱਧਰ 'ਤੇ ਮਿਲਦੀ ਹੈ। ਨਾਂਵ ਦੀ ਪਰਿਭਾਸ਼ਾ ਵਿਚ ਵੀ ਸਥਾਨ ਵਾਚਕ ਸ਼੍ਰੇਣੀ ਦਾ ਜ਼ਿਕਰ ਮਿਲਦਾ ਹੈ, ਪ੍ਰੰਤੂ ਭਾਸ਼ਾ ਵਿਗਿਆਨੀਆਂ ਵੱਲੋਂ ਕੀਤੀ ਨਾਂਵਾਂ ਦੀ ਵਰਗਵੰਡ ਵਿਚ ਸਥਾਨ ਵਾਚਕ ਭੇਦ ਨਹੀਂ ਮਿਲਦਾ। ਨਾਂਵ ਦੀ ਪਰਿਭਾਸ਼ਾ ਅਤੇ ਸ਼ਬਦਾਵਲੀ ਦੇ ਆਧਾਰ 'ਤੇ ਸਥਾਨ ਵਾਚਕ ਨਾਂਵਾਂ ਨੂੰ ਨਾਂਵ ਦੀ ਇਕ ਪ੍ਰਮੁਖ ਸ਼੍ਰੇਣੀ ਵਜੋਂ ਵਿਚਾਰਿਆ ਗਿਆ ਹੈ। ਇਹ 'ਆਮ ਨਾਂਵ' ਅਤੇ 'ਖ਼ਾਸ ਨਾਂਵ' ਰੂਪਾਂ ਵਿਚ ਵਰਤੇ ਜਾਂਦੇ ਹਨ:

**i. ਸਥਾਨ ਵਾਚਕ ਆਮ ਨਾਂਵ ਦੁਹਰੁਕਤੀ**

**ii. ਸਥਾਨ ਵਾਚਕ ਖ਼ਾਸ ਨਾਂਵ ਦੁਹਰੁਕਤੀ**

**i. ਸਥਾਨ ਵਾਚਕ ਆਮ ਨਾਂਵ ਦੁਹਰੁਕਤੀ:-** ਉਹ ਨਾਂਵ ਜਿਹੜੇ ਕਿਸੇ ਸਥਾਨ ਲਈ ਸਾਂਝੇ ਰੂਪ ਵਿਚ ਵਰਤੇ ਜਾਂਦੇ ਹਨ, 'ਆਮ ਨਾਂਵ' ਹਨ। ਜਿਵੇਂ, 'ਘਰ, ਪਿੰਡ, ਸ਼ਹਿਰ, ਜੰਗਲੁ, ਪਹਾੜ, ਦਰਿਆ' ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸਥਾਨ ਵਾਚਕ ਨਾਂਵਾਂ ਦੀ ਸੀਮਿਤ ਵਰਤੋਂ ਮਿਲਦੀ ਹੈ:

ਕਬਹੂ ਖੀਰਿ ਖਾਡ ਘੀਉ ਨ ਭਾਵੈ॥ ਕਬਹੂ **ਘਰ ਘਰ** ਟੂਕ ਮਗਾਵੈ ॥

(ਨਾਮਦੇਵ) ਅੰਗ ੧੧੬੪

**ਘਰਿ ਘਰਿ** ਏਹੋ ਪਾਹੁਚਾ ਸਦੜੇ ਨਿਤ ਪਵੰਨਿ ॥ (ਮਃ ੧) ਅੰਗ ੧੨

**ਘਰਿ ਘਰਿ** ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥ (ਤ੍ਰਿਲੋਚਨ) ਅੰਗ ੫੨੬

ਫਰੀਦਾ **ਜੰਗਲੁ ਜੰਗਲੁ** ਕਿਆ ਭਵਹਿ ਵਣਿ ਕੰਡਾ ਮੋੜੇਹਿ ॥ (ਫਰੀਦ) ਅੰਗ ੧੩੭੮

ਛਪਨ ਕੋਟਿ ਜਾ ਕੈ ਪ੍ਰਤਿਹਾਰ॥ **ਨਗਰੀ ਨਗਰੀ** ਖਿਅਤ ਅਪਾਰ ॥

(ਕਬੀਰ) ਅੰਗ ੧੧੬੩

ਹਉ ਢੂਢੇਦੀ ਦਰਸਨ ਕਾਰਣਿ **ਬੀਥੀ ਬੀਥੀ** ਪੇਖਾ ॥ (ਮਃ ੫) ਅੰਗ ੭੧੫

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਸਥਾਨ ਵਾਚਕ ਨਾਂਵ ਰੂਪ 'ਇਕੱਲੇ ਇਕੱਲੇ/ ਹਰੇਕ' ਦੇ ਅਰਥ ਦੇ ਰਹੇ ਹਨ। ਕਾਵਿ ਬਣਤਰ ਵਿਚ ਅਜਿਹੇ ਅਰਥਾਂ ਦਾ ਪ੍ਰਕਾਰਜ ਦੁਹਰੁਕਤੀਯੁਕਤ ਰੂਪ ਹੀ ਕਰਦੇ ਹਨ। ਇਹਨਾਂ ਅਰਥਾਂ ਦੇ ਸੰਚਾਰ ਲਈ ਜੇਕਰ 'ਇਕੱਲੇ ਇਕੱਲੇ' ਸ਼ਬਦ ਦੀ ਵਰਤੋਂ ਕਰ ਲਈ ਜਾਵੇ ਤਾਂ, ਇਸ ਨਾਲ ਕੇਵਲ ਸ਼ਬਦ ਦਾ ਰੂਪ ਬਦਲਦਾ ਹੈ, ਵਰਤੋਂ ਵਿਧੀ ਦੁਹਰੁਕਰਤੀਯੁਕਤ ਹੀ ਹੈ। ਇਸੇ ਤਰ੍ਹਾਂ ਸਥਾਨ ਵਾਚਕ ਨਾਂਵਾਂ ਦੀ ਦੁਹਰੁਕਤੀਯੁਕਤ ਵਰਤੋਂ ਵਾਕਾਂ ਦੇ ਸੰਦਰਭ ਵਿਚ 'ਵਿਸ਼ੇਸ਼ਣ' ਦਾ ਵਾਧੂ ਕਾਰਜ ਵੀ ਕਰਦੀ ਹੈ, ਜਿਵੇਂ:

**ਭਵਨ ਭਵਨ** ਪਵਿਤ੍ਰ ਸਭਿ ਕੀਏ ਜਹ ਧੂਰਿ ਪਰੀ ਜਨ ਪਗੇ ॥

(ਮਃ ੪) ਅੰਗ ੯੭੬

**ਭਵਨ ਭਵਨ** ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥ (ਮਃ ੪) ਅੰਗ ੧੩੨੬

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ **ਤੀਰਥਿ ਤੀਰਥਿ** ਭ੍ਰਮਤਾ ਲਹੈ ਨ ਪਾਰੁ ਰੀ॥

(ਤ੍ਰਿਲੋਚਨ) ਅੰਗ ੬੯੫

ਭਵਨ ਅਤੇ ਤੀਰਥਿ ਦਾ ਦੁਹਰੁਕਤੀਯੁਕਤ ਰੂਪ ਵਾਕ ਵਿਚ 'ਨਾਂਵ ਵਾਕੰਸ਼' ਵਜੋਂ ਵਿਸ਼ੇਸ਼ਣ+ਨਾਂਵ ਦੋਵਾਂ ਦੇ ਅਰਥਾਂ ਵਿਚ ਕਾਰਜਸ਼ੀਲ ਹੈ। ਭਾਸ਼ਾ ਦੀਆਂ ਸ਼ਬਦ ਸ਼੍ਰੇਣੀਆਂ ਵਿਚ 'ਵਿਸ਼ੇਸ਼ਣ' ਨਾਂਵ ਤੋਂ ਵਿਭਿੰਨ ਸ਼੍ਰੇਣੀ ਹੈ, ਪ੍ਰੰਤੂ ਦੁਹਰੁਕਤੀ ਅਜਿਹੀ ਵਿਧੀ ਹੈ, ਜਿਸ ਅਧੀਨ ਸ਼ਾਬਦਿਕ ਇਕਾਈ 'ਵਾਕੰਸ਼' ਰੂਪ ਵਿਚ ਇਕ ਤੋਂ ਵਧੇਰੇ ਸ਼੍ਰੇਣੀਆਂ ਦਾ ਕਾਰਜ ਕਰਦੀ ਹੈ। ਦੁਹਰੁਕਤੀਯੁਕਤ ਨਾਂਵ ਦੀ ਥਾਂ ਨਾਂਵ ਅਤੇ ਵਿਸ਼ੇਸ਼ਣ ਸ਼ਬਦ ਦੀ ਵਰਤੋਂ ਕਰਨ ਨਾਲ ਵਾਕ ਵਿਚਲਾ ਸੁਹਜ ਨਹੀਂ ਰਹਿੰਦਾ। ਸੋ ਦੁਹਰੁਕਤੀ ਭਾਸ਼ਾ ਦੀਆਂ ਵਿਭਿੰਨ ਸ਼੍ਰੇਣੀਆਂ ਦੇ ਅਰਥ ਦੇ ਨਾਲ ਨਾਲ ਕਾਵਿ ਬਣਤਰ ਵਿਚ ਸੁਹਜ ਸੰਚਾਰ ਦਾ ਕਾਰਜ ਵੀ ਕਰਦੀ ਹੈ। ਇਸ ਤੋਂ ਇਲਾਵਾ ਆਮ ਨਾਂਵ ਦੇ ਵਿਭਿੰਨ ਇਕਹਿਰੇ ਅਤੇ ਅਰਥਗਤ ਦੁਹਰੁਕਤੀਯੁਕਤ ਰੂਪ ਮਿਲਦੇ ਹਨ। ਜਿਵੇਂ 'ਸਾਗਰ, ਪਰਬਤ, ਨਦੀ, ਦਰੀਆਵੈ, ਮੈਦਾਨੁ, ਸਹਰ' ਆਦਿ ਇਕਹਿਰੇ ਨਾਂਵ ਹਨ, ਮੜੀ ਮਸਾਣਿ ਸਮਾਨਾਰਥਕ ਦੁਹਰੁਕਤੀ ਹੈ:

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ **ਮੜੈ ਮਸਾਣਿ** ਨ ਜਾਈ ॥

(ਮਃ ੧) ਅੰਗ ੬੩੪

**ਮੜੈ ਮਸਾਣਿ** ਸਮਾਨਾਰਥਕ ਦੁਹਰੁਕਤੀਯੁਕਤ ਨਾਂਵ ਹਨ। ਵਾਕ ਬਣਤਰ ਵਿਚ ਇਹ ਇਕ ਅਰਥ 'ਤੇ ਕੇਂਦਰਤ ਅਤੇ ਕਾਵਿ ਦ੍ਰਿਸ਼ਟੀ ਦੇ ਪੱਖ ਤੋਂ ਵਜਨ ਪੂਰਤੀ ਦਾ ਕਾਰਜ ਕਰ ਰਹੇ ਹਨ। ਆਮ ਨਾਂਵ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜਿਹਨਾਂ ਦੇ ਖ਼ਾਸ ਨਾਂਵ ਬਣਾਉਣ ਲਈ ਕਿਸੇ ਵੱਖਰੇ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਉਸ 'ਖ਼ਾਸ ਨਾਂਵ' ਨਾਲ 'ਆਮ ਨਾਂਵ' ਵੀ ਜ਼ਰੂਰ ਵਰਤਿਆ ਜਾਂਦਾ ਹੈ। ਜਿਵੇਂ ਮੈਦਾਨੁ ਅਤੇ ਭਵਨ ਦਾ ਖ਼ਾਸ ਨਾਂਵ ਬਣਾਉਣ ਲਈ ਵੱਖ ਵੱਖ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ 'ਜੰਗ ਦਾ ਮੈਦਾਨ ਜਾਂ ਖੇਡ ਦਾ ਮੈਦਾਨ, ਭਵਨ- ਵਾਰਿਸ ਭਵਨ ਜਾਂ ਸੰਸਦ ਭਵਨ' ਇਥੇ ਮੈਦਾਨ ਜਾਂ ਭਵਨ 'ਸ਼ਬਦ' ਨਹੀਂ ਬਲਕਿ 'ਵਾਕੰਸ਼' ਦਾ ਕਾਰਜ ਕਰਦੇ ਹਨ।

**ii. ਸਥਾਨ ਵਾਚਕ ਖ਼ਾਸ ਨਾਂਵ:-** ਉਹ ਨਾਂਵ ਜਿਹੜੇ ਕਿਸੇ ਵਿਸ਼ੇਸ਼ ਸਥਾਨ ਲਈ ਵਰਤੇ ਜਾਂਦੇ ਹਨ, ਉਹਨਾਂ ਨੂੰ 'ਸਥਾਨ ਵਾਚਕ ਖ਼ਾਸ ਨਾਂਵ' ਕਿਹਾ ਜਾਂਦਾ ਹੈ। ਇਹ ਆਮ ਨਾਂਵ ਦੀ ਤਰ੍ਹਾਂ ਕਿਸੇ ਸਥਾਨ ਲਈ ਸਾਂਝੇ ਰੂਪ

ਵਿਚ ਨਹੀਂ ਵਰਤੇ ਜਾਂਦੇ ਅਤੇ ਨਾ ਇਹਨਾਂ ਦੇ ਬਹੁਵਚਨ ਰੂਪ ਬਣਦੇ ਹਨ। ਵਰਤੋਂ ਦੇ ਪ੍ਰਸੰਗ ਵਿਚ ਸਾਧਾਰਨ ਜਾਂ ਸੰਬੋਧਨੀ ਰੂਪ ਵਿਚ ਵਰਤੇ ਜਾਂਦੇ ਹਨ। ਖ਼ਾਸ ਨਾਂਵ ਕਿਸੇ ਇਕ ਖ਼ਾਸ ਸਥਾਨ ਦਾ ਹੀ ਹੁੰਦਾ ਹੈ, ਜਿਵੇਂ 'ਲਾਹੌਰ' ਇਕ ਖ਼ਾਸ ਸਥਾਨ ਦਾ ਨਾਮ ਹੈ, ਜੋ ਇਕ ਖ਼ਾਸ ਸਥਾਨ 'ਤੇ ਸਥਿਤ ਹੈ। ਇਹ ਇਸਨੂੰ ਦੂਜੇ ਸਥਾਨਾਂ/ ਸ਼ਹਿਰਾਂ ਨਾਲੋਂ ਵੱਖਰਾ ਕਰਦਾ ਹੈ। ਰੂਪਗਤ ਦੁਹਰੁਕਤੀ ਵਿਚ ਸਥਾਨ ਵਾਚਕ ਖ਼ਾਸ ਨਾਂਵਾਂ ਦਾ ਦੁਹਰਾਉ ਨਹੀਂ ਹੁੰਦਾ। ਅਰਥਗਤ ਦੁਹਰੁਕਤੀ ਵਿਚ ਖ਼ਾਸ ਨਾਵਾਂ ਦੀ ਦੂਹਰੀ ਵਰਤੋਂ ਮਿਲਦੀ ਹੈ। ਵਿਹਾਰਕ ਭਾਸ਼ਾ ਵਿਚ ਖ਼ਾਸ ਨਾਂਵਾਂ ਦੀ ਦੁਹਰੁਕਤੀਯੁਕਤ ਵਰਤੋਂ ਕਰ ਲਈ ਜਾਂਦੀ ਹੈ। ਗੁਰਬਾਣੀ ਵਿਚ ਸਥਾਨ ਵਾਚਕ ਖ਼ਾਸ ਨਾਂਵਾਂ ਦੇ ਰੂਪਗਤ ਦੁਹਰੁਕਤੀਯੁਕਤ ਰੂਪ ਨਹੀਂ ਮਿਲਦੇ, ਬਲਕਿ ਇਕਹਿਰੇ ਰੂਪ ਵਿਚ ਇਹਨਾਂ ਦੀ ਵਰਤੋਂ ਮਿਲਦੀ ਹੈ, ਜਿਵੇਂ:

ਬਹੁਤੁ ਬਰਸ ਤਪੁ ਕੀਆ **ਕਾਸੀ** ॥ (ਕਬੀਰ) ਅੰਗ ੩੨੬

ਤਜੀ ਲੇ **ਬਨਾਰਸ** ਮਤਿ ਭਈ ਥੋਰੀ ॥ (ਕਬੀਰ) ਅੰਗ ੩੨੬

ਅਸੁਮੇਧ ਜਗਨੇ॥ ਤੁਲਾ ਪੁਰਖ ਦਾਨੇ॥ **ਪ੍ਰਾਗ** ਇਸਨਾਨੇ ॥ (ਨਾਮਦੇਵ) ਅੰਗ ੮੭੩

ਜੇ ਓਹੁ ਗ੍ਰਹਨ ਕਰੈ **ਕੁਲਖੇਤਿ**॥ ਅਰਪੈ ਨਾਰਿ ਸੀਗਾਰ ਸਮੇਤਿ ॥

(ਰਵਿਦਾਸ) ਅੰਗ ੮੭੫

ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ **ਗੰਗਾ** ਕਾ ਨੀਰੁ ॥ (ਮਃ ੧) ਅੰਗ ੯੫੨

**ਗੰਗਾ** ਜਉ **ਗੋਦਾਵਰਿ** ਜਾਈਐ ਕੁੰਭਿ ਜਉ **ਕੇਦਾਰ** ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ ॥ (ਨਾਮਦੇਵ) ਅੰਗ ੯੭੩

**ਮਕਾ** ਮਿਹਰ ਰੋਜਾ ਪੈ ਖਾਕਾ ॥ (ਮਃ ੫) ਅੰਗ ੧੦੮੩

**ਜਾਹਰਨਵੀ** ਤਪੈ ਭਾਗੀਰਥਿ ਆਣੀ **ਕੇਦਾਰੁ** ਥਾਪਿਓ ਮਹਸਾਈ ॥ (ਮਃ ੪) ਅੰਗ ੧੨੬੩

**ਲਾਹੌਰ** ਸਹਰੁ ਜਹਰੁ ਕਹਰੁ ਸਵਾ ਪਹਰੁ ॥ (ਮਃ ੧) ਅੰਗ ੧੪੧੨

ਉਪਰੋਕਤ ਵਾਕਾਂ ਵਿਚ ਦਿੱਤੇ ਨਾਂਵ 'ਸਥਾਨ ਵਾਚਕ' ਨਾਂਵਾਂ ਦੇ ਇਕਹਿਰੇ ਰੂਪ ਹਨ। 'ਗੰਗਾ' ਅਤੇ 'ਗੋਦਾਵਰਿ' ਨਦੀਆਂ ਦੇ 'ਖ਼ਾਸ ਨਾਂਵ' ਹਨ। ਖ਼ਾਸ ਸਥਾਨ 'ਤੇ ਸਥਿਤ ਹੋਣ ਕਾਰਨ ਇਹਨਾਂ ਨੂੰ 'ਖ਼ਾਸ ਨਾਂਵ' ਕਿਹਾ ਗਿਆ ਹੈ।

**VII. ਕਾਲ ਵਾਚਕ ਨਾਂਵ ਦੁਹਰੁਕਤੀ :-** ਕਾਲ ਵਾਚਕ ਨਾਂਵ ਸਮੇਂ ਦੀ ਸੰਕਲਪਿਕ ਜਾਣਕਾਰੀ ਵਾਲੇ ਸ਼ਬਦ ਰੂਪ ਹਨ। ਸਮੇਂ ਨਾਲ ਸੰਬੰਧਿਤ ਸ਼ਬਦ 'ਕਾਲ ਵਾਚਕ ਨਾਂਵ' ਅਤੇ 'ਕਾਲ ਵਾਚਕ ਕਿਰਿਆ ਵਿਸ਼ੇਸ਼ਣ' ਲਈ ਵਰਤੇ ਜਾਂਦੇ ਹਨ। ਦੋਹਾਂ ਦੀ ਸਾਂਝ ਅਤੇ ਨਿਖੇੜਾ ਬਹੁਤ ਮਹੀਨ ਹੈ। ਨਾਂਵ ਰੂਪ ਵਿਚ ਇਹ ਸ਼ਬਦ ਸਮੇਂ ਦੇ ਸੰਕਲਪ ਵਜੋਂ ਵਰਤੇ ਜਾਂਦੇ ਹਨ। ਕਿਰਿਆ ਵਿਸ਼ੇਸ਼ਣ ਵਜੋਂ ਇਹ ਕਿਰਿਆ ਦੇ ਨਾਲ ਉਸਦੀ 'ਕਾਲ ਵਾਚਕ' ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ । ਦੋਹਾਂ ਦੇ ਰੂਪਾਂ ਵਿਚ ਅੰਤਰ ਵੀ ਹੈ। ਕੁਝ ਕੁ ਸੀਮਿਤ ਰੂਪ ਕੇਵਲ ਕਿਰਿਆ ਵਿਸ਼ੇਸ਼ਣ (ਹੁਣੇ, ਪਹਿਲਾ, ਸਵੇਰੇ, ਮਗਰੋਂ, ਤੁਰੰਤ, ਦੋ ਵਜੇ, ਸਦਾ ਨਿਤ) ਵਜੋਂ ਵਰਤੇ ਜਾਂਦੇ ਹਨ। ਕੁਝ ਸ਼ਬਦ (ਪਲ, ਨਿਮਖ, ਪਹਿਰ, ਘੜੀ ਆਦਿ) ਸਾਂਝੇ ਰੂਪ ਵਿਚ ਵਰਤੇ ਜਾਂਦੇ ਹਨ।

ਇਕ **ਘੜੀ** ਨ ਮਿਲਤੇ ਤਾ ਕਲਿਜੁਗੁ ਹੋਤਾ ॥ (ਮਃ ੫) ਅੰਗ ੯੬

ਸੰਤ ਕਾ ਨਿੰਦਕੁ **ਖਿਨੁ** ਟਿਕਨੁ ਨ ਪਾਈ ॥ (ਮਃ ੫) ਅੰਗ ੨੮੦

ਇਕਹਿਰੇ ਰੂਪ ਵਿਚ ਇਹਨਾਂ ਦੀ ਵਧੇਰੇ ਵਰਤੋਂ ਮਿਲਦੀ ਹੈ। ਮੁਖ ਰੂਪ ਵਿਚ 'ਪਲ, ਨਿਮਖੁ, ਘੜੀ' ਆਦਿ ਨਾਲ ਇਕ ਵਿਸ਼ੇਸ਼ਣ ਦੀ ਵਰਤੋਂ ਹੈ। ਦੂਹਰੇ ਰੂਪ ਵਿਚ ਇਹ ਸੰਖਿਅਕ ਵਿਸ਼ੇਸ਼ਣਾਂ ਤੋਂ ਬਿਨਾਂ ਅਰਥ ਸੰਚਾਰ ਦਾ ਕਾਰਜ ਕਰਦੇ ਹਨ। 'ਨਿਮਖ ਨਿਮਖ, ਖਿਨੁ ਖਿਨੁ, ਛਿਨੁ ਛਿਨੁ, ਨਿਤ ਨਿਤ, ਬਿੰਦ ਬਿੰਦ, ਪਲੁ ਪਲੁ' ਦੁਹਰੁਕਤੀਯੁਕਤ ਰੂਪ ਵਿਚ ਵਰਤੇ ਗਏ 'ਕਾਲ ਵਾਚਕ' ਨਾਂਵ ਹਨ। ਕਾਰਜ ਵਜੋਂ ਇਹਨਾਂ ਦੀ ਦੂਹਰੀ ਵਰਤੋਂ 'ਨਾਂਵ' ਅਤੇ 'ਕਿਰਿਆ ਵਿਸ਼ੇਸ਼ਣ' ਲਈ ਹੋਈ ਮਿਲਦੀ ਹੈ:

**ਛਿਨੁ ਛਿਨੁ** ਤਨੁ ਛੀਜੈ ਜਰਾ ਜਨਾਵੈ ॥ (ਕਬੀਰ) ਅੰਗ ੬੫੬

**ਛਿਨੁ ਛਿਨੁ** ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ (ਮਃ ੯) ਅੰਗ ੭੨੬

ਉਪਰੋਕਤ ਵਾਕਾਂ ਵਿਚ ਕਾਲ ਵਾਚਕ ਨਾਂਵ ਦੁਹਰੁਕਤੀਯੁਕਤ ਰੂਪ ਵਿਚ ਕਾਲ ਦੇ ਬੀਤਣ ਦੀ ਅਵਸਥਾ ਦਾ ਕਾਰਜ ਕਰ ਰਹੇ ਹਨ। ਵਾਕ ਦੇ ਪ੍ਰਸੰਗ ਵਿਚ ਨਾਂਵਾਂ ਦੀ ਦੂਹਰੀ ਵਰਤੋਂ ਹੀ ਅਰਥ ਸੰਚਾਰ ਕਰਦੀ ਹੈ। ਸਮੇਂ ਦੇ ਪ੍ਰਸੰਗ ਰਾਹੀਂ ਮਨੁਖ ਨੂੰ ਸਰੀਰਕ ਅਵਸਥਾ ਤੇ ਉਮਰ ਦੇ ਬੀਤਣ ਵੱਲ ਸੰਕੇਤ ਕੀਤਾ ਹੈ । ਛਿਨੁ ਛਿਨੁ/ ਇਕ ਇਕ ਪਲ ਕਰਕੇ ਮਨੁਖ ਦੀ ਉਮਰ ਬੀਤ ਰਹੀ ਹੈ ਤੇ ਉਹ ਬੁਢਾਪੇ ਵੱਲ ਜਾ ਰਿਹਾ ਹੈ। ਦੂਹਰੀ ਵਰਤੋਂ ਨਾਂਵ ਨਾਲ ਵਿਸ਼ੇਸ਼ਣ ਦਾ ਕਾਰਜ ਕਰਦੀ ਹੈ।

## ਸ. ਨਾਂਵ ਦੁਹਰੁਕਤੀ: ਪ੍ਰਕਾਰਜ

ਦੁਹਰੁਕਤੀਯੁਕਤ ਸ਼ਬਦ ਮੂਲ ਅਰਥ ਦੇ ਨਾਲ ਨਾਲ ਜਾਂ ਕਈ ਵਾਰ ਸੰਦਰਭਗਤ ਵਰਤੋਂ ਵਿਚ ਵਿਸ਼ੇਸ਼ ਪ੍ਰਕਾਰਜ ਕਰਦੇ ਹਨ। "ਦੁਹਰਾਉਣ ਦੀ ਵਰਤੋਂ ਵਿਆਕਰਨਕ ਪ੍ਰਭਾਵ , ਜਿਵੇਂ 'ਬਹੁਲਤਾ' ਅਤੇ 'ਤੀਬਰਤਾ' ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਉਦੋਂ ਕੀਤੀ ਜਾਂਦੀ ਹੈ , ਜਦੋਂ ਸਪੀਕਰ ਆਮ ਭਾਸ਼ਾ ਨਾਲੋਂ ਵਧੇਰੇ ਭਾਵ ਪੂਰਤ ਅਤੇ ਅਲੰਕਾਰਕ ਧੁਨ ਨੂੰ ਅਪਣਾਉਂਦਾ ਹੈ। "[20] ਅਰਥ ਦੇ ਆਧਾਰ 'ਤੇ ਇਹ ਵਿਭਿੰਨ ਕਾਰਜੀ ਇਕਾਈਆਂ ਸਿਰਜਦੇ ਹਨ। **ਐਡਵਰਡ ਸੇਪਿਰ** ਅਨੁਸਾਰ: "ਇਸ ਵਰਤਾਰੇ ਦੀ ਵਰਤੋਂ ਵੰਡ, ਬਹੁਲਤਾ, ਆਮ ਗਤੀਵਿਧੀ, ਆਕਾਰ ਵਿਚ ਵਾਧਾ, ਤੀਬਰਤਾ, ਨਿਰੰਤਰਤਾ ਵਰਗੇ ਸੰਕਲਪਾਂ ਨੂੰ ਦਰਸਾਉਣ ਲਈ ਕੀਤੀ ਜਾਂਦੀ ਹੈ। "[21] ਵਿਭਿੰਨ ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ ਦੁਹਰੁਕਤੀ ਦਾ ਪ੍ਰਕਾਰਜ ਵੱਖਰਾ ਬਣਦਾ ਹੈ। ਨਾਂਵ ਸ਼ਬਦ ਸ਼੍ਰੇਣੀ 'ਵੰਡ, ਤੀਬਰਤਾ, ਕਾਰਜ ਆਦੇਸ਼, ਵਿਸਥਾਰ ' ਅਤੇ 'ਸੰਕੋਚ' ਦਾ ਕਾਰਜ ਕਰਦੀ ਹੈ। ਕਾਵਿ ਸ਼ਾਸਤਰੀ ਨੁਕਤੇ ਤੋਂ 'ਕਾਵਿ ਸੁਹਜ' ਅਤੇ 'ਵਜਨ' ਦਾ ਕਾਰਜ ਕਰਦੀ ਹੈ। ਵਜਨ ਪੂਰਤੀ ਵਜੋਂ ਇਹ ਕਾਵਿ ਵਾਕਾਂ ਦੇ ਆਕਾਰ ਵਿਚ ਵਾਧਾ ਕਰਦੀ ਹੈ। ਗਾਇਨ ਸ਼ੈਲੀ ਦੇ ਪੱਖ ਤੋਂ ਰਾਗ ਦੀ 'ਚਾਲ' ਅਤੇ 'ਲੈਅ' ਦਾ ਕਾਰਜ ਕਰਦੀ ਹੈ।

---

[20] https://en.m.wikipedia.org.

[21] The process is generally employed, as distribution, plurality, repetition, customary activity, increase of size, added intensity, continuence. Edward Sapir, Language: an introduction to the study of speech, New York: Harcourt, Brace, 1921, pn 38.

**i. ਕਾਰਜ ਆਦੇਸ਼:-** ਦੁਹਰੁਕਤੀਯੁਕਤ ਰੂਪ ਸ਼ਬਦ ਦੇ ਮੂਲ ਅਰਥ ਸੰਚਾਰ ਦੇ ਨਾਲ ਕਾਰਜ ਪੱਖ ਤੋਂ ਵਿਸ਼ੇਸ਼ ਅਰਥਾਂ ਦਾ ਕਾਰਜ ਕਰਦਾ ਹੈ। ਇਸ ਵਿਚ ਸ਼ਬਦ ਦਾ ਮੂਲ ਅਰਥ ਕਾਇਮ ਰਹਿੰਦਾ ਹੈ, ਸ਼ਬਦ ਦੀ ਕਾਰਕੀ ਸਥਿਤੀ ਵਿਚ ਵਿਕਾਰ ਆਉਂਦਾ ਹੈ:

**ਗੋਬਿਦੁ ਗੋਬਿਦੁ** ਕਹੈ ਦਿਨ ਰਾਤੀ ਗੋਬਿਦ ਗੁਣ ਸਬਦਿ ਸੁਣਾਵਣਿਆ ॥

(ਮਃ ੩) ਅੰਗ ੧੨੧

**ਗੋਵਿਦੁ ਗੋਵਿਦੁ** ਗੁਰਮਤਿ ਧਿਆਈਐ ਤਾਂ ਦਰਗਹ ਪਾਈਐ ਮਾਨੁ ॥

(ਮਃ ੪) ਅੰਗ ੧੩੧੨

'ਗੋਬਿਦੁ/ਗੋਵਿਦੁ' ਦੀ ਦੂਹਰੀ ਵਰਤੋਂ ਕਰਤਾ ਤੋਂ ਕਰਮ ਦਾ ਕਾਰਜ ਕਰ ਰਹੀ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ 'ਕਰਤਾ' ਨਹੀਂ (ਕਿਰਿਆ ਕਰਨ ਵਾਲਾ ਨਹੀਂ), ਬਲਕਿ ਇਸਤੇ ਕਿਰਿਆ ਹੋ ਰਹੀ ਹੈ, ਇਥੇ ਗੋਬਿਦੁ/ਗੋਵਿਦੁ 'ਕਰਮ' ਹੈ। ਗੋਬਿਦੁ/ਗੋਵਿਦੁ ਉਚਾਰਨ ਨਹੀਂ ਕਰ ਰਿਹਾ, ਬਲਕਿ ਗੋਬਿਦੁ/ਗੋਵਿਦੁ ਦਾ ਉਚਾਰਨ ਹੈ।

**ii. ਅਰਥ ਸੰਕੋਚ:-** ਸ਼ਬਦ ਦਾ ਦੁਹਰਾਉ ਅਰਥ ਨੂੰ ਉਸਦੇ ਮੂਲ ਅਰਥਾਂ ਤੱਕ ਸੀਮਿਤ ਕਰ ਦਿੰਦਾ ਹੈ। ਦੂਹਰੇ ਰੂਪ ਵਿਚ ਸ਼ਬਦ ਸੀਮਿਤ ਅਰਥਾਂ ਭਾਵ ਇਕ ਸ਼੍ਰੇਣੀ ਦੇ ਅਰਥਾਂ ਦਾ ਸੰਚਾਰ ਕਰਦੇ ਹਨ, ਜਿਵੇਂ:

**ਪੰਡਿਤ ਪੰਡਿਤ** ਜਲਿ ਮੂਏ ਮੂਰਖ ਉਬਰੇ ਭਾਗਿ ॥ (ਕਬੀਰ) ਅੰਗ ੧੩੭੩

**ਭਗਤੁ ਭਗਤੁ** ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥ (ਮਃ ੫) ਅੰਗ ੨੮੩

ਉਪਰੋਕਤ ਵਾਕਾਂ ਵਿਚ ਸ਼ਬਦ ਦੀ ਦੂਹਰੀ ਵਰਤੋਂ ਗੁਣ ਦੇ ਆਧਾਰ 'ਤੇ ਸ਼੍ਰੇਣੀ ਨਿਸ਼ਚਤ ਕਰਦੀ ਹੈ। **ਪੰਡਿਤ ਪੰਡਿਤ** ਭਾਵ ਕੇਵਲ ਵਿਦਵਾਨ ਹੰਕਾਰ ਦੀ ਅੱਗ ਵਿਚ ਸੜ ਕੇ ਮਰ ਗਏ, **ਭਗਤੁ ਭਗਤੁ** ਭਗਤ ਜਨ/ ਸਾਧ ਜਨ ਜਿਸ ਦੇ ਹਿਰਦੇ ਵਿਚ ਇਕ ਪਰਮਾਤਮਾ ਵੱਸਦਾ ਹੈ, ਉਹ ਮਨੁੱਖ ਤਿੰਨਾਂ ਜਹਾਨਾਂ ਵਿਚ ਭਗਤ ਭਗਤ ਸੁਣਦਾ ਹੈ। ਗੁਣ ਦੇ ਆਧਾਰ 'ਤੇ ਦੋਹਾਂ ਦੀ ਸ਼੍ਰੇਣੀ ਨਿਸ਼ਚਤ ਹੈ ਤੇ ਦੂਹਰਾ ਰੂਪ ਉਸੇ ਸ਼੍ਰੇਣੀ 'ਤੇ ਬਲ ਦਿੰਦਾ ਹੋਇਆ, ਅਰਥਾਂ ਨੂੰ ਵਿਸ਼ੇਸ਼ ਸ਼੍ਰੇਣੀ ਤੱਕ ਸੀਮਿਤ ਕਰਦਾ ਹੈ।

**iii. ਅਰਥ ਵਿਸਥਾਰ ਅਤੇ ਵਿਭਿੰਨਤਾ:-** ਵਾਕ ਬਣਤਰ ਵਿਚ ਕਿਸੇ ਵੱਖਰੇ ਸ਼ਬਦ ਦੀ ਵਰਤੋਂ ਨਾ ਕਰਕੇ ਦੂਹਰਾ ਰੂਪ ਕਾਰਜ ਵਜੋਂ 'ਅਰਥ ਵਿਸਥਾਰ' ਕਰਦਾ ਹੈ।

**ਰੰਗੀ ਰੰਗੀ** ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ ॥ (ਮਃ ੧) ਅੰਗ ੬

**ਬਿਖੈ ਬਿਖੈ** ਕੀ ਬਾਸਨਾ ਤਜੀਅ ਨਹ ਜਾਈ ॥ (ਕਬੀਰ) ਅੰਗ ੮੫੫

**ਰੰਗ** ਆਮ ਨਾਂਵ, **ਬਿਖ** ਵਸਤੂ ਵਾਚਕ ਆਮ ਨਾਂਵ, ਦੁਹਰੁਕਤੀਯੁਕਤ ਰੂਪ ਵਿਚ 'ਵਿਭਿੰਨਤਾ' ਵਜੋਂ ਅਰਥ ਵਿਸਥਾਰ ਅਤੇ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਉਪਰੋਕਤ ਵਾਕਾਂ ਵਿਚ ਇਕਹਿਰਾ ਸ਼ਬਦ ਅਰਥ ਸੰਚਾਰ ਨਹੀਂ ਕਰਦਾ।

**iv. ਅਰਥ ਸੰਕੋਚ ਅਤੇ ਅਰਥ ਵਿਸਥਾਰ:-** ਦੁਹਰੁਕਤੀਯੁਕਤ ਸ਼ਬਦਾਂ ਵਿਚ ਅਰਥ ਸੰਕੋਚ ਅਤੇ ਅਰਥ ਵਿਸਥਾਰ ਨਾਲੋ ਨਾਲ ਚੱਲਦਾ ਹੈ। ਇਕੋ ਸ਼ਬਦ ਦਾ ਦੁਹਰਾਉ 'ਅਰਥ ਸੰਕੋਚ' ਅਤੇ 'ਅਰਥ ਵਿਸਥਾਰ' ਦਾ ਕਾਰਜ ਕਰਦਾ ਹੈ। ਅਰਥ ਸੰਕੋਚ ਭਾਵ ਸ਼ਬਦ ਦਾ ਅਰਥ ਉਸਦੇ 'ਮੂਲ ਅਰਥ' 'ਤੇ ਕੇਂਦਰਤ ਰਹਿੰਦਾ ਹੈ ਅਤੇ ਵਿਸ਼ੇਸ਼ ਉਸੇ ਸ਼੍ਰੇਣੀ ਦਾ ਜ਼ਿਕਰ ਕਰਦਾ ਹੈ, ਅਰਥ ਵਿਸਥਾਰ ਵਿਚ ਇਹ ਮੂਲ ਅਰਥ ਨਾਲ ਉਸਦੇ 'ਵਿਸ਼ੇਸ਼ਣ' ਦਾ ਕਾਰਜ ਵੀ ਕਰਦਾ ਹੈ। ਕੇਵਲ ਇਕੋ ਸ਼੍ਰੇਣੀ ਦਾ ਜ਼ਿਕਰ 'ਅਰਥ ਸੰਕੋਚ' ਹੈ, ਉਸੇ ਨਾਲ ਵਿਸ਼ੇਸ਼ਣ ਦਾ ਕਾਰਜ 'ਅਰਥ ਵਿਸਥਾਰ' ਹੈ।

**ਬਨੁ ਬਨੁ** ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ (ਮਃ ੫) ਅੰਗ ੪੫੫

**ਮੁੰਡੀਆ ਮੁੰਡੀਆ** ਹੂਏ ਏਕ॥ਏ ਮੁੰਡੀਆ ਬੂਡਤ ਕੀ ਟੇਕ ॥ (ਕਬੀਰ) ਅੰਗ ੮੭੧

ਹਉ ਢੂਢੇਦੀ ਦਰਸਨ ਕਾਰਣਿ **ਬੀਥੀ ਬੀਥੀ** ਪੇਖਾ ॥ (ਮਃ ੫) ਅੰਗ ੭੧੫

**ਭਵਨ ਭਵਨ** ਪਵਿਤੁ ਹੋਹਿ ਸਭਿ ਜਹ ਸਾਧੂ ਚਰਨ ਧਰੀਜੈ ॥ (ਮਃ ੪) ਅੰਗ ੧੩੨੬

ਕਬਹੂ ਖੀਰਿ ਖਾਡ ਘੀਉ ਨ ਭਾਵੈ ॥ਕਬਹੂ **ਘਰ ਘਰ** ਟੂਕ ਮਗਾਵੈ ॥

(ਨਾਮਦੇਵ) ਅੰਗ ੧੧੬੪

**ਬਨੁ ਬਨੁ** ਕੇਵਲ ਬਨੁ ਵਿਚ ਫਿਰਦੀ (ਸੰਕੋਚ), ਹਰੇਕ ਬਨੁ ਵਿਚ ਫਿਰਦੀ (ਵਿਸਥਾਰ), **ਮੁੰਡੀਆ ਮੁੰਡੀਆ** ਕੇਵਲ ਅਤੇ ਸਾਰੇ ਦੇ ਅਰਥਾਂ ਵਿਚ, **ਬੀਥੀ ਬੀਥੀ** ਕੇਵਲ ਗਲੀ ਵਿਚ/ਹਰੇਕ ਗਲੀ ਵਿਚ, **ਭਵਨ ਭਵਨ** ਕੇਵਲ ਭਵਨ/ਸਾਰੇ ਭਵਨ, **ਘਰ ਘਰ** ਕੇਵਲ ਘਰ/ਹਰੇਕ ਘਰ ਜਾਂ ਇਕੱਲੇ ਇਕੱਲੇ ਘਰ, ਉਪਰੋਕਤ ਦੂਹਰੇ ਸ਼ਬਦ 'ਅਰਥ ਸੰਕੋਚ' ਅਤੇ 'ਅਰਥ ਵਿਸਥਾਰ' ਦਾ ਪ੍ਰਕਾਰਜ ਕਰ ਰਹੇ ਹਨ। ਜਿਵੇਂ: ਉਹ ਘਰ ਘਰ ਤੋਂ ਟੁੱਕਰ ਮੰਗਵਾਉਂਦਾ ਹੈ (ਕਿਸੇ ਹੋਰ ਸਥਾਨ ਤੋਂ ਨਹੀਂ, ਕੇਵਲ ਘਰ ਤੋਂ) 'ਅਰਥ ਸੰਕੋਚ' ਹੈ। ਘਰ ਦੇ ਨਾਲ ਵਿਸ਼ੇਸ਼ਣ ਦਾ ਕਾਰਜ 'ਅਰਥ ਵਿਸਥਾਰ' ਹੈ, ਭਾਵ ਹਰੇਕ ਘਰ ਜਾਂ ਇਕੱਲੇ ਇਕੱਲੇ ਘਰ ਤੋਂ ਟੁੱਕਰ ਮੰਗਵਾਉਂਦਾ ਹੈ। ਸੋ ਉਪਰੋਕਤ ਵਾਕਾਂ ਵਿਚ ਅਰਥ ਸੰਕੋਚ ਅਤੇ ਅਰਥ ਵਿਸਥਾਰ ਦੋਵੇਂ ਅਰਥਗਤ ਇਕਾਈਆਂ ਕਾਰਜਸ਼ੀਲ ਹਨ।

v. **ਬਾਰੰਬਾਰਤਾ:-** ਸ਼ਬਦ ਦਾ ਦੁਹਰਾਉ ਅਰਥ ਦੇ ਕਾਰਜੀ ਪੱਖ ਦਾ ਦੁਹਰਾਉ ਕਰਦਾ ਹੈ। ਵਾਕ ਦੇ ਸੰਦਰਭ ਵਿਚ ਅਰਥ ਦਾ ਦੁਹਰਾਉ ਕਾਰਜ ਦੀ 'ਬਾਰੰਬਾਰਤਾ' ਦਾ ਪ੍ਰਕਾਰਜ ਕਰਦਾ ਹੈ:

ਤੇਰੇ ਜਨ **ਰਸਕਿ ਰਸਕਿ** ਗੁਣ ਗਾਵਹਿ ॥ (ਮਃ ੫) ਅੰਗ ੩੮੦

ਆਪੁ ਗਵਾਇਆ ਸੇਵ ਕਮਾਇਆ ਗੁਨ **ਰਸਿ ਰਸਿ** ਗਾਵੇ ॥ (ਮਃ ੫) ਅੰਗ ੪੦੭

**ਜਿਣਿ ਜਿਣਿ** ਲੈਨ੍ਹਿ ਰਲਾਇ ਏਹੋ ਏਨਾ ਲੋੜੀਐ ॥ (ਮਃ ੫) ਅੰਗ ੫੨੨

ਉਪਰੋਕਤ ਵਾਕਾਂ ਵਿਚ ਬਣਤਰ ਪੱਖ ਤੋਂ ਨਾਂਵ ਸ਼ਬਦ ਦਾ ਦੁਹਰਾਉ ਕਿਰਿਆ ਦੀ 'ਬਾਰੰਬਾਰਤਾ' ਦਾ ਪ੍ਰਕਾਰਜ ਕਰ ਰਿਹਾ ਹੈ। ਕਾਰਜ ਪੱਖ ਤੋਂ ਇਹ ਕਿਰਿਆ 'ਤੇ ਕਾਰਜਸ਼ੀਲ ਹੁੰਦੇ ਹਨ।

## ਹ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਨਾਂਵ ਰੂਪ

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਂ ਦੇ ਅਜਿਹੇ ਰੂਪ ਵੀ ਮਿਲਦੇ ਹਨ, ਜਿਹੜੇ ਸਤਹੀ ਪੱਧਰ 'ਤੇ ਦੁਹਰੁਕਤੀਯੁਕਤ ਪ੍ਰਤੀਤ ਹੁੰਦੇ ਹਨ, ਪ੍ਰੰਤੂ ਵਿਆਕਰਨ ਪੱਧਰ 'ਤੇ ਦੁਹਰੁਕਤੀਯੁਕਤ ਸ਼ਬਦ ਨਹੀਂ ਹੁੰਦੇ, ਜਿਵੇਂ:

[ਸਭ ਮਹਿ **ਜੋਤਿ] [ਜੋਤਿ** ਹੈ ਸੋਇ] ॥ (ਮ: ੧) ਅੰਗ ੧੩

[ਗੁਰਮੁਖਿ ਮਰੈ ਨ ਜਨਮੈ **ਗੁਰਮੁਖਿ] [ਗੁਰਮੁਖਿ** ਸਬਦਿ ਸਮਾਹਾ ਹੇ] ॥

(ਮ: ੩) ਅੰਗ ੧੦੫੫

[ਗੁਰ ਗੋਬਿੰਦ ਗੋਪਾਲ **ਗੁਰ] [ਗੁਰ** ਪੂਰਨ ਨਾਰਾਇਣਹ] ॥ (ਮ: ੫) ਅੰਗ ੭੧੦

[ਬਾਣੀ **ਗੁਰੂ] [ਗੁਰੂ** ਹੈ ਬਾਣੀ] ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (ਮ: ੪) ਅੰਗ ੯੮੨

[ਨੀਂਬੁ ਭਇਓ **ਆਂਬੁ] [ਆਂਬੁ** ਭਇਓ ਨੀਂਬੁ] ਕੇਲਾ ਪਾਕਾ ਝਾਰਿ ॥ (ਕਬੀਰ) ਅੰਗ ੯੭੨

[ਨਾਰੀ **ਪੁਰਖੁ] [ਪੁਰਖੁ** ਸਭ ਨਾਰੀ] ਸਭੁ ਏਕੋ ਪੁਰਖੁ ਮੁਰਾਰੇ ॥ (ਮ: ੪) ਅੰਗ ੯੮੩

[ਸਭੁ ਹੈ **ਬ੍ਰਹਮੁ] [ਬ੍ਰਹਮੁ** ਹੈ ਪਸਰਿਆ] ਮਨਿ ਬੀਜਿਆ ਖਾਵਾਰੇ ॥ (ਮ: ੪) ਅੰਗ ੯੮੨

ਉਪਰੋਕਤ ਵਾਕਾਂ ਵਿਚ ਮੋਟੇ ਕੀਤੇ ਗਏ ਨਾਂਵ ਸਤਹੀ ਪੱਧਰ ’ਤੇ ਦੁਹਰੁਕਤੀਯੁਕਤ ਨਾਂਵ ਪ੍ਰਤੀਤ ਹੁੰਦੇ ਹਨ, ਪ੍ਰੰਤੂ ਦੁਹਰੁਕਤੀ ਦੀ ਕੀਤੀ ਪਰਿਭਾਸ਼ਾ ਅਤੇ ਵਾਕ ਦੀ ਵਾਕੰਸ਼ਾਂ ਵਿਚ ਵੰਡ ਦੇ ਆਧਾਰ ’ਤੇ ਅਜਿਹੇ ਸ਼ਬਦ ਰੂਪ ਦੁਹਰੁਕਤੀਯੁਕਤ ਬਣਤਰ ਵਾਲੇ ਨਹੀਂ ਹਨ। ਦੁਹਰੁਕਤੀ ਦੀ ਪਰਿਭਾਸ਼ਾ ਦੇ ਆਧਾਰ ’ਤੇ ਇਕ ਵਾਕ ਵਿਚ ਇਕ ਵਾਕੰਸ਼ ਪੱਧਰ ’ਤੇ ਇਕ ਜੁੱਟ ਦੇ ਰੂਪ ਵਿਚ ਆਏ ਦੂਹਰੇ ਸ਼ਬਦ ਦੁਹਰੁਕਤੀਯੁਕਤ ਹਨ। ਇਹ ‘ਰੂਪ’ ਅਤੇ ‘ਅਰਥ’ ਦੇ ਆਧਾਰ’ ’ਤੇ ‘ਇਕ ਵਾਕੰਸ਼’ ਵਿਚ ‘ਇਕ ਇਕਾਈ’ ਦੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਇਹਨਾਂ ਨੂੰ ਦੁਹਰੁਕਤੀ ਤੋਂ ਵੱਖਰਾ ਕਰਨ ਲਈ ਬਰੈਕਟਾਂ ਦੀ ਵਰਤੋਂ ਕੀਤੀ ਹੈ। ਬਰੈਕਟ ਇਹਨਾਂ ਦੀ ਵਾਕੰਸ਼ ਬਣਤਰ ਨੂੰ ਸਪੱਸ਼ਟ ਕਰਦੀ ਹੈ। ਬਰੈਕਟਾਂ ਰਾਹੀਂ ਸਾਧਾਰਨ ਪਾਠਕ ਸਹਿਜੇ ਹੀ ਦੁਹਰੁਕਤੀ ਦੀ ਬਣਤਰ ਨੂੰ ਸਮਝ ਸਕਦਾ ਹੈ। ਵੱਖਰੇ ਵੱਖਰੇ ਵਾਕੰਸ਼ਾਂ ਦਾ ਹਿੱਸਾ ਹੋਣ ਕਾਰਨ ਦੁਹਰੁਕਤੀਯੁਕਤ ਸ਼ਬਦ ਨਹੀਂ, ਕੇਵਲ ਦੁਹਰੁਕਤੀ ਦਾ ਭੁਲੇਖਾ ਹਨ। ਖੋਜ-ਕਾਰਜ ਦੇ ਹਵਾਲੇ ਨਾਲ ਅਜਿਹੇ ਭੁਲੇਖਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ।

ਦੁਹਰੁਕਤੀਯੁਕਤ ਰੂਪ ਵਾਕ ਬਣਤਰ ਵਿਚ 'ਵਾਕੰਸ਼' ਦਾ ਕਾਰਜ ਕਰਦਾ ਹੈ। ਸ਼ਬਦ ਦਾ ਦੁਹਰੁਕਤੀਯੁਕਤ ਰੂਪ ਆਪਣੇ ਆਪ ਵਿਚ ਇਕ ਵਾਕੰਸ਼ ਹੈ, ਦੁਹਰੁਕਤੀ ਦੇ ਵਾਕੰਸ਼ ਬਣਤਰ ਵਾਲੇ ਰੂਪ ਜੋ ਸਥਾਨ ਵਜੋਂ ਨੇੜਤਾ ਰੱਖਦੇ ਹਨ। ਅਜਿਹੇ ਦੁਹਰੁਕਤੀਯੁਕਤ ਸ਼ਬਦ ਵਾਕ ਬਣਤਰ ਵਿਚ ਵਿਭਿੰਨ ਵਾਕੰਸ਼ਾਂ ਦਾ ਕਾਰਜ ਕਰਦੇ ਹਨ:

[ਹਰਿ ਕੇ **ਦਾਸ] [ਦਾਸ** ਹਮ ਕੀਜੈ]॥ (ਮਃ ੪) ਅੰਗ ੧੬੯

[ਜਨ ਨਾਨਕ **ਦਾਸ] [ਦਾਸ** ਕੋ ਕਰੀਅਹੁ]॥ (ਮਃ ੫) ਅੰਗ ੫੩੬

ਉਪਰੋਕਤ ਵਾਕਾਂ ਵਿਚ ਦੁਹਰੁਕਤੀ ਨਹੀਂ ਬਣਦੀ, ਪ੍ਰੰਤੂ ਭਾਸ਼ਾ ਦੀ ਵਰਤੋਂ ਦੇ ਬਹੁਤ ਸੁੰਦਰ ਅਤੇ ਸੁਹਜਮਈ ਪ੍ਰਯੋਗ ਹਨ। ਬਾਣੀਕਾਰ ਦੀ ਭਾਸ਼ਾਈ ਵਰਤੋਂ ਦਾ ਉੱਤਮ ਨਮੂਨਾ ਹਨ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ, ਕਿ ਦੁਹਰੁਕਤੀ ਦਾ ਪ੍ਰਕਾਰਜ ਇਕਹਿਰੇ ਰੂਪਾਂ ਤੋਂ ਭਿੰਨ ਹੈ। ਇਹ ਮੂਲ ਅਰਥ ਦੇ ਨਾਲ ਵਿਸ਼ੇਸ਼ ਕਾਰਜੀ ਅਰਥਾਂ ਦਾ ਪ੍ਰਕਾਰਜ ਵੀ ਕਰਦੇ ਹਨ। 'ਰੂਪ' ਦੇ ਪੱਖ ਤੋਂ ਆਮ ਨਾਂਵਾਂ ਦੀ ਦੂਹਰੀ ਵਰਤੋਂ ਵਧੇਰੇ ਮਿਲਦੀ ਹੈ। ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ ਰੂਪਗਤ ਦੁਹਰੁਕਤੀ ਵਿਚ ਨਹੀਂ, ਅਰਥਗਤ ਦੁਹਰੁਕਤੀ ਦੇ ਅੰਤਰਗਤ ਕੀਤੀ ਜਾਂਦੀ ਹੈ । 'ਖ਼ਾਸ ਨਾਂਵ' ਦੁਹਰੁਕਤੀ ਦੇ ਖੇਤਰੀ ਰੰਗਤ ਵਾਲੇ ਵਿਭਿੰਨ ਰੂਪ ਵਰਤੇ ਗਏ ਹਨ। ਦੂਹਰੀ ਵਰਤੋਂ ਵਿਚ ਇਹ ਨਾਂਵ ਨਾਲ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। 'ਆਮ ਨਾਂਵਾਂ' ਦੇ ਵਿਭਿੰਨ ਰੂਪ ਵਿਭਿੰਨ ਪ੍ਰਕਾਰਜ ਵਾਲੇ ਹਨ। 'ਭਾਵ ਵਾਚਕ' ਨਾਂਵਾਂ ਦਾ ਪ੍ਰਕਾਰਜ ਆਮ ਨਾਂਵ ਦੀਆਂ ਹੋਰ ਕਿਸਮਾਂ ਅਤੇ ਖ਼ਾਸ ਨਾਂਵਾਂ ਤੋਂ ਵੱਖਰਾ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਕਾਰਜ ਦੀ 'ਬਾਰੰਬਾਰਤਾ' ਨੂੰ ਦਰਸਾਉਂਦੇ ਹਨ। ਵਾਕ ਦੇ ਪ੍ਰਸੰਗ ਵਿਚ ਦੁਹਰੁਕਤੀਯੁਕਤ ਰੂਪਾਂ ਦੀ ਪ੍ਰਕਾਰਜੀ ਇਕਾਈ ਕਾਰਜਸ਼ੀਲ ਹੁੰਦੀ ਹੈ। ਇਸ ਤਰ੍ਹਾਂ ਸਮੁਚੇ ਵਾਕ ਦੇ ਪ੍ਰਸੰਗ ਵਿਚ ਦੁਹਰੁਕਤੀ ਦੇ ਪ੍ਰਕਾਰਜ ਨੂੰ ਸਮਝਿਆ ਜਾ ਸਕਦਾ ਹੈ।

ਇਕਹਿਰਾ ਰੂਪ ਵਾਕ ਦੇ ਅਰਥਾਂ ਵਿਚ ਵਿਗਾੜ ਪੈਦਾ ਕਰਦਾ ਹੈ ਅਤੇ 'ਅਰਥ' ਵਾਕ ਦੀ 'ਭਾਵ ਬਣਤਰ/ਵਿਸ਼ੇਸ਼ ਕਾਰਜੀ' ਇਕਾਈਆਂ ਦਾ ਪ੍ਰਕਾਰਜ ਨਹੀਂ ਕਰਦੇ। ਇਕਹਿਰਾ ਰੂਪ ਕਾਵਿਕ ਸੁਹਜ ਨੂੰ ਵੀ

ਪ੍ਰਭਾਵਿਤ ਕਰਦਾ ਹੈ। 'ਦੁਹਰੁਕਤੀ' ਗੁਰਬਾਣੀ ਦੀ ਗਾਇਨ ਸ਼ੈਲੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਗੁਰਬਾਣੀ ਦੇ ਰਾਗਯੁਕਤ ਹੋਣ ਕਾਰਨ ਇਸਨੂੰ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ। ਦੁਹਰਾਉ ਵਾਕ ਦੀ ਲੈਅ ਨੂੰ ਲਗਾਤਾਰ ਬਣਾਈ ਰੱਖਦਾ ਹੈ, ਇਸ ਨਾਲ ਵਾਕ ਵਿਚ ਲਮਕਾਅ ਪੈਦਾ ਹੁੰਦਾ ਹੈ। ਸੋ ਕਾਵਿ ਰਚਨਾ ਵਿਚ ਦੁਹਰੁਕਤੀ ਕਈ ਪੱਖਾਂ ਤੋਂ ਕਾਰਜਸ਼ੀਲ ਹੁੰਦੀ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਦੁਹਰੁਕਤੀ: ਰੂਪ ਤੇ ਪ੍ਰਕਾਰਜ

ਭਾਸ਼ਾਈ ਸ਼ਬਦਾਵਲੀ ਨੂੰ ਅਰਥ ਅਤੇ ਵਰਤੋਂ ਦੇ ਆਧਾਰ ’ਤੇ ਸ਼ਬਦ ਸ਼੍ਰੇਣੀਆ ਵਿਚ ਵੰਡਿਆ ਜਾਂਦਾ ਹੈ। ਭਾਸ਼ਾਈ ਬਣਤਰ ਵਿਚ ਕੁਝ ਸ਼ਬਦ ਅਜਿਹੇ ਹਨ, ਜਿਹੜੇ ਪ੍ਰਕਾਰਜ ਦੇ ਆਧਾਰ ’ਤੇ ਇਕ ਤੋਂ ਵਧੇਰੇ ਸ਼੍ਰੇਣੀਆ ਦੇ ਮੈਂਬਰ ਹੁੰਦੇ ਹਨ। ਹਰੇਕ ਸ਼ਬਦ ਦਾ ‘ਰੂਪ’ ਅਤੇ ‘ਅਰਥ’ ਘੇਰਾ ਸ਼ਬਦ ਸ਼੍ਰੇਣੀ ਨੂੰ ਨਿਸ਼ਚਿਤ ਕਰਦਾ ਹੈ, ਇਸ ਤਰ੍ਹਾਂ ਭਾਸ਼ਾ ਦਾ ਹਰ ਸ਼ਬਦ ਕਿਸੇ ਨਾ ਕਿਸੇ ਸ਼੍ਰੇਣੀ ਦੇ ਮੈਂਬਰ ਵਜੋਂ ਵਾਕਾਤਮਕ ਬਣਤਰ ਵਿਚ ਵਿਚਰਦਾ ਹੈ। “ਸ਼ਬਦ ਸ਼੍ਰੇਣੀਆ ਨੂੰ ਸ਼੍ਰੇਣੀਗਤ ਵੰਡ ਵੇਲੇ ਦੋ ਤਰ੍ਹਾਂ ਦੀਆਂ ਸ਼ਬਦ ਸ਼੍ਰੇਣੀਆਂ ਵਿਚ ਰੱਖਿਆ ਜਾਂਦਾ ਹੈ, ਭਾਵ ਖੁੱਲੀ ਜਾਂ ਅਸੀਮਤ ਸ਼ਬਦ ਸ਼੍ਰੇਣੀ ਅਤੇ ਬੰਦ ਜਾਂ ਸੀਮਿਤ ਸ਼ਬਦ ਸ਼੍ਰੇਣੀ। ”[1] ‘ਖੁੱਲੀ ਸ਼ਬਦ ਸ਼੍ਰੇਣੀ ’ ਦੀ ਸ਼ਬਦਾਵਲੀ ਦਾ ਘੇਰਾ ਵਿਸ਼ਾਲ ਤੇ ‘ਬੰਦ ਸ਼ਬਦ ਸ਼੍ਰੇਣੀ ’ ਦੀ ਸ਼ਬਦਾਵਲੀ ਦਾ ਘੇਰਾ ਸੀਮਿਤ ਹੁੰਦਾ ਹੈ। ਇਸ ਵਿਚ ਨਵੇਂ ਸ਼ਬਦ ਸ਼ਾਮਿਲ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ, ਹੋ ਸਕਦਾ ਹੈ ਲੰਮੇ ਅਰਸੇ ਬਾਦ ਕੋਈ ਸ਼ਬਦ ਪ੍ਰਵੇਸ਼ ਕਰੇ, ਨਹੀਂ ਤਾਂ ਇਹ ਨਾ ਦੇ ਬਰਾਬਰ ਹੀ ਹੈ।

ਪੜਨਾਂਵ, ‘ਬੰਦ ਸ਼ਬਦ ਸ਼੍ਰੇਣੀ’ ਵਿਚ ਆਉਂਦੇ ਹੋਣ ਕਾਰਨ ਇਹਨਾਂ ਦੀ ਮਾਤਮਾ ਸੀਮਿਤ ਹੈ ਤੇ ਨਵੇਂ ਸ਼ਬਦ ਸ਼ਾਮਿਲ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ। ਵਾਕਾਤਮਕ ਬਣਤਰ ਅਨੁਸਾਰ ਪੜਨਾਂਵਾਂ ਦੇ ਵਿਭਿੰਨ ਰੂਪ ਬਣਦੇ ਹਨ। ਇਹ ਸ਼ਬਦ, ‘ਵਾਕ’ ਵਿਚ ਨਾਂਵ ਦੇ ਪੂਰਕ ਵਜੋਂ ਵਿਚਰਦੇ ਹਨ, ਭਾਵ ‘ਨਾਂਵ’ ਦਾ ਕਾਰਜ ਕਰਦੇ ਹਨ। ਉਹ ਸ਼ਬਦ ਜੋ ‘ਨਾਂਵ’ ਦੀ ਥਾਂ ਵਰਤੇ ਜਾਂਦੇ ਹਨ, ਨੂੰ ‘ਪੜਨਾਂਵ’ ਕਿਹਾ ਜਾਂਦਾ ਹੈ।

ਇਕੁ ਪਲੁ ਖਿਨੁ ਵਿਸਰਹਿ **ਤੂ ਸੁਆਮੀ** ਜਾਣਉ ਬਰਸ ਪਚਾਸਾ ॥ ਅੰਗ ੬੦੧

ਵਾਕ ਵਿਚ ਨਾਂਵ ਦੇ ਨਾਲ ਪੜਨਾਂਵ ਦੀ ਵਰਤੋਂ ਹੋਈ ਹੈ, ਇਥੇ ਜੇਕਰ ਨਾਂਵ (ਸੁਆਮੀ) ਦੀ ਵਰਤੋਂ ਤੋਂ ਬਿਨਾਂ ਵਾਕ ਸਿਰਜਿਆ ਜਾਵੇ ਤਾਂ ‘ਪੜਨਾਂਵ’ ਅਰਥਾਂ ਨੂੰ ਸੰਚਾਰਿਤ ਕਰੇਗਾ, ਵਾਕ ਵਿਚ ਪੜਨਾਂਵ,

---

[1] ਜੋਗਿੰਦਰ ਸਿੰਘ ਪੁਆਰ ਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ 1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992, ਪੰਨਾ 49.

ਨਾਂਵ ਦਾ ਸਥਾਨ ਪੂਰਦਾ ਹੈ। "ਪੜਨਾਂਵ ਸ਼੍ਰੇਣੀ ਦਾ ਲਿੰਗ ਸਾਂਝਾ ਹੁੰਦਾ ਹੈ।"[2] ਭਾਵ ਇਸਦਾ ਕੋਈ ਲਿੰਗ ਭੇਦ ਨਹੀਂ ਹੁੰਦਾ, ਕਿਰਿਆ ਸ਼੍ਰੇਣੀ ਤੋਂ ਇਸਦੀ ਵਰਤੋਂ ਦਾ ਪ੍ਰਕਾਰਜ ਸਪੱਸ਼ਟ ਹੁੰਦਾ ਹੈ, ਜਿਵੇਂ:

**ਹਉ** ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥ (ਮਃ ੧) ਅੰਗ ੭੬੩

**ਹਉ** ਸੁਤੀ ਪਿਰੁ ਜਾਗਣਾ ਕਿਸ ਕਉ ਪੂਛਉ ਜਾਇ ॥ (ਮਃ ੧) ਅੰਗ ੫੪

ਦੋਹਾਂ ਵਾਕਾਂ ਵਿਚ 'ਹਉ' ਪੜਨਾਂਵ ਰੂਪ ਵਰਤਿਆ ਗਿਆ ਹੈ, ਪ੍ਰੰਤੂ ਇਕ ਵਾਕ ਪੁਲਿੰਗ ਹੈ, ਇਕ ਇਸਤਰੀ ਲਿੰਗ, ਇਸਦਾ ਭੇਦ ਕਿਰਿਆ ਰੂਪ ਤੋਂ ਹੋ ਰਿਹਾ ਹੈ। 'ਹਉ' ਨਾਲ ਕਿਰਿਆ (ਆਇਆ) ਪੁਲਿੰਗ ਹੋਣ ਕਾਰਨ 'ਹਉ' ਪੁਲਿੰਗ ਦਾ ਕਾਰਜ ਕਰ ਰਿਹਾ ਹੈ। ਜੇਕਰ ਕਿਰਿਆ ਪੁਲਿੰਗ ਹੈ, ਤਾਂ ਵਾਕ ਪੁਲਿੰਗ ਰੂਪ ਹੋਵੇਗਾ, ਜੇਕਰ ਕਿਰਿਆ ਇਸਤਰੀ ਲਿੰਗ ਹੈ, ਤਾਂ ਵਾਕ ਇਸਤਰੀ ਲਿੰਗ ਹੋਵੇਗਾ। ਦੂਜੇ ਵਾਕ ਵਿਚ ਕਿਰਿਆ (ਸੁਤੀ) ਇਸਤਰੀ ਲਿੰਗ ਹੈ, ਇਥੇ 'ਹਉ' ਇਸਤਰੀ ਲਿੰਗ ਦਾ ਕਾਰਜ ਕਰ ਰਿਹਾ ਹੈ। ਦੋਹਾਂ ਵਾਕਾਂ ਵਿਚ ਪੜਨਾਂਵੀਂ ਰੂਪ ਇਕ ਹੀ ਹੈ, ਸੋ ਪੜਨਾਂਵ ਦਾ ਕੋਈ ਲਿੰਗ ਭੇਦ ਨਹੀਂ ਹੁੰਦਾ। ਵਾਕ ਦੇ ਪੁਲਿੰਗ ਜਾਂ ਇਲਿੰਗ ਹੋਣ ਨਾਲ ਪੜਨਾਂਵੀਂ ਰੂਪ ਨਹੀਂ ਬਦਲਦੇ, 'ਕਿਰਿਆ' ਲਿੰਗ ਨੂੰ ਪ੍ਰਭਾਵਿਤ ਕਰਦੀ ਹੈ। ਕਿਰਿਆ ਸਮੁੱਚੇ ਵਾਕ ਨੂੰ ਪੁਲਿੰਗ ਜਾਂ ਇਸਤਰੀ ਲਿੰਗ ਦੋ ਭੇਦਾਂ ਵਿਚ ਵੰਡਦੀ ਹੈ।

ਪੜਨਾਂਵ ਸ਼ਬਦ 'ਵਚਨ' ਅਤੇ 'ਕਾਰਕ' ਅਨੁਸਾਰ ਰੂਪ ਬਦਲਦੇ ਹਨ, ਪੁਰਖ ਸ਼੍ਰੇਣੀ ਪੜਨਾਂਵਾਂ ਵਿਚ ਕੋਈ ਵਿਕਾਰ ਪੈਦਾ ਨਹੀਂ ਕਰਦੀ। ਜਦੋਂ ਕੋਈ ਸ਼ਬਦ ਵਾਕ ਵਿਚ ਵਰਤਿਆ ਜਾਂਦਾ ਹੈ, ਤਾਂ ਕੁਝ ਹਾਲਤਾਂ ਵਿਚ ਉਸਦੇ ਮੂਲ ਰੂਪ ਵਿਚ ਪਰਿਵਰਤਨ ਵਾਪਰਦਾ ਹੈ, ਇਸ ਤਰਾਂ ਰੂਪਕ ਪੱਖ ਤੋਂ ਸ਼ਬਦਾਂ ਨੂੰ 'ਵਿਕਾਰੀ' ਅਤੇ 'ਅਵਿਕਾਰੀ' ਸ਼੍ਰੇਣੀ ਵਿਚ ਵੰਡਿਆ ਜਾਂਦਾ ਹੈ। "ਵਿਕਾਰੀ ਸ਼ਬਦਾਂ ਵਿਚ ਵਿਆਕਰਨਕ ਕਾਰਜ ਅਨੁਸਾਰ ਰੂਪਾਂਤਰਨ ਜਾਂ ਪਰਿਵਰਤਨ ਹੁੰਦਾ ਹੈ। ਅਜਿਹੇ ਸ਼ਬਦਾਂ ਦੀ ਵਿਆਕਰਨਕ ਕਾਰਜ ਅਨੁਸਾਰ ਇਕ ਰੂਪਾਵਲੀ ਸਥਾਪਿਤ ਹੁੰਦੀ ਹੈ। ਅਵਿਕਾਰੀ ਦੇ ਰੂਪਾਂ ਵਿਚ ਵਿਆਕਰਨਕ ਕਾਰਜ ਅਨੁਸਾਰ

---

2 The Pronouns are of common gender, E.P. Newton, Punjabi Manual and Grammer, Director General of Languages Punjabi, Patiala, 1896, pn 17.

ਰੂਪਾਂਤਰ ਨਹੀਂ ਹੁੰਦਾ।"[3] ਪੜਨਾਂਵ ਸ਼੍ਰੇਣੀ 'ਵਿਕਾਰੀ' ਅਤੇ 'ਅਵਿਕਾਰੀ' ਕਿਸਮ ਦੀ ਹੈ। ਇਸ ਵਿਚ ਵਚਨ ਤੇ ਕਾਰਕ ਅਨੁਸਾਰ ਵਿਕਾਰ ਪੈਦਾ ਹੁੰਦਾ ਹੈ, ਲਿੰਗ ਤੇ ਪੁਰਖ ਅਨੁਸਾਰ ਨਹੀਂ।

## ੳ. ਪੜਨਾਂਵ: ਪਰਿਭਾਸ਼ਾ ਤੇ ਭੇਦ

ਪੜਨਾਂਵ ਲਈ ਅੰਗਰੇਜ਼ੀ ਦੇ Pronoun, Relative, Representative, Substitutes ਸ਼ਬਦ ਵਰਤੇ ਜਾਂਦੇ ਹਨ। Pronoun ਪ੍ਰਮੁਖ ਸ਼ਬਦ ਹੈ। ਪੰਜਾਬੀ ਭਾਸ਼ਾ ਵਿਚ ਦੁਨੀ ਚੰਦ੍ਰ ਨੇ 'ਸਰਬਨਾਂਵ' ਸ਼ਬਦ ਦੀ ਵਰਤੋਂ ਦਾ ਸੁਝਾਅ ਦਿੱਤਾ ਹੈ, ਜਦਕਿ ਬਾਕੀ ਭਾਸ਼ਾ ਵਿਗਿਆਨੀਆਂ ਨੇ 'ਪੜਨਾਂਵ' ਸ਼ਬਦ ਨੂੰ ਹੀ ਪ੍ਰਮੁਖਤਾ ਦਿੱਤੀ ਹੈ। ਸੋ ਵਰਤਮਾਨ ਸਮੇਂ ਵਿਚ ਪੜਨਾਂਵ ਸ਼ਬਦ ਦੀ ਵਰਤੋਂ ਹੀ ਕੀਤੀ ਜਾ ਰਹੀ ਹੈ।

**ਪਾਮਰ** ਅਨੁਸਾਰ:- "ਪੜਨਾਂਵ, ਨਾਂਵ ਦੀ ਥਾਂ ਵਰਤਿਆ ਜਾਂਦਾ ਹੈ।"[4]

**ਅ ਬੇਸਿਕ ਗਰਾਮਰ ਆਫ ਮਾਡਰਨ ਹਿੰਦੀ** ਅਨੁਸਾਰ:- "ਪੜਨਾਂਵ, ਨਾਂਵ ਦੀ ਥਾਂ ਵਰਤਿਆ ਜਾਂਦਾ ਹੈ। ਇਹ ਨਾਂਵ ਦੇ ਤੌਰ 'ਤੇ ਕੰਮ ਕਰਦਾ ਹੈ, ਇਹ ਕਿਸੇ ਵਿਅਕਤੀ ਜਾਂ ਵਸਤ ਦੇ ਨਾਮ ਵਜੋਂ ਨਹੀਂ ਵਰਤਿਆ ਜਾ ਸਕਦਾ, ਸਗੋਂ ਨਾਮ ਦੀ ਬਜਾਏ ਵਰਤਿਆ ਜਾਂਦਾ ਹੈ ਜਾਂ ਪ੍ਰਸੰਗ ਦੁਆਰਾ ਸੁਝਾਇਆ ਜਾਂਦਾ ਹੈ।"[5] ਇਸ ਤਰ੍ਹਾਂ ਕਿਸੇ ਵਿਅਕਤੀ ਜਾਂ ਵਸਤ ਦੇ ਨਾਮ ਜਿਸ ਬਾਰੇ ਪਹਿਲਾਂ ਹੀ ਜਾਣਕਾਰੀ ਹੈ, ਦੇ ਦੁਹਰਾਉ ਤੋਂ ਬਚਿਆ ਜਾ ਸਕਦਾ ਹੈ।

ਉਪਰੋਕਤ ਪਰਿਭਾਸ਼ਾਵਾਂ ਦੇ ਆਧਾਰ 'ਤੇ ਵਾਕ ਵਿਚ 'ਨਾਂਵ' ਦੀ ਥਾਂ ਵਰਤੇ ਜਾਂਦੇ ਅਤੇ 'ਨਾਂਵ' ਦਾ ਪ੍ਰਕਾਰਜ ਕਰਦੇ ਸ਼ਬਦ 'ਪੜਨਾਂਵ' ਹਨ, ਨਾਂਵਾਂ ਦੇ ਦੁਹਰਾਉ ਤੋਂ ਬਚਣ ਲਈ ਪੜਨਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪੜਨਾਂਵ ਵਜੋਂ ਵਾਕ ਵਿਚ ਵਿਚਰ ਕੇ 'ਨਾਂਵ' ਦੀ ਪੂਰਤੀ ਕਰਦੇ ਹਨ।

---

3 ਡਾ. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ: ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ 143.

4 A pronoun is a word used instead of a noun, Palmer Frank, Grammar, Penguin Books, England, 1971, pn 59.

5 Aryendra Sharma, A Basic Grammar of Modern Hindi, Central Hindi Directorate, New Delhi, 1958, pn 46-47.

**ਇਹ** ਅਤੇ **ਉਹ** ਅਜਿਹੇ ਪੜਨਾਂਵ ਹਨ, ਜਿਨ੍ਹਾਂ ਨੂੰ ਸਮੁੱਚੇ ਵਾਕ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ, ਕਿਉਂਕਿ ਇਹ ਤਿੰਨ ਭੇਦਾਂ ਵਿਚ ਵਰਤੇ ਜਾਂਦੇ ਹਨ, 'ਪੁਰਖਵਾਚਕ' ਪੜਨਾਂਵ ਵਜੋਂ, 'ਨਿਸ਼ਚੇਵਾਚਕ' ਪੜਨਾਂਵ ਵਜੋਂ ਅਤੇ 'ਪੜਨਾਵੀਂ ਵਿਸ਼ੇਸ਼ਣ' ਵਜੋਂ। ਜਦੋਂ ਇਹ ਸ਼ਬਦ ਵਾਕ ਵਿਚ ਪਹਿਲਾਂ ਆਏ ਨਾਂਵ ਦੀ ਥਾਂ ਤੇ ਵਰਤੇ ਜਾਣ, ਤਾਂ ਇਹ 'ਪੁਰਖਵਾਚੀ ਪੜਨਾਂਵ' ਹਨ, ਜਿਵੇਂ:

ਓਹੁ ਘਰਿ ਘਰਿ ਹੰਢੈ ਜਿਉ **ਰੰਨ ਦੋੁਹਾਗਣਿ ਓਸੁ** ਨਾਲਿ ਮੁਹੁ ਜੋੜੇ ਓਸੁ ਭੀ ਲਛਣੁ ਲਾਇਆ ॥

(ਮਃ ੪) ਅੰਗ ੩੦੩

ਵਾਕ ਵਿਚ ਵਰਤਿਆ ਗਿਆ **ਓਸੁ** 'ਪੁਰਖਵਾਚੀ' ਪੜਨਾਂਵ ਹੈ, ਇਹ ਪਹਿਲਾਂ ਆਏ ਨਾਂਵ '**ਰੰਨ ਦੋੁਹਾਗਣਿ**' ਦਾ ਅਰਥ ਦੇ ਰਿਹਾ ਹੈ, ਇਥੇ ਰੰਨ ਦੋੁਹਾਗਣਿ (ਨਾਂਵ) ਦਾ ਦੁਹਰਾਉ ਨਾ ਕਰਕੇ ਓਸੁ (ਪੜਨਾਂਵ) ਦੀ ਵਰਤੋਂ ਕੀਤੀ ਗਈ ਹੈ। ਜਦੋਂ ਕਿਸੇ ਨਾਂਵ ਦੇ ਅੱਗੇ ਪੜਨਾਂਵ ਵਰਤਿਆ ਜਾਵੇ ਤਾਂ ਇਹ 'ਪੜਨਾਂਵੀ ਵਿਸ਼ੇਸ਼ਣ' ਹੈ, ਜਿਵੇਂ: '**ਓਹੁ ਗੁਰਮੁਖਿ** ਜਾਪੈ ਤਾਂ ਪਤਿ ਹੋਈ॥'[6] '**ਓਹੁ**' ਪੜਨਾਂਵੀ ਵਿਸ਼ੇਸ਼ਣ ਹੈ। 'ਮੂਤ ਪਲੀਤੀ **ਕਪੜੁ** ਹੋਇ॥ ਦੇ ਸਾਬੂਣੁ ਲਈਐ **ਓਹੁ** ਧੋਇ॥'[7] 'ਕਬੀਰ ਜਮ ਕਾ **ਠੇਂਗਾ** ਬੁਰਾ ਹੈ **ਓਹੁ** ਨਹੀ ਸਹਿਆ ਜਾਇ॥'[8] '**ਓਹੁ**' ਨਿਸ਼ਚੇਵਾਚਕ ਪੜਨਾਂਵ ਹੈ, ਇਸ ਨਾਲ ਕੋਈ ਨਾਂਵ ਸ਼ਬਦ ਨਹੀਂ ਵਰਤਿਆ ਗਿਆ '**ਓਹੁ**' ਵਾਕ ਵਿਚ ਪਹਿਲਾਂ ਆਏ **ਕਪੜੁ** ਅਤੇ **ਠੇਂਗਾ** ਨਾਂਵ ਦੇ ਅਰਥਾਂ ਦਾ ਕਾਰਜ ਕਰ ਰਿਹਾ ਹੈ।

**ਹਰਕੀਰਤ ਸਿੰਘ** ਅਨੁਸਾਰ ਪੜਨਾਂਵ ਦੀਆਂ ਛੇ ਕਿਸਮਾਂ ਹਨ:

1. ਪੁਰਖਵਾਚਕ ਪੜਨਾਂਵ
2. ਨਿਜਵਾਚਕ ਪੜਨਾਂਵ
3. ਨਿਸ਼ਚੇਵਾਚਕ ਪੜਨਾਂਵ
4. ਅਨਿਸ਼ਚੇਵਾਚਕ ਪੜਨਾਂਵ

---

[6] ਗੁਰੂ ਗ੍ਰੰਥ ਸਾਹਿਬ, ਪੰਨਾ 227.

[7] ਓਹੀ, ਪੰਨਾ 4.

[8] ਓਹੀ, ਪੰਨਾ 1368.

5. ਪ੍ਰਸ਼ਨਵਾਚਕ ਪੜਨਾਂਵ

6. ਸੰਬੰਧਵਾਚਕ ਪੜਨਾਂਵ

**1. ਪੁਰਖਵਾਚਕ ਪੜਨਾਂਵ:-** ਪੁਰਖਵਾਚਕ ਪੜਨਾਂਵ ਵਕਤੇ, ਸਰੋਤੇ ਅਤੇ ਜਿਸ ਬਾਰੇ ਗੱਲ ਕੀਤੀ ਜਾਵੇ, ਤਿੰਨਾਂ ਲਈ ਵਰਤੇ ਜਾਂਦੇ ਹਨ। ਵਰਤੋਂ ਦੇ ਆਧਾਰ 'ਤੇ ਇਸਦੇ ਤਿੰਨ ਭੇਦ ਹਨ:

ੳ. ਉਤਮ ਪੁਰਖ ਪੜਨਾਂਵ

ਅ. ਮੱਧਮ ਪੁਰਖ ਪੜਨਾਂਵ

ੲ. ਅਨਯੈ ਪੁਰਖ ਪੜਨਾਂਵ

**ੳ. ਉਤਮ ਪੁਰਖ ਪੜਨਾਂਵ:-** ਜੋ ਵਿਅਕਤੀ ਗੱਲ ਕਰ ਰਿਹਾ ਹੋਵੇ, ਭਾਵ ਵਕਤਾ/ ਬੁਲਾਰਾ 'ਉਤਮ ਪੁਰਖ' ਪੜਨਾਂਵ ਹੈ। ਇਸਨੂੰ 'ਪਹਿਲਾ ਪੁਰਖ ਪੜਨਾਂਵ' ਵੀ ਕਿਹਾ ਜਾਂਦਾ ਹੈ।

**ਪਾਮਰ** ਅਨੁਸਾਰ:- "ਪਹਿਲਾ ਵਿਅਕਤੀ ਬੋਲਣ ਵਾਲੇ ਦਾ ਹਵਾਲਾ ਦਿੰਦਾ ਹੈ।"[9]

**ਅ. ਮੱਧਮ ਪੁਰਖ ਪੜਨਾਂਵ:-** ਇਹ ਦੂਜਾ ਪੁਰਖ ਪੜਨਾਂਵ ਹੈ, ਭਾਵ 'ਸਰੋਤਾ' ਜਿਸ ਨਾਲ ਗੱਲ ਕੀਤੀ ਜਾ ਰਹੀ ਹੋਵੇ।

**ੲ. ਅਨਯ ਪੁਰਖ ਪੜਨਾਂਵ:-** ਅਨਯ ਪੁਰਖ 'ਤੀਜਾ ਪੁਰਖ' ਪੜਨਾਂਵ ਹੈ, ਭਾਵ ਜਿਸ ਬਾਰੇ ਗੱਲ ਕੀਤੀ ਜਾ ਰਹੀ ਹੋਵੇ। ਇਸ ਵਿਚ ਤੀਜਾ ਪੁਰਖ ਹਮੇਸ਼ਾ ਗ਼ੈਰ ਹਾਜ਼ਰ ਹੁੰਦਾ ਹੋਇਆ ਵਕਤੇ ਤੇ ਸਰੋਤੇ ਦੇ ਦਿਮਾਗ ਵਿਚ ਹਾਜ਼ਰ ਰਹਿੰਦਾ ਹੈ। ਉਤਮ ਪੁਰਖ ਅਤੇ ਮੱਧਮ ਪੁਰਖ ਕੇਵਲ ਮਨੁੱਖ ਨਾਲ ਸੰਬੰਧਿਤ ਹਨ, ਜਦਕਿ 'ਅਨਯੈ ਪੁਰਖ' ਮਨੁੱਖ ਤੋਂ ਇਲਾਵਾ ਹਰ ਜੀਵ, ਜੰਤੂ ਆਦਿ ਲਈ ਵਰਤਿਆ ਜਾਂਦਾ ਹੈ। **ਪਾਮਰ:-** "ਉਹ ਵਿਅਕਤੀ ਜਾਂ ਵਸਤ ਜਿਸ ਬਾਰੇ ਗੱਲ ਕੀਤੀ ਜਾਵੇ।"[10]

---

9 First person refers to the person speaking, Palmer Frank, Grammar, Penguin Books, England, 1971, pn 89.

10 Third person to the person or thing spoken about, Same.

**2. ਨਿਜਵਾਚਕ ਪੜਨਾਂਵ:-** ਮੂਲ ਰੂਪ ਵਿਚ ਨਿਜਵਾਚਕ ਪੜਨਾਂਵ ਇਕ ਹੀ ਹੈ, 'ਆਪ' ਇਸਦੀ ਅੱਗੇ ਰੂਪਾਵਲੀ ਬਣਦੀ ਹੈ। ਇਹ ਪੁਰਖਵਾਚੀ ਪੜਨਾਂਵਾਂ ਦੇ ਸੰਬੰਧ ਵਿਚ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਨਿਜਵਾਚਕ ਪੜਨਾਂਵ ਅਜੋਕੀ ਪੰਜਾਬੀ ਵਿਚ ਵੀ ਲਗਭਗ ਉਸੇ ਰੂਪ ਵਿਚ ਵਰਤੇ ਜਾਂਦੇ ਹਨ, ਲਿਖਤ ਪੱਧਰ 'ਤੇ ਫ਼ਰਕ ਜ਼ਰੂਰ ਹੈ, ਪ੍ਰੰਤੂ ਉਚਾਰਨ ਪੱਧਰ 'ਤੇ ਅਜੋਕੇ ਸਮੇਂ ਵਿਚ ਵੀ ਉਹੀ ਉਚਾਰਨ ਕੀਤਾ ਜਾਂਦਾ ਹੈ।

**3. ਨਿਸ਼ਚੇਵਾਚਕ ਪੜਨਾਂਵ:-** ਕਿਸੇ ਵਿਅਕਤੀ/ ਵਸਤ ਆਦਿ ਵੱਲ ਸੰਕੇਤ ਕਰਕੇ 'ਇਹ, ਉਹ' ਪੜਨਾਂਵ ਦੀ ਵਰਤੋਂ ਕੀਤੀ ਜਾਂਦੀ ਹੈ, ਭਾਵ ਕਿਸੇ ਵਿਅਕਤੀ/ ਵਸਤ ਦਾ ਸੰਕੇਤ ਦਿੰਦੇ ਹਨ। "ਦੂਰ ਜਾਂ ਨੇੜੇ ਦਾ ਪਦਾਰਥ ਦੱਸਣ ਲਈ ਜਿਹੜਾ ਸ਼ਬਦ ਵਰਤਿਆ ਜਾਂਦਾ ਹੈ, ਉਸਨੂੰ 'ਨਿਸ਼ਚੇਵਾਚਕ' ਪੜਨਾਂਵ ਆਖਦੇ ਹਨ।"[11] ਬੋਲਚਾਲੀ ਭਾਸ਼ਾ ਵਿਚ ਪੰਜ ਨਿਸ਼ਚੇਵਾਚਕ ਪੜਨਾਂਵ 'ਇਹ, ਉਹ, ਆਹ, ਹਾਹ, ਔਹ' ਹਨ। ਸਾਹਿਤਕ ਭਾਸ਼ਾ ਵਿਚ ਦੋ ਪੜਨਾਂਵ 'ਇਹ, ਉਹ' ਵਰਤੇ ਜਾਂਦੇ ਹਨ। "ਜਦੋਂ ਕਿਸੇ ਪਹਿਲਾਂ ਆਏ ਨਾਂਵ ਦੀ ਥਾਂ ਵਰਤੇ ਜਾਣ, ਉਦੋਂ ਇਹ 'ਪੁਰਖਵਾਚੀ' ਪੜਨਾਂਵ ਹੁੰਦੇ ਹਨ। ਪਰ ਜਦੋਂ ਕਿਸੇ ਵਿਅਕਤੀ ਜਾਂ ਵਸਤ ਵੱਲ ਸੰਕੇਤ ਕਰਕੇ ਬੋਲੇ ਜਾਣ ਤਾਂ ਇਹ ਨਿਸ਼ਚੇਵਾਚਕ ਪੜਨਾਂਵ ਹਨ।"[12]

**4. ਅਨਿਸ਼ਚੇਵਾਚਕ ਪੜਨਾਂਵ**:- ਉਹ ਪੜਨਾਂਵ ਰੂਪ ਜਿਸ ਤੋਂ ਕਿਸੇ ਖਾਸ ਪਦਾਰਥ ਦਾ ਬੋਧ ਨਾ ਹੋਵੇ, ਭਾਵ ਜਿਹੜਾ ਕਿਸੇ ਨਿਸ਼ਚਿਤ ਵਿਅਕਤੀ/ਵਸਤ ਲਈ ਨਾ ਵਰਤਿਆ ਜਾਵੇ, ਕੇਵਲ ਅਸਪੱਸ਼ਟ ਜਿਹਾ ਸੰਕੇਤ ਮਾਤਰ ਹੋਵੇ, ਜਿਵੇਂ ਸਾਰੇ, ਕਈ ਅਤੇ ਕੋਈ ਆਦਿ।

**5. ਪ੍ਰਸ਼ਨਵਾਚਕ ਪੜਨਾਂਵ:-** ਪ੍ਰਸ਼ਨਵਾਚਕ ਨਾਮ ਤੋਂ ਹੀ ਸਪੱਸ਼ਟ ਹੈ, ਉਹ ਸ਼ਬਦ ਜਿਹੜੇ ਪ੍ਰਸ਼ਨ ਸੂਚਕ ਸ਼ਬਦਾਂ ਵਜੋਂ ਵਰਤੇ ਜਾਣ। "ਉਹ ਰੂਪ ਜੋ ਪ੍ਰਸ਼ਨ ਪੁੱਛੇ ਜਾਣ ਦਾ ਭਾਵ ਪ੍ਰਗਟ ਕਰਨ ਪ੍ਰਸ਼ਨ ਵਾਚਕ ਪੜਨਾਂਵ ਅਖਵਾਉਂਦੇ ਹਨ।"[13] ਇਹ ਸ਼ਬਦ 'ਕ' ਧੁਨੀ ਨਾਲ ਅੰਕਿਤ ਹੁੰਦੇ ਹਨ। ਕੌਣ, ਕੀ, ਕਿਹੜਾ ਆਦਿ

---

[11] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 81.

[12] ਹਰਕੀਰਤ ਸਿਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 51.

[13] ਕੰਵਲਜੀਤ ਕੌਰ ਜੱਸਲ, ਪੰਜਾਬੀ ਪੜਨਾਂਵ (ਇਕ ਸਰਵੇਖਣ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004, ਪੰਨਾ 66.

ਪ੍ਰਸ਼ਨਸੂਚਕ ਪੜਨਾਂਵ ਹਨ, ਪ੍ਰੰਤੂ ਜੇਕਰ ਇਹ ਕਿਸੇ ਨਾਂਵ ਨਾਲ ਆਉਣ ਤਾਂ ਉਥੇ ਇਹ 'ਪੜਨਾਂਵੀ ਵਿਸ਼ੇਸ਼ਣ' ਹਨ। ਜਿਵੇਂ:

**ਕਵਨ** ਕਹਾ ਗੁਨ ਕੰਤ ਪਿਆਰੇ॥ ਅੰਗ ੧੩੧ (ਪ੍ਰਸ਼ਨਵਾਚਕ ਪੜਨਾਂਵ)

ਮੂੜ ਮੁਗਧ ਤੇਰਾ ਸੰਗੀ **ਕਵਨ**॥ ਅੰਗ ੮੯੮ (ਪੜਨਾਂਵੀਂ ਵਿਸ਼ੇਸ਼ਣ)

**6. ਸੰਬੰਧਵਾਚਕ ਪੜਨਾਂਵ**:- ਸੰਬੰਧਵਾਚਕ ਦੋ ਵਾਕਾਂ ਵਿਚਾਲੇ ਸੰਬੰਧ ਸਥਾਪਿਤ ਕਰਦੇ ਹਨ, ਇਨ੍ਹਾਂ ਦੀ ਵਰਤੋਂ ਸੰਯੁਕਤ ਵਾਕਾਂ ਵਿਚ ਕੀਤੀ ਜਾਂਦੀ ਹੈ। "ਸੰਬੰਧਵਾਚਕ ਪੜਨਾਂਵ ਮੁਖਵਾਕ ਵਿਚ ਨਾਂਵ ਜਾਂ ਪੜਨਾਂਵ ਦੇ ਸੰਬੰਧ ਲਈ ਵਾਪਰਦਾ ਹੈ। ਸੰਬੰਧਵਾਚਕ ਆਪਣੇ ਆਪ ਵਿਚ ਇਕ ਅਧੀਨ ਵਾਕ ਅਤੇ ਦੋ ਵਾਕਾਂ ਨੂੰ ਜੋੜਦਾ ਹੈ।"[14] ਇਕ ਉਪਵਾਕ ਵਿਚਲਾ ਪੜਨਾਂਵੀਂ ਸ਼ਬਦ ਦੂਜੇ ਉਪਵਾਕ ਦੀ ਸਿਰਜਨਾ ਕਰਦਾ ਹੈ, ਇਸਦਾ ਸੰਬੰਧ ਦੂਜੇ ਉਪਵਾਕ ਦੇ ਨਾਂਵ/ ਪੜਨਾਂਵ ਨਾਲ ਬਣਦਾ ਹੈ, ਜਿਵੇਂ:

**ਜੋ** ਤੁਧੁ ਭਾਵੈ **ਸਾਈ** ਭਲੀ ਕਾਰ ॥ (ਮਃ ੧) ਅੰਗ ੩

ਇਥੇ 'ਜੋ' ਦਾ ਸੰਬੰਧ ਦੂਜੇ ਉਪਵਾਕ ਦੇ 'ਸਾਈ' ਸ਼ਬਦ ਨਾਲ ਹੈ। 'ਸਾਈ' (ਉਹ ਦੇ ਅਰਥਾਂ ਵਿਚ ਵਰਤਿਆ ਗਿਆ) 'ਪੜਨਾਂਵ' ਪਹਿਲੇ ਉਪਵਾਕ ਨੂੰ ਪੂਰਨ ਬਣਾ ਰਿਹਾ ਹੈ। ਇਸ ਤਰ੍ਹਾਂ ਸੰਬੰਧਵਾਚਕ ਪੜਨਾਂਵ ਦੋ ਉਪਵਾਕਾਂ ਵਿਚਾਲੇ ਸੰਬੰਧ ਸਥਾਪਿਤ ਕਰਕੇ ਇਕ ਦੂਜੇ ਦੇ ਅਰਥ ਦੀ ਪੂਰਤੀ ਕਰਦੇ ਹਨ।

## ਅ. ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਪੜਨਾਂਵਾਂ ਦੀ ਅਜੋਕੇ ਪੜਨਾਂਵਾਂ ਤੋਂ ਰੂਪਗਤ ਭਿੰਨਤਾ

ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਭਾਸ਼ਾਵਾਂ ਦਾ ਰਲਾ ਹੋਣ ਕਾਰਨ ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਨਾਲ ਨਾਲ ਮੱਧਕਾਲੀ ਭਾਸ਼ਾਵਾਂ ਦੇ ਪੜਨਾਂਵੀਂ ਰੂਪ ਵੀ ਵਰਤੇ ਗਏ ਹਨ। ਜਿਵੇਂ: ਅਸਾਡੜਾ, ਤੁਮਘਾ,

---

[14] A relative Pronoun is related to a noun or a pronoun occurring in the main sentence, the relative itself occurring in a subordinate sentence and joining the two. Aryendra Sharma, A Basic Grammar of Modern Hindi, Central Hindi Directorate, New Delhi, 1958, pn 49.

ਤੁਮਨਛੇ, ਤਿਹਾਰੀ, ਤੁਸਾੜੀਆ, ਓਤੈ, ਅਵਰਾ, ਸਗਰ, ਸਗਲ, ਹੋਰੋ, ਹੋਰੇ, ਥੋੜੜੀ, ਥੋੜੜਿਆ, ਜਾਕਾ, ਜਾਕੀ, ਜਿਤੜੇ, ਜਿਨਹਿ, ਮਹਿਜਾ, ਮਹਿੰਜੈ, ਮਹਿੰਡਾ (ਪੱਛਮੀ ਪੰਜਾਬੀ), ਮੋਰਾ, ਮੋਰਿਓ, ਮੋਰੇ ਆਦਿ। ਪੂਰਬੀ ਪੰਜਾਬੀ ਮੁਹਿ, ਮੁਝ, ਮੈਡਾ ਮੈਥੋ, ਮੋਰ, ਮੋਰਲੋ, ਮੋਕਉ, ਮੋਰੈ, ਕੋਊ, ਕਵਣੁ, ਕਉਤੇ, ਕਾਈ, ਕਾਏ, ਕਾਇਤੁ, ਕੁਈ, ਕੁਨ, ਕੇਨ ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਚਲਿਤ ਪੜਨਾਂਵਾਂ ਦੇ ਵਿਭਿੰਨ ਰੂਪ ਵਧੇਰੇ ਸਿਰਜੇ ਗਏ ਹਨ। ਜਿਵੇਂ:

**ਸਾਰਣੀ- 1.** ਪੁਰਖ ਵਾਚਕ ਪੜਨਾਂਵ ਰੂਪ

| ਪਹਿਲਾ ਪੁਰਖ (ਆਧੁਨਿਕ ਪ੍ਰਚਲਿਤ ਰੂਪ) | | ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਰੂਪ |
|---|---|---|
| ਮੈਂ | ਇਕ ਵਚਨ | ਮੈ, ਮੈਂ, ਮੂ, ਮੂੰ, ਮਈ, ਮਮ, ਹਮ, ਹਮਾ ਆਦਿ। |
| ਅਸੀ/ ਸਾਡਾ | ਬਹੁ ਵਚਨ | ਅਸਾ, ਅਸਾਹ, ਅਸਾੜਾ, ਅਸੀ, ਹਮ, ਹਮਰਾ, ਹਮਰੀ, ਹਮਰੇ, ਹਮਰੋ, ਹਮਾਰਾ, ਹਮਾਰੀ, ਹਮਾਰੇ ਆਦਿ। |
| ਮੇਰਾ/ ਮੇਰੀ/ ਮੇਰੇ | ਇਕ ਵਚਨ/ ਬਹੁ ਵਚਨ | ਹਮ, ਹਮਾ, ਮਾ, ਮੂ, ਮੂੰ, ਮਈ, ਮੁਝ, ਮੁਝੈ, ਮੇਰਾ, ਮੇਰੀ, ਮੇਰੇ, ਮੇਰ, ਮੇਰਉ, ਮੇਉ, ਮੇਰੋ, ਹਮਾਰੀ, ਮਹਿਜਾ, ਮਹਿਜੈ, ਮਹਿੰਡਾ, ਮੈਡਾ, ਮੈਡੀ, ਮੈਡੜੇ, ਮੈਡਿਆ, ਮੈਡੇ, ਮੈਡੈ, ਮੋਰਾ, ਮੋਰੀ, ਮੋਰੇ, ਮੋਰੋ, ਅਸਾਡੜਾ ਆਦਿ। |
| ਮੈਨੂੰ/ ਸਾਨੂੰ | ਇਕ ਵਚਨ/ ਬਹੁ ਵਚਨ | ਹਮਾ, ਮੈ, ਮੂ, ਮੂੰ, ਮੋ, ਮੁਹਿ, ਮੁਝ, ਮੁਝੈ। |
| ਮੇਰਿਆ/ ਮੇਰਿਓ | ਇਕ ਵਚਨ/ ਬਹੁ | ਮੇਰਿਆ, ਮੇਰਿਹੋ, ਮੈਡਿਆ ਆਦਿ। |

| | | |
|---|---|---|
| | ਵਚਨ | |

| ਦੂਜਾ ਪੁਰਖ (ਆਧੁਨਿਕ ਪ੍ਰਚਲਿਤ ਰੂਪ) | | ਗੁਰੂ ਗ੍ਰੰਥ ਸਾਹਿਬ ਵਿਚ ਮਿਲਦਾ ਰੂਪ |
|---|---|---|
| ਤੂੰ | ਇਕ ਵਚਨ | ਤਉ, ਤੂ, ਤੂਹੀ, ਤੂਹੈ, ਤੂੰ, ਤੂੰਹੀ, ਤੂੰਹੈ, ਤੈ, ਤੈਂ, ਤੁਮ, ਤੁਮਾ, ਤੁਮੇ, ਤੋਹਿ ਆਦਿ। |
| ਤੁਸੀ | ਇਕਵਚਨ/ ਬਹੁਵਚਨ | ਤੁਸਾ, ਤੁਸਾੜੀ, ਤੁਸਿ, ਤੁਸੀ, ਤੁਮ, ਤੁਮੇ ਆਦਿ। |
| ਤੇਰਾ/ ਤੇਰੀ/ ਤੇਰੇ | ਇਕ ਵਚਨ/ ਬਹਵਚਨ, ਇਲਿੰਗ/ ਪੁਲਿੰਗ | ਤਵ, ਤਿਨ, ਤਿਨਾੜੀ, ਤੁ, ਤੁਧ, ਤੁਧੁ, ਤੁਧੈ, ਤੁਮ, ਤੁਮਰਾ, ਤੁਮਰੀ, ਤੁਮਰੇ, ਤੁਮਰੈ, ਤੁਮਰੋ, ਤੁਮਾਰਾ, ਤੁਮਾਰੀ, ਤੁਮਾਰੇ, ਤੁਮਾਰੈ, ਤੇਰ, ਤੇਰੇ, ਤੇਰੈ, ਤੇਰੋ, ਤੋ, ਤੋਹਿ, ਤੋਹੀ ਆਦਿ। |
| ਤੈਨੂੰ | ਇਕ ਵਚਨ, ਇ/ ਪੁਲਿੰਗ | ਤੈਂ, ਤੁਮ, ਤੁਹਿ, ਤੂਹੈ, ਤੋਹਿ, ਤੁਧ, ਤੁਧੁ, ਤੁਧਨੋ, ਤੁਧੁਨੋ ਆਦਿ। |
| ਤੁਹਾਨੂੰ | ਇਕਵਚਨ/ਬਹੁਵਚਨ, ਇ/ ਪੁਲਿੰਗ | ਤੁਸਾ |
| ਤੇਰਿਆ | ਬਹੁਵਚਨ, ਪੁਲਿੰਗ | ਤੇਰਿਆ |
| ਤੀਜਾ ਪੁਰਖ | | |
| ਉਹ | ਇਕਵਚਨ/ਬਹੁਵਚਨ, ਇ/ ਪੁਲਿੰਗ | ਓਹ, ਓਹਾ, ਓਹਿ, ਓਹੁ, ਓਹੇ, ਓਹੈ, ਉਹੁ, ਉਹੀ, ਓਇ, ਉਨਿ, ਉਆ, ਸਾ, ਸਾਇ, ਸਾਈ, ਸੁ, ਸੇ, ਸੇਇ, ਸੇਈ, ਸੋ, ਸੋਇ, ਸੋਈ, ਸੋਊ, ਓਇ ਆਦਿ। |
| ਉਸ | ਇਕਵਚਨ, ਇ/ ਪੁਲਿੰਗ | ਉਆਹਿ, ਉਆਹੁ, ਉਨ, ਸੋਊ, ਤਿਸ, ਤਿਸੁ, ਤਿਸੈ, ਤਿਨਿ ਆਦਿ। |

| | | |
|---|---|---|
| ਇਹ | ਇਕ ਵਚਨ, ਇ/ ਪੁਲਿੰਗ | ਇਹ, ਇਹਾ, ਇਹਿ, ਇਹੀ, ਇਹੁ, ਇਹੈ, ਇਹੋ, ਈਹਾ, ਏ, ਏਇ, ਏਈ, ਏਉ, ਏਊ, ਏਹ, ਏਹਾ, ਏਹਿ, ਏਹੁ, ਏਹੋ ਆਦਿ। |
| ਇਸ | ਇਕ ਵਚਨ, ਇ/ ਪੁਲਿੰਗ | ਇਸ, ਇਸੁ, ਇਨ, ਇਬ, ਇਵ, ਏਸੁ, ਏਤੁ, ਏਤੇ, ਏਤੈ ਆਦਿ। |
| ਉਹਨਾਂ/ ਇਹਨਾਂ | ਬਹੁਵਚਨ, ਇ/ ਪੁਲਿੰਗ | ਓਨ, ਓਨਾ, ਤਿਨ, ਤਿਨਾ, ਤਿਨਿ, ਤਿਨੁ, ਇਨ, ਇਨਾ, ਇਨੁ, ਏਨ, ਏਨਾ, ਏਨੀ, ਏਨੈ ਆਦਿ। |

**ਸਾਰਣੀ- 2.** ਨਿਜਵਾਚਕ ਪੜਨਾਂਵ ਦੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਰੂਪ:

| | | |
|---|---|---|
| ਆਪ | ਇਕਵਚਨ/ਬਹੁਵਚਨ, ਇ/ ਪੁਲਿੰਗ | ਅਪ, ਅਪਣਾ, ਅਪਣਿਆ, ਅਪਣੀ, ਅਪਣੇ, ਅਪਣੈ, ਅਪਣੋ, ਅਪਨ, ਅਪਨਿਆ, ਅਪਨਹੀ, ਅਪਨਾ, ਅਪਨੀ, ਅਪਨੇ, ਅਪਨੈ, ਅਪਨੋ, ਅਪੁਣਾ, ਅਪੁਣੀ, ਅਪੁਣੇ, ਅਪੁਨਾ, ਅਪੁਨੀ, ਅਪੁਨੈ, ਅਪੁਨੋ, ਆਪ, ਆਪਸ, ਆਪਹੁ, ਆਪਾ, ਆਪਿ, ਆਪਿਓ, ਆਪਸ, ਆਪੇ, ਆਪੈ, ਆਪੋ, ਆਪੌ, ਆਪਣ, ਆਪਣਾ, ਆਪਣਾਂ, ਆਪਣਿਆ, ਆਪਣੀ, ਆਪਣੇ, ਆਪਣੈ, ਆਪਣੋ, ਆਪਨ, ਆਪਨੜਾ, ਆਪਨੜੈ, ਆਪਨਾ, ਆਪਨੀ, ਆਪਨੇ, ਆਪਨੈ, ਆਪਨੋ, ਆਪੀਣੈ, ਆਪੀਨੈ, ਆਪੁਨ, ਆਪੁਨਾ, ਆਪੁਨੀ, ਆਪੁਨੇ, ਆਪੁਨੋ, ਆਪਨੜਾ, ਆਪਨੜੇ, ਆਪਨੜੈ, ਆਪੀਨਵੈ ਆਦਿ। |

**ਸਾਰਣੀ- 3.** ਅਨਿਸ਼ਚੇਵਾਚਕ ਪੜਨਾਂਵ ਦੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਵਿਭਿੰਨ ਰੂਪ

| | |
|---|---|
| ਕੁਝ | ਕਛ, ਕਛੁ, ਕਛੂ, ਕਿਛੁ, ਕਿਛਹੁ, ਕਿਛੂ, ਕਿਛਹੂ, ਕਿਜੇਹਾ, ਕੁਝ ਆਦਿ। |
| ਹੋਰ | ਅਉਰ, ਅਉਰਨ, ਅਉਰਾ, ਅਉਰੀ, ਅਉਰੁ, ਅਉਰੈ, ਅਉਰੋ, ਅਨੁ, ਅਨਿਨ, ਅਵਰ, ਅਵਰਹ, ਅਵਰਹਿ, ਅਵਰਨ, ਅਵਰਾ, ਅਵਰਾਹਾ, ਅਵਰਿ, ਅਵਰੀ, ਅਵਰੁ, ਅਵਰੇ, ਅਵਰੋ, ਹੋਰੁ, ਹੋਰੇ ਆਦਿ। |
| ਇਕ, ਕਈ/ ਕਈਆ | ਇਕ, ਇਕਸ, ਇਕਸੁ, ਇਕਸੈ, ਇਕਾ, ਇਕਿ, ਇਕੇ, ਇਕੁ, ਇਕੋ, ਇਕਨਾ, ਇਕਨਿ, ਇਕਨੀ, ਇਕਨੈ, ਏਕ, ਏਕਿ, ਏਕੁ, ਕਈ, ਕਾਈ, ਕੇ, ਕੇਈ, ਕੋ, ਕੋਊ, ਕੋਇ, ਕੋਈ ਆਦਿ। |

**ਸਾਰਣੀ- 4.** ਪ੍ਰਸ਼ਨਵਾਚਕ ਪੜਨਾਂਵ ਦੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਰੂਪਾਂਤ੍ਰਿਤ ਰੂਪ

| | |
|---|---|
| ਕੀ | ਕਾ, ਕਾਹੋ, ਕਿ, ਕਿਆ, ਕੇਹ ਆਦਿ |
| ਕੌਣ, ਕਿਸ, ਕਿਉਂ, ਕਿਹੜਾ | ਕਉਣ, ਕਉਨ, ਕਵਣ, ਕਵਣਿ, ਕੁਨ ਰੇ, ਕਾਏ, ਕਾਇਚੇ, ਕਾਇਤੁ, ਕਾਈ, ਕਾਹਿ, ਕਾਹੀ, ਕਾਹੇ, ਕਾਹੂ, ਕਿਆ, ਕਿਉ, ਕਿਓਨ, ਕਿਸ, ਕਿਸੁ, ਕਿਸੈ, ਕਿਸਹਿ, ਕਿਸਨੋ, ਕਿਹ, ਕਿਹੁ, ਕਿਤਹਿ, ਕਿਤਹੀ, ਕਿਤਨੋ, ਕਿਤੜਾ, ਕਿਤੜੇ, ਕਿਤੀ, ਕਿਤੀਆ, ਕਿਤੁ, ਕਿਤੈ, ਕਿਨ, ਕਿਨਹਿ, ਕਿਨਹੀ ਕਿਨਹੂ, ਕਿਨੈ, ਕੈਸਾ, ਕੈਸਿ, ਕੈਸੀ, ਕੈਸੇ, ਕੈਸੈ, ਕੈਹੀ, ਕੇਹ, ਕੇਹਿ, ਕੇਹੀ, ਕੇਹੀਆ, ਕੋ, ਕੋਊ, ਕੋਣੁ, ਕੋਨ ਆਦਿ। |

**ਸਾਰਣੀ- 5.** ਸੰਬੰਧਵਾਚਕ ਪੜਨਾਂਵ ਦੇ ਮਿਲਦੇ ਰੂਪਾਂਤ੍ਰਿਤ ਰੂਪ:

| | |
|---|---|
| ਜੋ/ ਸੋ | ਜਾ, ਜਿ, ਜੇ, ਸਾ, ਸਾਇ, ਸਾਈ, ਸੁ, ਸੇ, ਸੇਇ, ਸੇਈ, ਸੋ, ਸੋਊ, ਸੋਇ, ਸੋਈ, ਤਾ, ਤੇ ਆਦਿ। |
| ਜਿਸ/ ਤਿਸ | ਜਹ, ਜਿਹ, ਜਿਸ, ਜਿਸਹਿ, ਜਿਸੁ, ਜਿਸੈ, ਜਿਤ, ਜਿਤੁ ਜਿਨ, ਜਿਨਾ, ਜਿਨਿ, ਜਿਨੀ, ਤਹ, ਤਿਹ, ਤਿਹਿ, ਤਿਸ, ਤਿਸਹਿ, ਤਿਸੁ, ਤਿਸੈ, ਤਿਤ, ਤਿਤੁ, ਤਿਨ, ਤਿਨਾ, ਤਿਨਿ, ਤਿਨੀ ਆਦਿ। |

ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਵਧੇਰੇ ਪੜਨਾਂਵ ਰੂਪ ਅਤੇ ਵਿਭਿੰਨ ਭਾਸ਼ਾਵਾਂ ਦੇ ਇਕਹਿਰੇ ਪੜਨਾਂਵ ਮਿਲਦੇ ਹਨ। ਇਨ੍ਹਾਂ ਨੂੰ ਸਮੁੱਚੇ ਰੂਪ ਵਿਚ ਇਥੇ ਪੇਸ਼ ਕਰਨਾ ਸੰਭਵ ਨਹੀਂ ਹੈ, ਕੁਝ ਕੁ ਨਮੂਨੇ ਮਾਤਰ ਦਿੱਤੇ ਗਏ ਹਨ। ਅਜਿਹੇ ਸ਼ਬਦਾਂ ਦੇ ਅਰਥ ਵਾਕ ਦੇ ਪ੍ਰਸੰਗ ਵਿਚ ਵਧੇਰੇ ਧਿਆਨ ਦੀ ਮੰਗ ਕਰਦੇ ਹਨ। ਕਿਹਾ ਜਾ ਸਕਦਾ ਹੈ, ਕਿ ਇਕਹਿਰੇ ਪੜਨਾਂਵ, ਦੁਹਰੁਕਤੀਯੁਕਤ ਪੜਨਾਂਵਾਂ ਦੇ ਮੁਕਾਬਲਤਨ ਵੱਡੀ ਮਾਤਰਾ ਵਿਚ ਹਨ।

## ੲ. ਪੜਨਾਂਵ ਦੁਹਰੁਕਤੀ: ਪਰਿਭਾਸ਼ਾ ਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ

### 4.1. ਪੜਨਾਂਵ ਦੁਹਰੁਕਤੀ

"ਜਦੋਂ ਇਕ ਹੀ ਪੜਨਾਂਵ ਰੂਪ (ਤੂੰ ਤੂੰ, ਮੈਂ ਮੈਂ), ਮਿਲਦਾ ਜੁਲਦਾ ਪੜਨਾਂਵ (ਇਹ ਉਹ, ਇਸ ਉਸ) ਜਾਂ ਵਿਰੋਧੀ (ਤੂੰ ਮੈਂ, ਮੇਰਾ ਤੇਰਾ) ਪੜਨਾਂਵ ਦੁਹਰਾਇਆ ਜਾਵੇ, ਭਾਵ ਜੁੱਟ ਦੇ ਰੂਪ ਵਿਚ ਵਰਤਿਆ ਜਾਵੇ, ਤਾਂ ਪੜਨਾਂਵ ਦੁਹਰੁਕਤੀ ਹੈ।"

**ਦੁਨੀ ਚੰਦ੍ਰ** ਅਨੁਸਾਰ:- "ਨਾਵਾਂ ਵਾਂਗ ਸਰਬਨਾਂਵ ਵੀ ਦੁਹਰਾਏ ਜਾਂਦੇ ਹਨ।

ਦੂਹਰੇ ਸਰਬਨਾਂਵ ਹੇਠ ਲਿਖੇ ਦਾ ਬੋਧ ਕਰਵਾਉਂਦੇ ਹਨ:

ਇਕ ਇਕ ਜਾਂ ਹਰ ਇਕ ਦਾ ਜਿਵੇਂ- ਜੋ ਜੋ ਉਥੇ ਗਿਆ, ਉਹ ਉਹ ਬਚ ਕੇ ਨਹੀਂ ਨਿਕਲਿਆ।

ਜਿਸ ਜਿਸ ਪਿੰਡ ਜਾਂਦਾ ਹਾਂ ਉਸ ਉਸ ਦੇ ਵਸਨੀਕਾਂ ਦੀਆਂ ਰੀਤਾਂ ਦਾ ਪਤਾ ਕੱਢਦਾ ਹਾਂ।"[15]

ਇਹ ਪੜਨਾਂਵ ਰੂਪ ਵਜੋਂ ਇਕ ਹੀ ਸ਼ਬਦ ਦਾ ਦੁਹਰਾਉ ਹਨ, ਪ੍ਰੰਤੂ ਵਾਕ ਦੇ ਸੰਦਰਭ ਵਿਚ ਇਕਹਿਰੇ ਪੜਨਾਂਵ ਤੋਂ ਵਿਭਿੰਨ ਅਰਥਾਂ ਵਿਚ ਪ੍ਰਕਾਰਜ ਕਰ ਰਹੇ ਹਨ। ਜਿਵੇਂ 'ਜੋ ਜੋ, ਉਹ ਉਹ' ਬਹੁਵਚਨ ਦੇ ਅਰਥਾਂ ਵਿਚ ਇਕ ਵਿਸ਼ੇਸ਼ ਵਰਗ ਲਈ ਵਰਤਿਆ ਗਿਆ ਹੈ। ਇਥੇ ਇਕੱਲੇ ਇਕੱਲੇ ਵਿਅਕਤੀ ਜਾਂ ਪਿੰਡ ਦਾ ਨਾਮ ਲੈਣਾ ਸੰਭਵ ਨਹੀਂ, ਜੇਕਰ ਹਰੇਕ ਸ਼ਬਦ ਦੀ ਵਰਤੋਂ ਕੀਤੀ ਜਾਵੇ, ਤਾਂ ਇਸਦਾ ਸ਼੍ਰੇਣੀ ਪਰਿਵਰਤਨ 'ਪੜਨਾਂਵ ਤੋਂ ਵਿਸ਼ੇਸ਼ਣ' ਵਿਚ ਹੁੰਦਾ ਹੈ। ਵਿਸ਼ੇਸ਼ਣ 'ਹਰੇਕ' ਇਕ ਵਿਸ਼ੇਸ਼ ਵਰਗ ਦੇ ਅਰਥ ਨਹੀਂ ਦਿੰਦਾ। ਸੋ ਦੁਹਰੁਕਤੀਯੁਕਤ ਰੂਪ ਨੂੰ ਸਮੁੱਚੇ ਵਾਕ ਦੇ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਇਸਦਾ ਪ੍ਰਕਾਰਜ ਪਰਿਵਰਤਨ ਜਾਂ ਸ਼੍ਰੇਣੀ ਪਰਿਵਰਤਨ ਸਮੁੱਚੇ ਵਾਕ ਦੇ ਸੰਦਰਭ ਵਿਚ ਹੁੰਦਾ ਹੈ।

## 4.2. ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਦੁਹਰੁਕਤੀ ਦੇ ਭੇਦ

**4.2. I. ਪੁਰਖਵਾਚਕ ਪੜਨਾਂਵ**

**4.2. II. ਨਿਜਵਾਚਕ ਪੜਨਾਂਵ**

**4.2. III. ਅਨਿਸ਼ਚੇਵਾਚਕ ਪੜਨਾਂਵ**

**4.2. IV. ਪ੍ਰਸ਼ਨਵਾਚਕ ਪੜਨਾਂਵ**

**4.2. V. ਸੰਬੰਧਵਾਚਕ ਪੜਨਾਂਵ**

---

[15] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 193.

**4.2.I. ਪੁਰਖਵਾਚਕ ਪੜਨਾਂਵ:-** 'ਵਚਨ, ਲਿੰਗ, ਪੁਰਖ, ਕਾਲ, ਪੱਖ, ਅਵਸਥਾ, ਵਾਚ' ਅਤੇ 'ਕਾਰਕ' ਭਾਸ਼ਾ ਦੀਆਂ ਵਿਆਕਰਨਕ ਸ਼੍ਰੇਣੀਆਂ ਹਨ। 'ਪੁਰਖ' ਇਨ੍ਹਾਂ ਵਿਚੋਂ ਭਾਸ਼ਾ ਦੀ ਇਕ ਮਹੱਤਵਪੂਰਨ ਸ਼੍ਰੇਣੀ ਹੈ। ਭਾਸ਼ਾ ਸ਼ਾਸਤਰ ਵਿਚ 'ਪੁਰਖ' ਨੂੰ ਧਿਰਾਂ ਵਿਚਾਲੇ ਵੰਡ ਕੇ ਪਹਿਲੀ ਧਿਰ, ਦੂਜੀ ਧਿਰ ਤੇ ਤੀਜੀ ਧਿਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਭਾਸ਼ਾ ਵਿਗਿਆਨ ਵਿਚ ਵਿਆਕਰਨ ਦੀ ਪੱਧਰ 'ਤੇ ਪਹਿਲਾ ਪੁਰਖ/ ਉਤਮ ਪੁਰਖ, ਦੂਜਾ ਪੁਰਖ/ ਮੱਧਮ ਪੁਰਖ ਅਤੇ ਤੀਜਾ ਪੁਰਖ/ ਅਨਯੈ ਪੁਰਖ ਦੇ ਨਾਮ ਨਾਲ ਜਾਣਿਆ ਜਾਂਦਾ ਹੈ। 'ਵਕਤਾ' ਪਹਿਲੇ ਪੁਰਖ ਵਜੋਂ ਕਾਰਜ ਕਰਦਾ ਹੈ, 'ਸਰੋਤਾ' ਦੂਜੇ ਪੁਰਖ ਵਜੋਂ ਅਤੇ ਦੋਹਾਂ ਵਿਚਾਲੇ ਜਿਸ ਬਾਰੇ ਗੱਲ ਹੋ ਰਹੀ ਹੈ, ਉਹ 'ਤੀਜੇ ਪੁਰਖ' ਦਾ ਕਾਰਜ ਕਰਦਾ ਹੈ। ਪਹਿਲਾ ਅਤੇ ਦੂਜਾ ਪੁਰਖ ਵਾਰਤਾਲਾਪ ਵਿਚ ਹਮੇਸ਼ਾ ਹਾਜ਼ਰ ਹੁੰਦੇ ਹਨ, ਜਦਕਿ ਤੀਜਾ ਪੁਰਖ ਵਕਤੇ ਜਾਂ ਸਰੋਤੇ ਦੀ ਪੱਧਰ 'ਤੇ ਹਮੇਸ਼ਾ ਗ਼ੈਰਹਾਜ਼ਰ ਹੁੰਦਾ ਹੈ, ਜੇਕਰ ਤੀਜਾ ਪੁਰਖ ਹਾਜ਼ਰ ਹੋਵੇਗਾ ਤਾਂ ਉਹ ਉਥੇ ਤੀਜਾ ਪੁਰਖ ਨਹੀਂ, ਸਗੋਂ ਪਹਿਲਾ ਜਾਂ ਦੂਜਾ ਪੁਰਖ ਹੋ ਜਾਵੇਗਾ। ਪੜਨਾਂਵ ਰੂਪ, ਪੁਰਖ ਦੀ ਪੱਧਰ 'ਤੇ ਰੂਪਾਂਤ੍ਰਿਤ ਨਹੀਂ ਹੁੰਦੇ, ਇਹ ਕਿਰਿਆ ਰੂਪਾਂ ਨੂੰ ਪ੍ਰਭਾਵਿਤ ਕਰਦੇ ਹਨ।

**ਸਾਰਣੀ- 6.**

| ਕਾਰਕੀ ਰੂਪ | ਪਹਿਲਾ ਪੁਰਖ | ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਪੜਨਾਂਵ ਦੁਹਰੁਕਤੀ ਦੇ ਰੂਪ |
|---|---|---|
| ਸਾਧਾਰਨ ਰੂਪ | ਮੈਂ | ਹਉ ਹਉ, ਮੈ ਮੈ। |
| ਸੰਬੰਧਕੀ ਰੂਪ | ਮੇਰਾ | ਮੇਰਾ ਮੇਰਾ, ਮੇਰੀ ਮੇਰੀ, ਮੇਰਉ ਮੇਰਉ, ਮੇਰੋ ਮੇਰੋ, ਮੋਰ ਮੋਰ ਆਦਿ। |
| | ਦੂਜਾ ਪੁਰਖ | |
| ਸਾਧਾਰਨ ਰੂਪ | ਤੂੰ | ਤੂ ਤੂ, ਤੁਹੀ ਤੁਹੀ, ਤੂਹੀ ਤੂਹੀ, ਤੂਹੈ ਤੂਹੈ, ਤੂੰ ਤੂੰ, ਤੂੰਹੀ ਤੂੰਹੀ, ਤੂੰਹੈ ਤੂੰਹੈ ਆਦਿ। |

| | | |
|---|---|---|
| | ਤੀਜਾ ਪੁਰਖ | |
| ਸਾਧਾਰਨ ਰੂਪ | ਉਹ | ਓਹੀ ਓਹੀ, ਸੋਈ ਸੋਈ। |
| ਸੰਬੰਧਕੀ ਰੂਪ | ਉਸ | ਸੋਊ ਸੋਊ, ਤਿਸ ਤਿਸ, ਤਿਸੁ ਤਿਸੁ। |

ਗੁਰੂ ਗ੍ਰੰਥ ਸਾਹਿਬ ਵਿਚ ਪੁਰਖਵਾਚੀ ਪੜਨਾਂਵ ਦੇ ਉਪਰ ਦਿੱਤੇ ਗਏ ਦੁਹਰੁਕਤੀਯੁਕਤ ਰੂਪ ਮਿਲਦੇ ਹਨ। 'ਮੈ' ਪੜਨਾਂਵ ਰੂਪ ਵਰਤਮਾਨ ਸਮੇਂ ਵਿਚ ਵੀ ਕਾਰਜਸ਼ੀਲ ਹੈ, ਵਰਤਮਾਨ ਸਮੇਂ ਵਿਚ ਇਸਦਾ ਬਿੰਦੀ ਵਾਲਾ ਰੂਪ 'ਮੈਂ' ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਅਖੰਡੀ ਧੁਨੀਆਂ 'ਬਲ' ਲਈ 'ਅੱਧਕ' (ੱ) ਦੀ ਵਰਤੋਂ ਨਹੀਂ ਅਤੇ 'ਨਾਸਿਕਤਾ' ਲਈ 'ਬਿੰਦੀ' ਦੀ ਵਰਤੋਂ ਨਾਮਾਤਰ ਹੈ। ਵਰਤਮਾਨ ਸਮੇਂ ਵਿਚ ਆਮ ਹੀ ਇਹ ਧੁਨੀਆਂ ਉਚਾਰੀਆਂ ਜਾਂਦੀਆਂ ਹਨ, ਲਿਖਤੀ ਰੂਪ ਵਿਚ ਇਨ੍ਹਾਂ ਨੂੰ (ਕ੍ਰਮਵਾਰ) ਅੱਧਕ ਅਤੇ ਬਿੰਦੀ/ ਟਿੱਪੀ ਦੇ ਚਿੰਨਾਂ ਰਾਹੀਂ ਲਿਪੀਬੱਧ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਗੁਰਬਾਣੀ ਵਿਚਲਾ 'ਮੈ' ਵਰਤਮਾਨ ਭਾਸ਼ਾ ਵਿਚ ਨਾਸਿਕਤਾ ਸਹਿਤ ਉਚਾਰਿਆ ਜਾਂਦਾ ਹੈ। 'ਹਉ' ਪੜਨਾਂਵ ਰੂਪ ਆਧੁਨਿਕ ਪੰਜਾਬੀ ਵਿਚ ਨਹੀਂ ਵਰਤਿਆ ਜਾਂਦਾ। ਇਸੇ ਤਰ੍ਹਾਂ ਮੇਰਉ, ਤੂੰਹੈ ਨਹੀਂ ਵਰਤਿਆ ਜਾਂਦਾ, ਸੋਈ ਦੀ ਵਰਤੋਂ ਬਹੁਤ ਸੀਮਿਤ ਰੂਪ ਵਿਚ ਕੀਤੀ ਜਾਂਦੀ ਹੈ। 'ਮੇਰਾ, ਮੇਰੀ, ਤੂੰ, ਓਹੀ' ਦੀ ਵਰਤੋਂ ਸਾਹਿਤਕ ਭਾਸ਼ਾ ਅਤੇ ਵਿਹਾਰਕ ਭਾਸ਼ਾ ਵਿਚ ਨਿਰੰਤਰ ਉਸੇ ਰੂਪ ਵਿਚ ਕੀਤੀ ਜਾਂਦੀ ਹੈ

**I.i. ਪਹਿਲਾ ਪੁਰਖ:-** 'ਪਹਿਲਾ ਪੁਰਖ' ਪੜਨਾਂਵ ਵਕਤੇ/ ਬੋਲਣ ਵਾਲੇ ਲਈ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਦੇ ਦੋ ਰੂਪ 'ਹਉ ਹਉ, ਮੈ ਮੈ' ਸਾਧਾਰਨ ਰੂਪ 'ਮੇਰਾ ਮੇਰਾ, ਮੇਰੀ ਮੇਰੀ, ਮੇਰਉ ਮੇਰਉ, ਮੇਰੋ ਮੇਰੋ, ਮੋਰ ਮੋਰ' ਸੰਬੰਧਕੀ ਰੂਪ ਮਿਲਦੇ ਹਨ। ਇਸਦੇ ਬਹੁਵਚਨ ਦੁਹਰੁਕਤੀਯੁਕਤ ਰੂਪ ਨਹੀਂ ਮਿਲਦੇ, ਇਕਹਿਰੇ ਰੂਪ ਵਿਚ ਬਹੁਵਚਨ ਰੂਪ ਮਿਲਦੇ ਹਨ, ਇਹਨਾਂ ਦਾ ਵੇਰਵਾ ਸਾਰਣੀ-1. ਦਿੱਤਾ ਗਿਆ ਹੈ। ਗੁਰਬਾਣੀ ਵਿਚਲੇ ਇਹ ਪੜਨਾਂਵ ਰੂਪ, ਕਾਰਜ ਦੇ ਪੱਖ ਤੋਂ ਬਿਲਕੁਲ ਭਿੰਨ ਹਨ। 'ਹਉ ਹਉ' ਦਾ ਅਰਥ 'ਮੈਂ' ਹੈ, 'ਮੈਂ' ਰੂਪ ਪੱਖ ਤੋਂ ਪੜਨਾਂਵ ਜ਼ਰੂਰ ਹੈ, ਪ੍ਰੰਤੂ ਇਹ ਕਾਰਜ ਪੱਧਰ 'ਤੇ 'ਭਾਵ ਵਾਚਕ' ਨਾਂਵ ਦਾ ਪ੍ਰਕਾਰਜ ਕਰਦਾ ਹੈ। 'ਹਉ' ਅਵਿਕਾਰੀ ਰੂਪ ਹੈ। ਰੂਪਾਤਮਕ ਪੱਧਰ 'ਤੇ ਕਿਸੇ ਵੀ ਹਾਲਤ ਵਿਚ

ਕੋਈ ਤਬਦੀਲੀ ਨਹੀਂ ਆਉਂਦੀ, ਪ੍ਰੰਤੂ ਅਰਥ ਪੱਖੋਂ ਇਸਦਾ ਪ੍ਰਕਾਰਜ ਜ਼ਰੂਰ ਬਦਲਦਾ ਹੈ। ਇਕਹਿਰੇ ਰੂਪ ਵਿਚ ਇਹ ਪਹਿਲਾ ਪੁਰਖ ਦੀ ਸਥਿਤੀ ਵਿਚ ਆਉਂਦਾ ਹੈ।

ਜਿਨਿ ਜਗਤੁ ਉਪਾਇਆ ਧੰਧੈ ਲਾਇਆ **ਹਉ** ਤਿਸੈ ਵਿਟਹੁ ਕੁਰਬਾਨੁ ਜੀਉ ॥

(ਮਃ ੧) ਅੰਗ ੪੩੮

**ਹਉ** ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ ॥ (ਮਃ ੧) ਅੰਗ ੭੬੩

ਉਪਰੋਕਤ ਤੁਕਾਂ ਵਿਚ ਇਕਹਿਰੇ ਰੂਪ ਵਿਚ ਆਇਆ 'ਹਉ' ਪਹਿਲੇ ਪੁਰਖ ਦੇ ਕਰਤਾ ਕਾਰਕ ਵਜੋਂ ਕਾਰਜਸ਼ੀਲ ਹੈ। ਦੁਹਰੁਕਤੀਯੁਕਤ ਰੂਪ ਵਿਚ ਇਸ ਦੀ ਵਰਤੋਂ 'ਭਾਵ ਵਾਚਕ' ਨਾਂਵ ਦਾ ਪ੍ਰਕਾਰਜ ਕਰਦੀ ਹੈ। ਦੂਹਰੀ ਵਰਤੋਂ ਕਾਰਨ ਇਸਦੀ ਕਾਰਜੀ ਇਕਾਈ ਮੂਲ ਅਰਥਾਂ ਤੋਂ ਵੱਖਰੇ ਅਰਥਾਂ ਦਾ ਸੰਚਾਰ ਕਰਦੀ ਹੈ। ਭਾਵ ਵਾਚਕ ਨਾਂਵ ਦੇ ਪ੍ਰਕਾਰਜ ਵਜੋਂ ਇਸ ਵਿਚ ਸ਼੍ਰੇਣੀਗਤ ਪਰਿਵਰਤਨ ਵਾਪਰਦਾ ਹੈ।

**ਹਉ ਹਉ** ਕਰਤੀ ਜਗੁ ਫਿਰੀ ਨਾ ਧਨੁ ਸੰਪੈ ਨਾਲਿ ॥ (ਮਃ ੩) ਅੰਗ ੩੧

ਹਉ ਹਉ ਕਰਤੀ ਸਭ ਮੁਈ ਸੰਪਉ ਕਿਸੈ ਨ ਨਾਲਿ ॥ (ਮਃ ੩) ਅੰਗ ੮੪

**ਹਉ ਹਉ** ਕਰਿ ਮਰਣਾ ਕਿਆ ਪਾਵੈ ॥ (ਮਃ ੧) ਅੰਗ ੨੨੬

ਨਾਨਕ **ਹਉ ਹਉ** ਕਰਤੇ ਖਪਿ ਮੁਏ ਖੂਹਣਿ ਲਖ ਅਸੰਖ ॥ ਅੰਗ ੧੪੧੩

ਦੁਹਰੁਕਤੀਯੁਕਤ ਰੂਪ ਵਿਚ ਵਰਤੇ 'ਹਉ ਹਉ' ਦੇ ਸਾਧਾਰਨ ਅਰਥ 'ਮੈਂ ਮੈਂ' ਹਨ, ਜੋ ਰੂਪ ਦੇ ਪੱਧਰ 'ਤੇ ਪੜਨਾਂਵ ਸ਼ਬਦ ਜਾਪਦੇ ਹਨ। ਇਹ ਸਿਰਫ ਪੜਨਾਂਵ ਰੂਪ ਦਾ ਭੁਲੇਖਾ ਹੀ ਸਿਰਜ ਰਹੇ ਹਨ, ਕਾਰਜ ਭਾਵ ਵਾਚਕ ਨਾਂਵ ਵਾਲਾ ਹੈ। 'ਮੈਂ ਮੈਂ' ਕਰਨਾ ਨੂੰ 'ਹਉਮੇ' ਦੇ ਅਰਥਾਂ ਵਿਚ ਲਿਆ ਗਿਆ ਹੈ, ਮਨੁੱਖ ਹਉਮੇ ਵਿਚ ਹੀ ਸਾਰਾ ਜੀਵਨ ਬਤੀਤ ਕਰ ਲੈਂਦਾ ਹੈ। ਗੁਰਮਤਿ ਵਿਚ ਹਉਮੇ ਨੂੰ ਦੋਸ਼ ਮੰਨਿਆ ਗਿਆ ਹੈ, ਦੋਸ਼ ਦੇ ਤੀਬਰ ਭਾਵ ਨੂੰ ਦੁਹਰੁਕਤੀਯੁਕਤ ਰੂਪ ਰਾਹੀਂ ਦਰਸਾਇਆ ਗਿਆ ਹੈ। ਇਥੇ 'ਮੈਂ' ਮਨੁੱਖ ਦੀ ਹੋਂਦ ਨੂੰ ਨਹੀਂ, ਬਲਕਿ ਉਸਦੀ 'ਹਉਮੇ' ਨੂੰ ਦਰਸਾ ਰਿਹਾ ਹੈ। ਕਰਤਾ ਦੀ ਉਤਮ ਪੁਰਖ ਵਜੋਂ

ਪ੍ਰਤੱਖ ਮੌਜੂਦਗੀ ਨਹੀਂ ਹੈ, ਅਪ੍ਰਤੱਖ ਰੂਪ ਵਿਚ ਅਰਥ ਪੱਧਰ ’ਤੇ ਕਾਰਜਸ਼ੀਲ ਹੈ। ਦੁਹਰੁਕਤੀਯੁਕਤ ਰੂਪ ਇਸਦੇ ‘ਕਾਰਕ’ ਵਿਚ ਵੀ ਵਿਕਾਰ ਪੈਦਾ ਕਰਦਾ ਹੈ, ‘ਹਉ’ ਭਾਵ ‘ਮੈਂ’ ਕਰਤਾ, ਕਰਨ ਕਾਰਕ ਲਈ ਵਰਤਿਆ ਜਾਂਦਾ ਹੈ, ਦੁਹਰੁਕਤੀਯੁਕਤ ਰੂਪ ਵਿਚ ‘ਹਉ ਹਉ’ ਕਰਮ ਕਾਰਕ/ ਕਰਨ ਕਾਰਕ ਵਜੋਂ ਕਾਰਜ ਕਰ ਰਿਹਾ ਹੈ। ਕਰਮ ਕਾਰਕ ਵਜੋਂ ਇਹ ਕਰਮਵਾਚੀ ਵਾਕ ਦੀ ਰਚਨਾ ਹੈ।

**ਸਾਰਣੀ- 7.**

| ਇਕਹਿਰਾ ਰੂਪ | ਦੁਹਰੁਕਤੀ |
|---|---|
| ਹਉ (ਮੈਂ) | ਹਉ ਹਉ (ਹਊਮੈ) |
| ਪਹਿਲਾ ਪੁਰਖ ਪੜਨਾਂਵ (ਮੈਂ) | ਭਾਵ ਵਾਚਕ ਨਾਂਵ (ਹਊਮੇ) |
| ਕਰਤਾ ਕਾਰਕ | ਕਰਮ ਕਾਰਕ/ ਕਰਨ ਕਾਰਕ |

ਉਪਰ ਦਿੱਤੀ ਸਾਰਣੀ ਰਾਹੀਂ ਦੁਹਰੁਕਤੀਯੁਕਤ ਰੂਪ ਦੀ ਕਾਰਕੀ ਸਥਿਤੀ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਸਮੁਚੇ ਵਾਕ ਦੇ ਸੰਦਰਭ ਵਿਚ ‘ਹਉ’ ਦੀ ਕਾਰਕੀ ਸਥਿਤੀ ਬਦਲ ਜਾਂਦੀ ਹੈ। ਕਰਮਵਾਚੀ (ਕਿਰਿਆ ਦਾ ਕਰਮ ਅਨੁਸਾਰ ਬਦਲਣਾ, ਕਰਤਾ ਦੀ ਵਰਤੋਂ ਤੋਂ ਬਿਨਾਂ ਵਾਕ ਕਰਮ ਤੇ ਕਿਰਿਆ ਨਾਲ ਮੁਕੰਮਲ ਹੋ ਜਾਂਦਾ ਹੈ) ਵਾਕਾਂ ਵਿਚ ‘ਹਉ ਹਉ’ ਕਰਮ ਕਾਰਕ ਦਾ ਕਾਰਜ ਕਰਦਾ ਹੈ, ਜਿਵੇਂ:

ਹਰਖ ਸੋਗ ਸਹਸਾ ਸੰਸਾਰੁ **ਹਉ ਹਉ** ਕਰਤ ਬਿਹਾਇ ॥ (ਮਃ ੫) ਅੰਗ ੨੯੭

ਤੀਰਥਿ ਜਾਉ ਤ **ਹਉ ਹਉ** ਕਰਤੇ ॥ (ਮਃ ੫) ਅੰਗ ੩੮੫

**ਹਉ ਹਉ** ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥ (ਮਃ ੧) ਅੰਗ ੯੩੭

ਉਪਰੋਕਤ ਵਾਕਾਂ ਵਿਚ ਕਿਰਿਆ ਦਾ ਸੰਬੰਧ ਕਰਮ ਨਾਲ ਹੈ, ਸੋ ‘ਹਉ ਹਉ’ ਕਰਮ ਕਾਰਕ ਦਾ ਕਾਰਜ ਕਰ ਰਿਹਾ ਹੈ। ਗੁਰਮਤਿ ਵਿਚ ਵਿਚਾਰ ਦੇ ਪੱਧਰ ’ਤੇ ਨਿਖੇੜਾ ਕਰਨ ਲਈ ਦੁਹਰੁਕਤੀ ਦੀ ਬਹੁਤ

ਮਹੱਤਵਪੂਰਨ ਭੂਮਿਕਾ ਬਣਦੀ ਹੈ। ਇਸਨੂੰ ਤੁਲਨਾ ਦੇ ਆਧਾਰ ’ਤੇ ਵਧੇਰੇ ਸਪੱਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਤੁਲਨਾ ਵਜੋਂ ਦੁਹਰੁਕਤੀ ਦਾ ਮਹੱਤਵ ਤੇ ਪ੍ਰਕਾਰਜ ਵਧੇਰੇ ਉਘੜਦਾ ਹੈ। ਸ਼ਬਦ ਦਾ ਇਕਹਿਰਾ ਰੂਪ ਵਰਤਣ ਨਾਲ ਅਰਥ ਸੰਚਾਰ ਨਹੀਂ ਕਰ ਪਾਉਂਦੇ, ਇਕਹਿਰੇ ਰੂਪ ਵਿਚ ਵਰਤੇ ਗਏ ਇਨ੍ਹਾਂ ਵਾਕਾਂ ਦੇ ਵਾਕਾਤਮਕ ਅਰਥ ਕਾਇਮ ਨਹੀਂ ਰਹਿੰਦੇ। ਇਸ ਤੋਂ ਇਲਾਵਾ ‘ਕਾਵਿ ਵਜਨ’ ਸਮਤੋਲ ਨਹੀਂ ਰਹਿੰਦਾ, ਇਸ ਨਾਲ ਕਲਾਤਮਕ ਸੁਹਜ ਵੀ ਭੰਗ ਹੁੰਦਾ ਹੈ। ਉਪਰ ਦਿੱਤੇ ਗਏ ਵਾਕਾਂ ਵਿਚ ਮੂਲ ਕਿਰਿਆ ‘ਕਰ’ ਦੇ ਰੂਪਾਂਤ੍ਰਿਤ ਰੂਪ (ਕਰਤ, ਕਰਤੇ, ਕਰਤੀ) ਵਿਚਰ ਰਹੇ ਹਨ, ਇਹ ਵਾਕ ਨੂੰ ‘ਕਰਮਵਾਚੀ’ ਵਾਕ ਬਣਾਉਂਦੇ ਹਨ। ਇਸ ਤੋਂ ਇਲਾਵਾ ਕੁਝ ਹੋਰ ਸਥਿਤੀਆਂ ਵਿਚ ‘ਹਉ ਹਉ’ ਕਰਨ ਕਾਰਕ ਦੀ ਸਥਿਤੀ ਵਿਚ ਆਉਂਦਾ ਹੈ, ਜਿਵੇਂ:

ਮੋਹ ਮਗਨ ਲਪਟਤ ਰਹੈ **ਹਉ ਹਉ** ਆਵੈ ਜਾਇ ॥ (ਮਃ ੫) ਅੰਗ ੨੫੬

ਬਾਧਿਓ ਆਪਨ **ਹਉ ਹਉ** ਬੰਧਾ॥ (ਮਃ ੫) ਅੰਗ ੨੫੮

ਇਨ੍ਹਾਂ ਵਾਕਾਂ ਵਿਚ ‘ਹਉ’ ਦਾ ਪ੍ਰਕਾਰਜ ਕਰਮ ਤੋਂ ਕਰਨ ਵਿਚ ਬਦਲ ਗਿਆ ਹੈ, ਇਥੇ ‘ਹਉ’ ਮਨੁਖ ਦਾ ਕਰਮ ਨਹੀਂ, ਸਗੋਂ ਮਨੁਖ ਦੇ ਕਰਮ ਦਾ ਕਾਰਨ ਬਣਦਾ ਹੈ। ਹਉਮੇ ਕਾਰਨ ਮਨੁਖ ਜੰਮਦਾ ਮਰਦਾ ਹੈ, ਮਨੁਖ ਨੇ ਆਪਣੇ ਆਪ ਨੂੰ ਹਊਮੇ ਨਾਲ ਬੰਨਿਆ ਹੋਇਆ ਹੈ। ਸਮੁਚੇ ਵਾਕ ਦੇ ਸੰਦਰਭ ਵਿਚ ‘ਹਉ’ ਦੀ ਪ੍ਰਕਾਰਜੀ ਸਥਿਤੀ ਬਦਲ ਗਈ ਹੈ।

**ਪਹਿਲਾ ਪੁਰਖ (ਸੰਬੰਧਕੀ ਰੂਪ):-** ਪੰਜਾਬੀ ਵਿਚ ਪਹਿਲਾ ਪੁਰਖ ‘ਮੈਂ’ ਦਾ ਸੰਬੰਧਕੀ ਰੂਪ ਵੀਂ ‘ਮੈਂ’ ਹੈ, ਗੁਰਬਾਣੀ ਵਿਚ ਨਾਸਿਕਤਾ (ਅਖੰਡੀ ਧੁਨੀ) ਦੀ ਵਰਤੋਂ ਨਾ ਹੋਣ ਕਾਰਨ ‘ਮੈ’ ਰੂਪ ਵਰਤਿਆ ਗਿਆ ਹੈ। ਕਈ ਹਾਲਤਾਂ ਵਿਚ ਇਸ ਨਾਲ ਸੰਬੰਧਕ ਜੁੜਨ ਕਾਰਨ ‘ਮੈ’ ਤੋਂ ‘ਮੇ’ ਬਣ ਜਾਂਦਾ ਹੈ, ਜਿਵੇਂ ਮੇਰਾ। ਇਹ ਅੱਗੋਂ ਲਿੰਗ, ਵਚਨ ਦੇ ਭੇਦ ਅਨੁਸਾਰ ਰੂਪ ਧਾਰਨ ਕਰਦੇ ਹਨ, ਜਿਵੇਂ ‘ਮੇਰਾ, ਮੇਰੀ ਅਤੇ ਮੇਰੀਆ’ ਆਦਿ। ‘ਮੇਰਾ’ ਪਹਿਲਾ ਪੁਰਖ ਪੜਨਾਂਵ ਦਾ ਇਕ ਵਚਨ ਸੰਬੰਧਕੀ ਰੂਪ ‘ਮੈ’ ਤੋਂ ਬਣਿਆ ਹੈ। ਮੈਂ, ਮੇਰਾ ‘ਕਰਨ

ਕਾਰਕ' ਪੜਨਾਂਵ ਰੂਪ ਹੈ। "ਮੈ (ਜਿਸਦਾ ਅਜੋਕਾ ਰੂਪ ਮੈਂ ਹੈ) ਦਾ ਵਿਕਾਸ ਸੰਸਕ੍ਰਿਤ 'ਮਯਾ' ਵਿਚੋਂ ਹੋਇਆ ਹੈ। 'ਮਯਾ' ਕਰਨ ਕਾਰਕ ਦਾ ਰੂਪ ਹੈ ਅਤੇ ਇਸਦੇ ਅਰਥ ਹਨ- ਮੇਰੇ ਦੁਆਰਾ।"[16] ਗੁਰੂ ਗ੍ਰੰਥ ਸਾਹਿਬ ਵਿਚ ਪਹਿਲਾ ਪੁਰਖ ਪੜਨਾਂਵ ਦੇ ਦੁਹਰੁਕਤੀਯੁਕਤ ਸੰਬੰਧਕੀ ਰੂਪ 'ਮੇਰਾ ਮੇਰਾ, ਮੇਰੀ ਮੇਰੀ, ਮੇਰਉ ਮੇਰਉ, ਮੇਰੋ ਮੇਰੋ, ਮੋਰ ਮੋਰ' ਮਿਲਦੇ ਹਨ। 'ਮੇਰਉ ਮੇਰਉ, ਮੇਰੋ ਮੇਰੋ, ਮੋਰ ਮੋਰ' ਦੀ ਇਕ ਵਾਰ ਦੁਹਰੁਕਤੀਯੁਕਤ ਵਰਤੋਂ ਕੀਤੀ ਗਈ ਹੈ। 'ਮੇਰਾ, ਮੇਰਉ, ਮੇਰੋ, ਮੋਰ' ਪੁਲਿੰਗ ਦਾ ਸੂਚਕ ਹਨ, ਮੇਰੀ ਇਲਿੰਗ ਦੀ। ਵਰਤਮਾਨ ਸਮੇਂ ਵਿਚ 'ਮੇਰਾ, ਮੇਰੀ' ਰੂਪ ਪ੍ਰਚਲਿਤ ਹਨ, 'ਮੇਰਉ, ਮੇਰੋ, ਮੋਰ' ਵਰਤਮਾਨ ਪੰਜਾਬੀ ਵਿਚ ਨਹੀਂ ਵਰਤੇ ਜਾਂਦੇ।

ਸਤਹੀ/ਰੂਪਗਤ ਪੱਧਰ 'ਤੇ ਇਹ ਪੜਨਾਂਵ ਰੂਪ ਜਾਪਦਾ ਹੈ, ਪ੍ਰੰਤੂ ਦੁਹਰੁਕਤੀਯੁਕਤ ਰੂਪ ਵਜੋਂ ਅਰਥ ਦੇ ਪੱਧਰ 'ਤੇ ਅਧਿਐਨ ਕਰੀਏ, ਤਾਂ ਇਹ ਪੜਨਾਂਵ ਦਾ ਕਾਰਜ ਨਹੀਂ ਕਰ ਰਹੇ, ਸਗੋਂ ਨਾਂਵ ਦੇ ਤੌਰ 'ਤੇ ਕਾਰਜਸ਼ੀਲ ਹਨ। ਨਾਂਵ ਨਾਲ (ਮੇਰਾ/ਮੇਰੀ) ਦੁਹਰੁਕਤੀਯੁਕਤ ਪੜਨਾਂਵ ਦੀ ਵਰਤੋਂ ਨਹੀਂ ਕੀਤੀ ਜਾਂਦੀ। ਜਿਵੇਂ 'ਮੇਰਾ ਮੇਰਾ ਘਰ' ਜਾਂ 'ਮੇਰੀ ਮੇਰੀ ਕਾਪੀ' ਇਥੇ ਮੇਰਾ/ਮੇਰੀ ਦੀ ਦੁਹਰੁਕਤੀਯੁਕਤ ਵਰਤੋਂ ਨਾਲ ਵਾਕ ਦੇ ਵਿਆਕਰਨਕ ਅਰਥ ਨਹੀਂ ਬਣਦੇ, ਇਸਦੀ ਥਾਂ ਜੇਕਰ ਇਕਹਿਰੇ ਸ਼ਬਦ (ਮੇਰਾ ਘਰ/ਮੇਰੀ ਕਾਪੀ) ਦੀ ਵਰਤੋਂ ਕੀਤੀ ਜਾਵੇ, ਤਾਂ ਇਹ ਅਰਥਪੂਰਨ ਹਨ। ਸੋ ਦੁਹਰੁਕਤੀ ਦਾ ਵਿਸ਼ੇਸ਼ ਮਹੱਤਵ ਹੈ। ਮੇਰਾ/ਮੇਰੀ ਪੜਨਾਂਵ ਦੀ ਦੁਹਰੁਕਤੀਯੁਕਤ ਵਰਤੋਂ ਕਿਰਿਆ ਸ਼ਬਦਾਂ ਨਾਲ ਕੀਤੀ ਜਾਂਦੀ ਹੈ, ਜਿਵੇਂ:

**ਮੇਰੀ ਮੇਰੀ** ਕਰਿ ਗਏ ਪਲੈ ਕਿਛੁ ਨ ਪਾਇ ॥ (ਮਃ ੩) ਅੰਗ ੪੨੮

ਨਾਮ ਬਿਨਾ ਕਿਛੁ ਕਾਮਿ ਨ ਆਵੈ **ਮੇਰਾ ਮੇਰਾ** ਕਰਿ ਬਹੁਤੁ ਪਛੁਤਾਨੇ ॥ (ਮਃ ੫) ਅੰਗ ੮੯੬

ਭਰਿ ਜੋਬਨਿ ਮਰਿ ਜਾਹਿ ਕਿ ਕੀਜੈ॥ **ਮੇਰਾ ਮੇਰਾ** ਕਰਿ ਰੋਵੀਜੈ ॥ (ਮਃ ੧) ਅੰਗ ੧੦੨੭

**ਮੇਰੀ ਮੇਰੀ** ਕਰਤ ਕਿਆ ਲੇ ਚਾਲੇ ਬਿਖੁ ਲਾਦੇ ਛਾਰ ਬਿਕਾਰਾ ਹੇ ॥ (ਮਃ ੧) ਅੰਗ ੧੦੩੧

---

[16] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪੰਜਾਬੀ ਭਾਸ਼ਾ ਵਿਭਾਗ, ਪਟਿਆਲਾ, 1997, ਪੰਨਾ 151.

ਉਪਰੋਕਤ ਵਾਕਾਂ ਵਿਚ ਮੇਰਾ/ਮੇਰੀ ਦਾ ਦੁਹਰੁਕਤੀਯੁਕਤ ਰੂਪ ਅਰਥਪੱਖ ਤੋਂ ਪੜਨਾਂਵ ਸ਼ਬਦਾਂ ਦਾ ਸ਼੍ਰੇਣੀ ਪਰਿਵਰਤਨ 'ਪੜਨਾਂਵ' ਤੋਂ 'ਨਾਂਵ' ਸ਼੍ਰੇਣੀ ਵਿਚ ਕਰ ਰਹੇ ਹਨ।

**ਮੋਰ ਮੋਰ** ਕਰਿ ਅਧਿਕ ਲਾਡੁ ਧਰਿ ਪੇਖਤ ਹੀ ਜਮਰਾਉ ਹਸੈ ॥ (ਮਃ ੫) ਅੰਗ ੯੧

ਜਉ ਲਉ **ਮੇਰੋ ਮੇਰੋ** ਕਰਤੋ ਤਉ ਲਉ ਬਿਖੁ ਘੇਰੇ ॥ (ਮਃ ੫) ਅੰਗ ੨੧੪

**ਮੇਰੀ ਮੇਰੀ** ਕਰਿ ਗਏ ਪਲੈ ਕਿਛੁ ਨ ਪਾਇ ॥ (ਮਃ ੩) ਅੰਗ ੪੨੮

**ਮੇਰਉ ਮੇਰਉ** ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥ (ਮਃ ੯) ਅੰਗ ੫੩੬

**ਮੇਰੀ ਮੇਰੀ** ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ (ਮਃ ੧) ਅੰਗ ੯੩੬

ਉਪਰੋਕਤ ਵਾਕਾਂ ਵਿਚ ਆਏ ਵਿਭਿੰਨ ਪੜਨਾਂਵ ਰੂਪਾਂ ਦਾ ਕਾਰਜ ਵੀ 'ਭਾਵ ਵਾਚਕ' ਨਾਂਵ ਵਾਲਾ ਹੈ। ਵਿਹਾਰਕ ਭਾਸ਼ਾ ਵਿਚ ਵੀ ਜੇਕਰ ਅਜਿਹੇ ਦੁਹਰੁਕਤੀਯੁਕਤ ਰੂਪ ਸਿਰਜੇ ਜਾਂਦੇ ਹਨ, ਤਾਂ ਉਹ ਭਾਵ ਵਾਚਕ ਨਾਂਵ ਦੇ ਅਰਥ ਵਜੋਂ ਸਿਰਜੇ ਜਾਂਦੇ ਹਨ, ਨਾ ਕਿ ਪੜਨਾਂਵ ਦੇ ਅਰਥ ਵਜੋਂ।

**I.ii. ਦੂਜਾ ਪੁਰਖ (ਸਾਧਾਰਨ ਰੂਪ):-** ਦੂਜੇ ਪੁਰਖ ਦਾ ਪੜਨਾਂਵ ਸਰੋਤੇ ਦੇ ਅਰਥਾਂ ਵਜੋਂ ਵਰਤਿਆ ਜਾਂਦਾ ਹੈ, ਇਸਦੀ 'ਤੂੰ' ਦੀ ਰੂਪਾਵਲੀ ਸਾਧਾਰਨ, 'ਤੇਰਾ' ਦੀ ਰੂਪਾਵਲੀ ਸੰਬੰਧਕੀ ਰੂਪ ਵਿਚ ਹੈ। ਦੁਹਰੁਕਤੀਯੁਕਤ ਰੂਪ ਵਜੋਂ 'ਤੂੰ ਤੂੰ' ਦੀ ਵਰਤੋਂ ਦੋ ਵਾਰ ਹੋਈ ਹੈ। ਇਸਦੇ ਵਿਭਿੰਨ ਰੂਪ 'ਤੁਹੀ ਤੁਹੀ, ਤੂੰਹੀ ਤੂੰਹੀ ਅਤੇ ਤੂੰਹੈ ਤੂੰਹੈ' ਵੀ ਇਕ ਵਾਰ ਆਏ ਹਨ, ਜਿਵੇਂ:

ਕਬੀਰ **ਤੂੰ ਤੂੰ** ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ (ਕਬੀਰ) ਅੰਗ ੧੩੭੫

ਹਰਹਟ ਭੀ **ਤੂੰ ਤੂੰ** ਕਰਹਿ ਬੋਲਹਿ ਭਲੀ ਬਾਣਿ॥ ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ॥ (ਮਃ ੩) ਅੰਗ ੧੪੨੦

ਵਿਆਕਰਨਕ ਅਰਥਾਂ ਵਿਚ 'ਤੂੰ' ਦੂਜੇ ਪੁਰਖ ਦਾ ਕਰਤਾ ਕਾਰਕ ਪੜਨਾਂਵ ਹੈ। ਦੁਹਰੁਕਤੀਯੁਕਤ ਰੂਪ ਵਿਚ ਇਸਦੀ 'ਕਾਰਕੀ' ਸਥਿਤੀ ਬਦਲ ਜਾਂਦੀ ਹੈ, ਇਨ੍ਹਾਂ ਵਾਕਾਂ ਵਿਚ 'ਤੂੰ' ਕਰਮ ਕਾਰਕ ਦਾ ਕਾਰਜ ਕਰ ਰਿਹਾ ਹੈ। 'ਤੂੰ' ਦੇ ਵਿਭਿੰਨ ਰੂਪ 'ਤੁਹੀ ਤੁਹੀ, ਤੂੰਹੀ ਤੂੰਹੀ ਅਤੇ ਤੂੰਹੈ ਤੂੰਹੈ' ਮਿਲਦੇ ਹਨ, ਜਿਵੇਂ:

ਥਾਨਿ ਥਨੰਤਰਿ **ਤੂੰਹੈ ਤੂੰਹੈ** ਇਕੋ ਇਕੁ ਵਰਤਾਵਣਿਆ ॥ (ਮਃ ੫) ਅੰਗ ੧੩੧

ਈਤਹਿ ਊਤਹਿ ਘਟਿ ਘਟਿ ਘਟਿ ਘਟਿ **ਤੂੰਹੀ ਤੂੰਹੀ** ਮੋਹਿਨਾ ।। (ਮਃ ੫) ਅੰਗ ੪੦੭

'ਤੂੰਹੈ' ਦਾ ਅਜੋਕਾ ਰੂਪ ਤੂੰ+ਹੈ (ਪੜਨਾਂਵ+ ਸਹਾਇਕ ਕਿਰਿਆ), 'ਹੈ' ਇਥੇ ਸਹਾਇਕ ਕਿਰਿਆ ਵਜੋਂ ਨਹੀਂ, ਬਲਕਿ ਪੜਨਾਂਵ ਦਾ ਦਬਾਉਬੋਧਕ ਭਾਵ ਸਿਰਜਣ ਲਈ ਵਰਤਿਆ ਗਿਆ ਹੈ। 'ਤੂੰਹੈ ਤੂੰਹੈ' ਅਤੇ 'ਤੂੰਹੀ ਤੂੰਹੀ' ਕਰਤਾ ਕਾਰਕ ਦਾ ਰੂਪ ਹੈ। 'ਹੈ' ਅਤੇ 'ਹੀ' 'ਤੂੰ' ਪੜਨਾਂਵ ਨਾਲ ਆ ਕੇ ਕਾਵਿ ਦੇ ਵਜਨ ਨੂੰ ਪੂਰਾ ਕਰ ਰਹੇ ਹਨ। ਜੇਕਰ ਇਥੇ 'ਤੂੰ' ਨੂੰ ਇਕਹਿਰੇ ਰੂਪ ਵਿਚ ਜਾਂ ਦਬਾਉਬੋਧਕ ਸ਼ਬਦਾਂ ਤੋਂ ਬਿਨਾਂ ਵਰਤਿਆ ਜਾਵੇ, ਤਾਂ ਉਚਾਰਨ ਪੱਖ ਤੋਂ ਕਾਵਿ ਦੀ ਲੈਆਤਮਕ ਚਾਲ ਨਹੀਂ ਬਣਦੀ। ਦੁਹਰੁਕਤੀਯੁਕਤ ਸ਼ਬਦ ਵਾਕ ਦੀ ਲਗਾਤਾਰਤਾ ਨੂੰ ਬਣਾਈ ਰੱਖਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ 'ਤੂੰ' ਦਾ ਪੂਰਵਲਾ ਰੂਪ 'ਤੂ' ਵੀ ਆਮ ਵਰਤਿਆ ਗਿਆ ਹੈ। ਇਸਦੇ ਵਿਭਿੰਨ ਰੂਪ 'ਤੂ ਤੂ, ਤੁਹੀ ਤੁਹੀ, ਤੂਹੀ ਤੂਹੀ, ਤੂਹੈ ਤੂਹੈ' ਆਦਿ ਮਿਲਦੇ ਹਨ। ਦੂਜੇ ਪੁਰਖ ਦੇ ਪੜਨਾਂਵੀਂ ਰੂਪ ਸਰੋਤੇ ਦੀ ਸਥਿਤੀ ਵਿਚ ਹਮੇਸ਼ਾ ਹਾਜ਼ਰ ਰਹਿੰਦੇ ਹਨ। ਗੁਰਬਾਣੀ ਵਿਚ ਇਸਦੀ ਵਰਤੋਂ ਪਰਮਾਤਮਾ ਨੂੰ ਸੰਬੋਧਿਤ ਹੋਣ ਲਈ ਕੀਤੀ ਗਈ ਹੈ, ਜੋ ਸਰੋਤੇ ਵਜੋਂ ਪ੍ਰਤੱਖ ਰੂਪ ਵਿਚ ਮੌਜੂਦ ਨਹੀਂ ਹੈ। ਇਥੇ ਦੂਜਾ ਪੁਰਖ ਦ੍ਰਿਸਟ (ਪ੍ਰਤੱਖ) ਰੂਪ ਵਿਚ ਹਾਜ਼ਰ ਨਾ ਹੋ ਕੇ ਅਦ੍ਰਿਸਟ (ਅਪ੍ਰਤੱਖ) ਰੂਪ ਵਿਚ ਹਾਜ਼ਰ ਰਹਿੰਦਾ ਹੈ, ਜਿਵੇਂ:

ਅਬ ਤਬ ਜਬ ਕਬ **ਤੁਹੀ ਤੁਹੀ** ॥ (ਕਬੀਰ) ਅੰਗ ੯੬੯

ਰਸਨਾ ਜਪਤੀ **ਤੂਹੀ ਤੂਹੀ**॥ (ਮਃ ੫) ਅੰਗ ੧੨੧੫

**ਤੁਹੀ ਤੁਹੀ, ਤੂਹੀ ਤੂਹੀ 'ਤੂ'** ਦੇ ਤਿਰਛੇ ਰੂਪ ਹਨ, ਪਹਿਲੇ ਵਾਕ ਵਿਚ 'ਤੁਹੀ ਤੁਹੀ' ਕਰਤਾ ਕਾਰਕ ਹੈ, ਦੂਜੇ ਵਾਕ ਵਿਚ 'ਜਪ' ਸਕਰਮਕ ਕਿਰਿਆ ਹੈ, ਸਕਰਮਕ ਕਿਰਿਆ ਨਾਲ ਕਰਮ ਦਾ ਆਉਣਾ ਲਾਜ਼ਮੀ ਹੈ, ਸੋ ਵਾਕ ਦੇ ਸੰਦਰਭ ਵਿਚ 'ਤੂਹੀ ਤੂਹੀ' ਕਰਮ ਕਾਰਕ ਦਾ ਕਾਰਜ ਕਰ ਰਿਹਾ ਹੈ। ਇਸ ਤਰ੍ਹਾਂ ਵਾਕ ਦੇ ਸੰਦਰਭ ਵਿਚ ਸ਼ਬਦ ਦਾ ਪ੍ਰਕਾਰਜ ਬਦਲ ਜਾਂਦਾ ਹੈ।

'ਤੁਮ' ਦੂਜੇ ਪੁਰਖ ਦੇ ਪੜਨਾਂਵ ਦਾ ਬਹੁਵਚਨ ਰੂਪ ਹੈ। ਆਮ ਹੀ ਇਸ ਦੀ ਵਰਤੋਂ ਇਕ ਵਚਨ ਪੜਨਾਂਵ ਵਜੋਂ ਵੀ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਤੁਮ' ਪਰਮਾਤਮਾ ਲਈ ਇਕ ਵਚਨ ਦੇ ਰੂਪ ਵਿਚ ਆਇਆ ਹੈ। 'ਤੁਮ' ਦਾ ਸੰਬੰਧਕੀ ਰੂਪ 'ਤੁਮਰਾ' ਸਮੁਚੀ ਗੁਰਬਾਣੀ ਵਿਚ ਦੁਹਰੁਕਤੀਯੁਕਤ ਰੂਪ (ਰੂਪ ਪੱਖ ਤੋਂ, ਅਰਥ ਪੱਖ ਤੋਂ ਨਹੀਂ) ਵਜੋਂ ਇਕ ਵਾਰ ਆਇਆ ਹੈ। ਇਕਹਿਰੇ ਰੂਪ ਵਿਚ 'ਤੁਮ' ਦੇ ਸੰਬੰਧਕੀ ਰੂਪ ਵਧੇਰੇ ਮਿਲਦੇ ਹਨ, ਜਿਵੇਂ: 'ਤੁਮਹਿ, ਤੁਮਹੀ, ਤੁਮਰਾ, ਤੁਮਰੀ, ਤੁਮਰੇ, ਤੁਮਰੈ, ਤੁਮਹਾਰਾ, ਤੁਮ੍ਾਰੀ' ਆਦਿ।

**ਸਾਰਣੀ- 8.**

| ਗੁਰਬਾਣੀ ਰੂਪ | ਹਿੰਦੀ ਰੂਪ | ਅਜੋਕਾ ਪੰਜਾਬੀ ਰੂਪ | ਕਾਰਕ | ਲਿੰਗ | ਵਚਨ | ਪੁਰਖ |
|---|---|---|---|---|---|---|
| ਤੁਮਰਾ | ਤੁਮਹਾਰਾ | ਤੇਰਾ | ਸੰਬੰਧ ਕਾਰਕ | ਪੁਲਿੰਗ | ਇਕ/ ਬਹੁਵਚਨ | ਦੂਜਾ ਪੁਰਖ |

ਤੁਮ੍ਹਰੀ ਆਸ ਭਰੋਸਾ **ਤੁਮ੍ਰਾ ਤੁਮਰਾ** ਨਾਮੁ ਰਿਦੈ ਲੈ ਧਰਨਾ॥ (ਮਃ ੫) ਅੰਗ ੧੨੯੯

ਸਾਧਾਰਨ ਤੌਰ 'ਤੇ ਉਪਰੋਕਤ ਰੂਪ ਦੁਹਰੁਕਤੀਯੁਕਤ ਜਾਪਦਾ ਹੈ, ਪ੍ਰੰਤੂ ਜਦੋਂ ਵਾਕ ਬਣਤਰ ਨੂੰ ਦੇਖਦੇ ਹੋਏ ਅਧਿਐਨ ਕਰਦੇ ਹਾਂ ਤਾਂ, ਇਹ ਦੋਨੋਂ ਵੱਖਰੇ ਵੱਖਰੇ ਉਪਵਾਕਾਂ ਵਿਚ ਵੱਖਰੇ 'ਵਾਕੰਸ਼' ਬਣ ਜਾਂਦੇ

ਹਨ। ਜਿਵੇਂ ਤੁਮ੍ਹਰੀ ਆਸ, ਭਰੋਸਾ **ਤੁਮ੍ਰਾ, ਤੁਮਰਾ** ਨਾਮੁ, ਰਿਦੈ ਲੈ ਧਰਨਾ ॥ ਇਸ ਦਾ ਉਚਾਰਨ ਇਨ੍ਹਾਂ ਵਾਕੰਸ਼ਾਂ ਵਿਚ ਕੀਤਾ ਜਾਂਦਾ ਹੈ, ਸੋ ਇਸਨੂੰ ਦੁਹਰੁਕਤੀ ਨਹੀਂ ਕਿਹਾ ਜਾ ਸਕਦਾ। ਦੁਹਰੁਕਤੀ ਦੀ ਪਛਾਣ ਲਈ ਇਸਨੂੰ ਇਥੇ ਵਿਚਾਰਿਆ ਗਿਆ ਹੈ।

**I.iii. ਤੀਜਾ ਪੁਰਖ :-** 'ਇਹ' ਅਤੇ 'ਉਹ' ਤੀਜਾ ਪੁਰਖ ਪੜਨਾਂਵ ਦੇ ਸਾਧਾਰਨ ਰੂਪ ਹਨ। ਇਹ ਦੋਵੇਂ ਇਕ ਵਚਨ ਤੇ ਬਹੁ ਵਚਨ ਦੋਹਾਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦਾ 'ਵਚਨ' ਭੇਦ ਵਾਕ ਦੇ ਸੰਦਰਭ (ਕਿਰਿਆ) ਤੋਂ ਪਤਾ ਲੱਗਦਾ ਹੈ। 'ਇਹ' ਅਤੇ 'ਉਹ' ਪੁਰਖਵਾਚਕ ਪੜਨਾਂਵ ਦੀ ਸਥਿਤੀ ਬੜੀ ਗੁੰਝਲਦਾਰ ਹੈ। ਕਿਸੇ ਸਥਿਤੀ ਵਿਚ ਇਹ ਦੋਵੇਂ 'ਪੁਰਖਵਾਚਕ' ਪੜਨਾਂਵ ਦਾ ਕਾਰਜ ਕਰਦੇ ਹਨ, ਕਿਤੇ 'ਨਿਸ਼ਚੇਵਾਚਕ' ਪੜਨਾਂਵ ਦਾ ਅਤੇ ਕਿਤੇ 'ਪੜਨਾਵੀਂ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਜਦੋਂ ਇਹ ਕਿਸੇ ਪਹਿਲਾਂ ਆਏ ਨਾਂਵ ਦੀ ਥਾਂ 'ਤੇ ਵਰਤੇ ਜਾਣ ਤਾਂ 'ਪੁਰਖ ਵਾਚਕ ਪੜਨਾਂਵ' ਹਨ, ਜਦੋਂ ਕਿਸੇ ਵਿਅਕਤੀ/ਵਸਤ ਵੱਲ ਸੰਕੇਤ ਕਰਦੇ ਹੋਣ ਤਾਂ 'ਨਿਸ਼ਚੇਵਾਚਕ ਪੜਨਾਂਵ' ਹਨ ਅਤੇ ਜਦੋਂ ਕਿਸੇ ਨਾਂਵ ਨਾਲ ਵਰਤੇ ਜਾਣ ਤਾਂ 'ਨਿਸ਼ਚੇਵਾਚਕ ਵਿਸ਼ੇਸ਼ਣ' ਹਨ। ਗੁਰੂ ਗ੍ਰੰਥ ਸਾਹਿਬ ਵਿਚ ਤੀਜੇ ਪੁਰਖ ਪੜਨਾਂਵ ਦੇ ਦੋ ਦੁਹਰੁਕਤੀਯੁਕਤ ਰੂਪ 'ਓਹੀ ਓਹੀ' ਅਤੇ 'ਸੋਈ ਸੋਈ' ਮਿਲਦੇ ਹਨ।

**ਓਹੀ ਓਹੀ** ਕਿਆ ਕਰਹੁ ਹੈ ਹੋਸੀ ਸੋਈ ॥ (ਮਃ ੧) ਅੰਗ ੪੧੮

**ਓਹੀ ਓਹੀ** ਦੁਹਰੁਕਤੀਯੁਕਤ ਰੂਪ ਵਿਚ ਦਬਾਉ ਬੋਧਕ ਕਾਰਜ ਵਜੋਂ ਤੀਬਰਭਾਵ ਦਾ ਪ੍ਰਕਾਰਜ ਕਰ ਰਿਹਾ ਹੈ। ਦੂਹਰੇ ਰੂਪ ਨਾਲ ਇਕੋ ਅਰਥ ਤੇ ਦਬਾਉ ਆਉਂਦਾ ਹੈ।

**ਸੋਈ ਸੋਈ** 'ਤੀਜਾ ਪੁਰਖ' ਪੜਨਾਂਵ ਅਤੇ 'ਨਿਸ਼ਚੇਵਾਚਕ' ਪੜਨਾਂਵ ਦਾ ਕਾਰਜ ਕਰਦਾ ਹੈ, ਜਿਵੇ:

**ਸੋਈ ਸੋਈ** ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ॥ (ਮਃ ੧) ਅੰਗ ੬

**ਸੋਈ ਸੋਈ** ਜਾਗੀ॥ ਜਿਤੁ ਲਾਈ ਤਿਤੁ ਲਾਗੀ॥ (ਕਬੀਰ) ਅੰਗ ੬੫੫

ਇਨ੍ਹਾਂ ਵਾਕਾਂ ਵਿਚ 'ਸੋਈ ਸੋਈ' ਦੁਹਰੁਕਤੀਯੁਕਤ ਰੂਪ ਤੀਜੇ ਪੁਰਖ ਦੇ ਪੜਨਾਂਵ ਦਾ ਕਾਰਜ ਕਰਦੇ ਹਨ। ਪਹਿਲੇ ਵਾਕ ਵਿਚ ਪਰਮਾਤਮਾ ਨੂੰ ਕਰਤਾ ਕਾਰਕ ਵਜੋਂ ਪੇਸ਼ ਕੀਤਾ ਹੈ, ਦੂਜੇ ਵਾਕ ਵਿਚ ਜੀਵਾਤਮਾ ਨੂੰ ਕਰਤਾ ਕਾਰਕ ਦੇ ਸੰਬੰਧ ਕਾਰਕੀ ਰੂਪ ਵਿਚ ਪੇਸ਼ ਕੀਤਾ ਹੈ। 'ਸੋਈ ਸੋਈ' ਦੁਹਰੁਕਤੀਯੁਕਤ ਪੜਨਾਂਵ ਦੀਆਂ ਕੁਝ ਹੋਰ ਵੀ ਪੰਕਤੀਆਂ ਮਿਲਦੀਆਂ ਹਨ, ਜਿਵੇਂ:

ਜੋ ਕਿਛੁ ਕਰਹਿ **ਸੋਈ ਸੋਈ** ਜਾਣੈ ਰਹੈ ਨ ਕਛੂਐ ਛਾਨੀ ॥ (ਮ: ੫) ਅੰਗ ੬੧੬

ਜੋ ਮਾਗਉ **ਸੋਈ ਸੋਈ** ਪਾਵਉ ਅਪਨੇ ਖਸਮ ਭਰੋਸਾ ॥ (ਮ: ੫) ਅੰਗ ੬੧੯

ਜੋ ਮਾਗਹਿ ਠਾਕੁਰ ਅਪੁਨੇ ਤੇ **ਸੋਈ ਸੋਈ** ਦੇਵੈ ॥ (ਮ: ੫) ਅੰਗ ੬੮੧

ਜੋ ਚਾਹਉ **ਸੋਈ ਸੋਈ** ਪਾਵਉ ਆਸਾ ਮਨਸਾ ਪੂਰਉ ਜਪਿ ਪ੍ਰਭ ਕਉ ॥

(ਮ: ੫) ਅੰਗ ੭੦੦

ਰੂਪਾਤਮਕ ਤੌਰ 'ਤੇ ਇਹ 'ਪੁਰਖਵਾਚਕ' ਪੜਨਾਂਵ ਜਾਂ 'ਅਨਿਸ਼ਚੇਵਾਚਕ' ਪੜਨਾਂਵ ਪ੍ਰਤੀਤ ਹੁੰਦੇ ਹਨ, ਪ੍ਰੰਤੂ ਇਹਨਾਂ ਵਾਕਾਂ ਵਿਚ ਇਸਦਾ ਵਾਕਾਤਮਕ ਕਾਰਜ 'ਸੰਬੰਧਵਾਚਕ' ਪੜਨਾਂਵ ਦਾ ਹੈ। ਇਸਦਾ ਵੇਰਵਾ ਸੰਬੰਧਵਾਚਕ ਪੜਨਾਂਵ ਦੇ ਅੰਤਰਗਤ ਅੱਗੇ ਦਿੱਤਾ ਗਿਆ ਹੈ।

**ਤੀਜਾ ਪੁਰਖ ਸੰਬੰਧਕੀ ਰੂਪ:** ਤੀਜੇ ਪੁਰਖ ਦੇ 'ਸੰਬੰਧਕੀ' ਪੜਨਾਂਵ 'ਇਸ ਅਤੇ ਉਸ' ਹਨ। ਇਸਦੇ ਵਿਭਿੰਨ ਰੂਪ ਮਿਲਦੇ ਹਨ, ਇਹਨਾਂ ਦਾ ਵੇਰਵਾ ਸਾਰਣੀ-1 ਵਿਚ ਦਿਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਸਾਧਾਰਨ ਦੁਹਰੁਕਤੀਯੁਕਤ ਰੂਪ ਨਹੀਂ ਮਿਲਦੇ, ਇਸੇ ਤਰ੍ਹਾਂ ਆਮ ਭਾਸ਼ਾ ਵਿਚ ਵੀ 'ਇਸ' ਜਾਂ 'ਉਸ' ਦਾ ਦੁਹਰੁਕਤੀਯੁਕਤ ਰੂਪ ਨਹੀਂ ਵਰਤਿਆ ਜਾਂਦਾ। 'ਇਸ' ਦਾ ਕੋਈ ਦੁਹਰੁਕਤੀਯੁਕਤ ਰੂਪ ਗੁਰਬਾਣੀ ਵਿਚ ਨਹੀਂ ਮਿਲਦਾ। 'ਉਸ' ਦੇ ਦੁਹਰੁਕਤੀਯੁਕਤ ਰੂਪ 'ਸੋਊ ਸੋਊ, ਤਿਸ ਤਿਸ, ਤਿਸੁ ਤਿਸੁ' ਮਿਲਦੇ ਹਨ:

**ਸੋਊ ਸੋਊ** ਜਪਿ ਦਿਨ ਰਾਤੀ॥ ਰੇ ਜੀਅ ਚਲੈ ਤੁਹਾਰੈ ਸਾਥੀ॥ (ਮ: ੫) ਅੰਗ ੨੬੦

ਤਿਸ ਦੇ ਦੋ ਰੂਪ **ਤਿਸ ਤਿਸ** ਅਤੇ **ਤਿਸੁ ਤਿਸੁ** ਮਿਲਦੇ ਹਨ:

**ਸਾਰਣੀ- 9.**

| ਗੁਰਬਾਣੀ ਰੂਪ | ਅਜੋਕਾ ਪੰਜਾਬੀ ਰੂਪ | ਪ੍ਰਕਾਰਜ | ਵਚਨ | ਲਿੰਗ | ਕਾਰਕ |
|---|---|---|---|---|---|
| ਤਿਸ/ ਤਿਸੁ | ਉਸ | ਤੀਜਾ ਪੁਰਖ | ਇਕ ਵਚਨ | ਪੁਲਿੰਗ/ ਇਲਿੰਗ | ਸੰਬੰਧਕ ਕਾਰਕ |

ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ **ਤਿਸ ਤਿਸ** ਕੇ ॥ (ਮ: ੪) ਅੰਗ ੭੩੧

[ਤਿਸੁ ਜੋਹਾਰੀ ਸੁਅਸਤਿ **ਤਿਸੁ**] [**ਤਿਸੁ** ਦੀਬਾਣੁ ਅਭਗੁ] ॥ (ਮ: ੧) ਅੰਗ ੪੬੭

ਤਿਸ/ਤਿਸੁ ਦੋਵੇਂ ਤੀਜੇ ਪੁਰਖ ਦੇ ਸੰਬੰਧ ਕਾਰਕ ਵਜੋਂ ਆਏ ਹਨ। ਪਹਿਲੇ 'ਤਿਸ' ਨਾਲ 'ਕੇ' ਸੰਬੰਧਕ ਆਉਣ ਕਾਰਨ (ੁ) ਅੰਤਕ ਵਿਭਕਤੀ ਨਹੀਂ ਪਈ, ਦੂਜੇ 'ਤਿਸੁ' ਦੀ ਵਿਭਕਤੀ ਸੰਬੰਧ ਕਾਰਕ ਦੀ ਵਿਭਕਤੀ ਨੂੰ ਪ੍ਰਗਟਾ ਰਹੀ ਹੈ। ਇਹ ਤੀਜੇ ਪੁਰਖ ਦੇ ਸੰਬੰਧਕੀ ਰੂਪ ਦਾ ਪ੍ਰਕਾਰਜ ਕਰ ਰਹੇ ਹਨ। ਹੇਠਾਂ ਦਿਤੇ ਵਾਕ ਵਿਚ 'ਤਿਸ ਤਿਸ' ਕੇਵਲ ਰੂਪ ਵਜੋਂ ਹੀ ਦੁਹਰੁਕਤੀਯੁਕਤ ਹਨ, ਅਰਥ ਵਜੋਂ ਨਹੀਂ। ਜਿਵੇਂ:

ਹਰਿ ਅੰਮ੍ਰਿਤੁ ਹਰਿ ਜਲੁ ਪਾਇਆ ਸਭ ਲਾਥੀ **ਤਿਸ ਤਿਸ** ਕੇ ॥ (ਮ: ੪) ਅੰਗ ੭੩੧

ਤਿਸ ਤਿਸ ——— ਰੂਪਕ ਦੁਹਰੁਕਤੀ



ਉਪਰੋਕਤ ਵਾਕ ਵਿਚ **ਤਿਸ ਤਿਸ** ਵਾਕੰਸ਼ ਬਣਤਰ ਅਤੇ ਅਰਥ ਅਨੁਸਾਰ ਦੁਹਰੁਕਤੀਯੁਕਤ ਨਹੀਂ ਹੈ। ਇਹ ਵਿਭਿੰਨ ਵਾਕੰਸ਼ ਅਤੇ ਵਿਭਿੰਨ ਅਰਥ ਦਾ ਕਾਰਜ ਕਰ ਰਿਹਾ ਹੈ। "ਜਿਸ ਮਨੁਖ ਨੇ ਆਤਮਿਕ ਜੀਵਨ ਦੇਣ ਵਾਲਾ ਨਾਮ ਜਲ ਪ੍ਰਾਪਤ ਕਰ ਲਿਆ, ਉਸਦੀ ਸਾਰੀ ਤ੍ਰੇਹ ਲਹਿ ਗਈ ਹੈ। "[17] ਪਹਿਲਾ **ਤਿਸ** 'ਨਾਂਵ' ਹੈ ਤੇ ਦੂਜਾ **ਤਿਸ** 'ਪੁਰਖ ਵਾਚਕ ਪੜਨਾਂਵ' ਹੈ।

**4.2.II. ਨਿਜਵਾਚਕ ਪੜਨਾਂਵ ਦੁਹਰੁਕਤੀ:-** ਉਹ ਸ਼ਬਦ ਜਿਹੜਾ ਕਿਸੇ ਨਾਂਵ ਦੀ ਨਿਜਤਾ ਪ੍ਰਗਟਾਵੇ, 'ਨਿਜਵਾਚਕ ਪੜਨਾਂਵ' ਹੈ। ਆਧੁਨਿਕ ਪੰਜਾਬੀ ਭਾਸ਼ਾ ਵਿਚ ਨਿਜਵਾਚਕ ਪੜਨਾਂਵ ਦਾ ਵਧੇਰੇ ਵਰਤੋਂ ਯੋਗ ਰੂਪ ਕੇਵਲ 'ਆਪ' ਹੀ ਹੈ। "ਇਹ ਅਪਭ੍ਰੰਸ਼ ਵਿਚੋਂ ਆਇਆ ਹੈ, ਜਿਥੇ ਇਸਦੇ ਰੂਪ ਆਪਣ, ਆਪਣੁ, ਆਪਣਿ ਤੇ ਆਪਣੇ ਮਿਲਦੇ ਹਨ। "[18] ਫ਼ਾਰਸੀ ਤੋਂ ਪੰਜਾਬੀ ਵਿਚ ਆਇਆ "ਖ਼ੁਦ (ਫ਼ਾਰਸੀ) ਸ੍ਵਯੰ"[19] ਵੀ ਨਿਜਵਾਚਕ ਪੜਨਾਂਵ ਵਜੋਂ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਇਕ ਤੋਂ ਵਧੇਰੇ ਰੂਪ ਮਿਲਦੇ ਹਨ- ਆਪਿ, ਆਪੁ, ਆਪੇ, ਆਪੈ, ਅਪਣੀ, ਆਪਣੀ, ਅਪਣੇ, ਆਪਣੇ, ਅਪਣੈ, ਆਪਣੈ , ਅਪਨੀ, ਆਪਨੀ, ਆਪਨੇ, ਆਪਨੈ, ਆਪੁਨੀ ਆਦਿ। ਇਹਨਾਂ ਪੜਨਾਂਵ ਸ਼ਬਦਾਂ ਦੀ ਦੁਹਰੁਕਤੀਯੁਕਤ ਵਰਤੋਂ ਨਿਜਵਾਚਕ ਪੜਨਾਂਵ ਦੁਹਰੁਕਤੀ ਹੈ। ਮੂਲ ਰੂਪ 'ਆਪ' ਦਾ ਕੋਈ ਲਿੰਗ ਜਾਂ ਵਚਨ ਭੇਦ ਨਹੀਂ ਹੈ। ਇਸ ਨਾਲ ਪਿਛੇਤਰ –ਣਾ/ -ਨਾ (ਪੁਲਿੰਗ/ ਇਕ ਵਚਨ)

–ਣੇ/ -ਨੇ (ਪੁਲਿੰਗ/ ਬਹੁ ਵਚਨ)

–ਣੀ/ -ਨੀ (ਇਸਤਰੀ ਲਿੰਗ/ ਇਕ ਵਚਨ),

–ਣੀਆ/ -ਨੀਆ (ਇਸਤਰੀ ਲਿੰਗ/ ਬਹੁ ਵਚਨ), ਜੋੜ ਕੇ ਪੁਲਿੰਗ/ ਇਸਤਰੀ ਲਿੰਗ ਅਤੇ ਇਕ ਵਚਨ/ ਬਹੁ ਵਚਨ ਰੂਪ ਬਣਾਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਸਤਰੀ ਲਿੰਗ ਦਾ ਬਹੁਵਚਨ

---

17 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੰਜਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 364.

18 ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 172.

19 ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪਟਿਆਲਾ, 1981 (4th ed), ਪੰਨਾ 381.

ਰੂਪ (ਆਪਣੀਆਂ) ਨਹੀਂ ਮਿਲਦਾ। **ਅਪੁਨੀ ਅਪੁਨੀ** ਦੀ ਦੁਹਰੁਕਤੀਯੁਕਤ ਵਰਤੋਂ ਇਕ ਵਾਰ ਹੋਈ ਹੈ, ਜਿਵੇਂ:

ਲਲਤ ਬਿਲਾਵਲ ਗਾਵਹੀ **ਅਪੁਨੀ ਅਪੁਨੀ** ਭਾਂਤਿ ॥

ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥ ਅੰਗ ੧੪੩੦

'ਅਪੁਨੀ' ਦੁਹਰੁਕਤੀਯੁਕਤ ਰੂਪ ਖ਼ਾਸ ਨਾਂਵ (ਲਲਤ ਬਿਲਾਵਲ) ਦੇ ਨਿਜੀ ਰੂਪ ਵਿਚ ਗਉਣ ਦੀ ਭਿੰਨਤਾ ਨੂੰ ਦਰਸਾ ਰਿਹਾ ਹੈ, ਇਥੇ ਇਕਹਿਰਾ ਰੂਪ (ਅਪੁਨੀ) ਗਉਣ ਵਾਲੇ ਦੀ ਆਪਣੀ ਗਾਉਣ ਵਿਧੀ ਨੂੰ ਦਰਸਾਉਂਦਾ ਹੈ, ਪ੍ਰੰਤੂ ਦੁਹਰੁਕਤੀਯੁਕਤ ਰੂਪ ਗਾਉਣ ਵਿਧੀ ਦੀ ਭਿੰਨਤਾ ਦੇ ਅਰਥ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਨਿਜਵਾਚਕ ਪੜਨਾਂਵ ਦੁਹਰੁਕਤੀ ਜਿਆਦਾਤਰ ਤੀਜੇ ਪੁਰਖ ਦੀ ਨਿਜਤਾ ਨੂੰ ਦਰਸਾ ਰਹੀ ਹੈ। ਪਰਮਾਤਮਾ ਨੂੰ ਤੀਜੇ ਪੁਰਖ ਵਜੋਂ ਸਿਰਜਿਆ ਗਿਆ ਹੈ:

ਜੇਵਡੁ ਆਪਿ ਜਾਣੈ **ਆਪਿ ਆਪਿ**॥ (ਮਃ ੧) ਅੰਗ ੫

ਜੋ ਕਿਛੁ ਕਰੇ ਸੁ **ਆਪੇ ਆਪੈ** ॥ (ਮਃ ੫) ਅੰਗ ੧੦੭

ਹਰਿ ਜੋ ਕਿਛੁ ਕਰੇ ਸੁ **ਆਪੇ ਆਪੇ** ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥

(ਮਃ ੪) ਅੰਗ ੧੧੩੫

ਉਪਰੋਕਤ ਵਾਕਾਂ ਵਿਚ ਆਏ ਸ਼ਬਦ 'ਆਪਿ, ਸੁ' ਤੀਜੇ ਪੁਰਖ ਦੇ ਪੜਨਾਂਵ ਵਜੋਂ ਵਰਤੇ ਹਨ, ਇਹਨਾਂ ਨਾਲ ਆਏ ਦੁਹਰੁਕਤੀਯੁਕਤ ਸ਼ਬਦ (ਆਪਿ ਆਪਿ, ਆਪੇ ਆਪੇ) ਨਿਜਤਾ ਨੂੰ ਪੇਸ਼ ਕਰਦੇ ਹੋਏ, ਇਕ ਅਕਾਲ ਪੁਰਖ ਦੀ ਹੋਂਦ 'ਤੇ ਬਲ ਦਿੰਦੇ ਹਨ । ਇਥੇ ਉਸਦੀ ਬਰਾਬਰੀ ਜਾਂ ਹੋਰ ਧਿਰ/ਹੋਂਦ ਦਾ ਅਸਿੱਧੇ ਤੌਰ ਤੇ ਨਿਸ਼ੇਧ ਹੈ। ਉਹ ਪਰਮਾਤਮਾ ਆਪ ਹੀ ਸਭ ਕੁਝ ਕਰਨ, ਕਰਾਉਣ ਵਾਲਾ ਹੈ। 'ਆਪਿ ਆਪਿ, ਆਪੇ ਆਪੇ' ਦੇ ਕੁਝ ਅਜਿਹੇ ਦੁਹਰੁਕਤੀਯੁਕਤ ਰੂਪ ਵੀ ਮਿਲਦੇ ਹਨ, ਜਿਨ੍ਹਾਂ ਤੋਂ ਆਮ ਪਾਠਕ ਭੁਲੇਖਾ ਖਾ ਸਕਦੇ ਹਨ।

ਆਪੇ ਠਾਕੁਰੁ [ਸੇਵਕੁ **ਆਪੇ**] [**ਆਪੇ** ਹੀ ਪਾਪ ਖੰਡਨੁ] ॥ (ਮਃ ੪) ਅੰਗ ੫੫੨

[ਦਾਤਾ ਕਰਤਾ **ਆਪਿ]** [**ਆਪਿ** ਭੋਗਣਹਾਰਿਆ]॥ (ਮਃ ੪) ਅੰਗ ੬੪੨

[ਆਪੇ ਪਟੀ ਕਲਮ **ਆਪਿ]** [**ਆਪਿ** ਲਿਖਣਹਾਰਾ ਹੋਆ]॥ ਅੰਗ ੯੬੮

'ਰੂਪ' ਅਤੇ 'ਅਰਥ' ਵਜੋਂ ਇਹ ਦੁਹਰੁਕਤੀਯੁਕਤ ਪੜਨਾਂਵ ਜਾਪਦੇ ਹਨ, ਜਿਸ ਤੋਂ ਆਮ ਪਾਠਕ ਸਹਿਜੇ ਹੀ ਭੁਲੇਖਾ ਖਾ ਜਾਂਦੇ ਹਨ। ਇਹ ਇਕ ਵਾਕੰਸ਼ ਨਾ ਹੋ ਕੇ ਵੱਖਰੇ ਵੱਖਰੇ ਵਾਕੰਸ਼ ਹਨ, ਸੋ ਇਸਨੂੰ ਦੁਹਰੁਕਤੀਯੁਕਤ ਪੜਨਾਂਵ ਨਹੀਂ ਕਿਹਾ ਜਾ ਸਕਦਾ। ਇਕ ਵਾਕੰਸ਼ ਵਿਚ ਆਏ ਦੂਹਰੇ ਸ਼ਬਦ ਨੂੰ ਦੁਹਰੁਕਤੀਯੁਕਤ ਸ਼ਬਦ ਕਿਹਾ ਜਾਂਦਾ ਹੈ।

**4.2.III. ਅਨਿਸ਼ਚੇਵਾਚਕ ਪੜਨਾਂਵ ਦੁਹਰੁਕਤੀ:-** ਜਿਸ ਤੋਂ ਕਿਸੇ ਵਿਸ਼ੇਸ਼ ਵਿਅਕਤੀ/ਵਸਤ ਦਾ ਸੰਕੇਤ ਨਾ ਮਿਲੇ, ਭਾਵ ਦੁਹਰੁਕਤੀਯੁਕਤ ਰੂਪ ਵਿਚ ਅਨਿਸ਼ਚੇਵਾਚਕ ਪੜਨਾਂਵ ਦੇ ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਰੂਪ 'ਕੋਇ ਕੋਇ, ਕਛੁ ਕਛੁ, ਕਿਛੁ ਕਿਛੁ' ਮਿਲਦੇ ਹਨ। ਜਦੋਂ ਦਾਅਵੇ ਨਾਲ ਨਾ ਕੁਝ ਕਿਹਾ ਜਾ ਸਕੇ, ਸਗੋਂ ਅਸਪੱਸ਼ਟ ਜਿਹਾ ਸੰਕੇਤ ਮਿਲੇ, ਉਸਨੂੰ 'ਅਨਿਸ਼ਚੇਵਾਚਕ' ਪੜਨਾਂਵ ਕਿਹਾ ਜਾਂਦਾ ਹੈ:

ਜਿਸ ਕਾ ਕੋਇ ਕੋਈ **ਕੋਇ ਕੋਇ** ॥ (ਮਃ ੧) ਅੰਗ ੧੫੧

ਅਲਹ ਲਹੰਤਾ ਭੇਦ ਛੈ **ਕਛੁ ਕਛੁ** ਪਾਇਓ ਭੇਦ ॥ (ਕਬੀਰ) ਅੰਗ ੩੪੦

ਰਾਜ ਨ ਭਾਗ ਨ ਹੁਕਮ ਨ ਸਾਦ ਨ॥ **ਕਿਛੁ ਕਿਛੁ** ਨ ਚਾਹੀ ॥ (ਮਃ ੫) ਅੰਗ ੪੦੭

ਪਹਿਲੇ ਵਾਕ ਵਿਚ 'ਕੋਇ ਕੋਇ' 'ਕਿਸੇ ਵਿਰਲੇ' ਦੇ ਅਰਥ ਵਜੋਂ ਆਇਆ ਹੈ। 'ਕੋਇ' ਦਾ ਆਮ ਭਾਸ਼ਾ ਵਿਚ ਵਰਤਿਆ ਜਾਣ ਵਾਲਾ ਰੂਪ 'ਕੋਈ' ਹੈ। "**ਕੋਈ** ਦਾ ਪੁਰਾਣਾ ਰੂਪ **ਕੋਇ** ਹੈ, ਜੋ ਅਪਭ੍ਰੰਸ ਵਿਚੋ ਆਇਆ ਹੈ।"[20] ਇਥੇ 'ਕੋਇ ਕੋਇ', 'ਕੋਈ' ਦੇ ਅਰਥ ਵਿਚ ਆਇਆ ਹੈ। 'ਕਛੁ ਕਛੁ' 'ਥੋੜੀ ਮਾਤਰਾ ਜਾਂ ਤੁਛਤਾ' ਦੇ ਅਰਥਾਂ ਵਿਚ ਵਰਤਿਆ ਗਿਆ 'ਪੜਨਾਂਵੀ ਵਿਸ਼ੇਸ਼ਣ' ਹੈ। ਵਰਤਮਾਨ ਸਮੇਂ ਵਿਚ 'ਕਛੁ' ਲਈ 'ਕੁਝ' ਪੜਨਾਂਵੀਂ ਰੂਪ ਵਰਤਿਆ ਜਾਂਦਾ ਹੈ। 'ਕਛੁ ਤੇ ਕਿਛੁ' ਇਕੋ ਪੜਨਾਂਵ ਦੇ ਵੱਖ ਵੱਖ ਰੂਪ ਹਨ। "ਗੁਰੂ

---

[20] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 160.

ਸਾਹਿਬਾਨ ਦੀ ਬਾਣੀ ਵਿਚ 'ਕਿਛੁ' ਆਇਆ ਹੈ ਅਤੇ ਭਗਤਾਂ ਦੀ ਬਾਣੀ ਵਿਚ 'ਕਛੁ' (ਇਕਹਿਰੇ ਰੂਪ ਵਿਚ) ਜਿਆਦਾ ਮਿਲਦਾ ਹੈ। ਕਿਛੁ ਅਪਭ੍ਰੰਸ ਵਿਚੋਂ ਆਇਆ ਹੈ। ਜਾਪਦਾ ਹੈ 'ਕਛੁ' ਵੀ ਕਿਸੇ ਅਪਭ੍ਰੰਸ਼ ਵਿਚ ਵਰਤਿਆ ਜਾਂਦਾ ਹੋਵੇਗਾ।"[21] ਇਸ ਤਰ੍ਹਾਂ ਗੁਰਬਾਣੀ ਵਿਚ ਬਹੁਤ ਸਾਰੇ ਸ਼ਬਦ ਸ੍ਰੋਤ ਭਾਸ਼ਾ ਤੋਂ ਆਏ ਮਿਲਦੇ ਹਨ।

**4.2.IV. ਪ੍ਰਸ਼ਨਵਾਚਕ ਪੜਨਾਂਵ ਦੁਹਰੁਕਤੀ:-** ਪ੍ਰਸ਼ਨ ਸੂਚਕ ਸ਼ਬਦਾਂ ਵਜੋਂ ਵਰਤੇ ਜਾਂਦੇ ਸ਼ਬਦ ਨੂੰ 'ਪ੍ਰਸ਼ਨਵਾਚਕ' ਪੜਨਾਂਵ ਕਿਹਾ ਜਾਂਦਾ ਹੈ। ਪ੍ਰਸ਼ਨਵਾਚਕ ਪੜਨਾਂਵ 'ਕ' ਧੁਨੀ ਨਾਲ ਅੰਕਿਤ ਹੁੰਦੇ ਹਨ। ਕਿਸੇ ਵਾਕੰਸ਼ ਵਿਚ ਪ੍ਰਸ਼ਨਵਾਚਕ ਪੜਨਾਂਵਾਂ ਦੀ ਦੂਹਰੀ ਵਰਤੋਂ 'ਪ੍ਰਸ਼ਨਵਾਚਕ ਪੜਨਾਂਵ ਦੁਹਰੁਕਤੀ' ਹੈ। ਕੁਝ ਪ੍ਰਸ਼ਨਵਾਚਕ ਸ਼ਬਦਾਂ ਦੇ ਬਹੁਵਚਨ ਨਹੀਂ ਬਣਦੇ, ਅਜਿਹੇ ਸ਼ਬਦਾਂ ਦੇ ਵਚਨ ਭੇਦ 'ਕਿਰਿਆ ਜਾਂ ਵਾਕ ਦੇ ਸੰਦਰਭ' ਤੋਂ ਪਤਾ ਚੱਲਦੇ ਹਨ। ਉਹ ਸ਼ਬਦ ਜਿਨ੍ਹਾਂ ਦੇ ਇਕ ਵਚਨ ਤੇ ਬਹੁ ਵਚਨ ਰੂਪ ਇਕ ਹੀ ਹੁੰਦੇ ਹਨ, (ਕੌਣ, ਕੀ, ਕਿਸ ਆਦਿ) ਦੇ ਬਹੁਵਚਨ ਰੂਪ ਬਣਾਉਣ ਲਈ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਸ਼ਨਵਾਚਕ ਪੜਨਾਂਵ ਦੁਹਰੁਕਤੀ ਵਰਤੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਕੌਣ' ਲਈ ਵਿਭਿੰਨ ਰੂਪ 'ਕਉਣ ਕਉਣ, ਕਉਣੁ ਕਉਣੁ, ਕਉਨ ਕਉਨ, ਕਵਨ ਕਵਨ, ਕਵਨੁ ਕਵਨੁ, ਕੋ ਕੋ' ਸਿਰਜੇ ਗਏ ਹਨ। 'ਕਿਸੁ' 'ਕੌਣ' ਦਾ ਸੰਬੰਧਕੀ ਰੂਪ ਹੈ, ਦੁਹਰੁਕਤੀਯੁਕਤ ਰੂਪ ਵਜੋਂ ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਵਰਤੋਂ ਇਕ ਵਾਰ ਹੋਈ ਹੈ। 'ਕਿਸੁ ਕਿਸੁ' ਦਾ (ੁ) ਕਾਰਕੀ ਪਿਛੇਤਰ ਸੰਬੰਧਕ ਦਾ ਕਾਰਜ ਕਰ ਰਿਹਾ ਹੈ।

ਦਰਗਹ ਲੇਖਾ ਮੰਗੀਐ **ਕਿਸੁ ਕਿਸੁ** ਉਤਰੁ ਦੇਉ॥ (ਮਃ ੩) ਅੰਗ ੧੦੮੯

'ਕਿਸੁ' ਦਾ ਕੋਈ ਬਹੁਵਚਨ ਰੂਪ ਨਹੀਂ ਬਣਦਾ, ਬਹੁਵਚਨ ਦੀ ਪੂਰਤੀ ਹਿਤ 'ਕਿਸੁ' ਦੀ ਦੂਹਰੇ ਰੂਪ ਵਿਚ ਸਿਰਜਨਾ 'ਬਹੁਵਚਨ' ਅਤੇ 'ਵਿਭਿੰਨਤਾ' ਦਾ ਕਾਰਜ ਕਰ ਰਹੀ ਹੈ। ਇਕਹਿਰਾ 'ਕਿਸੁ' ਇਕਵਚਨ ਦਾ ਅਰਥ ਦਿੰਦਾ ਹੋਇਆ ਵਾਕ ਦੇ ਅਰਥ ਭਾਵ ਨਿਸ਼ਚਿਤ/ ਸੀਮਿਤ ਕਰ ਦਿੰਦਾ ਹੈ। ਕਿਸੁ ਦੇ ਹੋਰ ਰੂਪ 'ਕਉਣੁ, ਕਉਨ' ਅਤੇ 'ਕਵਨ' ਹਨ, ਜਿਵੇਂ:

---

[21] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 163.

ਇਨ ਬਿਧਿ **ਕਉਣੁ ਕਉਣੁ** ਨਹੀ ਤਾਰਿਆ॥ (ਮਃ ੧) ਅੰਗ ੨੨੭

**ਕਵਨ ਕਵਨ** ਕੀ ਗਤਿ ਮਿਤਿ ਕਹੀਐ ਹਰਿ ਕੀਏ ਪਤਿਤ ਪਵੰਨਾ ॥

(ਮਃ ੪) ਅੰਗ ੧੯੯

ਹਰਿ ਕੈ ਭਜਨਿ **ਕਉਨ ਕਉਨ** ਨ ਤਾਰੇ॥

ਖਗ ਤਨ ਮੀਨ ਤਨ ਮ੍ਰਿਗ ਤਨ ਬਰਾਹ ਤਨ ਸਾਧੂ ਸੰਗਿ ਉਧਾਰੇ॥

(ਮਃ ੫) ਅੰਗ ੧੨੬੯

'ਕਉਣੁ ਕਉਣੁ, ਕਵਨ ਕਵਨ' ਅਤੇ 'ਕਉਨ ਕਉਨ' ਸੰਬੰਧ ਕਾਰਕ ਦੇ ਬਹੁਵਚਨ ਰੂਪ ਵਜੋਂ ਸਿਰਜੀ ਗਈ ਦੁਹਰੁਕਤੀ ਹੈ। ਪਹਿਲੇ ਵਾਕ ਵਿਚ ਕਾਰਕੀ ਵਿਭਕਤੀ (ੁ) ਕਰਮ ਕਾਰਕ ਦੇ ਸੰਬੰਧਕ ਦਾ ਕਾਰਜ ਕਰ ਰਹੀ ਹੈ, ਦੂਜੇ ਵਾਕ ਵਿਚ ਸੰਬੰਧਕ 'ਕੀ' ਪ੍ਰਤੱਖ ਰੂਪ ਵਿਚ ਮੌਜੂਦ ਹੈ, ਤੀਜੇ ਵਾਕ ਵਿਚ 'ਸੰਬੰਧਕ' ਮੌਜੂਦ ਨਹੀਂ, ਅਪ੍ਰਤੱਖ ਰੂਪ ਵਿਚ ਭਾਵ ਦੇ ਪੱਧਰ 'ਤੇ ਕਾਰਜ ਕਰ ਰਿਹਾ ਹੈ।

**ਕੌਣ** ਪ੍ਰਸ਼ਨਵਾਚਕ ਸ਼ਬਦਾਵਲੀ ਦਾ ਮੂਲ ਪੜਨਾਂਵੀਂ ਰੂਪ (ਭਾਵ ਕਿਸੇ ਹੋਰ ਰੂਪ ਤੋਂ ਰੂਪਾਂਤ੍ਰਿਤ ਨਹੀਂ) ਹੈ। ਦੁਹਰੁਕਤੀਯੁਕਤ ਰੂਪ ਵਿਚ ਇਸਦੇ ਵਿਭਿੰਨ ਰੂਪ ਮਿਲਦੇ ਹਨ, ਜਿਵੇਂ:

**ਕਵਨ ਕਵਨ** ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥ (ਮਃ ੧) ਅੰਗ ੫੦੩

**ਕਉਨ** **ਕਉਨ** ਉਧਰੇ ਗੁਨ ਗਾਇ ॥ ਗਨਣੁ ਨ ਜਾਈ ਕੀਮ ਨ ਪਾਇ॥ (ਮਃ ੫) ਅੰਗ ੮੯੬

ਤੁਮਰੀ ਸੰਗਤਿ ਹਰਿ **ਕੋ ਕੋ** ਨ ਉਧਰਿਓ ਪ੍ਰਭ ਕੀਏ ਪਤਿਤ ਪਵਗੇ ॥ (ਮਃ ੪) ਅੰਗ ੯੭੬

ਰਾਜਾ ਰਾਮ ਜਪਤ **ਕੋ ਕੋ** ਨ ਤਰਿਓ ॥ (ਨਾਮਦੇਵ) ਅੰਗ ੧੧੦੫

ਮੈ ਅਨਾਥੁ ਪ੍ਰਭ ਕਹਉ ਕਾਹਿ॥ **ਕੋ ਕੋ** ਨ ਬਿਗੂਤੋ ਮੈ ਕੋ ਆਹਿ ॥ (ਕਬੀਰ) ਅੰਗ ੧੧੯੪

'ਕਵਨ ਕਵਨ, ਕਉਨ ਕਉਨ' 'ਕੌਣ' ਦੇ ਬਹੁਵਚਨ ਰੂਪ 'ਕਰਤਾ ਕਾਰਕ' ਵਜੋਂ ਵਰਤੇ ਗਏ ਹਨ। ਇਕਹਿਰਾ ਰੂਪ ਇਕਵਚਨ ਦੇ ਅਰਥ ਦਿੰਦਾ ਹੈ, ਬਹੁਵਚਨ ਅਰਥ ਪ੍ਰਦਾਨ ਕਰਨ ਲਈ ਦੁਹਰੁਕਤੀ ਦੀ ਵਰਤੋਂ ਬੜੀ ਸਾਰਥਕ ਸਿੱਧ ਹੁੰਦੀ ਹੈ। 'ਕੋ ਕੋ' ਵੀ ਗੁਰਬਾਣੀ ਵਿਚ ਵਰਤਿਆ ਗਿਆ 'ਕੌਣ' ਦਾ ਪੁਰਾਣਾ

ਰੂਪ ਹੈ। ਇਹ ਕੌਣ ਨੂੰ ਬਹੁਵਚਨ ਦੇ ਅਰਥਾਂ ਵਿਚ ਪੇਸ਼ ਕਰਨ ਦਾ ਕਾਰਜ ਕਰਦਾ ਹੈ। ਇਕਹਿਰੇ ਰੂਪ ਵਿਚ 'ਕੋ' 'ਪੜਨਾਂਵ, ਸੰਬੰਧਕ ਅਤੇ ਵਿਸ਼ੇਸ਼ਣ' ਤਿੰਨਾਂ ਸ਼੍ਰੇਣੀਆਂ ਲਈ ਵਰਤਿਆ ਗਿਆ ਹੈ।

ਸਗਲ ਸ੍ਰਿਸਟਿ **ਕੋ** ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

(ਮਃ ੫) ਅੰਗ ੨੬੪

ਬੇਗਮ ਪੁਰਾ ਸਹਰ **ਕੋ** ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥

(ਰਵਿਦਾਸ) ਅੰਗ ੩੪੫

ਸਾਰ ਭੂਤ ਸਤਿ ਹਰਿ **ਕੋ** ਨਾਉ॥ ਸਹਜਿ ਸੁਭਾਇ ਨਾਨਕ ਗੁਨ ਗਾਉ॥

(ਮਃ ੫) ਅੰਗ ੨੮੯

ਅਉਗੁਣਵੰਤੀ ਗੁਣੁ **ਕੋ** ਨਹੀ ਬਹਣਿ ਨ ਮਿਲੈ ਹਦੂਰਿ॥ (ਮਃ ੩) ਅੰਗ ੩੭

ਜੇ **ਕੋ** ਬੁਝੈ ਹੋਵੈ ਸਚਿਆਰੁ॥ ਧਵਲੈ ਉਪਰਿ ਕੇਤਾ ਭਾਰੁ ॥ (ਮਃ ੧) ਅੰਗ ੩

ਪਹਿਲੇ ਤਿੰਨ ਵਾਕਾਂ ਵਿਚ 'ਕੋ' ਸੰਬੰਧਕ ਦਾ ਕਾਰਜ ਕਰ ਰਿਹਾ ਹੈ। "ਸਾਰੀ ਦੁਨੀਆ **ਦਾ** ਰਾਜਾ ਹੋ ਕੇ ਭੀ ਦੁਖੀ ਰਹਿੰਦਾ ਹੈ।"[22] ਸਹਰ **ਕੋ** ਨਾਉ – "ਸ਼ਹਿਰ **ਦਾ** ਨਾਮ"[23], ਹਰਿ ਕੋ ਨਾਉ- "ਪ੍ਰਭੂ ਦਾ ਨਾਮ"[24], ਚੌਥੇ ਵਾਕ ਵਿਚ ਅਨਿਸ਼ਚੇਵਾਚਕ ਪੜਨਾਂਵੀਂ ਵਿਸ਼ੇਸ਼ਣ ਹੈ, ਇਹ 'ਕੋ' ਨਾਂਵ (ਗੁਣ) ਨਾਲ ਆਇਆ ਹੋਣ ਕਰਕੇ 'ਅਨਿਸ਼ਚੇਵਾਚਕ ਪੜਨਾਂਵੀਂ ਵਿਸ਼ੇਸ਼ਣ' ਦਾ ਕਾਰਜ ਕਰ ਰਿਹਾ ਹੈ। ਜੇ **ਕੋ** ਬੁਝੈ- "ਜੇ ਕੋਈ ਸਮਝ ਲਵੇ"[25], ਵਾਕ ਵਿਚ **ਕੋ** 'ਕਰਤਾ ਨਾਂਵ' ਤੋਂ ਬਿਨਾਂ 'ਅਨਿਸ਼ਚੇਵਾਚਕ ਪੜਨਾਂਵ' ਦਾ ਕਾਰਜ ਕਰ ਰਿਹਾ ਹੈ। ਇਕਹਿਰਾ 'ਕੋ' ਆਮ ਤੌਰ 'ਤੇ ਬਿਆਨੀਆ ਵਾਕਾਂ ਵਿਚ ਅਨਿਸ਼ਚੇਵਾਚਕ ਪੜਨਾਂਵ ਵਜੋਂ ਆਇਆ ਹੈ। ਜੇਕਰ ਵਾਕ ਪ੍ਰਸ਼ਨਿਕ ਹੋਵੇ ਤਾਂ ਉਥੇ 'ਕੋ' ਪ੍ਰਸ਼ਨਵਾਚਕ ਪੜਨਾਂਵ ਦਾ ਕਾਰਜ ਕਰੇਗਾ। ਦੁਹਰੁਕਤੀਯੁਕਤ ਰੂਪ ਵਿਚ **ਕੋ ਕੋ** ਪ੍ਰਸ਼ਨ ਵਾਚਕ ਪੜਨਾਂਵ ਦਾ ਕਾਰਜ ਕਰ ਰਿਹਾ ਹੈ।

---

22 ਸਾਹਿਬ ਸਿੰਘ, ਸੁਖਮਨੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਮਾਈ ਸੇਵਾ ਬਜ਼ਾਰ, ਅੰਮ੍ਰਿਤਸਰ, 1938, ਪੰਨਾ 27.

23 ਓਹੀ, ਪੰਨਾ 124.

24 ਓਹੀ, ਪੰਨਾ 202.

25 ਓਹੀ, ਜਪੁਜੀ ਸਟੀਕ, ਮਾਈ ਸੇਵਾਂ ਬਜ਼ਾਰ, ਅੰਮ੍ਰਿਤਸਰ, 1930, ਪੰਨਾ 179.

**4.2.V. ਸੰਬੰਧਵਾਚਕ ਪੜਨਾਂਵ ਦੁਹਰੁਕਤੀ:-** ਉਹ ਪੜਨਾਂਵੀਂ ਸ਼ਬਦ ਜਿਹੜੇ ਇਕ ਵਾਕ ਵਿਚ ਦੋ ਉਪਵਾਕਾਂ ਦਾ ਆਪਸੀ ਸੰਬੰਧ ਸਥਾਪਿਤ ਕਰਦੇ ਹਨ। ਪਹਿਲੇ ਉਪਵਾਕ ਵਿਚਲੇ ਪੜਨਾਂਵ ਦਾ ਸੰਬੰਧ ਦੂਜੇ ਉਪਵਾਕ ਦੇ ਪੜਨਾਂਵ ਨਾਲ ਜੁੜਦਾ ਹੈ, ਜਿਵੇਂ- 'ਜੋ ਕਰੇਗਾ ਸੋ ਭਰੇਗਾ', 'ਸੋ' ਪੜਨਾਂਵ 'ਜੋ' ਦੀ ਪੂਰਤੀ ਕਰ ਰਿਹਾ ਹੈ। **ਦੁਨੀ ਚੰਦ੍ਰ** ਅਨੁਸਾਰ "ਜਿਸ ਸਰਬਨਾਂਵ ਨਾਲ ਦੂਜੇ ਸ਼ਬਦ ਦੀ ਤਾਂਘ ਰਹਿੰਦੀ ਹੈ, ਅਰਥਾਤ ਜਿਸ ਦੇ ਪਿੱਛੇ ਦੂਜਾ ਕੋਈ ਸ਼ਬਦ ਵਰਤਣਾ ਹੀ ਪੈਂਦਾ ਹੈ। ਉਸਨੂੰ ਸੰਬੰਧਵਾਚਕ ਪੜਨਾਂਵ ਕਹਿੰਦੇ ਹਨ।"[26] ਜਿਹੜੇ ਪੜਨਾਂਵ ਇਕ ਉਪਵਾਕ ਵਿਚਲੇ ਪੜਨਾਂਵ ਦੀ ਪੂਰਤੀ ਕਰਦੇ ਹਨ, ਦੁਨੀ ਚੰਦ੍ਰ ਨੇ ਉਹਨਾਂ ਨੂੰ 'ਅਨੁਸੰਬੰਧਵਾਚਕ ਪੜਨਾਂਵ' ਕਿਹਾ ਹੈ। ਇਸ ਤਰ੍ਹਾਂ 'ਸੋ, ਸੋਈ' ਆਦਿ 'ਅਨੁਸੰਬੰਧਵਾਚਕ' ਪੜਨਾਂਵ ਹਨ। ਗੁਰੂ ਗ੍ਰੰਥ ਸਾਹਿਬ ਵਿਚ 'ਸੋ' ਦੇ ਵਧੇਰੇ ਰੂਪ 'ਤ' ਨਾਲ ਸ਼ੁਰੂ ਹੁੰਦੇ ਹਨ। ਜਿਥੇ 'ਜੋ' ਦਾ ਸਿੱਧਾ ਰੂਪ ਵਰਤਿਆ ਗਿਆ ਹੈ, ਉਥੇ 'ਸ' ਰੂਪੀ ਪੜਨਾਂਵੀਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਵੇਂ:

**ਜੋ ਜੋ** ਦੀਸੈ ਵਡਾ ਵਡੇਰਾ **ਸੋ ਸੋ** ਖਾਕੂ ਰਲਸੀ॥ (ਮ: ੫) ਅੰਗ ੬੦੮

**ਜੋ ਜੋ** ਦੀਸੈ **ਸੋ ਸੋ** ਰੋਗੀ ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥ (ਮ: ੫) ਅੰਗ ੧੧੪੦

ਇਨ੍ਹਾਂ ਵਾਕਾਂ ਵਿਚ ਦੋਵੇਂ ਪੜਨਾਂਵ ਸਾਧਾਰਨ ਰੂਪ ਵਿਚ ਵਰਤੇ ਗਏ ਹਨ। ਇਹ ਕਰਤਾ ਕਾਰਕ ਦੇ ਬਹੁਵਚਨ ਰੂਪ ਵਿਚ ਕਾਰਜਸ਼ੀਲ ਹਨ। ਦੁਹਰੁਕਤੀਯੁਕਤ ਸ਼ਬਦ ਉਚਾਰਨ ਦੇ ਪੱਖ ਤੋਂ ਤੁਕ/ ਪਦ ਦੇ ਵਜਨ ਅਤੇ ਸੁਰ ਨੂੰ ਲੈਆਤਮਕ ਚਾਲ ਦਿੰਦੇ ਹਨ ਅਤੇ ਅਰਥ ਪੱਖ ਤੋਂ ਸਮੂਹਿਕਤਾ ਦਾ ਭਾਵ ਸਿਰਜਦੇ ਹਨ। ਦੁਹਰੁਕਤੀ ਦੀ ਮਹੱਤਤਾ ਹੇਠਲੀਆਂ ਤੁਕਾਂ ਦੇ ਹਵਾਲੇ ਨਾਲ ਵਧੇਰੇ ਸਮਝ ਪੈਦਾ ਕਰਦੀ ਹੈ, ਅਰਥ ਪੱਖ ਤੋਂ ਦੁਹਰੁਕਤੀ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਸਮੂਹਿਕ ਭਾਵ ਸਿਰਜਦੀ ਹੈ। ਬਹੁਵਚਨ ਵਜੋਂ 'ਜੋ, ਸੋ' ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਚਾਰ ਵਾਰ ਕੀਤੀ ਗਈ ਹੈ। ਇਥੇ 'ਜੋ, ਸੋ' ਦਾ ਇਕਹਿਰਾ ਰੂਪ ਸਮੁਚਤਾ ਦਾ ਭਾਵ ਪੈਦਾ ਨਹੀਂ ਕਰ ਰਿਹਾ, ਸਗੋਂ ਸਮੁਚਤਾ/ਬਹੁਵਚਨ ਲਈ ਸਗਲ (ਸਾਰਾ) ਵਿਸ਼ੇਸ਼ਣ ਵਰਤਿਆ ਗਿਆ ਹੈ, ਜਿਵੇਂ:

---

[26] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ, 1964, ਪੰਨਾ 84.

**ਜੋ** ਦੀਸੈ **ਸੋ** ਸਗਲ ਤੂੰਹੈ ਪਸਰਿਆ ਪਾਸਾਰੁ ॥ (ਮਃ ੫) ਅੰਗ ੫੧

ਜੋ ਦੀਸੈ **ਸੋ** ਸਗਲ ਬਿਨਾਸੈ ਜਿਉ ਬਾਦਰ ਕੀ ਛਾਹੀ ॥ (ਮਃ ੯) ਅੰਗ ੧੨੩੧

**ਜੋ** ਉਪਜੈ **ਸੋ** ਸਗਲ ਬਿਨਾਸੈ ਰਹਨੁ ਨ ਕੋਊ ਪਾਵੈ ॥ (ਮਃ ੯) ਅੰਗ ੧੨੩੧

ਇਸ ਤੋਂ ਇਲਾਵਾ 'ਜੋ, ਸੋ' ਦੀ ਵਰਤੋਂ ਇਕਹਿਰੇ ਰੂਪ ਵਿਚ ਵਧੇਰੇ ਹੋਈ ਹੈ, ਪ੍ਰੰਤੂ ਕੋਈ ਵਿਸ਼ੇਸ਼ਣ ਨਾ ਵਰਤਣ ਕਾਰਨ ਇਹ ਇਕ ਵਚਨ ਦਾ ਅਰਥ ਹੀ ਦੇ ਰਿਹਾ ਹੈ।

**ਜੋ** ਤਿਸੁ ਭਾਣਾ **ਸੋ** ਥੀਐ ਅਵਰੁ ਨ ਕਰਣਾ ਜਾਇ ॥ (ਮਃ ੧) ਅੰਗ ੧੮

**ਜੋ** ਆਇਆ **ਸੋ** ਚਲਸੀ ਸਭੁ ਕੋਈ ਆਈ ਵਾਰੀਐ ॥ (ਮਃ ੧) ਅੰਗ ੪੭੪

**ਜੋ** ਹਰਿ ਕਾ ਪਿਆਰਾ **ਸੋ** ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥

(ਮਃ ੪) ਅੰਗ ੫੫੫

**ਜੋ** ਅੰਤਰਿ **ਸੋ** ਬਾਹਰਿ ਦੇਖਹੁ ਅਵਰੁ ਨ ਦੂਜਾ ਕੋਈ ਜੀਉ ॥ (ਮਃ ੧) ਅੰਗ ੫੯੯

'ਸੋ' ਦੇ ਇਕਹਿਰੇ ਸੰਬੰਧਕੀ ਰੂਪ 'ਸੁ, ਸੇ, ਸੋਊ ਅਤੇ ਸੋਈ' ਮਿਲਦੇ ਹਨ, ਦੁਹਰੁਕਤੀਯੁਕਤ ਰੂਪ ਕੇਵਲ 'ਸੋਈ' ਹੀ ਮਿਲਦਾ ਹੈ। ਇਹ ਰੂਪ ਦੇ ਪੱਖ ਤੋਂ ਨਿਸ਼ਚੇਵਾਚਕ ਪੜਨਾਂਵ ਦਾ ਭੁਲੇਖਾ ਸਿਰਜਦਾ ਹੈ, ਪ੍ਰੰਤੂ ਇਸਦਾ ਵਾਕਾਤਮਕ ਕਾਰਜ 'ਸੰਬੰਧਵਾਚਕ' ਪੜਨਾਂਵ ਵਾਲਾ ਹੈ, ਜਿਵੇਂ:

**ਜੋ** ਮਾਗਉ **ਸੋਈ ਸੋਈ** ਪਾਵਉ ਅਪਨੇ ਖਸਮ ਭਰੋਸਾ ॥ (ਮਃ ੫) ਅੰਗ ੬੧੯

**ਜੋ** ਮਾਗਹਿ ਠਾਕੁਰ ਅਪੁਨੇ ਤੇ **ਸੋਈ ਸੋਈ** ਦੇਵੈ ॥ (ਮਃ ੫) ਅੰਗ ੬੮੧

**ਜੋ** ਮਾਗਹਿ **ਸੋਈ ਸੋਈ** ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥ (ਮਃ ੫) ਅੰਗ ੭੧੪

ਕੁਝ ਵਾਕਾਂ ਵਿਚ 'ਸੋ' ਲਈ 'ਓਹੁ, ਤਾ, ਤਿਉ, ਤਿਸ, ਤਿਸੁ, ਤਿਨ, ਤੇ' ਵਰਤੇ ਗਏ ਹਨ। "ਸੋ ਦੇ ਤਿਰਛੇ ਰੂਪ 'ਤ' ਨਾਲ ਸ਼ੁਰੂ ਹੁੰਦੇ ਹਨ, ਕਿਉਂਕਿ 'ਸੋ' ਦੇ ਪੁਰਾਤਨ ਬਹੁਵਚਨ ਰੂਪ 'ਸੇ' ਤੇ 'ਤੇ' ਹਨ।

ਅਨੁਮਾਨ ਹੈ ਕਿ ਕਿਸੇ ਸਮੇਂ 'ਸੋ' ਅਤੇ 'ਤੋ' ਦੋ ਵੱਖ ਵੱਖ ਪੜਨਾਂਵ ਇਕੋ ਅਰਥ ਵਿਚ ਵਰਤੇ ਜਾਂਦੇ ਸਨ। 'ਸੋ' ਦਾ ਬਹੁਵਚਨ 'ਸੇ' ਅਤੇ 'ਤੋ' ਦਾ ਬਹੁਵਚਨ **'ਤੇ'** ਸੀ।"[27] 'ਤ' ਪੜਨਾਂਵੀਂ ਰੂਪ ਦੇ ਵਿਭਿੰਨ ਰੂਪ ਮਿਲਦੇ ਹਨ, ਜਿਵੇਂ:

**ਜੋ ਜੋ** ਜਪੈ **ਤਿਸ** ਕੀ ਗਤਿ ਹੋਵੈ ਹਰਿ ਹਰਿ ਨਾਮੁ ਨਿਤ ਰਸਨ ਬਖਾਨੀ ॥

(ਮਃ ੫) ਅੰਗ ੭੪੪

**ਜੋ ਜੋ** ਨਾਮੁ ਜਪੈ ਅਪਰਾਧੀ ਸਭਿ **ਤਿਨ** ਕੇ ਦੋਖ ਪਰਹਰੇ ॥ (ਮਃ ੪) ਅੰਗ ੯੯੫

**ਜੋ ਜੋ** ਭਜਨੁ ਕਰੈ ਸਾਧੂ ਸੰਗਿ **ਤਾ** ਕੇ ਦੂਖ ਬਿਦਾਰੇ ॥ (ਮਃ ੫) ਅੰਗ ੧੨੬੯

**ਜੋ ਜੋ** ਕਥੈ ਸੁਨੈ ਹਰਿ ਕੀਰਤਨੁ **ਤਾ** ਕੀ ਦੁਰਮਤਿ ਨਾਸ ॥ (ਮਃ ੫) ਅੰਗ ੧੩੦੦

ਉਪਰੋਕਤ ਤੁਕਾਂ ਵਿਚ 'ਤ' ਰੂਪਾਂ ਦੀ ਇਕਹਿਰੀ ਵਰਤੋਂ ਹੋਈ ਹੈ, ਇਹ ਦਾਰਸ਼ਨਿਕ ਦ੍ਰਿਸਟੀ ਤੋਂ ਇਕ ਵੱਖਰੀ ਵਰਗਵੰਡ ਹੈ। ਇਥੇ ਸਮੁਚਤਾ ਦਾ ਜ਼ਿਕਰ ਇਕ ਵਰਗ ਦੇ ਰੂਪ ਵਿਚ ਕੀਤਾ ਹੈ, ਉਹ ਵਰਗ ਜਿਹੜਾ ਕਰਮ ਕਰ ਰਿਹਾ ਹੈ, ਫਲ ਦੀ ਪ੍ਰਾਪਤੀ ਕੇਵਲ ਉਸੇ ਨੂੰ ਹੋਵੇਗੀ। 'ਜੋ ਜੋ' ਕਰਤਾ ਕਾਰਕ ਦੇ ਬਹੁਵਚਨ ਦਾ ਕਾਰਜ ਕਰ ਰਿਹਾ ਹੈ। ਇਥੇ ਵਿਚਾਰਨ ਵਾਲੀ ਗੱਲ ਇਹ ਹੈ, ਇਨ੍ਹਾਂ ਵਾਕਾਂ ਵਿਚ (ਤਿਸ ਕੀ, ਤਿਨ ਕੇ, ਤਾ ਕੇ, ਤਾ ਕੀ) ਸੰਬੰਧਕਾਂ ਦੀ ਵਰਤੋਂ ਕੀਤੀ ਗਈ ਹੈ। 'ਤ' ਰੂਪ ਵਾਲੇ ਪੜਨਾਂਵ ਸੰਬੰਧਕ ਦੀ ਵਰਤੋਂ ਨਾਲ ਵਾਕ ਦਾ ਸਹੀ ਅਰਥ ਦਿੰਦੇ ਹਨ। 'ਜੋ' ਅਵਿਕਾਰੀ ਪੜਨਾਂਵ ਰੂਪ ਹੈ, ਲਿੰਗ, ਵਚਨ, ਕਾਰਕ ਆਦਿ ਵਿਆਕਰਨਕ ਸ਼੍ਰੇਣੀਆਂ ਇਸਦੇ ਰੂਪ ਵਿਚ ਵਿਕਾਰ ਪੈਦਾ ਨਹੀਂ ਕਰਦੀਆਂ। ਗੁਰੂ ਗ੍ਰੰਥ ਸਾਹਿਬ ਵਿਚ 'ਜੋ' ਅਤੇ 'ਸੋ' ਦੇ ਵਿਗੜੇ ਰੂਪ 'ਜੋਈ' ਅਤੇ 'ਸੋਈ' ਦੀ ਦੁਹਰੁਕਤੀਯੁਕਤ ਵਰਤੋਂ ਦੋ ਵਾਰ ਹੋਈ ਹੈ:

**ਜੋਈ ਜੋਈ** ਜੋਰਿਓ **ਸੋਈ ਸੋਈ** ਫਾਟਿਓ ॥ ਛੂਠੈ ਬਨਜਿ ਉਠਿ ਹੀ ਗਈ ਹਾਟਿਓ ॥

---

[27] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 176.

(ਰਵਿਦਾਸ) ਅੰਗ ੧੨੯੩

ਕਹੁ ਰਵਿਦਾਸ ਭਇਓ ਜਬ ਲੇਖੋ ॥ **ਜੋਈ ਜੋਈ** ਕੀਨੋ **ਸੋਈ ਸੋਈ** ਦੇਖਿਓ ॥

(ਰਵਿਦਾਸ) ਅੰਗ ੧੨੯੩

ਉਪਰੋਕਤ ਤੁਕਾਂ ਵਿਚ ਕਿਰਿਆ ਦਾ ਇਕਹਿਰਾ ਰੂਪ ਹੋਣ ਦੇ ਬਾਵਜੂਦ ਵੀ ਦੁਹਰੁਕਤੀਯੁਕਤ ਸ਼ਬਦ ਵਾਕ ਨੂੰ ਬਹੁਵਚਨ ਵਜੋਂ ਸਮੂਚੀ ਇਕਾਈ ਦੇ ਅਰਥ ਦੇ ਰਹੇ ਹਨ। ਦੁਹਰੁਕਤੀਯੁਕਤ ਸ਼ਬਦ ਤੁਕਾਂ ਦੇ ਵਜਨ ਨੂੰ ਵੀ ਸਮਤੋਲ ਰੱਖ ਰਹੇ ਹਨ, ਇਕਹਿਰਾ ਰੂਪ ਵਜਨ ਨੂੰ ਵੀ ਪ੍ਰਭਾਵਿਤ ਕਰਦਾ ਹੈ। 'ਜੋ' ਦੇ ਵਿਕਾਰੀ (ਜਿਸੁ ਜਿਸੁ) ਅਤੇ ਅਵਿਕਾਰੀ (ਜਿਨਿ ਜਿਨਿ) ਰੂਪ ਮਿਲਦੇ ਹਨ:

ਨਾਨਕ **ਜਿਸੁ ਜਿਸੁ** ਭਾਵੈ **ਤਿਸੁ ਤਿਸੁ** ਨਿਸਤਾਰੈ ॥ (ਮਃ ੫) ਅੰਗ ੨੭੬

[ਤਿਸੁ ਜੋਹਾਰੀ ਸੁਅਸਤਿ **ਤਿਸੁ**] [**ਤਿਸੁ** ਦੀਬਾਣੁ ਅਭਗੁ॥] (ਮਃ ੧) ਅੰਗ ੪੬੭

ਬਿਖੈ ਠਗਉਰੀ **ਜਿਨਿ ਜਿਨਿ** ਖਾਈ॥ **ਤਾ** ਕੀ ਤ੍ਰਿਸਨਾ ਕਬਹੂੰ ਨ ਜਾਈ ॥

(ਮਃ ੫) ਅੰਗ ੧੯੯

**ਜਿਨਿ ਜਿਨਿ** ਕੀਨੀ ਮੇਰੇ ਗੁਰ ਕੀ ਆਸਾ॥ **ਤਿਸ** ਕੀ ਕਟੀਐ ਜਮ ਕੀ ਫਾਸਾ॥

(ਮਃ ੫) ਅੰਗ ੨੩੯

**ਜਿਨਿ ਜਿਨਿ** ਸਾਧਸੰਗੁ ਪਾਇਆ॥ **ਸੋ** ਪ੍ਰਭਿ ਆਪਿ ਤਰਾਇਆ॥

(ਮਃ ੫) ਅੰਗ ੬੨੨

'ਜਿਸੁ ਜਿਸੁ' ਦੀ ਦੁਹਰੁਕਤੀਯੁਕਤ ਵਰਤੋਂ ਇਕ ਵਾਰ ਹੋਈ ਹੈ, 'ਤਿਸੁ ਤਿਸੁ' ਦੀ ਦੁਹਰੁਕਤੀਯੁਕਤ ਵਰਤੋਂ ਦੋ ਵਾਰ ਹੋਈ ਹੈ। ਪ੍ਰੰਤੂ ਅਰਥ ਦੇ ਪੱਖ ਤੋਂ ਪਹਿਲੇ ਵਾਕ ਵਿਚ ਹੀ 'ਤਿਸੁ ਤਿਸੁ' ਦੀ ਦੁਹਰੁਕਤੀਯੁਕਤ ਵਰਤੋਂ ਹੈ, ਦੂਜਾ ਵਾਕ ਦੁਹਰੁਕਤੀਯੁਕਤ ਦਾ ਕੇਵਲ ਭੁਲੇਖਾ ਸਿਰਜਦਾ ਹੈ। 'ਜਿਨਿ ਜਿਨਿ' 'ਜਿਸ ਕਿਸੇ' ਦੇ ਅਰਥਾਂ ਵਿਚ ਵਰਤੇ ਗਏ ਦੁਹਰੁਕਤੀਯੁਕਤ ਸ਼ਬਦ ਹਨ। ਦੁਹਰੁਕਤੀਯੁਕਤ ਰੂਪ

ਬਹੁਵਚਨ ਦਾ ਪ੍ਰਕਾਰਜ ਕਰਦੇ ਹਨ। ਦੁਹਰੁਕਤੀ ਦਾ ਆਪਣਾ ਵਿਸ਼ੇਸ਼ ਮਹੱਤਵ ਹੈ, 'ਕਿਰਿਆ' ਇਕਵਚਨ ਹੋਣ ਦੇ ਬਾਵਜੂਦ ਵੀ ਦੁਹਰੁਕਤੀਯੁਕਤ ਸ਼ਬਦ ਬਹੁਵਚਨ ਦਾ ਕਾਰਜ ਕਰ ਰਹੇ ਹਨ। 'ਜਿਨਿ ਜਿਨਿ' ਦਾ ਇਕਹਿਰਾ ਰੂਪ ਵਰਤਣ ਨਾਲ ਤੁਕਾਂ ਦਾ ਵਜਨ ਸਮਤੋਲ ਨਹੀਂ ਰਹਿੰਦਾ ਅਤੇ ਤੁਕਾਂ ਦੀ ਰਵਾਨਗੀ ਨਹੀਂ ਰਹਿੰਦੀ। ਸੋ ਅਜਿਹੇ ਪ੍ਰਸੰਗ ਵਿਚ ਦੁਹਰੁਕਤੀ ਦਾ ਵਿਸ਼ੇਸ਼ ਮਹੱਤਵ ਹੈ।

## ਸ. ਪੜਨਾਂਵ ਦੁਹਰੁਕਤੀ: ਪ੍ਰਕਾਰਜ

ਦੁਹਰੁਕਤੀਯੁਕਤ ਪੜਨਾਂਵ ਦੀਆਂ ਕਾਰਜ ਪੱਖ ਤੋਂ ਅਰਥ ਸੰਚਾਰ ਦੀਆਂ ਤਿੰਨ ਇਕਾਈਆਂ 'ਕਾਰਜ ਆਦੇਸ਼ (ਸ਼੍ਰੇਣੀ ਪਰਿਵਰਤਨ), ਅਰਥ ਸੰਕੋਚ' ਅਤੇ 'ਅਰਥ ਵਿਸਥਾਰ' ਮਿਲਦੀਆਂ ਹਨ।

i. **ਕਾਰਜ ਆਦੇਸ਼:-** ਪਹਿਲਾ ਪੁਰਖ ਪੜਨਾਂਵ ਵਿਚ ਦੂਹਰੇ ਸ਼ਬਦ ਮੁਖ ਤੌਰ 'ਤੇ 'ਕਾਰਜ ਆਦੇਸ਼' ਦਾ ਪ੍ਰਕਾਰਜ ਕਰਦੇ ਹਨ:

**ਹਉ ਹਉ** ਕਰਤੀ ਮੈ ਮੁਈ ਸਬਦਿ ਰਵੈ ਮਨਿ ਗਿਆਨੁ ॥ (ਮਃ ੧) ਅੰਗ ੯੩੭

**ਮੇਰੀ ਮੇਰੀ** ਕਰਦੇ ਘਟਿ ਗਏ ਤਿਨਾ ਹਥਿ ਕਿਹੁ ਨ ਆਇਆ ॥ (ਮਃ ੩) ਅੰਗ ੫੫੯

**ਮੇਰੀ ਮੇਰੀ** ਕਰਿ ਮੁਏ ਵਿਣੁ ਨਾਵੈ ਦੁਖੁ ਭਾਲਿ ॥ (ਮਃ ੧) ਅੰਗ ੯੩੬

**ਹਉ ਹਉ** ਅਤੇ **ਮੇਰੀ ਮੇਰੀ** ਦੂਹਰੇ ਰੂਪ 'ਭਾਵ ਵਾਚਕ ਨਾਂਵ' ਦਾ ਕਾਰਜ ਕਰ ਰਹੇ ਹਨ। ਇਹ ਕਰਤਾ ਤੋਂ ਕਰਮ ਦੀ ਸਥਿਤੀ ਵਿਚ ਹਨ। ਉਪਰੋਕਤ ਵਾਕਾਂ ਵਿਚ ਇਹਨਾਂ ਦਾ ਮੂਲ ਅਰਥ ਨਹੀਂ ਬਦਲ ਰਿਹਾ, ਬਲਕਿ ਇਸਦੀ ਕਾਰਜਗਤ ਇਕਾਈ ਬਦਲਦੀ ਹੈ। 'ਕਾਰਜ ਆਦੇਸ਼' ਦੀ ਸਥਿਤੀ ਵਿਚ ਦੂਹਰੇ ਸ਼ਬਦ ਸ਼੍ਰੇਣੀ ਪਰਿਵਰਤਨ ਦਾ ਕਾਰਜ ਕਰਦੇ ਹਨ। ਇਹ ਵਾਕ ਦੇ ਕੋਸ਼ੀ ਅਰਥ ਬਲਦੇ ਬਿਨਾਂ 'ਸ਼੍ਰੇਣੀ ਪਰਿਵਰਤਨ' ਦਾ ਕਾਰਜ ਕਰ ਰਹੇ ਹਨ। ਇਕਹਿਰਾ ਸ਼ਬਦ ਵਾਕ ਦੀ ਭਾਵ ਬਣਤਰ ਦਾ ਸੰਚਾਰ ਨਹੀਂ ਕਰਦਾ ਅਤੇ ਕਾਵਿ ਸੁਹਜ ਵਿਚ ਖਲਲ ਪੈਦਾ ਕਰਦਾ ਹੈ। ਦੁਹਰੁਕਤੀ ਅਰਥ ਸੰਚਾਰ ਨੂੰ ਇਕ ਨਵੀਂ ਦਿਸ਼ਾ ਦਿੰਦੀ ਹੈ, ਸ਼ਬਦ ਦੀ ਭਾਵ ਬਣਤਰ ਵਿਸ਼ੇਸ਼ ਕਾਰਜੀ ਅਰਥਾਂ ਦਾ ਸੰਚਾਰ ਕਰਦੀ ਹੈ।

ii. **ਅਰਥ ਸੰਕੋਚ:-** ਵਾਕ ਦੇ ਸੰਦਰਭ ਵਿਚ ਕਈ ਵਾਰ ਸ਼ਬਦ ਦੀ ਦੂਹਰੀ ਵਰਤੋਂ ਨਾਲ ਕਾਰਜ ਪੱਖ ਤੋਂ 'ਅਰਥ ਵਿਸ਼ੇਸ਼' ਸ਼੍ਰੇਣੀ ਤੱਕ ਸੀਮਿਤ ਹੋ ਜਾਂਦੇ ਹਨ। ਇਹ ਕੇਵਲ ਉਸ ਦੇ ਮੂਲ ਅਰਥ 'ਤੇ ਬਲ ਦਿੰਦੇ ਹਨ:

ਕਬੀਰ **ਤੂੰ ਤੂੰ** ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ (ਕਬੀਰ) ਅੰਗ ੧੩੭੫

ਹਰਹਟ ਭੀ **ਤੂੰ ਤੂੰ** ਕਰਹਿ ਬੋਲਹਿ ਭਲੀ ਬਾਣਿ ॥ (ਮ: ੩) ਅੰਗ ੧੪੨੦

ਜੋ ਕਿਛੁ ਕਰੇ ਸੁ **ਆਪੇ ਆਪੇ** ॥ (ਮ: ੧) ਅੰਗ ੧੦੨੫

ਦੂਜਾ ਪੁਰਖ ਪੜਨਾਂਵ ਰੂਪ ਅਤੇ ਨਿਜਵਾਚਕ ਪੜਨਾਂਵ ਰੂਪ ਕੇਵਲ ਪਰਮਾਤਮਾ ਲਈ ਵਰਤੇ ਗਏ ਹਨ। ਕਬੀਰ ਆਪਾ ਭਾਵ ਮਿਟਾ ਕੇ ਤੂ ਤੂ ਕਰਦਾ ਹੈ, ਹਰਹਟ ਵੀ ਤੂ ਤੂ ਕਰਦੇ ਹਨ। "ਜੋ ਕੁਝ ਕਰਦਾ ਹੈ ਪ੍ਰਭੂ ਆਪ ਹੀ ਆਪ ਕਰਦਾ ਹੈ।"[28] ਉਪਰੋਕਤ ਵਾਕਾਂ ਵਿਚ ਪੜਨਾਂਵ ਦੀ ਦੂਹਰੀ ਵਰਤੋਂ ਨਾਲ ਅਰਥ ਤੂ (ਪਰਮਾਤਮਾ) 'ਤੇ ਸਿਮਟ ਗਏ ਹਨ, ਆਪਾ ਭਾਵ ਖ਼ਤਮ ਹੋ ਗਿਆ ਹੈ। ਦੁਹਰੁਕਤੀ ਸ਼ਬਦ ਦੀ 'ਤੀਬਰਤਾ' ਨੂੰ ਦਰਸਾ ਰਹੀ ਹੈ। ਮੈਂ ਦੀ ਕੋਈ ਹੋਂਦ ਨਹੀਂ, ਜੋ ਕੁਝ ਹੈ ਤੂ ਹੀ ਹੈ, ਮੈਂ 'ਤੂ' ਦੇ ਵਿਚ ਸਮਾ ਗਿਆ ਹੈ।

iii. **ਅਰਥ ਵਿਸਥਾਰ:-** ਪੜਨਾਂਵ ਦੁਹਰੁਕਤੀ ਵਿਚ ਪ੍ਰਸ਼ਨ ਵਾਚਕ ਪੜਨਾਂਵ ਅਤੇ ਸੰਬੰਧ ਵਾਚਕ ਪੜਨਾਂਵ ਵਿਚਲੇ ਦੂਹਰੇ ਸ਼ਬਦ ਅਰਥ ਵਿਸਥਾਰ ਦਾ ਕਾਰਜ ਕਰਦੇ ਹਨ। ਅਰਥ ਕਿਸੇ ਇਕ ਸ਼੍ਰੇਣੀ ਤੱਕ ਸੀਮਿਤ ਨਹੀਂ ਰਹਿੰਦਾ, ਬਲਕਿ ਬਹੁਵਚਨ ਦੇ ਅਰਥਾਂ ਵਿਚ ਕਾਰਜ ਕਰਦਾ ਹੈ। ਸੋ ਵਾਕ ਬਣਤਰ ਵਿਚ ਦੂਹਰੇ ਸ਼ਬਦ ਦੀ ਅਰਥਗਤ ਇਕਾਈ 'ਅਰਥ ਵਿਸਥਾਰ' ਦਾ ਕਾਰਜ ਕਰਦੀ ਹੈ:

ਦਰਗਹ ਲੇਖਾ ਮੰਗੀਐ **ਕਿਸੁ ਕਿਸੁ** ਉਤਰੁ ਦੇਉ ॥ (ਮ: ੩) ਅੰਗ ੧੦੮੯

**ਜੋ ਜੋ** ਦੀਸੈ **ਸੋ ਸੋ** ਰੋਗੀ॥ ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥

(ਮ: ੫) ਅੰਗ ੧੧੪੦

[28] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਸੱਤਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 550.

**ਜੋਈ ਜੋਈ** ਜੋਰਿਓ **ਸੋਈ ਸੋਈ** ਫਾਟਿਓ॥ ਝੂਠੈ ਬਨਜਿ ਉਠਿ ਹੀ ਗਈ ਹਾਟਿਓ ॥

(ਰਵਿਦਾਸ) ਅੰਗ ੧੨੯੩

ਨਾਨਕ **ਜਿਸੁ ਜਿਸੁ** ਭਾਵੈ **ਤਿਸੁ ਤਿਸੁ** ਨਿਸਤਾਰੈ ॥ (ਮਃ ੫) ਅੰਗ ੨੭੬

'ਕਿਸੁ ਕਿਸੁ, ਜੋ ਜੋ, ਸੋ ਸੋ, ਜੋਈ ਜੋਈ, ਸੋਈ ਸੋਈ, ਜਿਸੁ ਜਿਸੁ, ਤਿਸੁ ਤਿਸੁ' ਇਹਨਾਂ ਸ਼ਬਦਾਂ ਦੇ ਬਹੁਵਚਨ ਰੂਪ ਨਹੀਂ ਬਣਦੇ, ਇਹ ਦੂਹਰੇ ਰੂਪ ਵਿਚ ਬਹੁਵਚਨ ਵਜੋਂ ਸਮੁਚਤਾ ਦਾ ਕਾਰਜ ਕਰਦੇ ਹਨ। ਬਹੁਵਚਨ ਦੇ ਅਰਥਾਂ ਵਿਚ ਕਾਰਜ ਪੱਖ ਤੋਂ 'ਅਰਥ ਵਿਸਥਾਰ' ਦਾ ਕਾਰਜ ਕਰਦੇ ਹਨ। ਗਾਇਨ ਸ਼ੈਲੀ ਦੇ ਪੱਖ ਤੋਂ ਇਹ ਲੈਅ ਦਾ ਕਾਰਜ ਕਰਦੇ ਵਾਕ 'ਸੁਰ' ਵਿਚ ਕਾਰਜਸ਼ੀਲ ਹੁੰਦੇ ਹਨ। ਉਪਰੋਕਤ ਵਾਕਾਂ ਵਿਚ ਬਹੁਵਚਨ ਦੀ ਇਕਾਈ ਵੱਖਰੀ ਕਿਸਮ ਦੀ ਹੈ। ਦੂਹਰੇ ਰੂਪ ਇਕਵਚਨ ਤੋਂ ਬਹੁਵਚਨ ਦੇ ਪ੍ਰਸੰਗ ਵਿਚ ਵਿਕਲਪੀ ਚੋਣ ਦਾ ਅਰਥ ਦਿੰਦੇ ਹਨ।

ਉਪਰੋਕਤ ਪੜਨਾਂਵ ਦੁਹਰੁਕਤੀ ਦੇ ਵਿਸ਼ਲੇਸ਼ਣ ਉਪਰੰਤ ਸੰਖੇਪ ਵਿਚ ਕਿਹਾ ਜਾ ਸਕਦਾ ਹੈ, ਇਕ ਪੜਨਾਂਵ ਦੀ ਦੂਹਰੀ ਵਰਤੋਂ 'ਪੜਨਾਂਵ ਦੁਹਰੁਕਤੀ ' ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਦੇ ਪੁਰਾਤਨ ਰੂਪ ਵਧੇਰੇ ਵਰਤੇ ਗਏ ਹਨ। ਦੂਹਰੇ ਪੜਨਾਂਵਾਂ ਦੀ ਵਰਤੋਂ ਇਕਹਿਰੀ ਵਰਤੋਂ ਤੋਂ ਸੀਮਿਤ ਤੇ ਵੱਖਰੀ ਹੈ। ਕਾਵਿ ਰਚਨਾ ਵਿਚ ਸੁਹਜ ਪੈਦਾ ਕਰਨ ਲਈ ਪੜਨਾਂਵਾਂ ਦੀ ਵਰਤੋਂ ਵਿਸ਼ੇਸ਼ ਢੰਗ ਨਾਲ ਕੀਤੀ ਮਿਲਦੀ ਹੈ। ਇਕਹਿਰੇ ਪੜਨਾਂਵਾਂ ਵਿਚ ਅਜੋਕੇ ਰੂਪਾਂ ਦੀ ਵਰਤੋਂ ਵੀ ਮਿਲਦੀ ਹੈ। ਅਜੋਕੇ ਪੜਨਾਂਵਾਂ (ਇਹ, ਉਹ, ਉਸ, ਇਸ ਆਦਿ) ਦੇ ਕੁਝ ਰੂਪ ਦੁਹਰੁਕਤੀ ਵਜੋਂ ਨਹੀਂ ਵਰਤੇ ਜਾਂਦੇ, ਅਜਿਹੇ ਪੜਨਾਂਵਾਂ ਲਈ ਗੁਰੂ ਗ੍ਰੰਥ ਸਾਹਿਬ ਵਿਚ 'ਸ/ਤ' ਵਾਲੇ ਰੂਪ ਵਰਤੇ ਗਏ ਹਨ। ਸੰਬੰਧ ਵਾਚਕ ਪੜਨਾਂਵਾਂ ਵਿਚ 'ਸ' ਦੇ ਵਧੇਰੇ ਰੂਪ 'ਤ' ਨਾਲ ਸ਼ੁਰੂ ਹੁੰਦੇ ਹਨ, ਪ੍ਰੰਤੂ ਇਹਨਾਂ ਰੂਪਾਂ ਦੀ 'ਸ' ਰੂਪਾਂ ਤੋਂ ਵੱਖਰਤਾ ਹੈ। 'ਤ' ਰੂਪਾਂ ਨਾਲ ਸੰਬੰਧਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਸੰਬੰਧਕ ਤੋਂ ਬਿਨਾਂ ਵਾਕ ਦੀ ਵਿਆਕਰਨਕ ਬਣਤਰ ਨਹੀਂ ਬਣਦੀ ਅਤੇ ਅਰਥ ਵਿਸਥਾਰ ਦੀ ਸੰਭਾਵਨਾ ਨਹੀਂ ਰਹਿੰਦੀ। 'ਜੋ, ਸੋ' ਦੇ ਦੁਹਰੁਕਤੀਯੁਕਤ ਰੂਪ 'ਸਮੁਚਤਾ' ਦਾ ਭਾਵ ਸਿਰਜਦੇ ਹਨ। ਵਾਕ ਵਿਚ ਨਾਂਵ ਦਾ ਬਾਰ ਬਾਰ ਦੁਹਰਾਉ ਨਾ ਕਰਕੇ ਪੜਨਾਂਵ ਦੀ ਵਰਤੋਂ ਕੀਤੀ

ਜਾਂਦੀ ਹੈ। ਵਾਕ ਵਿਚ ਨਾਂਵ ਸ਼ਬਦ ਦਾ ਲਗਾਤਾਰ ਦੁਹਰਾਉ ਵਾਕ ਨੂੰ ਬੇਲੋੜਾ ਵਿਸਥਾਰ ਦਿੰਦਾ ਹੈ ਤੇ ਵਾਕ ਕੋਹਝਾ ਜਾਪਦਾ ਹੈ। ਸੋ ਨਾਂਵ ਦੀ ਥਾਂ ਪੜਨਾਂਵ ਦੀ ਵਰਤੋਂ ਵਾਕ ਨੂੰ ਸੰਖਿਪਤ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ। ਇਹ ਕੇਵਲ ਰੂਪਕ ਪੱਖ ਤੋਂ ਹੀ ਇਕਹਿਰੇ ਪੜਨਾਂਵਾਂ ਤੋਂ ਵੱਖਰਤਾ ਨਹੀਂ ਰੱਖਦੇ, ਬਲਕਿ ਪ੍ਰਕਾਰਜ ਦੇ ਪੱਖ ਤੋਂ ਵੀ ਵਿਸ਼ੇਸ਼ ਭਾਵ ਦਾ ਪ੍ਰਕਾਰਜ ਕਰਦੇ ਹਨ। ਵਾਕ ਬਣਤਰ ਵਿਚ ਦੁਹਰੁਕਤੀ ਦਾ ਆਪਣਾ ਮਹੱਤਵ ਹੈ। ਇਹ ਇਕ ਸੁਤੰਤਰ ਵਾਕੰਸ਼ ਦੀ ਸਿਰਜਨਾ ਕਰਨ ਦੇ ਸਮਰੱਥ ਹਨ ਅਤੇ ਅਸੀਂ ਇਸਦੀ ਪਛਾਣ ਦਾ ਆਧਾਰ ਵੀ ਵਾਕੰਸ਼ ਨੂੰ ਬਣਾਇਆ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ਣ ਦੁਹਰੁਕਤੀ: ਰੂਪ ਤੇ ਪ੍ਰਕਾਰਜ

ਭਾਸ਼ਾ ਅਰਥ ਭਰਪੂਰ ਵਰਤਾਰਾ ਹੈ। ਇਸ ਵਰਤਾਰੇ ਨੂੰ ਸਮਝਣ ਲਈ ਸਮੁੱਚੀ ਸ਼ਬਦਾਵਲੀ ਨੂੰ 'ਅਰਥ' ਅਤੇ 'ਕਾਰਜ' ਦੇ ਆਧਾਰ 'ਤੇ ਦੋ ਭੇਦਾਂ 'ਮੁਖ ਸ਼ਬਦ ਸ਼੍ਰੇਣੀਆਂ' ਅਤੇ 'ਗੌਣ ਸ਼ਬਦ ਸ਼੍ਰੇਣੀਆਂ' ਜਾਂ 'ਬੰਦ ਸ਼ਬਦ ਸ਼੍ਰੇਣੀਆਂ' (ਸੀਮਿਤ) ਅਤੇ 'ਖੁਲੀਆਂ ਸ਼ਬਦ ਸ਼੍ਰੇਣੀਆਂ' (ਅਸੀਮਤ) ਵਿਚ ਵੰਡਿਆ ਜਾਂਦਾ ਹੈ। ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ ਅਤੇ ਨਿਪਾਤ ਭਾਸ਼ਾ ਦੀਆਂ ਸ਼ਾਬਦਿਕ ਸ਼੍ਰੇਣੀਆਂ ਹਨ। 'ਲਾਇਨਜ਼' ਨੇ ਇਹਨਾਂ ਨੂੰ "ਪ੍ਰਥਮ ਸ਼ਬਦ ਸ਼੍ਰੇਣੀਆਂ"[1] ਕਿਹਾ ਹੈ। 'ਵਿਸ਼ੇਸ਼ਣ' ਮੁਖ ਸ਼ਬਦ ਸ਼੍ਰੇਣੀਆਂ ਵਿਚ ਸ਼ੁਮਾਰ ਸ਼੍ਰੇਣੀ ਹੈ। ਇਸ ਦੀ ਸ਼ਬਦਾਵਲੀ ਅਸੀਮਿਤ ਹੋਣ ਕਾਰਨ ਇਹ 'ਖੁੱਲੀ ਸ਼ਬਦ ਸ਼੍ਰੇਣੀ' ਦਾ ਮੈਂਬਰ ਹੈ। "ਉਹ ਸ਼ਬਦ ਜਿਹੜਾ ਨਾਂਵ ਦੀ ਵਿਸ਼ੇਸ਼ਤਾ ਦਰਸਾਏ ਵਿਸ਼ੇਸ਼ਣ ਹੈ।"[2] ਪਾਮਰ ਨੇ ਵਿਸ਼ੇਸ਼ਣ ਨੂੰ ਨਾਂਵ ਸ਼੍ਰੇਣੀ ਤੱਕ ਸੀਮਿਤ ਕੀਤਾ ਹੈ, ਜਦਕਿ ਇਹ ਕੇਵਲ ਨਾਂਵ ਦੀ ਵਿਸ਼ੇਸ਼ਤਾ ਨਹੀਂ ਦਰਸਾਉਂਦਾ। "ਵਿਸ਼ੇਸ਼ਣ ਅਜਿਹਾ ਸ਼ਬਦ ਹੈ, ਜਿਹੜਾ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦਰਸਾਉਂਦਾ ਹੈ।"[3] ਭਾਸ਼ਾ ਵਿਚਲੇ ਉਹ ਸਾਰੇ ਸ਼ਬਦ ਜੋ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦੇ 'ਵਿਸ਼ੇਸ਼ਕ' ਵਜੋਂ ਵਿਚਰਦੇ ਹਨ, 'ਵਿਸ਼ੇਸ਼ਣ' ਹਨ। ਜਿਸ ਸ਼ਬਦ ਨਾਲ ਵਿਸ਼ੇਸ਼ਣ ਵਰਤਿਆ ਜਾਂਦਾ ਹੈ, ਭਾਵ ਵਿਸ਼ੇਸ਼ਣ ਜਿਸਦੀ ਵਿਸ਼ੇਸ਼ਤਾ ਦਰਸਾਉਂਦਾ ਹੈ, ਉਸਨੂੰ 'ਵਿਸ਼ੇਸ਼' ਕਿਹਾ ਜਾਂਦਾ ਹੈ। ਜਿਵੇਂ: 'ਮਤਿ ਦੇਹਿ ਹਰਿ ਪ੍ਰਭ **ਅਗਮ ਠਾਕੁਰ** ਗੁਰ ਚਰਨ ਮਨੁ ਮੈ ਲਾਇਓ॥'[4] **ਅਗਮ** 'ਠਾਕੁਰ' ਦਾ ਵਿਸ਼ੇਸ਼ਣ ਹੈ, ਇਹ ਠਾਕੁਰ ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ, ਠਾਕੁਰ (ਨਾਂਵ) ਇਸਦਾ ਵਿਸ਼ੇਸ਼ ਹੈ।

---

1 We shall refer to the 'Parts of speech' as Primary grammatical categories, John Lyons, Introduction to Theoretical Linguistic, Cambridge University, 1968. Pn 274.

2 An Adjective is a word used to qualify a noun, Palmer Frank, Grammar, Penguin Books, England, 1971, pn 59.

3 An Adjective is a word which qualifies a noun, a pronoun or an adjectives, Aryendra Sharma, A Basic Grammar of Modern Hindi, Central Hindi Directorate, New Delhi, 1958, pn 58.

4 ਗੁਰੂ ਗ੍ਰੰਥ ਸਾਹਿਬ, ਪੰਨਾ 985.

## ੳ. ਵਿਸ਼ੇਸਣ: ਪਰਿਭਾਸ਼ਾ ਤੇ ਭੇਦ

> **ਦੁਨੀ ਚੰਦ੍ਰ** ਅਨੁਸਾਰ: "ਕਿਸੇ ਪਦ ਦੀ ਵਿਸ਼ੇਸ਼ਤਾ ਦੱਸਣ ਲਈ ਅਰਥਾਤ ਉਸਦੇ ਗੁਣ, ਅਵਸਥਾ, ਗਿਣਤੀ ਆਦਿ ਦਾ ਬੋਧ ਕਰਵਾਉਣ ਲਈ ਜਿਹੜਾ ਪਦ ਵਰਤਿਆ ਜਾਂਦਾ ਹੈ, ਉਸਨੂੰ ਵਿਸ਼ੇਸ਼ਣ ਆਖਦੇ ਹਨ, ਜਿਵੇਂ: ਭੈੜਾ ਮਨੁੱਖ, ਤਿੱਖਾ ਨੱਕ, ਕਾਲਾ ਸੱਪ, ਕਾਲੀ ਰਾਤ, ਚੱਲਦੀ ਗੱਡੀ, ਪੰਦਰਾਂ ਸੇਉ।"[5]

**ਦੁਨੀ ਚੰਦ੍ਰ** ਨੇ ਵਿਸ਼ੇਸ਼ਣ ਦੀ ਪਰਿਭਾਸ਼ਾ ਬਹੁਤ ਵਿਸ਼ਾਲ ਅਰਥਾਂ ਵਿਚ ਕੀਤੀ ਹੈ, ਕਿਸੇ ਵੀ ਸ਼ਬਦ ਦੀ ਵਿਸ਼ੇਸ਼ਤਾ ਪ੍ਰਗਟਾਉਂਦਾ ਸ਼ਬਦ 'ਵਿਸ਼ੇਸ਼ਣ' ਹੈ। ਵਿਸ਼ੇਸ਼ਣ 'ਵਿਸ਼ੇਸ਼' ਨਾਲ ਲੱਗ ਕੇ ਉਸਦਾ ਅਰਥ ਘੇਰਾ ਸੀਮਿਤ ਕਰ ਦਿੰਦੇ ਹਨ।

> ਗੰਢੁ ਪਰੀਤੀ **ਮਿਠੇ ਬੋਲ** ॥ (ਮ: ੧) ਅੰਗ ੧੪੩
>
> ਹਮ ਗੁਣ ਨਾਹੀ ਕਿਆ ਬੋਲਹ **ਬੋਲ** ॥ (ਮ: ੩) ਅੰਗ ੧੦੫੧

ਪਹਿਲੇ ਵਾਕ ਵਿਚ **ਮਿਠੇ** ਵਿਸ਼ੇਸ਼ਣ ਵਰਤਣ ਨਾਲ 'ਬੋਲ' ਨਾਂਵ ਦਾ ਘੇਰਾ ਸੀਮਿਤ ਹੋ ਗਿਆ ਹੈ। ਦੂਜੇ ਵਾਕ ਵਿਚ 'ਬੋਲ' ਨਾਂਵ ਨਾਲ ਕੋਈ 'ਵਿਸ਼ੇਸ਼ਣ' ਨਾ ਹੋਣ ਕਾਰਨ ਕੋਈ ਵੀ 'ਬੋਲ' ਹੋ ਸਕਦਾ ਹੈ, ਪਰ ਵਿਸ਼ੇਸ਼ਣ ਦੀ ਵਰਤੋਂ ਕੇਵਲ 'ਮਿਠੇ ਬੋਲ' ਦਾ ਪ੍ਰਕਾਰਜ ਕਰ ਰਹੀ ਹੈ। ਇਸ ਤਰ੍ਹਾਂ ਵਿਸ਼ੇਸ਼ਣ ਜਿਸ 'ਵਿਸ਼ੇਸ਼' ਨਾਲ ਲੱਗਦੇ ਹਨ, ਉਸਦਾ ਅਰਥ ਘੇਰਾ ਸੀਮਿਤ ਕਰ ਦਿੰਦੇ ਹਨ।

> **ਹਰਕੀਰਤ ਸਿੰਘ** ਅਨੁਸਾਰ: "ਜਿਹੜਾ ਸ਼ਬਦ ਕਿਸੇ ਨਾਂਵ, ਪੜਨਾਂਵ ਜਾਂ ਖੁਦ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦਰਸਾਵੇ ਉਸਨੂੰ ਵਿਸ਼ੇਸ਼ਣ ਕਹਿੰਦੇ ਹਨ। ਚੰਗੀ ਕਿਤਾਬ, ਸੋਹਣੀ ਤਸਵੀਰ, ਚਿੱਟਾ ਕਾਗਜ਼, ਨਿੱਕਾ ਮੁੰਡਾ,

---

[5] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 87.

ਬਹੁਤੇ ਲੋਕ, ਬੀਮਾਰ ਆਦਮੀ ਵਿਚ ਚੰਗੀ, ਸੋਹਣੀ, ਚਿੱਟਾ, ਕਾਗਜ਼,

ਨਿੱਕਾ ਅਤੇ ਬਹੁਤੇ ਵਿਸ਼ੇਸ਼ਣ ਹਨ।"[6]

ਹਰਕੀਰਤ ਸਿੰਘ ਨੇ ਮੁਖ ਸ਼ਬਦ ਸ਼੍ਰੇਣੀਆਂ ਨਾਂਵ/ਪੜਨਾਂਵ ਅਤੇ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦਰਸਾਉਣ ਵਾਲੇ ਸ਼ਬਦਾਂ ਨੂੰ 'ਵਿਸ਼ੇਸ਼ਣ' ਸ਼ਬਦ ਸ਼੍ਰੇਣੀ ਵਿਚ ਸ਼ਾਮਿਲ ਕੀਤਾ ਹੈ।

ਵਾਕ ਨੂੰ ਦੋ ਹਿੱਸਿਆ ਵਿਚ ਵੰਡਿਆ ਜਾਂਦਾ ਹੈ, ਇਹਨਾਂ ਹਿੱਸਿਆ ਨੂੰ 'ਵਾਕੰਸ਼' ਕਹਿੰਦੇ ਹਨ। ਸਾਧਾਰਨ ਵਾਕ ਵਿਚ ਘੱਟੋ ਘੱਟ ਇਕ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਹੁੰਦਾ ਹੈ। ਵਿਸ਼ੇਸ਼ਣ 'ਨਾਂਵ ਵਾਕੰਸ਼' ਦੇ ਤੱਤਾਂ ਵਜੋਂ ਵਿਚਰ ਕੇ ਉਸਦੇ 'ਵਿਸ਼ੇਸ਼ਕੀ' ਗੁਣਾਂ ਵਿਚ ਵਾਧਾ ਕਰਦੇ ਹਨ। ਕੁਝ ਹਾਲਤਾਂ ਵਿਚ ਇਹ 'ਨਾਂਵ ਵਾਕੰਸ਼' ਦੀ ਥਾਂ ਵਿਚਰ ਕੇ ਉਸਦਾ ਵਾਕਾਤਮਕ ਕਾਰਜ ਕਰਦੇ ਹਨ, ਜਿਵੇਂ:

**ਅਗਮ ਅਗੋਚਰੁ** ਸਾਹਿਬੁ ਮੇਰਾ ॥

**ਅਗਮ ਅਗੋਚਰੁ** ਲਖਿਆ ਨ ਜਾਇ ॥

ਪਹਿਲੇ ਵਾਕ ਵਿਚ **ਅਗਮ ਅਗੋਚਰੁ** (ਵਿਸ਼ੇਸ਼ਣ), **ਸਾਹਿਬੁ** (ਨਾਂਵ) ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। ਦੂਜੇ ਵਾਕ ਵਿਚ **ਅਗਮ ਅਗੋਚਰੁ** 'ਨਾਂਵ ਵਾਕੰਸ਼' ਦਾ ਕਾਰਜ ਕਰ ਰਿਹਾ ਹੈ। ਇਸ ਤਰ੍ਹਾਂ ਵਿਸ਼ੇਸ਼ਣ, 'ਨਾਂਵ/ ਪੜਨਾਂਵ' ਦਾ ਵਾਕਾਤਮਕ ਕਾਰਜ ਵੀ ਕਰਦਾ ਹੈ। ਇਹ ਜਿਸ ਨਾਂਵ/ ਪੜਨਾਂਵ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ, ਵਾਕ ਵਿਚੋਂ ਨਾਂਵ/ ਪੜਨਾਂਵ ਦੀ ਗ਼ੈਰ ਹਾਜ਼ਰੀ ਵਿਚ, ਇਹ 'ਨਾਂਵ/ ਪੜਨਾਂਵ' ਦੀ ਸਥਿਤੀ ਅਤੇ ਕਾਰਜ ਦਰਸਾਉਣ ਲਈ ਵਰਤੇ ਜਾਂਦੇ ਹਨ। ਅਪੂਰਨ ਕਿਰਿਆਤਮਕ ਵਾਕਾਂ ਵਿਚ ਵਿਸ਼ੇਸ਼ਣ, 'ਕਿਰਿਆ ਵਾਕੰਸ਼' ਵਜੋਂ ਵੀ ਵਿਚਰਦੇ ਹਨ। ਵਿਆਕਰਨਕ ਤੌਰ 'ਤੇ ਇਹ 'ਅਪੂਰਨ' ਕਿਰਿਆ ਦੇ 'ਪੂਰਕ' ਦਾ ਕਾਰਜ ਕਰਦੇ ਹਨ, ਜਿਵੇਂ:

ਮਨੁ **ਮਾਣਕੁ ਨਿਰਮੋਲੁ** ਹੈ ਰਾਮ ਨਾਮਿ ਪਤਿ ਪਾਇ ॥ (ਮਃ ੧) ਅੰਗ ੨੨

ਜਿਨ ਗੁਰਮੁਖਿ ਹਿਰਦਾ **ਸੁਧੁ** ਹੈ ਸੇਵ ਪਈ ਤਿਨ ਥਾਇ ॥ (ਮਃ ੩) ਅੰਗ ੨੮

---

[6] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 14.

ਸਭਨਾ ਕਾ ਦਾਤਾ **ਏਕੁ** ਹੈ ਆਪੇ ਬਖਸ ਕਰੇਇ ॥ (ਮਃ ੩) ਅੰਗ ੩੦

**ਨਿਰਮੋਲੁ, ਸੁਧੁ, ਏਕੁ** ਅਰਥ ਦੇ ਪੱਖ ਤੋਂ 'ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ ਅਤੇ ਵਿਆਕਰਨਕ ਪੱਖ ਤੋਂ 'ਕਿਰਿਆ ਪੂਰਕ' ਦਾ ਕਾਰਜ ਕਰ ਰਹੇ ਹਨ। ਵਿਆਕਰਨ ਵਜੋਂ 'ਨਿਰਮੋਲੁ' ਕਿਰਿਆ ਵਾਕੰਸ਼ ਦਾ ਹਿੱਸਾ ਹੈ। ਪਹਿਲੇ ਵਾਕ ਵਿਚ ਦੋ ਵਿਸ਼ੇਸ਼ਣ ਹਨ: ਮਾਣਕੁ ਅਤੇ ਨਿਰਮੋਲ, 'ਮਾਣਕੁ' ਮਨੁ (ਨਾਂਵ) ਦਾ ਵਿਸ਼ੇਸ਼ਣ ਹੈ, ਨਿਰਮੋਲ ਦਾ ਕਾਰਜ ਦੋਹਰਾ ਹੈ। ਉਪਰੋਕਤ ਵਾਕਾਂ ਵਿਚ 'ਵਿਸ਼ੇਸ਼ਣ' ਨਾਂਵ ਤੋਂ ਬਾਅਦ ਆਏ ਹਨ। ਸੋ ਵਿਸ਼ੇਸ਼ਣ, ਨਾਂਵ/ ਪੜਨਾਂਵ ਤੋਂ ਪਹਿਲਾਂ ਜਾਂ ਬਾਅਦ ਕਿਤੇ ਵੀ ਆ ਸਕਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਬਹੁਤ ਉਦਾਹਰਨ ਮਿਲਦੇ ਹਨ, ਜਿਥੇ 'ਵਿਸ਼ੇਸ਼ਣ' ਨਾਂਵ ਵਾਕੰਸ਼ ਦਾ ਹਿੱਸਾ ਨਹੀਂ, ਬਲਕਿ 'ਕਿਰਿਆ ਪੂਰਕ' ਵਜੋਂ 'ਕਿਰਿਆ ਵਾਕੰਸ਼' ਦਾ ਹਿੱਸਾ ਹਨ।

"ਪੰਜਾਬੀ ਵਿਸ਼ੇਸ਼ਣਾਂ ਦਾ ਨਿਰਮਾਣ ਤਿੰਨ ਤਰ੍ਹਾਂ ਨਾਲ ਹੁੰਦਾ ਹੈ"[7]:

i. **ਨਾਂਵਾਂ ਤੇ ਵਿਸ਼ੇਸ਼ਣ**: (ਸੁਖੁ ਤੋਂ ਸੁਖੀ, ਦੁਖੁ ਤੋਂ ਦੁਖੀ, ਸਚ ਤੋਂ ਸਾਚਾ)

ii. **ਵਿਸ਼ੇਸ਼ਣਾਂ ਤੋਂ ਵਿਸ਼ੇਸ਼ਣ**: (ਵਧ ਤੋਂ ਵਧੀ, ਵਧੈ, ਵਧੇਰੀ ਆਦਿ)

iii. **ਕਿਰਿਆ ਤੋਂ ਵਿਸ਼ੇਸ਼ਣ**: (ਚਲ ਤੋਂ ਚਲਦੀ)

ਜਿਨਿ ਹਰਿ ਸੇਵਿਆ ਤਿਨਿ **ਸੁਖੁ** ਪਾਇਆ ॥ (ਮਃ ੪) ਅੰਗ ੧੧ (ਨਾਂਵ)

ਗੁਰ ਕੈ ਭਾਣੈ ਜੋ ਚਲੈ **ਦੁਖੁ** ਨ ਪਾਵੈ ਕੋਇ ॥ (ਮਃ ੩) ਅੰਗ ੩੧ (ਨਾਂਵ)

ਨਾਮ ਬਿਹੂਨ **ਸੁਖੀ** ਕਿਉ ਸੋਵੈ ॥ (ਮਃ ੫) ਅੰਗ ੧੧੪੮ (ਵਿਸ਼ੇਸ਼ਣ)

ਵੰਨੁ ਗਇਆ ਰੂਪੁ ਵਿਣਸਿਆ **ਦੁਖੀ** ਦੇਹ ਰੁਲੀ ॥ (ਮਃ ੧) ਅੰਗ ੧੨੮੭ (ਵਿਸ਼ੇਸ਼ਣ)

**ਵਧੀ** ਵੇਲਿ ਬਹੁ ਪੀੜੀ ਚਾਲੀ ॥ (ਮਃ ੫) ਅੰਗ ੩੯੬ (ਵਿਸ਼ੇਸ਼ਣ)

ਲਖ ਚਉਰਾਸੀਹ ਮੇਦਨੀ ਘਟੈ ਨ **ਵਧੈ** ਉਤਾਹਿ ॥ (ਮਃ ੧) ਅੰਗ ੯੩੬

[7] ਡਾ. ਬਲਦੇਵ ਸਿੰਘ ਚੀਮਾ, ਪੰਜਾਬੀ ਵਿਆਕਰਨ ਅਤੇ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਤੇ ਵਿਸ਼ਾ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 234.

ਬ੍ਰਹਮਾ ਵੇਦੁ **ਪੜੈ** ਵਾਦੁ ਵਖਾਣੈ ॥ (ਮਃ ੩) ਅੰਗ ੨੩੧ (ਕਿਰਿਆ)

ਪਾਧਾ **ਪੜਿਆ** ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ ॥

(ਮਃ ੧) ਅੰਗ ੯੩੭ (ਵਿਸ਼ੇਸ਼ਣ)

ਪਹਿਲੇ ਦੋ ਵਾਕਾਂ ਵਿਚ **ਸੁਖੁ, ਦੁਖ** 'ਨਾਂਵ' ਸ਼ਬਦ ਹਨ। ਨਾਂਵ ਨਾਲ 'ਈ' ਪਿਛੇਤਰ ਦੀ ਵਰਤੋਂ ਨਾਲ ਬਣੇ **ਸੁਖੀ, ਦੁਖੀ,** ਦੂਜੇ ਦੋ ਵਾਕਾਂ ਵਿਚ 'ਵਿਸ਼ੇਸ਼ਣ' ਹਨ। ਪਿਛੇਤਰ ਦੀ ਵਰਤੋਂ ਨਾਲ ਇਹਨਾਂ ਦੀ ਸ਼੍ਰੇਣੀ ਬਦਲ ਗਈ ਹੈ। **ਪੜਿ** ਮੂਲ 'ਕਿਰਿਆ' ਰੂਪ ਹੈ, **ਪੜਿ** ਤੋਂ ਬਣਿਆ ਸ਼ਬਦ **ਪੜਿਆ** ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਨਾਂਵ ਜਾਂ ਕਿਰਿਆ ਤੋਂ ਬਣੇ ਵਿਸ਼ੇਸ਼ਣ 'ਸ਼੍ਰੇਣੀ ਬਦਲੂ' ਵਿਸ਼ੇਸ਼ਣ ਹਨ। ਅਜਿਹੇ ਵਿਸ਼ੇਸ਼ਣਾਂ ਦੀ ਸਿਰਜਨਾ ਸਮੇਂ 'ਸ਼ਬਦ ਸ਼੍ਰੇਣੀ' ਬਦਲ ਜਾਂਦੀ ਹੈ। ਵਿਸ਼ੇਸ਼ਣਾਂ ਤੋਂ ਬਣੇ ਵਿਸ਼ੇਸ਼ਣ 'ਸ਼੍ਰੇਣੀ ਰੱਖਿਅਕ' ਵਿਸ਼ੇਸ਼ਣ ਹਨ। ਇਹਨਾਂ ਦੀ ਸਿਰਜਨਾ ਸਮੇਂ ਸ਼ਬਦ ਦਾ 'ਧਾਤੂ ਰੂਪ' ਨਹੀਂ ਬਦਲਦਾ , ਇਸਦੀ ਮੂਲ ਸ਼੍ਰੇਣੀ ਕਾਇਮ ਰਹਿੰਦੀ ਹੈ। 'ਨਾਮ ਕੇ ਧਾਰੇ ਸੁਨਨ **ਗਿਆਨ ਧਿਆਨ**॥'[8] 'ਗਿਆਨ ਧਿਆਨ' ਦੁਹਰੁਕਤੀਯੁਕਤ ਵਰਗਾਰਥਕ ਭਾਵ ਵਾਚਕ ਨਾਂਵ ਹਨ। '**ਗਿਆਨੀ ਧਿਆਨੀ** ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ॥'[9] 'ਗਿਆਨੀ ਧਿਆਨੀ' ਦੁਹਰੁਕਤੀਯੁਕਤ ਵਰਗਾਰਥਕ ਵਿਸ਼ੇਸ਼ਣ ਹਨ।

ਵਿਸ਼ੇਸ਼ਣ ਦਾ ਰੂਪ ਉਸਦੇ 'ਵਿਸ਼ੇਸ਼' 'ਤੇ ਆਧਾਰਿਤ ਹੁੰਦਾ ਹੈ। ਜੇਕਰ 'ਵਿਸ਼ੇਸ਼' ਪੁਲਿੰਗ ਹੈ, ਤਾਂ 'ਵਿਸ਼ੇਸ਼ਣ' ਵੀ ਪੁਲਿੰਗ ਹੋਵੇਗਾ, ਜੇਕਰ ਇਲਿੰਗ ਹੈ, ਤਾਂ 'ਵਿਸ਼ੇਸ਼ਣ' ਵੀ ਇਲਿੰਗ ਹੋਵੇਗਾ। "ਵਿਕਾਰੀ ਵਿਸ਼ੇਸ਼ਣ ਉਹ ਹਨ, ਜਿਨ੍ਹਾਂ ਦਾ ਰੂਪ ਆਪਣੇ ਵਿਸ਼ੇਸ਼ ਅਨੁਸਾਰ ਬਦਲ ਜਾਂਦਾ ਹੈ। ਅਕਾਰਾਂਤ ਪੁਲਿੰਗ ਅਤੇ ਈਕਾਰਾਂਤ ਇਸਤ੍ਰੀਲਿੰਗ ਵਿਕਾਰੀ ਹਨ।"[10] ਵਿਕਾਰੀ ਵਿਸ਼ੇਸ਼ਣਾਂ ਦਾ ਰੂਪ ਉਸਦੇ 'ਵਿਸ਼ੇਸ਼' ਦੇ ਅਧਿਕਾਰ ਵਿਚ ਹੁੰਦਾ ਹੈ। ਵਿਸ਼ੇਸ਼ ਦੇ 'ਲਿੰਗ, ਵਚਨ' ਦੇ ਪੱਧਰ 'ਤੇ 'ਵਿਸ਼ੇਸ਼ਣ' ਵਿਚ ਵਿਕਾਰ ਆਉਂਦਾ ਹੈ। 'ਆ' ਅੰਤਿਕ ਵਿਕਾਰੀ ਰੂਪ ਦੀ ਸਾਰਣੀ ਇਸ ਪ੍ਰਕਾਰ ਹੈ:

---

[8] ਗੁਰੂ ਗ੍ਰੰਥ ਸਾਹਿਬ, ਪੰਨਾ 284.

[9] ਓਹੀ, ਪੰਨਾ 338.

[10] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 89.

**ਸਾਰਣੀ- 1.**

| ਪੁਲਿੰਗ | ਅੰਤਿਕ ਰੂਪ | | ਵਿਕਾਰੀ ਰੂਪ | |
|---|---|---|---|---|
| | ਇਕ ਵਚਨ | ਬਹੁਵਚਨ | ਇਕ ਵਚਨ | ਬਹੁਵਚਨ |
| ਸਾਧਾਰਨ ਰੂਪ | -ਆ | -ਏ | ਚੰਗਾ | ਚੰਗੇ |
| ਸੰਬੋਧਨ ਰੂਪ | -ਏ | -ਇਆਂ | ਚੰਗੇ ਮੁੰਡੇ ਨੇ | ਚੰਗਿਆਂ ਮੁੰਡਿਆਂ ਨੇ |
| ਸੰਬੋਧਕੀ ਰੂਪ | -ਇਆਂ | -ਇਓ | ਚੰਗਿਆਂ ਮੁੰਡਿਆਂ | ਚੰਗਿਓ ਮੁੰਡਿਓ |

**ਚੰਗਾ** ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥ (ਮਃ ੧) ਅੰਗ ੨

ਜਿਨ ਕੀ ਲੇਖੈ ਪਤਿ ਪਵੈ **ਚੰਗੇ** ਸੇਈ ਕੇਇ ॥ (ਮਃ ੧) ਅੰਗ ੪੬੯

**ਈ** ਅੰਤਿਕ ਵਿਕਾਰੀ ਰੂਪ

**ਸਾਰਣੀ- 2.**

| ਇਸਤਰੀ ਲਿੰਗ | ਅੰਤਿਕ ਰੂਪ | | ਵਿਕਾਰੀ ਰੂਪ | |
|---|---|---|---|---|
| | ਇਕ ਵਚਨ | ਬਹੁਵਚਨ | ਇਕ ਵਚਨ | ਬਹੁਵਚਨ |
| ਸਾਧਾਰਨ ਰੂਪ | -ਈ | -ਈਆਂ | ਚੰਗੀ | ਚੰਗੀਆਂ |
| ਸੰਬੋਧਨ ਰੂਪ | -ਈ | -ਈਆਂ | ਚੰਗੀ | ਚੰਗਿਆਂ |
| ਸੰਬੋਧਕੀ ਰੂਪ | -ਈਏ | -ਈਓ | ਚੰਗੀਏ | ਚੰਗੀਓ |

ਜੋ ਤਿਸੁ ਭਾਵੈ ਨਾਨਕਾ ਸਾਈ ਗਲ **ਚੰਗੀ** ॥ (ਮਃ ੪) ਅੰਗ ੧੨੬

ਗਲੀ ਅਸੀ **ਚੰਗੀਆ** ਆਚਾਰੀ ਬੁਰੀਆਹ ॥ (ਮਃ ੧) ਅੰਗ ੮੫

ਮੂਲ ਰੂਪ ਵਿਚ 'ਆ' ਅਤੇ 'ਈ' ਅੰਤਿਕ ਵਿਸ਼ੇਸ਼ਣ 'ਵਿਕਾਰੀ' ਵਿਸ਼ੇਸਣ ਹਨ। ਪਰ ਗੁਰਬਾਣੀ ਵਿਚਲੇ 'ਈ' ਅੰਤਿਕ ਅਵਿਕਾਰੀ ਰੂਪਾਂ ਵਿਚ ਵੀ ਵਿਕਾਰ ਪੈਦਾ ਹੁੰਦਾ ਹੈ। ਜਿਵੇਂ **ਕੋਈ** ਅਵਿਕਾਰੀ ਵਿਸ਼ੇਸ਼ਣ ਹੈ, ਜਦਕਿ ਗੁਰਬਾਣੀ ਵਿਚ ਇਹ ਵਿਕਾਰੀ ਹੈ, ਵਰਤੋਂ ਅਤੇ ਅਰਥ ਅਨੁਸਾਰ ਇਸਦਾ ਰੂਪ ਬਦਲ ਰਿਹਾ ਹੈ:

**ਕੋਈ,** ਇਕ ਵਚਨ ਪੁਲਿੰਗ:

**ਕੋਈ** ਗੁਰਮੁਖਿ ਹੋਵੈ ਸੁ ਕਰੈ ਵੀਚਾਰੁ ਹਰਿ ਧਿਆਵੈ ਮਨਿ ਲਿਵ ਲਾਇ ॥ (ਮਃ ੪) ਅੰਗ ੭੬

**ਕੋਈ** ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥ (ਮਃ ੪) ਅੰਗ ੯੪

**ਕੋਈ** ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ ॥ (ਮਃ ੪) ਅੰਗ ੩੦੭

**ਕਾਈ,** ਇਕ ਵਚਨ ਇਸਤਰੀ ਲਿੰਗ:

ਹਮਰੀ ਗਣਤ ਨ ਗਣੀਆ **ਕਾਈ** ਅਪਣਾ ਬਿਰਦੁ ਪਛਾਣਿ ॥ (ਮਃ ੫) ਅੰਗ ੬੧੯

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ **ਕਾਈ** ॥ (ਮਃ ੧) ਅੰਗ ੯੩੯

ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ **ਕਾਈ** ਮੇਖ ॥ (ਫਰੀਦ) ਅੰਗ ੧੩੮੦

**ਕੋਈ** ਸਬਦ ਦੀ ਵਰਤੋਂ 'ਬਹੁਵਚਨ ਪੜਨਾਂਵ' ਦੇ ਰੂਪ ਵਿਚ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਕੋਈ' ਦਾ ਛੋਟਾ ਰੂਪ 'ਕੋ' ਵੀ ਵਰਤਿਆ ਮਿਲਦਾ ਹੈ। 'ਪੜਨਾਂਵ, ਵਿਸ਼ੇਸ਼ਣ' ਅਤੇ 'ਸੰਬੰਧਕ' ਵਜੋਂ ਇਸਦੀ ਵਰਤੋਂ ਮਿਲਦੀ ਹੈ। ਵਿਸ਼ੇਸ਼ਣ ਵਜੋਂ 'ਇਕ ਵਚਨ' ਅਤੇ 'ਬਹੁਵਚਨ' ਲਈ ਵਰਤਿਆ ਗਿਆ ਹੈ ਅਤੇ ਲਿੰਗ ਭੇਦ ਨਹੀਂ ਮਿਲਦਾ:

ਅਉਗੁਣਵੰਤੀ ਗੁਣੁ **ਕੋ** ਨਹੀ ਬਹਣਿ ਨ ਮਿਲੈ ਹਦੂਰਿ ॥ (ਮਃ ੩) ਅੰਗ ੩੭ (ਵਿਸ਼ੇਸ਼ਣ)

ਬਿਨੁ ਹਰਿ ਨਾਵੈ **ਕੋ** ਮਿਤ੍ਰੁ ਨਾਹੀ ਵੀਚਾਰਿ ਡਿਠਾ ਹਰਿ ਜੰਨੀ ॥ (ਮਃ ੪) ਅੰਗ ੫੯੦ (ਵਿਸ਼ੇਸ਼ਣ)

ਦਮੜਾ ਪਲੈ ਨਾ ਪਵੈ ਨਾ **ਕੋ** ਦੇਵੈ ਧੀਰ ॥ (ਮਃ ੫) ਅੰਗ ੭੦ (ਅਨਿਸ਼ਚੇਵਾਚਕ ਪੜਨਾਂਵ)

ਨਾ ਕੋ ਮੂਰਖੁ ਨਾ **ਕੋ** ਸਿਆਣਾ ॥ (ਮਃ ੫) ਅੰਗ ੯੮ (ਅਨਿਸ਼ਚੇਵਾਚਕ ਪੜਨਾਂਵ)

ਬੇਗਮ ਪੁਰਾ ਸਹਰ **ਕੋ** ਨਾਉ ॥ (ਰਵਿਦਾਸ) ਅੰਗ ੩੪੫ (ਸੰਬੰਧਕ)

ਮਾਟੀ **ਕੋ** ਪੁਤਰਾ ਕੈਸੇ ਨਚਤੁ ਹੈ ॥ (ਰਵਿਦਾਸ) ਅੰਗ ੪੮੭ (ਸੰਬੰਧਕ)

ਦਰਵੇਸੀ **ਕੋ** ਜਾਣਸੀ ਵਿਰਲਾ **ਕੋ** ਦਰਵੇਸੁ ॥ (ਮਃ ੩) ਅੰਗ ੫੫੦ (ਸੰਬੰਧਕ, ਵਿਸ਼ੇਸ਼ਣ)

ਉਪਰੋਕਤ ਪਹਿਲੇ ਦੋ ਵਾਕਾਂ ਵਿਚ **ਕੋ** 'ਵਿਸ਼ੇਸ਼ਣ' ਦਾ ਕਾਰਜ ਕਰ ਰਿਹਾ ਹੈ। ਦੂਜੇ ਦੋ ਵਾਕਾਂ ਵਿਚ **ਕੋ** 'ਪੜਨਾਂਵ' ਹੈ, ਪੰਜਵੇਂ ਅਤੇ ਛੇਵੇਂ ਵਾਕ ਵਿਚ **ਕੋ** ਦੋ ਨਾਂਵਾਂ ਦੇ ਵਿਚਾਲੇ 'ਸੰਬੰਧਕ' ਦਾ ਕਾਰਜ ਕਰ ਰਿਹਾ ਹੈ। ਅਖ਼ੀਰਲੇ ਵਾਕ ਦੇ ਪਹਿਲੇ ਵਾਕੰਸ਼ ਵਿਚ **ਕੋ** 'ਸੰਬੰਧਕ' ਹੈ ਅਤੇ ਦੂਜੇ ਵਾਕੰਸ਼ ਵਿਚ **ਕੋ** 'ਵਿਸ਼ੇਸ਼ਣ' ਹੈ। ਇਹ ਦਰਵੇਸੁ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। **ਕੋ** ਲਿੰਗ ਰਹਿਤ ਸ਼ਬਦ ਇਕ ਵਚਨ ਅਤੇ ਬਹੁਵਚਨ ਵਜੋਂ 'ਪੜਨਾਂਵ, ਵਿਸ਼ੇਸ਼ਣ ਅਤੇ ਸੰਬੰਧਕ' ਦਾ ਕਾਰਜ ਕਰ ਰਿਹਾ ਹੈ। ਇਹ ਵਿਭਿੰਨ ਸ਼ਬਦ ਸ਼੍ਰੇਣੀਆਂ ਦਾ ਮੈਂਬਰ ਹੈ। ਗੁਰਬਾਣੀ ਵਿਚ ਮਿਲਦਾ **ਹੋਰ** ਵਿਸ਼ੇਸ਼ਣ ਵਿਚ 'ਉ, ਇ' ਦੀ ਵਰਤੋਂ ਰਾਹੀਂ ਵਿਕਾਰ ਪੈਦਾ ਹੁੰਦਾ ਹੈ। 'ਉ' ਅੰਤਿਕ **ਹੋਰੁ** 'ਇਕ ਵਚਨ' ਲਈ ਵਰਤਿਆ ਗਿਆ ਹੈ ਅਤੇ 'ਇ' ਅੰਤਿਕ **ਹੋਰਿ** 'ਬਹੁਵਚਨ' ਲਈ:

**ਹੋਰੁ,** ਇਕ ਵਚਨ:

ਤੁਧੁ ਜੇਵਡੁ ਮੈ **ਹੋਰੁ** ਨ ਕੋਈ ॥ (ਮਃ ੩) ਅੰਗ ੧੧੨ (ਕੋਈ ਪੜਨਾਂਵ, ਹੋਰੁ ਵਿਸ਼ੇਸ਼ਣ)

ਸਚਾ ਸਾਹੁ ਇਕੁ ਤੂੰ **ਹੋਰੁ** ਜਗਤੁ ਵਣਜਾਰਾ ॥ (ਮਃ ੧) ਅੰਗ ੧੪੦

**ਹੋਰੁ** ਵਣਜੁ ਕਰਹਿ ਵਾਪਾਰੀਏ ਅਨੰਤ ਤਰੰਗੀ ਦੁਖੁ ਮਾਇਆ ॥ (ਮਃ ੪) ਅੰਗ ੧੬੫

**ਹੋਰਿ,** ਬਹੁ ਵਚਨ:

**ਹੋਰਿ** ਕੇਤੇ ਗਾਵਨਿ ਸੇ ਮੈ ਚਿਤਿ ਨ ਆਵਨਿ ਨਾਨਕੁ ਕਿਆ ਵੀਚਾਰੇ ॥ (ਮਃ ੧) ਅੰਗ ੬

**ਹੋਰਿ** ਗਲਾਂ ਸਭਿ ਕੂੜੀਆ ਤੁਧੁ ਭਾਵੈ ਪਰਵਾਣੁ ॥ (ਮਃ ੧) ਅੰਗ ੧੬

ਜਾਤਿ ਸਨਾਤੀ **ਹੋਰਿ** ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥ (ਮਃ ੧) ਅੰਗ ੭੨੨

ਅਜਿਹੇ ਉਦਾਹਰਨਾਂ ਤੋਂ ਸਿੱਧ ਹੁੰਦਾ ਹੈ, ਕਿ ਗੁਰਬਾਣੀ ਦੀ ਆਪਣੀ ਭਾਸ਼ਾਈ ਯੋਗਤਾ ਹੈ। ਇਸਦੀ ਵਿਲੱਖਣਤਾ ਕਾਰਨ ਇਹ ਅਜੋਕੀ ਪੰਜਾਬੀ ਤੋਂ ਬਹੁਤ ਵੱਖਰੀ ਹੈ।

ਵਿਆਕਰਨਕਾਰਾਂ ਨੇ ਵਿਸ਼ੇਸ਼ਣਾਂ ਦੀਆਂ ਵਿਭਿੰਨ ਕਿਸਮਾਂ/ ਭੇਦ ਕੀਤੇ ਹਨ। ਵਿਸ਼ੇਸ਼ਣ ਦੀਆਂ ਕਿਸਮਾਂ ਤੇ ਵਿਆਕਰਨਕਾਰਾਂ ਦੀ ਆਪਸੀ ਸਹਿਮਤੀ ਨਹੀਂ ਬਣਦੀ।

**ਹਰਜੀਤ ਸਿੰਘ ਗਿੱਲ** ਅਤੇ **ਗਲੀਸਨ** ਨੇ ਪੰਜਾਬੀ ਭਾਸ਼ਾ ਵਿਚ ਦੋ ਤਰ੍ਹਾਂ ਦੇ 'ਵਿਸ਼ੇਸ਼ਣਾਂ' ਦਾ ਜ਼ਿਕਰ ਕੀਤਾ ਹੈ। "ਪੰਜਾਬੀ ਭਾਸ਼ਾ ਵਿਚ ਦੋ ਤਰ੍ਹਾਂ ਦੇ ਵਿਸ਼ੇਸ਼ਣ ਹਨ , ਵਿਕਾਰੀ ਤੇ ਅਵਿਕਾਰੀ। ਕਾਲਾ ਵਿਸ਼ੇਸ਼ਣ ਸ਼੍ਰੇਣੀ ਦੇ ਵਿਸ਼ੇਸ਼ਣ ਵਿਕਾਰੀ ਹਨ ਅਤੇ ਲਾਲ ਵਿਸ਼ੇਸ਼ਣ ਸ਼੍ਰੇਣੀ ਦੇ ਵਿਸ਼ੇਸ਼ਣ ਅਵਿਕਾਰੀ ਵਿਸ਼ੇਸ਼ਣ ਹਨ।"[11] ਵਿਕਾਰੀ ਅਤੇ ਅਵਿਕਾਰੀ ਵਿਸ਼ੇਸ਼ਣਾਂ ਦਾ ਆਧਾਰ 'ਸ਼ਬਦ ਰੂਪ' ਹੈ।

**ਦੁਨੀ ਚੰਦ੍ਰ**, ਨੇ 'ਅਰਥ ਅਨੁਸਾਰ ਵਿਸ਼ੇਸ਼ਣ ਦੇ ਪੰਜ ਭੇਦ ਕੀਤੇ ਹਨ'[12]:

1. ਗੁਣ ਵਾਚਕ ਵਿਸ਼ੇਸ਼ਣ
2. ਸੰਖਿਅਕ ਵਿਸ਼ੇਸ਼ਣ
3. ਮਿਣਤੀ ਵਾਚਕ ਵਿਸ਼ੇਸ਼ਣ
4. ਨਿਸ਼ਚੇ ਵਾਚਕ ਵਿਸ਼ੇਸ਼ਣ
5. ਸਰਬ ਨਾਂਵੀਂ ਵਿਸ਼ੇਸ਼ਣ

ਸੰਖਿਅਕ ਵਿਸ਼ੇਸ਼ਣ ਦੇ ਦੋ ਉਪਭੇਦ ਹਨ, ਇਹਨਾਂ ਉਪਭੇਦਾਂ ਦੇ ਅੱਗੋਂ ਵਿਭਿੰਨ ਉਪਭੇਦ ਮਿਲਦੇ ਹਨ:

---

[11] Harjeet Singh Gill & Henry. A. Gleason, A Reference Grammar of Punjabi, Publiactaion Bureau, Punjabi University, Patiala, 1969, pn 11.

[12] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ, 1964, ਪੰਨਾ 92.







ਇਸ ਤਰ੍ਹਾਂ ਦੁਨੀ ਚੰਦ੍ਰ ਨੇ ਸੰਖਿਅਕ ਵਿਸ਼ੇਸ਼ਣਾਂ ਨੂੰ ਅੱਗੋਂ ਵਿਭਿੰਨ ਉਪਭੇਦਾਂ ਵਿਚ ਵੰਡਿਆ ਹੈ।

ਹਰਕੀਰਤ ਸਿੰਘ ਨੇ ਵਿਸ਼ੇਸ਼ਣ ਦੀਆਂ ਕਿਸਮਾਂ ਦੇ ਦੋ ਆਧਾਰ ਮੰਨੇ ਹਨ: 'ਵਰਤੋਂ' ਅਤੇ 'ਅਰਥ'। "ਵਰਤੋਂ ਦੇ ਪੱਖ ਤੋਂ ਵਿਸ਼ੇਸ਼ਣ ਦੀਆਂ ਦੋ ਮੁਖ ਸ਼੍ਰੇਣੀਆਂ ਹਨ। ਪਹਿਲੀ ਸ਼੍ਰੇਣੀ ਵਿਚ ਉਹ 'ਵਿਸ਼ੇਸ਼ਣ' ਆਉਂਦੇ ਹਨ, ਜਿਹਨਾਂ ਦਾ ਰੂਪ ਵਿਸ਼ੇਸ਼ ਦੇ 'ਲਿੰਗ, ਵਚਨ' ਅਨੁਸਾਰ ਬਦਲਦਾ ਹੈ, ਕਾਲਾ ਫੱਟਾ, ਕਾਲੇ ਫੱਟੇ, ਕਾਲੀਆਂ ਫੱਟੀਆਂ। ਦੂਜੀ ਸ਼੍ਰੇਣੀ ਦੇ 'ਵਿਸ਼ੇਸ਼ਣਾਂ' ਦਾ ਰੂਪ ਬਿਲਕੁਲ ਨਹੀਂ ਬਦਲਦਾ: ਲਾਲ ਫੱਟਾ, ਲਾਲ ਫੱਟੇ, ਲਾਲ ਫੱਟੀਆਂ ਆਦਿ।"[13]

ਵਿਸ਼ੇਸ਼ਣ ਦਾ ਨਾਂਵ ਨਾਲ ਮੇਲ 'ਲਿੰਗ' ਅਤੇ 'ਵਚਨ' ਦੇ ਪੱਧਰ 'ਤੇ ਹੁੰਦਾ ਹੈ। ਵਿਕਾਰੀ ਵਿਸ਼ੇਸ਼ਣਾਂ ਵਿਚ 'ਲਿੰਗ' ਅਤੇ 'ਵਚਨ' ਦੇ ਆਧਾਰ 'ਤੇ ਵਿਕਾਰ ਆਉਂਦਾ ਹੈ। ਵਾਕ ਵਿਚ ਇਹਨਾਂ ਦਾ ਰੂਪ ਬਦਲ ਜਾਂਦਾ ਹੈ। 'ਅਵਿਕਾਰੀ' ਵਿਸ਼ੇਸ਼ਣ ਅਪਰਵਰਤਨਸ਼ੀਲ ਹੁੰਦੇ ਹਨ, ਕਿਸੇ ਵੀ ਆਧਾਰ 'ਤੇ ਇਹਨਾਂ ਵਿਸ਼ੇਸ਼ਣਾਂ ਵਿਚ ਵਿਕਾਰ ਪੈਦਾ ਨਹੀਂ ਹੁੰਦਾ। ਇਹ ਆਪਣੇ ਮੂਲ ਰੂਪ ਵਿਚ ਸਥਿਰ ਰਹਿੰਦੇ ਹਨ।

ਸੋ ਵਿਆਕਰਨਾਂ ਵਿਚ ਮਿਲਦੇ ਵਿਭਿੰਨ ਭੇਦਾਂ ਕਾਰਨ ਹਥਲੇ ਖੋਜ-ਕਾਰਜ ਵਿਚ 'ਵਿਸ਼ੇਸ਼ਣ' ਦੇ ਵਿਸ਼ਲੇਸ਼ਣ ਲਈ ਕਿਸੇ ਇਕ ਵਿਆਕਰਨ ਨੂੰ ਆਧਾਰ ਨਹੀਂ ਬਣਾਇਆ ਗਿਆ, ਬਲਕਿ ਗੁਰੂ ਗ੍ਰੰਥ ਸਾਹਿਬ

---

[13] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 61.

ਵਿਚ ਦੁਹਰੁਕਤੀਯੁਕਤ ਰੂਪ ਵਿਚ ਮਿਲਦੀਆਂ ਵਿਸ਼ੇਸ਼ਣ ਦੀਆਂ ਕਿਸਮਾਂ ਨੂੰ ਆਧਾਰ ਬਣਾ ਕੇ ਵਿਸ਼ਲੇਸ਼ਣ ਕੀਤਾ ਹੈ।

## ਅ. ਵਿਸ਼ੇਸ਼ਣ ਦੁਹਰੁਕਤੀ: ਪਰਿਭਾਸ਼ਾ ਅਤੇ ਗੁਰੂ ਗ੍ਰੰਥ ਸਾਹਿਬ ਵਿਚ ਇਸਦੇ ਭੇਦ

### 5.1. ਵਿਸ਼ੇਸ਼ਣ ਦੁਹਰੁਕਤੀ

"ਵਾਕ ਵਿਚ ਇਕ ਵਿਸ਼ੇਸ਼ਣ ਰੂਪ ਦਾ ਇਕ ਵਾਕੰਸ਼ ਵਜੋਂ

ਦੁਹਰਾਉ 'ਵਿਸ਼ੇਸ਼ਣ' ਦੁਹਰੁਕਤੀ ਹੈ।"

ਸ਼ਬਦ ਦੁਹਰੁਕਤੀ ਦੇ ਰੂਪ ਵਿਚ 'ਵਿਸ਼ੇਸ਼ਣਾਂ' ਦਾ ਦੁਹਰਾਉ ਇਕ ਵਾਕੰਸ਼ ਵਿਚ ਹੁੰਦਾ ਹੈ। ਵਾਕ ਬਣਤਰ ਵਿਚਲੇ ਦੂਹਰੇ ਵਿਸ਼ੇਸ਼ਣ ਵਿਭਿੰਨ ਵਾਕੰਸ਼ ਦੇ ਅੰਗ ਵਜੋਂ ਦੁਹਰੁਕਤੀ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ , ਇਹਨਾਂ ਦੇ ਨਿਖੇੜ ਲਈ ਬਰੈਕਟਾਂ ਦੀ ਵਰਤੋਂ ਕੀਤੀ ਹੈ:

[ਹਮ **ਮੂਰਖ]** **[ਮੂਰਖ** ਮਨ ਮਾਹਿ] ॥ (ਮਃ ੩) ਅੰਗ ੬੬੬

ਸੋ ਪ੍ਰਭੁ ਸਾਚਾ [ਸਦ ਹੀ **ਸਾਚਾ]** **[ਸਾਚਾ** ਸਭੁ ਆਕਾਰਾ] ॥ (ਮਃ ੩) ਅੰਗ ੧੧੩੧

[ਹਰਿ ਤੁਮ ਵਡ **ਵਡੇ]** **[ਵਡੇ** ਵਡ ਊਚੇ] ਸੋ ਕਰਹਿ ਜਿ ਤੁਧੁ ਭਾਵੀਸ ॥

(ਮਃ ੪) ਅੰਗ ੧੨੯੭

ਉਪਰੋਕਤ ਵਾਕਾਂ ਵਿਚ ਦੂਹਰੇ ਵਿਸ਼ੇਸ਼ਣ ਰੂਪ 'ਦੁਹਰੁਕਤੀਯੁਕਤ' ਨਹੀਂ ਹਨ। ਇਹ ਇਕ ਵਾਕੰਸ਼ ਦੇ ਰੂਪ ਵਿਚ ਨਹੀਂ, ਬਲਕਿ ਵੱਖਰੇ ਵੱਖਰੇ ਵਾਕੰਸ਼ ਦਾ ਅੰਗ ਹਨ। ਇਕੱਠੇ ਵਿਚਰਨ ਦੇ ਬਾਵਜੂਦ ਅਜਿਹੇ ਵਿਸ਼ੇਸ਼ਣਾਂ ਨੂੰ ਦੁਹਰੁਕਤੀਯੁਕਤ ਵਿਸ਼ੇਸ਼ਣ ਨਹੀਂ ਕਿਹਾ ਜਾ ਸਕਦਾ। ਆਖ਼ਰੀ ਵਾਕ ਵਿਚ **ਵਡੇ ਵਡੇ** ਵਿਸ਼ੇਸ਼ਣ ਦੁਹਰੁਕਤੀਯੁਕਤ ਨਹੀਂ ਹਨ, ਪਰ **ਵਡ ਵਡੇ, ਵਡੇ ਵਡ** ਵੀ ਦੁਹਰੁਕਤੀ ਦੀ ਇਕ ਕਿਸਮ ਹੈ। ਇਹ

ਅਰਥਗਤ ਦੁਹਰੁਕਤੀ ਵਿਚ ਪਿਛੇਤਰ ਦੁਹਰੁਕਤੀ ਹੈ। ਵਾਕਾਤਮਕ ਸਥਿਤੀ ਦੇ ਆਧਾਰ ’ਤੇ ਦੁਹਰੁਕਤੀਯੁਕਤ ਸ਼ਬਦਾਂ ਨੂੰ ਦੂਹਰੇ ਰੂਪਾਂ ਤੋਂ ਵੱਖਰੇ ਕੀਤਾ ਜਾ ਸਕਦਾ ਹੈ, ਜਿਵੇਂ:

ਹਰਿ ਰਸੁ ਚਾਖਹਿ [ਸੇ ਜਨ **ਨਿਰਮਲ]** [**ਨਿਰਮਲ** ਨਾਮੁ ਧਿਆਵਣਿਆ] ॥

(ਮਃ ੩) ਅੰਗ ੧੨੮

**ਨਿਰਮਲ ਨਿਰਮਲ** ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥

(ਮਃ ੪) ਅੰਗ ੧੩੨੫

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਵਿਸ਼ੇਸ਼ਣ **ਨਿਰਮਲ ਨਿਰਮਲ** ਸਤਹ੍ਹੀ ਪੱਧਰ ’ਤੇ ਦੁਹਰੁਕਤੀਯੁਕਤ ਹਨ। ਕਾਰਜ ਅਤੇ ਵਾਕੰਸ਼ ਦੇ ਪੱਧਰ ’ਤੇ ਪਹਿਲੇ ਵਾਕ ਵਿਚ ‘ਨਿਰਮਲ’ ਦੁਹਰੁਕਤੀਯੁਕਤ ਨਹੀਂ ਹੈ, ਦੂਜੇ ਵਾਕ ਵਿਚ ‘ਨਿਰਮਲ’ ਦੁਹਰੁਕਤੀਯੁਕਤ ਵਿਸ਼ੇਸ਼ਣ ਹੈ। ਪਹਿਲੇ ਵਾਕ ਵਿਚ ‘ਨਿਰਮਲ’ ਦੋ ਵਿਭਿੰਨ ਵਾਕੰਸ਼ਾਂ ਵਿਚ ਕਾਰਜਸ਼ੀਲ ਹੋਣ ਕਾਰਨ ਦੁਹਰੁਕਤੀਯੁਕਤ ਨਹੀਂ ਹੈ, ਦੂਜੇ ਵਾਕ ਵਿਚ ਨਿਰਮਲ ਇਕ ਵਾਕੰਸ਼ ਵਿਚ ‘ਇਕ ਇਕਾਈ’ ਵਜੋਂ ਇਕ ਅਰਥ ਲਈ ਕਾਰਜਸ਼ੀਲ ਹੈ। ਇਥੇ ਇਹ ‘ਦੁਹਰੁਕਤੀਯੁਕਤ ਵਿਸ਼ੇਸ਼ਣ’ ਹੈ। ਵਿਸ਼ੇਸ਼ਣ ‘ਖੁੱਲੀ ਸ਼ਬਦ’ ਸ਼੍ਰੇਣੀ ਹੋਣ ਕਾਰਨ ਗੁਰੂ ਗ੍ਰੰਥ ਸਾਹਿਬ ਵਿਚ ਇਸਦੀ ਅਸੀਮ ਸ਼ਬਦਾਵਲੀ ਅਤੇ ਵਿਭਿੰਨ ਰੂਪ ਮਿਲਦੇ ਹਨ।

### 5.1. I. ਰੂਪਗਤ ਅਤੇ ਅਰਥਗਤ ਵਿਸ਼ੇਸ਼ਣ ਦੁਹਰੁਕਤੀ

ਦੁਹਰੁਕਤੀਯੁਕਤ ਵਿਸ਼ੇਸ਼ਣ ‘ਰੂਪ’ ਅਤੇ ‘ਅਰਥ’ ਦੇ ਪੱਖ ਤੋਂ ਭਿੰਨ ਹਨ। ਰੂਪਗਤ ਪੱਖ ਤੋਂ ਇਕ ਸ਼ਬਦ ਦਾ ਦੁਹਰਾਉ ਹੁੰਦਾ ਹੈ, ਜਿਵੇਂ ਉਪਰ ਦਿੱਤੇ ਗਏ ਉਦਾਹਰਨ ਸਪੱਸ਼ਟ ਕਰਦੇ ਹਨ। ਅਰਥਗਤ ਦੁਹਰੁਕਤੀ ਇਸਤੋਂ ਵੱਖਰੀ ਹੈ। ਰੂਪਗਤ ਦੁਹਰੁਕਤੀ ‘ਰੂਪ’ ਕੇਂਦਰਿਤ ਹੈ, ਅਰਥਗਤ ਦੁਹਰੁਕਤੀ ‘ਅਰਥ’ ਕੇਂਦਰਿਤ ਹੈ। ਅਰਥਾਂ ਵਿਚ ‘ਇਕਸਾਰਤਾ, ਵਿਭਿੰਨਤਾ ਜਾਂ ਵਿਰੋਧਤਾ’ ਹੋਣੀ ਲਾਜ਼ਮੀ ਹੈ:

ਹਮ ਕੀਆ ਹਮ ਕਰਹਗੇ ਹਮ **ਮੂਰਖ ਗਾਵਾਰ** ॥ (ਮਃ ੩) ਅੰਗ ੩੯

ਜਾਤਿ ਕਾ ਗਰਬੁ ਨ ਕਰਿ **ਮੂਰਖ ਗਵਾਰਾ** ॥ (ਮਃ ੩) ਅੰਗ ੧੧੨੭

**ਅਗਮ ਅਗੋਚਰ** ਪ੍ਰਭ ਨਿਰਬਾਨੀ ॥ (ਮਃ ੫) ਅੰਗ ੨੮੭

**ਗਿਆਨੀ ਧਿਆਨੀ** ਬਹੁ ਉਪਦੇਸੀ ਇਹੁ ਜਗੁ ਸਗਲੋ ਧੰਧਾ ॥ (ਕਬੀਰ) ਅੰਗ ੩੩੮

**ਮੂਰਖ ਗਾਵਾਰ, ਮੂਰਖ ਗਵਾਰਾ** 'ਸਮਾਨਾਰਥੀ' ਦੁਹਰੁਕਤੀਯੁਕਤ ਵਿਸ਼ੇਸ਼ਣ ਹਨ। **ਅਗਮ ਅਗੋਚਰ, ਗਿਆਨੀ ਧਿਆਨੀ** 'ਵਰਗਾਰਥੀ' ਦੁਹਰੁਕਤੀਯੁਕਤ ਵਿਸ਼ੇਸ਼ਣ ਹਨ। ਵਾਕ ਵਿਚ ਇਹ 'ਇਕ ਵਾਕੰਸ਼' ਦੇ ਰੂਪ ਵਿਚ ਕਾਰਜਸ਼ੀਲ ਹਨ ਅਤੇ ਅਰਥ ਦੇ ਪੱਖ ਤੋਂ ਇਹਨਾਂ ਵਿਚ ਇਕਸਾਰਤਾ ਹੈ। ਹੇਠਾਂ ਦਿੱਤੇ ਸ਼ਬਦ 'ਵਿਰੋਧਾਰਥਕ' ਦੁਹਰੁਕਤੀਯੁਕਤ ਵਿਸ਼ੇਸ਼ਣ ਹਨ:

**ਮਹਲੁ ਕੁਮਹਲੁ** ਨ ਜਾਣਨੀ ਮੂਰਖ ਅਪਣੈ ਸੁਆਇ ॥ (ਮਃ ੩) ਅੰਗ ੬੪੯

**ਊਚ ਨੀਚ** ਸਭ ਇਕ ਸਮਾਨਿ ਕੀਟ ਹਸਤੀ ਬਣਿਆ ॥ (ਮਃ ੫) ਅੰਗ ੩੧੯

**ਖੋਟੇ ਖਰੇ** ਤੁਧੁ ਆਪਿ ਉਪਾਏ ॥ (ਮਃ ੩) ਅੰਗ ੧੧੯

**ਮਹਲੁ ਕੁਮਹਲੁ, ਊਚ ਨੀਚ, ਖੋਟੇ ਖਰੇ** ਵਿਰੋਧਾਰਥਕ ਅਰਥਗਤ ਦੁਹਰੁਕਤੀਯੁਕਤ ਵਿਸ਼ੇਸ਼ਣ ਹਨ। ਅਰਥਗਤ ਦੁਹਰੁਕਤੀ ਵਿਚ ਵਿਸ਼ੇਸ਼ਣ ਦਾ ਰੂਪਕ ਪੱਖ ਮਹੱਤਤਾ ਨਹੀਂ ਰੱਖਦਾ, ਜਿਆਦਾਤਰ ਰੂਪ ਇਕ ਦੂਜੇ ਤੋਂ ਭਿੰਨ ਹੁੰਦੇ ਹਨ, ਕੇਵਲ ਵਿਰੋਧਾਰਥਕ ਅਰਥਗਤ ਦੁਹਰੁਕਤੀ ਤੋਂ ਬਿਨਾਂ। ਵਿਰੋਧਾਰਥਕ ਦੁਹਰੁਕਤੀ ਵਿਚਲੇ ਕੁਝ ਸ਼ਬਦਾਂ ਵਿਚ ਵਿਰੋਧ 'ਅਗੇਤਰ' ਲੱਗਣ ਨਾਲ ਪੈਦਾ ਹੁੰਦਾ ਹੈ, ਅਜਿਹੀ ਸਥਿਤੀ ਵਿਚ ਦੋਹਾਂ ਦੇ ਰੂਪਾਂ ਵਿਚ ਸਮਾਨਤਾ ਹੁੰਦੀ ਹੈ; ਜਿਵੇਂ **ਮਹਲੁ ਕੁਮਹਲੁ** ਵਿਚ ਦੂਜੇ ਸ਼ਬਦ ਨਾਲ 'ਅਗੇਤਰ' ਲੱਗਣ ਨਾਲ ਬਣੇ 'ਵਿਰੋਧੀ' ਸ਼ਬਦ ਅਤੇ ਮੂਲ ਰੂਪ ਵਿਚ ਸਮਾਨਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਦੁਹਰੁਕਤੀਯੁਕਤ ਵਿਸ਼ੇਸ਼ਣ' ਸਮੱਗਰੀ ਵਿਚ 'ਗੁਣਵਾਚਕ' ਵਿਸ਼ੇਸ਼ਣ ਵਧੇਰੇ ਮਾਤਰਾ ਵਿਚ ਮਿਲਦੇ ਹਨ।

## 5.2. ਗੁਰੂ ਗ੍ਰੰਥ ਸਾਹਿਬ ਵਿਚ ਰੂਪਗਤ ਵਿਸ਼ੇਸ਼ਣ ਦੁਹਰੁਕਤੀ ਦੇ ਭੇਦ

**5.2.I. ਗੁਣਵਾਚਕ ਵਿਸ਼ੇਸ਼ਣ ਦੁਹਰੁਕਤੀ:-** ਇਹ ਨਾਂਵ, ਪੜਨਾਂਵ ਦੀ ਗੁਣਾਤਮਕ ਵਿਸ਼ੇਸ਼ਤਾ ਦਰਸਾਉਂਦੇ ਹਨ। "ਜਿਸ ਵਿਸ਼ੇਸ਼ਣ ਤੋਂ ਕਿਸੇ ਵਿਅਕਤੀ ਦੇ ਗੁਣ, ਦੋਸ਼, ਵਿਸ਼ੇਸ਼ਤਾ, ਲੱਛਣ ਆਦਿ ਦਾ ਬੋਧ ਹੋਵੇ, ਉਸਨੂੰ ਗੁਣਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ। "[14] ਇਹ ਆਪਣੇ ਵਿਸ਼ੇਸ਼ ਦੇ 'ਚੰਗੇ, ਮਾੜੇ ਗੁਣਾਂ ਜਾਂ ਪ੍ਰਕਿਰਤੀ' ਨੂੰ ਦਰਸਾਉਂਦੇ ਹਨ।

**ਹਰੀ** ਅੰਗੂਰੀ ਗਦਹਾ ਚਰੈ॥ ਨਿਤ ਉਠਿ ਹਾਸੈ ਹੀਗੈ ਮਰੈ ॥ (ਕਬੀਰ) ਅੰਗ ੩੨੬

ਕਬੀਰ ਜਮ ਕਾ ਠੇਂਗਾ **ਬੁਰਾ** ਹੈ ਓਹੁ ਨਹੀ ਸਹਿਆ ਜਾਇ ॥ (ਕਬੀਰ) ਅੰਗ ੧੩੬੮

**ਮੰਦੇ** ਅਮਲ ਕਰੇਦਿਆ ਏਹ ਸਜਾਇ ਤਿਨਾਹ ॥ (ਫਰੀਦ) ਅੰਗ ੧੩੮੦

**ਹਰੀ, ਬੁਰਾ, ਮੰਦੇ** ਗੁਣਵਾਚਕ ਵਿਸ਼ੇਸ਼ਣ ਹਨ। ਇਹ ਕ੍ਰਮਵਾਰ **ਅੰਗੂਰੀ, ਠੇਂਗਾ** ਅਤੇ **ਅਮਲ** ਦੀ ਵਿਸ਼ੇਸ਼ਤਾ ਨੂੰ ਦਰਸਾ ਰਹੇ ਹਨ। ਇਹ ਵਸਤ ਜਾਂ ਕਾਰਜ ਦੀ ਵਿਸ਼ੇਸ਼ਤਾ ਲਈ ਵਰਤੇ ਗਏ ਵਿਸ਼ੇਸ਼ਣ ਹਨ। ਇਕਹਿਰੇ ਰੂਪ ਵਿਚ ਮਿਲਦੀ 'ਗੁਣਵਾਚਕ' ਵਿਸ਼ੇਸ਼ਣ ਸਮੱਗਰੀ ਦੀ ਸਾਰਣੀ ਨਹੀਂ ਦਿੱਤੀ ਗਈ, ਬਲਕਿ ਦੁਹਰੁਕਤੀਯੁਕਤ ਰੂਪ ਵਿਚ ਮਿਲਦੀ ਵਿਸ਼ੇਸ਼ਣ ਸਮੱਗਰੀ ਨੂੰ ਸਾਰਣੀ ਦੇ ਰੂਪ ਵਿਚ ਦਿੱਤਾ ਗਿਆ ਹੈ:

**ਸਾਰਣੀ- 3.**

| | | | | |
|---|---|---|---|---|
| ਊਚ ਊਚ | ਅਤੁਲੁ ਅਤੁਲੁ | ਧਨਿ ਧਨਿ | ਬਡ ਬਡ | ਮੂੜ ਮੂੜ |
| ਊਜਲੁ ਊਜਲੁ | ਸਤਿ ਸਤਿ | ਧਨੁ ਧਨੁ | ਬਡੇ ਬਡੇ | ਮੈਲਾ ਮੈਲਾ |
| ਊਤਮ ਊਤਮ | ਸਭਿ ਸਭਿ | ਧੰਨ ਧੰਨ | ਬਹੁਤੁ ਬਹੁਤੁ | ਮੰਦੇ ਮੰਦੇ |
| ਅਗਹ ਅਗਹ | ਸਾਚਾ ਸਾਚਾ | ਧੰਨੁ ਧੰਨੁ | ਬੇਅੰਤ ਬੇਅੰਤ | ਲਾਲ ਲਾਲ |

14 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 63.

| | | | | |
|---|---|---|---|---|
| ਅਗਮ ਅਗਮ | ਸੂਹਬ ਸੂਹਬ | ਨਿਰਮਲ ਨਿਰਮਲ | ਬੇਅੰਤੁ ਬੇਅੰਤੁ | ਲੰਮੀ ਲੰਮੀ |
| ਅਗਮੁ ਅਗਮੁ | ਸੂਧੇ ਸੂਧੇ | ਨੀਚੁ ਨੀਚੁ | ਭਲਾ ਭਲਾ | ਵਡ ਵਡ |
| ਅਵਰ ਅਵਰ | ਹਰੂਏ ਹਰੂਏ | ਪਵਿਤ੍ਰ ਪਵਿਤ੍ਰ | ਭਲੋ ਭਲੋ | ਵਡਾ ਵਡਾ |
| ਅਵਰੁ ਅਵਰੁ | ਖਰਾ ਖਰਾ | ਪਰੈ ਪਰੈ | ਭੋਰੇ ਭੋਰੇ | ਵਡੇ ਵਡੇ |
| ਅਨਿਕ ਅਨਿਕ | ਗਿਲੀ ਗਿਲੀ | ਫਿਟੁ ਫਿਟੁ | ਮਧੁਰ ਮਧੁਰ | ਵਡਭਾਗੀ ਵਡਭਾਗੀ |
| ਅਨੇਕ ਅਨੇਕ | ਢੀਲਾ ਢੀਲਾ | ਬਹੁ ਬਹੁ | ਮੂਰਖ ਮੂਰਖ | ਵੇਕੀ ਵੇਕੀ |

ਉਪਰੋਕਤ ਸਾਰਣੀ ਵਿਚ ਦਿੱਤੇ ਵਿਸ਼ੇਸ਼ਣ ਦੁਹਰੁਕਤੀਯੁਕਤ ਰੂਪ ਵਿਚ ਮਿਲਦੇ ਹਨ। ਪਰਮਾਤਮਾ ਦੇ ਚੰਗੇ ਸੁਭਾਅ, ਚੰਗੇ ਗੁਣਾਂ ਅਤੇ ਨਿਰਗੁਣ ਸਰੂਪ ਦੇ ਬਿਆਨ ਲਈ ਕਾਰਜਸ਼ੀਲ ਦੁਹਰੁਕਤੀਯੁਕਤ ਵਿਸ਼ੇਸ਼ਣ:

ਤੂੰ ਪਾਰਬ੍ਰਹਮੁ **ਬੇਅੰਤੁ ਬੇਅੰਤੁ** ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥ (ਮਃ ੪) ਅੰਗ ੧੧

**ਅਗਮ ਅਗਮ** ਠਾਕੁਰੁ ਆਗਾਧਿ ॥ (ਮਃ ੫) ਅੰਗ ੫੩੫

**ਸਤਿ ਸਤਿ** ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥ (ਮਃ ੫) ਅੰਗ ੧੨੨੬

**'ਬੇਅੰਤੁ ਬੇਅੰਤੁ, ਅਗਮ ਅਗਮ, ਸਤਿ ਸਤਿ'** ਪਰਮਾਤਮਾ ਲਈ ਵਰਤੇ ਗਏ 'ਗੁਣਾਤਮਕ ਵਿਸ਼ੇਸ਼ਣ' ਹਨ। ਦੁਹਰੁਕਤੀਯੁਕਤ ਰੂਪ ਵਿਚ ਇਹ ਤੁਕਾਂ ਨੂੰ ਰਵਾਨਗੀ ਅਤੇ ਸੁਹਜ ਪ੍ਰਧਾਨ ਕਰਦੇ ਹਨ। ਇਹ ਪਰਮਾਤਮਾ ਦੇ ਵਡੱਪਣ ਨੂੰ ਵਧੇਰੇ ਤੀਬਰਭਾਵ ਵਜੋਂ ਦਰਸਾਉਂਦੇ ਹਨ। **ਸਤਿ** ਪੰਜਾਬੀ ਦੇ ਨਾਂਵ 'ਸਚ' ਤੋਂ ਬਣੇ ਵਿਸ਼ੇਸ਼ਣ 'ਸਚਾ' ਦਾ ਬਦਲਿਆ ਰੂਪ ਹੈ 'ਸਚ' ਜਾਂ 'ਸਚਾ' 'ਵਿਅੰਜਨ' ਅੰਤਿਕ ਅਤੇ 'ਆ' ਅੰਤਿਕ ਦੀ ਦੁਹਰੁਕਤੀਯੁਕਤ ਵਰਤੋਂ ਨਹੀਂ ਕੀਤੀ ਜਾਂਦੀ। **ਸਤਿ ਸਤਿ** ਦੀ ਵਰਤੋਂ ਦੂਹਰੇ ਰੂਪ ਵਿਚ ਸੰਭਵ ਹੈ,

ਦੁਹਰੁਕਤੀਯੁਕਤ ਰੂਪ ਵਿਚ ਇਹ ਵਾਕ ਨੂੰ ਲੈਅ ਅਤੇ ਸੁਹਜ ਪ੍ਰਦਾਨ ਕਰਦੇ ਹਨ। ਉ ਅੰਤਿਕ ਸਚੁ ਦੀ ਸਤਹੀ ਪੱਧਰ 'ਤੇ ਦੂਹਰੀ ਵਰਤੋਂ ਅੱਠ ਵਾਰ ਮਿਲਦੀ ਹੈ:

ਸਾਲਾਹੀ ਸਚੁ [ਸਲਾਹ **ਸਚੁ] [ਸਚੁ** ਕੀਮਤਿ ਕਿਨੈ ਨ ਪਾਈ] ॥ (ਮਃ ੪) ਅੰਗ ੩੧੦

ਸਚਾ ਭੋਜਨੁ [ਭਾਉ **ਸਚੁ] [ਸਚੁ** ਨਾਮੁ ਅਧਾਰਾ] ॥ (ਮਃ ੧) ਅੰਗ ੧੦੦੯

ਉਪਰੋਕਤ ਵਾਕਾਂ ਵਿਚ ਸਚੁ ਦਾ ਦੂਹਰਾ ਰੂਪ ਵੱਖਰੇ ਵੱਖਰੇ ਵਾਕੰਸ਼ ਵਿਚ ਕਾਰਜਸ਼ੀਲ ਹੋਣ ਕਾਰਨ ਦੁਹਰੁਕਤੀਯੁਕਤ ਵਿਸ਼ੇਸ਼ਣ ਨਹੀਂ ਹੈ। ਇਕ ਵਾਕ ਵਿਚ ਇਹ ਵਿਭਿੰਨ ਉਪਵਾਕ ਦਾ ਹਿੱਸਾ ਹਨ।

ਇਸਤੋਂ ਇਲਾਵਾ ਜੀਵ ਦੇ 'ਗੁਣਾਂ, ਸੁਭਾਅ' ਨੂੰ ਵੀ ਦੁਹਰੁਕਤੀਯੁਕਤ ਵਿਸ਼ੇਸ਼ਣਾ ਰਾਹੀਂ ਪ੍ਰਗਟਾਇਆ ਹੈ:

**ਭੋਰੇ ਭੋਰੇ** ਰੂਹੜੇ ਸੇਵੇਦੇ ਆਲਕੁ ॥ (ਮਃ ੫) ਅੰਗ ੧੦੯੫

**ਬਡੇ ਬਡੇ** ਅਹੰਕਾਰੀਆ ਨਾਨਕ ਗਰਬਿ ਗਲੇ ॥ (ਮਃ ੫) ਅੰਗ ੨੭੮

**ਵਡੇ ਵਡੇ** ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ॥ (ਮਃ ੫) ਅੰਗ ੧੮੮

**ਵਡੇ ਵਡੇ** ਜੋ ਦੁਨੀਆਦਾਰ॥ ਕਾਹੂ ਕਾਜਿ ਨਾਹੀ ਗਾਵਾਰ ॥ (ਮਃ ੫) ਅੰਗ ੨੩੮

**ਵਡੇ ਵਡੇ** ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥ (ਮਃ ੫) ਅੰਗ ੬੭੨

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਰੂਪ 'ਬਹੁਵਚਨ' ਦੇ ਰੂਪ ਵਿਚ ਵਰਤੇ ਗਏ ਹਨ। **ਭੋਰੇ ਭੋਰੇ** ਅਤੇ **ਬਡੇ ਬਡੇ** ਦੁਹਰੁਕਤੀਯੁਕਤ ਵਿਸ਼ੇਸ਼ਣ ਜੀਵ ਦੇ ਸੁਭਾਅ ਦੀ ਵਿਸ਼ੇਸ਼ਤਾ ਦਰਸਾ ਰਹੇ ਹਨ। ਦੂਹਰੇ ਰੂਪ ਵਿਚ ਇਹ ਗੁਣ ਦੀ ਦ੍ਰਿੜਤਾ ਦਰਸਾਉਂਦੇ ਹਨ। ਇਕਹਿਰੇ ਰੂਪ ਵਿਚ ਵਡੇ ਦੀ ਵਿਅੰਗਾਤਮਕ ਵਰਤੋਂ ਵੀ ਕੀਤੀ ਜਾ ਸਕਦੀ ਹੈ, ਵਿਅੰਗਾਤਮਕ ਵਰਤੋਂ ਕਾਰਜ ਵਜੋਂ ਉਚਾਰਨ 'ਤੇ ਨਿਰਭਰ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਵਿਅੰਗਾਤਮਕ ਅਰਥ ਨਹੀਂ ਦੇ ਰਹੇ, ਬਲਕਿ ਇਹ ਇਹਨਾਂ ਦੀ ਸਥਿਤੀ ਨੂੰ ਪੇਸ਼ ਕਰ ਰਹੇ ਹਨ। **ਵਡੇ ਵਡੇ** ਵਿਸ਼ੇਸ਼ਣ ਸੰਸਾਰੀ ਮਨੁਖ ਦੀ ਅਸਲੀਅਤ ਨੂੰ ਬਿਆਨ ਕਰ ਰਹੇ ਹਨ, ਜਿਹੜੇ ਲੋਕ ਬਾਹਰੋਂ

ਬਹੁਤ ਵੱਡੇ ਵੱਡੇ ਰਾਜੇ, ਮਹਾਰਾਜੇ, ਜ਼ਿਮੀਦਾਰ ਦਿਖਦੇ ਹਨ, ਪਰਮਾਤਮਾ ਤੋਂ ਟੁੱਟੇ ਹੋਣ ਕਾਰਨ ਇਹ ਅਸਲ ਵਿਚ ਅੰਦਰੋਂ ਚਿੰਤਾਵਾਂ ਨਾਲ ਘਿਰੇ ਹੁੰਦੇ ਹਨ। ਦਾਰਸ਼ਨਿਕ ਸੰਦਰਭ ਵਿਚ ਗੁਣਾਤਮਕ ਵਿਸ਼ੇਸ਼ਤਾ ਨਿਸਫਲ ਹੋ ਜਾਂਦੀ ਹੈ।

ਦੁਹਰੁਕਤੀਯੁਕਤ ਰੂਪ ਵਿਚ ਅਜਿਹੇ ਵਿਸ਼ੇਸ਼ਣੀ ਰੂਪ ਵੀ ਮਿਲਦੇ ਹਨ, ਜਿਹੜੇ ਵਾਕ ਦੇ ਪ੍ਰਸੰਗ ਵਿਚ ਵਿਭਿੰਨ ਕਾਰਜ ਕਰਦੇ ਹਨ। ਇਹਨਾਂ ਦੇ ਅਰਥ ਬੇਸ਼ੱਕ ਇਕੋ ਹਨ, ਪਰ ਇਸਦੀ ਪ੍ਰਕਾਰਜੀ ਸਥਿਤੀ ਇਕ ਦੂਜੇ ਤੋਂ ਭਿੰਨ ਹੈ:

**ਵਡਾ ਵਡਾ** ਹਰਿ ਭਾਗ ਕਰਿ ਪਾਇਆ ॥ (ਮਃ ੪) ਅੰਗ ੩੬੭

**ਵਡਾ ਵਡਾ** ਆਖੈ ਸਭੁ ਕੋਈ ॥ (ਮਃ ੧) ਅੰਗ ੧੦੩੫

[ਮੇਰਾ ਠਾਕੁਰੁ **ਵਡਾ] [ਵਡਾ** ਹੈ ਸੁਆਮੀ] ਹਮ ਕਿਉ ਕਰਿ ਮਿਲਹ ਮਿਲੀਜੈ ॥

(ਮਃ ੪) ਅੰਗ ੧੩੨੪

ਉਪਰੋਕਤ ਵਾਕਾਂ ਵਿਚ **ਵਡਾ ਵਡਾ** ਦੁਹੁਰਕਤੀਯੁਕਤ ਸ਼ਬਦ ਦੀ ਵਰਤੋਂ ਮਿਲਦੀ ਹੈ। ਤਿੰਨਾਂ ਵਾਕਾਂ ਵਿਚ ਵਿਸ਼ੇਸ਼ਣ ਦਾ 'ਰੂਪ' ਅਤੇ 'ਅਰਥ' ਸਮਾਨ ਹਨ, ਪਰ ਵਰਤੋਂ ਦੇ ਪ੍ਰਸੰਗ ਵਿਚ ਅਤੇ ਵਿਆਕਰਨ ਦੇ ਪੱਧਰ 'ਤੇ ਤਿੰਨੇ ਰੂਪ ਵੱਖ ਵੱਖ ਕਾਰਜ ਕਰ ਰਹੇ ਹਨ। ਪਹਿਲੇ ਵਾਕ ਵਿਚ **ਵਡਾ ਵਡਾ** ਦੁਹਰੁਕਤੀਯੁਕਤ ਰੂਪ 'ਵਿਸ਼ੇਸ਼ਣ' ਦਾ ਕਾਰਜ ਕਰ ਰਿਹਾ ਹੈ, ਕਾਰਜ ਦੇ ਪੱਖ ਤੋਂ ਇਹ 'ਹਰੀ' ਅਤੇ 'ਭਾਗ' ਦੋਹਾਂ ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। ਦੂਜੇ ਵਾਕ ਵਿਚ 'ਵਡਾ' ਦਾ ਵਿਸ਼ੇਸ਼ ਗ਼ੈਰ ਹਾਜ਼ਰ ਹੈ, ਇਹ ਕਿਰਿਆ ਪੂਰਕ ਦੀ ਸਥਿਤੀ ਵਿਚ 'ਕਰਤਾ' ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। ਪਹਿਲੇ ਵਾਕ ਵਿਚ ਇਹ ਕਾਰਜ ਵਜੋਂ ਦੁਹਰੁਕਤੀਯੁਕਤ ਨਹੀਂ ਹੈ, ਦੁਹਰੁਕਤੀਯੁਕਤ ਵਿਸ਼ੇਸ਼ਣ ਦਾ 'ਵਿਸ਼ੇਸ਼' ਵੱਖਰਾ ਹੋਣ ਕਾਰਨ ਇਸਦਾ ਕਾਰਜ ਵੀ ਦੂਹਰਾ ਹੈ। ਤੀਸਰੇ ਵਾਕ ਵਿਚ **ਵਡਾ ਵਡਾ** ਵੱਖਰੇ ਵਾਕੰਸ਼ ਦਾ ਅੰਗ ਹੋਣ ਕਾਰਨ ਦੁਹਰੁਕਤੀਯੁਕਤ ਰੂਪ ਨਹੀਂ ਹੈ। ਆਮ ਪਾਠਕ ਅਜਿਹੇ ਸ਼ਬਦਾਂ ਨੂੰ ਸਮਾਨ ਇਕਾਈ ਵਿਚ ਵਰਤ ਲੈਂਦੇ ਹਨ, ਜਦਕਿ ਇਹਨਾਂ ਦਾ ਪ੍ਰਕਾਰਜ ਭਿੰਨ ਹੈ।

**ਆ** ਅੰਤਿਕ ਵਿਕਾਰੀ ਵਿਸ਼ੇਸ਼ਣ ਆਪਣੇ ਵਿਸ਼ੇਸ਼ ਕਾਰਨ ਰੂਪ ਬਦਲਦੇ ਹਨ। ਜਿਵੇਂ: ਵਡਾ ਵਡਾ ਅਤੇ ਵਡੇ ਵਡੇ:

**ਵਡਾ ਵਡਾ** ਆਖੈ ਸਭੁ ਕੋਈ ॥ (ਮਃ ੧) ਅੰਗ ੧੦੩੫

**ਵਡੇ ਵਡੇ** ਰਾਜਨ ਅਰੁ ਭੂਮਨ ਤਾ ਕੀ ਤ੍ਰਿਸਨ ਨ ਬੂਝੀ ॥ (ਮਃ ੫) ਅੰਗ ੬੭੨

ਪਹਿਲੇ ਵਾਕ ਵਿਚ ਵਡਾ ਦਾ ਵਿਸ਼ੇਸ਼ 'ਪਰਮਾਤਮਾ' ਇਕ ਵਚਨ ਨਾਂਵ ਦੀ ਸਥਿਤੀ ਤੋਂ ਵਾਕ ਵਿਚ ਗ਼ੈਰ ਹਾਜ਼ਰ ਹੈ, ਜਦਕਿ ਅਰਥ ਪੱਖ ਤੋਂ ਕਾਰਜਸ਼ੀਲ ਹੈ। ਦੂਜੇ ਵਾਕ ਵਿਚ 'ਰਾਜਨ ਅਰੁ ਭੂਮਨ' (ਰਾਜੇ ਅਤੇ ਜਿਮੀਦਾਰ) ਬਹੁਵਚਨ, ਪੁਲਿੰਗ ਹਨ। ਇਹ ਵਿਸ਼ੇਸ਼ 'ਬਹੁਵਚਨ, ਪੁਲਿੰਗ' ਹੋਣ ਕਾਰਨ, ਵਿਸ਼ੇਸ਼ਣ 'ਵਡੇ ਵਡੇ' ਵੀ ਬਹੁਵਚਨ, ਪੁਲਿੰਗ ਹੈ। ਵਾਕ ਵਿਚ ਅਜਿਹੇ ਵਿਸ਼ੇਸ਼ਣ, 'ਵਿਸ਼ੇਸ਼' ਦੇ ਅਨੁਸਾਰ ਰੂਪ ਬਦਲਦੇ ਹਨ।

'ਗੁਣਵਾਚਕ ਦੁਹਰੁਕਤੀਯੁਕਤ ਵਿਸ਼ੇਸ਼ਣ' ਦੇ 'ਵਿਸ਼ੇਸ਼ਣੀ' ਰੂਪ ਵੀ ਮਿਲਦੇ ਹਨ। ਦੁਹਰੁਕਤੀਯੁਕਤ ਵਿਸ਼ੇਸ਼ਣ ਨਾਲ ਇਕ ਹੋਰ ਵਿਸ਼ੇਸ਼ਣ ਦੀ ਵਰਤੋਂ ਕੀਤੀ ਮਿਲਦੀ ਹੈ, ਦੂਹਰੇ ਰੂਪ ਵਿਚ ਇਹ 'ਨਾਂਵ ਵਾਕੰਸ਼' (ਨਾਂਵ, ਵਿਸ਼ੇਸ਼ਣ) ਦੀ ਵਿਸ਼ੇਸ਼ਤਾ ਨੂੰ ਦਰਸਾ ਰਹੇ ਹਨ:

**ਧਨੁ ਧਨੁ** ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥

(ਮਃ ੪) ਅੰਗ ੫੯੪

**ਧਨੁ ਧਨੁ** ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥

(ਮਃ ੪) ਅੰਗ ੬੯੯

**ਧਨੁ ਧਨੁ** ਵਡ ਭਾਗ ਗੁਰ ਸਰਣੀ ਆਏ ਹਰਿ ਗੁਰ ਮਿਲਿ ਦਰਸਨੁ ਪਾਇਆ ॥

(ਮਃ ੪) ਅੰਗ ੮੮੨

ਗੁਰਮੁਖਿ ਕਥਾ ਸੁਣੀ ਮਨਿ ਭਾਈ **ਧਨੁ ਧਨੁ** ਵਡ ਭਾਗ ਹਮਾਰੇ ॥ (ਮਃ ੪) ਅੰਗ ੮੮੨

ਤੁਮ **ਵਡੇ ਵਡੇ ਵਡ ਊਚੇ** ਹਉ ਇਤਨੀਕ ਲਹੁਰੀਆ ਰਾਮ ॥ (ਮਃ ੫) ਅੰਗ ੭੭੯

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਵਿਸ਼ੇਸ਼ਣ ਨਾਂਵ ਵਾਕੰਸ਼ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਅਖ਼ੀਰਲੇ ਵਾਕ ਵਿਚ **ਵਡੇ ਵਡੇ** ਦੁਹਰੁਕਤੀਯੁਕਤ ਵਿਸ਼ੇਸ਼ਣ, 'ਤੁਮ' ਪੜਨਾਂਵ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ, **ਵਡ ਊਚੇ** ਵੀ 'ਤੁਮ' ਦਾ ਵਿਸ਼ੇਸ਼ਣ ਹੈ, ਵਡ ਊਚੇ 'ਬਹੁਤ ਊਚੇ' ਦੇ ਅਰਥਾਂ ਵਿਚ ਹੈ। ਇਥੇ 'ਬਹੁਤ' ਵਰਤਣ ਨਾਲ ਰਿਦਮ ਵਿਚ ਖਲਲ ਪੈਦਾ ਹੁੰਦਾ ਹੈ, ਪ੍ਰੰਤੂ 'ਵਡ' ਦੀ ਵਰਤੋਂ ਨਾਲ ਰਿਦਮ ਅਤੇ ਕਾਵਿ ਸੁਹਜ (ਅਨੁਪ੍ਰਾਸ) ਪੈਦਾ ਹੋ ਰਿਹਾ ਹੈ।

ਭਾਸ਼ਾ ਵਿਗਿਆਨੀਆਂ ਨੇ 'ਦੁਹਰੁਕਤੀ' ਅਤੇ 'ਸਮਾਸ' ਨੂੰ ਵਿਕਲਪੀ ਸ਼ਬਦ ਵਜੋਂ ਪਰਿਭਾਸ਼ਤ ਕੀਤਾ ਹੈ, ਜਦਕਿ ਇਹ ਦੋਵੇਂ ਇਕ ਦੂਜੇ ਤੋਂ ਵੱਖਰੇ ਸੰਕਲਪ ਹਨ। ਦੋ ਸ਼ਬਦਾਂ ਨੂੰ ਮਿਲਾ ਕੇ ਬਣਿਆ ਇਕ ਸ਼ਬਦ 'ਸਮਾਸੀ' ਸ਼ਬਦ ਹੈ ਅਤੇ ਇਕ ਸ਼ਬਦ ਦੀ ਦੂਹਰੀ ਵਰਤੋਂ 'ਦੁਹਰੁਕਤੀ' ਹੈ। ਸੋ ਕਿਸੇ ਵੀ ਆਧਾਰ 'ਤੇ ਸਮਾਸੀ ਸ਼ਬਦ ਅਤੇ ਦੁਹਰੁਕਤੀਯੁਕਤ ਸ਼ਬਦ ਨੂੰ ਰਲਗੱਡ ਨਹੀਂ ਕੀਤਾ ਜਾ ਸਕਦਾ। ਸਮਾਸੀ ਸ਼ਬਦ ਦੀ ਦੁਹਰੁਕਤੀਯੁਕਤ ਵਰਤੋਂ ਵਿਸ਼ੇਸ਼ਣ+ ਨਾਂਵ ਦੇ ਰੂਪ ਵਿਚ 'ਵਾਕੰਸ਼' ਦੇ ਅੰਤਰਗਤ ਮਿਲਦੀ ਹੈ। ਬੰਧੇਜੀ ਵਿਸ਼ੇਸ਼ਣ 'ਵਡ' ਅਤੇ ਮੁਕਤ ਨਾਂਵ 'ਭਾਗ'+ 'ਈ' ਬੰਧੇਜੀ ਪਿਛੇਤਰ, ਮਿਲਕੇ 'ਵਡਭਾਗੀ' ਸ਼ਬਦ ਸਿਰਜਦੇ ਹਨ, ਇਹ ਸਮਾਸੀ ਸ਼ਬਦ ਦੀ ਦੁਹਰੁਕਤੀਯੁਕਤ ਵਰਤੋਂ ਹੈ:

**ਵਡਭਾਗੀ ਵਡਭਾਗੀ** ਸਤਸੰਗਤਿ ਪਾਈ ਰਾਮ ॥ (ਮਃ ੫) ਅੰਗ ੪੫੩

ਉਪਰੋਕਤ ਵਾਕ ਵਿਚ ਸਮਾਸੀ ਸ਼ਬਦ 'ਵਡਭਾਗੀ' ਨੂੰ ਦੁਹਰੁਕਤੀਯੁਕਤ ਰੂਪ ਵਿਚ ਵਰਤਿਆ ਗਿਆ ਹੈ। ਸਮਾਸੀ ਸ਼ਬਦ ਨੂੰ ਦੁਹਰੁਕਤੀਯੁਕਤ ਰੂਪ ਵਿਚ ਵਰਤਿਆ ਜਾ ਸਕਦਾ ਹੈ, ਪਰ ਸਮਾਸੀ ਸ਼ਬਦ ਕਦੇ ਦੁਹਰੁਕਤੀ ਨਹੀਂ ਹੁੰਦਾ।

ਸਥਾਨ ਵਾਚਕ ਨਾਂਵਾਂ ਨਾਲ ਵਰਤੇ ਜਾਣ ਵਾਲੇ 'ਵਿਸ਼ੇਸ਼ਣ' ਗੁਣਵਾਚਕ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ:

**ਸੂਧੇ ਸੂਧੇ** ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ ॥ (ਕਬੀਰ) ਅੰਗ ੮੫੫

**ਲੰਮੀ ਲੰਮੀ** ਨਦੀ ਵਹੈ ਕੰਧੀ ਕੇਰੈ ਹੇਤਿ ॥ (ਫਰੀਦ) ਅੰਗ ੧੩੮੨

**ਸੂਧੇ ਸੂਧੇ** 'ਸਿੱਧੇ' ਵਿਸ਼ੇਸ਼ਣ ਦਾ ਧੁਨੀ ਪਰਿਵਰਤਨ ਰੂਪ ਹੈ, ਇਹ ਰੇਗਿ (ਰਸਤੇ) ਨਾਂਵ ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। 'ਲੰਮੀ ਲੰਮੀ' ਵਿਸ਼ੇਸ਼ਣ ਨਦੀ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਦੂਹਰੇ ਰੂਪ ਵਿਚ ਇਹ ਸ਼ਬਦਾਂ ਵਿਚ ਲਮਕਾਅ ਪੈਦਾ ਕਰ ਰਹੇ ਹਨ, ਇਸ ਨਾਲ ਤਾਲ ਵਿਚ ਰਿਦਮ ਉਪਜਦਾ ਹੈ।

**5.2.II. ਸੰਖਿਅਕ ਵਿਸ਼ੇਸ਼ਣ ਦੁਹਰੁਕਤੀ:-** ਸੰਖਿਆ ਵਿਸ਼ੇਸ਼ਣਾਂ ਦਾ ਸੰਬੰਧ ਨਾਂਵਾਂ ਦੀ ਗਿਣਤੀ ਬੋਧ ਨਾਲ ਹੈ। "ਜਿਹੜੇ ਵਿਸ਼ੇਸ਼ਣਾਂ ਤੋਂ ਨਾਂਵਾਂ ਦੀ ਗਿਣਤੀ ਦਾ ਬੋਧ ਹੋਵੇ, ਉਹਨਾਂ ਨੂੰ ਸੰਖਿਅਕ ਵਿਸ਼ੇਸ਼ਣ ਕਿਹਾ ਜਾਂਦਾ ਹੈ।"[15] ਇਸਦੇ ਵੱਖ ਵੱਖ ਰੂਪ ਮਿਲਦੇ ਹਨ, ਜਿਵੇਂ 'ਨਿਸ਼ਚਤ, ਅਨਿਸ਼ਚਤ, ਕ੍ਰਮ ਬੋਧਕ, ਗੁਣਾ ਬੋਧਕ'। ਉਹ ਵਿਸ਼ੇਸ਼ਣ ਜਿਹੜੇ ਪੂਰੀ ਪੂਰੀ ਸੰਖਿਆ ਦੀ ਜਾਣਕਾਰੀ ਦਿੰਦੇ ਹਨ 'ਨਿਸ਼ਚਤ ਵਿਸ਼ੇਸ਼ਣ' ਹਨ। ਇਸਦੀ ਇਕਹਿਰੇ ਰੂਪ ਵਿਚ ਮਿਲਦੀ ਸ਼ਬਦਾਵਲੀ ਅਸੀਮਤ ਹੈ। ਖੋਜ-ਕਾਰਜ ਦੁਹਰੁਕਤੀਯੁਕਤ ਸ਼ਬਦਾਵਲੀ 'ਤੇ ਕੇਂਦਰਿਤ ਹੋਣ ਕਾਰਨ ਇਕਹਿਰੀ ਸ਼ਬਦਾਵਲੀ ਦਾ ਪੂਰਾ ਵੇਰਵਾ ਨਹੀਂ ਦਿੱਤਾ ਗਿਆ, ਬਲਕਿ ਇਸਦੇ ਕੁਝ ਰੂਪ ਹੇਠਾਂ ਦਿੱਤੇ ਗਏ ਹਨ:

**ਸਾਰਣੀ- 4.**

| | | | | | | | |
|---|---|---|---|---|---|---|---|
| ਇਕ | ਦੁਹ | ਤੀਆ | ਚਾਰ | ਪਾਚ | ਅਠੀ | ਇਕੀਸ | ਸੈ |
| ਇਕਾ | ਦੁਹਾ | ਤੀਐ | ਚਾਰਿ | ਪਾਂਚ | ਅਠੇ | ਇਕੀਹ | ਸਉ |
| ਇਕਿ | ਦੁਹੀ | ਤਿਹਾ | ਚਾਰੀ | ਪਾਂਚੈ | ਆਠ | ਬਾਈਸ | ਸਹਸ |
| ਇਕੀ | ਦੁਹੁ | ਤਿਹੀ | ਚਾਰੇ | ਪਾਂਚਉ | ਆਠਉ | ਚਉਬੀਸ | ਸਹੰਸ |
| ਇਕੁ | ਦੁਹੂ | ਤਿਹੁ | ਚਾਰੈ | ਪੰਜ | ਖਸਟ | ਪਚੀਸ | ਸਹੰਸਰ |
| ਇਕੇ | ਦੂਆ | ਤਿਹੂ | ਚਾਰੁ | ਪੰਜਾ | ਨਉ | ਤੀਸ | ਹਜਾਰ |
| ਇਕੋ | ਦੂਐ | ਤਿਹੂੰ | ਚਾਰਉ | ਪੰਜਿ | ਦਸ | ਤੀਸਾ | ਲਖ |
| ਈਕ | ਦੁਯਾ | ਤੀਜਾ | ਚਉਹਾ | ਪੰਜੇ | ਦਸਾ | ਤੀਹ | ਲਾਖ |

15 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 64.

| | | | | | | | |
|---|---|---|---|---|---|---|---|
| ਏਕ | ਦੁਯੀ | ਤੀਜੀ | ਚਉਹੁੰ | ਖਟ | ਦਹ | ਬਤੀਸ | ਕ੍ਰੋਰੇ |
| ਏਕਾ | ਦੂਯੋ | ਤੀਜੇ | ਚਉਥਾ | ਖਟੁ | ਏਕਾਦਸੀ | ਤੇਤੀਸ | ਕਰੋਰਿ |
| ਏਕਿ | ਦੂਜਾ | ਤੀਜੈ | ਚਉਥੀ | ਛਹ | ਗਿਆਰਹ | ਤੇਤੀਸਾ | ਕਰੋਰੀ |
| ਏਕੁ | ਦੂਆ | ਤੀਨ | ਚਉਥੇ | ਛਹੂ | ਦੁਆਦਸ | ਚਉਤੀਸ | ਕਰੋਰੈ |
| ਏਕੇ | ਦੂਐ | ਤੀਨਿ | ਚਉਥੈ | ਛਕਾ | ਬਾਰਹ | ਪੈਤੀਸ | ਕਰੋੜਿ |
| ਏਕੈ | ਦੁਯਾ | ਤੀਨੇ | ਚਉਥਹਿ | ਛਕੇ | ਬਾਰਹਾ | ਚਾਲੀਸੀ | ਕਰੋੜੀ |
| ਏਕੋ | ਦੁਯੀ | ਤੀਨੈ | ਚਉਥੜੀ | ਛਿਅ | ਤ੍ਰਿਰਹਦਸ | ਪਚਾਸ | ਕਰੋੜੇ |
| ਇਕਸ | ਦੂਯੋ | ਤੀਨੌ | ਚਤੁਰ | ਸਤ | ਚਉਦਸ | ਪੰਚਾਸ | ਕੋਟਾ |
| ਇਕਸੁ | ਦੂਜਾ | ਤ੍ਰੈ | ਚਤਆਰੇ | ਸਤੀ | ਚਉਦਸਿ | ਬਾਵਨ | ਕੋਟਿ |
| ਇਕਸੈ | ਦੂਜੀ | ਤ੍ਰਈ | ਚਤੁਆਰ | ਸਤੁ | ਚਉਦਹ | ਸਾਠ | ਕੋਟੀ |
| ਏਕਸ | ਦੂਜੇ | ਤ੍ਰਿਹੁ | ਚਤੁਰਥਿ | ਸਪਤ | ਚਉਦਹਿ | ਸਠੀ | ਕੋਟਨ |
| ਏਕਸੁ | ਦੂਜੈ | ਤਿਤੁਕਾ | ਚਤੁਰਭੁਜ | ਸਾਤ | ਪੰਦ੍ਰਹ | ਅਠਸਠੇ | ਕੋਟਾਨ |
| ਏਕਸੈ | ਦੋ | ਤਿਤੁਕੀ | ਚਉਗਿਰਦ | ਸਾਤੈ | ਸੋਲਹ | ਅਠਸਠਿ | ਕੋਟਿਕ |
| ਏਕਹਿ | ਦੋਊ | ਤਿਤੁਕੇ | ਪੰਚ | ਅਸਟ | ਖੋੜ | ਸਤਰਿ | ਕੋਟੰਤਰ |
| ਇਕਹੁ | ਦੋਇ | ਤ੍ਰਿਹਗੁਣ | ਪੰਚਾਂ | ਅਸਟੀ | ਖੋੜਸਾ | ਸੈਇ | ਅਰਬ |
| ਏਕਮ | ਦੋਈ | ਤ੍ਰਿਹਗੁਣਾ | ਪੰਚੇ | ਅਸਟਮ | ਸਤਾਰਹ | ਅਠਤਰੈ | ਖਰਬ |
| ਹਿਕ | ਦੋਨੋ | ਚਉ | ਪੰਚੈ | ਅਠ | ਅਠਾਰ | ਅਠਾਸੀ | |
| ਹਿਕੋ | ਦੋਵੈ | ਚਹੁ | ਪੰਚਨ | ਅਠਾ | ਅਠਾਰਹ | ਛਿਨਵੈ | |
| ਹੇਕੋ | ਡੂਇ | ਚਹੂ | ਪੰਚਮ | ਅਠਿ | ਬੀਸ | ਸਤਾਨਵੈ | |

ਉਪਰੋਕਤ ਦਿੱਤੀ ਸਾਰਣੀ ਨਿਸ਼ਚਤ ਸੰਖਿਅਕ ਵਿਸ਼ੇਸ਼ਣਾਂ ਦੀ ਹੈ। ਇਹਨਾਂ ਦੀ ਮਾਤਰਾ ਇਸਤੋਂ ਵਧੇਰੇ ਵੀ ਹੋ ਸਕਦੀ ਹੈ। ਇਸਦੇ ਦੁਹਰੁਕਤੀਯੁਕਤ ਵਿਸ਼ੇਸ਼ਣ ਸੀਮਿਤ ਮਿਲਦੇ ਹਨ:

**ਏਕੈ ਏਕੈ** ਏਕ ਤੂਹੀ ॥ (ਮਃ ੫) ਅੰਗ ੮੮੪

**ਏਕੈ ਏਕੈ** ਤੂ ਰਾਇਆ ॥ (ਮਃ ੫) ਅੰਗ ੮੮੪

ਗੁਰਿ ਕਹਿਆ ਸਭੁ **ਏਕੋ ਏਕੋ** ਅਵਰੁ ਨ ਕੋਈ ਹੋਇਗਾ ਜੀਉ ॥ (ਮਃ ੫) ਅੰਗ ੯੯

ਏਕੈ/ ਏਕੋ, ਏਕ+ ਏ/ ਓ ਪਿਛੇਤਰ ਰੂਪ ਹੈ। ਕਾਵਿ ਰਚਨਾ ਵਿਚ ਸੁਹਜ ਪੈਦਾ ਕਰਨ ਲਈ ਅਜਿਹੇ ਪਿਛੇਤਰਾਂ ਦੀ ਵਰਤੋਂ ਆਮ ਮਿਲਦੀ ਹੈ, ਇਹ ਇਕ 'ਤੇ ਦਬਾਅ ਦਾ ਕਾਰਜ ਕਰ ਰਹੇ ਹਨ। 'ਸੰਖਿਅਕ ਵਿਸ਼ੇਸ਼ਣ' ਪਰਮਾਤਮਾ ਦੇ ਵਿਸ਼ੇਸ਼ ਵਜੋਂ ਵਰਤੇ ਗਏ ਹਨ। **ਏਕੈ ਏਕੈ** ਦੁਹਰੁਕਤੀਯੁਕਤ ਵਿਸ਼ੇਸਣ ਕੇਵਲ ਇਕ ਦਾ ਅਰਥ ਦਿੰਦੇ ਹਨ, ਇਥੇ ਦੂਜੇ ਦਾ ਨਿਸ਼ੇਧ ਹੈ।

"ਪੂਰਣ ਅੰਕ ਦੇ ਅੰਸ਼ ਦੱਸਣ ਵਾਲੇ ਵਿਸ਼ੇਸ਼ਣ ਨੂੰ ਅਪੂਰਨ ਅੰਕ ਬੋਧਕ ਕਹਿੰਦੇ ਹਨ, ਜਿਵੇਂ ਪਾ, ਅੱਧਾ, ਪੌਣਾ, ਸਵਾ, ਡੇਢ, ਢਾਈ, ਸਾਢੇ ਸੱਤ ਆਦਿ।"[16] ਦੁਨੀ ਚੰਦ੍ਰ ਨੇ ਨਿਸ਼ਚਤ ਸੰਖਿਅਕਾਂ ਨੂੰ 'ਪੂਰਨ' ਸੰਖਿਅਕ ਵਿਸ਼ੇਸ਼ਣ ਕਿਹਾ ਹੈ ਤੇ ਪੂਰਨ ਦਾ ਅੰਸ਼ ਦੱਸਣ ਵਾਲੇ ਵਿਸ਼ੇਸ਼ਣਾਂ ਨੂੰ 'ਅਪੂਰਨ' ਕਿਹਾ ਹੈ, ਜਿਵੇਂ 'ਅੱਧਾ, ਪੌਣਾ, ਸਵਾ' ਆਦਿ। ਇਥੇ ਦੁਨੀ ਚੰਦ੍ਰ ਨਾਲ ਪੂਰੀ ਤਰ੍ਹਾਂ ਸਹਿਮਤੀ ਨਹੀਂ ਬਣਦੀ। ਇਹਨਾਂ ਸੰਖਿਆਵਾਂ ਦੀ ਵਰਤੋਂ ਵੀ ਦੋ ਤਰ੍ਹਾਂ ਨਾਲ ਕੀਤੀ ਜਾਂਦੀ ਹੈ, 'ਅੱਧਾ, ਡੇਢ ਜਾਂ ਢਾਈ' ਦੀ ਵਰਤੋਂ ਪੂਰਨ ਸੰਖਿਆਵਾਂ ਤੋ ਬਿਨਾਂ ਵੀ ਇਕਹਿਰੇ ਰੂਪ ਵਿਚ ਕੀਤੀ ਜਾਂਦੀ ਹੈ। 'ਸਵਾ, ਸਾਢੇ' ਦੀ ਵਰਤੋਂ ਪੂਰਨ ਸੰਖਿਆਵਾਂ ਨਾਲ ਸੰਭਵ ਹੈ। 'ਪਾ' ਅਤੇ 'ਪੌਣਾ' ਦੀ ਵਰਤੋਂ ਪੂਰਨ ਸੰਖਿਆਵਾਂ ਤੋਂ ਬਿਨਾਂ ਅਤੇ ਪੂਰਨ ਸੰਖਿਆਵਾਂ ਨਾਲ, ਦੋਹਾਂ ਤਰ੍ਹਾਂ ਕੀਤੀ ਜਾਂਦੀ ਹੈ। ਇਹ ਪੂਰੀ ਤਰ੍ਹਾਂ ਅਪੂਰਨ ਸੰਖਿਆਵਾਂ ਵੀ ਨਹੀਂ ਹਨ:

ਕਬੀਰ ਏਕ ਘੜੀ **ਆਧੀ** ਘਰੀ **ਆਧੀ** ਹੂੰ ਤੇ **ਆਧ** ॥ (ਕਬੀਰ) ਅੰਗ ੧੩੭੭

ਕਰਉ **ਅਢਾਈ** ਧਰਤੀ ਮਾਂਗੀ ਬਾਵਨ ਰੂਪਿ ਬਹਾਨੈ ॥ (ਮਃ ੧) ਅੰਗ ੧੩੪੪

---

16 ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 95.

**ਸਾਢੇ** ਤੀਨਿ ਹਾਥ ਤੇਰੀ ਸੀਵਾਂ ॥ (ਰਵਿਦਾਸ) ਅੰਗ ੬੫੯

ਕਾਰਜੁ **ਸਾਢੇ ਤੀਨਿ** ਹਥ ਘਨੀ ਤ **ਪਉਨੇ ਚਾਰਿ** ॥ (ਕਬੀਰ) ਅੰਗ ੧੩੭੬

**ਸਵਾ** ਲਾਖੁ ਪੈਕਾਬਰ ਤਾ ਕੇ ॥ (ਕਬੀਰ) ਅੰਗ ੧੧੬੧

**ਆਧੀ, ਆਧ, ਅਢਾਈ** ਸੰਖਿਆਵਾਂ, ਪੂਰਨ ਸੰਖਿਆਵਾਂ ਤੋਂ ਬਿਨਾਂ ਇਕਹਿਰੇ ਰੂਪ ਵਿਚ ਕਾਰਜਸ਼ੀਲ ਹਨ, ਜਦਕਿ **ਸਾਢੇ, ਪਉਨੇ, ਸਵਾ** ਸੰਖਿਆਵਾਂ, ਪੂਰਨ ਸੰਖਿਅਕ ਵਿਸ਼ੇਸ਼ਣ ਨਾਲ ਵਰਤੀਆਂ ਗਈਆਂ ਹਨ। ਸੋ ਇਹਨਾਂ ਨੂੰ ਪੂਰੀ ਤਰਾਂ ਅਪੂਰਨ ਸੰਖਿਆਵਾਂ ਨਹੀਂ ਕਿਹਾ ਜਾ ਸਕਦਾ, ਸਗੋਂ ਇਹ ਨਿਸ਼ਚਤ ਸੰਖਿਆਵਾਂ ਹੀ ਹਨ। ਇਹ ਨਿਸ਼ਚਤ ਰੂਪ ਵਿਚ ਸਹੀ ਗਿਣਤੀ ਦਾ ਬੋਧ ਕਰਵਾ ਰਹੇ ਹਨ। ਅਜਿਹੀਆ ਸੰਖਿਆਵਾਂ ਦੀ ਵਰਤੋਂ ਜ਼ਰੂਰ ਪੂਰਨ ਸੰਖਿਆਵਾਂ ਨਾਲ ਕੀਤੀ ਜਾਂਦੀ ਹੈ, ਪਰ ਇਹਨਾਂ ਦਾ ਅਪੂਰਨ ਰੂਪ ਵੀ ਨਿਸ਼ਚਤ ਸੰਖਿਆ ਦਾ ਬੋਧ ਕਰਵਾਉਂਦਾ ਹੈ।

**ਸਾਰਣੀ- 5.**

| | |
|---|---|
| ਅਢੁ | ਪਉਨੇ |
| ਆਢੁ | ਸਵਾ |
| ਆਧੀ | ਅਢਾਈ |
| ਆਰਧਿ | ਸਾਢੇ |

ਉਪਰੋਕਤ ਸਾਰਣੀ ਵਿਚ ਦਿੱਤੇ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਇਕਹਿਰੇ ਰੂਪ ਹਨ। ਇਸ ਕਿਸਮ ਦੇ ਸੰਖਿਅਕ ਵਿਸ਼ੇਸ਼ਣਾਂ ਦਾ ਦੁਹਰੁਕਤੀਯੁਕਤ ਰੂਪ **ਆਢ ਆਢ** ਇਕ ਵਾਰ ਵਰਤਿਆ ਮਿਲਦਾ ਹੈ:

**ਆਢ ਆਢ** ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥ (ਮਃ ੫) ਅੰਗ ੪੦੨

ਦੁਹਰੁਕਤੀਯੁਕਤ ਰੂਪ ਵਿਚ ਇਹ 'ਅੱਧੀ ਅੱਧੀ' ਦੇ ਅਰਥ ਦੇ ਰਿਹਾ ਹੈ, ਅਜਿਹੀ ਉਦਾਹਰਨ ਤੋਂ ਸਪੱਸ਼ਟ ਹੈ ਕਿ ਇਹ 'ਨਿਸ਼ਚਤ' ਸੰਖਿਆ ਦਾ ਬੋਧ ਕਰਵਾ ਰਿਹਾ ਹੈ। ਇਥੇ ਸੰਖਿਆ ਦਾ ਮਹੱਤਵ ਨਹੀਂ

ਬਲਕਿ 'ਨਿਸ਼ਚਿਤਤਾ' ਜਾਂ 'ਅਨਿਸ਼ਚਿਤਤਾ' ਦਾ ਵਧੇਰੇ ਮਹੱਤਵ ਹੈ, ਸੰਖਿਆ ਦੀ ਗਿਣਤੀ ਅੱਧੀ ਪੂਰੀ ਜਾਂ ਕੋਈ ਵੀ ਹੋ ਸਕਦੀ ਹੈ। ਸਤਹੀ ਪੱਧਰ 'ਤੇ ਕਾਰਜ ਵਜੋਂ ਇਹ ਨਾਂਵ ਦੀ ਸੰਖਿਅਕ ਵਿਸ਼ੇਸ਼ਤਾ ਦਰਸਾ ਰਿਹਾ ਹੈ। ਨਾਂਵ ਪ੍ਰਤੱਖ ਰੂਪ ਵਿਚ ਗ਼ੈਰ ਹਾਜ਼ਰ ਹੈ, ਪ੍ਰੰਤੂ ਅਰਥ ਵਜੋਂ ਕਾਰਜਸ਼ੀਲ ਹੈ। ਨਿਸ਼ਚਤ ਰੂਪ ਵਿਚ ਇਹ ਅੱਧੀ ਅੱਧੀ ਦੇ ਅਰਥ ਨਹੀਂ ਦੇ ਰਿਹਾ, ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ ਮਨੁਖ ਦੀ ਤ੍ਰਿਸ਼ਨਾ ਨੂੰ ਦਰਸਾ ਰਿਹਾ ਹੈ।

**II.i. ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਦੁਹਰੁਕਤੀ :-** ਜਿਹੜੇ ਵਿਸ਼ੇਸ਼ਣ ਰੂਪ ਪੂਰੀ ਪੂਰੀ ਸੰਖਿਆ ਦੀ ਜਾਣਕਾਰੀ ਨਹੀਂ ਦਿੰਦੇ ਜਾਂ ਜਿਹਨਾਂ ਸੰਖਿਅਕ ਵਿਸ਼ੇਸ਼ਣਾਂ ਨਾਲ **ਕੁ** ਦੀ ਵਰਤੋਂ ਕੀਤੀ ਜਾਵੇ, ਉਹ 'ਅਨਿਸ਼ਚਤ' ਵਿਸ਼ੇਸ਼ਣ ਹਨ। ਜਿਵੇਂ 'ਕੁਝ, ਬਹੁਤ, ਥੋੜੇ, ਅਲਪ, ਚਾਰ ਕੁ, ਵੀਹ ਕੁ' ਆਦਿ ਇਹ ਅਪੂਰਨ ਸੰਖਿਅਕ ਵਿਸ਼ੇਸ਼ਣਾਂ ਦੀ ਸ਼੍ਰੇਣੀ ਵਿਚ ਆਉਂਦੇ ਹਨ। ਅਨਿਸ਼ਚਤ ਸੰਖਿਅਕ ਵਿਸ਼ੇਸ਼ਣ 'ਗਿਣਤੀ/ ਮਿਣਤੀ' ਦੋਹਾਂ ਲਈ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਅਨਿਸ਼ਚਤ ਸੰਖਿਆਂ ਦੇ ਰੂਪ ਇਸ ਪ੍ਰਕਾਰ ਹਨ:

**ਸਾਰਣੀ- 6.**

| | | | | |
|---|---|---|---|---|
| ਅਸੰਖ | ਅਨਿਕ | ਅਲਪ | ਇਕਨੈ | ਕਈ |
| ਅਸੰਖਾ | ਅਨੇਕੁ | ਇਕ | ਸਾਰਾ | ਥੋੜਾ |
| ਅਧਕੀ | ਅਨੇਕੇ | ਇਕਿ | ਸਾਰੇ | ਥੋੜੀ |
| ਅਧਿਕ | ਅਨੇਕੈ | ਇਕੁ | ਬਹੁਤੁ | ਥੋੜੇ |
| ਅਧਿਕੁ | ਆਨੰਤ | ਏਕੈ | ਬਿਅੰਤ | ਥੋੜੈ |
| ਅਨੀਲੁ | ਅਲਿਪ | ਇਕਨਾ | ਬਿਅੰਤੁ | ਥੋੜੜੇ |

ਜਾ ਕਉ ਖੋਜਹਿ **ਅਸੰਖ** ਮੁਨੀ **ਅਨੇਕ** ਤਪੇ ॥ (ਮ: ੫) ਅੰਗ ੪੫੫

**ਇਕਿ** ਉਪਾਏ ਮੰਗਤੇ **ਇਕਨਾ** ਵਡੇ ਦਰਵਾਰ ॥ (ਮ: ੧) ਅੰਗ ੧੬

**ਅਸੰਖ, ਅਨੇਕ, ਇਕਿ, ਇਕਨਾ** ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਦੇ ਇਕਹਿਰੇ ਰੂਪ ਹਨ। **ਇਕ** ਨਿਸ਼ਚਤ ਸੰਖਿਅਕ ਵਿਸ਼ੇਸ਼ਣ ਹੈ, ਪਰ ਵਰਤੋਂ ਦੇ ਪ੍ਰਸੰਗ ਵਿਚ ਇਹ 'ਅਨਿਸ਼ਚਤ ਸੰਖਿਅਕ' ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਦੁਹਰੁਕਤੀਯੁਕਤ ਰੂਪ ਵਿਚ ਅਨਿਸ਼ਚਤ ਸੰਖਿਅਕ ਵਿਸ਼ੇਸ਼ਣ ਦੇ ਸੀਮਿਤ ਰੂਪ ਮਿਲਦੇ ਹਨ:

**ਸਾਰਣੀ- 7.**

| | |
|---|---|
| ਅਨਿਕ ਅਨਿਕ | ਕੋਟਿ ਕੋਟਿ |
| ਅਨੇਕ ਅਨੇਕ | ਪਰੈ ਪਰੈ |
| ਹੋਰੁ ਹੋਰੁ | ਬਹੁਤੁ ਬਹੁਤੁ |
| ਕੇਤੀ ਕੇਤੀ | ਬੇਅੰਤ ਬੇਅੰਤ |

**ਅਨਿਕ ਅਨਿਕ** ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ ॥

(ਤ੍ਰਿਲੋਚਨ) ਅੰਗ ੯੨

**ਅਨਿਕ** ਤੀਰਥ ਮਜਨੁ ਇਸਨਾਨੁ ॥ (ਮਃ ੫) ਅੰਗ ੧੮੪

ਉਪਰੋਕਤ ਵਾਕ ਵਿਚ ਦੁਹਰੁਕਤੀਯੁਕਤ ਸ਼ਬਦ **ਅਨਿਕ ਅਨਿਕ** ਵਿਭਿੰਨਤਾ ਦੇ ਅਰਥ ਦੇ ਰਿਹਾ ਹੈ, ਵਿਭਿੰਨਤਾ ਦੇ ਅਰਥਾਂ ਵਿਚ ਇਹ 'ਗੁਣ ਵਾਚਕ' ਵਿਸ਼ੇਸ਼ਣ ਹੈ। ਇਕਹਿਰੇ ਰੂਪ ਵਿਚ **ਅਨਿਕ** 'ਅਨਿਸ਼ਚਤ ਸੰਖਿਅਕ' ਵਿਸ਼ੇਸ਼ਣ ਹੈ। ਇਕਹਿਰੇ ਅਨਿਕ ਨੂੰ ਵਿਭਿੰਨਤਾ ਦੇ ਅਰਥ ਵਿਚ ਵਰਤਣ ਲਈ ਇਸ ਨਾਲ ਪ੍ਰਕਾਰ ਜਾਂ ਭਾਂਤਿ ਸ਼ਬਦ ਦੀ ਵਰਤੋਂ ਮਿਲਦੀ ਹੈ। ਪ੍ਰਕਾਰ ਜਾਂ ਭਾਂਤਿ ਤੋਂ ਬਿਨਾਂ ਇਕਹਿਰਾ ਰੂਪ 'ਅਨੇਕ' ਦੇ ਅਰਥ ਦਿੰਦਾ ਹੈ, ਵਿਭਿੰਨਤਾ ਦੇ ਨਹੀਂ।

'ਹੋਰ' ਮੂਲ ਵਿਸ਼ੇਸ਼ਣ ਸ਼ਬਦ ਵਾਕ ਦੇ ਪ੍ਰਸੰਗ ਵਿਚ ਭਿੰਨ ਅਰਥਾਂ ਵਿਚ ਵਰਤਿਆ ਜਾਂਦਾ ਹੈ। ਇਹ ਪਹਿਲੇ ਦਾ ਨਿਸ਼ੇਧ ਕਰਕੇ ਦੂਜੇ ਵੱਲ ਸੰਕੇਤ ਕਰਦਾ ਹੈ ਜਾਂ ਹਾਜ਼ਰ ਦਾ ਨਿਸ਼ੇਧ ਕਰਕੇ ਗ਼ੈਰ ਹਾਜ਼ਰ ਵੱਲ ਸੰਕੇਤ ਕਰਦਾ ਹੈ ਜਾਂ ਇਹ ਵਧੇਰੇ ਮਾਤਰਾ ਜਾਂ ਵਧੇਰੇ ਸੰਖਿਆ ਦੇ ਅਰਥਾਂ ਵਿਚ ਕਾਰਜਸ਼ੀਲ ਹੁੰਦਾ ਹੈ:

ਧਰਤੀ ਹੋਰੁ ਪਰੈ **ਹੋਰੁ ਹੋਰੁ**॥ ਤਿਸ ਤੇ ਭਾਰੁ ਤਲੈ ਕਵਣੁ ਜੋਰੁ ॥ (ਮਃ ੧) ਅੰਗ ੩

ਕੋਟਿ ਜੋਰੇ ਲਾਖ ਕ੍ਰੋਰੇ ਮਨੁ ਨ ਹੋਰੇ॥ **ਪਰੈ ਪਰੈ** ਹੀ ਕਉ ਲੁਝੀ ਹੇ ॥ (ਮਃ ੫) ਅੰਗ ੨੧੩

**ਹੋਰੁ ਹੋਰੁ** 'ਪਰੈ' ਵਿਸ਼ੇਸ਼ਣ ਦੀ ਕ੍ਰਮਤਾ ਤੇ ਧਰਤੀ (ਨਾਂਵ) ਦੀ ਅਨਿਸ਼ਚਤ ਸੰਖਿਆ ਨੂੰ ਦਰਸਾ ਰਿਹਾ ਹੈ, ਇਹ 'ਧਰਤੀ ਦੀਆਂ ਵਿਭਿੰਨ ਪਰਤਾਂ' ਵੱਲ ਸੰਕੇਤ ਹੈ। ਹੋਰੁ ਦਾ ਇਕਹਿਰਾ ਰੂਪ ਧਰਤੀ ਦੀ ਦਿਸ਼ਾ ਦਾ ਸੰਕੇਤ ਕਰਦਾ ਹੈ, ਜਦਕਿ ਦੁਹਰੁਕਤੀਯੁਕਤ ਰੂਪ ਧਰਤੀ ਦੀਆਂ ਅਣਗਿਣਤ ਪਰਤਾਂ ਵੱਲ ਸੰਕੇਤ ਹੈ। ਦੂਜੇ ਵਾਕ ਵਿਚ **ਪਰੈ ਪਰੈ** ਸ਼ਬਦ ਰੂਪ ਹੋਰ/ ਵਧੇਰੇ ਦੇ ਅਰਥ ਦੇ ਰਿਹਾ ਹੈ। ਇਕਹਿਰੇ ਵਿਸ਼ੇਸ਼ਣਾਂ ਦੀ ਵਰਤੋਂ ਦੂਹਰੇ ਵਿਸ਼ੇਸ਼ਣਾਂ ਤੋਂ ਭਿੰਨ ਹੈ। ਹੇਠਾਂ ਦਿੱਤੇ ਵਾਕ ਵਿਚ **ਕੇਤੀ ਕੇਤੀ** ਪ੍ਰਸ਼ਨਿਕ ਸੁਰ ਵਾਲੇ ਪੜਨਾਂਵੀਂ ਵਿਸ਼ੇਸ਼ਣ ਦੁਹਰੁਕਤੀਯੁਕਤ ਰੂਪ ਵਿਚ 'ਸੰਖਿਅਕ' ਵਿਸ਼ੇਸਣ ਦਾ ਕਾਰਜ ਕਰ ਰਿਹਾ ਹੈ:

**ਕੇਤੀ ਕੇਤੀ** ਮਾਂਗਨਿ ਮਾਗੈ ਭਾਵਨੀਆ ਸੋ ਪਾਈਐ ॥ (ਮਃ ੫) ਅੰਗ ੧੩੨੧

ਉਪਰੋਕਤ ਵਾਕ ਵਿਚ ਇਹ ਕਿਤਨੇ (ਜਿਸਦੀ ਕੋਈ ਗਿਣਤੀ ਨਾ ਹੋਵੇ) ਦੇ ਅਰਥਾਂ ਵਿਚ ਹੈ। "ਇਹ ਪੁਰਾਣੀ ਪੰਜਾਬੀ ਦਾ ਸ਼ਬਦ ਹੈ, ਜੋ ਕਿੰਨਾ, ਕਿੰਨੇ, ਕਿੰਨੀ ਆਦਿ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। "[17] ਇਹ ਦੋ ਨਾਂਵਾਂ ਲਈ ਵਰਤਿਆ ਵਿਸ਼ੇਸ਼ਣ ਰੂਪ ਹੈ, ਇਕ ਨਾਂਵ (ਲੋਕਾਈ) ਵਾਕ ਬਣਤਰ ਵਿਚੋਂ ਗ਼ੈਰ ਹਾਜ਼ਰ ਹੈ, ਦੂਜਾ ਨਾਂਵ (ਮੰਗ) ਵਾਕ ਬਣਤਰ ਵਿਚ ਮੌਜੂਦ ਹੈ। 'ਕੇਤੀ' ਦੁਹਰੁਕਤੀਯੁਕਤ ਰੂਪ ਦੋਵਾਂ ਨਾਂਵਾਂ ਦੀ ਅਨਿਸ਼ਚਤ ਸੰਖਿਆ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ।

---

[17] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 257.

ਕੋਟਿ 'ਨਿਸ਼ਚਤ' ਸੰਖਿਅਕ ਵਿਸ਼ੇਸਣ ਦੁਹਰੁਕਤੀਯੁਕਤ ਰੂਪ ਵਿਚ ਅਨਿਸ਼ਚਤ ਸੰਖਿਅਕ ਵਿਸ਼ੇਸਣ ਦਾ ਕਾਰਜ ਕਰ ਰਿਹਾ ਹੈ:

**ਕੋਟਿ ਕੋਟਿ** ਅਘ ਕਾਟਨਹਾਰਾ ॥ (ਮਃ ੫) ਅੰਗ ੩੯੨

**ਕੋਟਿ ਕੋਟਿ** ਦੋਖ ਬਹੁ ਕੀਨੇ ਸਭ ਪਰਹਰਿ ਪਾਸਿ ਧਰੇ ॥ (ਮਃ ੪) ਅੰਗ ੯੭੫

**ਕੋਟਿ** 'ਸੰਸਕ੍ਰਿਤ, ਸੰਗਯਾ- ਕਰੋੜ, ਸੌ ਲੱਖ'[18] ਦੇ ਅਰਥ ਦਿੰਦਾ ਹੈ। ਕਰੋੜ ਨਿਸ਼ਚਤ ਸੰਖਿਆ ਹੈ, ਪਰ ਦੁਹਰੁਕਤੀਯੁਕਤ ਰੂਪ ਵਿਚ **ਕੋਟਿ ਕੋਟਿ** ਦੀ ਸੰਖਿਆ ਨਿਸ਼ਚਤ ਨਹੀਂ। ਸੋ ਦੁਹਰੁਕਤੀਯੁਕਤ ਰੂਪ ਵਿਚ ਨਿਸ਼ਚਤ ਸੰਖਿਅਕ ਵਿਸ਼ੇਸ਼ਣ 'ਅਨਿਸ਼ਚਤ' ਸੰਖਿਅਕ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। **ਬਹੁਤੁ ਬਹੁਤ** ਅਤੇ **ਬੇਅੰਤ ਬੇਅੰਤ** ਵਿਸ਼ੇਸ਼ਣ ਰੂਪ 'ਸੰਖਿਅਕ' ਅਤੇ 'ਗੁਣ ਵਾਚਕ' ਵਿਸ਼ੇਸਣ ਦਾ ਕਾਰਜ ਕਰਦੇ ਹਨ, ਕੁਝ ਹਾਲਤਾਂ ਵਿਚ ਇਹ ਕਿਰਿਆ ਪੂਰਕ ਦੀ ਸਥਿਤੀ ਵਿਚ ਵੀ ਕਾਰਜਸ਼ੀਲ ਹੁੰਦੇ ਹਨ:

ਸਭੁ ਕੋ ਆਖੈ **ਬਹੁਤੁ ਬਹੁਤੁ** ਘਟਿ ਨ ਆਖੈ ਕੋਇ ॥ (ਮਃ ੧) ਅੰਗ ੧੫

ਹਮਰੇ ਅਵਗੁਣ **ਬਹੁਤੁ ਬਹੁਤੁ** ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥

(ਮਃ ੪) ਅੰਗ ੧੬੭

ਗੁਨ **ਬੇਅੰਤ ਬੇਅੰਤ** ਭਨੁ ਨਾਨਕ ਕਹਨੁ ਨ ਜਾਈ ਪਰੈ ਪਰਾਤਿ ॥

(ਮਃ ੫) ਅੰਗ ੫੩੫

ਤੂੰ ਪਾਰਬ੍ਰਹਮੁ **ਬੇਅੰਤੁ ਬੇਅੰਤੁ** ਜੀ ਤੇਰੇ ਕਿਆ ਗੁਣ ਆਖਿ ਵਖਾਣਾ ॥

(ਮਃ ੪) ਅੰਗ ੧੧

ਪਹਿਲੇ ਵਾਕ ਵਿਚ **ਬਹੁਤੁ ਬਹੁਤੁ** ਜਿਸ ਵਿਸ਼ੇਸ਼ਣ ਲਈ ਵਰਤਿਆ ਗਿਆ ਹੈ, ਵਾਕ ਬਣਤਰ ਵਿਚੋਂ ਉਹ ਗ਼ੈਰ ਹਾਜ਼ਰ ਹੈ, ਪ੍ਰੰਤੂ ਅਰਥ ਵਜੋਂ ਪ੍ਰਕਾਰਜਸ਼ੀਲ ਹੈ। ਦੋਹਾਂ ਵਾਕਾਂ ਵਿਚ **ਬਹੁਤੁ ਬਹੁਤੁ** 'ਕਿਰਿਆ ਪੂਰਕ' ਸ਼ਬਦ ਹੈ। ਪਹਿਲੇ ਵਾਕ ਵਿਚ ਇਹ 'ਖ਼ਾਸ ਨਾਂਵ' ਪਰਮਾਤਮਾ ਦੇ 'ਗੁਣ ਵਾਚਕ' ਵਿਸ਼ੇਸ਼ਣ ਦਾ ਪ੍ਰਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ ਇਹ 'ਅਨਿਸ਼ਚਤ' ਸੰਖਿਅਕ ਵਿਸ਼ੇਸ਼ਣ ਦਾ ਪ੍ਰਕਾਰਜ ਕਰ ਰਿਹਾ

[18] ਭਾਈ ਕਾ ਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪਟਿਆਲਾ, 1981 (4th ed.), ਪੰਨਾ 351.

ਹੈ। **ਬੇਅੰਤ ਬੇਅੰਤ** 'ਅਨਿਸ਼ਚਤ' ਸੰਖਿਅਕ ਵਿਸ਼ੇਸ਼ਣ ਹੈ ਅਤੇ ਆਖ਼ਰੀ ਵਾਕ ਵਿਚ ਕਰਤਾ ਵਿਸ਼ੇਸ਼ ਨਾਲ ਇਹ 'ਗੁਣ ਵਾਚਕ' ਵਿਸ਼ੇਸ਼ਣ ਹੈ। ਬੇਅੰਤੁ, ਬੇ+ ਅੰਤੁ ਦਾ ਅਰਥ ਦੇ ਰਿਹਾ ਹੈ, ਜਿਸਦਾ ਕੋਈ ਅੰਤ ਨਾ ਪਾਇਆ ਜਾ ਸਕੇ।

**II.ii. ਕ੍ਰਮ ਵਾਚਕ ਵਿਸ਼ੇਸ਼ਣ ਦੁਹਰੁਕਤੀ:-** ਵਿਸ਼ੇਸ਼ ਦਾ ਕ੍ਰਮ ਦਰਸਾਉਣ ਵਾਲੇ ਵਿਸ਼ੇਸ਼ਣ 'ਕ੍ਰਮ ਬੋਧਕ' ਵਿਸ਼ੇਸ਼ਣ ਹਨ। "ਉਹ ਵਿਸ਼ੇਸ਼ਣ ਜਿਸ ਤੋਂ ਦਰਜੇ ਵਾਰ ਗਿਣਤੀ ਦਾ ਬੋਧ ਹੋਵੇ ਕ੍ਰਮ ਵਾਚਕ ਕਿਹਾ ਜਾਂਦਾ ਹੈ।"[19] ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਕ੍ਰਮ ਬੋਧਕ ਵਿਸ਼ੇਸ਼ਣ ਇਸ ਪ੍ਰਕਾਰ ਹਨ:

**ਸਾਰਣੀ- 8.**

| | | | | |
|---|---|---|---|---|
| ਪਹਿਲ | ਦੂਐ | ਦੂਜੜੀ | ਤੀਜੀ | ਪੰਜਵੈ |
| ਪਹਿਲਾ | ਦੁਯਾ | ਦੂਜੜੈ | ਤੀਜੇ | ਅਠਵੈ |
| ਪਹਿਲੀ | ਦੁਯੀ | ਦੂਸਰ | ਤੀਜੈ | ਦਸਮ |
| ਪਹਿਲੇ | ਦੂਯੋ | ਦੂਸਰੁ | ਤੀਜੜੀ | ਦਸਮੀ |
| ਪਹਿਲੜੀ | ਦੂਜਾ | ਦੁਈਆ | ਚਉਥੈ | ਦਸਵਾ |
| ਪ੍ਰਥਮ | ਦੂਜੀ | ਦੁਤੀਆ | ਪੰਚਮ | ਦਸਵੇ |
| ਪ੍ਰਥਮੇ | ਦੂਜੇ | ਬਿਆ | ਪੰਚਮੀ | ਦਸਵੈ |
| ਪ੍ਰਿਥਮਿ | ਦੂਜੈ | ਤੀਆ | ਪੰਜਵਾ | ਦਸਵੈਂ |
| ਦੂਆ | ਦੂਜੇਰੇ | ਤੀਜਾ | ਪੰਜਵੀ | |

**ਪ੍ਰਥਮੇ** ਮਾਖਨੁ **ਪਾਛੈ** ਦੂਧੁ ॥ (ਮਃ ੫) ਅੰਗ ੯੦੦

**ਦਸਮ** ਦੁਆਰਾ ਅਗਮ ਅਪਾਰਾ ਪਰਮ ਪੁਰਖ ਕੀ ਘਾਟੀ ॥ (ਭ ਬੇਣੀ) ਅੰਗ ੯੭੪

ਅੰਮ੍ਰਿਤੁ ਪੀਆ ਸਤਿਗੁਰਿ ਦੀਆ॥ ਅਵਰੁ ਨ ਜਾਣਾ **ਦੂਆ ਤੀਆ** ॥

[19] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 96.

(ਮ: ੧) ਅੰਗ ੧੦੩੪

'ਪ੍ਰਥਮੇ, ਦਸਮ' ਇਕਹਿਰੇ ਰੂਪ ਵਿਚ 'ਕ੍ਰਮ ਬੋਧਕ' ਵਿਸ਼ੇਸ਼ਣ ਹਨ, 'ਦੂਆ, ਤੀਆ' ਅਰਥਗਤ ਦੁਹਰੁਕਤੀਯੁਕਤ ਵਿਸ਼ੇਸ਼ਣ ਰੂਪ ਹਨ। 'ਰੂਪਗਤ ਦੁਹਰੁਕਤੀ' ਵਜੋਂ ਕ੍ਰਮ ਬੋਧਕ ਸੰਖਿਅਕ ਵਿਸ਼ੇਸ਼ਣਾਂ ਦੀ ਵਰਤੋਂ ਨਹੀਂ ਮਿਲਦੀ। ਇਹ ਅਰਥਗਤ ਦੁਹਰੁਕਤੀਯੁਕਤ ਰੂਪ ਵਿਚ ਕਿਸੇ ਹੋਰ ਦੇ ਅਰਥਾਂ ਵਿਚ ਬਹੁਵਚਨ ਦਾ ਕਾਰਜ ਕਰਦਾ ਹੈ। ਇਥੇ 'ਦੂਆ' ਕੇਵਲ ਕਿਸੇ ਦੂਜੇ ਦਾ ਅਰਥ ਦਿੰਦਾ ਹੈ, 'ਦੂਆ' ਨਾਲ 'ਤੀਆ' ਦਾ ਦੁਹਰਾਉ ਇਕ ਤੋਂ ਵਧੇਰੇ ਦਾ ਪ੍ਰਕਾਰਜ ਕਰਦਾ ਹੈ। ਕਾਵਿ ਬਣਤਰ ਵਿਚ ਇਹ ਤੁਕਾਂ ਦੇ ਤੋਲ ਤੁਕਾਂਤ ਦਾ ਕਾਰਜ ਕਰ ਰਿਹਾ ਹੈ। ਅਜਿਹੀ ਵਰਤੋਂ ਦੇ ਵਧੇਰੇ ਪ੍ਰਸੰਗ ਮਿਲਦੇ ਹਨ, ਜਿਥੇ ਕ੍ਰਮ ਬੋਧਕ ਸ਼ਬਦ ਵੱਖ ਵੱਖ ਅਰਥਾਂ ਦਾ ਸੰਚਾਰ ਕਰਦੇ ਹਨ, ਜਿਵੇਂ:

ਗਗਾ ਗੁਰ ਕੇ ਬਚਨ ਪਛਾਨਾ॥ **ਦੂਜੀ** ਬਾਤ ਨ ਧਰਈ ਕਾਨਾ ॥ (ਕਬੀਰ) ਅੰਗ ੩੪੦

**ਅਵਲਿ** ਸਿਫਤਿ **ਦੂਜੀ** ਸਾਬੂਰੀ॥ **ਤੀਜੈ** ਹਲੇਮੀ **ਚਉਥੈ** ਖੈਰੀ ॥ (ਮ: ੫) ਅੰਗ ੧੦੮੪

ਮਨਮੁਖ **ਦੂਜੀ** ਤਰਫ ਹੈ ਵੇਖਹੁ ਨਦਰਿ ਨਿਹਾਲਿ ॥ (ਮ: ੩) ਅੰਗ ੧੨੭੯

ਉਪਰੋਕਤ ਵਾਕਾਂ ਵਿਚ 'ਦੂਜੀ' ਕ੍ਰਮ ਬੋਧਕ ਸੰਖਿਆ ਵਿਸ਼ੇਸ਼ਣ ਦੀ ਵਰਤੋਂ ਕਰਮ ਬੋਧਕ ਤੋਂ ਬਿਨਾਂ ਵੱਖਰੇ ਅਰਥਾਂ ਵਿਚ ਵੀ ਕੀਤੀ ਗਈ ਹੈ, ਜਿਵੇਂ 'ਹੋਰ' ਦੇ ਅਰਥਾਂ ਵਿਚ ਜਾਂ 'ਦਿਸ਼ਾ ਦੇ ਵਿਸ਼ੇਸ਼' ਵਜੋਂ। ਪਹਿਲੇ ਵਾਕ ਵਿਚ **ਦੂਜੀ** ਸ਼ਬਦ 'ਹੋਰ' ਦੇ ਅਰਥਾਂ ਵਿਚ ਹੈ, ਦੂਜੇ ਵਾਕ ਵਿਚ ਇਹ 'ਕ੍ਰਮ ਵਾਚਕ' ਹੈ (ਅਵਲਿ, ਦੂਜੀ, ਤੀਜੈ, ਚਉਥੈ, ਕ੍ਰਮ ਵਾਚਕ) ਅਤੇ ਤੀਜੇ ਵਾਕ ਵਿਚ 'ਤਰਫ' ਦੀ 'ਦਿਸ਼ਾ ਵਾਚਕ' ਵਿਸ਼ੇਸ਼ਤਾ ਦਰਸਾ ਰਿਹਾ ਹੈ।

**II.iii. ਗੁਣਾ ਵਾਚਕ ਵਿਸ਼ੇਸ਼ਣ:-** ਗੁਣਾਂ ਵਾਚਕ ਵਿਸ਼ੇਸ਼ਣਾਂ ਦੀ ਸਿਰਜਨਾ ਸਮਾਸੀਕਰਨ ਰਾਹੀਂ ਕੀਤੀ ਜਾਂਦੀ ਹੈ। "ਇਹ ਪੂਰਣ ਅੰਕ ਬੋਧਕ ਦੇ ਪਿੱਛੇ 'ਗੁਣਾ' ਲਗਾਕੇ ਬਣਾਏ ਜਾਂਦੇ ਹਨ।"[20] ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਗੁਣਾ ਵਾਚਕ ਵਿਸ਼ੇਸ਼ਣ, ਇਸ ਤਰ੍ਹਾਂ ਹਨ:

**ਸਾਰਣੀ- 9.**

| | | | | |
|---|---|---|---|---|
| ਦਸੂਣੀ | ਦੁਗੁਣ | ਦੂਣੀ | ਤ੍ਰਿਰਗੁਣਿ | ਚਊਣੀ |
| ਦੁਗਣ | ਦੁਗੁਣੇ | ਤੇਵਰ | ਚਉਗੁਨ | ਚਵਗਣ |
| ਦੁਗਣੀ | ਦੂਣ | ਤ੍ਰਿਹਾਗੁਣ | ਚਉਣੀ | ਚਵਗਣਿ |
| ਦੁਗਾਣਾ | ਦੂਣਾ | ਤ੍ਰਿਰਗੁਣ | ਚਉਣੇ | |

ਉਪਰੋਕਤ ਸਾਰਣੀ ਵਿਚ ਦਿੱਤੇ 'ਗੁਣਾ ਵਾਚਕ' ਵਿਸ਼ੇਸ਼ਣ ਗੁਰੂ ਗ੍ਰੰਥ ਸਾਹਿਬ ਵਿਚ ਇਕਹਿਰੇ ਰੂਪ ਵਿਚ ਮਿਲਦੇ ਹਨ। ਰੂਪਗਤ ਦੁਹਰੁਕਤੀ ਦੇ 'ਗੁਣਾ ਵਾਚਕ' ਵਿਸ਼ੇਸ਼ਣ ਨਹੀਂ ਮਿਲਦੇ, ਅਰਥਗਤ ਦੁਹਰੁਕਤੀਯੁਕਤ ਰੂਪ ਸੀਮਿਤ ਮਾਤਰਾ ਵਿਚ ਮਿਲਦੇ ਹਨ:

**ਦੂਣ ਚਊਣੀ** ਦੇ ਵਡਿਆਈ ਸੋਭਾ ਨੀਤਾ ਨੀਤ ॥ (ਮਃ ੫) ਅੰਗ ੬੧੮

**ਦੂਣੀ ਚਉਣੀ** ਕਰਾਮਾਤਿ ਸਚੇ ਕਾ ਸਚਾ ਢੋਆ ॥ (ਬਲਵੰਡ ਸਤਾ) ਅੰਗ ੯੬੮

ਇਕਹਿਰੇ ਰੂਪ ਵਿਚ ਇਹ ਨਿਸ਼ਚਤ ਸੰਖਿਅਕ ਵਿਸ਼ੇਸ਼ਣ ਹਨ, ਦੂਹਰੇ ਰੂਪ ਵਿਚ ਉਪਰੋਕਤ ਵਿਸ਼ੇਸ਼ਣ 'ਅਨਿਸ਼ਚਤ' ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਵਿਆਕਰਨ ਅਨੁਸਾਰ ਗੁਣਾ ਵਾਚਕ ਵਿਸ਼ੇਸ਼ਣਾਂ ਦੀ ਵਰਤੋਂ ਪੂਰਨ ਅੰਕ ਸੰਖਿਅਕ ਵਿਸ਼ੇਸ਼ਣਾਂ ਨਾਲ ਕੀਤੀ ਜਾਂਦੀ ਹੈ। ਜਿੰਨੇ ਗੁਣਾ ਦੱਸਣਾ ਹੋਵੇ, ਉਸਦਾ

[20] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2017 (3 rd ed.), ਪੰਨਾ 97.

ਪਹਿਲਾ ਅੱਖਰ ਤੇ ਗੁਣਾ ਦਾ ਦੂਜਾ ਅੱਖਰ 'ਣ' ਵਰਤਿਆ ਜਾਂਦਾ ਹੈ। ਦੋਹਾਂ ਅੱਖਰਾਂ ਨੂੰ ਸਮਾਸ ਰੂਪ ਵਿਚ ਵਰਤ ਕੇ ਇਕ 'ਗੁਣਾ ਵਾਚਕ' ਸੰਖਿਅਕ ਵਿਸ਼ੇਸ਼ਣ ਸ਼ਬਦ ਦੀ ਘਾੜਤ ਘੜੀ ਜਾਂਦੀ ਹੈ। ਜਿਵੇਂ ਦੋ ਗੁਣਾ ਨੂੰ 'ਦੂਣ' ਜਾਂ 'ਦੂਣੀ' ਤਿੰਨ ਗੁਣਾ ਨੂੰ 'ਤਿਗਣੀ' ਚਾਰ ਗੁਣਾ ਨੂੰ 'ਚਉਣੀ' ਆਦਿ।

**5.2.III. ਨਿਸ਼ਚੇਵਾਚਕ ਵਿਸ਼ੇਸ਼ਣ:-** "ਜਿਨ੍ਹਾਂ ਵਿਸ਼ੇਸ਼ਣਾਂ ਨਾਲ ਕਿਸੇ ਵਸਤ ਵੱਲ ਸੰਕੇਤ ਕਰਕੇ ਵਸਤ ਦਾ ਨਾਮ ਲਿਆ ਜਾਂਦਾ ਹੈ, ਉਨ੍ਹਾਂ ਨੂੰ ਨਿਸ਼ਚੇਵਾਚਕ ਵਿਸ਼ੇਸ਼ਣ ਕਿਹਾ ਜਾਂਦਾ ਹੈ। ਪੰਜਾਬੀ ਬੋਲਚਾਲ ਵਿਚ ਨਿਸ਼ਚੇਵਾਚਕ ਵਿਸ਼ੇਸ਼ਣ ਪੰਜ ਹਨ।"[21] ਵਿਹਾਰਕ ਭਾਸ਼ਾ ਵਿਚ ਨਿਸ਼ਚੇਵਾਚਕ ਵਿਸ਼ੇਸ਼ਣਾਂ ਦੀ ਗਿਣਤੀ ਸਾਹਿਤਕ ਭਾਸ਼ਾ ਤੋਂ ਵਧੇਰੇ ਹੈ। ਸਾਹਿਤਕ ਭਾਸ਼ਾ ਵਿਚ **ਇਹ** ਅਤੇ **ਉਹ** ਸਿਰਫ ਦੋ ਵਿਸ਼ੇਸ਼ਣ ਵਰਤੇ ਜਾਂਦੇ ਹਨ। ਇਹਨਾਂ ਦੀ ਦੂਹਰੇ ਰੂਪ ਵਿਚ ਵਰਤੋਂ 'ਨਿਸ਼ਚੇਵਾਚਕ ਵਿਸ਼ੇਸ਼ਣ ਦੁਹਰੁਕਤੀ' ਹੈ। ਗੁਰੂ ਗ੍ਰੰਥ ਸਾਹਿਬ ਵਿਚ **ਇਹ, ਉਹ** ਦੇ ਵਿਭਿੰਨ ਰੂਪ ਮਿਲਦੇ ਹਨ:

**ਸਾਰਣੀ- 10.**

| | | | | |
|---|---|---|---|---|
| ਓਹ | ਉਨ | ਸੇਇ | ਇਹੁ | ਏਹਾ |
| ਓਹਾ | ਤਿਸ | ਸੇਈ | ਇਹੈ | ਏਹਿ |
| ਓਹਿ | ਤਿਸੁ | ਸੋ | ਈਹਾ | ਏਹੁ |
| ਓਹੁ | ਤਿਨਿ | ਸੇਇ | ਏ | ਏਹੋ |
| ਓਹੇ | ਸਾ | ਇਹ | ਏਈ | ਇਸ |
| ਓਹੈ | ਸਾਈ | ਇਹਾ | ਏਉ | ਇਸੁ |
| ਉਹੁ | ਸੁ | ਇਹਿ | ਏਊ | ਇਨ |

[21] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 66.

| | | | | |
|---|---|---|---|---|
| ਉਆ | ਸੇ | ਇਹੀ | ਏਹ | ਏਸੁ |

ਤਬ **ਓਹ** ਸੇਵਕਿ ਸੇਵਾ ਕਰੈ ॥ (ਮਃ ੫) ਅੰਗ ੮੯੨

**ਓਹੁ** ਗੁਰਮੁਖਿ ਜਾਪੈ ਤਾਂ ਪਤਿ ਹੋਈ ॥ (ਮਃ ੧) ਅੰਗ ੨੨੭

ਮੂਤ ਪਲੀਤੀ ਕਪੜੁ ਹੋਇ॥ ਦੇ ਸਾਬੂਣੁ ਲਈਐ **ਓਹੁ** ਧੋਇ ॥ (ਮਃ ੧) ਅੰਗ ੪

ਨਾ **ਓਹੁ** ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ ॥ (ਮਃ ੧) ਅੰਗ ੯

ਪਹਿਲੇ ਤੇ ਦੂਜੇ ਵਾਕ ਵਿਚ ਓਹ/ ਓਹੁ, ਨਿਸ਼ਚੇਵਾਚਕ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਤੀਜੇ ਵਾਕ ਵਿਚ ਓਹੁ 'ਪੜਨਾਂਵ' ਪਹਿਲੇ ਉਪਵਾਕ ਵਿਚ 'ਕਪੜੁ' ਨਾਂਵ ਵੱਲ ਸੰਕੇਤ ਕਰਦਾ ਹੈ। ਕਪੜੁ ਨੂੰ ਦੁਹਰਾਉਣ ਦੀ ਬਜਾਇ **ਓਹੁ** ਪੜਨਾਂਵ ਵਰਤਿਆ ਹੈ, ਜੋ ਕਿ ਸੰਕੇਤ ਵਾਚਕ ਹੋਣ ਕਾਰਨ 'ਨਿਸ਼ਚੇਵਾਚਕ' ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਆਖ਼ਰੀ ਵਾਕ ਵਿਚ 'ਓਹੁ' ਅਨਯੈ ਪੁਰਖ ਪੜਨਾਂਵ ਹੈ, ਇਸਦਾ ਲਿੰਗ ਅਤੇ ਵਚਨ ਭੇਦ ਨਹੀਂ ਹੁੰਦਾ।

ਉਪਰੋਕਤ ਸਾਰਣੀ-10. ਵਿਚ ਦਿੱਤੇ ਸ਼ਬਦ ਦੁਹਰੁਕਤੀਯੁਕਤ ਰੂਪ 'ਪੜਨਾਵੀਂ ਵਿਸ਼ੇਸ਼ਣ' ਵਜੋਂ ਵਰਤੇ ਨਹੀਂ ਮਿਲਦੇ। ਪੜਨਾਂਵੀਂ ਵਿਸ਼ੇਸ਼ਣ ਵਜੋਂ ਇਹਨਾਂ ਦੀ ਵਰਤੋਂ ਕੇਵਲ ਇਕਹਿਰੇ ਰੂਪ ਵਿਚ ਮਿਲਦੀ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ 'ਅਨਯੈ ਪੁਰਖ' ਪੜਨਾਂਵ ਵਜੋਂ ਵਰਤੇ ਗਏ ਹਨ, ਇਹਨਾਂ ਦਾ ਵਿਸਤ੍ਰਿਤ ਵੇਰਵਾ ਅਧਿਆਇ ਚੌਥਾ ਵਿਚ ਦਿੱਤਾ ਗਿਆ ਹੈ। ਪੜਨਾਂਵ ਵਜੋਂ ਇਹਨਾਂ ਦੇ ਸਿੱਧੇ ਰੂਪ ਨਹੀਂ, ਬਲਕਿ 'ਸ' ਅਤੇ 'ਤ' ਵਾਲੇ ਰੂਪ ਵਰਤੇ ਗਏ ਹਨ।

**5.2.IV. ਪੜਨਾਂਵੀਂ ਵਿਸ਼ੇਸ਼ਣ:-** ਦੁਨੀ ਚੰਦ੍ਰ ਨੇ ਪੰਜਾਬੀ ਭਾਸ਼ਾ ਦੇ ਵਿਆਕਰਨ ਵਿਚ ਪੜਨਾਂਵੀਂ ਵਿਸ਼ੇਸ਼ਣ ਨੂੰ 'ਸਰਬਨਾਂਵੀਂ ਵਿਸ਼ੇਸ਼ਣ' ਕਿਹਾ ਹੈ। "ਜਦੋਂ ਕੋਈ ਮੂਲ ਸਰਬਨਾਂਵ ਜਾਂ ਸਰਬਨਾਂਵ ਤੋਂ ਬਣਿਆ ਪਦ ਨਾਂਵ ਤੋਂ

ਪਹਿਲਾਂ ਵਿਸ਼ੇਸ਼ਣ ਵਾਂਗ ਵਰਤਿਆ ਜਾਂਦਾ ਹੈ, ਤਦ ਉਸਨੂੰ ਸਰਬਨਾਂਵੀਂ ਵਿਸ਼ੇਸ਼ਣ ਆਖਦੇ ਹਨ।"[22] ਪੜਨਾਂਵ ਸ਼ਬਦ ਰੂਪ ਵਾਕ ਬਣਤਰ ਵਿਚ 'ਪੜਨਾਵੀਂ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ:

**ਜੋ ਜੋ** ਜਪੈ ਤਿਸ ਕੀ ਗਤਿ ਹੋਇ ॥ (ਮਃ ੫) ਅੰਗ ੨੭੪

**ਜੋ ਜੋ** ਨਿੰਦ ਕਰੇ ਸੰਤਨ ਕੀ ਤਿਉ ਸੰਤਨ ਸੁਖੁ ਮਾਨਾ ॥ (ਮਃ ੫) ਅੰਗ ੩੮੧

**ਜੋ ਜੋ** ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ (ਮਃ ੪) ਅੰਗ ੩੦੬

**ਕੋਈ ਕੋਈ** ਸਾਜਣੁ ਆਇ ਕਹੈ ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥

(ਤ੍ਰਿਲੋਚਨ) ਅੰਗ ੯੨

ਸ਼ਬਦ ਬਣਤਰ ਦੇ ਆਧਾਰ 'ਤੇ ਇਹਨਾਂ ਨੂੰ 'ਸੰਬੰਧ ਵਾਚਕ ਪੜਨਾਂਵ' ਜਾਂ 'ਪੜਨਾਂਵੀਂ ਵਿਸ਼ੇਸ਼ਣ' ਕਿਹਾ ਜਾਂਦਾ ਹੈ। ਇਹ ਸ਼ਬਦ ਜਦੋਂ ਪੜਨਾਂਵ ਨਾਲ ਵਰਤੇ ਜਾਂਦੇ ਹਨ, ਤਾਂ ਇਹ 'ਪੜਨਾਂਵੀਂ ਵਿਸ਼ੇਸ਼ਣ' ਹਨ ਅਤੇ ਜਦੋਂ ਨਾਂਵ\ ਪੜਨਾਂਵ ਤੋਂ ਬਿਨਾਂ ਵਰਤੇ ਜਾਣ, ਤਾਂ ਇਹ 'ਸੰਬੰਧ ਵਾਚਕ ਪੜਨਾਂਵ' ਹਨ। ਉਪਰੋਕਤ ਪਹਿਲੇ ਦੋ ਵਾਕਾਂ ਵਿਚ **ਜੋ ਜੋ** 'ਸੰਬੰਧ ਵਾਚਕ' ਪੜਨਾਂਵ ਹੈ ਤੇ ਤੀਜੇ ਵਾਕ ਵਿਚ ਇਹ 'ਪੜਨਾਂਵੀਂ' ਵਿਸ਼ੇਸ਼ਣ ਹੈ, ਇਥੇ ਇਹ ਸੰਤਿ 'ਨਾਂਵ' ਨਾਲ ਆਉਣ ਕਾਰਨ ਇਸਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਬਹੁਵਚਨ ਦੇ ਅਰਥ ਦੇ ਰਹੇ ਹਨ ਤੇ ਵਾਕ ਬਣਤਰ ਵਿਚ ਕਾਵਿ ਦਾ ਵਜਨ ਪੂਰ ਰਹੇ ਹਨ। ਕੋਈ ਦਾ ਇਕਹਿਰਾ ਰੂਪ ਇਕ ਵਚਨ ਦੇ ਅਰਥ ਦਿੰਦਾ ਹੈ। 'ਦੁਹਰੁਕਤੀ' ਕਾਵਿ ਰਚਨਾ ਦਾ ਅਹਿਮ ਗੁਣ ਹੈ, ਇਸ ਨਾਲ ਕਾਵਿ ਦਾ ਵਜਨ ਅਤੇ ਚਾਲ ਇਕਸੁਰ ਰਹਿੰਦੀ ਹੈ।

---

[22] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 100.

**5.2.V. ਪ੍ਰਸ਼ਨ ਵਾਚਕ ਵਿਸ਼ੇਸ਼ਣ:-** 'ਪ੍ਰਸ਼ਨ ਵਾਚਕ' ਪੜਨਾਂਵ ਵਾਕ ਬਣਤਰ ਵਿਚ ਪੜਨਾਂਵੀਂ ਵਿਸ਼ੇਸ਼ਣ ਦਾ ਕਾਰਜ ਵੀ ਕਰਦੇ ਹਨ। ਇਹਨਾਂ ਦਾ ਰੂਪ ਇਕੋ ਰਹਿੰਦਾ ਹੈ, ਕਾਰਜ ਦੇ ਪੱਖ ਤੋਂ ਇਹ 'ਪ੍ਰਸ਼ਨ ਵਾਚਕ ਪੜਨਾਂਵ' ਅਤੇ 'ਪ੍ਰਸ਼ਨਵਾਚਕ ਪੜਨਾਂਵੀਂ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ:

**ਕਵਨ ਕਵਨ** ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ॥ (ਮਃ ੧) ਅੰਗ ੫੦੩

ਰਾਜਾ ਰਾਮ ਜਪਤ **ਕੋ ਕੋ** ਨ ਤਰਿਓ ॥ (ਨਾਮਦੇਵ) ਅੰਗ ੧੧੦੫

**ਕਉਣ ਕਉਣ** ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ ॥

(ਮਃ ੩) ਅੰਗ ੬੩੮

ਤੇਰੇ **ਕਵਨ ਕਵਨ** ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥

(ਮਃ ੪) ਅੰਗ ੭੩੫

ਪਹਿਲੇ ਦੋ ਵਾਕਾਂ ਵਿਚ **ਕਵਨ ਕਵਨ** ਅਤੇ **ਕੋ ਕੋ** 'ਪ੍ਰਸ਼ਨਵਾਚਕ ਪੜਨਾਂਵ' ਦਾ ਕਾਰਜ ਕਰ ਰਹੇ ਹਨ। ਤੀਜੇ ਅਤੇ ਚੌਥੇ ਵਾਕ ਵਿਚ **ਕਉਣ ਕਉਣ, ਕਵਨ ਕਵਨ** 'ਪ੍ਰਸ਼ਨਵਾਚਕ ਪੜਨਾਂਵੀਂ ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ। ਉਪਰੋਕਤ ਦੁਹਰੁਕਤੀਯੁਕਤ ਰੂਪ ਬਹੁਵਚਨ ਦੇ ਅਰਥ ਦੇ ਰਹੇ ਹਨ, ਇਕਹਿਰੇ ਰੂਪ ਵਿਚ ਇਹ 'ਇਕ ਵਚਨ' ਦਾ ਅਰਥ ਦਿੰਦੇ ਹਨ:

ਹਰਿ ਬਿਨੁ ਦੂਜਾ **ਕੋ** ਨਹੀ ਏਕੋ ਨਾਮੁ ਧਿਆਇ ॥ (ਮਃ ੫) ਅੰਗ ੪੬

**ਕਉਣ** ਤਰਾਜੀ **ਕਵਣੁ** ਤੁਲਾ ਤੇਰਾ **ਕਵਣੁ** ਸਰਾਫੁ ਬੁਲਾਵਾ ॥ (ਮਃ ੧) ਅੰਗ ੭੩੦

ਉਪਰੋਕਤ ਵਾਕਾਂ ਵਿਚ 'ਕੋ, ਕਉਣ, ਕਵਣੁ' ਇਕਹਿਰੇ ਰੂਪ 'ਇਕ ਵਚਨ' ਦਾ ਕਾਰਜ ਕਰ ਰਹੇ ਹਨ।

## ੲ. ਕਿਰਿਆ ਪੂਰਕ ਦੀ ਸਥਿਤੀ ਵਿਚ ਮੂਲ ਵਿਸ਼ੇਸ਼ਣ

ਅਪੂਰਨ ਕਿਰਿਆ ਨਾਲ 'ਵਿਸ਼ੇਸ਼ਣ' ਕਿਰਿਆ ਦੇ ਪੂਰਕ ਦਾ ਕਾਰਜ ਕਰਦੇ ਹਨ। ਵਾਕੰਸ਼ ਦੀ ਸਥਿਤੀ ਵਿਚ ਇਹ 'ਪੂਰਕ' ਦਾ ਕਾਰਜ ਨਿਭਾ ਰਹੇ ਹਨ, ਪ੍ਰੰਤੂ ਮੂਲ ਰੂਪ ਵਿਚ ਇਹ ਨਾਂਵ/ ਪੜਨਾਂਵ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ:

ਕਹੁ ਨਾਨਕ **ਅਗਮ ਅਗਮ** ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥ (ਮਃ ੫) ਅੰਗ ੨੦੯

ਰੇ ਮੂੜੇ ਲਾਹੇ ਕਉ ਤੂੰ **ਢੀਲਾ ਢੀਲਾ** ਤੋਟੇ ਕਉ ਬੇਗਿ ਧਾਇਆ ॥ (ਮਃ ੫) ਅੰਗ ੪੦੨

ਅਲਾਹ **ਪਾਕੰ ਪਾਕ** ਹੈ ਸਕ ਕਰਉ ਜੇ ਦੂਸਰ ਹੋਇ ॥ ਅੰਗ ੭੨੭

**ਅਗਮ ਅਗਮ, ਢੀਲਾ ਢੀਲਾ** ਅਤੇ **ਪਾਕ** ਮੂਲ ਰੂਪ 'ਵਿਸ਼ੇਸ਼ਣ' ਸ਼ਬਦ ਅਰਥ ਪੱਖ ਤੋਂ ਵਿਸ਼ੇਸ਼ਣ ਹਨ, ਪਰ ਵਾਕ ਬਣਤਰ ਦੇ ਪੱਖ ਤੋਂ 'ਕਿਰਿਆ ਪੂਰਕ' ਦਾ ਕਾਰਜ ਕਰ ਰਹੇ ਹਨ। 'ਪਾਕੰ ਪਾਕ' ਅਰਥਗਤ ਪਿਛੇਤਰ ਦੁਹਰੁਕਤੀ ਹੈ, 'ਪਾਕੰ' ਨਾਲ (ਂ) ਪਿਛੇਤਰ **ਤੋਂ** ਸੰਬੰਧਕ ਰੂਪ ਵਾਕੰਸ਼ ਵਜੋਂ ਦੂਹਰਾ ਰੂਪ 'ਅਲਾਹ ਦੀ ਪਰਮ ਪਵਿੱਤਰਤਾ' ਨੂੰ ਦਰਸਾ ਰਿਹਾ ਹੈ। "ਰੱਬ ਸਭ ਤੋਂ ਪਵਿੱਤਰ ਹੈ। "[23] (ਂ) ਤੋਂ ਬਿਨਾਂ ਦੂਹਰੀ ਸ਼ਬਦ ਬਣਤਰ ਨਹੀਂ ਬਣਦੀ। ਦੂਹਰੇ ਰੂਪ ਵਿਚ ਇਹ 'ਵਿਸ਼ੇਸ਼ਣ ਦੀ ਵਿਸ਼ੇਸ਼ਤਾ' ਨੂੰ ਦਰਸਾ ਰਿਹਾ ਹੈ।

## ਸ. ਵਿਸ਼ੇਸ਼ਣ ਦੁਹਰੁਕਤੀ: ਪ੍ਰਕਾਰਜ

ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀ ਇਕਹਿਰੇ ਰੂਪਾਂ ਤੋਂ ਵੱਖਰੀ 'ਭਾਵ ਬਣਤਰ' ਦਾ ਸੰਚਾਰ ਕਰਦੀ ਹੈ। ਕਾਵਿ ਰਚਨਾ ਵਿਚ ਦੁਹਰੁਕਤੀ ਦਾ ਮਹੱਤਵ ਵਿਸ਼ੇਸ਼ ਰਹਿੰਦਾ ਹੈ। ਦੁਹਰਾਉ ਵਾਕ ਦੇ ਸੁਹਜ ਅਤੇ ਚਾਲ ਨੂੰ ਲਗਾਤਾਰ ਬਣਾਈ ਰੱਖਦਾ ਹੈ। ਦੂਹਰੇ ਵਿਸ਼ੇਸ਼ਣ ਵਿਚ ਕਾਰਜ ਪੱਧਰ 'ਤੇ ਮੂਲ ਵਿਸ਼ੇਸ਼ਣ ਨਾਲ ਇਕ ਵੱਖਰਾ ਮੂਲ ਵਿਸ਼ੇਸ਼ਣ ਕਾਰਜਸ਼ੀਲ ਹੁੰਦਾ ਹੈ, ਜੋ ਪ੍ਰਕਾਰਜ ਦੀ ਇਕਾਈ ਨੂੰ ਨਿਸ਼ਚਤ ਕਰਦਾ ਹੈ। ਵਿਸ਼ੇਸ਼ਣ

---

[23] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਦੂਜੀ) , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 727.

ਦੁਹਰੁਕਤੀ ਵਾਕ ਬਣਤਰ ਵਿਚ 'ਵਿਸ਼ੇਸ਼ ਦੀ ਵਿਸ਼ੇਸ਼ਤਾ', ਦਬਾਉ, ਅਰਥ ਸੰਕੋਚ, ਅਰਥ ਵਿਸਥਾਰ, ਸ਼੍ਰੇਣੀ ਪਰਿਵਰਤਨ, ਅਰਥਗਤ ਵਿਭਿੰਨਤਾ' ਆਦਿ ਦਾ ਪ੍ਰਕਾਰਜ ਕਰਦੀ ਹੈ।

i. **ਵਿਸ਼ੇਸ਼ਣ ਦੀ ਵਿਸ਼ੇਸ਼ਤਾ:-** ਗੁਣ ਵਾਚਕ ਵਿਸ਼ੇਸ਼ਣ ਦੇ ਦੂਹਰੇ ਰੂਪ ਆਮ ਤੌਰ ਤੇ 'ਵਿਸ਼ੇਸ਼ਣ ਦੀ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਇਕੋ ਸ਼ਬਦ ਰੂਪ ਕਾਰਜ ਪੱਖ ਤੋਂ ਦੋ ਵਿਭਿੰਨ ਵਿਸ਼ੇਸ਼ਣਾਂ ਦਾ ਕਾਰਜ ਕਰਦਾ ਹੈ।

**ਵਡੇ ਵਡੇ** ਜੋ ਦੀਸਹਿ ਲੋਗ॥ ਤਿਨ ਕਉ ਬਿਆਪੈ ਚਿੰਤਾ ਰੋਗ ॥ (ਮਃ ੫) ਅੰਗ ੧੮੮

**ਪਵਿਤ੍ਰ ਪਵਿਤ੍ਰ** ਪਵਿਤ੍ਰ ਪੁਨੀਤ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥

(ਮਃ ੫) ਅੰਗ ੨੭੯

**ਵਡੇ ਵਡੇ**, **ਪਵਿਤ੍ਰ ਪਵਿਤ੍ਰ** ਦੂਹਰੇ ਰੂਪ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦਾ ਪ੍ਰਕਾਰਜ ਕਰ ਰਹੇ ਹਨ। ਦੋਹਾਂ ਦਾ ਪ੍ਰਕਾਰਜ ਭਿੰਨ ਹੈ। **ਵਡੇ ਵਡੇ** 'ਬਹੁਤ ਵਡੇ' ਦਾ ਅਰਥ ਦਿੰਦਾ ਹੈ। "ਜਿਹੜੇ ਬੰਦੇ ਬਹੁਤ ਵੱਡੇ ਦਿਸਦੇ ਹਨ।"[24] **ਪਵਿਤ੍ਰ ਪਵਿਤ੍ਰ** 'ਪਵਿੱਤਰਾ ਦੀ ਪਰਮ ਉਚਤਾ' ਨੂੰ ਦਰਸਾਉਂਦਾ ਹੈ। "ਉਹ ਪਵਿੱਤਰ ਹੀ ਪਵਿੱਤਰ ਹੋ ਜਾਂਦਾ ਹੈ।"[25] ਕਾਰਜੀ ਵਾਕੰਸ਼ ਵਜੋਂ ਇਹ ਤੀਬਰ ਭਾਵ ਦਾ ਪ੍ਰਕਾਰਜ ਕਰ ਰਹੇ ਹਨ।

ii. **ਅਰਥ ਸੰਕੋਚ:- ਏਕੈ ਏਕੈ** ਦੁਹਰਾਉ 'ਕੇਵਲ ਇਕ' ਦੇ ਅਰਥਾਂ ਵਿਚ ਪ੍ਰਕਾਰਜੀ ਇਕਾਈ 'ਅਰਥ ਸੰਕੋਚ' ਵਾਲੀ ਹੈ। ਇਕ ਦੀ ਦੁਹਰਾਉਗਤ ਰੂਪਾਵਲੀ ਕੇਵਲ ਇਕ ਦੇ ਅਰਥਾਂ ਦਾ ਪ੍ਰਕਾਰਜ ਕਰਦੀ ਹੈ। ਗੁਰਬਾਣੀ ਦੀ ਇਹ ਵੀ ਭਾਸ਼ਾਈ ਵਿਸ਼ੇਸ਼ਤਾ ਮਿਲਦੀ ਹੈ, ਇਥੇ ਇਕ ਜਾਂ ਇਕ ਦੀ ਰੂਪਾਵਲੀ ਦਾ ਅਰਥ ਕੇਵਲ ਇਕ ਦੀ ਸੰਖਿਆ ਵਜੋਂ ਨਹੀਂ, ਇਸਦੀ ਵਰਤੋਂ ਅਨੇਕ ਦੇ ਅਰਥਾਂ ਵਿਚ ਵੀ ਹੈ।

**ਇਕ** ਦਝਹਿ **ਇਕ** ਦਬੀਅਹਿ **ਇਕਨਾ** ਕੁਤੇ ਖਾਹਿ ॥ (ਮਃ ੧) ਅੰਗ ੬੪੮

**ਏਕੈ ਏਕੈ** ਏਕ ਤੂਹੀ ॥ (ਮਃ ੫) ਅੰਗ ੮੮੪

---

24 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੂਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1962, ਪੰਨਾ 186.

25 ਓਹੀ, ਸੁਖਮਨੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਮਾਈਂ ਸੇਵਾ ਬਜ਼ਾਰ, ਅੰਮ੍ਰਿਤਸਰ, 1938, ਪੰਨਾ 137.

ਗੁਰਿ ਕਹਿਆ ਸਭੁ **ਏਕੋ ਏਕੋ** ਅਵਰੁ ਨ ਕੋਈ ਹੋਇਗਾ ਜੀਉ ॥ (ਮਃ ੫) ਅੰਗ ੯੯

ਦੀਬਾਨੁ ਹਮਾਰੋ ਤੁਹੀ **ਏਕ** ॥ (ਮਃ ੫) ਅੰਗ ੨੧੦

ਪਹਿਲੇ ਵਾਕ ਵਿਚ ਇਕ/ ਇਕਨਾ ਦੀ ਵਰਤੋਂ 'ਅਨੇਕ' ਦੇ ਅਰਥਾਂ ਵਿਚ ਹੈ। **ਏਕੈ ਏਕੈ, ਏਕੋ ਏਕੋ** ਦੁਹਰੁਕਤੀਯੁਕਤ ਰੂਪ ਕੇਵਲ ਇਕ ਦੇ ਅਰਥ ਦੇ ਰਹੇ ਹਨ ਤੇ ਦੂਜੇ ਦਾ ਨਿਸ਼ੇਧ ਕਰਦੇ ਹਨ। ਜਿਵੇਂ ਤੀਜੇ ਵਾਕ ਦਾ ਦੂਜਾ 'ਉਪਵਾਕ' ਪ੍ਰਤੱਖ ਰੂਪ ਵਿਚ ਨਿਸ਼ੇਧ ਦਾ ਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ ਕਿਸੇ ਨਿਸ਼ੇਧਾਤਮਕ ਵਾਕ ਦੀ ਵਰਤੋਂ ਤੋਂ ਬਿਨਾਂ **ਏਕੈ** ਦਾ ਦੂਹਰਾ ਰੂਪ ਕਾਰਜ ਪੱਖ ਤੋਂ ਨਿਸ਼ੇਧ ਦਾ ਕਾਰਜ ਵੀ ਕਰ ਰਿਹਾ ਹੈ। ਦੂਹਰਾ ਰੂਪ 'ਕੇਵਲ' ਦੇ ਅਰਥਾਂ ਵਿਚ 'ਦਬਾਉ' ਦਾ ਕਾਰਜ ਵੀ ਕਰਦਾ ਹੈ। ਜਿਵੇਂ ਚੌਥੇ ਵਾਕ ਵਿਚ 'ਏਕ' ਦਾ ਦਬਾਉ ਬੋਧਕ ਪ੍ਰਭਾਵ **ਤੂ** ਨਾਲ ਲੱਗਾ **ਹੀ** ਕਰ ਰਿਹਾ ਹੈ। ਸੋ ਸ਼ਬਦ ਦਾ ਦੂਹਰਾ ਰੂਪ ਇਕੋ ਸਮੇਂ, ਇਕੋ ਰੂਪ ਰਾਹੀਂ ਵਧੇਰੇ ਕਾਰਜ ਕਰਦਾ ਹੈ, ਜੋ ਇਕਹਿਰੇ ਰੂਪ ਨਾਲ ਵੱਖਰੇ ਸ਼ਬਦਾਂ ਦੀ ਵਰਤੋਂ ਕਰਕੇ ਲਿਆ ਜਾਂਦਾ ਹੈ।

iii. **ਅਰਥ ਵਿਸਥਾਰ ਤੇ ਅਰਥਗਤ ਵਿਭਿੰਨਤਾ :-** ਅਰਥ ਵਿਸਥਾਰ ਵਿਚ ਦੂਹਰੇ ਸ਼ਬਦ ਮੂਲ ਅਰਥਾਂ ਤੋਂ ਅੱਗੇ ਜਾਂ ਬਹੁਵਚਨ ਦੇ ਪ੍ਰਕਾਰਜ ਵਜੋਂ ਅਰਥ ਦਾ ਵਿਸਥਾਰ ਕਰਦੇ ਹਨ । ਅਰਥਗਤ ਵਿਭਿੰਨਤਾ ਵਿਚ ਦੂਹਰਾ ਰੂਪ 'ਵਿਸ਼ੇਸ਼ ਦੀ ਵਿਸ਼ੇਸ਼ਤਾ ' ਨੂੰ 'ਵਿਭਿੰਨਤਾ' ਵਜੋਂ ਦਰਸਾਉਂਦਾ ਹੈ। **ਅਨਿਕ ਅਨਿਕ** ਦਾ ਦੂਹਰਾ ਰੂਪ 'ਕਈ ਹੋਰ' ਦੇ ਅਰਥ ਦਿੰਦਾ ਹੈ। ਇਕਹਿਰਾ ਰੂਪ ਮੂਲ ਅਰਥਾਂ ਤੱਕ ਸੀਮਿਤ ਰਹਿੰਦਾ ਹੈ।

**ਅਨਿਕ ਅਨਿਕ** ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥ (ਮਃ ੫) ਅੰਗ ੫੩੩

**ਅਨਿਕ** ਭਾਤਿ ਕਰਿ ਮਣੀਏ ਸਾਜੇ ਕਾਚੈ ਤਾਗਿ ਪਰੋਹੀ ॥ (ਮਃ ੫) ਅੰਗ ੬੦੯

**ਅਨਿਕ ਅਨਿਕ** ਭਾਤਿ ਬਹੁ ਪੇਖੇ "ਹੋਰ ਕਈ ਤਰ੍ਹਾਂ ਦੇ ਲੋਕ ਵੇਖੇ ਹਨ। "[26] **ਅਨਿਕ** ਭਾਤਿ ਕਰਿ ਮਣੀਏ ਸਾਜੇ, "ਅਨੇਕ ਤਰੀਕਿਆਂ ਨਾਲ ਪਰਮਾਤਮਾ ਨੇ ਸਾਰੇ ਅੰਗ ਬਣਾਏ ਹਨ। "[27] ਦੋਵਾਂ ਵਾਕਾਂ ਦੀ ਭਾਵ

---

[26] ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਦੂਜੀ) , ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008, ਪੰਨਾ 533.

ਬਣਤਰ ਵਿਚ ਫ਼ਰਕ ਸਪੱਸ਼ਟ ਹੈ। ਕਾਰਜ ਪੱਧਰ 'ਤੇ ਵਿਸ਼ੇਸ਼ਣ ਦਾ ਮੂਲ ਰੂਪ 'ਅਰਥ ਵਿਸਥਾਰ' ਦਾ ਕਾਰਜ ਕਰ ਰਿਹਾ ਹੈ ਤੇ 'ਦੁਹਰਾਉ' ਅਰਥਗਤ ਵਿਭਿੰਨਤਾ ਦਾ ਕਾਰਜ ਕਰ ਰਿਹਾ ਹੈ। ਦੂਜੇ ਵਾਕ ਵਿਚ ਅਨਿਕ ਦਾ ਇਕਹਿਰਾ ਰੂਪ ਕੇਵਲ 'ਅਰਥ ਵਿਸਥਾਰ' ਦਾ ਕਾਰਜ ਕਰਦਾ ਹੈ। ਇਥੇ ਅਰਥਗਤ ਵਿਭਿੰਨਤਾ ਦੀ ਇਕਾਈ ਕਾਰਜਸ਼ੀਲ ਨਹੀਂ ਹੁੰਦੀ। ਅਰਥਗਤ ਵਿਭਿੰਨਤਾ ਦੇ ਕਾਰਜ ਲਈ ਇਕਹਿਰੇ ਰੂਪ ਦਾ ਦੁਹਰਾਉ ਜਾਂ ਮੂਲ ਸ਼ਬਦ ਨਾਲ ਕਿਸੇ ਢੁਕਵੇਂ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਵਾਕ ਦੀ ਭਾਵ ਬਣਤਰ ਅਨੁਸਾਰ ਅਰਥਗਤ ਵਿਭਿੰਨਤਾ ਦਾ ਕਾਰਜ ਕਰੇ।

ਦੁਹਰੁਕਤੀਯੁਕਤ **ਕੋਟਿ ਕੋਟਿ** ਅਨਿਸ਼ਚਤ ਵਿਸ਼ੇਸ਼ਣ ਵਜੋਂ 'ਅਰਥ ਵਿਸਥਾਰ' ਦਾ ਕਾਰਜ ਕਰਦਾ ਹੈ। ਇਕਹਿਰੇ ਕੋਟਿ ਰਾਹੀਂ ਅਨਿਸ਼ਚਤ ਸੰਖਿਆ ਦੱਸਣ ਲਈ 'ਕਈ' ਵਿਸ਼ੇਸ਼ਣ ਵਰਤਿਆ ਜਾਂਦਾ ਹੈ। ਗੁਰਬਾਣੀ ਵਿਚ ਅਜਿਹੀ ਵਰਤੋਂ ਮਿਲਦੀ ਹੈ, ਜਿਥੇ ਕੋਟਿ ਦੀ ਅਨਿਸ਼ਚਤ ਸੰਖਿਆ ਦੇ ਅਰਥਾਂ ਵਿਚ 'ਕਈ' ਵਿਸ਼ੇਸ਼ਣ ਵਰਤਿਆ ਗਿਆ ਹੈ:

**ਕਈ ਕੋਟਿ** ਹੋਏ ਪੂਜਾਰੀ ॥ (ਮਃ ੫) ਅੰਗ ੨੭੫

**ਕੋਟਿ ਕੋਟਿ** ਅਘ ਕਾਟਨਹਾਰਾ ॥ (ਮਃ ੫) ਅੰਗ ੩੯੨

**ਕੋਟਿ ਕੋਟਿ** ਕੇ ਦੋਖ ਸਭ ਜਨ ਕੇ ਹਰਿ ਦੂਰਿ ਕੀਏ ਇਕ ਪਲਫਾ ॥ (ਮਃ ੪) ਅੰਗ ੧੩੩੬

ਉਪਰੋਕਤ ਵਾਕਾਂ ਵਿਚ **ਕਈ ਕੋਟਿ** ਅਤੇ **ਕੋਟਿ ਕੋਟਿ** ਦੋਹਾਂ ਦਾ ਕਾਰਜ ਇਕੋ ਹੈ। ਕੋਟਿ ਦਾ ਇਕਹਿਰਾ ਰੂਪ ਨਿਸ਼ਚਤ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ, ਅਨਿਸ਼ਚਤ ਵਰਤੋਂ ਲਈ ਇਸ ਨਾਲ 'ਕਈ' ਵਿਸ਼ੇਸ਼ਣ ਦੀ ਵਰਤੋਂ ਹੈ। ਵੱਖਰੇ ਵਿਸ਼ੇਸ਼ਣ ਦੀ ਵਰਤੋਂ ਨਾਲ ਦੋਵੇਂ ਸਮਾਨ ਕਾਰਜ ਕਰ ਰਹੇ ਹਨ। ਉਚਾਰਨ ਦੇ ਪੱਖ ਤੋਂ ਇਕਹਿਰੇ ਅਤੇ ਦੂਹਰੇ ਰੂਪ, ਦੋਹਾਂ ਦੀ ਵੱਖਰਤਾ ਹੈ, 'ਕਈ ਕੋਟਿ' ਦਾ ਉਚਾਰਨ ਸਾਧਾਰਨ ਹੈ, 'ਕੋਟਿ ਕੋਟਿ' ਦਬਾਉ ਦੀ ਸਥਿਤੀ ਵਿਚ ਉਚਾਰਿਆ ਜਾ ਰਿਹਾ ਹੈ। ਦੁਹਰੁਕਤੀ ਕੇਵਲ ਅਰਥ ਵਜੋਂ ਹੀ ਵੱਖਰਾ

[27] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 561.

ਪ੍ਰਕਾਰਜ ਨਹੀਂ ਕਰਦੀ, ਬਲਕਿ ਉਚਾਰਨ ਵਜੋਂ ਵੀ ਇਕਹਿਰੇ ਰੂਪ ਤੋਂ ਵੱਖਰਤਾ ਦਰਸਾਉਂਦੀ ਹੈ। 'ਪ੍ਰਸ਼ਨ ਵਾਚਕ' ਅਤੇ 'ਪੜਨਾਂਵੀਂ' ਵਿਸ਼ੇਸ਼ਣ ਵੀ ਬਹੁਵਚਨ ਵਜੋਂ ਅਰਥ ਵਿਸਥਾਰ ਕਰਦੇ ਹਨ।

**ਜੋ ਜੋ** ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ (ਮਃ ੪) ਅੰਗ ੩੦੬

**ਕੋਈ ਕੋਈ** ਸਾਜਣੁ ਆਇ ਕਹੈ॥ ਮਿਲੁ ਮੇਰੇ ਬੀਠੁਲਾ ਲੈ ਬਾਹੜੀ ਵਲਾਇ ॥

(ਤ੍ਰਿਲੋਚਨ) ਅੰਗ ੯੨

ਉਪਰੋਕਤ ਵਾਕਾਂ ਵਿਚ **ਜੋ ਜੋ** ਜਾਂ **ਕੋਈ ਕੋਈ** ਦਾ ਦੂਹਰਾ ਰੂਪ ਬਹੁਵਚਨ ਸਾਰੇ ਦੇ ਅਰਥ ਨਹੀਂ ਦਿੰਦੇ। **ਜੋ ਜੋ** 'ਜਿਹੜੇ ਜਿਹੜੇ' ਦੇ ਅਰਥਾਂ ਵਿਚ ਹੈ। ਸਫਲ ਜਾਂ ਨਿਸਫਲ ਫ਼ਲ ਦੀ ਪ੍ਰਾਪਤੀ ਉਸੇ ਨੂੰ ਹੋ ਰਹੀ ਹੈ, ਜੋ ਕਰਮ ਕਰ ਰਿਹਾ ਹੈ। ਇਸ ਵਿਚ ਸਾਰੇ ਨਹੀਂ ਆਉਂਦੇ। **ਕੋਈ ਕੋਈ** 'ਕਿਸੇ ਵਿਰਲੇ/ ਕੋਈ ਵਿਰਲੇ' ਦੇ ਅਰਥ ਦਿੰਦਾ ਹੈ। ਦੁਹਰੁਕਤੀਯੁਕਤ ਰੂਪ ਵਿਚ 'ਬਹੁਵਚਨ' ਦਾ ਪ੍ਰਕਾਰਜ ਵੀ ਵੱਖਰੀ ਕਿਸਮ ਦਾ ਹੈ। ਇਹ ਕਾਵਿ ਵਜਨ ਵਿਚ ਵੀ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ। ਪ੍ਰਸ਼ਨ ਵਾਚਕ ਵਿਸ਼ੇਸ਼ਣ ਦਾ ਦੂਹਰਾ ਰੂਪ 'ਤੇਰੇ **ਕਵਨ ਕਵਨ** ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥'[28] ਗਾਇਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦਾ ਹੈ। ਗੁਰਬਾਣੀ ਗਾਇਨ ਸਮੇਂ ਦੁਹਰੁਕਤੀ ਦੇ ਅਜਿਹੇ ਰੂਪਾਂ ਦਾ ਬਾਰ ਬਾਰ ਦੁਹਰਾਉ ਕੀਤਾ ਜਾਂਦਾ ਹੈ। ਗਾਇਨ ਸ਼ੈਲੀ ਦੀ ਇਹ ਇਕ ਵਿਸ਼ੇਸ਼ ਵਿਧੀ ਹੈ, ਜੋ ਵਾਕ ਦੀ ਲੈਅ ਨੂੰ ਨਿਰੰਤਰ ਬਣਾਈ ਰੱਖਦੀ ਹੈ।

**iv. ਦਬਾਉ ਬੋਧਕ ਕਾਰਜ:-** ਦੁਹਰੁਕਤੀਯੁਕਤ ਸ਼ਬਦ ਵਿਭਿੰਨ ਪ੍ਰਕਾਰਜੀ ਇਕਾਈਆਂ ਦੇ ਨਾਲ ਨਾਲ ਵਾਕ ਵਿਚ 'ਦਬਾਉ' ਦਾ ਕਾਰਜ ਵੀ ਕਰਦੇ ਹਨ। ਦੂਹਰੇ ਸ਼ਬਦ 'ਤੇ ਦਬਾਉ ਆਉਂਦਾ ਹੈ। ਗੁਣ ਵਾਚਕ ਵਿਸ਼ੇਸ਼ਣਾਂ ਵਿਚ ਵਿਸ਼ੇਸ਼ਣ ਦਾ ਦੁਹਰਾਉ ਵਿਸ਼ੇਸ਼ ਤੌਰ 'ਤੇ 'ਦਬਾਉ' ਦਾ ਕਾਰਜ ਕਰਦਾ ਹੈ। ਇਸ ਨਾਲ ਵਿਸ਼ੇਸ਼ਣ ਦੀ ਅਰਥਗਤ ਇਕਾਈ ਵਾਕ ਦੀ ਅਗਰਭੂਮੀ ਵਿਚ ਕਾਰਜਸ਼ੀਲ ਹੁੰਦੀ ਹੈ।

## ਹ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਵਿਸ਼ੇਸ਼ਣ ਰੂਪ

[28] ਗੁਰੂ ਗ੍ਰੰਥ ਸਾਹਿਬ, ਪੰਨਾ 735.

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜਿਹੜੇ ਵਿਆਕਰਨ ਵਜੋਂ ਦੁਹਰੁਕਤੀਯੁਕਤ ਨਹੀਂ ਹਨ, ਬਲਕਿ ਸਤਹ੍ਹੀ ਪੱਧਰ 'ਤੇ ਦੁਹਰਕੁਤੀ ਦਾ ਭੁਲੇਖਾ ਪਾਉਂਦੇ ਹਨ:

[ਅੰਤਰੁ **ਨਿਰਮਲੁ]** [**ਨਿਰਮਲ** ਬਾਣੀ] ਹਰਿ ਗੁਣ ਸਹਜੇ ਗਾਵਣਿਆ ॥

(ਮਃ ੩) ਅੰਗ੧੧੪

[ਹਰਿ ਰਸੁ ਚਾਖਹਿ ਸੇ ਜਨ **ਨਿਰਮਲ]** [**ਨਿਰਮਲ** ਨਾਮੁ ਧਿਆਵਣਿਆ] ॥

(ਮਃ ੩) ਅੰਗ ੧੨੮

[ਕੇਤੇ ਸਿਧ ਬੁਧ ਨਾਥ **ਕੇਤੇ]** **[ਕੇਤੇ** ਦੇਵੀ ਵੇਸ] ॥ (ਮਃ ੧) ਅੰਗ ੭

[ਕੇਤੇ ਦੇਵ ਦਾਨਵ ਮੁਨਿ **ਕੇਤੇ]** **[ਕੇਤੇ** ਰਤਨ ਸਮੁੰਦ] ॥ (ਮਃ ੧) ਅੰਗ ੭

ਉਪਰੋਕਤ ਵਾਕਾਂ ਵਿਚ ਦੂਹਰੇ ਵਿਸ਼ੇਸ਼ਣ ਸਥਾਨ ਕਰਕੇ ਦੁਹਰੁਕਤੀਯੁਕਤ ਬਣਤਰ ਵਿਚ ਹਨ, ਕਾਰਜ ਪੱਖ ਤੋਂ ਇਹ ਇਕਹਿਰੇ ਰੂਪ ਵਿਚ ਕਾਰਜਸ਼ੀਲ ਹਨ। ਸੋ ਵਾਕ ਵਿਚ ਸਥਾਨ ਕਰਕੇ ਇਕੱਠੇ ਵਿਚਰਦੇ ਸ਼ਬਦ ਰੂਪਾਂ ਨੂੰ ਬਰੈਕਟਾਂ ਦੀ ਵਰਤੋਂ ਰਾਹੀਂ ਨਿਖੇੜਿਆ ਹੈ।

ਉਪਰੋਕਤ ਦੁਹਰੁਕਤੀਯੁਕਤ 'ਵਿਸ਼ੇਸ਼ਣ' ਸ਼੍ਰੇਣੀ ਦੇ ਵਿਸ਼ਲੇਸ਼ਣ ਤੋਂ ਸਪੱਸ਼ਟ ਹੁੰਦਾ ਹੈ, ਕਿ ਵਿਸ਼ੇਸ਼ਣ ਦੁਹਰੁਕਤੀ 'ਰੂਪ, ਬਣਤਰ' ਅਤੇ 'ਪ੍ਰਕਾਰਜ' ਵਜੋਂ ਇਕਹਿਰੇ ਵਿਸ਼ੇਸ਼ਣਾਂ ਤੋਂ ਭਿੰਨ ਹੈ। ਇਹ ਵਾਕ ਦੀ ਵਿਸ਼ੇਸ਼ 'ਭਾਵ ਬਣਤਰ' ਦਾ ਸੰਚਾਰ ਕਰਦੇ ਹਨ, ਜੋ ਇਕਹਿਰੇ ਰੂਪ ਰਾਹੀਂ ਸੰਭਵ ਨਹੀਂ ਜਾਂ ਕੁਝ ਹਾਲਤਾਂ ਵਿਚ ਇਕਹਿਰੇ ਸ਼ਬਦ ਨਾਲ ਕਿਸੇ ਵੱਖਰੇ ਸ਼ਬਦ ਦੀ ਵਰਤੋਂ ਉਹਨਾਂ ਅਰਥਾਂ ਦਾ ਪ੍ਰਕਾਰਜ ਕਰਦੀ ਹੈ। ਵਾਕ ਬਣਤਰ ਦੇ ਆਧਾਰ 'ਤੇ ਦੂਹਰੇ ਵਿਸ਼ੇਸ਼ਣ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਦੀ ਬਣਤਰ ਵਾਲੇ ਹਨ। 'ਰੂਪ' ਦੇ ਆਧਾਰ 'ਤੇ ਇਸਦੇ ਵਧੇਰੇ ਸ਼ਬਦ ਦਾਰਸ਼ਨਿਕ ਰੰਗਤ ਵਾਲੇ ਵਰਤੇ ਮਿਲਦੇ ਹਨ, ਇਹ ਪਰਮਾਤਮਾ ਦੇ ਵਡੱਪਣ ਨੂੰ ਦਰਸਾਉਂਦੇ, ਇਕ ਅਰਥ 'ਤੇ ਦਬਾਉ ਦਾ ਕਾਰਜ ਕਰਦੇ ਹਨ। ਕੁਝ ਸ਼ਬਦ 'ਟੇਢੇ' ਰੂਪ ਵਾਲੇ ਮਿਲਦੇ ਹਨ, ਜੋ 'ਕਾਵਿ ਸੁਹਜ' ਦਾ ਕਾਰਜ ਕਰਦੇ ਹਨ । ਪਿਛੇਤਰਾਂ ਦੀ ਵਰਤੋਂ ਕਰਕੇ

‘ਨਾਂਵ, ਕਿਰਿਆ’ ਅਤੇ ‘ਵਿਸ਼ੇਸ਼ਣ’ ਸ਼੍ਰੇਣੀ ਤੋਂ ਵਿਸ਼ੇਸ਼ਣਾਂ ਦੀ ਸਿਰਜਨਾ ਹੋਈ ਮਿਲਦੀ ਹੈ। ਵਿਭਿੰਨ ਸ਼੍ਰੇਣੀਆਂ ਤੋਂ ਪਿਛੇਤਰਾਂ ਰਾਹੀਂ ਬਣੇ ਵਿਸ਼ੇਸ਼ਣਾਂ ਦੀ ਵਰਤੋਂ ਇਕਹਿਰੇ ਰੂਪ ਵਿਚ ਮਿਲਦੀ ਹੈ । ਮੂਲ ਸ਼ਬਦਾਂ ਦੀ ਦੂਹਰੀ ਵਰਤੋਂ ਨਾਲ ਸ਼ਬਦ ਦੇ ਮੂਲ ਅਰਥ ਨਹੀਂ, ਬਲਕਿ ਕਾਰਜੀ ਸਥਿਤੀ ਬਦਲਦੀ ਹੈ। ਇਸ ਤਰ੍ਹਾਂ ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀ ਦੇ ਇਕੋ ਸ਼ਬਦ ਰੂਪ ਵਿਭਿੰਨ ਇਕਾਈਆਂ ਦਾ ਪ੍ਰਕਾਰਜ ਕਰਦੇ ਹਨ।

# ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੁਹਰੁਕਤੀ: ਰੂਪ ਤੇ ਪ੍ਰਕਾਰਜ

## ੳ. ਕਿਰਿਆ: ਪਰਿਭਾਸ਼ਾ

ਕਿਰਿਆ ਇਕ ਪ੍ਰਮੁਖ ਸ਼ਬਦ ਸ਼੍ਰੇਣੀ ਹੈ, ਇਸਦੀ ਸ਼ਬਦਾਵਲੀ ਅਸੀਮਤ ਹੋਣ ਕਾਰਨ ਇਸ ਨੂੰ 'ਅਸੀਮਤ' ਜਾਂ 'ਖੁੱਲੀਆਂ ਸ਼ਬਦ' ਸ਼੍ਰੇਣੀਆਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। "ਕਿਰਿਆ ਇਕ ਅਜਿਹਾ ਸ਼ਬਦ ਹੈ, ਜੋ ਕਾਰਜ ਦੇ ਹੋਣ ਨੂੰ ਸਮੇਂ ਦੇ ਅਨੁਸਾਰ ਦਰਸਾਉਂਦਾ ਹੈ। "[1] ਕਿਰਿਆ ਸ਼ਬਦਾਂ ਦੀ ਦੂਹਰੀ ਵਰਤੋਂ ਭਾਵ ਇਕ 'ਕਿਰਿਆ' ਸ਼ਬਦ ਦੀ ਇਕ ਇਕਾਈ/ ਇਕ ਵਾਕੰਸ਼ ਰੂਪ ਵਿਚ ਵਰਤੋਂ 'ਕਿਰਿਆ ਦੁਹਰੁਕਤੀ' ਹੈ। ਦੁਹਰੁਕਤੀਯੁਕਤ ਕਿਰਿਆ ਰੂਪਾਂ ਦੀ ਵਰਤੋਂ ਇਕਹਿਰੀ ਕਿਰਿਆ ਦੇ ਮੁਕਾਬਲੇ ਸੀਮਿਤ ਮਾਤਰਾ ਵਿਚ ਹੈ।

## ਅ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਰੂਪਾਂ ਦੀ ਵਿਭਿੰਨਤਾ

ਗੁਰੂ ਗ੍ਰੰਥ ਸਾਹਿਬ ਮੱਧਕਾਲ ਵਿਚ ਵਿਭਿੰਨ ਬਾਣੀਕਾਰਾਂ ਦੁਆਰਾ ਰਚੀ ਰਚਨਾ ਹੈ। ਇਸਨੂੰ ਕਿਸੇ ਇਕ ਭਾਸ਼ਾ ਤੱਕ ਸੀਮਿਤ ਨਹੀਂ ਕੀਤਾ ਜਾ ਸਕਦਾ। ਵਧੇਰੇ ਭਾਸ਼ਾਵਾਂ ਦਾ ਰਲਾ ਹੋਣ ਕਾਰਨ ਭਾਸ਼ਾਈ ਵੰਨ-ਸੁਵੰਨਤਾ ਦਾ ਅਦਭੁਤ ਅਤੇ ਅਮੀਰ ਖਜ਼ਾਨਾ ਗੁਰੂ ਗ੍ਰੰਥ ਸਾਹਿਬ ਵਿਚ ਪਿਆ ਹੈ। ਭਿੰਨ ਭਿੰਨ ਭਾਸ਼ਾਵਾਂ ਦੀ ਵਰਤੀ ਗਈ ਸ਼ਬਦਾਵਲੀ ਪੰਜਾਬੀ ਸ਼ਬਦਾਵਲੀ ਦਾ ਘੇਰਾ ਵਿਸ਼ਾਲ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਭਾਸ਼ਾ ਵਿਗਿਆਨਕ ਨਜ਼ਰੀਏ ਤੋਂ ਕੋਈ ਭਾਸ਼ਾ ਲੋੜ ਅਨੁਸਾਰ ਕਿਸੇ ਦੂਸਰੀ ਭਾਸ਼ਾ ਦੇ ਸ਼ਬਦਾਂ ਨੂੰ ਆਪਣੇ ਵਿਚ ਜਜ਼ਬ ਕਰ ਲੈਂਦੀ ਹੈ, ਪ੍ਰੰਤੂ ਕੋਈ ਵੀ ਭਾਸ਼ਾ 'ਕਿਰਿਆ' ਸ਼ਬਦਾਵਲੀ ਕਿਸੇ ਹੋਰ ਭਾਸ਼ਾ ਤੋਂ ਸੀਮਿਤ ਗ੍ਰਹਿਣ ਕਰਦੀ ਹੈ। ਸਾਹਿਤਕ ਜਾਂ ਵਿਹਾਰਕ ਭਾਸ਼ਾ ਵਿਚ ਆਮ ਤੌਰ 'ਤੇ ਕਿਰਿਆ ਦੇ ਧਾਤੂ ਰੂਪ 'ਮੂਲ ਭਾਸ਼ਾ' ਵਾਲੇ ਹੁੰਦੇ ਹਨ 'ਤੇ 'ਪਿਛੇਤਰੀ' ਰੂਪ ਵਿਭਿੰਨ ਭਾਸ਼ਾਵਾਂ ਤੋਂ ਗ੍ਰਹਿਣ ਕਰ ਲਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਕਿਰਿਆ ਦੇ ਦੋਵੇਂ ਭੇਦ, ਧਾਤੂ ਕਿਰਿਆ ਰੂਪ ਅਤੇ ਧਾਤੂ ਨਾਲ ਪਿਛੇਤਰੀ ਕਿਰਿਆ ਰੂਪ (ਅਨੇਕਾਂ ਭਾਸ਼ਾਵਾਂ ਤੋਂ ਤਤਸਮ ਰੂਪ ਵਿਚ ਗ੍ਰਹਿਣ ਕੀਤੇ) ਮਿਲਦੇ ਹਨ। ਵਿਭਿੰਨ ਭਾਸ਼ਾਵਾਂ ਦੀ ਵਰਤੋਂ ਹੋਣ ਕਾਰਨ

---

[1] A Verb is word denoting action with some reference to time, Aryendra Sharma, A Basic Grammar of Modern Hindi, Central Hindi Directorate, New Delhi, 1975, pn 27.

ਸ਼ਬਦਾਵਲੀ ਵਿਚ ਭਿੰਨਤਾ ਆਉਣੀ ਸੁਭਾਵਿਕ ਹੈ। ਸਿੱਟੇ ਵਜੋਂ ਇਕੋ ਅਰਥ ਵਾਲੇ ਵਧੇਰੇ ਸ਼ਬਦ ਵਰਤੇ ਗਏ ਹਨ। ਇਸ ਤਰ੍ਹਾਂ ਕਿਰਿਆ ਸ਼੍ਰੇਣੀ ਵਿਚ ਵੀ ਭਾਸ਼ਾਈ ਵੰਨ-ਸੁਵੰਨਤਾ ਮਿਲਦੀ ਹੈ।

**ਮਰਾਠੀ** ਭਾਸ਼ਾ ਦੇ ਕਿਰਿਆ ਰੂਪ:

**ਆਨੀਲੇ** ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥ ਅੰਗ ੪੮੫ (ਭ ਨਾਮਦੇਵ)

**ਆਨੀਲੇ** ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥ ਅੰਗ ੪੮੫

**ਆਨੀਲੇ** ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥ ਅੰਗ ੪੮੫

**ਆਨੀਲੇ** ਕਾਗਦੁ ਕਾਟੀਲੇ ਗੂਡੀ ਆਕਾਸ ਮਧੇ **ਭਰਮੀਅਲੇ** ॥ ਅੰਗ ੯੭੨

**ਦਾਧੀਲੇ** ਲੰਕਾ ਗੜੁ **ਉਪਾੜੀਲੇ** ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥

ਅੰਗ ੬੯੫ (ਭ ਤ੍ਰਿਲੋਚਨ)

**ਆਨੀਲੇ, ਭਰਮੀਅਲੇ, ਦਾਧੀਲੇ,** ਅਤੇ **ਉਪਾੜੀਲੇ** ਮਰਾਠੀ ਦੇ ਕਿਰਿਆ ਰੂਪ ਹਨ। **ਭਰਾਈਲੇ, ਪਰੋਈਲੇ, ਰੀਧਾਈਲੇ** ਕਿਰਿਆ ਰੂਪਾਂ ਨਾਲ ਮਰਾਠੀ ਦੇ ਪਿਛੇਤਰੀ ਰੂਪ ਵਰਤੇ ਗਏ ਹਨ। "ਲ ਵਾਲਾ ਭੂਤ ਕਿਰਦੰਤ ਮਰਾਠੀ ਭਾਸ਼ਾ ਦੀ ਵਿਸ਼ੇਸ਼ਤਾ ਹੈ।"[2]

**ਫ਼ਾਰਸੀ** ਦੇ ਕਿਰਿਆ ਰੂਪ:

ਕੁਜਾ **ਆਮਦ** ਕੁਜਾ **ਰਫਤੀ** ਕੁਜਾ ਮੇ **ਰਵੀ**॥ (ਨਾਮਦੇਵ) ਅੰਗ ੭੨੭

ਮੇ **ਰਵਦਿ** ਬਾਦਿਸਾਹਾ ਅਫਜੂ ਖੁਦਾਇ॥ (ਮਃ ੧) ਅੰਗ ੧੪੩

**ਬਦਤਿ** ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥ (ਤ੍ਰਿਲੋਚਨ) ਅੰਗ ੫੨੬

**ਭਣਤਿ** ਨਾਨਕੁ ਸਤਿਗੁਰ ਕਉ ਮਿਲਦੋ ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ॥ (ਮਃ ੩)

ਅੰਗ ੫੫੮

---

2 ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 322.

ਫਰੀਦਾ ਜਿ ਦਿਹਿ ਨਾਲਾ **ਕਪਿਆ** ਜੇ ਗਲੁ **ਕਪਹਿ** ਚੁਖ॥ (ਫਰੀਦ) ਅੰਗ ੧੩੮੧

ਸਤਿਗੁਰ ਸਬਦੁ ਅਥਾਹੁ ਅਮਿਅ ਧਾਰਾ ਰਸੁ **ਗੁਟਇ** ॥ (ਮਃ ੪) ਅੰਗ ੧੩੯੭

**ਆਮਦ-** 'ਫ਼ਾਰਸੀ, ਆਇਆ '[3], **ਰਫਤੀ**- 'ਫ਼ਾਰਸੀ, ਗਿਆ '[4], **ਰਵਦਿ-** 'ਫ਼ਾਰਸੀ, ਜਾਂਦਾ '[5], **ਬਦਤਿ** - 'ਸੰਸਕ੍ਰਿਤ, ਆਖਦਾ'[6], **ਭਣਤਿ**- 'ਸੰਸਕ੍ਰਿਤ, ਕਹਿੰਦਾ'[7] ਆਦਿ ਫ਼ਾਰਸੀ ਅਤੇ ਸੰਸਕ੍ਰਿਤ ਦੇ ਰੂਪ ਹਨ।

**ਲਹਿੰਦੀ** ਦੇ ਪਿਛੇਤਰੀ ਕਿਰਿਆ ਰੂਪ:

ਜੋ ਆਇਆ ਸੋ **ਚਲਸੀ** ਸਭੁ ਕੋਈ ਆਈ ਵਾਰੀਐ॥ (ਮਃ ੧) ਅੰਗ ੪੭੪

ਇਹੁ ਤਨੁ **ਹੋਸੀ** ਖਾਕ ਨਿਮਾਣੀ ਗੋਰ ਘਰੇ॥ (ਫਰੀਦ) ਅੰਗ ੪੮੮

ਰੇ ਜਨ ਉਥਾਰੈ **ਦਬਿਓਹੁ** ਸੁਤਿਆ ਗਈ ਵਿਹਾਇ॥ (ਮਃ ੩) ਅੰਗ ੬੫੧

**ਉਡਹਿ** ਨ ਮੂਲੇ ਨ ਆਵਹਿ ਨ ਜਾਹੀ ਨਿਜ ਘਰਿ ਵਾਸਾ ਪਾਇਆ॥ (ਮਃ ੩) ਅੰਗ ੧੦੬੮

ਫਰੀਦਾ ਪਿਛਲ ਰਾਤਿ ਨ **ਜਾਗਿਓਹਿ** ਜੀਵਦੜੋ **ਮੁਇਓਹਿ**॥ (ਫਰੀਦ) ਅੰਗ ੧੩੮੩

ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ **ਕਰੇਉ**॥ (ਫਰੀਦ) ਅੰਗ ੧੩੮੩

**ਬ੍ਰਜ** ਦੇ ਪਿਛੇਤਰੀ ਕਿਰਿਆ ਰੂਪ:

ਹਰਿ ਹਰਿ ਪ੍ਰਗਟੁ **ਕੀਓ** ਗੁਰਿ ਪੂਰੈ ਸਿਰੁ **ਵੇਚਿਓ** ਗੁਰ ਪਹਿ ਮੋਲੀ॥ (ਮਃ ੪)ਅੰਗ ੧੬੯

ਜੋ ਕਿਛੁ ਕਰਤੈ ਕਾਰਣੁ **ਕੀਨੋ** ਮਨਿ ਬੁਰੋ ਨ ਲਾਗਿਓ॥ (ਮਃ ੫) ਅੰਗ ੨੧੫

ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ **ਦੀਨੋ** ਮੰਤਾਨੀ॥ (ਮਃ ੫) ਅੰਗ ੬੭੧

ਬਿਰਧਿ **ਭਇਓ** ਸੂਝੈ ਨਹੀ ਕਾਲੁ **ਪਹੂਚਿਓ** ਆਨਿ॥ (ਮਃ ੯) ਅੰਗ ੧੪੨੬

---

3 ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪਟਿਆਲਾ, 1981 (4th ed), ਪੰਨਾ 103.

4 ਓਹੀ, ਪੰਨਾ 1022.

5 ਓਹੀ, ਪੰਨਾ 1024.

6 ਓਹੀ, ਪੰਨਾ 836.

7 ਓਹੀ, ਪੰਨਾ 904.

ਪਾਂਚ ਤਤ ਕੋ ਤਨੁ **ਰਚਿਓ** ਜਾਨਹੁ ਚਤੁਰ ਸੁਜਾਨ॥ (ਮਃ ੯) ਅੰਗ ੧੪੨੭

ਮਾਇਆ ਕਾਰਨਿ **ਧਾਵਹੀ** ਮੂਰਖ ਲੋਗ ਅਜਾਨ॥ (ਮਃ ੯) ਅੰਗ ੧੪੨੭

ਜਨਮ ਜਨਮ ਭਰਮਤ **ਫਿਰਿਓ ਮਿਟਿਓ** ਨ ਜਮ ਕੋ ਤ੍ਰਾਸੁ॥ (ਮਃ ੯) ਅੰਗ ੧੪੨੮

ਲਹਿੰਦੀ ਅਤੇ ਬ੍ਰਜ ਭਾਸ਼ਾ ਦੇ ਕਿਰਿਆ ਰੂਪ ਮੂਲ ਪੰਜਾਬੀ ਵਾਲੇ ਹਨ। ਇਹਨਾਂ ਕਿਰਿਆ ਰੂਪਾਂ ਨਾਲ ਲੱਗੇ ਪਿਛੇਤਰ (ਵਧੇਤਰ) ਇਹਨਾਂ ਦੀ ਵਿਭਿੰਨਤਾ ਦਰਸਾਉਂਦੇ ਹਨ। ਬ੍ਰਜ ਭਾਸ਼ਾ ਦੇ ਕਿਰਿਆ ਰੂਪ ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਵਧੇਰੇ ਮਿਲਦੇ ਹਨ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਦੀ ਬਾਣੀ ਵਿਚ ਇਸ ਦੇ ਸੀਮਿਤ ਰੂਪ ਮਿਲਦੇ ਹਨ।

ਗੁਰਬਾਣੀ ਵਿਚ ਉਪਭਾਸ਼ਾਵਾਂ ਦੀ ਖੇਤਰੀ ਰੰਗਤ ਕਿਰਿਆ ਰੂਪਾਂ ਵਿਚ ਭਿੰਨਤਾ ਪੈਦਾ ਕਰਦੀ ਹੈ। ਕਿਰਿਆ ਦੇ ਧਾਤੂ ਰੂਪ ਆਮ ਤੌਰ ’ਤੇ ਮੂਲ ਪੰਜਾਬੀ ਵਾਲੇ ਹਨ। ਇਹਨਾਂ ਦੇ ਉਪਭਾਸ਼ਾਈ ਰੂਪਾਂ ਦੀ ਪਛਾਣ ਧਾਤੂ ਰੂਪ ਨਾਲ ਜੁੜੇ ‘ਵਧੇਤਰਾਂ’ ਤੋਂ ਹੁੰਦੀ ਹੈ। **ਭਰਾਈਲੇ**, **ਪਰੋਈਲੇ**, **ਆਇਲਾ**, **ਘੂਟਲਾ** ਵਿਚ **ਭਰ**, **ਪਰੋ**, **ਆ**, **ਘੁਟ** ਕਿਰਿਆ ਦੇ ਮੂਲ ਰੂਪ ਹਨ, **ਈਲੇ**, **ਇਲਾ**, **ਲਾ** ਮਰਾਠੀ ਦੇ ਪਿਛੇਤਰ ਹਨ। **ਕਾਟਉ**, **ਕਰਉ**, **ਰਾਂਗਉ**, **ਸੀਵਉ**, **ਜੀਵਉ**, ਵਿਚ **ਉ** ਮਰਾਠੀ ਪਿਛੇਤਰ ਹੈ। ਮਰਾਠੀ ਕਿਰਿਆ ਰੂਪਾਂ ਦੀ ਬਣਤਰ ਵਧੇਰੇ ਹਿੰਦੀ ਵਾਲੀ ਹੈ।

ਲਹਿੰਦੀ ਵਿਚ **ਸੀ**, **ਹਿ**, **ਹੁ**, **ਓਹਿ**, **ਓਹੁ**, **ਰੇਉ** ਆਦਿ ਪਿਛੇਤਰ ਵਧੇਰੇ ਮਿਲਦੇ ਹਨ **ਚਲਸੀ**, **ਹੋਸੀ**, **ਦਬਿਓਹੁ**, **ਉਡਹਿ**, **ਜਾਗਿਓਹਿ**, **ਮੁਇਓਹਿ**, **ਕਰੇਉ** ਆਦਿ।

ਬ੍ਰਜ ਭਾਸ਼ਾ ਵਿਚ **ਓ**, **ਹੀ**, **ਹੇ** ਅਤੇ **ਨਿ**, **ਨੇ**, **ਨੋ** ਪਿਛੇਤਰ ਵਰਤੇ ਜਾਂਦੇ ਹਨ: ‘**ਕੀਓ**, **ਰਚਿਓ**, **ਜਾਣਹੀ**, **ਗਾਵਹੇ**, **ਖਾਵਹੇ**, **ਪੈਨਨਿ**, **ਰਖਨਿ**, **ਕੀਨੋ**’ ਆਦਿ।

## ੲ. ਕਿਰਿਆ ਦੁਹਰੁਕਤੀ: ਪਰਿਭਾਸ਼ਾ ਅਤੇ ਇਕਹਿਰੇ ਕਿਰਿਆ ਰੂਪਾਂ ਤੋਂ ਵੱਖਰਤਾ

ਇਕਹਿਰੇ ਕਿਰਿਆ ਰੂਪ ਦੀ ਇਕ ਇਕਾਈ/ ਵਾਕੰਸ਼ ਵਜੋਂ ਦੂਹਰੀ ਵਰਤੋਂ ‘ਕਿਰਿਆ ਦੁਹਰੁਕਤੀ’ ਹੈ। ‘ਅਰਥਗਤ ਕਿਰਿਆ’ ਦੁਹਰੁਕਤੀ ਇਸਤੋਂ ਵੱਖਰੀ ਹੈ। ਅਰਥਗਤ ਕਿਰਿਆ ਦੁਹਰੁਕਤੀ ਵਿਚ ਇਕ

ਅਰਥ ਵਾਲੀ ਜਾਂ ਮਿਲਦੇ-ਜੁਲਦੇ ਅਰਥ ਵਾਲੀ ਜਾਂ ਵਿਰੋਧੀ ਅਰਥਗਤ ਕਿਰਿਆ ਇਕ ਇਕਾਈ ਦਾ ਕਾਰਜ ਕਰਦੀ ਹੈ।

ਕਿਰਿਆ ਦੁਹਰੁਕਤੀ ਦੀ ਇਕਹਿਰੇ ਕਿਰਿਆ ਰੂਪਾਂ ਤੋਂ ਵੱਖਰਤਾ ਹੈ। ਗੁਰਬਾਣੀ ਦੀ ਭਾਸ਼ਾ ਵਧੇਰੇ ਸੰਯੋਗਾਤਮਕ ਹੈ। ਇਕਹਿਰੇ ਕਿਰਿਆ ਰੂਪ ਵਧੇਰੇ 'ਸੰਯੋਗਾਤਮਕ' ਤੇ ਦੂਹਰੇ ਕਿਰਿਆ ਰੂਪ ਵਧੇਰੇ 'ਵਿਯੋਗਾਤਮਕ' ਹਨ। ਇਕਹਿਰੀ ਕਿਰਿਆ ਦੇ ਅਜਿਹੇ 'ਸੰਯੋਗਾਤਮਕ' ਰੂਪ ਵੀ ਮਿਲਦੇ ਹਨ, ਜਿਹੜੇ ਇਕ ਸ਼ਬਦ ਰੂਪ ਵਜੋਂ ਪੂਰੇ ਵਾਕ ਦਾ ਅਰਥ ਦਿੰਦੇ ਹਨ। ਜਿਵੇਂ 'ਸਾਜਿਅਨੁ' (ਉਸ ਨੇ ਬਣਾਏ ਹਨ)[8] 'ਸਮਾਇਲੋ' (ਸਮਾ ਗਿਆ ਹੈ)[9], 'ਸੁਧੋਸੁ' (ਉਸ ਨੂੰ ਸੋਧਿਆ)[10] ਆਦਿ। ਜਿਵੇਂ 'ਬਿਨਸਦਾ, ਜਪੀਐ, ਪਾਈਐ, ਧਿਆਇਦਾ, ਚਿਤਵੀਆਹਾ, ਮਾਰੀਐ' ਆਦਿ। ਪ੍ਰੰਤੂ ਕਿਰਿਆ ਦੇ ਦੁਹਰੁਕਤੀਯੁਕਤ ਸ਼ਬਦਾਂ ਰੂਪਾਂ ਨਾਲ ਵਧੇਤਰਾਂ ਦੀ ਵਰਤੋਂ ਸੀਮਿਤ ਹੈ। ਇਸ ਦੇ ਵਧੇਤਰੀ ਰੂਪ 'ਇ, ਹੁ, ਤ' ਕੁਝ ਕੁ ਕਾਵਿ ਪੰਕਤੀਆਂ ਵਿਚ ਹੀ ਮਿਲਦੇ ਹਨ।

ਗੁਰ ਕੇ ਚਰਣ **ਧੋਇ ਧੋਇ** ਪੀਵਾ॥ (ਮਃ ੫) ਅੰਗ ੨੩੯

**ਗਾਵਹੁ ਗਾਵਹੁ** ਕਾਮਣੀ ਬਿਬੇਕ ਬੀਚਾਰੁ॥ (ਮਃ ੧) ਅੰਗ ੩੫੧

**ਬੋਲਤ ਬੋਲਤ** ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥ (ਕਬੀਰ) ਅੰਗ ੮੭੦

'ਇ' ਅੰਤਿਕ ਦੇ **ਧੋਇ ਧੋਇ, ਧਿਆਇ ਧਿਆਇ** ਅਤੇ **ਪੀਸਾਇ ਪੀਸਾਇ** ਅਤੇ 'ਹੁ' ਅੰਤਿਕ ਦੇ **ਗਾਵਹੁ ਗਾਵਹੁ, ਸਿਮਰਹੁ ਸਿਮਰਹੁ ਅਤੇ ਜਾਗਹੁ ਜਾਗਹੁ** ਕਿਰਿਆ ਰੂਪ ਮਿਲਦੇ ਹਨ। 'ਤ' ਅੰਤਿਕ ਵਧੇਤਰ ਦੇ ਹੋਰ ਕਿਰਿਆ ਰੂਪ **ਖੋਜਤ, ਸਿਮਰਤ, ਗਾਵਤ, ਸੇਵਤ, ਕਰਤ, ਫਿਰਤ, ਧਾਵਤ, ਜਪਤ, ਸੋਧਤ, ਪੇਖਤ** ਮਿਲਦੇ ਹਨ।

ਭਾਸ਼ਾ ਦੇ ਸੰਯੋਗਾਤਮਕ ਹੋਣ ਕਾਰਨ 'ਇਕਹਿਰੇ ਕਿਰਿਆ' ਰੂਪਾਂ ਦੀ ਵਿਭਿੰਨ ਵਧੇਤਰ ਦੀ ਵਰਤੋਂ ਵਾਲੀ ਰੂਪਾਵਲੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵਰਤੀਆਂ ਮੂਲ ਕਿਰਿਆਵਾਂ ਦੀ ਰੂਪਾਵਲੀ ਦਾ

---

[8] ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 237.

[9] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 790.

[10] ਓਹੀ, (ਸੱਤਵੀਂ ਪੋਥੀ), ਪੰਨਾ 237.

ਵਿਸਤ੍ਰਿਤ ਵੇਰਵਾ ਸਾਰਣੀਆਂ ਰਾਹੀਂ ਦਿੱਤਾ ਹੈ। ਜਿਵੇਂ **ਵੇਖ** ਸ਼ਬਦ ਦੇ ਇਕ ਤੋਂ ਵਧੇਰੇ ਰੂਪ ਮਿਲਦੇ ਹਨ। ਪੰਜਾਬੀ ਭਾਸ਼ਾ ਵਿਚ ਦੇਖ, ਵੇਖ ਮੂਲ ਸ਼ਬਦ ਹਨ, ਇਹਨਾਂ ਨਾਲ ਵਧੇਤਰ ਲੱਗ ਕੇ ਅੱਗੋਂ ਰੂਪਾਵਲੀ ਬਣਦੀ ਹੈ, ਜਿਵੇਂ: 'ਦੇਖ, ਦੇਖਦਾ, ਦੇਖਦੀ, ਦੇਖਾ, ਦੇਖਿਆ, ਦੇਖੀ, ਦੇਖੇ, ਦਿਖਾਉ, ਦਿਖਾਉਂਦਾ, ਦਿਖਾਵੀ, ਦਿਖਾਵੇ, ਦਿਸਦਾ, ਅਤੇ ਵੇਖ, ਵੇਖਦਾ, ਵੇਖਦੀ, ਵੇਖਾ, ਵੇਖੇ, ਵਿਖਾ, ਵਿਖਾਉ, ਵਿਖਾਉਣਾ, ਵਿਖਾਉਂਦਾ, ਵਿਖਾਇਆ' ਆਦਿ। ਗੁਰੂ ਗ੍ਰੰਥ ਸਾਹਿਬ ਵਿਚ ਇਸਦੀ ਰੂਪਾਵਲੀ ਵੱਡੀ ਮਾਤਰਾ ਵਿਚ ਮਿਲਦੀ ਹੈ। ਇਸੇ ਅਰਥ ਵਿਚ ਵਿਭਿੰਨ ਭਾਸ਼ਾਵਾਂ ਦੀ ਕਿਰਿਆ ਰੂਪਾਵਲੀ ਵੀ ਮਿਲਦੀ ਹੈ। ਇਸਦੀ ਰੂਪਾਵਲੀ ਦਾ ਵੇਰਵਾ ਸਾਰਣੀ-1. ਵਿਚ ਦਿੱਤਾ ਹੈ:

**ਸਾਰਣੀ- 1.**

| | | | | | | |
|---|---|---|---|---|---|---|
| ਡਿਸੰਦੋ | ਤਕਾ | ਦ੍ਰਿਸਟਾਗਿਓ | ਦੇਖਾਲੇ | ਦੇਖਹ | ਦੇਖੈਗਾ | ਵਿਖਾ |
| ਡਿਖਾ | ਤਕੀ | ਦ੍ਰਿਸਟੰਤ | ਦੇਖਾਲਿਆ | ਦੇਖਹਿ | ਪੇਖਾ | ਵਿਖਾਂ |
| ਡਿਖੰਦੋ | ਤਕੇ | ਦ੍ਰਿਸਟੰਤਿ | ਦੇਖਾਲਿਹੁ | ਦੇਖਹੁ | ਪੇਖਿ | ਵੇਖਾ |
| ਡੇਖਿ | ਤਕੈ | ਦਿਸੰਦੜਿਆ | ਦਿਖਾਇਓ | ਦੇਖਣ | ਪੇਖੀ | ਵੇਖਾਂ |
| ਡੇਖੁ | ਤਕਉ | ਦਿਖਹੁ | ਦਿਖਾਇਆ | ਦੇਖਣਿ | ਪੇਖੁ | ਵੇਖਿ |
| ਡੇਖੈ | ਤਕਹਿ | ਦਿਖਾ | ਦਿਖਈਆ | ਦੇਖਣੁ | ਪੇਖੇ | ਵੇਖੀ |
| ਡੇਖਾਊ | ਤਾਕਹਿ | ਦਿਖੈ | ਦਿਖਈਐ | ਦੇਖਣਾ | ਪੇਖੈ | ਵੇਖੁ |
| ਡੇਕਣ | ਤਕੀਆ | ਦਿਖਾਉ | ਦਿਖਾਈਐ | ਦੇਖਣੈ | ਪੇਖੰ | ਵੇਖੇ |
| ਡਿਠ | ਤਕੀਐ | ਦਿਖਾਇ | ਦਿਖਾਇਣਾ | ਦੇਖਤ | ਪੇਖਉ | ਵੇਖੈ |
| ਡਿਠਾ | ਦਿਸੇ | ਦਿਖਾਈ | ਦਿਖਾਇਦਾ | ਦੇਖਦਾ | ਪੇਖਹਿ | ਵੇਖਹਿ |
| ਡਿਠੀ | ਦਿਸੈ | ਦਿਖਾਏ | ਦਿਖਾਵਉ | ਦੇਖਦਿਆ | ਪੇਖਹੁ | ਵੇਖਹੁ |
| ਡਿਠੁ | ਦਿਸਈ | ਦਿਖਾਧਾ | ਦਿਖਾਵਈ | ਦੇਖਦੇ | ਪੇਖਿਓ | ਵੇਖਾਉ |
| ਡਿਠੇ | ਦਿਸਹਿ | ਦਿਖਾਯਾ | ਦਿਖਾਵਏ | ਦੇਖਨ | ਪੇਖਿਆ | ਵੇਖਣ |

| | | | | | | |
|---|---|---|---|---|---|---|
| ਡਿਠੈ | ਦਿਸਟਿ | ਦਿਖਾਰੈ | ਦਿਖਾਵਹਿ | ਦੇਖਨਿ | ਪੇਖੀਅਹਿ | ਵੇਖਣਾ |
| ਡਿਠੇ | ਦਿਸਟੈ | ਦਿਖਾਰਿਆ | ਦਿਖਾਵਹੁ | ਦੇਖਨੀ | ਪੇਖੀਐ | ਵੇਖਣਿ |
| ਡੀਠ | ਦਿਸਟਾਵੈ | ਦਿਖਾਰੀਆ | ਦਿਖਾਵਣਿਆ | ਦੇਖਨੇ | ਪੇਖੀਅਲੇ | ਵੇਖਣੁ |
| ਡੀਠਾ | ਦਿਸੰਤਾ | ਦਿਖਾਵਾ | ਦਿਖਾਵਨੀ | ਦੇਖਾਇ | ਪੇਖਣਾ | ਵੇਖਦਾ |
| ਡੀਠਿ | ਦਿਸਦਾ | ਦਿਖਾਵੈ | ਦਿਖਾਵੈਗੋ | ਦੇਖਾਇਆ | ਪੇਖਣੋ | ਵੇਖਦਿਆ |
| ਡੀਠੀ | ਦੀਸਿ | ਦਿਖਾਲਾ | ਦੇਖ | ਦੇਖਾਇਦਾ | ਪੇਖਤ | ਵੇਖਦੇ |
| ਡੀਠੁ | ਦੀਸਈ | ਦਿਖਾਲਿ | ਦੇਖਾ | ਦੇਖਾਈ | ਪੇਖਤਾ | ਵੇਖਾਲਿ |
| ਡੀਠੇ | ਦੀਸਹਿ | ਦਿਖਾਲੀ | ਦੇਖਾਂ | ਦੇਖਾਰੇ | ਪੇਖਤੇ | ਵੇਖਾਲੀ |
| ਡੀਠੈ | ਦੀਸਹੀ | ਦਿਖਾਲੇ | ਦੇਖਿ | ਦੇਖਾਲਿਆ | ਪੇਖਨ | ਵਿਖਾਲੇ |
| ਡਿਠਿਆ | ਦੀਸਤ | ਦਿਖਲਾਇਆ | ਦੇਖੀ | ਦੇਖਲਿਹੁ | ਪੇਖਨੁ | ਵੇਖਾਲਿਆ |
| ਡਿਠੀਆ | ਦੀਸੈ | ਦਿਖਲਾਈ | ਦੇਖੁ | ਦੇਖਾਲੇ | ਪੇਖਨਾ | ਵੇਖਾਲੀਅਨੁ |
| ਡੀਠਿਆ | ਦ੍ਰਿਸਟ | ਦਿਖਲਾਵਉ | ਦੇਖੇ | ਦੇਖਾਵਹੀ | ਪੇਖਾਗਿਓ | ਵੇਖਾਲਿਓਨੁ |
| ਡਿਠਮੁ | ਦ੍ਰਿਸਟਿ | ਦਿਖਲਾਵਹਿ | ਦੇਖੰ | ਦੇਖਾਵਣਿਆ | ਪੇਖਾਰਉ | ਵਿਖਾਲਿਆ |
| ਡਿਠੋਮਿ | ਦ੍ਰਿਸਟਉ | ਦਿਖਲਾਵੈ | ਦੇਖੈ | ਦੇਖਿਓ | ਪੇਖੰਤ | ਵਿਖਾਲਣਿਆ |
| ਡਿਠੜਾ | ਦ੍ਰਿਸਟਾਇਓ | ਦਿਖਾਲਹਿ | ਦੇਖੋ | ਦੇਖਿਆ | ਪੇਖੰਤੇ | |
| ਡਿਠੜਿਆ | ਦ੍ਰਿਸਟਾਇਆ | ਦਿਖਾਲਿਆ | ਦੇਖੌ | ਦੇਖਿਐ | ਪੇਖੰਦੋ | |
| ਡਿਠੜੀਆ | ਦ੍ਰਿਸਟਾਏ | ਦਿਖਾਲੀਐ | ਦੇਖਉ | ਦੇਖੀਐ | ਪੇਖੰਦੜੋ | |
| ਡਿਠੜੋ | ਦ੍ਰਿਸਟਾਹਿ | ਦਿਖਾਲਦਾ | ਦੇਖਏ | ਦੇਖਿਅਉ | ਪੇਖੰਦਿਆ | |
| ਡੀਠੁਲਾ | ਦ੍ਰਿਸਟਾਨਾ | ਦਿਖਾਲਨੁ | ਦੇਖਸਾ | ਦੇਖੀਅਤੁ | ਪੇਖੰਦੀਆ | |

**ਵੇਖ** ਕਿਰਿਆ ਦੇ ਲਗਭਗ 219 ਇਕਹਿਰੇ ਰੂਪ ਮਿਲਦੇ ਹਨ, ਹੋ ਸਕਦਾ ਹੈ ਇਸਤੋਂ ਵਧੇਰੇ ਰੂਪ ਹੋਣ ਜਿਹਨਾਂ ਦਾ ਵੇਰਵਾ ਰਹਿ ਗਿਆ ਹੋਵੇ। ਇਸ ਦੇ ਦੁਹਰੁਕਤੀਯੁਕਤ ਕਿਰਿਆ ਰੂਪਾਂ ਵਿਚ ਵੀ ਭਿੰਨਤਾ ਮਿਲਦੀ

ਹੈ, ਪ੍ਰੰਤੂ ਇਸਦੇ ਸੀਮਿਤ ਰੂਪ ਹੀ ਮਿਲਦੇ ਹਨ। ਜਿਵੇਂ: 'ਹੇਰਤ ਹੇਰਤ, ਦੇਖਿ ਦੇਖਿ, ਪੇਖਿ ਪੇਖਿ, ਪੇਖਤ ਪੇਖਤ ਅਤੇ ਵੇਖਿ ਵੇਖਿ' ਆਦਿ।

**ਹੇਰਤ ਹੇਰਤ** ਹੇ ਸਖੀ ਹੋਇ ਰਹੀ ਹੈਰਾਨੁ॥ (ਮ: ੧) ਅੰਗ ੯੩੭

ਗੁਰ ਕਾ ਦਰਸਨੁ **ਦੇਖਿ ਦੇਖਿ** ਜੀਵਾ॥ (ਮ: ੫) ਅੰਗ ੨੩੯

**ਪੇਖਿ ਪੇਖਿ** ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ॥ (ਮ: ੫) ਅੰਗ ੬੨੫

**ਪੇਖਤ ਪੇਖਤ** ਊਠਿ ਸਿਧਾਰਾ ॥ ਊਚ ਤੇ ਊਚ ਤਾ ਕਾ ਦਰਬਾਰਾ॥ (ਮ: ੫) ਅੰਗ ੭੪੦

ਹਉ **ਵੇਖਿ ਵੇਖਿ** ਗੁਰੂ ਵਿਗਸਿਆ ਗੁਰ ਸਤਿਗੁਰ ਦੇਹਾ॥ (ਮ: ੪) ਅੰਗ ੭੨੬

ਇਕ ਅਰਥ ਵਾਲੇ ਇਕ ਤੋਂ ਵਧੇਰੇ ਸ਼ਬਦ ਇਲਾਕਾਈ ਰੰਗਤ ਦਾ ਪ੍ਰਮਾਣ ਹਨ। ਵਰਤਮਾਨ ਪੰਜਾਬੀ ਵਿਚ ਇਸਦੇ ਦੋ ਰੂਪ **ਦੇਖ** ਅਤੇ **ਵੇਖ** ਦੀ ਵਰਤੋਂ ਕੀਤੀ ਜਾਂਦੀ ਹੈ। ਬਾਕੀ ਦੇ ਸ਼ਬਦ ਵਰਤਮਾਨ ਪੰਜਾਬੀ ਵਿਚੋਂ ਗ਼ੈਰਹਾਜ਼ਰ ਹਨ।

**ਸਿਮਰਿ** ਦੇ ਦੁਹਰੁਕਤੀਯੁਕਤ ਰੂਪ 'ਸਿਮਰਿ ਸਿਮਰਿ, ਸਿਮਰਹੁ ਸਿਮਰਹੁ, ਅਤੇ ਸਿਮਰਤ ਸਿਮਰਤ' ਮਿਲਦੇ ਹਨ, ਜਦਕਿ ਇਸਦੇ ਇਕਹਿਰੇ ਰੂਪ ਦੀ ਅੱਗੋਂ ਰੂਪਾਵਲੀ ਬਣਦੀ ਹੈ, ਜਿਵੇਂ:

**ਸਾਰਣੀ- 2.**

| | | | | | | |
|---|---|---|---|---|---|---|
| ਸਿਮਰਾ | ਸਿਮਰੰ | ਸਿਮਰਣਿ | ਸਿਮਰਤੇ | ਸਿਮਰਾਏ | ਸਿਮਰਿਹੁ | ਸਿਵਰਿ |
| ਸਿਮਰਿ | ਸਿਮਰਉ | ਸਿਮਰਣੁ | ਸਿਮਰਨ | ਸਿਮਰਾਵਹੁ | ਸਿਮਰੀਜੈ | ਸਿਵਰਹੁ |
| ਸਿਮਰੀ | ਸਿਮਰਹ | ਸਿਮਰਣੰ | ਸਿਮਰਨਿ | ਸਿਮਰਿਓ | ਸਿਮਰੰਤ | ਸਿਵਰਿਆ |
| ਸਿਮਰੁ | ਸਿਮਰਹਿ | ਸਿਮਰਣਾ | ਸਿਮਰਨੀ | ਸਿਮਰਿਆ | ਸਿਮਰੰਤਿ | ਸਿਵਰਿਹੁ |
| ਸਿਮਰੇ | ਸਿਮਰਹੁ | ਸਿਮਰਣੇ | ਸਿਮਰਨੁ | ਸਿਮਰਿਐ | ਸਿਮਰੰਥਿ | |
| ਸਿਮਰੈ | ਸਿਮਰਣ | ਸਿਮਰਤ | ਸਿਮਰਨੋ | ਸਿਮਰੀਐ | ਸਿਮਰੰਦੇ | |

**ਗਾ** ਮੂਲ ਕਿਰਿਆ ਦੇ ਦੁਹਰੁਕਤੀਯੁਕਤ 'ਗਾਉ ਗਾਉ, ਗਾਵਹੁ ਗਾਵਹੁ, ਗਾਵਤ ਗਾਵਤ ਅਤੇ ਗਾਵਤੀ ਗਾਵਤੀ' ਚਾਰ ਰੂਪ ਮਿਲਦੇ ਹਨ। ਇਹਨਾਂ ਦੀ ਵਰਤੋਂ ਬਹੁਤ ਸੀਮਿਤ ਹੋਈ ਹੈ 'ਗਾਉ ਗਾਉ' ਇਕ ਵਾਰ 'ਗਾਵਹੁ ਗਾਵਹੁ' ਦੋ ਵਾਰ 'ਗਾਵਤ ਗਾਵਤ' ਪੰਜ ਵਾਰ ਅਤੇ 'ਗਾਵਤੀ ਗਾਵਤੀ' ਵੀ ਇਕ ਵਾਰ ਆਇਆ ਹੈ।

**ਗਾਉ ਗਾਉ** ਰੀ ਦੁਲਹਨੀ ਮੰਗਲਚਾਰਾ॥ (ਕਬੀਰ) ਅੰਗ ੪੮੨

**ਗਾਵਹੁ ਗਾਵਹੁ** ਕਾਮਣੀ ਬਿਬੇਕ ਬੀਚਾਰੁ॥ (ਮਃ ੧) ਅੰਗ ੩੫੧

**ਗਾਵਹੁ ਗਾਵਹੁ** ਰੰਗਿ ਰਾਤਿਹੋ ਭਾਈ ਹਰਿ ਸੇਤੀ ਰੰਗੁ ਲਾਇ॥ (ਮਃ ੩) ਅੰਗ ੬੩੯

ਪਹਰ ਮੂਰਤ ਪਲ **ਗਾਵਤ ਗਾਵਤ** ਗੋਵਿੰਦ ਗੋਵਿੰਦ ਵਖਾਨੀ॥ (ਮਃ ੫) ਅੰਗ ੪੦੪

**ਗਾਵਤ ਗਾਵਤ** ਪਰਮ ਗਤਿ ਪਾਈ॥ (ਮਃ ੫) ਅੰਗ ੮੯੨

ਗੁਣ **ਗਾਵਤ ਗਾਵਤ** ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ॥

(ਮਃ ੫) ਅੰਗ ੯੧੬

**ਗਾਵਤ ਗਾਵਤ** ਹਰਿ ਗੁਨ ਗਾਏ ਗੁਨ ਗਾਵਤ ਗੁਰਿ ਨਿਸਤਾਰੇ॥ (ਮਃ ੪) ਅੰਗ ੯੮੧

ਸਨਕਾਦਿਕ ਬ੍ਰਹਮਾਦਿਕ **ਗਾਵਤ ਗਾਵਤ** ਸੁਕ ਪ੍ਰਹਿਲਾਦ॥ (ਮਃ ੫) ਅੰਗ ੧੨੨੪

ਪੰਚ ਭਾਗੇ ਚੋਰ ਸਹਜੇ ਸੁਖੈਨੋ ਹਰੇ ਗੁਨ **ਗਾਵਤੀ ਗਾਵਤੀ ਗਾਵਤੀ** ਦਰਸ ਪਿਆਰਿ ॥

(ਮਃ ੫) ਅੰਗ ੧੩੦੫

ਮੂਲ ਕਿਰਿਆ **ਗਾ** ਨਾਲ ਵਧੇਤਰ ਲਾ ਕੇ ਬਣੇ ਇਕਹਿਰੇ ਕਿਰਿਆ ਰੂਪ ਜਿਆਦਾ ਮਿਲਦੇ ਹਨ।

**ਸਾਰਣੀ- 3.**

| | | | | | |
|---|---|---|---|---|---|
| ਗਾਉ | ਗਾਵੈ | ਗਾਵਏ | ਗਾਵਣੇ | ਗਾਵਾਇਦਾ | ਗਾਵੰਤਿ |
| ਗਾਂਉ | ਗਾਂਵੈ | ਗਾਵਸਿ | ਗਾਵਣਿਆ | ਗਾਵਾਈਆ | |
| ਗਾਇ | ਗਵਣੰ | ਗਾਵਸੀ | ਗਾਵਤ | ਗਾਵਾਹਾ | |
| ਗਾਈ | ਗਵਿਆ | ਗਾਵਹ | ਗਾਵਤਾ | ਗਾਵਾਹੀ | |

| | | | | | |
|---|---|---|---|---|---|
| ਗਾਏ | ਗਾਇਓ | ਗਾਵਹਿ | ਗਾਵਤੀ | ਗਾਵਾਧਾ | |
| ਗਾਹਾ | ਗਾਇਆ | ਗਾਵਹੀ | ਗਾਵਤੇ | ਗਾਵਿਆ | |
| ਗਾਹਿ | ਗਾਇਐ | ਗਾਵਹੁ | ਗਾਵਦਾ | ਗਾਵੀਆ | |
| ਗਾਹੀ | ਗਾਈਐ | ਗਾਵਹਗੇ | ਗਾਵਦੇ | ਗਾਵੀਐ | |
| ਗਾਂਹੀ | ਗਾਈਅਹਿ | ਗਾਵਹੇ | ਗਾਵਨ | ਗਾਵੀਅਹਿ | |
| ਗਾਹੈ | ਗਾਇਣ | ਗਾਵਣ | ਗਾਵਨਾ | ਗਾਵੀਜੈ | |
| ਗਾਵਾ | ਗਾਇਣੁ | ਗਾਵਣਾ | ਗਾਵਨਿ | ਗਾਵੀਤਾ | |
| ਗਾਵਾਂ | ਗਾਵਉ | ਗਾਵਣਿ | ਗਾਵਨੀ | ਗਾਵੈਗੋ | |
| ਗਾਵਿ | ਗਾਵਓ | ਗਾਵਣੀ | ਗਾਵਨੁ | ਗਾਵੰਤ | |
| ਗਾਵੇ | ਗਾਵਉਗੋ | ਗਾਵਣੁ | ਗਾਵਨੋ | ਗਾਵੰਤਾ | |

ਗੁਰੂ ਗ੍ਰੰਥ ਸਾਹਿਬ ਵਿਚ **ਕਰ** ਦੇ ਦੋ ਦੁਹਰੁਕਤੀਯੁਕਤ ਰੂਪ 'ਕਰਿ ਕਰਿ, ਅਤੇ ਕਰਤ ਕਰਤ' ਮਿਲਦੇ ਹਨ। 'ਕਰਿ' ਦੀ ਦੁਹਰੁਕਤੀਯੁਕਤ ਵਰਤੋਂ 86 ਵਾਰ ਅਤੇ 'ਕਰਤ' ਦੀ ਦੁਹਰੁਕਤੀਯੁਕਤ ਵਰਤੋਂ 5 ਵਾਰ ਹੋਈ ਹੈ।

**ਕਰਤ ਕਰਤ** ਇਵ ਹੀ ਬਿਰਧਾਨੇ ਹਾਰਿਓ ਉਕਤੇ ਤਨੁ ਖੀਨਸੂਆ॥ (ਮਃ ੫) ਅੰਗ ੨੦੬

**ਕਰਤ ਕਰਤ** ਅਨਿਕ ਬਹੁ ਭਾਤੀ ਨੀਕੀ ਇਹ ਠਹਰਾਈ॥ (ਮਃ ੫) ਅੰਗ ੪੯੯

**ਕਰਤ ਕਰਤ** ਇਵ ਹੀ ਦੁਖੁ ਪਾਇਆ॥ (ਮਃ ੫) ਅੰਗ ੧੧੪੩

ਕਿਲਬਿਖ **ਕਰਤ ਕਰਤ** ਪਛੁਤਾਵਹਿ ਕਬਹੁ ਨ ਸਾਕਹਿ ਛਾਂਟਿ॥ (ਮਃ ੫) ਅੰਗ ੧੨੨੪

**ਕਰਤ ਕਰਤ** ਚਰਚ ਚਰਚ ਚਰਚਰੀ॥ (ਮਃ ੫) ਅੰਗ ੧੩੦੮

'ਕਰਿ' ਦੁਹਰੁਕਤੀਯੁਕਤ ਕਿਰਿਆ ਰੂਪ ਦੀਆਂ ਸਾਰੀਆਂ ਉਦਾਹਰਨਾਂ ਖੋਜ-ਕਾਰਜ ਦੇ ਅੰਤ 'ਤੇ ਅੰਤਿਕਾਂ ਦੇ ਰੂਪ ਵਿਚ ਦਿੱਤੀਆਂ ਗਈਆਂ ਹਨ। ਕਰਿ ਦੀ ਇਕਹਿਰੇ ਰੂਪ ਵਿਚ ਵਰਤੋਂ 1664 ਵਾਰ ਹੋਈ ਹੈ। ਇਕਹਿਰੇ ਰੂਪ ਨਾਲ ਵਧੇਤਰ ਲਾ ਕੇ ਬਣੇ 'ਕਰਿ' ਦੇ ਵਿਭਿੰਨ ਰੂਪ ਮਿਲਦੇ ਹਨ, ਜਿਵੇਂ:

**ਸਾਰਣੀ- 4.**

| | | | | | | |
|---|---|---|---|---|---|---|
| ਕਰ | ਕਰਹੁ | ਕਰਦਾ | ਕਰੀਵੇ | ਕਰੈਗਾ | ਕਰੀਅਹੁ | ਕਰਾਵਨ |
| ਕਰਾ | ਕਰਾਂਹੀ | ਕਰਦੀ | ਕਰੇਉ | ਕਰੈਗੋ | ਕਰਉਗੀ | ਕਰਾਵਨੇ |
| ਕਰਾਂ | ਕਰਣ | ਕਰਦੇ | ਕਰੇਇ | ਕਰੰਤ | ਕਰਹਿਗਾ | ਕਰਾਵੈਗੋ |
| ਕਰਿ | ਕਰਣਾ | ਕਰਨ | ਕਰੇਈ | ਕਰੋਤਿ | ਕਰਹਿਗੇ | ਕਰਾਵਣਿਆ |
| ਕਰੀ | ਕਰਣੀ | ਕਰਨਾ | ਕਰੇਹ | ਕਰਬੇ | ਕਰਹੁਗੇ | ਕਰਿਯਉ |
| ਕਰੁ | ਕਰਣੁ | ਕਰਨਿ | ਕਰੇਹਾ | ਕਰਿਬੋ | ਕਰਤਿਆ | ਕਰੇਦੜ |
| ਕਰੇ | ਕਰਣੇ | ਕਰਨੀ | ਕਰੇਹਿ | ਕਰਸਹ | ਕਰਦਿਆ | |
| ਕਰੈ | ਕਰਣੈ | ਕਰਨੈ | ਕਰੇਹੀ | ਕਰਸਹਿ | ਕਰੇਦਿਆ | |
| ਕਰੋ | ਕਰਣੋ | ਕਰਾਵਾ | ਕਰੇਹੁ | ਕਰਸਨ | ਕਰੇਦੀਏ | |
| ਕਰੰ | ਕਰਤ | ਕਰਾਵੈ | ਕਰੇਹੋ | ਕਰਦਨ | ਕਰਨਹੁ | |
| ਕਰਉ | ਕਰਤਾ | ਕਰਿਉ | ਕਰੇਗ | ਕਰਦਮ | ਕਰਨਨਿ | |
| ਕਰਈ | ਕਰਤੀ | ਕਰਿਓ | ਕਰੇਣ | ਕਰਦੇਮ | ਕਰਪਫਾ | |
| ਕਰਸਿ | ਕਰਤੁ | ਕਰੀਆ | ਕਰੇਨਿ | ਕਰਈਆ | ਕਰਾਂਝਾ | |
| ਕਰਸੀ | ਕਰਤੇ | ਕਰੀਐ | ਕਰੇਦੀ | ਕਰਈਐ | ਕਰਾਵਹਿ | |
| ਕਰਹ | ਕਰਤੈ | ਕਰੀਹਾ | ਕਰੇਦੇ | ਕਰਿਅਹਿ | ਕਰਾਵਹੁ | |
| ਕਰਹਿ | ਕਰਤੋ | ਕਰੀਜਾ | ਕਰੇਰੈ | ਕਰਿਅਹੁ | ਕਰੇਵਹੋ | |
| ਕਰਹੀ | ਕਰਦੰ | ਕਰੀਜੈ | ਕਰੇਵ | ਕਰੀਅਹਿ | ਕਰਾਵਣਿ | |

**ਭੱਜਣਾ** ਕਿਰਿਆ ਦੇ ਵਿਭਿੰਨ ਸ਼ਬਦ ਰੂਪ 'ਹਰਣ, ਪੱਲਰ, ਪਲਾਇਣ, ਨਠਯ, ਨਠੜੋ, ਨਠੇ, ਨਾਠਾ, ਧ੍ਰਕਿ, (ਲਹਿੰਦੀ) ਭਾਗੈ, ਭਜਿ ਆਦਿ ਵਰਤੇ ਗਏ ਹਨ। ਵਰਤਮਾਨ ਪੰਜਾਬੀ ਭਾਸ਼ਾ ਵਿਚ ਨੱਠ ਜਾਂ ਭੱਜ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। 'ਨੱਠ' ਦਾ 'ਠ' ਵਰਤਮਾਨ ਸਮੇਂ ਵਿਚ 'ਸ' ਵਿਚ ਬਦਲ ਕੇ 'ਨੱਸ' ਸ਼ਬਦ ਵੀ ਵਰਤਿਆ ਜਾਣ ਲੱਗਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭੱਜ (ਅੱਧਕ ਵਾਲਾ ਕਿਰਿਆ ਰੂਪ) ਦੀ ਵਰਤੋਂ ਨਹੀਂ ਹੋਈ। 'ਭਜਿ' ਸ਼ਬਦ ਦੋ ਅਰਥਾਂ **ਨੱਸ ਅਤੇ ਭਜਨ** (ਭਗਤੀ) ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਦੇ ਅਰਥ ਵਾਕ ਦੇ ਪ੍ਰਸੰਗ ਵਿਚ ਸਪੱਸ਼ਟ ਹੁੰਦੇ ਹਨ, ਜਿਵੇਂ:

ਏਹੁ ਜਗੁ ਜਲਤਾ ਦੇਖਿ ਕੈ **ਭਜਿ** ਪਏ ਸਤਿਗੁਰ ਸਰਣਾ॥ (ਮ: ੩) ਅੰਗ ੭੦

ਲਾਗੂ ਹੋਏ ਦੁਸਮਨਾ ਸਾਕ ਭਿ **ਭਜਿ** ਖਲੇ॥ (ਮ: ੫) ਅੰਗ ੭੦

ਕਹੈ ਨਾਨਕੁ ਰਾਮੁ **ਭਜਿ** ਲੈ ਜਾਤੁ ਅਉਸਰੁ ਬੀਤ॥ (ਮ: ੯) ਅੰਗ ੬੩੧

ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ **ਭਜਿ** ਲੇ ਨਾਮੁ ਮੁਰਾਰਿ॥ (ਮ: ੯) ਅੰਗ ੬੩੩

ਪਹਿਲੇ ਦੋ ਵਾਕਾਂ ਵਿਚ 'ਭਜਿ' ਕਿਰਿਆ ਰੂਪ **ਭੱਜਣਾ *ਦੌੜਨਾ*** ਦੇ ਅਰਥਾਂ ਵਿਚ ਹੈ। ਤੀਜੇ ਤੇ ਚੌਥੇ ਵਾਕ ਵਿਚ ਭਜਿ 'ਨਾਂਵ' **ਭਜਨ** ਦੇ ਅਰਥ ਵਿਚ ਹੈ।

ਵਾਕ ਬਣਤਰ ਵਿਚ ਜਦੋਂ ਵਿਭਿੰਨ ਕਿਰਿਆ ਰੂਪ ਵਰਤੇ ਜਾਂਦੇ ਹਨ, ਤਾਂ ਇਹ ਇਕ ਲੜੀ ਵਿਚ ਪਰੋਏ ਹੁੰਦੇ ਹਨ, ਭਾਵ ਕਿਰਿਆ ਰੂਪ ਲੜੀਬੱਧ ਹੁੰਦੇ ਹਨ। ਦੁਹਰੁਕਤੀਯੁਕਤ ਕਿਰਿਆ ਦੀ ਵਰਤੋਂ ਵਾਕ ਦੇ ਅੰਤ 'ਤੇ ਨਹੀਂ ਹੁੰਦੀ। ਵਾਕ ਦੇ ਪ੍ਰਸੰਗ ਵਿਚ ਕਿਰਿਆ ਦੇ ਦੁਹਰੁਕਤੀਯੁਕਤ ਰੂਪ ਨਾਲ ਕਿਸੇ ਕਿਰਿਆ ਸ਼ਬਦ ਦੀ ਵਰਤੋਂ ਜ਼ਰੂਰ ਹੁੰਦੀ ਹੈ। ਇਹ ਕਿਰਿਆ ਸ਼ਬਦ 'ਮੁਖ ਕਿਰਿਆ' ਜਾਂ 'ਸੰਚਾਲਕ ਕਿਰਿਆ' ਦੇ ਹੋ ਸਕਦੇ ਹਨ। ਜਿਸਦੇ ਸਿੱਟੇ ਵਜੋਂ ਦੁਹਰੁਕਤੀਯੁਕਤ ਰੂਪ ਵਾਕ ਦੇ ਅੰਤ 'ਤੇ ਨਹੀਂ ਵਿਚਰਦੇ, ਜਿਵੇਂ:

ਚਰਨ ਸਾਧ ਕੇ **ਧੋਇ ਧੋਇ** ਪੀਉ॥ ਅਰਪਿ ਸਾਧ ਕਉ ਅਪਨਾ ਜੀਉ॥

(ਮ: ੫) ਅੰਗ ੨੮੩

ਜਿਸੁ ਵਡ ਭਾਗੁ ਹੋਵੈ ਵਡ ਮਸਤਕਿ ਤਿਨਿ ਗੁਰਮਤਿ **ਕਢਿ ਕਢਿ** ਲੀਆ॥

(ਮ: ੪) ਅੰਗ ੮੮੦

ਬੇਦ ਪੜਹਿ ਹਰਿ ਨਾਮੁ ਨ ਬੂਝਹਿ॥ ਮਾਇਆ ਕਾਰਣਿ **ਪੜਿ ਪੜਿ** ਲੂਝਹਿ॥

(ਮ: ੩) ਅੰਗ ੧੦੫੦

ਗੁਰਬਾਣੀ ਦੀ ਵਾਕ ਬਣਤਰ ਪੰਜਾਬੀ ਵਾਕ ਬਣਤਰ ਤੋਂ ਭਿੰਨ ਹੈ। "ਪੰਜਾਬੀ ਵਾਕ ਦੀ ਤਰਤੀਬ 'ਕਰਤਾ+ ਕਰਮ+ ਕਿਰਿਆ' ਵਾਲੀ ਹੈ"[11], ਪ੍ਰੰਤੂ ਗੁਰਬਾਣੀ ਦਾ ਭਾਸ਼ਾਈ ਸਰੂਪ ਕਾਵਿਮਈ ਹੋਣ ਕਾਰਨ ਕਾਵਿ ਵਾਕਾਂ ਵਿਚ 'ਦੁਹਰੁਕਤੀਯੁਕਤ ਕਿਰਿਆ' ਵਾਕ ਦੇ ਆਰੰਭ ਵਿਚ ਵੀ ਵਿਚਰਦੀ ਹੈ। ਇਸ ਕਿਸਮ ਦੇ ਵਾਕ ਗੁਰੂ ਗ੍ਰੰਥ ਸਾਹਿਬ ਵਿਚ ਆਮ ਮਿਲਦੇ ਹਨ, ਜੋ 'ਦੁਹਰੁਕਤੀਯੁਕਤ ਕਿਰਿਆ' ਨਾਲ ਆਰੰਭ ਹੁੰਦੇ ਹਨ, ਜਿਵੇਂ:

**ਸਿਮਰਿ ਸਿਮਰਿ** ਪ੍ਰਭੁ ਨਿਰਭਉ ਹੋਇ॥ (ਮ: ੫) ਅੰਗ ੧੮੪

**ਜਪਤ ਜਪਤ** ਭਏ ਦੀਨ ਦਇਆਲਾ॥ (ਮ: ੫) ਅੰਗ ੩੮੮

**ਬੋਲਤ ਬੋਲਤ** ਬਢਹਿ ਬਿਕਾਰਾ॥ ਬਿਨੁ ਬੋਲੇ ਕਿਆ ਕਰਹਿ ਬੀਚਾਰਾ॥

(ਕਬੀਰ) ਅੰਗ ੮੭੦

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਕਿਰਿਆ 'ਮੁਖ ਕਿਰਿਆ' ਦੇ ਰੂਪ ਵਿਚ ਆਈ ਹੈ। ਉਪਰੋਕਤ ਵਾਕਾਂ ਵਿਚ ਕਾਰਜ ਦੀ ਮਹੱਤਤਾ ਵਧੇਰੇ ਹੈ, ਕਰਮ ਦੀ ਪ੍ਰਾਪਤੀ ਕਾਰਜ ਤੋਂ ਬਾਅਦ ਵਿਚ ਹੈ। ਇਹ ਗੁਰਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਹੈ, ਕਿ ਇਸ ਵਿਚ ਅਜਿਹੇ ਵਾਕ ਵੀ ਮਿਲਦੇ ਹਨ, ਜਿਥੇ ਪੂਰੇ ਦੇ ਪੂਰੇ ਵਾਕ ਜਾਂ ਉਪਵਾਕ ਦੀ ਸਿਰਜਨਾ 'ਕਿਰਿਆ' ਸ਼ਬਦ ਰੂਪ ਕਰਦੇ ਹਨ, ਜਿਵੇਂ:

ਖਾਤ ਪੀਤ ਖੇਲਤ ਹਸਤ ਬਿਸਥਾਰ॥ ਕਵਨ ਅਰਥ ਮਿਰਤਕ ਸੀਗਾਰ॥

(ਮ: ੫) ਅੰਗ ੧੮੮

---

[11] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 153.

ਕਹਿ ਕਹਿ ਕਹਣਾ ਆਖਿ ਸੁਣਾਏ॥ (ਮਃ ੩) ਅੰਗ ੩੬੪

ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤੁ ਹੈ॥ (ਰਵਿਦਾਸ) ਅੰਗ ੪੮੭

ਖਾਵੈ ਭੋਗੈ ਸੁਣਿ ਸੁਣਿ ਦੇਖੈ ਪਹਿਰਿ ਦਿਖਾਵੈ ਕਾਲ ਘਰੇ॥ (ਮਃ ੧) ਅੰਗ ੧੦੧੪

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ **ਹੈ** ਮਰਣਾ॥ (ਮਃ ੧) ਅੰਗ ੧੨੫੪

'ਕਿਰਿਆ' ਸ਼ਬਦ ਰੂਪ ਇਹਨਾਂ ਵਾਕਾਂ ਦੀ ਸਿਰਜਨਾ ਦਾ ਆਧਾਰ ਹਨ। ਤੀਜੀ ਅਤੇ ਚੌਥੇ ਵਾਕ ਦੇ ਦੋ ਉਪਵਾਕ ਹਨ, ਦੋਹਾਂ ਦੇ ਪਹਿਲੇ ਉਪਵਾਕ ਨਿਰੋਲ 'ਕਿਰਿਆ' ਸ਼ਬਦ ਰੂਪਾਂ ਦੀ ਸਿਰਜਨਾ ਹਨ। ਸਾਰੇ ਕਿਰਿਆ ਰੂਪ 'ਮੁਖ ਕਿਰਿਆ' ਦਾ ਕਾਰਜ ਕਰ ਰਹੇ ਹਨ, ਕੇਵਲ ਅਖ਼ੀਰਲੇ ਵਾਕ ਵਿਚ **ਹੈ** 'ਸਹਾਇਕ' ਕਿਰਿਆ ਵਰਤੀ ਗਈ ਹੈ। ਮੁਖ ਕਿਰਿਆ ਤੋਂ ਬਿਨਾਂ ਕਿਰਿਆ ਦੇ ਹੋਰ ਭੇਦ ਵੀ ਹਨ, ਜੋ ਵਾਕ ਵਿਚ ਮੁਖ ਕਿਰਿਆ ਦੇ ਨਾਲ ਵਿਚਰਦੇ ਹਨ। **ਜੋਗਿੰਦਰ ਸਿੰਘ ਪੁਆਰ** ਨੇ ਇਹਨਾਂ ਨੂੰ ਸੰਚਾਲਕ (operator) ਦਾ ਨਾਮ ਦਿੱਤਾ ਹੈ ਅਤੇ ਇਸਨੂੰ ਅੱਗੋਂ ਚਾਰ ਸ਼੍ਰੇਣੀਆਂ ਵਿਚ ਵੰਡਿਆ ਹੈ:

1. "ਮੁਢਲੀ ਸੰਚਾਲਕ
2. ਕਰਮਵਾਚੀ ਸੰਚਾਲਕ
3. ਗਤੀਵਾਚਕ ਸੰਚਾਲਕ
4. ਸੰਭਾਵਿਤ ਸੰਚਾਲਕ"[12]

ਇਕ ਕਿਰਿਆ ਵਾਕੰਸ਼ ਵਿਚ ਇਹਨਾਂ ਦਾ ਸਥਾਨ ਨਿਰਧਾਰਿਤ ਹੈ। "ਕਰਤਾ ਕਿਰਿਆ ਵਾਕੰਸ਼ ਵਿਚ ਪੰਜ ਕਿਰਿਆ ਸ਼ਬਦ ਲੜੀਵਾਰ ਮੁਖ ਕਿਰਿਆ+ ਮੁਢਲੀ ਸੰਚਾਲਕ+ ਗਤੀਵਾਚਕ ਸੰਚਾਲਕ+ ਸੰਭਾਵਿਤ ਸੰਚਾਲਕ ਅਤੇ ਸਹਾਇਕ ਕਿਰਿਆ ਰੂਪ ਵਿਚਰਦੇ ਹਨ। ਕਰਮ ਵਾਚਕ ਕਿਰਿਆ ਵਾਕੰਸ਼ ਵਿਚ ਮੁਖ

[12] The Punjabi Form and Function, Joginder Singh puar, Publication bureau, Punjabi University, Patiala, 1990, Pn 30.

ਕਿਰਿਆ+ ਮੁਢਲੀ ਸੰਚਾਲਕ+ ਕਰਮਵਾਚੀ ਸੰਚਾਲਕ+ ਗਤੀਵਾਚਕ ਸੰਚਾਲਕ+ ਸੰਭਾਵਿਤ ਸੰਚਾਲਕ ਅਤੇ ਸਹਾਇਕ ਕਿਰਿਆ 6 ਕਿਰਿਆ ਰੂਪ ਵਿਚਰਦੇ ਹਨ।"[13]

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਮੁਖ ਕਿਰਿਆ ਦੇ ਨਾਲ ਵਰਤੀ 'ਸੰਚਾਲਕ ਕਿਰਿਆ' ਦੇ ਸੁਤੰਤਰ ਅਤੇ ਮਿਸ਼ਰਤ ਦੋਵੇਂ ਰੂਪ ਮਿਲਦੇ ਹਨ:

ਸੁਣਿ ਸੁਣਿ **ਹੋਵੈ** ਪਰਮ ਗਤਿ ਮੇਰੀ॥ (ਮਃ ੫) ਅੰਗ ੧੦੩

ਸੁਣਿ ਸੁਣਿ ਮੇਰੀ ਕਾਮਣੀ ਪਾਰਿ ਉਤਾਰਾ **ਹੋਇ**॥ (ਮਃ ੧) ਅੰਗ ੬੬੦

ਸਿਮਰਿ ਸਿਮਰਿ ਪ੍ਰਭੁ ਨਿਰਭਉ **ਹੋਇ**॥ (ਮਃ ੫) ਅੰਗ ੧੮੪

ਸਿਮਰਿ ਸਿਮਰਿ ਸਭ ਤਪਤਿ **ਬੁਝਾਈ**॥ (ਮਃ ੫) ਅੰਗ ੧੯੧

ਪੜਿ ਪੜਿ ਪੰਡਿਤ ਮੋਨੀ **ਥਕੇ** ਬੇਦਾਂ ਕਾ ਅਭਿਆਸੁ॥ (ਮਃ ੩) ਅੰਗ ੧੨੭੭

'ਹੋਵੈ, ਹੋਇ' ਸੁਤੰਤਰ ਸੰਚਾਲਕ ਕਿਰਿਆ ਹੈ, ਇਹ ਮੁਖ ਕਿਰਿਆ 'ਸੁਣਿ ਸੁਣਿ' ਅਤੇ 'ਸਿਮਰਿ ਸਿਮਰਿ' ਨਾਲ ਵਰਤੀ ਗਈ ਹੈ। ਅਖ਼ੀਰਲੇ ਦੋ ਵਾਕਾਂ ਵਿਚ 'ਸੰਚਾਲਕ' ਕਿਰਿਆ 'ਮਿਸ਼ਰਤ' ਰੂਪ ਵਿਚ ਵਰਤੀ ਗਈ ਹੈ 'ਬੁਝਾਈ' ਅਤੇ 'ਥਕੇ' ਨਾਂਵ+ ਪਿਛੇਤਰ ਸ਼ਬਦ ਰੂਪ ਮਿਸ਼ਰਤ ਹਨ। ਬੁਝ ਅਤੇ ਥਕ (ਨਾਂਵ) ਨਾਲ ਲੱਗੇ ਅੰਤਿਕ ਰੂਪ (ਆਈ, ਏ) 'ਸੰਚਾਲਕ' ਅਤੇ 'ਸਹਾਇਕ ਕਿਰਿਆ' ਦੇ ਅਰਥ ਦਿੰਦੇ ਹਨ। ਭਾਸ਼ਾਈ ਸਰੂਪ ਸੰਯੋਗਮਈ ਹੋਣ ਕਾਰਨ 'ਸੰਚਾਲਕ' ਕਿਰਿਆ ਦੇ ਸੁਤੰਤਰ ਰੂਪ ਤੋਂ ਵਧੇਰੇ 'ਮਿਸ਼ਰਤ ਸੰਚਾਲਕ' ਕਿਰਿਆ ਰੂਪ ਮਿਲਦੇ ਹਨ।

ਸਹਾਇਕ ਕਿਰਿਆ ਦੇ ਪੁਰਾਤਨ ਪੰਜਾਬੀ ਵਿਚ ਵਿਭਿੰਨ ਰੂਪ ਵਰਤੇ ਜਾਂਦੇ ਸਨ- 'ਆਹਿ, ਹਾ, ਹਾਂ, ਹੋ, ਹੈ, ਹਹਿ, ਹਹੁ, ਹੈਨਿ, ਥਾ, ਥੀ, ਥੇ' ਆਦਿ। ਵਰਤਮਾਨ ਪੰਜਾਬੀ ਵਿਚ ਸਹਾਇਕ ਕਿਰਿਆ ਦੇ ਰੂਪ **ਹੈ**

---

[13] Same, Pn 29.

ਅਤੇ **ਸੀ** (ਇਕਵਚਨ), **ਹਨ** ਅਤੇ **ਸਨ** (ਬਹੁਵਚਨ) ਵਰਤੇ ਜਾਂਦੇ ਹਨ। 'ਵਚਨ, ਪੁਰਖ ਅਤੇ ਕਾਲ' ਦੇ ਆਧਾਰ 'ਤੇ ਇਹ ਰੂਪਾਂਤ੍ਰਿਤ ਹੁੰਦੇ ਹਨ।

ਵਰਤਮਾਨ ਕਾਲ ਦੇ ਸਹਾਇਕ ਕਿਰਿਆ ਰੂਪ:

**ਸਾਰਣੀ- 5.**

| ਵਚਨ, ਪੁਰਖ | ਪਹਿਲਾ ਪੁਰਖ | ਦੂਜਾ ਪੁਰਖ | ਤੀਜਾ ਪੁਰਖ |
|---|---|---|---|
| ਇਕ ਵਚਨ | ਹਾਂ | ਹੈ | ਹੈ |
| ਬਹੁ ਵਚਨ | ਹਾਂ | ਹੋ | ਹਨ |

ਭੂਤਕਾਲ ਦੇ ਸਹਾਇਕ ਕਿਰਿਆ ਰੂਪ:

**ਸਾਰਣੀ- 6.**

| ਵਚਨ, ਪੁਰਖ | ਪਹਿਲਾ ਪੁਰਖ | ਦੂਜਾ ਪੁਰਖ | ਤੀਜਾ ਪੁਰਖ |
|---|---|---|---|
| ਇਕ ਵਚਨ | ਸਾਂ, ਸੀ | ਸੈਂ, ਸੀ | ਸੀ |
| ਬਹੁ ਵਚਨ | ਸਾਂ, ਸੀ | ਸੋ, ਸੀ | ਸਨ, ਸੀ |

ਗੁਰੂ ਗ੍ਰੰਥ ਸਾਹਿਬ ਵਿਚ 'ਸਹਾਇਕ' ਕਿਰਿਆ ਦੀ ਵਰਤੋਂ ਬਹੁਤ ਘੱਟ ਹੋਈ ਹੈ। ਇਸ ਦੇ ਬਹੁਤ ਸੀਮਿਤ ਰੂਪ ਮਿਲਦੇ ਹਨ। ਜਿਵੇਂ:

ਮਾਟੀ ਕੋ ਪੁਤਰਾ ਕੈਸੇ **ਨਚਤੁ ਹੈ**॥ (ਰਵਿਦਾਸ) ਅੰਗ ੪੮੭

ਖਾਣਾ ਪੀਣਾ ਹਸਣਾ ਸਉਣਾ ਵਿਸਰਿ **ਗਇਆ ਹੈ** ਮਰਣਾ॥ (ਮਃ ੧) ਅੰਗ ੧੨੫੪

ਗੁਰਬਾਣੀ ਵਿਚ **ਹੈ** ਰੂਪ ਦੀ ਵਰਤੋਂ 1780 ਵਾਰ ਹੋਈ ਹੈ, ਪ੍ਰੰਤੂ **ਸਹਾਇਕ ਕਿਰਿਆ** ਵਜੋਂ ਇਸਦੀ ਵਰਤੋਂ ਬਹੁਤ ਸੀਮਿਤ ਹੈ। ਇਸਦੀ ਕਾਰਜੀ ਇਕਾਈ ਦੀ ਸਪੱਸ਼ਟਤਾ ਲਈ ਇਸਨੂੰ ਅੱਗੋਂ **ਸਹਾਇਕ ਕਿਰਿਆ** ਅਤੇ **ਅਪੂਰਨ ਕਿਰਿਆ** ਵਿਚ ਵੰਡਿਆ ਗਿਆ ਹੈ। ਜਿੱਥੇ ਇਹ ਕਿਸੇ 'ਪੂਰਕ' ਨਾਲ ਆਵੇ ਉਥੇ 'ਸਹਾਇਕ' ਕਿਰਿਆ ਨਹੀਂ ਸਗੋਂ 'ਅਪੂਰਨ' ਕਿਰਿਆ ਹੈ, ਜਿਵੇਂ:

ਇਹੁ ਮਾਣਕੁ ਜੀਉ **ਨਿਰਮੋਲੁ ਹੈ** ਇਉ ਕਉਡੀ ਬਦਲੈ ਜਾਇ॥ (ਮਃ ੧) ਅੰਗ ੨੨

ਹਰਿ ਭਗਤਾ ਹਰਿ ਧਨੁ **ਰਾਸਿ ਹੈ** ਗੁਰ ਪੂਛਿ ਕਰਹਿ ਵਾਪਾਰੁ॥ (ਮਃ ੩) ਅੰਗ ੨੮

ਇਥੇ **ਹੈ** 'ਸਹਾਇਕ' ਕਿਰਿਆ ਨਹੀਂ ਸਗੋਂ 'ਅਪੂਰਨ' ਕਿਰਿਆ ਹੈ। ਨਾਂਵ (ਨਿਰਮੋਲ ਅਤੇ ਰਾਸਿ) ਇਸਦੇ ਪੂਰਕ ਹਨ। ਜਦੋਂ ਇਹ ਕਿਰਿਆ ਰੂਪ ਕਿਸੇ 'ਮੁਖ' ਕਿਰਿਆ ਨਾਲ ਆਉਂਦੇ ਹਨ, ਤਾਂ ਇਹ ਸਹਾਇਕ ਕਿਰਿਆ ਦਾ ਕਾਰਜ ਕਰਦੇ ਹਨ, ਜਿਵੇਂ:

ਘਾਟਿ ਨ ਕਿਨ ਹੀ ਕਹਾਇਆ॥ ਸਭ **ਕਹਤੇ ਹੈ** ਪਾਇਆ॥ (ਮਃ ੩) ਅੰਗ ੭੧

ਮਨ ਬਾਂਛਤ ਫਲ **ਦੇਤ ਹੈ** ਸੁਆਮੀ ਜੀਅ ਕੀ ਬਿਰਥਾ ਸਾਰੇ॥ (ਮਃ ੫) ਅੰਗ ੮੦

ਜਨ ਨਾਨਕ ਕੈ ਮਨਿ ਅਨਦੁ **ਹੋਤ ਹੈ** ਹਰਿ ਦਰਸਨੁ ਨਿਮਖ ਦਿਖਾਈ॥

(ਮਃ ੪) ਅੰਗ ੩੭੦

ਉਪਰੋਕਤ ਵਾਕਾਂ ਵਿਚ **ਹੋਤ, ਕਹਤੇ, ਦੇਤ** 'ਮੁਖ' ਕਿਰਿਆ ਰੂਪ ਹਨ। ਇਹਨਾਂ ਵਾਕਾਂ ਵਿਚ **ਹੈ** 'ਸਹਾਇਕ' ਕਿਰਿਆ ਦੇ ਰੂਪ ਵਿਚ ਪ੍ਰਕਾਰਜਸ਼ੀਲ ਹੈ। ਇਕ 'ਕਿਰਿਆ ਵਾਕੰਸ਼' ਵਿਚ 'ਮੁਖ ਕਿਰਿਆ, ਸੰਚਾਲਕ ਕਿਰਿਆ (ਮੁਢਲੀ ਸੰਚਾਲਕ, ਕਰਮਵਾਚਕ, ਗਤੀਵਾਚਕ ਅਤੇ ਸੰਭਾਵਿਤ ਸੰਚਾਲਕ) ਅਤੇ ਸਹਾਇਕ ਕਿਰਿਆ' ਤਰਤੀਬਵਾਰ ਵਿਚਰਦੀਆਂ ਹਨ।

ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਕਾਵਿਮਈ ਹੋਣ ਕਾਰਨ ਇਸ 'ਤੇ ਵਿਆਕਰਨ ਦੇ ਨਿਯਮ ਇੰਨ-ਬਿੰਨ ਲਾਗੂ ਨਹੀਂ ਹੁੰਦੇ। ਇਕਹਿਰੇ ਕਿਰਿਆ ਰੂਪਾਂ ਨਾਲ ਆਮ ਹੀ 'ਪੜਨਾਂਵੀਂ ਪਿਛੇਤਰ' ਵਰਤੇ ਗਏ ਹਨ। "ਪੜਨਾਵੀਂ ਪਿਛੇਤਰ ਲਹਿੰਦੀ ਦੀ ਭਾਸ਼ਾਈ ਵਿਸ਼ੇਸ਼ਤਾ ਹੈ।"[14] ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੇ ਇਕਹਿਰੇ ਰੂਪਾਂ ਨਾਲ ਇਹਨਾਂ ਦੀ ਵਧੇਰੇ ਵਰਤੋਂ ਮਿਲਦੀ ਹੈ। **ਮ, ਮਿ** ਅਤੇ **ਮੁ** 'ਪਹਿਲੇ ਪੁਰਖ' ਲਈ ਵਰਤੇ ਗਏ 'ਪੜਨਾਵੀਂ ਪਿਛੇਤਰ' ਹਨ, ਜਿਵੇਂ: 'ਡਿਠਮੁ, ਘੋਟਿਮ, ਲਧਮੁ, ਭਵਿਓਮ੍ਹਿ, ਥੀਓਮਿ' ਆਦਿ।

ਗੁਰੁ ਥੀਆ ਸਾਖੀ ਤਾ **ਡਿਠਮੁ** ਆਖੀ ਪਿਰ ਜੇਹਾ ਅਵਰੁ ਨ ਦੀਸੈ॥ (ਮਃ ੫) ਅੰਗ ੪੫੫

ਉਜਲੁ ਕੈਹਾ ਚਿਲਕਣਾ **ਘੋਟਿਮ** ਕਾਲੜੀ ਮਸੁ॥ (ਮਃ ੧) ਅੰਗ ੭੨੯

ਗੁਝੜਾ **ਲਧਮੁ** ਲਾਲੁ ਮਥੈ ਹੀ ਪਰਗਟੁ ਥਿਆ॥ (ਮਃ ੫) ਅੰਗ ੧੦੯੬

ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ **ਭਵਿਓਮ੍ਹਿ**॥ (ਫਰੀਦ) ਅੰਗ ੧੩੭੮

ਅਜੁ ਫਰੀਦੈ ਕੂਜੜਾ ਸੈ ਕੋਹਾਂ **ਥੀਓਮਿ**॥ (ਫਰੀਦ) ਅੰਗ ੧੩੭੮

**ਈ** ਦੂਜੇ ਪੁਰਖ ਲਈ ਵਰਤਿਆ ਗਿਆ 'ਪੜਨਾਵੀਂ ਪਿਛੇਤਰ' ਹੈ, 'ਕੀਤੋਈ':

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥ (ਮਃ ੫) ਅੰਗ ੧੪੨੯

**'ਓਨ, ਅਨਿ, ਅਨੁ, ਸੀ, ਸੁ'** ਤੀਜੇ ਪੁਰਖ ਲਈ ਵਰਤੇ ਗਏ 'ਪੜਨਾਵੀਂ ਪਿਛੇਤਰ' ਹਨ:

---

14 ਹਰਕੀਰਤ ਸਿੰਘ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ ਨੰ 235.

ਸੰਜੋਗੁ ਵਿਜੋਗੁ **ਉਪਾਇਓਨੁ** ਸ੍ਰਿਸਟੀ ਕਾ ਮੂਲੁ ਰਚਾਇਆ॥ (ਮ: ੩) ਅੰਗ ੫੦੯

ਨਿਤ ਨਿਤ ਜੀਅੜੇ **ਸਮਾਲੀਅਨਿ** ਦੇਖੈਗਾ ਦੇਵਣਹਾਰੁ॥ (ਮ: ੧) ਅੰਗ ੧੨

ਆਪੇ ਭਾਂਡੇ **ਸਾਜਿਅਨੁ** ਆਪੇ ਪੂਰਣੁ ਦੇਇ ॥ (ਮ: ੧) ਅੰਗ ੪੭੫

ਜੋ ਆਇਆ ਸੋ **ਚਲਸੀ** ਸਭੁ ਕੋਈ ਆਈ ਵਾਰੀਐ॥ (ਮ: ੧) ਅੰਗ ੪੭੪

ਦੁਯੈ ਭਾਇ ਵਿਗੁਚੀਐ ਗਲਿ **ਪਈਸੁ** ਜਮ ਕੀ ਫਾਸ॥ (ਮ: ੫) ਅੰਗ ੧੩੪

'**ਆਸਿ, ਆਸੁ**' ਅੰਤਿਕ 'ਪੜਨਾਂਵੀਂ ਪਿਛੇਤਰ' ਵੀ ਵਧੇਰੇ ਮਿਲਦੇ ਹਨ, 'ਮੁਇਆਸਿ, ਪਈਆਸਿ, ਮੁਇਆਸੁ, ਲਿਖਿਆਸੁ, ਧਰੀਆਸੁ, ਵਾਟੜੀਆਸੁ' ਆਦਿ। ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੇ ਮੂਲ ਰੂਪ ਵਧੇਰੇ ਵਰਤੇ ਗਏ ਹਨ, ਇਹਨਾਂ ਨਾਲ 'ਪੜਨਾਵੀਂ ਪਿਛੇਤਰਾਂ' ਦੀ ਵਰਤੋਂ ਬਹੁਤ ਘੱਟ ਹੋਈ ਹੈ।

## ਸ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੁਹਰੁਕਤੀ ਦੇ ਭੇਦ

### 6.1. ਰੂਪ ਦੇ ਆਧਾਰ 'ਤੇ

### 6.2. ਅਰਥ ਅਤੇ ਕਾਰਜ ਦੇ ਆਧਾਰ 'ਤੇ

**6.1. ਰੂਪ ਦੇ ਆਧਾਰ 'ਤੇ:-** "ਰੂਪ ਦੇ ਆਧਾਰ 'ਤੇ ਪੰਜਾਬੀ ਕਿਰਿਆ ਦੀ ਸ਼ਬਦਾਵਲੀ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ: ਕਾਲਕੀ ਅਤੇ ਅਕਾਲਕੀ।"[15]

**6.1.I. ਕਾਲਕੀ ਕਿਰਿਆ:-** ਉਹ ਕਿਰਿਆ ਰੂਪ, ਜੋ ਘੱਟੋ ਘੱਟ ਇਕ ਵਿਆਕਰਨਕ ਸ਼੍ਰੇਣੀ ਲਈ ਰੂਪਾਂਤ੍ਰਿਤ ਹੁੰਦੇ ਹਨ, 'ਕਾਲਕੀ ਕਿਰਿਆ' ਦੇ ਰੂਪ ਹਨ। "ਕਾਲਕੀ ਕਿਰਿਆ ਰੂਪ ਲਿੰਗ, ਵਚਨ, ਪੁਰਖ, ਕਾਲ, ਪੱਖ

[15] ਜੋਗਿੰਦਰ ਸਿੰਘ ਪੁਆਰ ਅਤੇ ਹੋਰ (ਸੰਪ.), ਪੰਜਾਬੀ ਭਾਸ਼ਾ ਦਾ ਵਿਆਕਰਣ (ਭਾਗ-1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992, ਪੰਨਾ 58.

ਅਤੇ ਅਵਸਥਾ ਆਦਿ ਵਿਆਕਰਨਕ ਪ੍ਰਵਰਗਾਂ ਲਈ ਰੂਪਾਂਤ੍ਰਿਤ ਹੁੰਦੇ ਹਨ। "[16] ਕਿਰਿਆ ਦੇ ਧਾਤੂ ਰੂਪ ਨਾਲ "/–ਓ/, /-ਓਂਗੇ/, /-ਓਂਗੀਆ/, /-ਊ/, /-ਊਂ/, /-ਆਨਗੇ/, /-ਆਨਗੀਆਂ/, /-ਆਂ/, /-ਆਂਗਾ/, /-ਆਂਗੀ/, /-ਆਂਗੀਆਂ/, /-ਆਂਗੇ/, /-ਇਓ/, /-ਇਆ/, /-ਈ/, /-ਈਆ/, /-ਈਦਾ/, /-ਈਦੀ/, /-ਈਦੇ/, /-ਈਦੀਆਂ/, /-ਏ/, /-ਣਾ/, /-ਣੀ/, /-ਣੇ/, /-ਣੀਆਂ/, /-ਦਾ/, /-ਦੀ/, /-ਦੇ/, /-ਦੀਆਂ/"[17] ਆਦਿ ਅੰਤਿਕ ਪਿਛੇਤਰਾਂ ਦੀ ਵਰਤੋਂ ਵਾਲੇ ਰੂਪ 'ਕਾਲਕੀ' ਹਨ। ਕਾਲਕੀ ਕਿਰਿਆ ਰੂਪ ਸਵਾਧੀਨ ਉਪਵਾਕ ਜਾਂ ਸਾਧਾਰਨ ਵਾਕ ਸਿਰਜਨ ਦੇ ਸਮਰੱਥ ਹੁੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆ ਦੇ 'ਕਾਲਕੀ' ਰੂਪ ਨਾ ਮਾਤਰ ਹੀ ਮਿਲਦੇ ਹਨ। ਇਕਹਿਰੇ ਰੂਪ ਵਿਚ ਕਿਰਿਆ ਦੇ ਕਾਲਕੀ ਰੂਪ ਵਧੇਰੇ ਮਿਲਦੇ ਹਨ। ਦੁਹਰੁਕਤੀ ਦੀ ਇਹ ਵਿਸ਼ੇਸ਼ਤਾ ਹੈ ਕਿ ਦੁਹਰੁਕਤੀ 'ਮੂਲ ਰੂਪਾਂ' ਦਾ ਦੁਹਰਾਉ ਕਰਦੀ ਹੈ। ਇਸ ਲਈ ਕਿਰਿਆ ਸ਼ਬਦ ਸ਼੍ਰੇਣੀ ਦੇ ਮੂਲ ਰੂਪਾਂ ਦਾ ਦੁਹਰਾਉ ਵਧੇਰੇ ਹੈ। ਭਾਸ਼ਾ ਦੀਆਂ ਸ਼ਬਦ ਸ਼੍ਰੇਣੀਆਂ ਵਿਚ ਕਾਲਕੀ (ਵਿਕਾਰੀ) ਸ਼ਬਦਾਂ ਦੀ ਮਾਤਰਾ ਅਸੀਮਤ ਹੁੰਦੀ ਹੈ। ਰੂਪਾਂਤ੍ਰਿਤ ਹੋਣ ਕਾਰਨ ਇਸਦੇ ਅੱਗੋਂ ਵਿਭਿੰਨ ਰੂਪ ਬਣਦੇ ਹਨ। ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆ ਰੂਪਾਂ ਦਾ ਅਧਿਐਨ ਕਰਨ ਤੇ ਜ਼ਾਹਿਰ ਹੁੰਦਾ ਹੈ ਕਿ, 'ਕਾਲਕੀ' ਰੂਪ ਬਹੁਤ ਸੀਮਿਤ ਵਰਤੇ ਗਏ ਹਨ। **ਹ** ਅਤੇ **ਤ** ਅੰਤਿਕ ਕਾਲਕੀ ਰੂਪ ਮਿਲਦੇ ਹਨ: 'ਕਰਤ ਕਰਤ, ਗਾਵਹੁ ਗਾਵਹੁ, ਗਾਵਤ ਗਾਵਤ, ਗਾਵਤੀ ਗਾਵਤੀ, ਬੋਲਤ ਬੋਲਤ, ਸੇਵਤ ਸੇਵਤ, ਖੋਜਤ ਖੋਜਤ, ਭਰਮਤ ਭਰਮਤ, ਭ੍ਰਮਤ ਭ੍ਰਮਤ, ਜਾਗਹੁ ਜਾਗਹੁ' ਆਦਿ।

**ਗਾਵਹੁ ਗਾਵਹੁ** ਕਾਮਣੀ ਬਿਬੇਕ ਬੀਚਾਰੁ॥ (ਮ: ੧) ਅੰਗ ੩੫੧

**ਗਾਵਹੁ ਗਾਵਹੁ** ਰੰਗਿ ਰਾਤਿਹੋ ਭਾਈ ਹਰਿ ਸੇਤੀ ਰੰਗੁ ਲਾਇ॥ (ਮ: ੩) ਅੰਗ ੬੩੯

[16] ਡਾ. ਬੂਟਾ ਸਿੰਘ ਬਰਾੜ, ਪੰਜਾਬੀ ਵਿਆਕਰਨ: ਸਿਧਾਂਤ ਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008, ਪੰਨਾ 169.

[17] ਜੋਗਿੰਦਰ ਸਿੰਘ ਪੁਆਰ ਤੇ ਹੋਰ (ਸੰਪ.), ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ-1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992, ਪੰਨਾ 59.

ਪਹਿਲਾ ਵਾਕ 'ਇਲਿੰਗ, ਬਹੁਵਚਨ' ਰੂਪ ਹੈ, ਦੂਜਾ ਵਾਕ 'ਪੁਲਿੰਗ, ਬਹੁਵਚਨ' ਹੈ। 'ਗਾਵਹੁ ਗਾਵਹੁ' ਦੁਹਰੁਕਤੀਯੁਕਤ ਰੂਪ 'ਗਾਇਨ ਦੀ ਲਗਾਤਾਰਤਾ' ਨੂੰ ਦਰਸਾ ਰਿਹਾ ਹੈ। ਗਾਵਹੁ 'ਤੇ ਦਬਾਅ ਆਇਆ ਹੈ, ਜੋ ਕੇਵਲ ਦੁਹਰੁਕਤੀ ਦੁਆਰਾ ਹੀ ਸੰਭਵ ਹੈ। ਇਕਹਿਰੇ ਰੂਪ ਵਿਚ ਵਰਤੇ ਗਏ 'ਗਾਵਹੁ' 'ਤੇ ਦਬਾਅ ਨਹੀਂ ਆਉਂਦਾ। ਇਹ 'ਕਾਰਜ ਦੀ ਲਗਾਤਾਰਤਾ' ਅਤੇ 'ਪਾਠ ਦੀ ਰਵਾਨਗੀ' ਨੂੰ ਭੰਗ ਕਰਦਾ ਹੈ। 'ਉ' ਅੰਤਿਕ ਰੂਪ ਪੁਰਖ ਵਾਚਕ ਹੋਣ ਕਾਰਨ ਲਿੰਗ ਭੇਦ ਨਹੀਂ ਦਰਸਾਉਂਦਾ, ਬਲਕਿ ਇਹ ਇਲਿੰਗ/ ਪੁਲਿੰਗ ਦੋਹਾਂ ਲਈ ਵਰਤਿਆ ਗਿਆ ਹੈ। ਇਕਹਿਰੇ ਰੂਪ ਵਿਚ ਇਸਦੇ ਦੋ ਹੋਰ 'ਕਾਲਕੀ' ਰੂਪ 'ਗਾਵਹਿ' ਅਤੇ 'ਗਾਵਹੀ' ਮਿਲਦੇ ਹਨ।

**ਗਾਵਹਿ** ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ॥ (ਮਃ ੧) ਅੰਗ ੬

**ਗਾਵਹਿ** ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ॥ (ਮਃ ੧) ਅੰਗ ੬

ਮਿਲਿ ਸਹੀਆ ਮੰਗਲੁ **ਗਾਵਹੀ** ਗੀਤ ਗੋਵਿੰਦ ਅਲਾਇ॥ (ਮਃ ੫) ਅੰਗ ੧੩੬

ਤਿਸੁ ਕਦੇ ਨ ਆਵੈ ਤੋਟਿ ਜੋ ਹਰਿ ਗੁਣ **ਗਾਵਹੀ**॥ (ਮਃ ੫) ਅੰਗ ੧੦੯੫

ਹਰਿ ਗੁਨ ਕਾਹਿ ਨ **ਗਾਵਹੀ** ਮੂਰਖ ਅਗਿਆਨਾ॥ (ਮਃ ੯) ਅੰਗ ੭੨੬

ਗੁਰਬਾਣੀ ਵਿਚ ਲਿੰਗ ਭੇਦ ਨਾ ਹੋਣ ਕਾਰਨ 'ਗਾਵਹੁ' ਦਾ ਰੂਪ ਪਰਿਵਰਤਨ ਨਹੀਂ ਹੋ ਰਿਹਾ। ਇਸੇ ਤਰ੍ਹਾਂ **ਗਾਵਹਿ** ਅਤੇ **ਗਾਵਹੀ** ਵੀ ਪੁਲਿੰਗ/ ਇਲਿੰਗ (ਜੀਵਾਤਮਾ) ਦੋਹਾਂ ਲਈ ਵਰਤੇ ਗਏ ਹਨ। ਵਾਕ ਦੇ ਪ੍ਰਸੰਗ ਵਿਚ ਇਹ ਰੂਪ 'ਪੁਰਖ, ਲਿੰਗ ਅਤੇ ਵਚਨ' ਦਾ ਭੇਦ ਸਪੱਸ਼ਟ ਪ੍ਰਗਟਾਉਂਦੇ ਹਨ। ਇਸੇ ਤਰ੍ਹਾਂ ਗੁਰਬਾਣੀ ਵਿਚ ਹੋਰ ਵੀ ਬਹੁਤ ਸਾਰੇ ਕਿਰਿਆ ਰੂਪ ਹਨ, ਜਿਹਨਾਂ ਦਾ ਲਿੰਗ ਭੇਦ ਨਹੀਂ ਮਿਲਦਾ। ਜਿਵੇਂ 'ਆਖਹਿ, ਸੁਣਹਿ, ਸੁਣਹੁ, ਕਰਉ, ਸੁਣਿਐ, ਮੰਨਿਐ, ਪਾਈਐ, ਲਿਖੀਐ' ਆਦਿ।

ਇਥੇ ਇਹ ਵੀ ਸਪੱਸ਼ਟ ਕਰਨਾ ਜ਼ਰੂਰੀ ਹੈ, ਗੁਰੂ ਗ੍ਰੰਥ ਸਾਹਿਬ ਦਾ ਭਾਸ਼ਾਈ ਸਰੂਪ ਕੇਵਲ ਪੁਰਸ਼ ਜਾਂ ਇਸਤਰੀ ਨੂੰ ਸੰਬੋਧਿਤ ਨਹੀਂ ਹੈ, ਬਲਕਿ ਸਮੁੱਚੇ ਰੂਪ ਵਿਚ ਵਰਤੇ ਗਏ ਪ੍ਰਤੀਕ ਲਿੰਗਾਤਮਕ ਹੋਣ

ਕਾਰਨ ਪ੍ਰਵਚਨ ਵਿਚ ਲਿੰਗ ਭੇਦ ਪ੍ਰਗਟ ਹੁੰਦਾ ਹੈ। ਉਪਰੋਕਤ ਦਿੱਤੇ ਵਾਕਾਂ ਵਿਚ ਲਿੰਗ ਭੇਦ ਵਿਆਕਰਨ ਦੇ ਪੱਖ ਤੋਂ ਕੀਤਾ ਜਾ ਸਕਦਾ ਹੈ, ਗੁਰਬਾਣੀ ਦੇ ਪੱਖ ਤੋਂ ਨਹੀਂ, ਗੁਰਬਾਣੀ ਸਮੂਹਿਕ ਰੂਪ ਵਿਚ ਜੀਵਾਤਮਾ ਨੂੰ ਸੰਬੋਧਿਤ ਹੈ। ਸੋ ਗੁਰਬਾਣੀ ਵਿਚ ਬਹੁਤ ਸਾਰੇ ਅਜਿਹੇ ਸ਼ਬਦ ਵੀ ਮਿਲਦੇ ਹਨ, ਜਿਹਨਾਂ ਦਾ ਕੋਈ ਲਿੰਗ ਭੇਦ ਨਹੀਂ, ਭਾਵ ਉਹ ਪੁਲਿੰਗ ਅਤੇ ਇਲਿੰਗ ਦੋਹਾਂ ਲਈ ਵਰਤੇ ਜਾਂਦੇ ਹਨ। ਜਿਵੇਂ ਪਿੱਛੇ 'ਗਾਵਹੁ' ਸ਼ਬਦ ਦੇ ਉਦਾਹਰਣ ਦਿੱਤੇ ਗਏ ਹਨ। 'ਉ' (ਹੁ) ਸੑਰ ਅੰਤਿਕ ਅਤੇ 'ਤ' ਵਿਅੰਜਨ ਕਿਰਿਆ ਰੂਪਾਂ ਦਾ ਕੋਈ ਲਿੰਗ ਭੇਦ ਨਹੀਂ ਮਿਲਦਾ।

**ਕਰਤ ਕਰਤ** ਅਨਿਕ ਬਹੁ ਭਾਤੀ ਨੀਕੀ ਇਹ ਠਹਰਾਈ॥ (ਮ: ੫) ਅੰਗ ੪੯੯

(ਕਈ ਕਿਸਮ ਦੀਆਂ ਵਿਚਾਰਾਂ ਕਰਦਿਆਂ ਕਰਦਿਆਂ ਆਖਰ ਮੈਂ ਚੰਗਾ ਨਿਸ਼ਚਾ ਦਿਲ ਵਿਚ ਟਿਕਾ ਲਿਆ)[18]

**ਕਰਤ ਕਰਤ** ਇਵ ਹੀ ਦੁਖੁ ਪਾਇਆ॥ ਪੂਰਨ ਹੋਤ ਨ ਕਾਰਜ ਮਾਇਆ॥ (ਮ: ੫) ਅੰਗ ੧੧੪੩

(ਸੰਸਾਰੀ ਕਾਰਜ ਕਦੇ ਪੂਰੇ ਨਹੀਂ ਹੁੰਦੇ, ਇਹ ਕਰਦਿਆਂ ਕਰਦਿਆਂ ਮਨੁੱਖ ਦੁੱਖ ਭੋਗਦਾ ਹੈ)[19]

ਉਪਰੋਕਤ ਵਾਕ ਵਿਚ 'ਤ' ਅੰਤਿਕ ਦੁਹਰੁਕਤੀਯੁਕਤ ਕਿਰਿਆ ਰੂਪਾਂ ਦਾ ਕੋਈ ਲਿੰਗ ਭੇਦ ਨਾ ਹੋਣ ਕਾਰਨ ਇਹ 'ਅਕਾਲਕੀ' ਕਿਰਿਆ ਰੂਪ ਪ੍ਰਤੀਤ ਹੁੰਦੇ ਹਨ। ਇਹਨਾਂ ਦੇ ਅਰਥਗਤ ਪਿਛੋਕੜ ਵਿਚ 'ਇਆਂ' ਅੰਤਿਕ 'ਅਕਾਲਕੀ' ਕਿਰਿਆ ਰੂਪ ਕਾਰਜਸ਼ੀਲ ਹੈ। ਪ੍ਰੰਤੂ ਰੂਪ ਦੇ ਪੱਧਰ 'ਤੇ ਇਹ 'ਕਾਲਕੀ' ਕਿਰਿਆ ਰੂਪ ਹਨ, ਇਹਨਾਂ ਦੀ ਅੱਗੇ ਰੂਪਾਵਲੀ ਬਣਦੀ ਹੈ, ਜਿਵੇਂ: 'ਕਰਤਾ, ਕਰਤੀ' ਆਦਿ ਇਹ ਕਿਰਿਆ ਦੇ ਕਾਲਕੀ ਰੂਪ ਹਨ:

ਹਉਮੈ **ਕਰਤਾ** ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ॥ (ਮ: ੩) ਅੰਗ ੩੪

ਵਾਹੁ ਵਾਹੁ **ਕਰਤੀ** ਰਸਨਾ ਸਬਦਿ ਸੁਹਾਈ॥ (ਮ: ੩) ਅੰਗ ੫੧੪

---

18 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 48.

19 ਓਹੀ, (ਅੱਠਵੀਂ ਪੋਥੀ), ਪੰਨਾ 343.

ਇਕਹਿਰੇ ਰੂਪ ਵਿਚ ਇਸਦੀ ਰੂਪਾਵਲੀ ਬਣਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸਦੀਆਂ ਹੋਰ ਵੀ ਬਹੁਤ ਸਾਰੀਆਂ ਉਦਾਹਰਣਾਂ ਮਿਲਦੀਆਂ ਹਨ। ਸਮੁੱਚੇ ਰੂਪ ਵਿਚ ਇਹਨਾਂ ਦਾ ਜ਼ਿਕਰ ਕਰਨਾ ਖੋਜ-ਕਾਰਜ ਦਾ ਵਿਸ਼ਾ ਨਹੀਂ ਹੈ।

ਪਹਰ ਮੂਰਤ ਪਲ **ਗਾਵਤ ਗਾਵਤ** ਗੋਵਿੰਦ ਗੋਵਿੰਦ ਵਖਾਨੀ॥ (ਮਃ ੫) ਅੰਗ ੪੦੪

**ਗਾਵਤ ਗਾਵਤ** ਹਰਿ ਗੁਨ ਗਾਏ ਗੁਨ **ਗਾਵਤ** ਗੁਰਿ ਨਿਸਤਾਰੇ॥ (ਮਃ ੪) ਅੰਗ ੯੮੧

ਉਪਰੋਕਤ ਵਾਕਾਂ ਵਿਚ 'ਗਾਵਤ' ਮੁਖ ਕਿਰਿਆ ਵਜੋਂ ਕਾਰਜਸ਼ੀਲ ਹੈ। ਦੁਹਰੁਕਤੀਯੁਕਤ ਕਿਰਿਆ ਸ਼ਬਦ ਰਾਹੀਂ ਪਰਮਾਤਮਾ ਦੇ 'ਹਮੇਸ਼ਾਂ ਜਾਂ ਬਾਰ ਬਾਰ' ਗੁਣ ਗਾਉਣ ਦਾ ਜ਼ਿਕਰ ਕੀਤਾ ਹੈ। ਤੁਕਾਂ ਦੇ ਵਜਨ ਅਤੇ ਕਾਵਿਕ ਸੁਹਜ ਦੇ ਆਧਾਰ 'ਤੇ ਕਿਰਿਆ ਦੀ ਦੁਹਰੁਕਤੀਯੁਕਤ ਵਰਤੋਂ ਹੋਈ ਮਿਲਦੀ ਹੈ। ਦੂਜੇ ਵਾਕ ਦੇ ਵਿਸ਼ਲੇਸ਼ਣ ਦੁਆਰਾ ਦੁਹਰੁਕਤੀ ਦਾ ਮਹੱਤਵ ਅਤੇ ਕਾਰਜ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਵਾਕ ਦੇ ਪਹਿਲੇ ਉਪਵਾਕ ਵਿਚ 'ਗਾਵਤ' 'ਕਿਰਿਆ' ਦਾ ਦੁਹਰਾਉ ਹੈ ਅਤੇ ਦੂਜੇ ਉਪਵਾਕ ਵਿਚ ਇਕਹਿਰਾ ਕਿਰਿਆ ਰੂਪ 'ਗਾਵਤ' ਹੈ। ਜੇਕਰ ਦੁਹਰੁਕਤੀ ਦੀ ਥਾਂ ਇਕਹਿਰਾ 'ਗਾਵਤ' ਉਚਾਰਿਆ ਜਾਵੇ ਤਾਂ 'ਉਪਵਾਕ' ਦੀ ਲੈਅ ਅਤੇ ਵਜਨ ਨਹੀਂ ਬਣਦਾ, ਇਸੇ ਤਰ੍ਹਾਂ ਜੇਕਰ ਦੂਜੇ 'ਉਪਵਾਕ' ਵਿਚ 'ਗਾਵਤ' ਦੀ ਥਾਂ ਦੁਹਰੁਕਤੀਯੁਕਤ 'ਗਾਵਤ ਗਾਵਤ' ਉਚਾਰਿਆ ਜਾਵੇ ਤਾਂ ਬੇਲੋੜਾ ਵਿਸਥਾਰ ਹੋ ਜਾਂਦਾ ਹੈ।

ਮੂਲ ਕਿਰਿਆ ਨਾਲ 'ਦ' ਵਧੇਤਰ ਲੱਗਣ ਕਾਰਨ ਕਿਰਿਆ 'ਕਾਲਕੀ' ਹੋ ਜਾਂਦੀ ਹੈ। 'ਦ' ਵਧੇਤਰ ਕਿਸੇ ਵੀ ਸ਼੍ਰੇਣੀ ਲਈ ਰੂਪਾਂਤ੍ਰਿਤ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਦ' ਅੰਤਿਕ ਵਧੇਤਰ ਦੀ ਥਾਂ 'ਤ' ਅੰਤਿਕ ਵਧੇਤਰ ਵਰਤੇ ਗਏ ਹਨ। 'ਤ' ਵਧੇਤਰ ਜਦੋਂ 'ਦ' ਵਧੇਤਰ ਲਈ ਵਰਤਿਆ ਜਾਂਦਾ ਹੈ, ਤਾਂ ਇਹ ਕਿਰਿਆ ਰੂਪ ਵੀ 'ਕਾਲਕੀ' ਬਣ ਜਾਂਦਾ ਹੈ।

**ਫਿਰਤ ਫਿਰਤ** ਪ੍ਰਭ ਆਇਆ ਪਰਿਆ ਤਉ ਸਰਨਾਇ॥ (ਮਃ ੫) ਅੰਗ ੨੯੯

**ਫਿਰਤ ਫਿਰਤ** ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ॥ (ਮਃ ੫) ਅੰਗ ੧੩੦੨

**ਧਾਵਤ ਧਾਵਤ** ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ॥ (ਮਃ ੫) ਅੰਗ ੪੯੫

**ਧਾਵਤ ਧਾਵਤ** ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ॥ (ਮਃ ੫) ਅੰਗ ੬੧੫

**ਖੋਜਤ ਖੋਜਤ** ਬਹੁ ਪਰਕਾਰੇ ਸਰਬ ਅਰਥ ਬੀਚਾਰੇ॥ (ਮਃ ੫) ਅੰਗ ੨੧੪

**ਖੋਜਤ ਖੋਜਤ** ਲਾਲੁ ਇਕੁ ਪਾਇਆ ਹਰਿ ਕੀਮਤਿ ਕਹਣੁ ਨ ਜਾਈ ਸੰਤਹੁ॥

(ਮਃ ੫) ਅੰਗ ੯੧੬

ਉਪਰੋਕਤ ਵਾਕਾਂ ਵਿਚ 'ਦ' ਦੀ ਥਾਂ 'ਤ' ਵਰਤਿਆ ਗਿਆ ਹੈ। ਇਹ 'ਹਿੰਦੀ' ਤੋਂ ਪ੍ਰਭਾਵਿਤ ਰੂਪ ਹੈ ਅਤੇ ਕਾਰਜ ਪੱਖ ਤੋਂ ਇਹ ਕਾਵਿ ਨੂੰ 'ਸੁਹਜ ਪ੍ਰਦਾਨ' ਕਰਦਾ ਹੈ। ਇਹ ਰੂਪ ਕਿਰਿਆ ਵਜੋਂ ਨਹੀਂ ਸਗੋਂ 'ਕਿਰਦੰਤ' ਵਜੋਂ ਕਾਰਜਸ਼ੀਲ ਹਨ। ਦੁਹਰੁਕਤੀਯੁਕਤ ਰੂਪ ਵਿਚ 'ਵਰਤਮਾਨ ਕਿਰਦੰਤ' ਬਹੁਤ ਸੀਮਿਤ ਮਾਤਰਾ ਵਿਚ ਮਿਲਦੇ ਹਨ। ਕਿਰਿਆ ਦੇ ਇਕਹਿਰੇ ਰੂਪਾਂ ਨਾਲ ਪਿਛੇਤਰ ਲਾ ਕੇ 'ਸੰਚਾਲਕ' ਅਤੇ 'ਸਹਾਇਕ' ਕਿਰਿਆ ਦਾ ਕੰਮ ਲਿਆ ਹੈ ਅਤੇ ਕਿਰਿਆ ਰੂਪ 'ਕਿਰਦੰਤ' ਵਜੋਂ ਪ੍ਰਕਾਰਜਸ਼ੀਲ ਹਨ, ਜਿਵੇਂ:

ਇਕਿ ਸੰਗਿ ਹਰਿ ਕੈ ਕਰਹਿ ਰਲੀਆ ਹਉ **ਪੁਕਾਰੀ** ਦਰਿ ਖਲੀ॥ (ਮਃ ੧) ਅੰਗ ੪੩੬

"ਮੈਂ ਤੇਰੇ ਦਰ 'ਤੇ ਖੜ੍ਹੀ ਪੁਕਾਰ ਰਹੀ ਹਾਂ।"[20] 'ਈ' ਅੰਤਿਕ ਰੂਪ 'ਗਤੀਵਾਚਕ' ਸੰਚਾਲਕ ਕਿਰਿਆ ਅਤੇ 'ਸਹਾਇਕ ਕਿਰਿਆ' ਦਾ ਕਾਰਜ ਕਰ ਰਿਹਾ ਹੈ ਅਤੇ 'ਪੁਕਾਰ' ਵਰਤਮਾਨ ਕਿਰਦੰਤ ਲਈ ਪ੍ਰਕਾਰਜਸ਼ੀਲ ਹੈ।

ਹਮ **ਰੁਲਤੇ ਫਿਰਤੇ** ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥

(ਮਃ ੪) ਅੰਗ ੧੬੭

ਰੁਲਤੇ ਫਿਰਤੇ, 'ਤ' ਅੰਤਿਕ ਕਿਰਦੰਤ ਰੂਪ ਹੈ। ਇਹ 'ਕਿਰਿਆ' ਵਜੋਂ ਨਹੀਂ, ਬਲਕਿ 'ਵਿਸ਼ੇਸ਼ਣ' ਵਜੋਂ ਕਾਰਜਸ਼ੀਲ ਹੈ।

**6.1.II.ਅਕਾਲਕੀ ਕਿਰਿਆ:-** ਕਿਰਿਆ ਦਾ ਉਹ ਸਥਿਰ ਰੂਪ ਜੋ 'ਲਿੰਗ, ਵਚਨ, ਕਾਲ, ਪੁਰਖ' ਆਦਿ ਦੇ ਪੱਖ ਤੋਂ ਰੂਪਾਂਤ੍ਰਿਤ ਨਾ ਹੋਵੇ, ਉਹ 'ਅਕਾਲਕੀ' ਕਿਰਿਆ ਰੂਪ ਹੈ। ਪੰਜਾਬੀ ਦੀਆਂ ਸਮੁੱਚੀਆਂ ਕਿਰਿਆਵਾਂ

[20] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 477.

ਧਾਤੂ ਰੂਪ ਵਿਚ 'ਅਕਾਲਕੀ' ਹਨ। ਭਾਵ ਇਹ ਕਿਸੇ ਵੀ ਵਿਆਕਰਨਕ ਸ਼੍ਰੇਣੀ ਲਈ ਰੂਪਾਂਤ੍ਰਿਤ ਨਹੀਂ ਹੁੰਦੀਆਂ, ਇਹਨਾਂ ਦਾ ਰੂਪ ਸਥਿਰ ਰਹਿੰਦਾ ਹੈ। । ਜਿਵੇਂ 'ਪੀ, ਲਿਖ, ਜਾ, ਉਠ, ਬਹਿ, ਤੁਰ, ਚਲ, ਖਾਹ, ਪੂਰ' ਆਦਿ ਕਿਰਿਆਵਾਂ ਦਾ (ਧਾਤੂ) ਰੂਪ ਅਕਾਲਕੀ ਹੈ। ਇਸਤੋਂ ਇਲਾਵਾ "/-ਇਆਂ/, /-ਕੇ/, /-ਣ/, /-ਨ/, /-ਣੋ/, /-ਨੋ/, /-ਦਿਆਂ/ ਅੰਤਿਕ ਰੂਪ ਵੀ ਅਕਾਲਕੀ ਹਨ।"[21] ਸੋ ਅਕਾਲਕੀ ਕਿਰਿਆ ਰੂਪ ਧਾਤੂ ਜਾਂ ਧਾਤੂ ਨਾਲ ਪਿਛੇਤਰੀ ਰੂਪ ਵਿਚ ਵਿਚਰਦੇ ਹਨ। 'ਦਿਆਂ, ਇਆਂ, ਕੇ, ਣ, ਨ, ਣੋ, ਨੋ' ਅਕਾਲਕੀ ਕਿਰਿਆ ਦੇ ਪਿਛੇਤਰੀ ਰੂਪ ਹਨ। ਇਹ ਰੂਪ ਧਾਤੂ ਨਾਲ ਲੱਗ ਕੇ ਕਿਰਿਆ ਨੂੰ 'ਅਕਾਲਕੀ' ਬਣਾਉਂਦੇ ਹਨ। ਅਕਾਲਕੀ ਕਿਰਿਆ ਦੇ ਅੰਤਿਕਾਂ ਦਾ ਰੂਪ 'ਬੰਧੇਜੀ' ਹੈ, ਜਿਸ ਕਾਰਨ ਇਹ 'ਪ੍ਰਾਧੀਨ ਉਪਵਾਕਾਂ' ਦੀ ਸਿਰਜਨਾ ਕਰਦੇ ਹਨ। ਸੋ ਅੰਤਿਕ ਅਕਾਲਕੀ ਕਿਰਿਆ ਰੂਪ ਪ੍ਰਾਧੀਨ ਉਪਵਾਕਾਂ ਵਿਚ ਵਰਤੇ ਜਾਂਦੇ ਹਨ।

ਦੁਹਰੁਕਤੀਯੁਕਤ ਕਿਰਿਆ ਵਿਚ 'ਅਕਾਲਕੀ' ਕਿਰਿਆ ਦੇ ਧਾਤੂ ਰੂਪ ਵਧੇਰੇ ਮਿਲਦੇ ਹਨ। ਦੂਹਰੇ ਰੂਪ ਵਿਚ ਇਸਦੇ ਪਿਛੇਤਰ ਨਹੀਂ ਮਿਲਦੇ, ਇਕਹਿਰੀ ਵਰਤੋਂ ਵਿਚ ਇਸਦੀ ਪਿਛੇਤਰਯੁਕਤ ਰੂਪਾਵਲੀ (ਪੇਖਿਆ, ਜਾਵਣੋ, ਕਰਤਿਆ ਆਦਿ) ਮਿਲਦੀ ਹੈ। ਕਿਰਿਆ ਦੇ ਧਾਤੂ ਰੂਪਾਂ ਨਾਲ 'ਪਿਛੇਤਰਾਂ' ਦੀ ਵਰਤੋਂ ਕੀਤੀ ਗਈ ਹੈ। ਕਿਰਿਆ ਦੇ ਧਾਤੂ ਰੂਪ ਨਾਲ ਵਰਤੇ 'ਕਾਲਕੀ ਪਿਛੇਤਰ' ਕੁਝ ਹਾਲਤਾਂ ਵਿਚ 'ਅਕਾਲਕੀ' ਕਿਰਿਆ ਦਾ ਪ੍ਰਕਾਰਜ ਕਰਦੇ ਹਨ। ਅਜਿਹੇ ਪਿਛੇਤਰ ਦੁਹਰੁਕਤੀਯੁਕਤ ਕਿਰਿਆ ਰੂਪਾਂ ਨਾਲ ਤੁਕਾਂ ਦੀ 'ਲੈਆਤਮਕ ਚਾਲ' ਲਈ ਵਰਤੇ ਗਏ ਹਨ, ਜਿਵੇਂ:

ਹਰਿ ਹਰਿ ਅਖਰ ਦੁਇ ਇਹ ਮਾਲਾ॥ **ਜਪਤ ਜਪਤ** ਭਏ ਦੀਨ ਦਇਆਲਾ॥

(ਮਃ ੫) ਅੰਗ ੩੮੮

ਗੁਰੂ ਗ੍ਰੰਥ ਸਾਹਿਬ ਵਿਚ ਇਕੋ ਕਿਰਿਆ ਦਾ ਦੋਹਰਾ ਭੇਦ ਆਮ ਮਿਲਦਾ ਹੈ। ਜਿਵੇਂ ਵਾਕ ਵਿਚ 'ਜਪਤ ਜਪਤ' ਕਾਲਕੀ ਕਿਰਿਆ ਰੂਪ 'ਅਕਾਲਕੀ' ਦਾ ਪ੍ਰਕਾਰਜ ਕਰ ਰਿਹਾ ਹੈ। 'ਜਪਤ ਜਪਤ' ਦਾ ਅਰਥ ਹੈ 'ਜਪਦਿਆ ਜਪਦਿਆ' –'ਇਆ' ਅਕਾਲਕੀ ਕਿਰਿਆ ਦਾ ਪਿਛੇਤਰ ਹੈ। ਦੁਹਰੁਕਤੀਯੁਕਤ ਵਾਕ

---

21 The Punjabi: Form and Function, Joginder Singh puar, Publication bureau, Punjabi University, Patiala, 1990, Pn 28.

ਦੇ ਪ੍ਰਸੰਗ ਵਿਚ 'ਜਪਤ ਜਪਤ' ਕਿਰਿਆ ਰੂਪ ਅਰਥ ਪੱਖ ਤੋਂ ਅਕਾਲਕੀ ਕਿਰਿਆ ਦਾ ਪ੍ਰਕਾਰਜ ਕਰ ਰਿਹਾ ਹੈ, ਜਦਕਿ ਰੂਪਕ ਪੱਖ ਤੋਂ ਇਹ 'ਕਾਲਕੀ' ਕਿਰਿਆ ਰੂਪ ਹੀ ਹੈ। ਇਕਹਿਰੇ ਰੂਪ ਵਿਚ ਇਸਦੀ ਰੂਪਾਵਲੀ ਬਣਦੀ ਹੈ:

ਨਾਮੁ **ਜਪਤ** ਮਨੁ ਤਨੁ ਹਰੀਆਵਲੁ ਪ੍ਰਭ ਨਾਨਕ ਨਦਰਿ ਨਿਹਾਰੇ ਜੀਉ ॥

(ਮਃ ੫) ਅੰਗ ੧੦੫

ਬਹੁ ਭੋਜਨ ਕਾਪਰ ਸੰਗੀਤ॥ ਰਸਨਾ **ਜਪਤੀ** ਹਰਿ ਹਰਿ ਨੀਤ॥ (ਮਃ ੫) ਅੰਗ ੨੯੦

ਸਾਧਸੰਗਿ **ਜਪਤੇ** ਨਾਰਾਇਣ ਤਿਨ ਕੇ ਦੋਖ ਜਰੇ॥ (ਮਃ ੫) ਅੰਗ ੧੨੨੭

**ਜਪਿ** ਦਾ ਦੁਹਰੁਕਤੀਯੁਕਤ 'ਅਕਾਲਕੀ' ਕਿਰਿਆ ਰੂਪ 'ਮੁਖ ਕਿਰਿਆ' ਦੇ ਰੂਪ ਵਿਚ 'ਸਕਰਮਕ' ਕਿਰਿਆ ਦਾ ਕਾਰਜ ਕਰਦਾ ਹੈ। ਇਸ ਦਾ ਦੁਹਰੁਕਤੀਯੁਕਤ ਰੂਪ ਕਿਰਿਆ ਦੀ ਨਿਰੰਤਰਤਾ ਨੂੰ ਬਣਾਈ ਰੱਖਦਾ ਹੈ:

ਰਸਨਾ **ਜਪਿ ਜਪਿ** ਜੀਵੈ ਸੁਆਮੀ॥ (ਮਃ ੫) ਅੰਗ ੧੦੭

**ਜਪਿ ਜਪਿ** ਜੀਵਾ ਸਤਿਗੁਰ ਨਾਉ ॥ (ਮਃ ੫) ਅੰਗ ੧੯੩

**ਜਪਿ ਜਪਿ** ਜੀਵੇ ਪਰਮਾਨੰਦਾ ॥ (ਮਃ ੫) ਅੰਗ ੧੯੪

**ਜਪਿ ਜਪਿ** ਜੀਵਹਿ ਤੇਰਾ ਨਾਂਉ ॥ (ਮਃ ੫) ਅੰਗ ੧੨੭੦

ਨਾਨਕ ਅਨਦ ਕਰੇ ਹਰਿ **ਜਪਿ ਜਪਿ** ਸਗਲੇ ਰੋਗ ਨਿਵਾਰੇ ॥ (ਮਃ ੫) ਅੰਗ ੭੧੫

ਨਾਮ ਰਤਨੁ ਸੁਨਿ **ਜਪਿ ਜਪਿ** ਜੀਵਾ ਹਰਿ ਨਾਨਕ ਕੰਠ ਮਝਾਰੇ॥ (ਮਃ ੫) ਅੰਗ ੭੧੮

**ਜਪਿ ਜਪਿ** ਨਾਮੁ ਗੋਬਿੰਦ ਕਾ ਪੂਰਨ ਬੀਚਾਰੁ ॥ (ਮਃ ੫) ਅੰਗ ੮੧੫

**ਜਪਿ ਜਪਿ** ਜੀਵਾ ਤੇਰਾ ਨਾਉ॥ ਆਗੈ ਦਰਗਹ ਪਾਵਉ ਠਾਉ॥ (ਮਃ ੫) ਅੰਗ ੮੯੩

ਦੁਹਰੁਕਤੀਯੁਕਤ ਕਿਰਿਆ 'ਜਪਿ' ਦੀ ਥਾਂ ਜੇਕਰ ਇਕਹਿਰਾ ਕਿਰਿਆ ਰੂਪ ਵਰਤਿਆ ਜਾਵੇ ਤਾਂ, ਟੈਕਸਟ ਦੀ ਰਵਾਨਗੀ ਨਹੀਂ ਬਣਦੀ ਅਤੇ ਛੰਦ ਦੇ ਪੱਖ ਤੋਂ ਤੁਕਾਂ ਦਾ ਵਜਨ ਪੂਰਾ ਨਹੀਂ ਬਣਦਾ। ਦੁਹਰੁਕਤੀ

ਕਿਰਿਆ ਨੂੰ 'ਨਿਰੰਤਰਤਾ' ਦੇ ਅਰਥਾਂ ਵਿਚ ਪੇਸ਼ ਕਰਦੀ ਹੈ। ਉਪਰੋਕਤ ਤੁਕਾਂ ਵਿਚ ਇਕਹਿਰੇ ਰੂਪ ਦੀ ਵਰਤੋਂ ਕਾਰਜ ਦੀ ਨਿਰੰਤਰਤਾ ਦਾ ਪ੍ਰਕਾਰਜ ਨਹੀਂ ਕਰਦੀ।

ਤੁਲਨਾ ਦੇ ਆਧਾਰ 'ਤੇ ਦੁਹਰੁਕਤੀ ਨੂੰ ਵਧੇਰੇ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। 'ਜਪਿ' ਦਾ ਇਕਹਿਰਾ ਰੂਪ ਵਰਤਣ ਨਾਲ ਟੈਕਸਟ ਦੀ ਰਵਾਨਗੀ, ਕਾਵਿ ਦਾ ਸੁਹਜ ਅਤੇ ਲਗਾਤਾਰਤਾ ਦਾ ਸੰਕਲਪ ਖ਼ਤਮ ਹੋ ਜਾਂਦੇ ਹਨ। ਦੁਹਰੁਕਤੀਯੁਕਤ ਰੂਪ ਵਿਚ 'ਜਪਿ' ਦਾ ਇਕ ਹੋਰ ਰੂਪ 'ਜਪਤ ਜਪਤ' ਇਕ ਵਾਰ ਵਰਤਿਆ ਗਿਆ ਹੈ।

ਹਰਿ ਹਰਿ ਅਖਰ ਦੁਇ ਇਹ ਮਾਲਾ॥ **ਜਪਤ ਜਪਤ** ਭਏ ਦੀਨ ਦਇਆਲਾ॥ (ਮ: ੫) ਅੰਗ ੩੮੮

ਇਕਹਿਰੇ ਰੂਪ ਵਿਚ 'ਜਪਿ' ਦੇ ਵਿਭਿੰਨ ਰੂਪ ਮਿਲਦੇ ਹਨ:

**ਸਾਰਣੀ- 7.**

| | | | | | |
|---|---|---|---|---|---|
| ਜਪ | ਜਪਿਓ | ਜਪਾਏ | ਜਪੇਗੀ | ਜਪਾਤ | ਜਪੇਨ |
| ਜਪਾ | ਜਾਪਉ | ਜਪੇਇ | ਜੰਪਹਿ | ਜਪਾਤਿ | ਜਪੈਨੀ |
| ਜਪਿ | ਜਾਪਿਓ | ਜਪਾਇਆ | ਜੰਪਹੁ | ਜਪਾਤੀ | ਜਪੇਰੈ |
| ਜਪੀ | ਜਪੇਉ | ਜਪਾਈਐ | ਜਾਪਹਿ | ਜਪੰਤ | ਜਪਾਵੈ |
| ਜਪੁ | ਜੰਪਉ | ਜਪਾਇਅਨ | ਜਾਪਹੁ | ਜਪੰਤਿ | ਜਪਲਾ |
| ਜਪੇ | ਜਪਿਆ | ਜਪਾਇਹਿ | ਜਪਣਾ | ਜਪਦੇ | ਜਾਪੀਅਲੇ |
| ਜਪੈ | ਜਾਪਿਆ | ਜਪਸਿ | ਜਾਪਣ | ਜਪਨ | ਜਪਾਇਦਾ |
| ਜਪੋ | ਜਪਿਐ | ਜਪੀਸ | ਜਪਣੇ | ਜਪਨਾ | ਜਪਤਿਆ |
| ਜਾਪ | ਜਾਪੀਐ | ਜਪਹ | ਜਾਪਣੇ | ਜਪਨੀ | ਜਪੇਦਿਆ |
| ਜਾਪਿ | ਜਪਿਅਹੁ | ਜਪਾਹਾ | ਜਪਤ | ਜਪਨੁ | ਜਪੰਦਿਆ |

| | | | | | |
|---|---|---|---|---|---|
| ਜਾਪੁ | ਜਪੀਜੈ | ਜਪਹਿ | ਜਪਤੀ | ਜਪਨੇ | ਜਪਾਵਹਿ |
| ਜਾਪੀ | ਜਪਾਇ | ਜਪਹੁ | ਜਪਤੁ | ਜਪਾਨਾ | ਜਪਾਵਹੁ |
| ਜਾਪੇ | ਜਪਈ | ਜਪਿਹੁ | ਜਪਤੇ | ਜਪਾਨੀ | ਜਪਾਵਣਿਆ |
| ਜਪਉ | ਜਪਾਈ | ਜਪੇਹਾ | ਜਾਪਤ | ਜਪੀਨੈ | ਜਪੰਦੜੋ |

ਉਪਰੋਕਤ 'ਜਪਿ' ਦੇ ਵਿਭਿੰਨ ਰੂਪ ਕੇਵਲ ਨਮੂਨੇ ਮਾਤਰ ਹੀ ਦਿੱਤੇ ਗਏ ਹਨ। ਖੋਜ-ਕਾਰਜ ਦੀ ਸੀਮਾ ਹੋਣ ਕਾਰਨ ਇਹਨਾਂ ਦਾ ਵਿਆਕਰਨਕ ਅਧਿਐਨ ਨਹੀਂ ਕੀਤਾ ਗਿਆ।

ਗੁਰੂ ਗ੍ਰੰਥ ਸਾਹਿਬ ਵਿਚ 'ਜਪਿ' ਅਤੇ 'ਸਿਮਰ' ਕਿਰਿਆਵਾਂ ਦੀ ਵਰਤੋਂ ਅਧਿਕ ਹੋਈ ਮਿਲਦੀ ਹੈ। 'ਜਪਿ ਜਪਿ (44), ਸਿਮਰਿ ਸਿਮਰਿ' (78) ਮੂਲ ਰੂਪ ਵਿਚ ਵਰਤੀ ਗਈ ਹੈ। ਇਹ ਅਕਾਲਕੀ ਕਿਰਿਆ ਦੇ ਰੂਪ ਹਨ।

ਊਚ ਅਥਾਹ ਬੇਅੰਤ ਸੁਆਮੀ **ਸਿਮਰਿ ਸਿਮਰਿ** ਹਉ ਜੀਵਾਂ ਜੀਉ॥ (ਮਃ ੫) ਅੰਗ ੯੯

**ਸਿਮਰਿ ਸਿਮਰਿ** ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ॥ (ਮਃ ੫) ਅੰਗ ੧੦੭੨

**ਸਿਮਰਿ ਸਿਮਰਿ** ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥ (ਮਃ ੫) ਅੰਗ ੧੦੯੫

ਪਹਿਲਾ ਵਾਕ 'ਉਤਮ ਪੁਰਖ, ਇਕ ਵਚਨ' ਦਾ ਕਾਰਜ ਕਰ ਰਿਹਾ ਹੈ। ਦੂਜਾ ਅਤੇ ਤੀਜਾ ਵਾਕ 'ਅਨਯ ਪੁਰਖ, ਬਹੁਵਚਨ' ਦਾ ਕਾਰਜ ਕਰ ਰਿਹਾ ਹੈ। ਸਾਰੇ ਵਾਕਾਂ ਵਿਚ 'ਵਚਨ' ਅਤੇ 'ਪੁਰਖ' ਰੂਪਾਂਤ੍ਰਿਤ ਹੋ ਰਹੇ ਹਨ, ਪ੍ਰੰਤੂ ਕਿਰਿਆ ਦਾ ਦੁਹਰੁਕਤੀਯੁਕਤ ਰੂਪ ਕਿਸੇ ਵਿਆਕਰਨਕ ਸ਼੍ਰੇਣੀ ਲਈ ਰੂਪਾਂਤ੍ਰਿਤ ਨਹੀਂ ਹੋ ਰਿਹਾ।

ਇਸ ਦੇ ਦੋ ਹੋਰ ਦੁਹਰੁਕਤੀਯੁਕਤ ਕਿਰਿਆ ਰੂਪ 'ਸਿਮਰਹੁ ਸਿਮਰਹੁ' (1) ਅਤੇ 'ਸਿਮਰਤ ਸਿਮਰਤ' (3) ਮਿਲਦੇ ਹਨ। ਮੂਲ ਕਿਰਿਆ 'ਸਿਮਰਿ' ਨਾਲ 'ਹੁ' ਅਤੇ 'ਤਿ' ਅੰਤਿਕ ਹੋਣ ਕਾਰਨ ਇਹ 'ਕਾਲਕੀ' ਸਥਿਤੀ ਵਿਚ ਵਿਚਰਦੇ ਹਨ। ਸਾਹਿਤਕ ਭਾਸ਼ਾ ਅਤੇ ਵਿਹਾਰਕ ਭਾਸ਼ਾ ਵਿਚ ਇਹ ਕਿਰਿਆ ਰੂਪ

'ਵਚਨ' ਅਤੇ 'ਪੁਰਖ' ਨਾਲ ਰੂਪਾਂਤ੍ਰਿਤ ਹੋ ਜਾਂਦੇ ਹਨ, ਪਰ ਗੁਰਬਾਣੀ ਦੇ ਦੁਹਰੁਕਤੀਯੁਕਤ ਕਿਰਿਆ ਸ਼ਬਦ ਰੂਪਾਂ ਵਿਚ 'ਲਿੰਗ' ਭੇਦ ਨਾ ਹੋਣ ਕਾਰਨ ਇਹਨਾਂ ਦਾ ਰੂਪਾਂਤਰਣ ਨਹੀਂ ਹੋ ਰਿਹਾ, ਜਿਵੇਂ:

**ਸਿਮਰਤ ਸਿਮਰਤ** ਪ੍ਰਭ ਕਾ ਨਾਉ ॥ (ਮ: ੫) ਅੰਗ ੧੯੧

**ਸਿਮਰਤ ਸਿਮਰਤ** ਪ੍ਰਭੁ ਆਪਣਾ ਸਭ ਫਲ ਪਾਏ ਆਹਿ ॥ (ਮ: ੫) ਅੰਗ ੫੧੯

**ਸਿਮਰਤ ਸਿਮਰਤ** ਸਿਮਰੀਐ ਸੋ ਪੁਰਖੁ ਦਾਤਾਰੁ ॥ (ਮ: ੫) ਅੰਗ ੮੧੪

**ਸਿਮਰਹੁ ਸਿਮਰਹੁ** ਸਾਸਿ ਸਾਸਿ ਮਤ ਬਿਲਮ ਕਰੇਹ ॥ (ਮ: ੫) ਅੰਗ ੮੧੨

'ਅਕਾਲਕੀ' ਕਿਰਿਆ ਦੇ ਅੰਤਿਕ ਪਿਛੇਤਰਾਂ ਦੀ ਵਰਤੋਂ ਦੁਹਰੁਕਤੀਯੁਕਤ ਕਿਰਿਆ ਸ਼ਬਦ ਰੂਪਾਂ ਵਿਚ ਨਹੀਂ ਮਿਲਦੀ। ਇਕਹਿਰੇ ਕਿਰਿਆ ਰੂਪਾਂ ਵਿਚ ਅਕਾਲਕੀ ਕਿਰਿਆ ਦੇ ਅੰਤਿਕ ਪਿਛੇਤਰ ਆਮ ਮਿਲਦੇ ਹਨ, ਜਿਵੇਂ:

**ਸਾਰਣੀ- 8.**

| | | | |
|---|---|---|---|
| ਕਰਤਿਆ | ਗਾਵਨੇ | ਜਪੇਦਿਆ | ਪੇਖਣੋ |
| ਕਰਦਿਆ | ਗਾਇਆ | ਜਪੰਦਿਆ | ਕੀਨੇ |
| ਕਰਾਵਨੇ | ਗਾਵਿਆ | ਦਿਖਲਾਇਆ | ਦੀਨੇ |
| ਕਰੇਣ | ਗਾਵਣਿਆ | ਦੇਖਿਆ | ਲੀਨੇ |
| ਕਰੇਨ | ਜਾਪਿਆ | ਵੇਖਾਲਿਆ | |
| ਕਰਾਵਨੋ | ਜਪਤਿਆ | ਦ੍ਰਿਸਟਾਇਆ | |
| ਕਰੇਦਿਆ | ਜਪਾਇਆ | ਡਿਠਿਆ | |
| ਗਾਵਨੋ | ਜਪਾਵਣਿਆ | ਖਾਇਆ | |

ਇਕਹਿਰੀ ਕਿਰਿਆ ਦੇ ਅਜਿਹੇ ਹੋਰ ਵੀ ਬਹੁਤ ਸਾਰੇ 'ਅਕਾਲਕੀ' ਰੂਪ ਮਿਲਦੇ ਹਨ, ਜਿਥੇ 'ਕੇ' ਸੰਬੰਧਕ ਨੂੰ ਖ਼ਾਰਜ ਕਰਕੇ ਦੁਹਰੁਕਤੀਯੁਕਤ ਕਿਰਿਆ ਦੀ ਵਰਤੋਂ ਕੀਤੀ ਗਈ ਹੈ। ਜੇਕਰ ਦੁਹਰੁਕਤੀ ਦੀ ਵਰਤੋਂ ਨਾ ਕਰਕੇ 'ਸੰਬੰਧਕਾਂ' ਦੀ ਵਰਤੋਂ ਕਰ ਲਈ ਜਾਵੇ, ਤਾਂ ਕਾਵਿ ਵਿਚ ਕਾਵਿ ਵਾਲੇ ਗੁਣ ਨਹੀਂ ਰਹਿ ਜਾਂਦੇ, ਬਲਕਿ ਕਾਵਿ ਵਿਆਖਿਆਤਮਕ ਹੋ ਕੇ 'ਵਾਰਤਕ' ਰੂਪ ਪ੍ਰਤੀਤ ਹੁੰਦਾ ਹੈ।

**ਕਰਿ ਕਰਿ** ਵੇਖੈ ਕੀਤਾ ਆਪਣਾ ਜਿਵ ਤਿਸ ਦੀ ਵਡਿਆਈ ॥ (ਮਃ ੧) ਅੰਗ ੬

ਸੁਲਤਾਨ ਖਾਨ ਮਲੂਕ ਉਮਰੇ ਗਏ **ਕਰਿ ਕਰਿ** ਕੂਚੁ ॥ (ਮਃ ੧) ਅੰਗ ੬੪

ਪੰਡਿਤੁ **ਪੜਿ ਪੜਿ** ਉਚਾ ਕੂਕਦਾ ਮਾਇਆ ਮੋਹਿ ਪਿਆਰੁ॥ (ਮਃ ੪) ਅੰਗ ੮੬

**ਪੜਿ ਪੜਿ** ਥਾਕੇ ਸਾਂਤਿ ਨ ਆਈ॥ਤ੍ਰਿਸਨਾ ਜਾਲੇ ਸੁਧਿ ਨ ਕਾਈ ॥ (ਮਃ ੩) ਅੰਗ ੧੨੦

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਕਿਰਿਆ ਅਰਥਾਂ ਦੀ ਪ੍ਰੋੜ੍ਹਤਾ ਕਰਦੀ ਹੋਈ ਕਿਰਿਆ ਦੀ ਨਿਰੰਤਰਤਾ ਨੂੰ ਪ੍ਰਗਟਾ ਰਹੀ ਹੈ। ਇਹ ਇਕੋ ਅਰਥ 'ਤੇ ਧਿਆਨ ਕੇਂਦਰਿਤ ਕਰਕੇ, ਸਮੁੱਚੇ ਵਾਕ ਨੂੰ ਉਸਦੇ ਦੁਆਲੇ ਸਿਰਜਦੀ ਹੈ। ਕਿਰਿਆ ਦਾ ਇਕਹਿਰਾ ਸ਼ਬਦ ਵਰਤਣ ਨਾਲ ਵਾਕ ਦਾ 'ਰੂਪ' ਅਤੇ 'ਅਰਥ' ਸਪੱਸ਼ਟ ਨਹੀਂ ਹੁੰਦਾ। ਵਾਕ ਵਿਚਲੇ ਸਾਰੇ ਸ਼ਬਦਾਂ ਦੀ ਚਾਲ ਬਰਾਬਰ ਹੋ ਜਾਂਦੀ ਹੈ। ਕਿਸੇ ਸ਼ਬਦ 'ਤੇ ਕੋਈ ਵਿਸ਼ੇਸ਼ 'ਦਬਾਅ' ਨਹੀਂ ਰਹਿੰਦਾ। ਦੁਹਰੁਕਤੀਯੁਕਤ ਰੂਪ ਵਾਕ ਨੂੰ ਇਕ ਵਿਸ਼ੇਸ਼ ਚਾਲ ਵਿਚ ਢਾਲਦੇ ਹਨ, ਜੋ 'ਸੁਹਜ' ਅਤੇ ਅਰਥ ਪ੍ਰਦਾਨ ਕਰਨ ਲਈ ਅਤਿ ਲੋੜੀਂਦਾ ਹੈ।

**6.2. ਅਰਥ ਅਤੇ ਕਾਰਜ ਦੇ ਆਧਾਰ 'ਤੇ ਕਿਰਿਆ ਦੇ ਭੇਦ :-** ਵਿਆਕਰਨਕ ਵਰਤੋਂ ਅਨੁਸਾਰ ਮੁਖ ਕਿਰਿਆ ਨੂੰ ਕਰਮ ਦੇ ਆਧਾਰ 'ਤੇ **ਸਕਰਮਕ** ਅਤੇ **ਅਕਰਮਕ** ਦੋ ਭੇਦਾਂ ਵਿਚ ਵੰਡਿਆ ਜਾਂਦਾ ਹੈ।

**6.2.I. ਸਕਰਮਕ ਕਿਰਿਆ:-** ਜਿਸ ਕਿਰਿਆ ਨਾਲ 'ਕਰਮ' ਲਾਜ਼ਮੀ ਵਿਚਰਦਾ ਹੈ, ਉਹ 'ਸਕਰਮਕ' ਕਿਰਿਆ ਹੈ। "ਜਿਸ ਕਿਰਿਆ ਨਾਲ ਕਰਮ ਦਾ ਆਉਣਾ ਜ਼ਰੂਰੀ ਹੋਵੇ, ਉਸਨੂੰ ਸਕਰਮਕ ਕਿਰਿਆ ਕਹਿੰਦੇ

ਹਨ। ਖਾਣਾ, ਪੀਣਾ, ਕਰਨਾ, ਸਿਊਣਾ, ਤੋਲਣਾ, ਚੁੱਕਣਾ, ਰੱਖਣਾ, ਮਾਰਨਾ, ਸਾੜਨਾ ਆਦਿ ਸਕਰਮਕ ਕਿਰਿਆਵਾਂ ਹਨ।"[22]

**6.2.II. ਅਕਰਮਕ ਕਿਰਿਆ:-** ਉਹ ਕਿਰਿਆ ਜਿਸ ਦਾ ਕੋਈ ਕਰਮ ਨਾ ਹੋਵੇ ਬਲਕਿ ਵਾਕ 'ਕਰਤਾ' ਤੇ 'ਕਿਰਿਆ' ਦੇ ਸੰਯੋਗ ਨਾਲ ਮੁਕੰਮਲ ਹੋ ਜਾਵੇ 'ਅਕਰਮਕ ਕਿਰਿਆ' ਹੈ। "ਜਿਹੜੀ ਕਿਰਿਆ ਨੂੰ 'ਕਰਮ' ਦੀ ਲੋੜ ਨਾ ਪਵੇ, ਉਹ 'ਅਕਰਮਕ' ਕਿਰਿਆ ਹੈ। ਰੋਣਾ, ਹੱਸਣਾ, ਦੌੜਨਾ, ਤੁਰਨਾ, ਕੰਬਣਾ, ਹਿੱਲਣਾ ਆਦਿ ਅਕਰਮਕ ਕਿਰਿਆਵਾਂ ਹਨ।"[23] ਅਕਰਮਕ ਵਾਕਾਂ ਵਿਚ ਕਿਰਿਆ ਦਾ 'ਲਿੰਗ, ਵਚਨ, ਪੁਰਖ' ਆਦਿ 'ਕਰਤਾ' ਅਨੁਸਾਰ ਹੁੰਦਾ ਹੈ, 'ਕਰਮ' ਗ਼ੈਰ ਹਾਜ਼ਰ ਰਹਿੰਦਾ ਹੈ। ਉਪਰ ਦਿਤੇ ਕਿਰਿਆ ਰੂਪ ਅਕਰਮਕ ਕਿਰਿਆ ਰੂਪ ਹਨ।

ਸਕਰਮਕ ਅਤੇ ਅਕਰਮਕ ਕਿਰਿਆ ਦੇ ਦੋ ਦੋ ਉਪਭੇਦ ਹਨ:

**6.2.I.i. ਪੂਰਨ ਸਕਰਮਕ ਕਿਰਿਆ**

**6.2.I.ii. ਅਪੂਰਨ ਸਕਰਮਕ ਕਿਰਿਆ**

**6.2.II.i. ਪੂਰਨ ਅਕਰਮਕ ਕਿਰਿਆ**

**6.2.II.ii. ਅਪੂਰਨ ਅਕਰਮਕ ਕਿਰਿਆ**

ਉਹ ਸਕਰਮਕ ਕਿਰਿਆਵਾਂ ਜਿਹੜੀਆਂ ਪੂਰਕ ਦੀ ਵਰਤੋਂ ਤੋਂ ਬਿਨਾਂ ਕਰਤਾ ਅਤੇ ਕਰਮ ਨਾਲ ਵਾਕ ਮੁਕੰਮਲ ਕਰਨ 'ਪੂਰਨ ਸਕਰਮਕ' ਕਿਰਿਆਵਾਂ ਹਨ। ਪੂਰਨ ਸਕਰਮਕ ਕਿਰਿਆ ਵਾਲੇ ਵਾਕਾਂ ਵਿਚ ਦੋ ਨਾਂਵ 'ਕਰਤਾ' ਅਤੇ 'ਕਰਮ' ਆਉਂਦੇ ਹਨ। ਇਸ ਦੇ ਉਲਟ ਉਹ ਕਿਰਿਆ ਰੂਪ, ਜਿਹੜੇ 'ਕਰਤਾ' ਤੇ 'ਕਰਮ' ਨਾਲ ਵਾਕ ਮੁਕੰਮਲ ਨਹੀਂ ਕਰਦੇ, ਸਗੋਂ 'ਪੂਰਕ' ਦੀ ਵਰਤੋਂ ਨਾਲ ਵਾਕ ਮੁਕੰਮਲ ਕਰਦੇ ਹਨ, 'ਅਪੂਰਨ ਸਕਰਮਕ' ਕਿਰਿਆ ਰੂਪ ਹਨ।

---

22 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 73.

23 ਉਹੀ, ਪੰਨਾ 74 .

ਉਹ ਕਿਰਿਆ ਜਿਹੜੀ 'ਪੂਰਕ' ਦੀ ਵਰਤੋਂ ਤੋਂ ਬਿਨਾਂ 'ਕਰਤਾ' ਤੇ 'ਕਿਰਿਆ' ਨਾਲ ਵਾਕ ਮੁਕੰਮਲ ਕਰੇ, ਜਿਵੇਂ 'ਬੱਚਾ ਤੁਰਦਾ ਹੈ' 'ਪੂਰਨ ਅਕਰਮਕ' ਕਿਰਿਆ ਹੈ। ਪ੍ਰੰਤੂ ਕੁਝ ਅਕਰਮਕ ਕਿਰਿਆਵਾਂ ਅਜਿਹੀਆਂ ਹਨ, ਜੋ 'ਕਰਤਾ' ਅਤੇ 'ਕਿਰਿਆ' ਨਾਲ ਵਾਕ ਪੂਰਾ ਨਹੀਂ ਕਰਦੀਆਂ, ਜਿਵੇਂ 'ਉਹ ਬਣ ਗਈ।' ਅਜਿਹੇ ਵਾਕ ਨੂੰ ਮੁਕੰਮਲ ਕਰਨ ਲਈ ਕੋਈ ਹੋਰ ਸ਼ਬਦ ਲਾਉਣਾ ਪੈਂਦਾ ਹੈ, ਅਜਿਹੀਆਂ ਕਿਰਿਆਵਾਂ ਨੂੰ 'ਅਪੂਰਨ ਅਕਰਮਕ' ਕਿਰਿਆਵਾਂ ਕਿਹਾ ਜਾਂਦਾ ਹੈ ਅਤੇ ਜਿਸ ਸ਼ਬਦ ਨੂੰ ਜੋੜਿਆ ਵਾਕ ਪੂਰਾ ਹੁੰਦਾ ਹੈ, ਉਸਨੂੰ 'ਪੂਰਕ' ਕਿਹਾ ਜਾਂਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ 'ਸਕਰਮਕ' ਅਤੇ 'ਅਕਰਮਕ' ਕਿਰਿਆਵਾਂ ਦੁਹਰੁਕਤੀਯੁਕਤ ਰੂਪ ਵਿਚ ਵੀ ਮਿਲਦੀਆਂ ਹਨ। 'ਸਕਰਮਕ' ਕਿਰਿਆਵਾਂ ਦੀ ਮਾਤਰਾ 'ਅਕਰਮਕ' ਕਿਰਿਆਵਾਂ ਤੋਂ ਵਧੇਰੇ ਹੈ। 'ਕਰਿ' ਮੂਲ ਰੂਪ ਵਿਚ 'ਸਕਰਮਕ' ਕਿਰਿਆ ਹੈ, ਪ੍ਰੰਤੂ ਗੁਰੂ ਗ੍ਰੰਥ ਸਾਹਿਬ ਵਿਚ ਇਹ ਅਕਰਮਕ ਅਤੇ ਸਕਰਮਕ ਦੋਹਾਂ ਭੇਦਾਂ ਲਈ ਕਾਰਜਸ਼ੀਲ ਹੈ। ਇਸੇ ਤਰ੍ਹਾਂ 'ਪੜਿ' ਕਿਰਿਆ ਸਕਰਮਕ ਅਤੇ ਅਕਰਮਕ ਦੋਹਾਂ ਭੇਦਾਂ ਵਿਚ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਰੂਪ ਵਿਚ ਮਿਲਦੇ 'ਸਕਰਮਕ' ਕਿਰਿਆ ਰੂਪ 'ਕਰਿ, ਜਪਿ, ਸਿਮਰਿ, ਸੁਣਿ, ਸੁਨਿ, ਪੜਿ, ਲਿਖ, ਬੋਲਿ, ਪੀ, ਪੂਜ, ਮਥਿ, ਕੁਟਿ, ਖੋਜਤ, ਪੀਸਾਇ, ਧੋਇ, ਬੁਨਿ, ਬੋਵਹੁ' ਆਦਿ। 'ਸਕਰਮਕ' ਕਿਰਿਆ ਦੇ 'ਕਰਿ, ਜਪਿ, ਸੁਣਿ, ਸੁਨਿ, ਪੜਿ, ਬੋਲਿ' ਰੂਪ ਪੂਰਨ ਸਕਰਮਕ ਅਤੇ ਅਪੂਰਨ ਸਕਰਮਕ ਦੋਹਾਂ ਭੇਦਾਂ ਲਈ ਵਰਤੇ ਗਏ ਹਨ।

**6.2.I.i. ਪੂਰਨ ਸਕਰਮਕ ਕਿਰਿਆ:-** ਕਿਰਿਆ, 'ਕਰਤਾ' ਤੇ 'ਕਰਮ' ਨਾਲ ਵਾਕ ਪੂਰਾ ਕਰਦੀ ਹੈ:

ਹਉਮੈ **ਕਰਿ ਕਰਿ** ਜਾਇਸੀ ਜੋ ਆਇਆ ਜਗ ਮਾਹਿ ॥ (ਮਃ ੧) ਅੰਗ ੬੩

ਨਿੰਦਾ **ਕਰਿ ਕਰਿ** ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥

(ਮਃ ੩) ਅੰਗ ੧੧੮

ਜੋਗੀ ਜਤੀ ਜੁਗਤਿ ਮਹਿ ਰਹਤੇ **ਕਰਿ ਕਰਿ** ਭਗਵੇ ਭੇਖ ਭਏ ॥ (ਮਃ ੧) ਅੰਗ ੩੫੮

ਹਉਮੈ ਮੇਰਾ **ਕਰਿ ਕਰਿ** ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ ॥ (ਮਃ ੩) ਅੰਗ ੬੦੦

ਉਪਰੋਕਤ ਵਾਕ 'ਅਨਯ ਪੁਰਖ, ਬਹੁਵਚਨ, ਪੁਲਿੰਗ' ਹਨ, 'ਹਉਮੈ, ਨਿੰਦਾ, ਭੇਖ, ਕਰਿ' ਕਿਰਿਆ ਦੇ 'ਕਰਮ' ਹਨ। 'ਕਰਿ' ਦੇ ਦੁਹਰੁਕਤੀਯੁਕਤ ਰੂਪ ਰਾਹੀਂ ਕਰਮ ਕਾਂਡ ਦੀ ਲਗਾਤਾਰਤਾ ਨੂੰ ਦਰਸਾਇਆ ਹੈ।

ਨਾਨਕ **ਜਪਿ ਜਪਿ** ਜੀਵੈ ਹਰਿ ਕੇ ਚਰਨ ॥ (ਮਃ ੫) ਅੰਗ ੨੬੮

**ਜਪਿ ਜਪਿ** ਤੁਧੁ ਨਿਰੰਕਾਰ ਭਰਮੁ ਭਉ ਖੋਵਣਾ ॥ (ਮਃ ੫) ਅੰਗ ੫੨੩

**ਸਿਮਰਿ ਸਿਮਰਿ** ਪ੍ਰਭੁ ਨਿਰਭਉ ਹੋਇ ॥ (ਮਃ ੫) ਅੰਗ ੧੮੪

**ਸਿਮਰਿ ਸਿਮਰਿ** ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥

(ਮਃ ੫) ਅੰਗ ੬੧੯

**ਸੁਣਿ ਸੁਣਿ** ਨਾਮੁ ਤੁਮਾਰਾ ਪ੍ਰੀਤਮ ਪ੍ਰਭੁ ਪੇਖਨ ਕਾ ਚਾਉ ॥ (ਮਃ ੫) ਅੰਗ ੪੦੫

ਆਗਿਆ ਮਾਨਿ ਜਾਨਿ ਸੁਖੁ ਪਾਇਆ **ਸੁਨਿ ਸੁਨਿ** ਨਾਮੁ ਤੁਹਾਰੋ ਜੀਓ ॥

(ਮਃ ੫) ਅੰਗ ੯੭੮

ਨਾਨਕ ਕਾਗਦ ਲਖ ਮਣਾ **ਪੜਿ ਪੜਿ** ਕੀਚੈ ਭਾਉ ॥ (ਮਃ ੧) ਅੰਗ ੧੫

**ਪੜਿ ਪੜਿ** ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥ (ਮਃ ੩) ਅੰਗ ੮੫

ਮਜਲਸ ਕੂੜੇ ਲਬ ਕੀ **ਪੀ ਪੀ** ਹੋਇ ਖੁਆਰੁ ॥ (ਮਰਦਾਨਾ) ਅੰਗ ੫੫੩

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ **ਪੀ ਪੀ** ਕਟਹਿ ਬਿਕਾਰ॥

(ਮਰਦਾਨਾ) ਅੰਗ ੫੫੩

ਬੁਤ **ਪੂਜਿ ਪੂਜਿ** ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ॥ (ਕਬੀਰ) ਅੰਗ ੬੫੪

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਕਿਰਿਆ ਭਜਨ/ ਬੰਦਗੀ ਦੀ 'ਲਗਾਤਾਰਤਾ' ਨੂੰ ਦਰਸਾ ਰਹੀ ਹੈ, ਇਹ ਫਲ ਪ੍ਰਦਾਨ ਕਰਨ ਦੀ ਵਿਧੀ ਹੈ। 'ਜਪਿ, ਸਿਮਰਿ, ਸੁਣਿ, ਸੁਨਿ, ਪੜਿ, ਪੀ, ਪੂਜ' ਪੂਰਨ ਸਕਰਮਕ ਕਿਰਿਆਵਾਂ ਹਨ। 'ਹਰਿ ਕੇ ਚਰਨ, ਨਿਰੰਕਾਰ, ਪ੍ਰਭੁ, ਗੁਰੁ ਸਤਿਗੁਰੁ, ਪੰਥੁ ਡਰਾਉ, ਨਾਮੁ,

ਕਾਗਦ, ਬੇਦ, ਕੂੜੇ, ਲਬ, ਅੰਮ੍ਰਿਤ, ਬੁਤ' ਕਿਰਿਆਵਾਂ ਦੇ ਕਰਮ ਹਨ। ਆਖ਼ਰੀ ਚਾਰ ਵਾਕਾਂ ਵਿਚ 'ਕਰਮਕਾਂਡ ਦੀ ਲਗਾਤਾਰਤਾ' ਨੂੰ ਦਰਸਾਇਆ ਹੈ। ਇਹ ਮਨੁੱਖ ਨੂੰ ਅਸਫ਼ਲਤਾ ਵੱਲ ਲਿਜਾਂਦੇ ਹਨ। 'ਪੀ' ਅਤੇ 'ਪੀਸਾਇ' ਦੁਹਰੁਕਤੀਯੁਕਤ ਕਿਰਿਆ ਰੂਪ ਦੋ ਵਾਰ ਆਏ ਹਨ, ਦੋਵੇਂ ਵਾਰ ਇਹ 'ਪੂਰਨ ਸਕਰਮਕ' ਕਿਰਿਆ ਲਈ ਕਾਰਜਸ਼ੀਲ ਹਨ। 'ਪੂਜਿ' ਦੁਹਰੁਕਤੀਯੁਕਤ ਰੂਪ ਵਿਚ ਇਕ ਵਾਰ ਹੈ। ਅਰਥ ਪੱਖੋਂ ਦੁਹਰੁਕਤੀਯੁਕਤ ਕਿਰਿਆ 'ਕਾਰਜ ਦੀ ਲਗਾਤਾਰਤਾ' ਨੂੰ ਦਰਸਾਉਂਦੀ ਹੈ ਅਤੇ ਕੁਝ ਹਾਲਤਾਂ ਵਿਚ 'ਕਾਲ' ਦਾ ਇਸ਼ਾਰਾ ਵੀ ਪ੍ਰਤੀਤ ਹੁੰਦਾ ਹੈ। ਜਿਵੇਂ: 'ਬੁਤ **ਪੂਜਿ ਪੂਜਿ** ਹਿੰਦੂ ਮੂਏ'[24] "ਹਿੰਦੂ ਲੋਕ ਬੁਤਾਂ ਦੀ ਪੂਜਾ ਕਰ ਕਰ ਕੇ ਲਗਾਤਾਰ ਖ਼ੁਆਰ ਹੋ ਰਹੇ ਹਨ।"[25] ਕਿਰਿਆ ਦੀ ਦੂਹਰੀ ਵਰਤੋਂ ਕਾਰਨ ਇਹ ਪ੍ਰਕਿਰਿਆ ਲਗਾਤਾਰ ਚੱਲ ਰਹੀ ਹੈ। ਇਸੇ ਵਾਕ ਵਿਚ ਕਿਰਿਆ ਦਾ ਇਕਹਿਰਾ ਰੂਪ ਵਰਤਿਆ ਇਹ ਭੂਤਕਾਲ ਦਾ ਸੂਚਕ ਹੋ ਨਿਬੜਦਾ ਹੈ। ਵਾਕ ਵਿਚ ਕਿਰਿਆ ਦੀ ਲਗਾਤਾਰਤਾ ਨਹੀਂ ਬਣਦੀ, ਵਾਕ ਭੂਤਕਾਲ ਵਿਚ ਕਾਰਜ ਕਰਦਾ ਹੈ। 'ਪੀ ਪੀ' ਦੁਹਰੁਕਤੀਯੁਕਤ ਕਿਰਿਆ ਦੀ ਵਾਕ ਬਣਤਰ ਵੀ ਅਜਿਹੀ ਹੈ। ਦੁਹਰੁਕਤੀ ਕਾਰਜ ਦੀ 'ਲਗਾਤਾਰਤਾ' ਭੂਤਕਾਲ ਤੋਂ ਵਰਤਮਾਨ ਕਾਲ ਤੱਕ ਫੈਲਾਉਂਦੀ ਹੈ, ਪ੍ਰੰਤੂ ਕਿਰਿਆ ਦਾ ਇਕਹਿਰਾ ਰੂਪ ਨਿਸ਼ਚਤ ਕਾਲ ਦੇ ਅਰਥ ਦਿੰਦਾ ਹੈ। ਵਿਆਕਰਨਕ ਤਬਦੀਲੀ ਤੋਂ ਇਲਾਵਾ ਕਿਰਿਆਵਾਂ ਦਾ ਇਕਹਿਰਾ ਰੂਪ ਕਾਵਿਕ ਸੁਹਜ ਨੂੰ ਵੀ ਪ੍ਰਭਾਵਿਤ ਕਰਦਾ ਹੈ।

**6.2.I.ii. ਅਪੂਰਨ ਸਕਰਮਕ ਕਿਰਿਆ:-** ਜਦੋਂ ਸਕਰਮਕ ਕਿਰਿਆ 'ਕਰਤਾ' ਤੇ 'ਕਰਮ' ਨਾਲ ਵਾਕ ਪੂਰਾ ਨਹੀਂ ਕਰਦੀ ਤਾਂ, ਉਹ 'ਅਪੂਰਨ ਸਕਰਮਕ' ਕਿਰਿਆ ਹੈ। ਇਹ ਕਿਰਿਆਵਾਂ 'ਅਪੂਰਨ ਸਕਰਮਕ' ਵਾਕ ਦੀ ਸਿਰਜਨਾ ਕਰਦੀਆਂ ਹਨ। ਇਸਦੇ ਹੇਠਾਂ ਦਿੱਤੇ ਰੂਪ ਮਿਲਦੇ ਹਨ:

**ਪੜਿ ਪੜਿ** ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ (ਮਃ ੩) ਅੰਗ ੬੮

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ **ਜਪਿ ਜਪਿ** ਨਾਨਕ ਜੀਵਤੇ ॥

(ਮਃ ੫) ਅੰਗ ੮੧

---

[24] ਗੁਰੂ ਗ੍ਰੰਥ ਸਾਹਿਬ, ਪੰਨਾ 654.

[25] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 771.

**ਸੁਣਿ ਸੁਣਿ** ਵੇਖੈ ਸਬਦਿ ਮਿਲਾਏ॥ ਵਡੀ ਵਡਿਆਈ ਗੁਰ ਸੇਵਾ ਤੇ ਪਾਏ ॥

(ਮਃ ੩) ਅੰਗ ੧੬੦

ਲਿਖੇ ਬਾਝਹੁ ਸੁਰਤਿ ਨਾਹੀ **ਬੋਲਿ ਬੋਲਿ** ਗਵਾਈਐ ॥ (ਮਃ ੧) ਅੰਗ ੫੬੬

ਆਪੇ **ਮਥਿ ਮਥਿ** ਤਤੁ ਕਢਾਏ ਜਪਿ ਨਾਮੁ ਰਤਨੁ ਓਮਾਹਾ ਰਾਮ ॥

(ਮਃ ੪) ਅੰਗ ੬੯੯

**ਸੁਣਿ ਸੁਣਿ** ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ ॥

(ਮਃ ੫) ਅੰਗ ੭੮੧

**ਸੁਨਿ ਸੁਨਿ** ਆਤਮ ਦੇਵ ਹੈ ਭੀਨੇ ਰਸਿ ਰਸਿ ਰਾਮ ਗੋਪਾਲ ਰਵਈਆ ॥

(ਮਃ ੪) ਅੰਗ ੮੩੩

ਆਪੇ **ਕਰਿ ਕਰਿ** ਵੇਖਦਾ ਆਪੇ ਸਭੁ ਸਚਾ ॥ (ਮਃ ੩) ਅੰਗ ੧੦੯੪

**ਕਰਿ ਕਰਿ** ਵੇਖੈ ਕਰੇ ਕਰਾਏ ਸਰਬ ਜੀਆ ਨੋ ਰਿਜਕੁ ਦੀਆ ॥

(ਮਃ ੩) ਅੰਗ ੧੩੩੪

ਉਪਰੋਕਤ ਵਾਕਾਂ ਵਿਚ ਆਈਆ ਕਿਰਿਆਵਾਂ 'ਪੜਿ, ਜਪਿ, ਸੁਣਿ, ਸੁਨਿ, ਬੋਲਿ, ਮਥਿ, ਕਰਿ' ਅਪੂਰਨ ਸਕਰਮਕ ਹਨ। ਪੂਰਨ ਵਾਕ ਬਣਾਉਣ ਲਈ ਇਹਨਾਂ ਨੂੰ ਕਿਸੇ ਪੂਰਕ ਦੀ ਲੋੜ ਹੈ, ਪੂਰਕ ਦੀ ਵਰਤੋਂ ਨਾਲ ਇਹ ਪੂਰਨ ਸਕਰਮਕ ਵਾਕ ਦੀ ਸਿਰਜਨਾ ਕਰਦੀਆਂ ਹਨ। ਗੁਰਬਾਣੀ ਦਾ ਭਾਸ਼ਾਈ ਸਰੂਪ ਕਾਵਿਮਈ ਹੋਣ ਕਾਰਨ ਇਹ ਵਾਕ ਪੂਰਨ ਪ੍ਰਤੀਤ ਹੁੰਦੇ ਹਨ। 'ਖਾਇ ਖਾਇ' ਦੁਹਰੁਕਤੀਯੁਕਤ ਕਿਰਿਆ ਦੀ ਵਰਤੋਂ ਦੋ ਵਾਰ ਮਿਲਦੀ ਹੈ। ਇਥੇ ਖਾਣ ਦੀ ਵਸਤ ਨਾ ਹੋਣ ਕਾਰਨ ਇਹ ਅਪੂਰਨ ਸਕਰਮਕ ਕਿਰਿਆ ਹੈ, ਇਸੇ ਤਰ੍ਹਾਂ 'ਮਥਿ ਮਥਿ' ਅਤੇ 'ਬੁਨਿ ਬੁਨਿ' ਸਕਰਮਕ ਕਿਰਿਆਵਾਂ ਲਈ 'ਕਰਮ' ਲਾਜ਼ਮੀ ਹੈ, ਕਰਮ ਦੀ ਅਣਹੋਂਦ ਕਾਰਨ ਇਹ 'ਅਪੂਰਨ ਸਕਰਮਕ' ਦਾ ਕਾਰਜ ਕਰਦੀਆਂ ਹਨ। ਕੁਝ ਅਜਿਹੇ ਸਕਰਮਕ ਵਾਕ ਵੀ ਮਿਲਦੇ ਹਨ, ਜਿਹੜੇ ਸਤਹੀ ਤੌਰ 'ਤੇ ਅਪੂਰਨ ਸਕਰਮਕ ਪ੍ਰਤੀਤ ਹੁੰਦੇ ਹਨ, ਜਿਵੇਂ:

**ਦੇ ਦੇ** ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ (ਮਃ ੧) ਅੰਗ ੪੩੩

'ਉਹ ਦਿੰਦਾ ਹੈ ਦੇ ਕੇ ਵੇਖਦਾ ਹੈ।' ਇਸਦੀ ਬਣਤਰ ਵਿਆਕਰਨ ਤੋਂ ਭਿੰਨ ਹੈ, ਇਸਦਾ ਪੂਰਕ (ਰਿਜਕ) ਵਾਕ ਵਿਚ ਹੀ ਪਿਆ ਹੈ। ਪ੍ਰੰਤੂ ਸਤਹ੍ਹੀ ਤੌਰ 'ਤੇ ਇਹ 'ਅਪੂਰਨ ਸਕਰਮਕ' ਪ੍ਰਤੀਤ ਹੁੰਦਾ ਹੈ, ਜਦਕਿ 'ਪੂਰਕ' ਇਸਤੋਂ ਵੱਖਰੇ ਉਪਵਾਕ ਵਿਚ ਪਿਆ ਹੈ।

**6.2.II.i. ਪੂਰਨ ਅਕਰਮਕ ਕਿਰਿਆ:-** ਅਕਰਮਕ ਕਿਰਿਆ 'ਕਰਮ' ਤੋਂ ਬਿਨਾਂ ਵਾਕ ਸਿਰਜਦੀ ਹੈ। ਉਹ ਕਿਰਿਆ ਜਿਸ ਨੂੰ ਕਰਮ ਦੀ ਲੋੜ ਨਾ ਹੋਵੇ 'ਅਕਰਮਕ ਕਿਰਿਆ' ਹੈ। ਅਕਰਮਕ ਕਿਰਿਆ ਦੇ ਸੀਮਿਤ ਦੁਹਰੁਕਤੀਯੁਕਤ ਰੂਪ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਹਨ, ਜਿਵੇਂ 'ਨਚਿ ਨਚਿ, ਚਲਿ ਚਲਿ' ਆਦਿ। 'ਅਪੂਰਨ ਅਕਰਮਕ' ਕਿਰਿਆ ਦੇ 'ਦੁਹਰੁਕਤੀਯੁਕਤ' ਰੂਪ ਨਹੀਂ ਮਿਲਦੇ। ਪੂਰਨ ਅਕਰਮਕ ਕਿਰਿਆ 'ਕਰਤਾ' ਦੇ ਮੇਲ ਨਾਲ ਵਾਕ ਸਿਰਜਦੀ ਹੈ, ਕਰਤਾ ਦਾ ਲਿੰਗ, ਵਚਨ, ਪੁਰਖ ਆਦਿ ਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਪਹਿਲੇ ਵਾਕ ਵਿਚ ਕਰਤਾ ਪ੍ਰਤੱਖ ਰੂਪ ਵਿਚ ਗ਼ੈਰ ਹਾਜ਼ਰ ਹੈ, ਅਖੀਰਲੇ ਤਿੰਨ ਵਾਕਾਂ ਵਿਚ ਕਰਤਾ ਹਾਜ਼ਰ ਹੈ।

**ਨਚਿ ਨਚਿ** ਟਪਹਿ ਬਹੁਤੁ ਦੁਖੁ ਪਾਵਹਿ ॥ (ਮਃ ੩) ਅੰਗ ੧੫੯

**ਨਚਿ ਨਚਿ** ਹਸਹਿ ਚਲਹਿ ਸੇ ਰੋਇ ॥ (ਮਃ ੧) ਅੰਗ ੪੬੫

ਇਕਿ **ਨਚਿ ਨਚਿ** ਪੂਰਹਿ ਤਾਲ ਭਗਤਿ ਨ ਕੀਜਈ ॥ (ਮਃ ੧) ਅੰਗ ੧੨੮੫

**ਚਲਿ ਚਲਿ** ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ॥ (ਫਰੀਦ) ਅੰਗ ੧੩੮੧

**ਨਚਿ ਨਚਿ, ਚਲਿ ਚਲਿ** 'ਪੂਰਨ ਅਕਰਮਕ' ਕਿਰਿਆ ਦੇ ਰੂਪ ਹਨ। ਇਹ ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ 'ਨਿਰੰਤਰਤਾ' ਨੂੰ ਦਰਸਾ ਰਹੇ ਹਨ ਅਤੇ ਕਾਵਿਕ ਸੁਹਜ ਪ੍ਰਦਾਨ ਕਰਨ ਵਿਚ ਸਹਾਇਕ ਹਨ।

**6.3. ਕਿਰਿਆ ਦੇ ਕਰਤਰੀ ਅਤੇ ਕਰਮਣੀ ਰੂਪ:-** ਗੁਰੂ ਗ੍ਰੰਥ ਸਾਹਿਬ ਵਿਚ ਸਕਰਮਕ ਕਿਰਿਆ ਦੇ ਕਰਤਰੀ ਅਤੇ ਕਰਮਣੀ ਦੋਵੇਂ ਰੂਪ ਮਿਲਦੇ ਹਨ। 'ਕਰਤਰੀਵਾਚੀ' ਵਾਕ ਵਿਚ ਕਰਤਾ ਉਦੇਸ਼ ਦੀ ਸਥਿਤੀ

ਵਿਚ ਹੋਣ ਕਾਰਨ ਕਿਰਿਆ ਦਾ ਮੇਲ 'ਕਰਤਾ' (ਉਦੇਸ਼) ਨਾਲ ਹੁੰਦਾ ਹੈ। ਕਿਰਿਆ ਦਾ 'ਲਿੰਗ, ਵਚਨ, ਕਾਲ, ਪੁਰਖ' ਆਦਿ 'ਕਰਤਾ' ਅਨੁਸਾਰ ਬਦਲਦਾ ਹੈ। 'ਕਰਮਣੀਵਾਚੀ' ਵਾਕ ਵਿਚ ਕਿਰਿਆ ਦਾ ਮੇਲ 'ਕਰਮ' ਨਾਲ ਹੁੰਦਾ ਹੈ। ਕਿਰਿਆ ਦਾ 'ਲਿੰਗ, ਵਚਨ, ਪੁਰਖ, ਕਾਲ' ਆਦਿ 'ਕਰਮ' ਅਨੁਸਾਰ ਬਦਲਦਾ ਹੈ, ਇਸਨੂੰ 'ਕਰਮਣੀ ਵਾਚੀ ਵਾਕ' ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਸਕਰਮਕ ਦੁਹਰੁਕਤੀਯੁਕਤ ਕਿਰਿਆ ਦੀ ਰੂਪਾਤਮਕ ਵਿਸ਼ੇਸ਼ਤਾ ਹੈ, ਕਿ ਕਰਮਣੀ ਬਣਤਰ ਵਾਲੇ ਵਧੇਰੇ ਵਾਕਾਂ ਵਿਚ 'ਕਰਤਾ' ਮੂਲੋ ਹੀ ਗ਼ੈਰ ਹਾਜ਼ਰ ਰਹਿੰਦਾ ਹੈ। ਕਰਮ ਤੇ ਕਿਰਿਆ ਦੇ ਮੇਲ ਨਾਲ ਵਾਕ ਸਿਰਜੇ ਗਏ ਹਨ, ਜਿਵੇਂ:

**ਜਪਿ ਜਪਿ** ਹਰਿ ਕਾ ਨਾਮੁ ਕਦੇ ਨ ਝੂਰੀਐ॥ (ਮਃ ੫) ਅੰਗ ੩੯੮

ਨਿੰਦਾ **ਕਰਿ ਕਰਿ** ਨਰਕ ਨਿਵਾਸੀ ਅੰਤਰਿ ਆਤਮ ਜਾਪੈ॥ (ਮਃ ੧) ਅੰਗ ੧੦੧੩

ਕੂੜੁ **ਬੋਲਿ ਬੋਲਿ** ਭਉਕਣਾ ਚੂਕਾ ਧਰਮੁ ਬੀਚਾਰੁ ॥ (ਮਃ ੧) ਅੰਗ ੧੨੪੨

**ਸਿਮਰਿ ਸਿਮਰਿ** ਦਾਤਾਰੁ ਸਭਿ ਰੰਗ ਮਾਣਿਆ॥ (ਮਃ ੫) ਅੰਗ ੧੨੯੧

ਉਪਰੋਕਤ ਵਾਕਾਂ ਵਿਚ ਕਰਤਾ ਗ਼ੈਰ ਹਾਜ਼ਰ ਹੈ ਅਤੇ 'ਕਿਰਿਆ' ਦਾ ਸੰਬੰਧ ਕਰਮ ਨਾਲ ਹੈ, ਇਹ ਕਰਮਣੀ ਵਾਕ ਹਨ। "ਜਦ ਕਿਰਿਆ ਦਾ 'ਕਰਤਾ' ਹੀ ਉਸਦਾ 'ਉਦੇਸ਼' ਹੁੰਦਾ ਹੈ, ਤਦ ਕਿਰਿਆ ਕਰਤਰੀ ਵਾਚ ਕਹੀ ਜਾਂਦੀ ਹੈ।"[26] ਜਦੋਂ ਕਿਰਿਆ 'ਕਰਤਾ' 'ਤੇ ਆਧਾਰਿਤ ਹੋਵੇ ਤਾਂ ਕਰਤਰੀ ਵਾਚੀ ਕਿਰਿਆ ਹੈ, ਜਿਵੇਂ:

ਇਕੁ ਤਿਲੁ ਨਹੀ ਵਿਸਰੈ ਪ੍ਰਾਨ ਆਧਾਰਾ **ਜਪਿ ਜਪਿ** ਨਾਨਕ ਜੀਵਤੇ॥

(ਮਃ ੫) ਅੰਗ ੮੧

ਪੰਡਿਤੁ **ਪੜਿ ਪੜਿ** ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ (ਮਃ ੩) ਅੰਗ ੮੬

**ਗਾਵਹੁ ਗਾਵਹੁ** ਕਾਮਣੀ ਬਿਬੇਕ ਬੀਚਾਰੁ ॥ਹਮਰੈ ਘਰਿ ਆਇਆ ਜਗਜੀਵਨੁ ਭਤਾਰੁ ॥

(ਮਃ ੧) ਅੰਗ ੩੫੧

[26] ਦੁਨੀ ਚੰਦ੍ਰ, ਪੰਜਾਬੀ ਭਾਸ਼ਾ ਦਾ ਵਿਆਕਰਣ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964, ਪੰਨਾ 149.

ਹੋਰੁ ਲੋਕੁ **ਸੁਣਿ ਸੁਣਿ** ਆਖਿ ਵਖਾਣੈ ॥ (ਮ: ੩) ਅੰਗ ੧੦੫੬

ਸਨਕਾਦਿਕ ਬ੍ਰਹਮਾਦਿਕ **ਗਾਵਤ ਗਾਵਤ** ਸੁਕ ਪ੍ਰਹਿਲਾਦ ॥ (ਮ: ੫) ਅੰਗ ੧੨੨੪

'ਜਪਿ, ਪੜਿ, ਗਾਵਹੁ, ਸੁਣਿ, ਗਾਵਤ' ਕਰਤਰੀ ਵਾਚੀ ਕਿਰਿਆ ਰੂਪ ਹਨ। ਕਿਰਿਆ ਦਾ ਰੂਪ 'ਕਰਤਾ' 'ਨਾਨਕ, ਪੰਡਿਤ, ਕਾਮਣੀ, ਲੋਕੁ, ਸਨਕਾਦਿਕ, ਬ੍ਰਹਮਾਦਿਕ, ਸੁਕ, ਪ੍ਰਹਿਲਾਦ' ਅਨੁਸਾਰ ਹੈ। ਅਖ਼ੀਰਲਾ ਵਾਕ ਸਾਧਾਰਨ ਪੱਧਰ 'ਤੇ ਦੁਹਰੁਕਤੀਯੁਕਤ ਕਿਰਿਆ ਰੂਪ ਪ੍ਰਤੀਤ ਹੁੰਦਾ ਹੈ, ਜਦਕਿ ਅਰਥ ਪੱਧਰ 'ਤੇ ਇਹ ਵੱਖਰੇ ਵੱਖਰੇ ਵਾਕੰਸ਼ ਦੇ ਕਿਰਿਆ ਰੂਪ ਹਨ।

## ਹ. ਕਿਰਿਆ ਦੁਹਰੁਕਤੀ: ਪ੍ਰਕਾਰਜ

ਕਿਰਿਆ ਦੁਹਰੁਕਤੀ ਦਾ ਪ੍ਰਕਾਰਜ ਅਧਿਆਤਮਕ ਪੱਧਰ 'ਤੇ ਬਣਦਾ ਹੈ। ਇਸਦੇ ਦੋ ਮੁਖ ਪ੍ਰਕਾਰਜ ਨਿਰੰਤਰਤਾ/ਲਗਾਤਾਰਤਾ ਅਤੇ ਬਾਰੰਬਾਰਤਾ ਹੈ। ਕਿਰਿਆ ਸ਼ਬਦ ਰੂਪ ਵਾਕ ਦੇ ਸੰਦਰਭ ਵਿਚ ਵੱਖ ਵੱਖ ਅਰਥਾਂ ਲਈ ਪ੍ਰਕਾਰਜਸ਼ੀਲ ਹਨ। ਜਿਵੇਂ 'ਨਾਮ ਸਿਮਰਨ' ਜਾਂ 'ਜਪਿ' ਦੀ ਨਿਰੰਤਰਤਾ ਰਾਹੀਂ ਜੀਵਾਤਮਾ ਨੂੰ ਸੁਭ ਕਰਮ ਕਰਨ, ਸੁਭ ਕਰਮਾਂ ਦੇ ਫਲ ਦੀ ਪ੍ਰਾਪਤੀ, ਕਾਮ, ਕ੍ਰੋਧ, ਲੋਭ, ਲਾਲਚ, ਮੋਹ ਮਾਇਆ ਦਾ ਤਿਆਗ, ਭਾਵ ਮੰਦੇ ਕਰਮ ਕਰਨ ਤੋਂ ਸੰਕੋਚ ਅਤੇ ਜੀਵਨ ਜਿਊਣ ਦਾ ਢੰਗ ਦੱਸਿਆ ਹੈ। ਸਿਮਰਨ ਰਾਹੀਂ ਫਲ ਦੀ ਪ੍ਰਾਪਤੀ ਹੁੰਦੀ ਹੈ, ਮਨੁੱਖ ਦਾ ਜਨਮ ਸੰਵਰ ਜਾਂਦਾ ਹੈ, ਉਸ ਦੇ ਸਾਰੇ ਦੁੱਖ ਕੱਟੇ ਜਾਂਦੇ ਹਨ ਅਤੇ ਸੁਖ ਦੀ ਪ੍ਰਾਪਤੀ ਹੁੰਦੀ ਹੈ।

**ਸਿਮਰਿ ਸਿਮਰਿ** ਨਾਨਕ ਸੁਖੁ ਪਾਇਆ॥ਆਠ ਪਹਰ ਤੇਰੇ ਗੁਣ ਗਾਇਆ ॥ (ਮ: ੫) ਅੰਗ ੧੦੬

**ਸਿਮਰਿ ਸਿਮਰਿ** ਕਾਟੇ ਸਭਿ ਰੋਗ ॥ਚਰਣ ਧਿਆਨ ਸਰਬ ਸੁਖ ਭੋਗ ॥ (ਮ: ੫) ਅੰਗ ੨੪੦

ਕਲਿ ਤਾਤੀ ਠਾਂਢਾ ਹਰਿ ਨਾਉ॥ **ਸਿਮਰਿ ਸਿਮਰਿ** ਸਦਾ ਸੁਖ ਪਾਉ॥ (ਮ: ੫) ਅੰਗ ੨੮੮

**ਸਿਮਰਿ ਸਿਮਰਿ** ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ (ਮ: ੫) ਅੰਗ ੬੨੫

ਨਾਨਕ ਅਨਦ ਕਰੇ ਹਰਿ **ਜਪਿ ਜਪਿ** ਸਗਲੇ ਰੋਗ ਨਿਵਾਰੇ॥ (ਮ: ੫) ਅੰਗ ੭੧੫

ਹਰਿ **ਜਪਿ ਜਪਿ** ਅਉਖਧ ਖਾਧਿਆ ਸਭਿ ਰੋਗ ਗਵਾਤੇ ਦੁਖਾ ਘਾਣਿ ॥(ਮ: ੪) ਅੰਗ ੬੫੧

**ਜਪਿ ਜਪਿ** ਨਾਮੁ ਤੁਮ੍ਹਾਰੋ ਪ੍ਰੀਤਮ ਤਨ ਤੇ ਰੋਗ ਖਏ॥ (ਮਃ ੫) ਅੰਗ ੮੨੯

ਉਪਰੋਕਤ ਤੁਕਾਂ ਵਿਚ 'ਸਿਮਰਿ' ਅਤੇ 'ਜਪਿ' ਕਿਰਿਆ ਦੁਹਰੁਕਤੀ ਰੂਪ ਜੀਵਾਤਮਾ ਦੇ ਦੁਖ ਦੂਰ ਕਰਨ ਅਤੇ ਸੁਖਾਂ ਦੀ ਪ੍ਰਾਪਤੀ ਦੇ ਸਾਧਨ ਦਾ ਪ੍ਰਕਾਰਜ ਕਰ ਰਹੇ ਹਨ। ਪਰਮਾਤਮਾ ਦਾ ਸਿਮਰਨ, ਜਪ ਤਪ ਅਤੇ ਧਿਆਨ ਧਰਨਾ, ਪਰਮਾਤਮਾ ਨਾਲ ਮਿਲਾਪ ਦਾ ਇਕ ਸਾਧਨ ਹੈ। ਜਿਸ ਰਾਹੀਂ ਜੀਵਾਤਮਾ ਦੇ ਸਰੀਰਕ ਜਾਂ ਮਾਨਸਿਕ ਸਾਰੇ ਦੁਖ ਦੂਰ ਹੋ ਜਾਂਦੇ ਹਨ। ਨਾਮ ਸਿਮਰਨ ਫਲ ਪ੍ਰਾਪਤ ਕਰਨ ਦੀ ਵੀ ਇਕ ਵਿਧੀ ਹੈ, ਇਸ ਰਾਹੀਂ ਮਨੁੱਖ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ ਅਤੇ ਉਹ ਪਰਮਆਨੰਦ ਦੀ ਅਵਸਥਾ ਵਿਚ ਵਿਚਰਦਾ ਹੈ, ਜਿਵੇਂ:

**ਸਿਮਰਿ ਸਿਮਰਿ** ਦਾਤਾਰੁ ਮਨੋਰਥ ਪੂਰਿਆ ॥ (ਮਃ ੫) ਅੰਗ ੫੨੪

**ਸਿਮਰਿ ਸਿਮਰਿ** ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ (ਮਃ ੫) ਅੰਗ ੬੨੫

**ਸਿਮਰਿ ਸਿਮਰਿ** ਪੂਰਨ ਪ੍ਰਭੂ ਕਾਰਜ ਭਏ ਰਾਸਿ ॥ (ਮਃ ੫) ਅੰਗ ੮੧੬

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪੁਨਾ ਕਹੁ ਨਾਨਕ ਅਨਦੁ ਭਇਓ ॥ (ਮਃ ੫) ਅੰਗ ੯੭੯

ਸੂਖ ਸਹਜ ਸਾਂਤਿ ਆਨੰਦਾ॥**ਜਪਿ ਜਪਿ** ਜੀਵੇ ਪਰਮਾਨੰਦਾ॥ (ਮਃ ੫) ਅੰਗ ੧੯੪

**ਜਪਿ ਜਪਿ** ਨਾਮੁ ਮਨਿ ਭਇਆ ਅਨੰਦਾ॥ (ਮਃ ੪) ਅੰਗ ੩੬੭

**ਜਪਿ ਜਪਿ** ਜੀਵਾ ਨਾਮੁ ਹੋਵੈ ਅਨਦੁ ਘਣਾ॥ (ਮਃ ੫) ਅੰਗ ੩੯੯

**ਜਪਿ ਜਪਿ** ਕਰਹਿ ਅਨੰਦੁ ਜਨ ਅਚਰਜ ਆਨੂਪੁ ॥ (ਮਃ ੫) ਅੰਗ ੬੭੭

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ **ਧਿਆਇ ਧਿਆਇ** ਸੁਖੁ ਪਾਇਆ ਜੀਉ॥

(ਮਃ ੫) ਅੰਗ ੧੦੩

**ਧਿਆਇ ਧਿਆਇ** ਭਗਤਹ ਸੁਖੁ ਪਾਇਆ॥ਨਾਨਕ ਤਿਸੁ ਪੁਰਖ ਕਾ ਕਿਨੈ ਅੰਤੁ ਨ ਪਾਇਆ॥

(ਮਃ੫) ਅੰਗ ੨੮੪

ਸਿਮਰਨ/ ਸਾਧਨਾ ਰਾਹੀਂ ਮਨੁੱਖ ਕਾਲ ਮੁਕਤ ਹੋ ਜਾਂਦਾ ਹੈ। ਉਸ ਦਾ ਜਨਮ ਮਰਨ ਕੱਟਿਆ ਜਾਂਦਾ ਹੈ ਤੇ ਉਹ ਜਮਾਂ ਦੇ ਡਰ ਤੋਂ ਮੁਕਤ ਅਤੇ ਚਿੰਤਾ ਰਹਿਤ ਹੋ ਜਾਂਦਾ ਹੈ। ਮੂਲ ਰੂਪ ਵਿਚ 'ਸਿਮਰਿ' ਅਤੇ 'ਜਪਿ' ਕਿਰਿਆ ਦੁਹਰੁਕਤੀ 'ਦੁਖ ਕਲੇਸ਼ ਦੂਰ ਕਰਨ, ਸੁਖ ਦੀ ਪ੍ਰਾਪਤੀ, ਮੁਕਤੀ ਦਾ ਸਾਧਨ, ਪਰਮਆਨੰਦ ਦੀ

ਅਵਸਥਾ ਦੀ ਪ੍ਰਾਪਤੀ' ਅਤੇ 'ਕਰਮ ਫਲ ਦੀ ਪ੍ਰਾਪਤੀ' ਦਾ ਪ੍ਰਕਾਰਜ ਕਰ ਰਹੀ ਹੈ। ਦੁਹਰੁਕਤੀਯੁਕਤ ਕਿਰਿਆ ਰੂਪ ਕਰਮਕਾਂਡ ਦਾ ਖੰਡਨ ਵੀ ਕਰਦੇ ਹਨ। ਪੂਜਾ ਤੋਂ ਪਰਵਰਤਿਤ ਰੂਪ 'ਪੂਜਿ' ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ 4 ਵਾਰ ਹੋਈ ਹੈ, ਦੁਹਰੁਕਤੀਯੁਕਤ ਰੂਪ ਵਿਚ ਇਸਦੀ ਵਰਤੋਂ ਇਕ ਵਾਰ ਮਿਲਦੀ ਹੈ। ਦੁਹਰੁਕਤੀਯੁਕਤ ਰੂਪ ਵਿਚ 'ਪੂਜਿ, ਕਰਿ' ਅਤੇ 'ਪੜਿ' ਕਰਮਕਾਂਡ ਦਾ ਜ਼ਿਕਰ ਅਤੇ ਨਿਸਫ਼ਲ ਫ਼ਲ ਦੀ ਪ੍ਰਾਪਤੀ ਦਾ ਪ੍ਰਕਾਰਜ ਕਰਦੇ ਹਨ, ਜਿਵੇਂ:

ਬੁਤ **ਪੂਜਿ ਪੂਜਿ** ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ (ਕਬੀਰ) ਅੰਗ ੬੫੪

ਜੋਗੀ ਜਤੀ ਜੁਗਤਿ ਮਹਿ ਰਹਤੇ **ਕਰਿ ਕਰਿ** ਭਗਵੇ ਭੇਖ ਭਏ ॥ (ਮਃ ੧) ਅੰਗ ੩੫੮

ਜੋਗ ਸਿਧ ਆਸਣ ਚਉਰਾਸੀਹ ਏ ਭੀ **ਕਰਿ ਕਰਿ** ਰਹਿਆ ॥ (ਮਃ ੫) ਅੰਗ ੬੪੨

**ਕਰਿ ਕਰਿ** ਕਿਰਿਆਚਾਰ ਵਧਾਏ ਮਨਿ ਪਾਖੰਡ ਕਰਮੁ ਕਪਟ ਲੋਭਈਆ ॥

(ਮਃ ੪) ਅੰਗ ੮੩੧

ਇਕਿ ਜਪ ਤਪ **ਕਰਿ ਕਰਿ** ਤੀਰਥ ਨਾਵਹਿ॥ਜਿਉ ਤੁਧੁ ਭਾਵੈ ਤਿਵੈ ਚਲਾਵਹਿ॥

(ਮਃ ੧) ਅੰਗ੧੦੨੪

**ਪੜਿ ਪੜਿ** ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ (ਮਃ ੩) ਅੰਗ ੨੭

**ਪੜਿ ਪੜਿ** ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ (ਮਃ ੩) ਅੰਗ ੪੪੦

**ਪੜਿ ਪੜਿ** ਭੂਲਹਿ ਚੋਟਾ ਖਾਹਿ ॥ਬਹੁਤੁ ਸਿਆਣਪ ਆਵਹਿ ਜਾਹਿ ॥

(ਮਃ ੧) ਅੰਗ ੬੮੬

ਪੰਡਿਤ ਮੋਨੀ **ਪੜਿ ਪੜਿ** ਥਕੇ ਭੇਖ ਥਕੇ ਤਨੁ ਧੋਇ ॥ (ਮਃ ੩) ਅੰਗ ੧੨੫੦

**ਪੜਿ ਪੜਿ** ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ (ਮਃ ੩) ਅੰਗ ੧੨੭੭

ਗੁਰੂ ਗ੍ਰੰਥ ਸਾਹਿਬ ਵਿਚ ਕਰਮਕਾਂਡ ਦਾ ਖੰਡਨ ਤੇ ਵਿਰੋਧ ਕੀਤਾ ਹੈ ਅਤੇ ਧਰਮ ਦੇ ਠੇਕੇਦਾਰਾਂ ਦਾ ਪਾਜ ਉਖਾੜਿਆ ਹੈ। ਇਸਦੇ ਨਾਲ ਹੀ ਗੁਰਬਾਣੀ ਜੀਵਾਤਮਾ ਨੂੰ ਗੁਰਮਤਿ ਅਨੁਸਾਰ ਜੀਵਨ ਜਿਊਣ ਦੀ ਸੇਧ ਵੀ ਦਿੰਦੀ ਹੈ।

ਹਉ **ਸੁਣਿ ਸੁਣਿ** ਜੀਵਾ ਨਾਮੁ ਤੁਮਾਰਾ॥ (ਮਃ ੫) ਅੰਗ ੫੬੩

ਅਰਦਾਸਿ ਕਰੀ ਪ੍ਰਭ ਅਪਨੇ ਆਗੈ **ਸੁਣਿ ਸੁਣਿ** ਜੀਵਾ ਤੇਰੀ ਬਾਣੀ ॥

(ਮਃ ੫) ਅੰਗ ੭੪੯

ਊਚ ਅਥਾਹ ਬੇਅੰਤ ਸੁਆਮੀ **ਸਿਮਰਿ ਸਿਮਰਿ** ਹਉ ਜੀਵਾਂ ਜੀਉ ॥

(ਮਃ ੫) ਅੰਗ ੯੯

**ਜਪਿ ਜਪਿ** ਜੀਵਾ ਨਾਮੁ ਹੋਵੈ ਅਨਦੁ ਘਣਾ ॥ (ਮਃ ੫) ਅੰਗ ੩੯੯

**ਧਿਆਇ ਧਿਆਇ** ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥

(ਮਃ ੫) ਅੰਗ ੧੦੭

ਨਾਨਕ ਨਾਮੁ **ਧਿਆਇ ਧਿਆਇ** ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥

(ਮਃ ੫) ਅੰਗ ੧੦੮

**ਪੇਖਿ ਪੇਖਿ** ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥ (ਮਃ ੫) ਅੰਗ ੬੨੫

ਗੁਰਮੁਖ ਪਰਮਾਤਮਾ ਦੇ ਨਾਮ ਦਾ ਨਿਰੰਤਰ ਸਿਮਰਨ ਅਤੇ ਸ੍ਰਵਣ ਕਰਦਾ ਹੋਇਆ, ਉਸ ਦੀ ਰਜ਼ਾ ਵਿਚ ਜੀਵਨ ਬਤੀਤ ਕਰਦਾ ਹੈ, ਕਾਰਜ ਦੀ ਨਿਰੰਤਰਤਾ ਨਾਲ ਉਸ ਨੂੰ ਕਰਮ ਦੀ ਪ੍ਰਾਪਤੀ ਹੁੰਦੀ ਹੈ, ਨਿਰੰਤਰਤਾ 'ਕਰਮ' ਪ੍ਰਾਪਤੀ ਦਾ ਕਾਰਨ ਬਣਦੀ ਹੈ। ਮਨਮੁਖ ਜੀਵਨ ਭਰ ਮਾੜੇ ਕਰਮ ਕਰਦਾ ਹੈ ਅਤੇ ਪਾਪ ਕਮਾਉਂਦਾ ਹੈ। ਗੁਰਬਾਣੀ ਮਨੁਖ ਨੂੰ ਮਾੜੇ ਕਰਮਾਂ ਤੋਂ ਸੁਚੇਤ ਰਹਿਣ ਲਈ ਪ੍ਰੇਰਦੀ ਹੈ ਅਤੇ ਮਾੜੇ ਕਰਮਾਂ ਦੇ ਫ਼ਲ ਦਾ ਪ੍ਰਮਾਣ ਦਿੰਦੀ ਹੈ। ਹਉਮੈ ਵਿਚ ਫਸਿਆ ਮਨੁਖ ਸਾਰਾ ਜੀਵਨ ਮੈਂ ਮੈਂ ਵਿਚ ਹੀ ਬਤੀਤ ਕਰ ਦਿੰਦਾ ਹੈ, ਅੰਤ ਨਰਕ ਦਾ ਭਾਗੀ ਬਣ ਜਾਂਦਾ ਹੈ ਅਤੇ ਹਮੇਸ਼ਾ ਭਟਕਣਾ ਵਿਚ ਰਹਿੰਦਾ ਹੈ। 'ਨਿੰਦਿਆ, ਚੁਗਲੀ, ਝੂਠ' ਮਨੁਖ ਦੇ ਮਾੜੇ ਕਰਮ ਹਨ, ਇਹ ਆਵਾਗਵਨ ਦਾ ਕਾਰਨ ਬਣਦੇ ਹਨ। ਦੁਹਰੁਕਤੀਯੁਕਤ ਕਿਰਿਆ ਆਵਾਗਵਨ ਦਾ ਸਾਧਨ ਅਤੇ ਫ਼ਲ ਪ੍ਰਾਪਤੀ ਦਾ ਪ੍ਰਕਾਰਜ ਕਰ ਰਹੀ ਹੈ, ਜਿਵੇਂ:

ਹਉਮੈ **ਕਰਿ ਕਰਿ** ਜਾਇਸੀ ਜੋ ਆਇਆ ਜਗ ਮਾਹਿ॥ (ਮਃ ੧) ਅੰਗ ੬੩

ਨਿੰਦਾ **ਕਰਿ ਕਰਿ** ਬਹੁ ਭਾਰੁ ਉਠਾਵੈ ਬਿਨੁ ਮਜੂਰੀ ਭਾਰੁ ਪਹੁਚਾਵਣਿਆ ॥

(ਮਃ ੩) ਅੰਗ ੧੧੮

ਸੈਸਾਰੀ ਆਪਿ ਖੁਆਇਅਨੁ ਜਿਨੀ ਕੂੜੁ **ਬੋਲਿ ਬੋਲਿ** ਬਿਖੁ ਖਾਇਆ॥ (ਮਃ ੧) ਅੰਗ ੧੪੫

ਹਉ ਵਿਚਿ ਮਾਇਆ ਹਉ ਵਿਚਿ ਛਾਇਆ॥ ਹਉਮੈ **ਕਰਿ ਕਰਿ** ਜੰਤ ਉਪਾਇਆ॥

(ਮਃ ੧) ਅੰਗ ੪੬੬

ਨਾਨਕ ਕਰਤੈ ਬਣਤ ਬਣਾਈ ਮਨਮੁਖ ਕੂੜੁ **ਬੋਲਿ ਬੋਲਿ** ਡੁਬੇ ਗੁਰਮੁਖਿ ਤਰੇ ਜਪਿ ਹਰਿ ਨਾਉ॥

(ਮਃ ੩) ਅੰਗ ੫੧੧

ਮਜਲਸ ਕੂੜੇ ਲਬ ਕੀ **ਪੀ ਪੀ** ਹੋਇ ਖੁਆਰੁ॥ (ਮਰਦਾਨਾ) ਅੰਗ ੫੫੩

ਹਉਮੈ ਮੇਰਾ **ਕਰਿ ਕਰਿ** ਵਿਗੁਤੇ ਕਿਹੁ ਚਲੈ ਨ ਚਲਦਿਆ ਨਾਲਿ॥ (ਮਃ ੩) ਅੰਗ ੬੦੦

**ਕਰਿ ਕਰਿ** ਪਾਪ ਦਰਬੁ ਕੀਆ ਵਰਤਣ ਕੈ ਤਾਈ॥ (ਮਃ ੫) ਅੰਗ ੮੦੯

ਨਿੰਦਾ **ਕਰਿ ਕਰਿ** ਨਰਕ ਨਿਵਾਸੀ ਅੰਤਰਿ ਆਤਮ ਜਾਪੈ॥ (ਮਃ ੧) ਅੰਗ ੧੦੧੩

ਗੁਰੂ ਗ੍ਰੰਥ ਸਾਹਿਬ ਦਾ ਵਿਸ਼ਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿਚ 'ਲੋਕ, ਪਰਲੋਕ' ਦੇ ਵਿਭਿੰਨ ਵਿਸ਼ੇ ਸਮਾਏ ਹਨ। ਦੁਹਰੁਕਤੀਯੁਕਤ ਕਿਰਿਆ ਰੂਪ ਦੇ ਅਧਿਆਤਮਕ ਪੱਖ ਤੋਂ ਵਿਭਿੰਨ ਪ੍ਰਕਾਰਜ ਹਨ, ਇਸ 'ਤੇ ਇਕ ਵੱਖਰਾ ਅਧਿਆਇ ਵੀ ਲਿਖਿਆ ਜਾ ਸਕਦਾ ਹੈ। 'ਨਾਮ ਸਿਮਰਨ ਦੀ ਵਿਧੀ, ਨਾਮ ਸਿਮਰਨ ਦਾ ਮਹੱਤਵ, ਨਾਮ ਸਿਮਰਨ ਦਾ ਫਲ, ਚੰਗੇ ਮਾੜੇ ਕਰਮਾਂ ਦੇ ਫਲ ਦੀ ਪ੍ਰਾਪਤੀ, ਕਰਮਾਂ ਦਾ ਲੇਖਾ ਜੋਖਾ, ਪਰਲੋਕ ਦਾ ਜ਼ਿਕਰ, ਕਰਮ ਕਾਂਡ ਦਾ ਵਿਰੋਧ, ਜੀਵਨਜਾਚ ਦੀ ਵਿਧੀ, ਪਰਮ ਅਵਸਥਾ ਦੀ ਪ੍ਰਾਪਤੀ, ਆਵਾਗਵਨ ਅਤੇ ਕਾਲ ਤੋਂ ਮੁਕਤ, ਜਮਾਂ ਦੇ ਭੈਅ ਤੋਂ ਮੁਕਤ' ਕਰਨ ਦਾ ਪ੍ਰਕਾਰਜ ਕਰਦੀ ਹੈ। ਗੁਰਬਾਣੀ ਕੇਵਲ ਜੀਵਾਤਮਾ ਦਾ ਜ਼ਿਕਰ ਹੀ ਨਹੀਂ ਕਰਦੀ, ਇਹ ਬ੍ਰਹਿਮੰਡ ਦੇ ਹਰੇਕ ਵਰਤਾਰੇ 'ਬਨਸਪਤੀ, ਪਸ਼ੂ ਪੰਛੀ, ਕੀੜੇ ਮਕੌੜੇ' ਆਦਿ ਦੇ ਵਰਨਣ ਦਾ ਪ੍ਰਕਾਰਜ ਕਰਦੀ ਹੈ।

## ਕ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਕਿਰਿਆ ਰੂਪ

ਕਿਰਿਆ ਦੇ ਕੁਝ ਅਜਿਹੇ ਰੂਪ ਵੀ ਮਿਲਦੇ ਹਨ, ਜਿਹੜੇ ਸਾਧਾਰਨ ਪੱਧਰ ’ਤੇ ਦੁਹਰੁਕਤੀ ਜਾਪਦੇ ਹਨ, ਪ੍ਰੰਤੂ ਵਾਕੰਸ਼ ਵਜੋਂ ਅਧਿਐਨ ਕਰਨ ’ਤੇ ਇਹ ਸਪੱਸ਼ਟ ਹੁੰਦਾ ਹੈ, ਕਿ ਅਜਿਹੇ ਰੂਪ ਕੇਵਲ ਦੁਹਰੁਕਤੀ ਦਾ ਭੁਲੇਖਾ ਹਨ, ਜਿਵੇਂ:

[ਅੰਤਰਿ ਗਾਵਉ] [ਬਾਹਰਿ **ਗਾਵਉ] [ਗਾਵਉ** ਜਾਗਿ ਸਵਾਰੀ॥] (ਮਃ ੫) ਅੰਗ ੪੦੧

[ਦਿਨੁ ਭੀ ਗਾਵਉ] [ਰੈਨੀ **ਗਾਵਉ] [ਗਾਵਉ** ਸਾਸਿ ਸਾਸਿ ਰਸਨਾਰੀ॥]

(ਮਃ ੫) ਅੰਗ ੪੦੧

[ਤਿਖ ਬੂਝਿ **ਗਈ] [ਗਈ** ਮਿਲਿ ਸਾਧ ਜਨਾ॥] (ਮਃ ੫) ਅੰਗ ੧੩੦੫

ਉਪਰੋਕਤ ਵਾਕਾਂ ਵਿਚ ਸਥਾਨ ਕਰਕੇ ਇਕੱਠੇ ਕਿਰਿਆ ਰੂਪਾਂ ਦੀ ਵਾਕੰਸ਼ ਬਣਤਰ ਨੂੰ ਬਰੈਕਟਾਂ ਰਾਹੀਂ ਨਿਖੇੜਿਆ ਹੈ। ਇਹ ਕਿਰਿਆ ਰੂਪ ਕੇਵਲ ਸਥਾਨ ਕਰਕੇ ਨੇੜਤਾ ਵਾਲੇ ਹਨ। ਵਾਕੰਸ਼ ਬਣਤਰ ਵਿਚ ਵੱਖਰੇ ਵੱਖਰੇ ਵਾਕੰਸ਼ਾਂ ਦਾ ਅੰਗ ਹੋਣ ਕਾਰਨ ਵਿਭਿੰਨ ਵਾਕੰਸ਼ ਇਕਾਈਆਂ ਦਾ ਪ੍ਰਕਾਰਜ ਕਰ ਰਹੇ ਹਨ।

ਸੋ ਕਿਰਿਆ ਦੁਹਰੁਕਤੀ ਦਾ ‘ਰੂਪ’ ਅਤੇ ‘ਪ੍ਰਕਾਰਜ’ ਵਜੋਂ ਵਿਸ਼ਲੇਸ਼ਣ ਕਰਨ ਉਪਰੰਤ ਇਸ ਸਿੱਟੇ ਤੇ ਪਹੁੰਚੇ ਹਾਂ, ਕਿ ਦੂਹਰੀ ਕਿਰਿਆ ਦੀ ਇਕਹਿਰੇ ਕਿਰਿਆ ਰੂਪਾਂ ਤੋਂ ਕੇਵਲ ਕਾਰਜੀ ਵੱਖਰਤਾ ਹੀ ਨਹੀਂ, ਬਲਕਿ ‘ਰੂਪ’ ਅਤੇ ‘ਵਾਕ ਬਣਤਰ’ ਵਜੋਂ ਵੀ ਵੱਖਰਤਾ ਮਿਲਦੀ ਹੈ। ਕਿਰਿਆ ਦੁਹਰੁਕਤੀ ਦੇ ਵਧੇਰੇ ਰੂਪ ‘ਵਿਯੋਗਾਤਮਕ’ ਹਨ, ਇਕਹਿਰੀ ਵਰਤੋਂ ਵਿਚ ਕਿਰਿਆ ਰੂਪਾਂ ਦੀ ਬਣਤਰ ਵਧੇਰੇ ‘ਸੰਯੋਗਾਤਮਕ’ ਹੈ, ਇਕ ਧਾਤੂ ਰੂਪ ਨਾਲ ਇਕ ਤੋਂ ਵਧੇਰੇ ਪਿਛੇਤਰਾਂ ਦੀ ਵਰਤੋਂ ਰਾਹੀਂ ਇਹ ਸਾਧਾਰਨ ਵਾਕ ਦਾ ਕਾਰਜ ਕਰਦੇ ਹਨ। ਵਾਕ ਬਣਤਰ ਵਿਚ ‘ਕਿਰਿਆ ਦੁਹਰੁਕਤੀ’ ਦੀ ਵਰਤੋਂ ਵਾਕ ਦੇ ਆਦਿ ਜਾਂ ਮੱਧ ਵਿਚ ਹੈ, ਵਾਕ ਦੇ ਅੰਤ ’ਤੇ ਕਿਰਿਆ ਦੁਹਰੁਕਤੀ ਦੀ ਵਰਤੋਂ ਨਹੀਂ ਮਿਲਦੀ। ਇਸ ਤਰ੍ਹਾਂ ਦੁਹਰੁਕਤੀਯੁਕਤ ਕਿਰਿਆ ਵਾਲੇ ਵਾਕਾਂ ਦੀ ਬਣਤਰ ਵਿਆਕਰਨ ਨਿਯਮਾਂ ਤੋਂ ਵੱਖਰੀ ਹੈ। ‘ਕਾਰਜ’ ਦੇ ਪੱਖ ਤੋਂ ਇਹ ਵਿਸ਼ੇਸ਼ ਅਰਥਗਤ ਇਕਾਈਆਂ ਦਾ

ਪ੍ਰਕਾਰਜ ਕਰਦੇ ਹਨ, ਜੋ ਇਕਹਿਰੇ ਰੂਪ ਰਾਹੀਂ ਸੰਭਵ ਨਹੀਂ। ਕਾਰਜ ਦੀ ਨਿਰੰਤਰਤਾ ਦੇ ਨਾਲ ਨਾਲ ਇਹ 'ਕਾਵਿ ਸੁਹਜ ' ਅਤੇ 'ਵਜਨ' ਦਾ ਕਾਰਜ ਕਰਦੇ ਹਨ। ਦੂਹਰਾ ਰੂਪ ਵਾਕ ਦੇ ਉਚਾਰਨ ਵਿਚ ਵਧੇਰੇ 'ਲਮਕਾਅ' ਪੈਦਾ ਕਰਦਾ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਵਿਸ਼ੇਸ਼ਣ ਦੁਹਰੁਕਤੀ: ਰੂਪ ਤੇ ਪ੍ਰਕਾਰਜ

## ੳ. ਕਿਰਿਆ ਵਿਸ਼ੇਸ਼ਣ: ਪਰਿਭਾਸ਼ਾ

ਕਿਰਿਆ ਦੀ ਵਿਸ਼ੇਸ਼ਤਾ ਦਰਸਾਉਣ ਵਾਲੀ ਸ਼ਬਦ ਸ਼੍ਰੇਣੀ 'ਕਿਰਿਆ ਵਿਸ਼ੇਸ਼ਣ' ਹੈ। ਕਿਰਿਆ ਬਾਰੇ ਵਾਧੂ ਜਾਣਕਾਰੀ ਦੇਣ ਜਾਂ ਕਿਰਿਆ ਨੂੰ ਪ੍ਰਭਾਵਿਤ ਕਰਨ ਵਾਲੇ ਸ਼ਬਦ 'ਕਿਰਿਆ ਵਿਸ਼ੇਸ਼ਣ' ਹਨ। "ਕਿਰਿਆ ਦੇ ਗੁਣ, ਲੱਛਣ ਜਾਂ ਕਿਰਿਆ ਦੀ ਵਿਸ਼ੇਸ਼ਤਾ ਦਰਸਾਉਣ ਵਾਲੇ ਅਥਵਾ ਕਿਰਿਆ ਨੂੰ ਕੋਈ ਸੇਧ ਦੇਣ ਵਾਲੇ ਸ਼ਬਦ ਨੂੰ ਕਿਰਿਆ ਵਿਸ਼ੇਸ਼ਣ ਆਖਿਆ ਜਾਂਦਾ ਹੈ। "[1] ਵਾਕਾਤਮਕ ਤਰਤੀਬ ਅਨੁਸਾਰ ਇਹ ਕਿਰਿਆ ਤੋਂ ਪਹਿਲਾਂ ਵਿਚਰਦੇ ਹੋਏ 'ਕਿਰਿਆ' ਦੇ ਵਿਸ਼ੇਸ਼ਕ ਦਾ ਕਾਰਜ ਕਰਦੇ ਹਨ। ਤਰਤੀਬ ਅਨੁਸਾਰ ਇਹਨਾਂ ਦਾ ਸਥਾਨ ਕਿਰਿਆ ਤੋਂ ਪਹਿਲਾਂ ਹੈ, ਪਰ ਕਾਵਿ ਵਿਚ ਇਨ੍ਹਾਂ ਦਾ ਸਥਾਨ ਵਾਕ ਵਿਚਲੀ ਕਿਰਿਆ ਤੋਂ ਪਰੇ (ਦੂਰ) ਵੀ ਹੋ ਸਕਦਾ ਹੈ। ਅਰਥ ਅਤੇ ਕਾਰਜ ਦੇ ਆਧਾਰ 'ਤੇ ਇਹ ਵਾਕ ਵਿਚ ਸਥਾਨ ਗ੍ਰਹਿਣ ਕਰਦੇ ਹਨ, ਸੋ ਵਾਕ ਵਿਚ ਇਹ ਕਿਰਿਆ ਦੇ ਅੱਗੇ, ਪਿੱਛੇ ਕਿਤੇ ਵੀ ਵਿਚਰ ਸਕਦੇ ਹਨ। "ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿਚ ਕਿਰਿਆ ਵਿਸ਼ੇਸ਼ਣ ਦੇ ਵਿਭਿੰਨ ਵਰਗ ਹਨ, ਇਹ ਸਮੇਂ ਦੀ ਵਿਸ਼ੇਸ਼ਤਾ, ਸਥਾਨ ਜਾਂ ਦਿਸ਼ਾ ਦੀ ਵਿਸ਼ੇਸ਼ਤਾ, ਕਿਰਿਆ ਦੇ ਢੰਗ/ ਤਰੀਕੇ, ਕਿਰਿਆ ਦੀ ਪੁਸ਼ਟੀ ਆਦਿ ਦਾ ਕਾਰਜ ਕਰਦਾ ਹੈ।"[2]

ਪਰੰਪਰਕ ਵਿਆਕਰਨਾਂ ਅਨੁਸਾਰ ਵਾਕ ਨੂੰ 'ਉਦੇਸ਼' ਅਤੇ 'ਵਿਧੇਅ' ਵਿਚ ਵੰਡਿਆ ਜਾਂਦਾ ਸੀ। "ਰਵਾਇਤੀ ਤੌਰ 'ਤੇ ਵਾਕ ਨੂੰ ਦੋ ਹਿੱਸਿਆ ਵਿਚ ਵੰਡਿਆ ਜਾਂਦਾ ਹੈ। ਵਾਕ ਵਿਚ ਉਸ ਤੱਤ ਨੂੰ ਜਿਸ ਬਾਰੇ ਕੁਝ ਕਿਹਾ ਗਿਆ ਹੁੰਦਾ ਹੈ, ਉਦੇਸ਼ ਕਿਹਾ ਜਾਂਦਾ ਹੈ ਅਤੇ ਬਾਕੀ ਦੇ ਭਾਗ ਨੂੰ, ਜਿਸ ਵਿਚ ਉਦੇਸ਼ ਬਾਰੇ ਵਿਚਾਰ ਪ੍ਰਗਟਾਏ ਗਏ ਹੁੰਦੇ ਹਨ, ਉਸਨੂੰ ਵਿਧੇਅ ਦਾ ਨਾਂ ਦਿੱਤਾ ਜਾਂਦਾ ਹੈ। "[3] ਵਾਕ ਵਿਚ ਜਿਸ ਬਾਰੇ ਜ਼ਿਕਰ ਕੀਤਾ ਜਾਵੇ, 'ਉਹ ਉਦੇਸ਼ ਹੈ' ਅਤੇ ਜੋ ਜ਼ਿਕਰ ਕੀਤਾ ਜਾਵੇ, 'ਉਹ ਵਿਧੇਅ ਹੈ।' ਭਾਵ 'ਕਰਤਾ' ਉਦੇਸ਼ ਹੈ

---

1 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 14.

2 Narinder K. Dulai, Pedagogical Grammar of Punjabi, Indian Institute of Language Studies, Patiala, 1989, pn 119.

3 ਜੋਗਿੰਦਰ ਸਿੰਘ ਪੁਆਰ ਤੇ ਹੋਰ, ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ 1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992, ਪੰਨਾ 23.

ਅਤੇ 'ਕਾਰਜ' ਵਿਧੇਅ। ਨਾਂਵ, ਪੜਨਾਂਵ 'ਉਦੇਸ਼' ਦੀ ਸਥਿਤੀ ਵਿਚ ਆਉਂਦੇ ਹਨ, ਵਿਸ਼ੇਸ਼ਣ 'ਵਿਸ਼ੇਸ਼ਕ' ਵਜੋਂ 'ਉਦੇਸ' ਵਿਚ ਵਾਧਾ ਕਰਦੇ ਹਨ। ਵਾਕ ਦਾ ਉਹ ਹਿੱਸਾ ਜਿਸ ਵਿਚ ਨਾਂਵ, ਪੜਨਾਂਵ ਮੁਖ ਤੱਤ ਵਜੋਂ ਕਾਰਜਸ਼ੀਲ ਹੋਵੇ, 'ਨਾਂਵ ਵਾਕੰਸ਼' ਹੈ। ਨਾਂਵ ਵਾਕੰਸ਼, 'ਉਦੇਸ਼' ਦੀ ਸਥਿਤੀ ਵਿਚ ਆਉਂਦਾ ਹੈ। ਵਾਕ ਦੇ ਜਿਸ ਹਿੱਸੇ ਵਿਚ 'ਕਿਰਿਆ' ਮੁਖ ਤੱਤ ਵਜੋਂ ਕਾਰਜਸ਼ੀਲ ਹੋਵੇ, ਉਹ 'ਕਿਰਿਆ ਵਾਕੰਸ਼' ਹੈ, ਕਿਰਿਆ ਵਾਕੰਸ਼ 'ਵਿਧੇਅ' ਦੀ ਸਥਿਤੀ ਵਿਚ ਆਉਂਦਾ ਹੈ। ਕਿਰਿਆ ਵਿਸ਼ੇਸ਼ਣ, ਕਿਰਿਆ ਨਾਲ ਵਿਚਰ ਕੇ 'ਵਿਧੇਅ' ਦੇ ਤੱਤਾਂ ਵਿਚ ਵਾਧਾ ਕਰਦੇ ਹਨ। ਸੋ ਕਿਰਿਆ ਵਿਸ਼ੇਸ਼ਣ ਵੀ 'ਵਿਧੇਅ' ਦਾ ਤੱਤ ਹੈ।

## ਅ. ਕਿਰਿਆ ਵਿਸ਼ੇਸ਼ਣ ਦੁਹਰੁਕਤੀ

"ਵਾਕ ਵਿਚ ਕਿਰਿਆ ਵਿਸ਼ੇਸ਼ਣ ਦੀ
'ਵਾਕੰਸ਼' ਪੱਧਰ 'ਤੇ 'ਦੁਹਰੇ ਰੂਪ' ਵਿਚ
ਵਰਤੋਂ ਕਿਰਿਆ ਵਿਸ਼ੇਸ਼ਣ ਦੁਹਰੁਕਤੀ ਹੈ।"

ਦੁਹਰੁਕਤੀ ਵਿਚ ਇਕ ਸ਼ਬਦ ਰੂਪ ਵਾਕੰਸ਼ ਪੱਧਰ 'ਤੇ ਇਕ ਇਕਾਈ ਦਾ ਕਾਰਜ ਕਰਦਾ ਹੈ, ਜਿਵੇਂ:

ਪੈਰ ਧੋਵਾ ਪਖਾ ਫੇਰਦਾ ਤਿਸੁ **ਨਿਵਿ ਨਿਵਿ** ਲਗਾ ਪਾਇ ਜੀਉ ॥ (ਮਃ ੫) ਅੰਗ ੭੩

**ਸਹਜੇ ਸਹਜੇ** ਮਿਲਿ ਰਹੈ ਅਮਰਾ ਪਦੁ ਪਾਵੈ ॥ (ਮਃ ੧) ਅੰਗ ੭੨੫

ਜਿਹ ਜਿਹ ਡਾਲੀ ਪਗੁ ਧਰਉ ਸੋਈ **ਮੁਰਿ ਮੁਰਿ** ਜਾਇ ॥ (ਕਬੀਰ) ਅੰਗ ੧੩੬੯

**ਊਂਨਵਿ ਊਂਨਵਿ** ਆਇਆ ਅਵਰਿ ਕਰੇਂਦਾ ਵੰਨ ॥ (ਮਃ ੩) ਅੰਗ ੧੨੮੦

**ਝੂਰਤ ਝੂਰਤ** ਸਾਕਤ ਮੂਆ॥ ਜਾ ਕੈ ਰਿਦੈ ਹੋਤ ਭਾਉ ਬੀਆ ॥ (ਮਃ ੫) ਅੰਗ ੨੫੫

ਉਪਰੋਕਤ ਵਾਕਾਂ ਵਿਚ 'ਕਿਰਿਆ ਵਿਸ਼ੇਸ਼ਣ' ਰੂਪ ਕਿਰਿਆ ਵਿਧੀ ਦੀ ਲਗਾਤਾਰਤਾ ਨੂੰ ਲੈਅਮਈ ਚਾਲ ਵਿਚ ਦਰਸਾ ਰਹੇ ਹਨ। ਇਕਹਿਰਾ ਰੂਪ ਕਾਵਿ ਦੇ ਸੁਹਜ ਨੂੰ ਪ੍ਰਭਾਵਿਤ ਕਰਦਾ ਹੈ। ਉਹ ਕਿਰਿਆ

ਵਿਸ਼ੇਸ਼ਣ ਜਿਹੜੇ ਦੂਹਰੇ ਰੂਪ ਵਿਚ ਇਕ ਅਰਥ, ਇਕ ਵਰਗ ਜਾਂ ਵਿਰੋਧੀ ਅਰਥਾਂ ਦੇ ਧਾਰਨੀ ਹੋਣ, ਉਹ 'ਅਰਥਗਤ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ' ਹਨ। ਇਹ ਅਰਥ ਆਧਾਰਿਤ ਹਨ, ਜਿਵੇਂ:

ਗੁਣ ਗਾਵੈ **ਅਨਦਿਨੁ ਨਿਤਿ** ਜਾਗੀ ॥ (ਮਃ ੫) ਅੰਗ ੧੦੯

ਸੋ ਸਤਿਗੁਰੁ ਪੂਜਹੁ **ਦਿਨਸੁ ਰਾਤਿ** ਜਿਨਿ ਜਗੰਨਾਥੁ ਜਗਦੀਸੁ ਜਪਾਇਆ ॥

(ਮਃ ੪) ਅੰਗ ੫੮੬

**ਆਗੈ ਪਾਛੈ** ਰੋਵਹਿ ਪੂਤ ॥ (ਮਃ ੧) ਅੰਗ ੯੫੧

ਦੁਹਰੁਕਤੀਯੁਕਤ ਰੂਪ ਵਿਚ **ਅਨਦਿਨੁ ਨਿਤਿ, ਦਿਨਸੁ ਰਾਤਿ** 'ਕਾਲ ਵਾਚਕ' ਕਿਰਿਆ ਵਿਸ਼ੇਸ਼ਣ ਹਨ, **ਆਗੈ ਪਾਛੈ** 'ਦਿਸ਼ਾ ਵਾਚਕ' ਕਿਰਿਆ ਵਿਸ਼ੇਸ਼ਣ ਹਨ। ਅਨਦਿਨੁ ਨਿਤਿ 'ਸਮਾਨਾਰਥੀ' ਦੁਹਰੁਕਤੀ ਹੈ ਤੇ ਦਿਨਸੁ ਰਾਤਿ, ਆਗੈ ਪਾਛੈ, 'ਵਿਰੋਧਾਰਥੀ' ਦੁਹਰੁਕਤੀ ਹੈ। 'ਅਨਦਿਨੁ ਨਿਤਿ, ਦਿਨਸੁ ਰਾਤਿ' ਦੋਹਾਂ ਦੀ ਸ਼੍ਰੇਣੀ ਵੱਖਰੀ ਹੈ, ਕਿਰਿਆ ਦੀ ਵਿਸ਼ੇਸ਼ਤਾ ਵਜੋਂ ਦੋਹਾਂ ਦਾ ਕਾਰਜ ਸਮਾਨ ਹੈ। ਦੂਹਰੇ ਰੂਪ ਵਿਚ ਇਹ ਸਦਾ/ ਹਮੇਸ਼ਾਂ ਦੇ ਅਰਥਾਂ ਦਾ ਸੰਚਾਰ ਕਰਦੇ ਹਨ। ਕਿਰਿਆ ਵਿਸ਼ੇਸ਼ਣ 'ਅਪੂਰਨ ਦੁਹਰੁਕਤੀ' ਦੇ ਬਹੁਤ ਸੀਮਿਤ ਰੂਪ ਗੁਰਬਾਣੀ ਵਿਚ ਮਿਲਦੇ ਹਨ (ਜਿਹੜਾ ਸ਼ਬਦ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦਾ, ਅਪੂਰਨ ਸ਼ਬਦ ਹੈ), ਜਿਵੇਂ:

ਨਾਮ ਵਿਹੂਣੇ **ਊਣੇ ਝੂਣੇ** ਨਾ ਗੁਰਿ ਸਬਦੁ ਸੁਣਾਇਆ ॥ (ਮਃ ੧) ਅੰਗ ੭੬੭

**ਊਣੇ ਝੂਣੇ** ਅਪੂਰਨ ਦੁਹਰੁਕਤੀਯੁਕਤ ਰੂਪ ਹੈ। 'ਝੂਣੇ' ਨਿੰਮੋਝੂਣੇ ਦਾ ਸੰਖਿਪਤ ਰੂਪ ਹੋਣ ਕਾਰਨ ਅਪੂਰਨ ਪ੍ਰਤੀਤ ਹੁੰਦਾ ਹੈ। ਦੁਹਰੁਕਤੀਯੁਕਤ ਵਰਤੋਂ ਲਈ ਇਸਦਾ ਸੰਖਿਪਤ ਰੂਪ ਵਰਤਿਆ ਗਿਆ ਹੈ, ਇਸਦਾ ਪੂਰਾ ਰੂਪ ਕਾਵਿਕ ਸੁਹਜ ਨੂੰ ਪ੍ਰਭਾਵਿਤ ਕਰਦਾ ਹੈ। ਸੋ ਨਿੰਮੋਝੂਣੇ ਪੂਰਨ ਸ਼ਬਦ ਹੈ, ਜਦਕਿ **ਝੂਣੇ** 'ਅਪੂਰਨ' ਸ਼ਬਦ ਹੈ। ਇਕਹਿਰੇ ਰੂਪ ਵਿਚ ਝੂਣੇ ਸ਼ਬਦ ਦੀ ਵਰਤੋਂ ਅਸੰਭਵ ਹੈ।

## ਏ. ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਵਿਸ਼ੇਸ਼ਣ ਦੁਹਰੁਕਤੀ ਦੇ ਭੇਦ

ਅਧਿਐਨ ਅਧੀਨ ਸਮੱਗਰੀ ਦਾ 'ਰੂਪ, ਕਾਰਜ' ਅਤੇ 'ਅਰਥ' ਦੇ ਆਧਾਰ 'ਤੇ ਵਿਸ਼ਲੇਸ਼ਣ ਕੀਤਾ ਗਿਆ ਹੈ।

**7.1. ਰੂਪ ਅਤੇ ਕਾਰਜ ਦੇ ਆਧਾਰ 'ਤੇ**

**7.1.I. ਮੂਲ ਰੂਪ ਕਿਰਿਆ ਵਿਸ਼ੇਸ਼ਣ ਦੁਹਰੁਕਤੀ**

**7.1.II. ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਦੁਹਰੁਕਤੀਯੁਕਤ ਰੂਪ**

**7.2. ਅਰਥ ਦੇ ਆਧਾਰ 'ਤੇ**

**7.2.I. ਕਾਲ ਵਾਚਕ ਕਿਰਿਆ ਵਿਸ਼ੇਸ਼ਣ**

**7.2.II. ਸਥਾਨ ਵਾਚਕ ਕਿਰਿਆ ਵਿਸ਼ੇਸ਼ਣ**

**7.2.III. ਦਿਸ਼ਾ ਵਾਚਕ ਕਿਰਿਆ ਵਿਸ਼ੇਸ਼ਣ**

**7.2.IV. ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ**

**7.2.V. ਵਿਧੀ ਵਾਚਕ ਕਿਰਿਆ ਵਿਸ਼ੇਸ਼ਣ**

**7.2.VI. ਗਤੀ ਵਾਚਕ ਕਿਰਿਆ ਵਿਸ਼ੇਸ਼ਣ**

ਰੂਪ ਅਤੇ ਕਾਰਜ ਦੇ ਆਧਾਰ 'ਤੇ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦੀਆਂ ਦੋ ਮੁਖ ਕਿਸਮਾਂ ਹਨ: ਮੂਲ ਰੂਪ ਕਿਰਿਆ ਵਿਸ਼ੇਸ਼ਣ ਅਤੇ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਰੂਪ। ਇਹਨਾਂ ਦੋਹਾਂ ਕਿਸਮਾਂ ਦੇ ਅੱਗੋਂ ਉਪਭੇਦ ਵੀ ਮਿਲਦੇ ਹਨ।

**7.1.I. ਮੂਲ ਰੂਪ ਕਿਰਿਆ ਵਿਸ਼ੇਸ਼ਣ ਦੁਹਰੁਕਤੀ:-** ਉਹ ਸ਼ਬਦ ਜਿਹੜੇ ਮੂਲ ਰੂਪ ਵਿਚ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦ ਹਨ ਅਤੇ ਕਾਰਜ ਵਜੋਂ ਵੀ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਮੂਲ ਕਿਰਿਆ ਵਿਸ਼ੇਸ਼ਣ ਦੇ ਗੁਰੂ ਗ੍ਰੰਥ ਸਾਹਿਬ ਵਿਚ ਦੋ ਰੂਪ ਮਿਲਦੇ ਹਨ:

**I.i. ਮੂਲ ਰੂਪ**

**I.ii. ਸੰਖਿਪਤ ਰੂਪ**

**I.i. ਮੂਲ ਰੂਪ:-** ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਮੂਲ ਸ਼ਬਦ ਅਤੇ ਧੁਨੀ ਪਰਿਵਰਤਨ ਦੇ ਆਪਸੀ ਵਟਾਂਦਰੇ ਵਾਲੇ ਰੂਪ ਮਿਲਦੇ ਹਨ। ਜਿਹੜੇ ਅਰਥ ਅਤੇ ਕਾਰਜ ਵਜੋਂ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦਾ ਕਾਰਜ ਕਰਦੇ ਹਨ, ਜਿਵੇਂ:

**ਸਾਰਣੀ- 1.**

| | | | | |
|---|---|---|---|---|
| ਊਨਵਿ ਊਨਵਿ | ਖੰਡ ਖੰਡ | ਟੁਕੁ ਟੁਕੁ | ਨਿਮਖ ਨਿਮਖ | ਬਾਰਿ ਬਾਰਿ |
| ਏਕਾ ਏਕਾ | ਘਸਿ ਘਸਿ | ਠਿਮਿ ਠਿਮਿ | ਨਿਵਿ ਨਿਵਿ | ਬਿੰਦ ਬਿੰਦ |
| ਏਕੀ ਏਕੀ | ਚੁਖ ਚੁਖ | ਤਹ ਤਹ | ਪਲੁ ਪਲੁ | ਮੁਛਿ ਮੁਛਿ |
| ਸਹਜੇ ਸਹਜੇ | ਛਿਨੁ ਛਿਨੁ | ਤਿਉ ਤਿਉ | ਪੁਨਹ ਪੁਨਹ | ਮੁਰਿ ਮੁਰਿ |
| ਸਦ ਸਦ | ਜਹ ਜਹ | ਦੁਇ ਦੁਇ | ਫਿਰਿ ਫਿਰਿ | ਲਾਂਗਤ ਲਾਂਗਤ |
| ਸਦਾ ਸਦਾ | ਜਹਾ ਜਹਾ | ਦੂਰਿ ਦੂਰਿ | ਫੇਰਿ ਫੇਰਿ | ਵਲਿ ਵਲਿ |
| ਸੰਚਿ ਸੰਚਿ | ਜਿਉ ਜਿਉ | ਧੁਖਿ ਧੁਖਿ | ਫੁਨਿ ਫੁਨਿ | ਵਾਰ ਵਾਰ |
| ਖਿਨੁ ਖਿਨੁ | ਝਿਮਿ ਝਿਮਿ | ਨਿਕਟਿ ਨਿਕਟਿ | ਬਹੁਰਿ ਬਹੁਰਿ | ਵਿਲਾੜਿ ਵਿਲਾੜਿ |
| ਖਿਰ ਖਿਰ | ਝੋਲਿ ਝੋਲਿ | ਨਿਤ ਨਿਤ | ਬਹੁੜਿ ਬਹੁੜਿ | |

**ਊਂਨਵਿ ਊਂਨਵਿ** ਆਇਆ ਅਵਰਿ ਕਰੇਂਦਾ ਵੰਨ ॥ (ਮ: ੩) ਅੰਗ ੧੨੮੦

**ਸਹਜੇ ਸਹਜੇ** ਮਿਲਿ ਰਹੈ ਅਮਰਾ ਪਦੁ ਪਾਵੈ ॥ (ਮ: ੧) ਅੰਗ ੭੨੫

**ਝਿਮਿ ਝਿਮਿ** ਵਰਸੈ ਅੰਮ੍ਰਿਤ ਧਾਰਾ ॥ (ਮ: ੫) ਅੰਗ ੧੦੨

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮ: ੩) ਅੰਗ ੧੪੨੦

ਤਿਸੁ ਦੇਵਾ ਮਨੁ ਆਪਣਾ **ਨਿਵਿ ਨਿਵਿ** ਲਾਗਾ ਪਾਇ ॥ (ਮ: ੪) ਅੰਗ ੭੫੯

ਜੋ ਗੁਰ ਦੀਸੈ ਸਿਖੜਾ ਤਿਸੁ **ਨਿਵਿ ਨਿਵਿ** ਲਾਗਉ ਪਾਇ ਜੀਉ ॥ (ਮ: ੧) ਅੰਗ ੭੬੩

ਫਰੀਦਾ ਰਾਤੀ ਵਡੀਆਂ **ਧੁਖਿ ਧੁਖਿ** ਉਠਨਿ ਪਾਸ ॥ (ਫਰੀਦ) ਅੰਗ ੧੩੭੮

ਜਿਹ ਜਿਹ ਡਾਲੀ ਪਗੁ ਧਰਉ ਸੋਈ **ਮੁਰਿ ਮੁਰਿ** ਜਾਇ ॥ (ਕਬੀਰ) ਅੰਗ ੧੩੬੯

ਜਲ ਕੈ ਮਜਨਿ ਜੇ ਗਤਿ ਹੋਵੈ **ਨਿਤ ਨਿਤ** ਮੇਂਡੁਕ ਨਾਵਹਿ ॥ (ਕਬੀਰ) ਅੰਗ ੪੮੪

**ਨਿਤ ਨਿਤ** ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ (ਮ: ੪) ਅੰਗ ੫੬੧

ਉਪਰੋਕਤ ਸ਼ਬਦ ਮੂਲ ਰੂਪ ਵਿਚ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦ ਹਨ। **ਊਂਨਵਿ ਊਂਨਵਿ** ਮੁਖ ਕਿਰਿਆ ਦੀ ਵਿਧੀ ਦਰਸਾ ਰਿਹਾ ਹੈ। **ਸਹਜੇ ਸਹਜੇ** ਵਿਧੀ ਵਾਚਕ ਕਿਰਿਆ ਦੀ ਗਤੀ ਨੂੰ ਦਰਸਾਉਂਦਾ ਹੈ। ਦੁਹਰੁਕਤੀਯੁਕਤ ਰੂਪ ਗਤੀ ਦੀ ਲਗਾਤਾਰਤਾ ਦਾ ਕਾਰਜ ਕਰਦਾ ਹੈ। **ਨਿਵਿ ਨਿਵਿ** ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ ਲਗਾਤਾਰਤਾ ਨੂੰ ਦਰਸਾ ਰਿਹਾ ਹੈ। 'ਝਿਮਿ ਝਿਮਿ' ਕਿਰਿਆ ਦੀ 'ਲਗਾਤਾਰਤਾ' ਤੇ 'ਇਕਸੁਰਤਾ' ਨੂੰ ਦਰਸਾਉਂਦਾ ਹੈ। ਇਕਹਿਰੇ ਰੂਪ ਵਿਚ ਝਿਮਿ ਦੀ ਵਰਤੋਂ ਅਸੰਭਵ ਹੈ। ਉਪਰੋਕਤ ਦੁਹਰੁਕਤੀਯੁਕਤ ਰੂਪ ਕਿਰਿਆ ਦੀ ਵਿਧੀ ਨੂੰ ਦਰਸਾਉਂਦੇ ਹਨ। '**ਮੁਰਿ ਮੁਰਿ**' ਭਾਵ ਲਿਫ ਲਿਫ ਕੇ, ਇਸ ਦਾ ਕਾਰਨ ਵਾਕ ਦੇ ਪਹਿਲੇ ਉਪਵਾਕ ਵਿਚ ਸਪੱਸ਼ਟ ਕੀਤਾ ਹੈ। 'ਨਿਤ ਨਿਤ ਮੇਂਡਕ ਨਾਵਹਿ' ਅਤੇ 'ਨਿਤ ਨਿਤ ਸੇਵ ਕਰੀ' ਵਿਚ 'ਨਿਤ ਨਿਤ' ਦੁਹਰੁਕਤੀਯੁਕਤ ਰੂਪ ਸਦਾ/ ਹਮੇਸ਼ਾਂ 'ਕਾਲ ਵਾਚਕ' ਕਿਰਿਆ ਵਿਸ਼ੇਸ਼ਣ ਵਜੋਂ ਕਾਰਜ ਦੀ ਨਿਰੰਤਰਤਾ ਦਾ ਪ੍ਰਕਾਰਜ ਕਰਦਾ ਹੈ। 'ਨਿਮਖ' ਸ਼ਬਦ 'ਕਾਲ ਵਾਚਕ' ਕਿਰਿਆ ਵਿਸ਼ੇਸ਼ਣ ਅਤੇ 'ਮਾਤਰਾ ਵਾਚਕ' ਕਿਰਿਆ ਵਿਸ਼ੇਸ਼ਣ ਲਈ ਵਰਤਿਆ ਜਾਂਦਾ ਹੈ, ਜਿਵੇਂ:

**ਨਿਮਖ ਨਿਮਖ** ਕਰਿ ਸਰੀਰੁ ਕਟਾਵੈ ॥ (ਮਃ ੫) ਅੰਗ ੨੬੫ ਮਾਤਰਾ ਵਾਚਕ

ਸੋ ਸੇਵਕੁ ਜਿਸੁ ਕਿਰਪਾ ਕਰੀ॥ **ਨਿਮਖ ਨਿਮਖ** ਜਪਿ ਨਾਨਕ ਹਰੀ ॥

(ਮਃ ੫) ਅੰਗ ੨੬੯ ਕਾਲ ਵਾਚਕ

ਪਹਿਲੇ ਵਾਕ ਵਿਚ 'ਨਿਮਖ ਨਿਮਖ' ਦੁਹਰੁਕਤੀਯੁਕਤ ਰੂਪ ਸਰੀਰੁ ਨੂੰ 'ਭੋਰਾ ਭੋਰਾ' ਮਾਤਰਾ ਵਿਚ ਕਟਵਾਉਣ ਦੀ ਵਿਸ਼ੇਸ਼ਤਾ ਦਰਸਾਉਂਦਾ ਹੈ। ਦੂਜੇ ਵਾਕ ਵਿਚ ਕਿਰਿਆ 'ਜਪਿ' ਦੀ ਵਿਸ਼ੇਸ਼ਤਾ ਭਾਵ 'ਪਲ ਪਲ' ਨਾਨਕ ਹਰੀ ਦਾ ਜਾਪ ਕਰਨਾ। ਵਾਕ ਦੇ ਪ੍ਰਸੰਗ ਵਿਚ 'ਨਿਮਖ' ਦੇ ਅਰਥ ਬਦਲ ਰਹੇ ਹਨ। 'ਪਲੁ, ਵਿਸੁਏ, ਚਸਿਆ, ਮੁਹਤ, ਖਿਨੁ, ਛਿਨੁ, ਨਿਮਖ, ਪਹਰ, ਦਿਨਸੁ, ਰੈਣਿ, ਨਿਤਿ, ਅਹਨਿਸਿ, ਬਿੰਦ, ਮਾਹ, ਬਰਸ, ਨਿਸਿ, ਬਾਸਰ, ਆਜਹੁ, ਕਲ, ਅਬੁ, ਅਜੁ, ਪ੍ਰਭਾਤਿ, ਜੁਗੁ' ਕਾਲ ਵਾਚਕ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। 'ਦੂਰਿ, ਨਿਕਟਿ, ਨਿਰਵਾ, ਨਿਵਰੀ, ਨਿਵਰਹਿ, ਨਿਵਰੇ, ਨਿਵਰੈ, ਨੇਰੇ, ਨੇਰੈ, ਨੇੜੈ' ਦਿਸ਼ਾ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਹਨ।

ਮੂਲ ਕਿਰਿਆ ਵਿਸ਼ੇਸ਼ਣ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜਿਹੜੇ ਸੁਹਜ ਪੈਦਾ ਕਰਨ ਲਈ ਸਿੱਧੇ ਰੂਪ ਵਿਚ ਨਹੀਂ, ਬਲਕਿ ਵਿਸ਼ੇਸ਼ ਰੂਪ ਵਿਚ ਵਰਤੇ ਗਏ ਹਨ। ਜਿਵੇਂ 'ਡੁਬ' ਕਿਰਿਆ ਰੂਪ ਨੂੰ ਬੁਡਿ, 'ਡੁਸਕ ਡੁਸਕ' ਨੂੰ ਮੁਸਿ ਮੁਸਿ, 'ਠੁਮਕ ਠੁਮਕ' ਨੂੰ ਠਿਮਿ ਠਿਮਿ, 'ਨੀਵਾਂ' ਨੂੰ ਊਨਵਿ ਊਨਵਿ, 'ਖਿੜ ਖਿੜ' ਨੂੰ ਖਿਰਿ ਖਿਰਿ ਆਦਿ।

**ਸਾਰਣੀ- 2.**

| ਮੂਲ ਰੂਪ | ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਵਿਸ਼ੇਸ਼ ਰੂਪ |
|---|---|
| ਨੀਵਾਂ | ਊਨਵਿ ਊਨਵਿ[4] |
| ਨੀਵਾਂ | ਨਿਵਿ ਨਿਵਿ |

---

[4] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦੱਸਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1964,

| | |
|---|---|
| ਖਿੜ | ਖਿਰ ਖਿਰ (ਫ਼ਾਰਸੀ)[5] |
| ਵਰਸ | ਬਰਸ ਬਰਸ (ਸੰਸਕ੍ਰਿਤ)[6] |
| ਭੋਰਾ ਭੋਰਾ | ਚੁਖੁ ਚੁਖੁ |
| ਡੁਸਕ | ਮੁਸਿ ਮੁਸਿ (ਸੰਸਕ੍ਰਿਤ ਮੁਸ)[7] |
| ਟੋਟੇ | ਖੰਡ ਖੰਡ (ਸੰਸਕ੍ਰਿਤ)[8] |
| ਟੋਟੇ | ਮੁਛਿ ਮੁਛਿ[9] |
| ਠੁਮਕ ਠੁਮਕ | ਠਿਮਿ ਠਿਮਿ[10] |
| ਭ੍ਰਮਣ | ਭਵਿ ਭਵਿ (ਸੰਸਕ੍ਰਿਤ)[11] |

**ਊਂਨਵਿ ਊਂਨਵਿ** ਆਇਆ ਅਵਰਿ ਕਰੇਂਦਾ ਵੰਨ ॥ (ਮਃ ੩) ਅੰਗ ੧੨੮੦

ਬਦਨੈ ਬਿਨੁ **ਖਿਰ ਖਿਰ** ਹਾਸਤਾ ॥ (ਕਬੀਰ) ਅੰਗ ੧੧੯੪

ਪੜੀਅਹਿ ਜੇਤੇ **ਬਰਸ ਬਰਸ** ਪੜੀਅਹਿ ਜੇਤੇ ਮਾਸ ॥ (ਮਃ ੧) ਅੰਗ ੪੬੭

**ਮੁਸਿ ਮੁਸਿ** ਰੋਵੈ ਕਬੀਰ ਕੀ ਮਾਈ ॥  (ਕਬੀਰ) ਅੰਗ ੫੨੪

ਬਦਨੈ ਬਿਨੁ **ਖਿਰ ਖਿਰ** ਹਾਸਤਾ ॥ (ਕਬੀਰ) ਅੰਗ ੧੧੯੪

---

5 ਭਾਈ ਕਾਨ੍ਹ ਸਿੰਘ ਨਾਭਾ, ਗੁਰ ਸ਼ਬਦ ਰਤਨਾਕਰ ਮਹਾਨਕੋਸ਼, ਭਾਸ਼ਾ ਵਿਭਾਗ, ਪੰਜਾਬ, 1981 (4th ed), ਪੰਨਾ 379.

6 ਓਹੀ, ਪੰਨਾ 840.

7 ਓਹੀ, ਪੰਨਾ 975.

8 ਓਹੀ, ਪੰਨਾ 387.

9 ਓਹੀ, ਪੰਨਾ 984.

10 ਓਹੀ, ਪੰਨਾ 556.

11 ਓਹੀ, ਪੰਨਾ 909.

'ਬਰਸ ਬਰਸ' ਅਤੇ 'ਖਿਰ ਖਿਰ' ਵਿਚ ਧੁਨੀ ਪਰਿਵਰਤਨ (ਵਰਸ ਤੋਂ ਬਰਸ ਵ/ਬ) (ਖਿੜ ਤੋਂ ਖਿਰ ੜ/ਰ) ਹੋ ਰਿਹਾ ਹੈ। ਦੁਹਰੁਕਤੀਯੁਕਤ ਰੂਪ ਵਿਚ ਬਰਸ ਬਰਸ (ਸਾਲਾਂ ਦਾ ਸਾਲ/ ਕਈ ਸਾਲ) ਕਾਲ ਦੀ ਵਿਸ਼ੇਸ਼ਤਾ ਅਤੇ ਖਿਰ ਖਿਰ (ਹਾਸਤਾ) ਮੁਖ ਕਿਰਿਆ ਦੀ ਵਿਧੀ ਨੂੰ ਦਰਸਾਉਂਦਾ ਹੈ। **ਖਿਰ ਖਿਰ** ਧੁਨੀ ਪਰਿਵਰਤਨ ਸ਼ਬਦਾਂ ਦਾ ਅਰਥ ਜਾਂ ਕਾਰਜ ਨਹੀਂ ਬਦਲ ਰਿਹਾ, ਦੂਹਰਾ ਰੂਪ ਕੇਵਲ ਸੁਹਜ ਵਿਚ ਵਾਧੇ ਦਾ ਕਾਰਜ ਕਰ ਰਿਹਾ ਹੈ, ਸ਼ਬਦਾਂ ਦੇ ਅਰਥ ਤੇ ਕਾਰਜ ਮੂਲ ਸ਼ਬਦ ਵਾਲਾ ਹੀ ਹੈ। ਬਰਸ ਬਰਸ ਦੀ ਦੁਹਰੁਕਤੀ ਵਿਚ ਬਰਸ ਦਾ ਮੂਲ ਅਰਥ ਕਾਇਮ ਰਹਿੰਦਾ ਹੈ, ਦੂਹਰੀ ਵਰਤੋਂ ਕਾਲ ਦੀ ਅਨਿਸ਼ਚਤ ਸੀਮਾ ਦਾ ਕਾਰਜ ਕਰਦੀ ਹੈ।

I.ii. **ਸੰਖਿਪਤ ਰੂਪ:-** ਉਹ ਸ਼ਬਦ ਜਿਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪ ਵਿਚ ਨਹੀਂ, ਬਲਕਿ ਛੋਟੇ ਰੂਪ ਵਿਚ ਵਰਤਿਆ ਗਿਆ ਹੈ, ਉਹ ਸੰਖਿਪਤ ਰੂਪ ਹਨ। ਇਹ ਵੀ ਗੁਰਬਾਣੀ ਦੀ ਭਾਸ਼ਾਈ ਵਿਸ਼ੇਸ਼ਤਾ ਹੈ, ਕਿ ਸੰਖਿਪਤ ਰੂਪ ਵੀ ਪੂਰਨ ਅਰਥ ਪ੍ਰਗਟਾਉਂਦੇ ਹਨ, ਜਿਵੇਂ:

ਅਮਰ ਭਏ **ਸਦ ਸਦ** ਹੀ ਜੀਵਹਿ ॥ (ਮਃ ੫) ਅੰਗ ੨੭੬

ਨਾਨਕ ਪ੍ਰਭ ਸਰਣਾਗਤੀ **ਸਦ ਸਦ** ਕੁਰਬਾਣਾ ॥ (ਮਃ ੫) ਅੰਗ ੩੧੮

**ਸਦ ਸਦ** 'ਸਦਾ' ਦਾ ਸੰਖਿਪਤ ਰੂਪ 'ਹਮੇਸ਼ਾ' ਦੇ ਅਰਥਾਂ ਵਿਚ ਕਾਰਜ ਕਰ ਰਿਹਾ ਹੈ।

**7.1.II. ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਦੁਹਰੁਕਤੀਯੁਕਤ ਰੂਪ:-** ਗੁਰਬਾਣੀ ਵਿਚ ਕੁਝ ਅਜਿਹੇ ਰੂਪ ਮਿਲਦੇ ਹਨ, ਜੋ ਅਰਥ ਪੱਖ ਤੋਂ ਮੂਲ ਰੂਪ ਵਿਚ 'ਨਾਂਵ, ਵਿਸ਼ੇਸ਼ਣ' ਜਾਂ 'ਕਿਰਿਆ' ਸ਼੍ਰੇਣੀ ਦੇ ਸ਼ਬਦ ਹਨ, ਪਰ ਵਾਕ ਦੇ ਪ੍ਰਸੰਗ ਵਿਚ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਇਸਦੇ ਤਿੰਨ ਰੂਪ ਮਿਲਦੇ ਹਨ:

**II.i. ਨਾਂਵ ਰੂਪੀ ਕਿਰਿਆ ਵਿਸ਼ੇਸ਼ਣ**

**II.ii. ਕਿਰਿਆ ਰੂਪੀ ਕਿਰਿਆ ਵਿਸ਼ੇਸ਼ਣ**

**II.iii. ਮੂਲ ਰੂਪ+ ਵਧੇਤਰ**

**II.i. ਨਾਂਵ ਰੂਪੀ ਕਿਰਿਆ ਵਿਸ਼ੇਸਣ:-** ਨਾਂਵ ਤੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਉਹ ਸ਼ਬਦ, ਜੋ ਮੂਲ ਰੂਪ ਵਿਚ 'ਨਾਂਵ ਸ਼੍ਰੇਣੀ' ਦੇ ਸ਼ਬਦ ਹਨ, ਪਰ ਕਾਰਜ ਪੱਖ ਤੋਂ 'ਕਿਰਿਆ ਵਿਸ਼ੇਸ਼ਣ' ਵਜੋਂ ਵਾਕ ਵਿਚ ਕਾਰਜਸ਼ੀਲ ਹਨ। ਅਜਿਹੇ ਸ਼ਬਦਾਂ ਨੂੰ ਸ਼ੁੱਧ ਰੂਪ ਵਿਚ 'ਕਿਰਿਆ ਵਿਸ਼ੇਸ਼ਣ' ਨਹੀਂ ਕਿਹਾ ਜਾ ਸਕਦਾ, ਸਿਰਫ ਕਾਰਜ ਪੱਖ ਤੋਂ ਕਿਰਿਆ ਵਿਸ਼ੇਸ਼ਣ ਦੀ ਸ਼੍ਰੇਣੀ ਵਿਚ ਰੱਖਿਆ ਜਾ ਸਕਦਾ ਹੈ। ਜਿਵੇਂ ਹੇਠਾਂ ਦਿੱਤੇ ਨਾਂਵ ਰੂਪ 'ਕਿਰਿਆ ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰ ਰਹੇ ਹਨ।

**ਸਾਰਣੀ- 3.**

| | |
|---|---|
| ਤਪਿ ਤਪਿ | ਛਿਟੀ ਛਿਟੀ |
| ਵਿਸੂਰਿ ਵਿਸੂਰਿ | ਰਸਿ ਰਸਿ |
| ਭੁਲਿ ਭੁਲਿ | ਡਰਿ ਡਰਿ |
| ਲੁਡਿ ਲੁਡਿ | ਪੁਰਜਾ ਪੁਰਜਾ |

ਮਨਮੁਖਿ ਅੰਧਾ **ਤਪਿ ਤਪਿ** ਖਪੈ ਬਿਨੁ ਸਬਦੈ ਸਾਂਤਿ ਨ ਆਈ ॥ (ਮਃ ੩) ਅੰਗ ੫੭੧

**ਤਪਿ ਤਪਿ** ਖਪੈ ਬਹੁਤੁ ਬੇਕਾਰ ॥ (ਮਃ ੧) ਅੰਗ ੬੬੧

ਨਾਮ ਬਿਹੂਨੜਿਆ ਸੇ ਮਰਨ੍ਹਿ **ਵਿਸੂਰਿ ਵਿਸੂਰਿ** ॥ (ਮਃ ੫) ਅੰਗ ੩੯੭

ਪੰਡਿਤ **ਭੁਲਿ ਭੁਲਿ** ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥

(ਮਃ ੩) ਅੰਗ ੫੧੩

'ਤਪਿ ਤਪਿ, ਡਰਿ ਡਰਿ, ਵਿਸੂਰਿ ਵਿਸੂਰਿ, ਭੁਲਿ ਭੁਲਿ' ਭਾਵ ਵਾਚਕ ਨਾਂਵ ਹਨ। ਉਪਰੋਕਤ ਵਾਕਾਂ ਵਿਚ ਦੂਹਰੇ ਸ਼ਬਦ ਵਾਕ ਦੇ ਪ੍ਰਸੰਗ ਵਿਚ ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਦਾ ਪ੍ਰਕਾਰਜ ਕਰ ਰਹੇ ਹਨ।

ਮਨੁੱਖ ਵਿਕਾਰਾਂ ਕਰਕੇ ਦੁਖੀ ਹੋ ਹੋ ਕੇ ਖਪ ਰਿਹਾ ਹੈ। **ਵਿਸੂਰਿ ਵਿਸੂਰਿ** ਭਾਵ 'ਝੂਰ ਝੂਰ ਕੇ'[12] 'ਝੂਰ' ਭਾਵ ਵਾਚਕ ਨਾਂਵ ਹੈ, ਇਥੇ ਇਹ ਕਿਰਿਆ (ਮਰਨ) ਦੀ ਵਿਧੀ ਨੂੰ ਕਿਰਿਆ ਵਿਸ਼ੇਸ਼ਣ ਰਾਹੀਂ ਪ੍ਰਗਟਾ ਰਿਹਾ ਹੈ। 'ਭੁਲਿ ਭੁਲਿ' ਭਾਵ ਵਾਚਕ ਨਾਂਵ ਬਾਰੰਬਾਰਤਾ ਦੇ ਅਰਥਾਂ ਵਿਚ ਹੈ, ਪੰਡਿਤ ਮੁੜ ਮੁੜ ਜਾਂ ਬਾਰ ਬਾਰ ਮਾਇਆ ਵੱਲ ਵੇਖਦਾ ਹੈ। ਬਾਰੰਬਾਰਤਾ ਦਾ ਭਾਵ ਪੰਡਿਤ ਦੀ ਤ੍ਰਿਸ਼ਨਾ ਨੂੰ ਦਰਸਾ ਰਿਹਾ ਹੈ।

ਜਨ ਨਾਨਕ ਨਾਮੁ ਸਲਾਹਿ ਤੂ **ਲੁਡਿ ਲੁਡਿ** ਦਰਗਹਿ ਵੰਞੁ ॥ (ਮਃ ੪) ਅੰਗ ੧੩੧੮

**ਲੁਡਿ** 'ਲੁਡੀ' ਨਾਂਵ ਰੂਪ ਤੋਂ ਬਣਿਆ ਕਿਰਿਆ ਵਿਸ਼ੇਸ਼ਣ ਰੂਪ, ਆਮ ਨਾਂਵ 'ਖੁਸ਼ੀ' ਦਾ ਪ੍ਰਤੀਕ ਹੈ। ਮਨੁੱਖ ਖੁਸ਼ੀ ਵਿਚ ਲੁੱਡੀ ਪਾਉਂਦਾ ਹੈ, ਇਸਦਾ ਸੰਬੰਧ ਮਨੁਖ ਦੇ ਮਾਨਸਿਕ ਖਿੜਾਉ ਨਾਲ ਜੁੜਦਾ ਹੈ। ਨਾਨਕ ਦੀ ਸਿਫਤ ਸਲਾਹ ਕਰਨ ਵਾਲਾ ਲੁੱਡੀ ਪਾਉਂਦਾ, ਭਾਵ ਪ੍ਰਸੰਨਤਾ ਨਾਲ ਦਰਗਾਹ ਵਿਚ ਜਾਂਦਾ ਹੈ। ਵਾਕ ਦੀ ਭਾਵ ਬਣਤਰ ਵਿਚ 'ਲੁਡਿ' ਭਾਵ ਵਾਚਕ ਨਾਂਵ ਵਜੋਂ ਕਿਰਿਆ ਦੀ ਵਿਸ਼ੇਸਤਾ ਦਰਸਾਉਂਦਾ ਹੈ। **ਵੰਞੁ** 'ਜਾਣ ਦੀ ਵਿਧੀ' ਦੇ ਕਾਰਜ ਵਜੋਂ ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਦਾ ਪ੍ਰਕਾਰਜ ਕਰ ਰਿਹਾ ਹੈ।

ਗਿਰਿਓ ਜਾਇ ਰਸਾਤਲਿ ਪਰਿਓ **ਛਿਟੀ ਛਿਟੀ** ਸਿਰ ਭਾਰੈ ॥ (ਮਃ ੫) ਅੰਗ ੧੨੦੫

**ਛਿਟੀ ਛਿਟੀ** 'ਕਿਰਿਆ ਵਿਸ਼ੇਸ਼ਣ' ਰੂਪ ਵਸਤੂ ਵਾਚਕ ਆਮ ਨਾਂਵ 'ਛਟੀ' ਭਾਵ 'ਟਹਿਣੀ' ਤੋਂ ਆਇਆ ਹੈ। '**ਛਿਟੀ ਛਿਟੀ** (ਛਟੀ, ਟਹਿਣੀ) ਟੋਟੇ ਟੋਟੇ'[13] ਦੇ ਅਰਥਾਂ ਵਿਚ ਪ੍ਰਕਾਰਜਸ਼ੀਲ ਹੈ। ਛਟੀ ਦੀ ਪ੍ਰਕਿਰਤੀ ਦੇ ਆਧਾਰ 'ਤੇ ਇਹ ਅਰਥਾਂ ਦਾ ਸੰਚਾਰ ਕਰਦਾ ਹੈ। ਜਿਵੇਂ ਦਰੱਖਤ ਦੀ ਛਟੀ ਛਟੀ ਜਾਂ ਟਹਿਣੀ ਟਹਿਣੀ ਇਕ ਸੰਗਠਿਤ ਰੂਪ ਵਿਚ ਨਹੀਂ, ਸਗੋਂ ਖੰਡਿਤ ਰੂਪ ਵਿਚ ਹੁੰਦੀਆਂ ਹਨ। ਇਸ ਤੁਕ ਦੇ ਅਰਥ ਇਸਤੋਂ ਪਿਛਲੀ ਤੁਕ ਨਾਲ ਜੋੜ ਕੇ ਵਧੇਰੇ ਚੰਗੀ ਤਰ੍ਹਾਂ ਸਪੱਸ਼ਟ ਹੁੰਦੇ ਹਨ:

ਕਾਟੈ ਪੇਡੁ ਡਾਲ ਪਰਿ ਠਾਢੌ ਖਾਇ ਖਾਇ ਮੁਸਕਾਰੈ ॥

ਗਿਰਿਓ ਜਾਇ ਰਸਾਤਲਿ ਪਰਿਓ **ਛਿਟੀ ਛਿਟੀ** ਸਿਰ ਭਾਰੈ ॥

---

12 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਤੀਜੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 269.

13 ਗਿਆਨੀ ਮਨੀ ਸਿੰਘ, ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸੱਤਵੀਂ ਸੈਂਚੀ), ਗੁਰਬਾਣੀ ਸਟੱਡੀ ਸੁਸਾਇਟੀ, ਕੈਨੇਡਾ, 1993, ਪੰਨਾ 519.

"ਮਨੁੱਖ ਰੁੱਖ ਦੇ ਟਹਿਣੇ ਤੇ ਖੜਾ ਹੋ ਕੇ ਉਸਨੂੰ ਕੱਟ ਰਿਹਾ ਹੈ, ਤੇ ਖਾ ਖਾ ਕੇ ਮੁਸਕਰਾ ਰਿਹਾ ਹੈ। ਰੁਖ ਵੱਢਿਆ ਜਾਣ 'ਤੇ ਉਹ (ਮਨੁੱਖ) ਸਿਰ ਪਰਨੇ ਧਰਤੀ 'ਤੇ ਜਾ ਡਿੱਗਦਾ ਹੈ ਤੇ ਖੰਡ ਖੰਡ/ ਟੋਟੋ ਟੋਟੇ ਹੋ ਜਾਂਦਾ ਹੈ।"[14] 'ਰੁਖ, ਛਿਟੀ' ਆਦਿ ਨੂੰ ਪ੍ਰਤੀਕ ਵਜੋਂ ਲਿਆ ਹੈ। ਇਸੇ ਤਰ੍ਹਾਂ ਪੁਰਜਾ ਵਸਤੂ ਵਾਚਕ ਨਾਂਵ ਦੂਹਰੇ ਰੂਪ ਵਿਚ ਕਿਰਿਆ ਵਿਸ਼ੇਸ਼ਣ ਹੈ:

**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਕਬੀਰ) ਅੰਗ ੧੧੦੫

ਇਕਹਿਰੇ ਰੂਪ ਵਿਚ 'ਪੁਰਜਾ' ਨਾਂਵ ਹੈ, ਇਸਦੀ ਪ੍ਰਕਿਰਤੀ ਦੇ ਆਧਾਰ 'ਤੇ ਇਹ ਕਿਰਿਆ ਵਿਸ਼ੇਸ਼ਣ ਦੇ ਅਰਥ ਗ੍ਰਹਿਣ ਕਰਦਾ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰ ਰਿਹਾ ਹੈ। ਕਿਰਿਆ ਵਿਸ਼ੇਸਣ ਵਜੋਂ ਇਸਦੀ ਵਰਤੋਂ ਇਕਹਿਰੇ ਰੂਪ ਵਿਚ ਅਸੰਭਵ ਹੈ। ਨਾਂਵ ਦੇ ਅਰਥਾਂ ਵਿਚ 'ਪੁਰਜਾ' ਦੀ ਵਰਤੋਂ ਗੁਰਬਾਣੀ ਵਿਚ ਨਹੀਂ ਮਿਲਦੀ।

**II.ii. ਕਿਰਿਆ ਰੂਪੀ ਕਿਰਿਆ ਵਿਸ਼ੇਸ਼ਣ:-** ਕਿਰਿਆ ਦੇ ਉਹ ਰੂਪ ਜਿਹੜੇ ਵਾਕ ਦੇ ਪ੍ਰਸੰਗ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ, 'ਕਿਰਿਆ ਰੂਪੀ ਕਿਰਿਆ ਵਿਸ਼ੇਸ਼ਣ' ਹਨ। ਸ਼ੁੱਧ ਰੂਪ ਵਿਚ ਇਹ ਕਿਰਿਆ ਵਿਸ਼ੇਸਣ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ, ਬਲਕਿ ਕਾਰਜ ਵਜੋਂ ਕਿਰਿਆ ਦੀ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ।

**ਸਾਰਣੀ- 4.**

| | | | |
|---|---|---|---|
| ਕਟਿ ਕਟਿ | ਚੁਨਿ ਚੁਨਿ | ਥਰ ਥਰ | ਭ੍ਰਮਿ ਭ੍ਰਮਿ |
| ਕਾਟਿ ਕਾਟਿ | ਜਲਿ ਜਲਿ | ਧਾਇ ਧਾਇ | ਭ੍ਰਮਤ ਭ੍ਰਮਤ |
| ਕੁਦਿ ਕੁਦਿ | ਝੜਿ ਝੜਿ | ਧਾਵਤ ਧਾਵਤ | ਭ੍ਰਮਤੇ ਭ੍ਰਮਤੇ |
| ਖੁਸਿ ਖੁਸਿ | ਝਖਦਾ ਝਖਦਾ | ਧੋਇ ਧੋਇ | ਭ੍ਰਮਤੌ ਭ੍ਰਮਤੌ |

14 ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਅੱਠਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1964, ਪੰਨਾ 696.

| | | | |
|---|---|---|---|
| ਖੋਜਤ ਖੋਜਤ | ਝਾਰਿ ਝਾਰਿ | ਪਚਿ ਪਚਿ | ਮਟਕਿ ਮਟਕਿ |
| ਗਣਿ ਗਣਿ | ਡੁਬਿ ਡੁਬਿ | ਫਿਰਤ ਫਿਰਤ | ਮਪਿ ਮਪਿ |
| ਗਿਰਿ ਗਿਰਿ | ਡੋਲਿ ਡੋਲਿ | ਭਉ ਭਉ | ਮਲਿ ਮਲਿ |
| ਘੜਿ ਘੜਿ | ਡੋਲਤ ਡੋਲਤ | ਭਨਿ ਭਨਿ | ਰਚਿ ਰਚਿ |
| ਘੋਲਿ ਘੋਲਿ | ਢਹਿ ਢਹਿ | ਭਰਿ ਭਰਿ | ਲੁਹਿ ਲੁਹਿ |
| ਚਬਿ ਚਬਿ | ਢਹਤ ਢਹਤ | ਭਵਿ ਭਵਿ | |

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ **ਮਲਿ ਮਲਿ** ਧੋਵੈ ॥ (ਮਃ ੧) ਅੰਗ ੧੩੯

ਹਮ ਤਿਨ ਕੇ ਚਰਣ ਪਖਾਲਦੇ ਧੂੜਿ **ਘੋਲਿ ਘੋਲਿ** ਪੀਜੈ ॥ (ਮਃ ੪) ਅੰਗ ੭੨੬

ਮਾਤਾ ਭੈਸਾ ਅੰਮੁਹਾ ਜਾਇ॥ **ਕੁਦਿ ਕੁਦਿ** ਚਰੈ ਰਸਾਤਲਿ ਪਾਇ ॥ (ਕਬੀਰ) ਅੰਗ ੩੨੬

**ਮਪਿ ਮਪਿ** ਕਾਟਉ ਜਮ ਕੀ ਫਾਸੀ ॥ (ਨਾਮਦੇਵ) ਅੰਗ ੪੮੫

**ਗਣਿ ਗਣਿ** ਜੋਤਕੁ ਕਾਂਡੀ ਕੀਨੀ ॥ (ਮਃ ੧) ਅੰਗ ੯੦੪

**ਢਹਤ ਢਹਤ** ਅਬ ਢਹਿ ਪਰੇ ਸਾਧ ਜਨਾ ਸਰਨਾਇ ॥ (ਮਃ ੫) ਅੰਗ ੨੫੬

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ **ਡੁਬਿ ਡੁਬਿ** ਮਰੀਐ ॥

(ਮਃ ੧) ਅੰਗ ੧੧੨੫

ਦੂਜਾ ਸੇਵਨਿ ਨਾਨਕਾ ਸੇ **ਪਚਿ ਪਚਿ** ਮੁਏ ਅਜਾਣ ॥ (ਮਃ ੪) ਅੰਗ ੩੧੫

**ਫਿਰਤ ਫਿਰਤ** ਪ੍ਰਭ ਆਇਆ ਪਰਿਆ ਤਉ ਸਰਨਾਇ ॥ (ਮਃ ੫) ਅੰਗ ੨੯੯

**ਡੋਲਿ ਡੋਲਿ** ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ (ਮਃ ੫) ਅੰਗ ੪੦੫

**ਖੁਸਿ ਖੁਸਿ** ਲੈਦਾ ਵਸਤੁ ਪਰਾਈ॥ ਵੇਖੈ ਸੁਣੇ ਤੇਰੈ ਨਾਲਿ ਖੁਦਾਈ ॥

(ਮਃ ੫) ਅੰਗ ੧੦੨੦

'ਮਲਿ ਮਲਿ, ਘੋਲਿ ਘੋਲਿ, ਕੁਦਿ ਕੁਦਿ, ਮਪਿ ਮਪਿ, ਗਣਿ ਗਣਿ, ਢਹਤ ਢਹਤ, ਡੁਬਿ ਡੁਬਿ, ਪਚਿ ਪਚਿ, ਫਿਰਤ ਫਿਰਤ, ਡੋਲਿ ਡੋਲਿ, ਖੁਸਿ ਖੁਸਿ' ਮੂਲ ਰੂਪ ਵਿਚ 'ਕਿਰਿਆ' ਸ਼੍ਰੇਣੀ ਦੇ ਸ਼ਬਦ ਹਨ। ਵਾਕ ਵਿਚ ਜੇਕਰ ਕੋਈ ਸੰਚਾਲਕ ਕਿਰਿਆ ਕਾਰਜਸ਼ੀਲ ਹੋਵੇ, ਤਾਂ ਇਹ ਮੁਖ ਕਿਰਿਆ ਦਾ ਕਾਰਜ ਕਰਦੇ ਹਨ। ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਰੂਪ ਵਿਚ ਇਹ 'ਵਿਧੀ ਵਾਚਕ' ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ ਅਤੇ ਕਾਵਿ ਦੀ ਲੈਅਮਈ ਸੁਰ ਬਣਾਈ ਰੱਖਦੇ ਹਨ। ਇਹ ਮੁਖ ਕਿਰਿਆ ਦੀ ਵਿਧੀ ਨੂੰ ਦਰਸਾ ਰਹੇ ਹਨ। ਇਕਹਿਰੇ ਰੂਪ ਵਿਚ ਅਜਿਹੇ ਸ਼ਬਦ ਅਰਥ ਅਤੇ ਚਾਲ ਨੂੰ ਪ੍ਰਭਾਵਿਤ ਕਰਦੇ ਹਨ। 'ਘੋਲਿ' ਮੁਖ ਕਿਰਿਆ ਨਾਲ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ, ਪਰ ਸੰਚਾਲਕ ਕਿਰਿਆ ਨਾਲ ਮੁਖ ਕਿਰਿਆ ਦਾ ਕਾਰਜ ਕਰਦਾ ਹੈ, ਜਿਵੇਂ:

ਹਮ ਤਿਨ ਕੇ ਚਰਣ ਪਖਾਲਦੇ ਧੂੜਿ **ਘੋਲਿ ਘੋਲਿ** ਪੀਜੈ ॥ (ਮਃ ੪) ਅੰਗ ੧੨੬

ਮੈਂ ਧੂੜਿ (ਨਾਂਵ) ਨੂੰ ਘੋਲਿ ਘੋਲਿ (ਕਿਰਿਆ ਵਿਸ਼ੇਸਣ) ਕੇ ਪੀਂਦਾ (ਮੁਖ ਕਿਰਿਆ) ਹਾਂ, ਵਾਕ ਵਿਚ 'ਘੋਲਿ ਘੋਲਿ' ਮੁਖ ਕਿਰਿਆ ਦੀ ਵਿਧੀ ਦਰਸਾ ਰਿਹਾ ਹੈ। 'ਮੈਂ ਪਾਣੀ ਵਿਚ ਰੰਗ ਘੋਲ ਰਹੀ ਹਾਂ' ਵਾਕ ਵਿਚ 'ਘੋਲ' ਮੁਖ ਕਿਰਿਆ ਹੈ, 'ਰਹੀ' ਸੰਚਾਲਕ ਕਿਰਿਆ ਹੈ। ਇਸੇ ਤਰ੍ਹਾਂ ਉਪਰੋਕਤ ਵਾਕਾਂ ਵਿਚ ਮੁਖ ਕਿਰਿਆ ਨਾਲ ਦੂਹਰੇ ਰੂਪ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ।

**II.iii. ਮੂਲ ਰੂਪ+ ਵਧੇਤਰ:-** ਪੁਰਾਤਨ ਭਾਸ਼ਾ ਸੰਯੋਗਾਤਮਕ ਹੋਣ ਕਾਰਨ ਸੰਬੰਧਕਾਂ ਦੀ ਵਰਤੋਂ ਘੱਟ ਕੀਤੀ ਜਾਂਦੀ ਸੀ। ਸੰਬੰਧਕਾਂ ਦੇ ਪ੍ਰਕਾਰਜ ਲਈ ਮੂਲ ਰੂਪ ਨਾਲ ਵਧੇਤਰਾਂ ਦੀ ਵਰਤੋਂ ਕੀਤੀ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਦੇ ਸੰਯੋਗਾਤਮਕ ਹੋਣ ਕਾਰਨ ਸੰਬੰਧਕ ਨਾ ਮਾਤਰ ਮਿਲਦੇ ਹਨ, ਵਧੇਰੇ ਮਾਤਰਾ ਵਿਚ ਵਧੇਤਰਾਂ ਦੀ ਵਰਤੋਂ ਮਿਲਦੀ ਹੈ। ਪੰਜਾਬੀ ਭਾਸ਼ਾ ਵਿਚ ਵਧੇਤਰ ਦੋ ਤਰ੍ਹਾਂ ਦੇ ਹਨ, 'ਅਗੇਤਰ ਅਤੇ ਪਿਛੇਤਰ।' (ਸਾਡੀ ਸਮਝ ਅਨੁਸਾਰ ਪੰਜਾਬੀ ਵਿਚ ਤਿੰਨੇ ਤਰ੍ਹਾਂ ਦੇ ਵਧੇਤਰ ਵਰਤੇ ਜਾਂਦੇ ਹਨ) 'ਅਗੇਤਰ' ਰੂਪਾਂ ਦੀ ਵਰਤੋਂ ਵਿਰੋਧੀ ਜਾਂ ਨਾਂਹ ਵਾਚਕ ਅਰਥਾਂ ਲਈ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ 'ਨਾਂਵ' ਸ਼ਬਦਾਂ ਨਾਲ ਵਰਤੇ ਜਾਂਦੇ ਹਨ। 'ਮਧੇਤਰ' ਸ਼੍ਰੇਣੀ ਪਰਿਵਰਤਨ ਦਾ ਕਾਰਜ ਕਰਦੇ ਹਨ। 'ਪਿਛੇਤਰਾਂ' ਦੀ

ਵਰਤੋਂ 'ਨਾਂਵ' ਅਤੇ 'ਕਿਰਿਆ' ਦੋਹਾਂ ਸ਼ਬਦਾਂ ਨਾਲ ਮਿਲਦੀ ਹੈ, ਪਰ ਜਿਆਦਾਤਰ ਪਿਛੇਤਰ ਕਿਰਿਆ ਸ਼ਬਦਾਂ ਨਾਲ ਵਰਤੇ ਜਾਂਦੇ ਹਨ। ਪਿਛੇਤਰ ਸੰਬੰਧਕਾਂ ਦਾ ਕਾਰਜ ਕਰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ 'ਅਗੇਤਰ' ਅਤੇ 'ਮਧੇਤਰ' ਦੀ ਵਰਤੋਂ ਵਾਲੇ ਰੂਪਗਤ ਦੂਹਰੁਕਤੀਯੁਕਤ 'ਕਿਰਿਆ ਵਿਸ਼ੇਸ਼ਣ' ਸ਼ਬਦ ਨਹੀਂ ਮਿਲਦੇ। ਪਿਛੇਤਰ ਦੀ ਵਰਤੋਂ ਵਾਲੇ ਕਿਰਿਆ ਵਿਸ਼ੇਸ਼ਣ ਦੇ ਸੀਮਿਤ ਰੂਪ ਮਿਲਦੇ ਹਨ। ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਿਚ ਮੂਲ ਰੂਪ ਨਾਲ ਵਰਤੇ 'ਪਿਛੇਤਰ' ਸੰਬੰਧਕ ਵਜੋਂ ਨਹੀਂ, ਬਲਕਿ ਸ਼੍ਰੇਣੀ ਪਰਿਵਰਤਨ ਦਾ ਕਾਰਜ ਕਰਦੇ ਹਨ । ਕੁਝ ਹਾਲਤਾਂ ਵਿਚ 'ਨਾਂਵ' ਜਾਂ 'ਕਿਰਿਆ' ਸ਼ਬਦਾਂ ਨਾਲ 'ਵਧੇਤਰ'(ਪਿਛੇਤਰ) ਤੋਂ ਬਣੇ ਸ਼ਬਦ ਵਾਕ ਦੇ ਪ੍ਰਸੰਗ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ। ਕਿਰਿਆ ਵਿਸ਼ੇਸਣ ਦਾ ਕਾਰਜ ਕਰਨ ਵਾਲੇ 'ਮੂਲ ਰੂਪ+ ਵਧੇਤਰ' ਦੇ ਦੋ ਰੂਪ ਮਿਲਦੇ ਹਨ।

**iii.ੳ. ਨਾਂਵ+ ਪਿਛੇਤਰ:-** ਨਾਂਵ+ ਪਿਛੇਤਰ ਦੇ ਸੰਯੋਗ ਤੋਂ ਬਣੇ 'ਕਿਰਿਆ ਵਿਸ਼ੇਸ਼ਣ' ਸ਼ਬਦ **ਸਹਜੇ ਸਹਜੇ, ਘੜੀਏ ਘੜੀਏ** ਮਿਲਦੇ ਹਨ। ਸਹਜੇ ਸਹਜੇ 'ਭਾਵ ਵਾਚਕ' ਨਾਂਵ ਦਾ ਰੂਪ ਅਤੇ ਘੜੀਏ ਘੜੀਏ 'ਵਸਤੂ ਵਾਚਕ' ਨਾਂਵ ਰੂਪ ਹੈ। ਸਹਜ (ਭਾਵ ਵਾਚਕ ਨਾਂਵ) + ਏ (ਪਿਛੇਤਰ) - ਸਹਜੇ 'ਕਿਰਿਆ ਵਿਸ਼ੇਸ਼ਣ', ਵਾਕ ਵਿਚ ਇਸਦੀ ਦੁਹਰੁਕਤੀਯੁਕਤ ਵਰਤੋਂ ਮਿਲਣ ਦੀ 'ਵਿਧੀ' ਅਤੇ 'ਗਤੀ' ਨੂੰ ਦਰਸਾਉਂਦੀ ਹੈ:

**ਸਹਜੇ ਸਹਜੇ** ਮਿਲਿ ਰਹੈ ਅਮਰਾ ਪਦੁ ਪਾਵੈ ॥ (ਮਃ ੧) ਅੰਗ ੭੨੫

**ਸਹਜੇ ਸਹਜੇ** ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਮੁਖ ਕਿਰਿਆ (ਮਿਲਿ) ਦੀ ਵਿਧੀ ਨੂੰ ਗਤੀ ਵਿਚ ਦਰਸਾ ਰਿਹਾ ਹੈ। ਸਹਜੇ ਦਾ ਇਕਹਿਰਾ ਰੂਪ ਵਿਧੀ ਅਤੇ ਸੁਭਾਵਿਕਤਾ ਦੇ ਅਰਥਾਂ ਵਿਚ ਕਾਰਜ ਕਰਦਾ ਹੈ। ਦੂਹਰਾ ਰੂਪ ਵਿਧੀ ਦੀ ਗਤੀ ਅਤੇ ਵਜਨ ਦਾ ਕਾਰਜ ਕਰ ਰਿਹਾ ਹੈ।

**ਘੜੀ** (ਵਸਤੂ ਵਾਚਕ ਨਾਂਵ)+ ਏ (ਪਿਛੇਤਰ) ਤੋਂ ਬਣਿਆ **ਘੜੀਏ** 'ਕਿਰਿਆ ਵਿਸ਼ੇਸ਼ਣ' ਸ਼ਬਦ ਹੈ। ਕਿਰਿਆ ਵਿਸ਼ੇਸ਼ਣ ਵਜੋਂ ਇਸ ਰੂਪ ਦੀ ਇਕਹਿਰੀ ਵਰਤੋਂ ਨਹੀਂ ਕੀਤੀ ਜਾਂਦੀ। ਇਕਹਿਰੇ ਰੂਪ ਵਿਚ ਇਹ ਮੁਖ ਕਿਰਿਆ ਦਾ ਕਾਰਜ ਕਰਦਾ ਹੈ। ਸੋ ਕਿਰਿਆ ਵਿਸ਼ੇਸ਼ਣ ਵਜੋਂ ਇਸਦਾ ਦੂਹਰਾ ਰੂਪ ਹੀ ਵਰਤਿਆ ਜਾਂਦਾ ਹੈ:

**ਘੜੀਏ ਘੜੀਏ** ਮਾਰੀਐ ਪਹਰੀ ਲਹੈ ਸਜਾਇ ॥ (ਫਰੀਦ) ਅੰਗ ੧੩੭੯

ਉਪਰੋਕਤ ਵਾਕ ਵਿਚ **ਘੜੀਏ ਘੜੀਏ** ਕਾਲ ਵਾਚਕ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦਾ ਕਾਰਜ ਕਰ ਰਿਹਾ ਹੈ। ਦੂਹਰੀ ਵਰਤੋਂ ਮਾਰਨ ਦੀ 'ਬਾਰੰਬਾਰਤਾ' ਕਾਲ ਸਹਿਤ ਨਿਸ਼ਚਤ (ਘੰਟੇ ਘੰਟੇ ਦੀ ਵਿੱਥ ਤੇ) ਰੂਪ ਵਿਚ ਦਰਸਾ ਰਹੀ ਹੈ।

**iii.ਅ. ਕਿਰਿਆ+ ਪਿਛੇਤਰ:-** ਕਿਰਿਆ ਦੇ ਮੂਲ ਰੂਪ, ਜਿਹੜੇ ਦੁਹਰੁਕਤੀਯੁਕਤ ਰੂਪ ਵਿਚ ਕਾਰਜ ਵਜੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ, ਇਹਨਾਂ ਨਾਲ ਪਿਛੇਤਰ 'ਤ, ਤੇ, ਤੌ, ਦਾ, ਇ' ਦੀ ਵਰਤੋਂ ਮਿਲਦੀ ਹੈ। ਕਿਰਿਆ ਦੇ ਮੂਲ ਰੂਪ ਨਾਲ ਪਿਛੇਤਰਾਂ ਦੀ ਵਰਤੋਂ ਸੁਹਜ ਪੈਦਾ ਕਰਨ, ਲੈਅ ਦੀ ਇਕਸੁਰਤਾ ਅਤੇ ਵਜਨ ਲਈ ਕੀਤੀ ਗਈ ਹੈ। ਵਿਆਕਰਨ ਦੇ ਪੱਖ ਤੋਂ 'ਤ, ਤੇ, ਤੌ, ਦਾ' ਪਿਛੇਤਰ ਰੂਪ ਇਕ ਵਚਨ ਦਾ ਅਰਥ ਦਿੰਦੇ ਹਨ ਅਤੇ 'ਇ' ਬਹੁਵਚਨ ਦਾ ਅਰਥ ਦਿੰਦਾ ਹੈ, ਜਿਵੇਂ:

**ਸਾਰਣੀ- 5.**

| | |
|---|---|
| ਝਖਦਾ, ਝਖ+ ਦਾ | ਫਿਰਤ, ਫਿਰ+ ਤ |
| ਡੋਲਤ, ਡੋਲ+ ਤ | ਭ੍ਰਮਤ, ਭ੍ਰਮ+ ਤ |
| ਢਹਤ, ਢਹ+ ਤ | ਭ੍ਰਮਤੇ, ਭ੍ਰਮ+ ਤੇ |
| ਧਾਵਤ, ਧਾਵ+ ਤ | ਭ੍ਰਮਤੌ, ਭ੍ਰਮ+ ਤੌ |
| ਫਿਰਤ, ਫਿਰ+ ਤ | ਧੋਇ, ਧੋ+ ਇ |

**ਢਹਤ ਢਹਤ** ਅਬ ਢਹਿ ਪਰੇ ਸਾਧ ਜਨਾ ਸਰਨਾਇ ॥ (ਮਃ ੫) ਅੰਗ ੨੫੬

ਲਖ ਚਉਰਾਸੀਹ **ਭ੍ਰਮਤੇ ਭ੍ਰਮਤੇ** ਦੁਲਭ ਜਨਮੁ ਅਬ ਪਾਇਓ ॥ (ਮਃ ੫) ਅੰਗ ੧੦੧੭

**ਭ੍ਰਮਤੌ ਭ੍ਰਮਤੌ** ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥

(ਮਃ ੫) ਅੰਗ ੧੨੦੯

ਨਿਤ ਝਹੀਆ ਪਾਏ ਝਗੂ ਸੁਟੇ **ਝਖਦਾ ਝਖਦਾ** ਝੜਿ ਪਇਆ ॥ (ਮਃ ੪) ਅੰਗ ੩੦੭

ਉਪਰੋਕਤ ਵਾਕਾਂ ਵਿਚ 'ਢਹਤ, ਭ੍ਰਮਤੇ, ਭ੍ਰਮਤੌ, ਝਖਦਾ' ਇਕ ਵਚਨ ਦੇ ਅਰਥ ਦੇ ਰਹੇ ਹਨ। ਇਕਹਿਰਾ ਜਾਂ ਇਸਦਾ ਮੂਲ ਰੂਪ ਵਰਤਣ ਨਾਲ ਕਾਵਿਕ ਵਜਨ ਨਹੀਂ ਰਹਿੰਦਾ, ਲੈਅਮਈ ਚਾਲ ਪ੍ਰਭਾਵਿਤ ਹੁੰਦੀ ਹੈ। 'ਢਹਤ ਢਹਤ' ਮੁਖ ਕਿਰਿਆ ਰੂਪ ਢਹਿ ਦੀ ਵਿਧੀ ਅਤੇ ਗਤੀ ਨੂੰ ਦਰਸਾ ਰਿਹਾ ਹੈ। ਭਾਵ ਕਿ ਮੈਂ ਹੌਲੀ ਹੌਲੀ ਜਾਂ ਸਹਿਜੇ ਸਹਿਜੇ ਢਹਿ ਪਿਆ ਹਾਂ। ਧੋਇ ਸ਼ਬਦ ਬਹੁਵਚਨ ਦੇ ਅਰਥ ਦਿੰਦਾ ਹੈ, ਜਿਵੇਂ:

ਸਤਿਗੁਰ ਕੇ ਚਰਨ **ਧੋਇ ਧੋਇ** ਪੀਵਾ ॥ (ਮਃ ੫) ਅੰਗ ੧੧੫੨

'ਮੂਲ ਰੂਪ ਵਿਚ ਧੋਇ ਮੁਖ ਕਿਰਿਆ ਹੈ, ਉਪਰੋਕਤ ਵਾਕ ਵਿਚ 'ਧੋਇ' ਪੀਵਾ (ਮੁਖ ਕਿਰਿਆ) ਦੇ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਵਧੇਤਰਾਂ ਦੀ ਵਰਤੋਂ ਕਾਰਨ 'ਮਿਸ਼ਰਤ ਕਿਰਿਆ ਵਿਸ਼ੇਸ਼ਣ' ਦੇ ਵਧੇਰੇ ਇਕਹਿਰੇ ਰੂਪ ਮਿਲਦੇ ਹਨ, ਜਿਵੇਂ: 'ਚਿਰੰਕਾਲ, ਤਤਕਾਲ, ਅਹਿਨਿਸਿ, ਕਿਚਰਕੁ, ਕਿਥਾਊ, ਦੁਆਸਿ ਅਹਿਨਿਸਿ' ਆਦਿ। ਖੋਜ-ਕਾਰਜ ਦੀ ਸੀਮਾ ਹੋਣ ਕਰਕੇ ਇਕਹਿਰੇ ਰੂਪ ਵਿਚ ਮਿਲਦੇ ਕਿਰਿਆ ਵਿਸ਼ੇਸ਼ਣਾਂ ਦਾ ਅਧਿਐਨ ਨਹੀਂ ਕੀਤਾ ਗਿਆ। ਇਹਨਾਂ ਦਾ ਜ਼ਿਕਰ ਜਾਣ ਪਛਾਣ ਲਈ ਕੇਵਲ ਨਮੂਨੇ ਵਜੋਂ ਕੀਤਾ ਗਿਆ ਹੈ।

### 7.2. ਅਰਥ ਦੇ ਆਧਾਰ 'ਤੇ

ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਕਿਰਿਆ ਵਿਸ਼ੇਸ਼ਣਾਂ ਨੂੰ ਅਰਥ ਦੇ ਆਧਾਰ 'ਤੇ ਛੇ ਭੇਦਾਂ ਵਿਚ ਵੰਡਿਆ ਗਿਆ ਹੈ:

**7.2.I. ਕਾਲ ਵਾਚਕ ਕਿਰਿਆ ਵਿਸ਼ੇਸ਼ਣ:-** ਵਾਕ ਵਿਚ ਕਿਰਿਆ ਦਾ ਬੋਧ ਮੁਖ ਕਿਰਿਆ ਨਾਲ ਲੱਗੇ ਵਧੇਤਰ, ਸੰਚਾਲਕ ਕਿਰਿਆ ਜਾਂ ਸਹਾਇਕ ਕਿਰਿਆਵਾਂ ਤੋਂ ਹੁੰਦਾ ਹੈ, ਪ੍ਰੰਤੂ ਇਹ 'ਕਾਲ' ਦਾ ਨਿਸ਼ਚਿਤ ਬੋਧ

ਨਹੀਂ ਕਰਵਾਉਂਦੇ। 'ਕਾਲ' ਦੇ ਨਿਸ਼ਚਿਤ ਬੋਧ ਲਈ ਕਿਰਿਆ ਨਾਲ 'ਕਾਲ ਵਾਚਕ ਕਿਰਿਆ ਵਿਸ਼ੇਸ਼ਣ' ਦੀ ਵਰਤੋਂ ਕੀਤੀ ਜਾਂਦੀ ਹੈ। "ਕਾਲ ਵਾਚਕ ਕਿਰਿਆ ਵਿਸ਼ੇਸ਼ਣਾਂ ਤੋਂ ਕਿਰਿਆ ਦੇ ਵਾਪਰਨ ਸਮੇਂ ਦਾ ਬੋਧ ਹੁੰਦਾ ਹੈ।"[15] ਇਹ ਕਿਰਿਆ ਦੇ ਕਾਲ ਬਾਰੇ ਸੰਪੂਰਨ ਜਾਣਕਾਰੀ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਕਿਰਿਆ ਦੇ ਕਾਲ ਵਾਚਕ ਵਿਸ਼ੇਸ਼ਣ ਵਜੋਂ ਦੁਹਰੁਕਤੀਯੁਕਤ ਰੂਪ ਵਿਚ ਨਾਂਵਾਂ ਦੀ ਵਰਤੋ ਮਿਲਦੀ ਹੈ। ਨਾਂਵਾਂ ਦੇ ਦੂਹਰੇ ਰੂਪ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ । ਗੁਰੂ ਗ੍ਰੰਥ ਸਾਹਿਬ ਵਿਚ ਕਾਲ ਵਾਚਕ ਕਿਰਿਆ ਵਿਸ਼ੇਸ਼ਣ ਅਜੋਕੀ ਪੰਜਾਬੀ ਤੋਂ ਭਿੰਨ ਰੂਪ ਵਾਲੇ ਹਨ। ਇਕਹਿਰੇ ਰੂਪ ਵਿਚ ਇਹਨਾਂ ਦੀ ਵਰਤੋਂ ਵਧੇਰੇ ਹੋਈ ਹੈ, ਜਿਵੇਂ:

ਸਾਰਣੀ- 6.

| | | | | |
|---|---|---|---|---|
| ਖਿਨੁ | ਘੜੀਆ | ਮੁਹਤੁ | ਕਲਿ | ਨਿਸਿ |
| ਛਿਨੁ | ਘੜੀਏ | ਪਹਰ | ਕਾਲਿ | ਨਿਤਿ |
| ਬਿੰਦ | ਪਲ | ਪਰਭਾਤਿ | ਪਹਰ | ਅਹਨਿਸਿ |
| ਵਿਸੁਏ | ਪਲੁ | ਅਬ | ਦਿਨੁ | ਮਾਹ |
| ਚਸਾ | ਨਿਮਖ | ਅਜਹੁ | ਦਿਨਸੁ | ਦਿਵਸ |
| ਚਸਿਆ | ਨਿਮਖਿ | ਅਜੁ | ਬਾਸਰ | ਬਰਸ |
| ਘਰੀ | ਮੁਹਤ | ਅਜੈ | ਰਾਤਿ | ਬਰਸੁ |
| ਘੜੀ | ਮੁਹਤਿ | ਅਜੌ | ਰੈਣਿ | ਬਾਸੁਰ |

ਚਿਤਿ ਆਵੈ ਓਸੁ ਪਾਰਬ੍ਰਹਮੁ ਤਾ **ਨਿਮਖ** ਸਿਮਰਤ ਤਰਿਆ ॥ (ਮਃ ੫) ਅੰਗ ੭੦

ਮਿਟਹਿ ਪਾਪ ਜਪੀਐ ਹਰਿ **ਬਿੰਦ** ॥ (ਮਃ ੫) ਅੰਗ ੨੮੧

15 ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 108.

ਨਾਨਕ ਜਿਸੁ ਬਿਨੁ **ਘੜੀ** ਨ ਜੀਵਣਾ ਵਿਸਰੇ ਸਰੈ ਨ **ਬਿੰਦ** ॥ (ਮਃ ੫) ਅੰਗ ੧੦੯੭

ਕਛੁ ਬਿਗਰਿਓ ਨਾਹਿਨ **ਅਜਹੁ** ਜਾਗ ॥ (ਮਃ ੯) ਅੰਗ ੧੧੮੭

ਇਸ੍ਨਾਨੁ ਕਰਹਿ **ਪਰਭਾਤਿ** ਸੁਧ ਮਨਿ ਗੁਰ ਪੂਜਾ ਬਿਧਿ ਸਹਿਤ ਕਰੰ ॥

(ਭਟ ਗਯੰਦ) ਅੰਗ ੧੪੦੨

ਉਪਰੋਕਤ ਇਕਹਿਰੇ ਰੂਪ ਵਿਚ ਵਰਤੇ ਗਏ 'ਕਾਲ ਵਾਚਕ ਕਿਰਿਆ ਵਿਸ਼ੇਸ਼ਣ' ਹਨ। 'ਅਜਹੁ, ਪਰਭਾਤਿ' ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦ ਹਨ। 'ਨਿਮਖ, ਬਿੰਦ, ਘੜੀ, ਨਾਂਵ ਸ਼੍ਰੇਣੀ ਦੇ ਸ਼ਬਦ ਹਨ। ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ 'ਨਿਮਖ, ਬਿੰਦ, ਘੜੀ' ਦੀ ਮਹੱਤਤਾ ਵਜੋਂ ਅਰਥ ਕਰਕੇ ਨਾਂਵ ਨਾਲ ਵਿਸ਼ੇਸ਼ਣ ਦਾ ਅਰਥ ਲਿਆ ਜਾਂਦਾ ਹੈ। ਨਾਂਵ ਨਾਲ ਵਿਸ਼ੇਸ਼ਣ, 'ਕਿਰਿਆ' ਦੀ ਕਾਰਜੀ ਇਕਾਈ ਵਜੋਂ ਕਿਰਿਆ ਦੀ ਵਿਸ਼ੇਸ਼ਤਾ ਦਰਸਾਉਂਦੇ ਹਨ। ਨਾਂਵ ਦੇ ਅਜਿਹੇ ਭਾਸ਼ਾ ਈ ਖੇਤਰ ਦੇ ਵਖਰੇਵੇਂ ਵਾਲੇ ਵਿਭਿੰਨ ਰੂਪ ਮਿਲਦੇ ਹਨ, ਜੋ ਕਿਰਿਆ ਦੀ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। ਜਿਵੇਂ: 'ਨਿਸਿ ਬਾਸਰ, ਰੈਣਿ ਦਿਨਸ, ਰੈਣਿ ਦਿਨਸੁ, ਰੈਣਿ ਦਿਵਸ, ਅਹਿ ਨਿਸਿ, ਦਿਨੁ ਰਾਤੀ, ਅਜੁ ਕਲਿ, ਅਬ ਤਬ, ਰਾਤਿ ਦਿਹੈ, ਰਾਤ ਦਿਨੰਤ, ਦਿਨੁ ਰੈਨਾਈ, ਦਿਨਸੁ ਰੈਣਾਰੇ, ਦਿਨਸੁ ਅਰ ਰਾਤਿ, ਆਜੁ ਕਾਲਿ, ਆਜੁ ਕੈ ਕਾਲਿ, ਅਜੁ ਕਿ ਕਲੁ, ਆਦਿ ਅੰਤਿ, ਆਦਿ ਜੁਗਾਦਿ' ਆਦਿ। ਇਹ ਵਿਰੋਧੀ ਅਰਥਾਂ ਵਜੋਂ ਇਕ ਜੁਟ ਦੇ ਰੂਪ ਵਿਚ ਕਾਰਜਸ਼ੀਲ ਹਨ। ਇਹ ਵਿਰੋਧਾਰਥੀ ਅਰਥਗਤ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਦੀ ਅਧਿਐਨ ਸਮੱਗਰੀ ਹੈ।

ਰੂਪਕ ਪੱਖ ਤੋਂ ਕਾਲ ਵਾਚਕ ਦੁਹਰੁਕਤੀਯੁਕਤ ਦੇ ਸੀਮਿਤ ਰੂਪ 'ਨਿਮਖ ਨਿਮਖ, ਖਿਨੁ ਖਿਨੁ, ਛਿਨੁ ਛਿਨੁ, ਨਿਤ ਨਿਤ, ਬਿੰਦ ਬਿੰਦ, ਪਲੁ ਪਲੁ, ਘੜੀਏ ਘੜੀਏ, ਦਿਨ ਦਿਨ, ਦਿਨੁ ਦਿਨੁ' ਮਿਲਦੇ ਹਨ। ਤਿਲ ਤਿਲ ਪ੍ਰਤੀਕਾਤਮਕ ਰੂਪ ਵਿਚ ਵਰਤਿਆ ਹੈ, ਇਸਦਾ ਮੂਲ 'ਵਸਤੂ ਵਾਚਕ' ਨਾਂਵ ਹੈ।

ਰਾਮ ਨਾਮੁ ਇਕੁ **ਤਿਲ ਤਿਲ** ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ॥

(ਮਃ ੪) ਅੰਗ ੧੩੦੮

ਰਸਨਾ ਜਪੈ ਨ ਨਾਮੁ **ਤਿਲੁ ਤਿਲੁ** ਕਰਿ ਕਟੀਐ ॥ (ਮਃ ੫) ਅੰਗ ੧੩੬੨

'ਤਿਲੁ ਤਿਲੁ' ਕਾਲ ਵਾਚਕ ਵਿਸ਼ੇਸ਼ਣ 'ਵਸਤੂ ਵਾਚਕ ਨਾਂਵ' ਤਿਲ ਦੀ ਤੁਲਨਾ ਵਿਚ ਅਰਥ ਸਪੱਸ਼ਟ ਕਰਦਾ ਹੈ। ਪਹਿਲੇ ਵਾਕ ਵਿਚ 'ਤਿਲ ਤਿਲ' ਕਾਲ ਵਾਚਕ ਕਿਰਿਆ ਵਿਸ਼ੇਸ਼ਣ ਹੈ ਤੇ ਦੂਜੇ ਵਾਕ ਵਿਚ ਇਹ ਮਾਤਰਾ ਵਾਚਕ ਹੈ। ਤਿਲ ਦੇ ਰੂਪਕ ਪੱਖ ਤੋਂ ਇਸਨੂੰ ਤੁਲਨਾਇਆ ਹੈ। ਜਿਵੇਂ ਤਿਲ ਦਾ ਆਕਾਰ ਬਹੁਤ ਛੋਟਾ ਹੁੰਦਾ ਹੈ, ਉਸੇ ਤਰ੍ਹਾਂ ਕਾਲ ਵਜੋਂ ਬਹੁਤ ਘੱਟ ਸਮਾਂ/ ਭਾਵ ਤਿਲ ਮਾਤਰ ਸਮਾਂ। ਦੂਜੇ ਵਾਕ ਵਿਚ ਮਾਤਰਾ ਦੇ ਅਰਥਾਂ ਵਿਚ ਭਾਵ ਤਿਲ ਸਮਾਨ ਮਾਤਰਾ ਵਿਚ ਰਸਨਾ ਨੂੰ ਕੱਟਣਾ। ਦੋਹਾਂ ਵਾਕਾਂ ਵਿਚ ਤਿਲ ਦੀ ਵਰਤੋਂ ਪ੍ਰਤੀਕਾਤਮਕ ਰੂਪ ਵਿਚ ਕੀਤੀ ਗਈ ਹੈ। **ਘੜੀ** ਨਾਲ ਆਇਆ **ਏ** ਵਧੇਤਰ ਵਾਕ ਬਣਤਰ ਵਿਚ ਸੁਹਜ ਅਤੇ ਸ਼੍ਰੇਣੀ ਪਰਿਵਰਤਨ ਦਾ ਕਾਰਜ ਕਰ ਰਿਹਾ ਹੈ, ਜਿਵੇਂ:

**ਘੜੀਏ ਘੜੀਏ** ਮਾਰੀਐ ਪਹਰੀ ਲਹੈ ਸਜਾਇ ॥ (ਫਰੀਦ) ਅੰਗ ੧੩੭੯

'ਘੜੀਏ ਘੜੀਏ' ਦੀ ਦੁਹਰੁਕਤੀਯੁਕਤ ਵਰਤੋਂ ਵਾਕ ਦੇ ਵਜਨ ਅਤੇ ਸੁਹਜ ਦਾ ਕਾਰਜ ਕਰਦੀ ਹੈ। ਇਥੇ ਇਕਹਿਰਾ ਰੂਪ ਜਾਂ ਮੂਲ ਰੂਪ ਵਰਤਣ ਨਾਲ ਵਾਕ ਬਣਤਰ ਦਾ ਵਜਨ ਅਤੇ ਸੁਹਜ ਭੰਗ ਹੁੰਦਾ ਹੈ ਅਤੇ ਇਕਹਿਰਾ 'ਘੜੀ' ਵਾਕ ਦੇ ਅਰਥ ਸੰਚਾਰ ਵਿਚ ਰੁਕਾਵਟ ਪਾਉਂਦਾ ਹੈ। ਮੂਲ ਰੂਪ ਵਿਚ ਘੜੀ ਦੇ ਤਿੰਨ ਕਾਰਜ ਹਨ 'ਨਾਂਵ, ਮੁਖ ਕਿਰਿਆ' ਅਤੇ 'ਕਾਲ ਵਾਚਕ' ਕਿਰਿਆ ਵਿਸ਼ੇਸ਼ਣ। ਗੁਰੂ ਗ੍ਰੰਥ ਸਾਹਿਬ ਵਿਚ ਘੜੀ ਸ਼ਬਦ ਦੀ ਵਰਤੋਂ ਨਾਂਵ ਦੇ ਅਰਥਾਂ ਵਿਚ ਨਹੀਂ, ਬਲਕਿ ਮੁਖ ਕਿਰਿਆ ਜਾਂ ਕਿਰਿਆ ਵਿਸ਼ੇਸ਼ਣ ਦੇ ਅਰਥਾਂ ਵਿਚ ਹੈ, ਜਿਵੇਂ:

ਜਾ ਭਜੈ ਤਾ ਠੀਕਰੁ ਹੋਵੈ ਘਾੜਤ **ਘੜੀ** ਨ ਜਾਇ ॥ (ਮਃ ੧) ਅੰਗ ੧੩੮

ਨਾਨਕ ਜਿਸੁ ਬਿਨੁ **ਘੜੀ** ਨ ਜੀਵਣਾ ਵਿਸਰੇ ਸਰੈ ਨ ਬਿੰਦ ॥ (ਮਃ ੪) ਅੰਗ ੧੨੫੦

ਭਨਿ ਭਨਿ ਘੜੀਐ **ਘੜਿ ਘੜਿ** ਭਜੈ ਢਾਹਿ ਉਸਾਰੈ ਉਸਰੇ ਢਾਹੈ ॥ (ਮਃ ੧) ਅੰਗ ੯੩੫

ਪਹਿਲੇ ਵਾਕ ਵਿਚ **ਘੜੀ** ਮੁਖ ਕਿਰਿਆ ਹੈ, ਦੂਜੇ ਵਾਕ ਵਿਚ **ਘੜੀ** ਕਾਲ ਵਾਚਕ ਕਿਰਿਆ ਵਿਸ਼ੇਸ਼ਣ ਹੈ। ਅਖ਼ੀਰਲੇ ਵਾਕ ਵਿਚ **ਘੜਿ ਘੜਿ** ਮੁਖ ਕਿਰਿਆ ਹੈ, ਵਾਕ ਦੇ ਪ੍ਰਸੰਗ ਵਿਚ ਸ਼ਬਦ ਦੇ ਅਰਥ ਬਦਲ ਰਹੇ ਹਨ।

ਪਲ ਦੇ ਅਰਥਾਂ ਵਿਚ ਇਕ ਤੋਂ ਜਿਆਦਾ ਸਮਾਨਾਰਥਕ ਸ਼ਬਦ ਮਿਲਦੇ ਹਨ। ਇਹ ਲਗਭਗ ਇਕੋ ਅਰਥ ਦਾ ਸੰਚਾਰ ਕਰਦੇ ਹਨ, ਜਿਵੇਂ:

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ **ਨਿਮਖ ਨਿਮਖ** ਨਮਸਕਾਰਾ ॥

(ਮਃ ੫) ਅੰਗ ੨੦੮

ਸੋ ਸੇਵਕੁ ਜਿਸੁ ਕਿਰਪਾ ਕਰੀ॥ **ਨਿਮਖ ਨਿਮਖ** ਜਪਿ ਨਾਨਕ ਹਰੀ ॥

(ਮਃ ੫) ਅੰਗ ੨੬੯

**ਛਿਨੁ ਛਿਨੁ** ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ (ਮਃ ੯) ਅੰਗ ੭੨੬

**ਛਿਨੁ ਛਿਨੁ** ਕਰਿ ਗਇਓ ਕਾਲੁ ਤੈਸੇ ਜਾਤੁ ਆਜੁ ਹੈ ॥ (ਮਃ ੯) ਅੰਗ ੧੩੫੨

ਹਉ **ਖਿਨੁ ਖਿਨੁ** ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ ॥

(ਮਃ ੪) ਅੰਗ ੧੬੮

ਸੋਈ ਬਿਧਾਤਾ **ਖਿਨੁ ਖਿਨੁ** ਜਪੀਐ ॥ (ਮਃ ੫) ਅੰਗ ੧੦੦੪

ਨਾਨਕੁ ਤਾ ਕਾ ਦਾਸੁ ਹੈ **ਬਿੰਦ ਬਿੰਦ** ਚੁਖ ਚੁਖ ਹੋਇ ॥ (ਮਃ ੧) ਅੰਗ ੬੬੦

ਸਾਹਿਬ ਤੇਰੇ ਨਾਮ ਵਿਟਹੁ **ਬਿੰਦ ਬਿੰਦ** ਚੁਖ ਚੁਖ ਹੋਇ ॥ (ਮਃ ੧) ਅੰਗ ੬੬੦

ਕਬੀਰ ਆਖੀ ਕੇਰੇ ਮਾਟੁਕੇ **ਪਲੁ ਪਲੁ** ਗਈ ਬਿਹਾਇ ॥ (ਕਬੀਰ) ਅੰਗ ੧੩੭੬

ਸੇਜੈ ਕੰਤੁ ਨ ਆਵਈ **ਨਿਤ ਨਿਤ** ਹੋਇ ਖੁਆਰੁ ॥ (ਮਃ ੩) ਅੰਗ ੩੧

ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ **ਨਿਤ ਨਿਤ** ਜਾਪੀਐ ॥

(ਮਃ ੫) ਅੰਗ ੩੯੫

ਜਲ ਕੈ ਮਜਨਿ ਜੇ ਗਤਿ ਹੋਵੈ **ਨਿਤ ਨਿਤ** ਮੇਂਡੁਕ ਨਾਵਹਿ ॥ (ਕਬੀਰ) ਅੰਗ ੪੮੪

ਉਪਰੋਕਤ ਵਾਕਾਂ ਵਿਚਲੇ ਦੁਹਰੁਕਤੀਯੁਕਤ ਸ਼ਬਦ ਕਾਰਜ ਨੂੰ ਲਗਾਤਾਰਤਾ ਅਤੇ ਕਾਵਿਕ ਵਜਨ ਬਣਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਮਾਨਾਰਥੀ ਸ਼ਬਦਾਂ 'ਨਿਮਖ, ਛਿਨੁ, ਖਿਨੁ, ਬਿੰਦ, ਪਲੁ' ਦਾ ਨਿਤ ਨਿਤ ਤੋਂ ਅੰਤਰ ਹੈ। ਸਮਾਨਾਰਥੀ ਸ਼ਬਦ ਸਮੇਂ ਦੀ ਛੋਟੀ ਇਕਾਈ ਵਜੋਂ (ਇਕ ਇਕ ਪਲ/ ਪਲ) ਅਰਥ ਸੰਚਾਰ ਕਰਦੇ ਹਨ ਤੇ 'ਨਿਤ ਨਿਤ' ਵੱਡੀ ਇਕਾਈ ਦੇ ਅਰਥ ਵਿਚ ਸਦਾ ਜਾਂ ਹਮੇਸ਼ਾ ਦੇ ਅਰਥ ਦਿੰਦਾ ਹੈ। ਇਹਨਾਂ ਦੀ ਤੁਲਨਾ ਵਿਚ ਇਕਹਿਰਾ ਸ਼ਬਦ ਵਰਤਣ ਨਾਲ ਦੁਹਰੁਕਤੀ ਦਾ ਮਹੱਤਵ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ। ਇਕਹਿਰੇ ਰੂਪ ਵਿਚ ਇਹ 'ਕਾਰਜ ਦੀ ਲਗਾਤਾਰਤਾ' ਨਹੀਂ ਦਰਸਾਉਂਦੇ। ਇਕੋ ਅਰਥ ਦੇ ਇਕ ਤੋਂ ਵਧੇਰੇ ਸ਼ਬਦਾਂ ਦੀ ਵਰਤੋਂ ਖੇਤਰੀ ਰੰਗਤ ਦਾ ਸਪੱਸ਼ਟ ਪ੍ਰਮਾਣ ਹੈ। ਇਹਨਾਂ ਸ਼ਬਦਾਂ ਦੀ ਇਕਹਿਰੀ ਵਰਤੋਂ ਨਾਲ 'ਗਿਣਤੀ ਵਾਚਕ ਵਿਸ਼ੇਸ਼ਣ' ਪ੍ਰਤੱਖ ਰੂਪ ਵਿਚ ਵਰਤੇ ਗਏ ਹਨ, ਜਿਵੇਂ:

**ਇਕ ਘੜੀ** ਨ ਮਿਲਤੇ ਤਾ ਕਲਿਜੁਗੁ ਹੋਤਾ ॥ (ਮਃ ੫) ਅੰਗ ੯੬

**ਇਕੁ ਖਿਨੁ** ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥ (ਮਃ ੫) ਅੰਗ ੧੩੩

ਸਰਬ ਬੈਕੁੰਠ ਮੁਕਤਿ ਮੋਖ ਪਾਏ॥ **ਏਕ ਨਿਮਖ** ਹਰਿ ਕੇ ਗੁਨ ਗਾਏ ॥

(ਮਃ ੫) ਅੰਗ ੨੯੦

ਉਪਰੋਕਤ ਉਦਾਹਰਨਾਂ ਵਿਚ ਇਕਹਿਰਾ ਕਿਰਿਆ ਵਿਸ਼ੇਸ਼ਣ ਵਰਤਿਆ ਗਿਆ ਹੈ, ਪ੍ਰੰਤੂ ਇਕਹਿਰੀ ਵਰਤੋਂ ਕਾਰਨ ਇਹਨਾਂ ਨਾਲ 'ਗਿਣਤੀ ਵਾਚਕ' ਵਿਸ਼ੇਸ਼ਣਾਂ ਦੀ ਵਰਤੋਂ ਮਿਲਦੀ ਹੈ। ਦੁਹਰੁਕਤੀਯੁਕਤ ਰੂਪ ਵਿਚ ਕਾਲ ਵਾਚਕ ਕਿਰਿਆ ਵਿਸ਼ੇਸ਼ਣ ਨਾਲ ਗਿਣਤੀ ਵਾਚਕ ਵਿਸ਼ੇਸ਼ਣ ਨਾ ਮਾਤਰ ਵਰਤੇ ਮਿਲਦੇ ਹਨ। ਸਗੋਂ ਦੁਹਰੁਕਤੀਯੁਕਤ ਰੂਪ ਹੀ ਸਪੱਸ਼ਟ ਅਰਥਾਂ ਦਾ ਸੰਚਾਰ ਕਰਦਾ ਹੈ। ਇਥੇ ਇਹ ਨੁਕਤਾ ਵੀ ਸਾਹਮਣੇ

ਆਉਂਦਾ ਹੈ, ਕਾਲ ਵਾਚਕ ਵਿਸ਼ੇਸ਼ਣਾਂ ਨਾਲ ਗਿਣਤੀ ਵਾਚਕ ਵਿਸ਼ੇਸ਼ਣ **ਇਕ** ਹੀ ਕਿਉਂ ਵਰਤਿਆ ਗਿਆ ਹੈ? ਦੋ, ਤਿੰਨ ਜਾਂ ਇਸਤੋਂ ਵੱਧ ਕਿਉਂ ਨਹੀਂ? ਦਾਰਸ਼ਨਿਕ ਪੱਖ ਤੋਂ ਇਹ ਸਪੱਸ਼ਟ ਹੈ ਕਿ ਗੁਰਬਾਣੀ ਵਿਚ ਇਕ ਇਕ ਪਲ ਨੂੰ ਮਹੱਤਵ ਦਿੱਤਾ ਗਿਆ ਹੈ। ਇਕ ਸਭ ਤੋਂ ਛੋਟੀ ਇਕਾਈ ਹੈ ਤੇ ਮਨੁੱਖ ਦਾ ਨਾਮ ਤੋਂ ਬਿਨਾਂ ਇਕ ਪਲ ਗੁਜ਼ਾਰਨਾ ਵੀ ਔਖਾ ਹੈ। ਇਸ ਕਾਰਨ ਕਾਲ ਵਾਚਕ ਕਿਰਿਆ ਵਿਸ਼ੇਸ਼ਣਾਂ ਨਾਲ ਗਿਣਤੀ ਵਾਚਕ ਵਿਸ਼ੇਸ਼ਣ 'ਇਕ' ਦੀ ਵਰਤੋਂ ਆਮ ਮਿਲਦੀ ਹੈ। ਕੁਝ ਹਾਲਤਾਂ ਵਿਚ ਪ੍ਰਤੱਖ ਰੂਪ ਵਿਚ ਗਿਣਤੀ ਵਾਚਕ ਵਿਸ਼ੇਸ਼ਣ ਨਹੀਂ ਵਰਤੇ ਗਏ, ਪ੍ਰੰਤੂ ਅਪ੍ਰਤੱਖ ਰੂਪ ਵਿਚ ਗਿਣਤੀ ਵਾਚਕ ਵਿਸ਼ੇਸ਼ਣ ਕਾਰਜਸ਼ੀਲ ਹਨ, ਜਿਵੇਂ:

ਨਾਨਕ ਜਿਸੁ ਬਿਨੁ **ਘੜੀ** ਨ ਜੀਵਣਾ ਵਿਸਰੇ ਸਰੈ ਨ **ਬਿੰਦ** ॥ (ਮਃ ੪) ਅੰਗ ੧੨੫੦

ਇਸ ਵਾਕ ਵਿਚ 'ਗਿਣਤੀ ਵਾਚਕ' ਵਿਸ਼ੇਸ਼ਣ ਪ੍ਰਤੱਖ ਨਹੀਂ, ਸਗੋਂ ਅਪ੍ਰਤੱਖ ਰੂਪ ਵਿਚ ਕਾਰਜਸ਼ੀਲ ਹੈ। "ਹੇ ਨਾਨਕ ਜਿਸ ਪ੍ਰਭੂ ਤੋਂ ਬਿਨਾਂ ਇਕ ਘੜੀ ਭੀ ਜਿਊ ਨਹੀਂ ਸਕਦਾ, ਜਿਸ ਨੂੰ ਇਕ ਘੜੀ ਭੀ ਵਿਸਾਰਿਆਂ ਨਿਭਦੀ ਨਹੀਂ।"[16] ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਸਮਰੂਪਕ ਸ਼ਬਦਾਂ ਦੇ ਅਰਥ ਅਤੇ ਸ਼੍ਰੇਣੀ ਵਾਕ ਦੇ ਪ੍ਰਸੰਗ ਵਿਚ ਰੂਪਾਂਤ੍ਰਿਤ ਹੁੰਦੀ ਹੈ, ਜਿਵੇਂ:

**ਸਾਰਣੀ- 7.**

| | | ਅਰਥ | ਸ਼੍ਰੇਣੀ |
|---|---|---|---|
| ਦੁਹਰੁਕਤੀਯੁਕਤ ਰੂਪ | ਬਿੰਦ ਬਿੰਦ | ਪਲ ਪਲ | ਕਾਲ ਵਾਚਕ ਕਿਰਿਆ ਵਿਸ਼ੇਸ਼ਣ |
| ਇਕਹਿਰਾ ਰੂਪ | ਬਿੰਦ | ਬੀਜ | ਵਸਤੂ ਵਾਚਕ ਨਾਂਵ |
| ਦੁਹਰੁਕਤੀਯੁਕਤ ਰੂਪ | ਤਿਲ ਤਿਲ | ਪਲ ਪਲ | ਕਾਲ ਵਾਚਕ ਕਿਰਿਆ ਵਿਸ਼ੇਸ਼ਣ |
| ਇਕਹਿਰਾ ਰੂਪ | ਤਿਲ | ਬੀਜ | ਵਸਤੂ ਵਾਚਕ ਨਾਂਵ |

[16] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਨੌਵੀਂ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1964, ਪੰਨਾ 345.

| | | | |
|---|---|---|---|
| ਇਕਹਿਰਾ ਰੂਪ | ਤਿਲ | ਸੁਆਸ(ਪ੍ਰਤੀਕਾਤਮਕ ਵਰਤੋਂ) | ਭਾਵ ਵਾਚਕ ਨਾਂਵ |
| ਦੁਹਰੁਕਤੀਯੁਕਤ ਰੂਪ | ਘੜੀ ਘੜੀ | ਪਲ ਪਲ | ਕਾਲ ਵਾਚਕ ਕਿਰਿਆ ਵਿਸ਼ੇਸ਼ਣ |
| ਇਕਹਿਰਾ ਰੂਪ | ਘੜੀ | ਘੜਨਾ/ ਬਣਾਉਣਾ | ਮੁਖ ਕਿਰਿਆ |
| ਇਕਹਿਰਾ ਰੂਪ | ਘੜੀ | ਸਮੇਂ ਦਾ ਬੋਧ ਕਰਵਾਉਣ ਵਾਲੀ ਵਸਤ | ਵਸਤੂ ਵਾਚਕ ਨਾਂਵ |

ਬ੍ਰਹਮੁ **ਬਿੰਦ** ਤੇ ਸਭ ਓਪਤਿ ਹੋਈ ॥ (ਮਃ ੩) ਅੰਗ ੧੧੨੮

ਅਜਰਾਈਲੁ ਫਰੇਸਤਾ **ਤਿਲ** ਪੀੜੇ ਘਾਣੀ ॥ (ਮਃ ੪) ਅੰਗ ੩੧੫

ਚਰਨ ਚਲਉ ਮਾਰਗਿ ਗੋਬਿੰਦ ॥ਮਿਟਹਿ ਪਾਪ ਜਪੀਐ ਹਰਿ **ਬਿੰਦ** ॥

(ਮਃ ੫) ਅੰਗ ੨੮੧

ਫਰੀਦਾ ਜੇ ਜਾਣਾ **ਤਿਲ** ਥੋੜੜੇ ਸੰਮਲਿ ਬੁਕੁ ਭਰੀ ॥ (ਫਰੀਦ) ਅੰਗ ੧੩੭੮

ਜਾ ਭਜੈ ਤਾ ਠੀਕਰੁ ਹੋਵੈ ਘਾੜਤ **ਘੜੀ** ਨ ਜਾਇ ॥ (ਮਃ ੧) ਅੰਗ ੧੩੮

ਉਪਰੋਕਤ ਉਦਾਹਰਨਾਂ ਵਿਚ **ਬਿੰਦ, ਤਿਲ** 'ਨਾਂਵ' ਸ਼ਬਦ ਹਨ ਅਤੇ ਨਾਂਵ ਦਾ ਪ੍ਰਕਾਰਜ ਕਰ ਰਹੇ ਹਨ। ਤੀਸਰੇ ਵਾਕ ਵਿਚ 'ਬਿੰਦ' ਕਾਲ ਵਾਚਕ ਕਿਰਿਆ ਵਿਸ਼ੇਸ਼ਣ ਹੈ। ਚੌਥੇ ਵਾਕ ਵਿਚ **ਤਿਲ** 'ਸੁਆਸਾਂ' ਦਾ ਪ੍ਰਤੀਕਾਤਮਕ ਰੂਪ 'ਭਾਵ ਵਾਚਕ' ਨਾਂਵ ਦਾ ਪ੍ਰਕਾਰਜ ਕਰ ਰਿਹਾ ਹੈ। ਅਖ਼ੀਰਲੇ ਵਾਕ ਵਿਚ **ਘੜੀ** 'ਮੁਖ ਕਿਰਿਆ' ਦਾ ਕਾਰਜ ਕਰ ਰਹੀ ਹੈ। ਸਦਾ ਦੇ ਵਖਰੇਵੇਂ ਵਾਲੇ ਰੂਪ 'ਸਦ ਸਦ' ਅਤੇ 'ਸਦਾ ਸਦਾ' ਹਨ।

ਸਦਾ ਦੇ ਅਰਥਾਂ ਵਿਚ ਨਿਤ ਨਿਤ, ਅਹਿ ਨਿਸਿ (ਦੁਹਰੁਕਤੀਯੁਕਤ ਸ਼ਬਦ) 'ਨਿਰੰਤਰਿ, ਨਿਰੰਤਰਿ, ਨਿਰੰਤਰੇ' ਮਿਸ਼ਰਤ ਸ਼ਬਦ ਹਨ।

ਮਰੈ ਨਾਹੀ **ਸਦ ਸਦ** ਹੀ ਜੀਵੈ ॥ (ਮਃ ੫) ਅੰਗ ੧੦੭੪

**ਸਦਾ ਸਦਾ** ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥ (ਮਃ ੫) ਅੰਗ ੪੭

ਮਨਹਠਿ ਕਰਮ ਕਮਾਵਦੇ **ਨਿਤ ਨਿਤ** ਹੋਹਿ ਖੁਆਰੁ ॥ (ਮਃ ੩) ਅੰਗ ੬੬

'ਸਦ ਸਦ, ਸਦਾ ਸਦਾ, ਨਿਤ ਨਿਤ' ਦੁਹਰੁਕਤੀਯੁਕਤ ਸ਼ਬਦ ਇਕ ਅਰਥ ਦਾ ਪ੍ਰਕਾਰਜ ਕਰ ਰਹੇ ਹਨ। ਦੂਹਰੇ ਰੂਪ ਵਿਚ ਇਹ ਕਾਰਜ ਦੀ ਲਗਾਤਾਰਤਾ ਨੂੰ ਦਰਸਾਉਂਦੇ ਹਨ।

7.2.II. **ਸਥਾਨ ਵਾਚਕ ਕਿਰਿਆ ਵਿਸ਼ੇਸ਼ਣ:-** "ਜਿਸ ਸ਼ਬਦ ਤੋਂ ਕਿਰਿਆ ਦੇ ਵਾਪਰਨ ਸਥਾਨ ਦਾ ਬੋਧ ਹੋਵੇ, ਉਸਨੂੰ ਸਥਾਨ ਬੋਧਕ ਕਿਰਿਆ ਵਿਸ਼ੇਸ਼ਣ ਕਹਿੰਦੇ ਹਨ।"[17] ਗੁਰਬਾਣੀ ਵਿਚਲੇ ਸਥਾਨ ਬੋਧਕ ਕਿਰਿਆ ਵਿਸ਼ੇਸ਼ਣ ਦੇ ਰੂਪ ਅਜੋਕੀ ਪੰਜਾਬੀ ਤੋਂ ਭਿੰਨ ਹਨ। ਸਾਧਾਰਨ ਰੂਪ 'ਜਿਥੇ, ਉਥੇ, ਇਥੇ' ਨਹੀਂ ਮਿਲਦੇ, ਬਲਕਿ ਇਹਨਾਂ ਅਰਥਾਂ ਦੇ ਸੰਚਾਰ ਲਈ ਵਿਭਿੰਨ ਰੂਪ ਮਿਲਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਲਾਵਾਂ (ੇ) ਦੀ ਵਰਤੋਂ ਘੱਟ ਤੇ ਦੁਲਾਵਾਂ (ੈ) ਦੀ ਅਧਿਕ ਵਰਤੋਂ ਕਾਰਨ ਦੁਲਾਵਾਂ ਵਾਲੇ ਰੂਪ ਵਧੇਰੇ ਮਿਲਦੇ ਹਨ। ਏਥੈ (4), ਐਥੈ (41), ਓਥੈ (44), ਤਿਥੈ (50), ਜਿਥੈ (61)। **ਏਥੈ, ਐਥੈ** 'ਇਥੇ' ਦੇ ਰੂਪ ਹਨ, **ਓਥੈ, ਤਿਥੈ** 'ਓਥੇ' ਦੇ ਰੂਪ ਹਨ ਅਤੇ **ਜਿਥੈ** 'ਜਿਥੇ' ਦਾ ਰੂਪ ਹੈ। ਅਰਥਗਤ ਦੁਹਰੁਕਤੀਯੁਕਤ ਵਜੋਂ ਵੀ ਇਹਨਾਂ ਦੀ ਵਰਤੋਂ ਮਿਲਦੀ ਹੈ, ਜਿਵੇਂ:

ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ **ਜਿਥੈ ਕਿਥੈ** ਮੈਨੋ ਲਏ ਛਡਾਈ ॥

(ਮਃ ੪) ਅੰਗ ੫੮੮

**ਐਥੈ ਓਥੈ** ਤੂੰਹੈ ਰਖਵਾਲਾ ॥ (ਮਃ ੫) ਅੰਗ ੧੩੨

[17] ਹਰਕੀਰਤ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980, ਪੰਨਾ 129.

'ਜਿਥੈ ਕਿਥੈ, ਐਥੈ ਓਥੈ' ਦੂਹਰੇ ਰੂਪ ਵਿਚ ਅਰਥਗਤ ਦੁਹਰੁਕਤੀਯੁਕਤ ਰੂਪ ਹਨ, 'ਜਿਥੈ ਕਿਥੈ' ਹਰ ਥਾਂ ਦੇ ਅਰਥ ਦੇ ਰਹੇ ਹਨ, **ਛਡਾਈ** ਕਿਰਿਆ ਨੂੰ ਸਥਾਨ ਨਾਲ ਜੋੜ ਕੇ 'ਜਿਥੈ ਕਿਥੈ' ਇਸਦੇ ਸਥਾਨ ਨੂੰ ਪ੍ਰਗਟਾਉਂਦੇ ਹਨ। ਸਥਾਨ ਵਾਚਕ ਕਿਰਿਆ ਵਿਸ਼ੇਸ਼ਣ ਵਜੋਂ ਵਿਸ਼ੇਸ਼ਣ + ਨਾਂਵ ਦੇ ਅਰਥ ਦਿੰਦਾ ਹੈ। 'ਅੰਤਰਿ ਬਾਹਰਿ, ਈਹਾ ਊਹਾ, ਅੰਦਰਹੁ ਬਾਹਰਹੁ' ਅਰਥਗਤ ਦੁਹਰੁਕਤੀ ਦੇ ਰੂਪ ਹਨ। 'ਅੰਤਰਗਤਿ, ਅੰਦਰਹੁ, ਉਰਵਾਰਿ, ਮਝਾਹਿ, ਮਝਾਹੂ, ਮਝਾਰ, ਮਝਾਰਾ, ਮਝਾਰੀ, ਮਝਾਰੇ, ਮਝਾਰੰ' ਆਦਿ ਮਿਸ਼ਰਤ ਸਥਾਨ ਬੋਧਕ ਕਿਰਿਆ ਵਿਸ਼ੇਸ਼ਣ ਹਨ।

ਹਿੰਦੀ ਭਾਸ਼ਾ ਦੇ ਪ੍ਰਭਾਵ ਵਾਲੇ ਰੂਪ ਜਹ (201), ਜਹਾ (30), ਤਹ (232), ਤਹਾ (43), ਈਹਾ (35), ਊਹਾ (34)। ਅਰਥਗਤ ਦੁਹਰੁਕਤੀਯੁਕਤ ਰੂਪ ਈਹਾ ਊਹਾ (16) ਆਦਿ। ਸੰਸਕ੍ਰਿਤ ਭਾਸ਼ਾ ਦੇ ਸ਼ਬਦ 'ਈਤ (19), ਊਤ (17), ਜਤ (55), ਕਤ (112), ਜਤ੍ਰ (3)' ਆਦਿ ਮਿਲਦੇ ਹਨ। ਅਰਥਗਤ ਦੁਹਰੁਕਤੀਯੁਕਤ ਰੂਪ 'ਈਤ ਊਤ' (16), 'ਜਤ ਕਤ' (30), 'ਜਤ ਕਤਾ' (2), ਜਤ ਕਤਹ (1) 'ਜਤ੍ਰ ਕਤ੍ਰ' (1) ਈਤਹਿ ਊਤਹਿ (1) ਆਦਿ ਮਿਲਦੇ ਹਨ।

**ਸਾਰਣੀ- 8.**

| ਮੂਲ ਭਾਸ਼ਾ ਦੇ ਸ਼ਬਦ | ਹਿੰਦੀ ਭਾਸ਼ਾ ਦੇ ਸ਼ਬਦ | ਸੰਸਕ੍ਰਿਤ ਭਾਸ਼ਾ ਦੇ ਸ਼ਬਦ |
|---|---|---|
| ਏਥੈ, ਐਥੈ, ਕਿਥੈ, ਤਿਥੈ, ਜਿਥੈ | ਜਹ, ਜਹਾ, ਤਹ, ਤਹਾ, ਈਹਾ, ਊਹਾ | ਈਤ, ਊਤ, ਜਤ, ਕਤ, ਜਤ, ਕਤਾ, ਜਤ, ਕਤਹ, ਜਤ੍ਰ, ਕਤ੍ਰ, ਈਤਹਿ, ਊਤਹਿ |

ਸੋ ਇਸ ਤਰ੍ਹਾਂ ਅਰਥਗਤ ਦੁਹਰੁਕਤੀ ਦੇ ਵਧੇਰੇ ਰੂਪ ਮਿਲਦੇ ਹਨ, ਰੂਪਗਤ ਦੁਹਰੁਕਤੀ ਦੇ ਕੁਝ ਕੁ ਸੀਮਿਤ ਰੂਪ 'ਜਹ ਜਹ' (23), 'ਤਹ ਤਹ' (14), 'ਜਹਾ ਜਹਾ' (3), 'ਤਹਾ ਤਹਾ' (3), 'ਜਤ ਜਤ' (3), 'ਤਤ ਤਤ' (6) ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਦੇ ਮਿਲਦੇ ਹਨ।

**ਜਹ ਜਹ** ਦੇਖਉ **ਤਹ ਤਹ** ਰਾਮਾ ॥ (ਨਾਮਦੇਵ) ਅੰਗ ੮੭੩

**ਜਹ ਜਹ** ਦੇਖਾ **ਤਹ ਤਹ** ਸੁਆਮੀ ॥ (ਮ: ੪) ਅੰਗ ੯੬

**ਜਹਾ ਜਹਾ** ਧੂਅ ਨਾਰਦੁ ਟੇਕੇ ਨੈਕੁ ਟਿਕਾਵਹੁ ਮੋਹਿ ॥ (ਨਾਮਦੇਵ) ਅੰਗ ੮੭੩

**ਜਤ ਜਤ** ਦੇਖਉ **ਤਤ ਤਤ** ਤੁਮ ਹੀ ਅਵਰੁ ਨ ਦੁਤੀਆ ਗਾਇਆ ॥

(ਮ: ੧) ਅੰਗ ੧੦੪੦

ਉਪਰੋਕਤ ਵਾਕਾਂ ਵਿਚ ਮੋਟੇ ਕੀਤੇ ਗਏ ਸ਼ਬਦ 'ਸਥਾਨ ਵਾਚਕ' ਦੇ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਰੂਪ ਹਨ। ਦੁਹਰੁਕਤੀਯੁਕਤ ਰੂਪ ਵਿਚ ਇਹ ਪਰਮਾਤਮਾ ਦੀ ਸਰਵ ਵਿਆਪਕਤਾ ਭਾਵ ਰਮਣ ਦੀ ਪ੍ਰਕਿਰਿਆ ਨੂੰ ਵਿਸ਼ੇਸ਼ਤਾ ਵਜੋਂ ਦਰਸਾ ਰਹੇ ਹਨ। ਇਸਦੇ ਨਾਲ ਇਹ ਕਾਵਿ ਸੁਹਜ ਅਤੇ ਵਜਨ ਦਾ ਕਾਰਜ ਵੀ ਕਰਦੇ ਹਨ। ਉਪਰੋਕਤ ਰੂਪ ਸਥਾਨ ਨੂੰ ਸੀਮਿਤ ਰੂਪ ਵਿਚ ਨਹੀਂ, ਬਲਕਿ ਕਿਰਿਆ ਦੇ ਸਥਾਨ ਦੀ ਅਸੀਮਤਾ ਨੂੰ ਦਰਸਾ ਰਹੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਬੋਧਕ ਕਿਰਿਆ ਵਿਸ਼ੇਸ਼ਣ ਦਾ ਇਕ ਵੱਖਰਾ ਰੂਪ 'ਘਟਿ ਘਟਿ' ਮਿਲਦਾ ਹੈ। ਆਮ ਵਰਤੋਂ ਵਿਚ ਇਸਦੇ ਅਰਥ 'ਦੁਹਰੁਕਤੀ' ਤੋਂ ਭਿੰਨ ਹਨ। ਇਸ ਸਥਿਤੀ ਵਿਚ ਇਸਦੇ ਅਰਥ ਅਤੇ ਸ਼੍ਰੇਣੀ ਪਰਵਰਤਿਤ ਹੋ ਜਾਂਦੀ ਹੈ। ਮੂਲ ਅਰਥਾਂ ਵਿਚ ਇਹ ਸੀਮਿਤ ਮਾਤਰਾ ਦਰਸਾਉਣ ਲਈ ਮਾਤਰਾ ਬੋਧਕ ਵਿਸ਼ੇਸ਼ਣ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ, ਪ੍ਰੰਤੂ ਵਰਤੋਂ ਦੇ ਸੰਦਰਭ ਵਿਚ ਇਸਦੇ ਵਿਭਿੰਨ ਪ੍ਰਕਾਰਜ ਹਨ, ਜਿਵੇਂ:

ਸਭੁ ਕੋ ਆਖੈ ਬਹੁਤੁ ਬਹੁਤੁ **ਘਟਿ** ਨ ਆਖੈ ਕੋਇ ॥ (ਮ: ੧) ਅੰਗ ੧੫

ਜਿਤੁ **ਘਟਿ** ਸਚੁ ਨ ਪਾਇ ਸੁ ਭੰਨਿ ਘੜਾਈਐ ॥ (ਮ: ੧) ਅੰਗ ੧੪੬

ਏਕੋ ਆਪਿ ਵਰਤਦਾ ਪਿਆਰੇ **ਘਟਿ ਘਟਿ** ਰਹਿਆ ਸਮਾਇ ॥ (ਮ: ੫) ਅੰਗ ੪੩੨

ਪਹਿਲੇ ਵਾਕ ਵਿਚ **ਘਟਿ** 'ਮਾਤਰਾ ਬੋਧਕ' ਵਿਸ਼ੇਸ਼ਣ ਹੈ। ਦਾਰਸ਼ਨਿਕ ਪ੍ਰਸੰਗ ਵਿਚ 'ਘਟਿ ਘਟਿ' ਸ਼ਬਦ ਨਵੇਂ ਅਰਥ ਗ੍ਰਹਿਣ ਕਰਦਾ ਹੈ। ਇਕਹਿਰੇ ਰੂਪ ਵਿਚ ਇਹ ਸਥਾਨ ਵਾਚਕ ਆਮ ਨਾਂਵ ਹੈ, ਦੁਹਰੁਕਤੀਯੁਕਤ ਰੂਪ ਵਿਚ ਇਹ ਸਥਾਨ ਵਾਚਕ ਕਿਰਿਆ ਵਿਸ਼ੇਸ਼ਣ ਦਾ ਪ੍ਰਕਾਰਜ ਕਰਦਾ ਹੈ। ਜਿਵੇਂ ਦੂਜੇ ਵਾਕ ਵਿਚ 'ਘਟਿ' ਇਕਹਿਰਾ ਰੂਪ ਸਥਾਨ ਵਾਚਕ ਆਮ ਨਾਂਵ ਹੈ ਅਤੇ ਅਖ਼ੀਰਲੇ ਵਾਕ ਵਿਚ 'ਘਟਿ ਘਟਿ' ਸਥਾਨ ਬੋਧਕ ਕਿਰਿਆ ਵਿਸ਼ੇਸ਼ਣ ਹੈ।

**7.2. III. ਦਿਸ਼ਾ ਬੋਧਕ ਕਿਰਿਆ ਵਿਸ਼ੇਸ਼ਣ:-** ਦਿਸ਼ਾ ਬੋਧਕ ਕਿਰਿਆ ਵਿਸ਼ੇਸ਼ਣ 'ਸਥਾਨ ਬੋਧਕ' ਦਾ ਹੀ ਇਕ ਉਪਭੇਦ ਹੈ। ਦਿਸ਼ਾ ਦਾ ਸੰਬੰਧ 'ਸਥਾਨ' ਨਾਲ ਹੈ। "ਦਿਸ਼ਾ ਸੂਚਕ ਕਿਰਿਆ ਵਿਸ਼ੇਸ਼ਣਾਂ ਦੁਆਰਾ ਘਟਨਾ ਕ੍ਰਮ ਦੀ ਦਿਸ਼ਾ ਨੂੰ ਦਰਸਾਇਆ ਜਾਂਦਾ ਹੈ, ਅਰਥਾਤ ਘਟਨਾ ਕਿਸ ਦਿਸ਼ਾ ਵੱਲ ਵਾਪਰੀ ਹੈ। "[18] 'ਅੱਗੇ, ਪਿੱਛੇ, ਏਧਰ, ਓਧਰ, ਉੱਪਰ, ਹੇਠਾਂ, ਸਾਹਮਣੇ, ਖੱਬੇ, ਸੱਜੇ, ਚੁਪਾਸੇ' ਅਜੋਕੀ ਪੰਜਾਬੀ ਦੇ ਦਿਸ਼ਾ ਬੋਧਕ ਕਿਰਿਆ ਵਿਸ਼ੇਸ਼ਣ ਹਨ। ਗੁਰਬਾਣੀ ਵਿਚ ਇਸਦੇ ਅਜੋਕੀ ਪੰਜਾਬੀ ਤੋਂ ਭਿੰਨ ਰੂਪ ਮਿਲਦੇ ਹਨ, ਜਿਵੇਂ:

**ਸਾਰਣੀ- 9.**

| | | | | |
|---|---|---|---|---|
| ਉਪਰਹੁ | ਸਮੀਪਿ | ਨਿਕਟੇ | ਪਾਸੁ | ਪਾਸਹੁ |
| ਉਪਰਿ | ਸਮੀਪਤ | ਨਿਕਟੈ | ਪਾਸੇ | ਪਿਛਹੁ |
| ਊਪਰਿ | ਦੂਰ | ਨਿਵਰੈ | ਪਾਸੈ | ਪਿਛਲ |
| ਊਪਰੇ | ਦੂਰਿ | ਨੇਰਾ | ਪਾਛੇ | ਪਿਛਲੇ |
| ਅਗੈ | ਦੂਰੀ | ਨੇਰੇ | ਪਾਛੈ | ਬਾਹਰ |
| ਆਗੇ | ਦੂਰਹਿ | ਨੇੜੇ | ਪਾਛੰ | ਬਾਹਰਾ |
| ਆਗੈ | ਦੂਹਰੁ | ਨੇੜੈ | ਪਿਛਾ | ਬਾਹਰਿ |
| ਅਗਹੁ | ਨਜੀਕਿ | ਪਾਸ | ਪਿਛੀ | ਬਾਹਰੀ |

18 ਜੋਗਿੰਦਰ ਸਿੰਘ ਪੁਆਰ ਤੇ ਹੋਰ (ਸੰਪ.), ਪੰਜਾਬੀ ਭਾਸ਼ਾ ਦਾ ਵਿਆਕਰਨ (ਭਾਗ 1), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1991, ਪੰਨਾ 48.

| | | | | |
|---|---|---|---|---|
| ਅਗਾਹਾ | ਨਿਕਟ | ਪਾਸਾ | ਪਿਛੈ | ਬਾਹਰੁ |
| ਆਗਾਹਾ | ਨਿਕਟਿ | ਪਾਸਿ | ਪਿਛੋ | ਬਾਹਰੇ |
| ਸਮੀਪ | ਨਿਕਟੀ | ਪਾਸੀ | ਪੀਛੈ | ਬਾਹਰਹੁ |

ਉਪਰੋਕਤ ਸ਼ਬਦ ਰੂਪ ਮੂਲ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਹਨ। ਇਕਹਿਰੇ ਰੂਪ ਵਿਚ ਇਸਦੀ ਰੂਪਾਵਲੀ ਮਿਲਦੀ ਹੈ, ਜਦਕਿ ਦੁਹਰੁਕਤੀਯੁਕਤ ਰੂਪ ਵਿਚ ਇਸਦੀ ਜਿਆਦਾ ਵਰਤੋਂ ਨਹੀਂ ਮਿਲਦੀ। ਦੁਹਰੁਕਤੀ ਵਜੋਂ ਇਸਦੇ ਕੇਵਲ ਦੋ ਰੂਪ 'ਨਿਕਟਿ ਨਿਕਟਿ' ਅਤੇ 'ਦੂਰਿ ਦੂਰਿ' ਮਿਲਦੇ ਹਨ:

ਸਦਾ **ਨਿਕਟਿ ਨਿਕਟਿ** ਹਰਿ ਜਾਨੁ ॥ (ਮ: ੫) ਅੰਗ ੨੭੫

ਹਰਿ ਜਨ **ਨਿਕਟਿ ਨਿਕਟਿ** ਹਰਿ ਜਨ ਹੈ ਹਰਿ ਰਾਖੈ ਕੰਠਿ ਜਨ ਧਾਰੇ ॥

(ਮ: ੪) ਅੰਗ ੮੮੨

ਹਰਿ ਕੈ **ਨਿਕਟਿ ਨਿਕਟਿ** ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥

(ਮ: ੪) ਅੰਗ ੧੨੦੧

ਮਾਨੁ ਮਾਨੁ ਮਾਨੁ ਤਿਆਗਿ ਮਿਰਤੁ ਮਿਰਤੁ **ਨਿਕਟਿ ਨਿਕਟਿ** ਸਦਾ ਹਈ ॥

(ਮ: ੫) ਅੰਗ ੧੩੦੮

ਦੁਹਰੁਕਤੀਯੁਕਤ ਰੂਪ ਵਿਚ **ਨਿਕਟਿ ਨਿਕਟਿ** ਦੀ ਵਰਤੋਂ ਚਾਰ ਵਾਰ ਮਿਲਦੀ ਹੈ। ਸਤਹ੍ਹੀ ਪੱਧਰ 'ਤੇ ਚਾਰੇ ਵਾਕਾਂ ਵਿਚ ਦੂਹਰੇ ਰੂਪ ਭੁਲੇਖਾ ਸਿਰਜਦੇ ਹਨ, ਪਰ ਵਿਆਕਰਨ ਪੱਧਰ 'ਤੇ ਕੇਵਲ (ਦੋ ਵਾਰ) ਤੀਜੇ ਅਤੇ ਚੌਥੇ ਵਾਕ ਵਿਚ ਦੁਹਰੁਕਤੀਯੁਕਤ ਵਰਤੋਂ ਹੈ। ਪਹਿਲੇ ਦੋ ਵਾਕਾਂ ਵਿਚਲੇ ਦੂਹਰੇ ਸ਼ਬਦ ਕੇਵਲ ਸਥਾਨ ਕਰਕੇ ਦੁਹਰੁਕਤੀਯੁਕਤ ਹਨ, ਵਾਕੰਸ਼ ਪੱਧਰ 'ਤੇ ਅਜਿਹੇ ਸ਼ਬਦਾਂ ਨੂੰ ਦੁਹਰੁਕਤੀਯੁਕਤ ਨਹੀਂ ਕਿਹਾ ਜਾ ਸਕਦਾ। ਵਾਕ ਦੀ ਵਾਕੰਸ਼ ਵੰਡ ਕਰਨ 'ਤੇ ਇਹ ਦੁਹਰੁਕਤੀਯੁਕਤ ਸ਼ਬਦ ਵੱਖਰੇ ਵੱਖਰੇ ਵਾਕੰਸ਼ ਦਾ

ਹਿੱਸਾ ਬਣਦੇ ਹਨ ਤੇ ਵੱਖਰੇ ਵਾਕੰਸ਼ ਦਾ ਪ੍ਰਕਾਰਜ ਕਰਦੇ ਹਨ। ਹੇਠਾਂ ਦਿੱਤੇ ਵਾਕਾਂ ਵਿਚ ਇਹਨਾਂ ਦਾ ਵਾਕੰਸ਼ ਵਿਸ਼ਲੇਸਣ ਕੀਤਾ ਹੈ। ਇਕਹਿਰੇ ਰੂਪ ਵਿਚ ਇਹ ਵੱਖ ਵੱਖ ਵਾਕੰਸ਼ ਦਾ ਅੰਗ ਹਨ:

[ਨਿਵਰੈ **ਦੂਰਿ]** **[ਦੂਰਿ** ਫੁਨਿ ਨਿਵਰੈ] ਜਿਨਿ ਜੈਸਾ ਕਰਿ ਮਾਨਿਆ ॥ (ਕਬੀਰ) ਅੰਗ ੩੩੩

[ਸਦਾ **ਨਿਕਟਿ]** **[ਨਿਕਟਿ** ਹਰਿ ਜਾਨੁ] ॥ (ਮਃ ੫) ਅੰਗ ੨੭੫

[ਹਰਿ ਜਨ **ਨਿਕਟਿ]** **[ਨਿਕਟਿ** ਹਰਿ ਜਨ ਹੈ] ਹਰਿ ਰਾਖੈ ਕੰਠਿ ਜਨ ਧਾਰੇ ॥

(ਮਃ ੪) ਅੰਗ ੮੮੨

ਉਪਰੋਕਤ ਵਾਕਾਂ ਵਿਚ ਦੂਹਰੇ ਸ਼ਬਦ ਵੱਖਰੇ ਵੱਖਰੇ ਵਾਕੰਸ਼ ਦਾ ਅੰਗ ਹੋਣ ਕਾਰਨ ਦੁਹਰੁਕਤੀਯੁਕਤ ਨਹੀਂ ਹਨ। ਪਹਿਲਾ ਵਾਕ ਅਰਥਗਤ ਦੁਹਰੁਕਤੀ ਵਾਲਾ ਹੈ। 'ਨਿਵਰੈ ਦੂਰਿ' ਅਰਥਗਤ ਦੁਹਰੁਕਤੀਯੁਕਤ ਸ਼ਬਦ ਇਕ ਵਾਕੰਸ਼ ਵਿਚ ਹਨ। ਵਿਰੋਧੀ ਸ਼ਬਦ ਹੋਣ ਕਾਰਨ ਇਹ ਵਿਰੋਧਾਰਥਕ ਅਰਥਗਤ ਦੁਹਰੁਕਤੀ ਹੈ। ਦੁਹਰੁਕਤੀਯੁਕਤ ਕੇਵਲ ਉਹੀ ਸ਼ਬਦ ਹਨ, ਜੋ ਦੂਹਰੇ ਰੂਪ ਵਿਚ ਵਿਆਕਰਨ ਪੱਧਰ 'ਤੇ ਇਕ ਇਕਾਈ ਦਾ ਕਾਰਜ ਕਰਦੇ ਹਨ।

**7.2.IV. ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ:-** ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ ਕਾਰਜ ਦੀ ਸੂਚਨਾ 'ਗਿਣਤੀ' ਰਾਹੀਂ ਦਿੰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ ਦੁਹਰੁਕਤੀਯੁਕਤ ਰੂਪ ਵਿਚ ਬਹੁਤ ਹੀ ਸੀਮਿਤ ਮਿਲਦੇ ਹਨ:

ਕਹੈ ਨਾਨਕੁ ਛਪੈ ਕਿਉ ਛਪਿਆ **ਏਕੀ ਏਕੀ** ਵੰਡਿ ਦੀਆ ॥ (ਮਃ ੧) ਅੰਗ ੩੫੧

ਚਾਰੇ ਦੀਵੇ ਚਹੁ ਹਥਿ ਦੀਏ **ਏਕਾ ਏਕਾ** ਵਾਰੀ ॥ (ਮਃ ੧) ਅੰਗ ੧੧੯੦

ਉਪਰੋਕਤ ਤੁਕਾਂ ਵਿਚ 'ਏਕੀ ਏਕੀ' ਅਤੇ 'ਏਕਾ ਏਕਾ' ਦਾ ਅਰਥ ਇਕ ਇਕ ਭਾਵ ਬਰਾਬਰ ਵੰਡ ਤੋਂ ਹੈ। ਅਜਿਹੀਆਂ ਤੁਕਾਂ ਦੇ ਪ੍ਰਸੰਗ ਵਿਚ ਇਕਹਿਰਾ ਰੂਪ ਅਰਥ ਸੰਚਾਰ ਨਹੀਂ ਕਰ ਪਾਉਂਦਾ। ਪਹਿਲੀ ਤੁਕ ਦਾ ਪ੍ਰਸੰਗ ਪੁਰਾਣ ਦੀ ਕਥਾ ਅਨੁਸਾਰ ਹੈ, "ਦੇਵਤਿਆਂ ਤੇ ਦੈਂਤਾ ਦੁਆਰਾ ਰਿੜਕੇ ਸਮੁੰਦਰ ਵਿਚੋਂ ਨਿਕਲੇ 14

ਰਤਨਾਂ ਨੂੰ ਵਿਸ਼ਨੂੰ ਨੇ ਮੋਹਨੀ ਰੂਪ ਵਿਚ ਪ੍ਰਗਟ ਹੋ ਕੇ ਸਾਰਿਆਂ ਨੂੰ  ਇਕ ਇਕ ਕਰਕੇ ਵੰਡ ਦਿੱਤਾ।"[19] ਦੂਜੀ ਤੁਕ ਵਿਚ ਚਾਰ ਯੁਗਾਂ ਤੇ ਚਾਰ ਦੀਵਿਆਂ ਦਾ ਜ਼ਿਕਰ ਹੈ। ਚਾਰਾਂ ਦੀਵਿਆਂ ਦੀ ਵੰਡ ਚਾਰ ਯੁਗਾਂ ਅਨੁਸਾਰ ਇਕ ਇਕ ਹੋਈ ਹੈ। ਜੇਕਰ ਇਥੇ ਇਕਹਿਰਾ ਰੂਪ ਵਰਤ ਲਿਆ ਜਾਵੇ ਤਾਂ ਉਹ ਬਰਾਬਰ ਵੰਡ ਦੇ ਅਰਥ ਨਹੀਂ ਦਿੰਦਾ ਅਤੇ ਅਰਥ ਦਾ ਪ੍ਰਸੰਗ ਬਦਲ ਜਾਂਦਾ ਹੈ। ਅਜਿਹੀ ਸਥਿਤੀ ਵਿਚ ਦੁਹਰੁਕਤੀਯੁਕਤ ਰੂਪ ਹੀ ਸਹੀ ਅਰਥਾਂ ਦਾ ਸੰਚਾਰ ਕਰਦੇ ਹਨ। ਇਕ ਦੇ ਵਿਭਿੰਨ ਰੂਪ 'ਇਕ, ਇਕੁ, ਇਕਿ, ਇਕੇ, ਇਕਨਾ, ਇਕਨੀ, ਏਕ, ਏਕਾ, ਏਕੀ, ਏਕੇ, ਏਕੋ, ਏਕਹਿ' ਆਦਿ ਹਨ ਇਹ ਆਮ ਤੌਰ 'ਤੇ 'ਗਿਣਤੀ ਵਾਚਕ ਵਿਸ਼ੇਸ਼ਣ, ਅਨਿਸ਼ਚੇਵਾਚਕ ਪੜਨਾਂਵ' ਜਾਂ 'ਅਨਿਸ਼ਚੇਵਾਚਕ ਵਿਸ਼ੇਸਣ' ਦਾ ਕਾਰਜ ਕਰਦੇ ਹਨ:

**ਏਕ** ਤੂਹੀ **ਏਕ** ਤੁਹੀ ॥ (ਮ: ੧) ਅੰਗ ੧੪੩

**ਇਕਨਾ** ਮਾਰਗਿ ਪਾਇ **ਇਕਿ** ਉਝੜਿ ਪਾਇਦਾ ॥ (ਮ: ੪) ਅੰਗ ੬੪੪

**ਇਕਨੀ** ਗੁਰਮੁਖਿ ਬੁਝਿਆ ਹਰਿ ਆਤਮ ਰਾਮੁ ॥  (ਮ: ੩) ਅੰਗ ੧੦੯੦

'ਏਕ' ਗਿਣਤੀ ਵਾਚਕ ਵਿਸ਼ੇਸ਼ਣ 'ਤੂਹੀ' ਦੀ ਵਿਸ਼ੇਸ਼ਤਾ ਦਰਸਾ ਰਿਹਾ ਹੈ 'ਇਕਨਾ' ਅਤੇ 'ਇਕਿ' ਪੜਨਾਂਵ ਬਹੁਵਚਨ ਦੇ ਅਰਥ ਵਜੋਂ ਅਨਿਸ਼ਚੇਵਾਚਕ ਪੜਨਾਂਵ ਦਾ ਕਾਰਜ ਕਰ ਰਿਹਾ ਹੈ। ਅਖ਼ੀਰਲੇ ਵਾਕ ਵਿਚ 'ਇਕਨੀ' ਗੁਰਮੁਖਿ (ਨਾਂਵ ਸ਼ਬਦ) ਨਾਲ ਅਨਿਸ਼ਚੇਵਾਚਕ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। 'ਇਕਨਾ, ਇਕਿ' ਨਾਲ ਨਾਂਵ ਜਾਂ ਪੜਨਾਂਵ ਗ਼ੈਰ ਹਾਜ਼ਰ ਹੋਣ ਕਾਰਨ ਇਹ ਅਨਿਸ਼ਚੇਵਾਚਕ ਪੜਨਾਂਵ ਹੈ, 'ਇਕਨੀ' ਨਾਲ ਗੁਰਮੁਖਿ (ਬਹੁਵਚਨ) ਨਾਂਵ ਹੋਣ ਕਾਰਨ ਇਹ ਅਨਿਸ਼ਚੇਵਾਚਕ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਅਜਿਹੇ ਸਮਾਨ ਰੂਪ ਵਾਕ ਦੇ ਪ੍ਰਸੰਗ ਵਿਚ ਅਰਥਾਂ ਦਾ ਸੰਚਾਰ ਕਰਦੇ ਹਨ, ਵਾਕ ਦੇ ਪ੍ਰਸੰਗ ਵਿਚ ਇਹਨਾਂ ਦੀ ਸ਼੍ਰੇਣੀ ਬਦਲ ਜਾਂਦੀ ਹੈ। ਉਪਰ ਦਿੱਤੇ ਵਾਕਾਂ ਵਿਚ ਦੁਹਰੁਕਤੀਯੁਕਤ ਰੂਪ ਵਿਚ ਇਹ ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ।

---

[19] ਸਾਹਿਬ ਸਿੰਘ, ਚਰਨ ਸਿੰਘ, ਅਜੀਤ ਸਿੰਘ ਔਲਖ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਭਾਗ ਦੂਜਾ), ਭਾ. ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 2013, ਪੰਨਾ 8.

**ਦੁਇ ਦੁਇ** ਲੋਚਨ ਪੇਖਾ॥ ਹਉ ਹਰਿ ਬਿਨੁ ਅਉਰੁ ਨ ਦੇਖਾ ॥ (ਕਬੀਰ) ਅੰਗ ੬੫੫

'ਦੁਇ ਦੁਇ' ਗਿਣਤੀ ਵਾਚਕ ਵਿਸ਼ੇਸ਼ਣ ਹੈ, ਇਹ ਨਾਂਵ ਰੂਪ 'ਲੋਚਨ' ਦਾ ਵਿਸ਼ੇਸ਼ਣ ਹੈ, ਪ੍ਰੰਤੂ ਵਾਕ ਦੇ ਪ੍ਰਸੰਗ ਵਿਚ ਇਸਦਾ ਕਾਰਜ ਭਿੰਨ ਹੈ, ਇਥੇ ਇਹ ਪੇਖਾ (ਕਿਰਿਆ) ਦੀ ਵਿਸ਼ੇਸ਼ਤਾ ਦਾ ਕਾਰਜ ਕਰ ਰਿਹਾ ਹੈ। ਦੋਵਾਂ ਅੱਖਾਂ ਨਾਲ ਵੇਖਣ ਦਾ ਅਰਥ "ਮੈਂ ਦੋਹਾਂ ਅੱਖਾਂ ਨਾਲ (ਪੂਰੀ ਗਹੁ ਨਾਲ) ਵੇਖਦਾ ਹਾਂ। "[20] ਇਥੇ ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ ਰੂਪ ਨੀਝ ਨਾਲ ਜਾਂ ਗੌਰ ਨਾਲ ਵੇਖਣ ਦੇ ਅਰਥਾਂ ਵਿਚ ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਦਾ ਪ੍ਰਕਾਰਜ ਕਰ ਰਿਹਾ ਹੈ।

ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ ਦੇ ਅੰਤਰਗਤ ਕਿਰਿਆ ਦੇ 'ਕ੍ਰਮ ਸੂਚਕ' ਅਤੇ 'ਮਾਤਰਾ ਸੂਚਕ' ਕਿਰਿਆ ਵਿਸ਼ੇਸ਼ਣ ਵੀ ਆਉਂਦੇ ਹਨ। ਕਿਰਿਆ ਦੇ ਕ੍ਰਮ ਸੂਚਕ ਸ਼ਬਦ 'ਅਉਲਿ, ਅਵਲਿ, ਪਹਿਲੈ, ਦੂਜੈ, ਤੀਜੈ, ਚਉਥੈ, ਪੰਜਵੈ, ਛਿਵੈ, ਸਤਵੈ, ਅਠਵੈ, ਨਾਵੈ, ਦਸਵੈ' ਆਦਿ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹ ਇਕਹਿਰੇ ਰੂਪ ਵਿਚ ਕਾਰਜਸ਼ੀਲ ਹਨ। ਕ੍ਰਮ ਦੀ ਬਾਰੰਬਾਰਤਾ ਦਰਸਾਉਂਦੇ ਸ਼ਬਦਾਂ ਦੇ ਵਿਭਿੰਨ ਸਮਾਨਾਰਥੀ ਰੂਪ ਮਿਲਦੇ ਹਨ। ਇਹ ਕ੍ਰਮ ਦੀ ਕ੍ਰਮ ਵਾਰਤਾ ਨੂੰ ਨਹੀਂ, ਬਲਕਿ ਕ੍ਰਮ ਦੀ ਬਾਰੰਬਾਰਤਾ ਨੂੰ ਪ੍ਰਗਟਾਉਂਦੇ ਹਨ। ਵਧੇਰੇ ਭਾਸ਼ਾਵਾਂ ਦੀ ਵਰਤੋਂ ਕਾਰਨ ਇਕ ਅਰਥ ਦੇ ਵਿਭਿੰਨ ਰੂਪ ਮਿਲਣੇ ਸੰਭਵ ਹਨ, ਜਿਵੇਂ:

**ਸਾਰਣੀ- 10.**

| | | |
|---|---|---|
| ਪੁਨਹ ਪੁਨਹ | ਫੇਰਿ ਫੇਰਿ | ਬਹੁੜਿ ਬਹੁੜਿ |
| ਫਿਰਿ ਫਿਰਿ | ਬਾਰਿ ਬਾਰਿ | ਵਾਰ ਵਾਰ |
| ਫੁਨਿ ਫੁਨਿ | ਬਹੁਰਿ ਬਹੁਰਿ | ਵਲਿ ਵਲਿ |

---

[20] ਸਾਹਿਬ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਚੌਥੀ ਪੋਥੀ), ਰਾਜ ਪਬਲਿਸ਼ਰਜ਼, ਜਲੰਧਰ, 1963, ਪੰਨਾ 776.

ਨਾਨਕ ਸਰਨਿ ਗਹੀ ਸੁਆਮੀ ਕੀ **ਪੁਨਹ ਪੁਨਹ** ਨਮਸਕਾਰਾ ॥ (ਮ: ੫) ਅੰਗ ੭੧੭

ਕਾਮ ਕ੍ਰੋਧ ਮਦਿ ਬਿਆਪਿਆ **ਫਿਰਿ ਫਿਰਿ** ਜੋਨੀ ਪਾਇ ॥ (ਮ: ੫) ਅੰਗ ੫੦

ਆਵਾ ਗਵਨੁ ਹੋਤੁ ਹੈ **ਫੁਨਿ ਫੁਨਿ** ਇਹੁ ਪਰਸੰਗੁ ਨ ਤੂਟੈ ॥ (ਕਬੀਰ) ਅੰਗ ੯੭੧

**ਬਾਰਿ ਬਾਰਿ** ਜਾਉ ਸੰਤ ਸਦਕੇ ॥ (ਮ: ੫) ਅੰਗ ੨੫੫

ਮਾਹਾ ਰੁਤੀ ਆਵਹਿ **ਵਾਰ ਵਾਰ** ॥ (ਮ: ੩) ਅੰਗ ੮੪੨

ਉਪਰੋਕਤ ਦੁਹਰੁਕਤੀਯੁਕਤ ਸ਼ਬਦ ਕਾਰਜ ਦੀ ਬਾਰੰਬਾਰਤਾ ਦਰਸਾ ਰਹੇ ਹਨ। ਬਾਰੰਬਾਰਤਾ ਦਾ ਸੰਕਲਪ ਸ਼ਬਦਾਂ ਦੀ ਦੁਹਰੁਕਤੀ ਤੋਂ ਉਪਜਦਾ ਹੈ। ਇਕਹਿਰਾ ਰੂਪ ਕਾਰਜ ਦੀ ਬਾਰੰਬਾਰਤਾ ਨਹੀਂ ਦਰਸਾਉਂਦਾ। ਮਾਤਰਾ ਦੀ ਸੂਚਨਾ ਦੇਣ ਵਾਲੇ ਸ਼ਬਦ 'ਮਾਤਰਾ ਸੂਚਕ' ਕਿਰਿਆ ਵਿਸ਼ੇਸ਼ਣ ਹਨ।

**ਨਿਮਖ ਨਿਮਖ** ਕਰਿ ਸਰੀਰੁ ਕਟਾਵੈ ॥ (ਮ: ੫) ਅੰਗ ੨੬੫

ਮ੍ਰਿਗ ਪਕਰੇ ਘਰਿ ਆਣੇ ਹਾਟਿ॥ **ਚੁਖ ਚੁਖ** ਲੇ ਗਏ ਬਾਂਢੇ ਬਾਟਿ॥

(ਮ: ੫) ਅੰਗ ੧੧੩੬

'ਨਿਮਖ ਨਿਮਖ' ਅਤੇ 'ਚੁਖ ਚੁਖ' ਦੁਹਰੁਕਤੀਯੁਕਤ ਮਾਤਰਾ ਬੋਧਕ ਕਿਰਿਆ ਵਿਸ਼ੇਸ਼ਣ ਹਨ। ਦੋਵੇਂ ਸ਼ਬਦ 'ਨਿਮਨ ਮਾਤਰਾ' ਦੇ ਅਰਥ ਦੇ ਰਹੇ ਹਨ, ਇਕਹਿਰਾ ਰੂਪ ਅਰਥ ਸੰਚਾਰ ਵਿਚ ਰੁਕਾਵਟ ਪੈਦਾ ਕਰਦਾ ਹੈ। 'ਚੁਖ' ਦਾ ਇਕਹਿਰਾ ਰੂਪ ਚੁਗ (ਮੁਖ ਕਿਰਿਆ) ਪ੍ਰਤੀਤ ਹੁੰਦਾ ਹੈ ਅਤੇ ਆਮ ਪਾਠਕ ਇਕਹਿਰੇ ਰੂਪ ਤੋਂ ਇਹੀ ਅਰਥ ਗ੍ਰਹਿਣ ਕਰਦਾ ਹੈ, ਇਸ ਨਾਲ ਵਾਕ ਦਾ ਪ੍ਰਸੰਗ ਬਦਲ ਜਾਂਦਾ ਹੈ। 'ਬਹੁਤੁ, ਬਹੁਤਾ, ਬਹੁਤੌ, ਥੋਰੀ, ਵਧੇਰੀ, ਵਧੇਰੈ, ਵਾਧਿ, ਘਾਟਿ' ਆਦਿ ਮਾਤਰਾ ਸੂਚਕ ਕਿਰਿਆ ਵਿਸ਼ੇਸ਼ਣ ਇਕਹਿਰੇ ਰੂਪ ਵਿਚ ਮਿਲਦੇ ਹਨ।

**7.2.V. ਵਿਧੀ ਵਾਚਕ ਕਿਰਿਆ ਵਿਸ਼ੇਸ਼ਣ:-** ਕਿਰਿਆ ਦੇ 'ਘਟਨਾ ਕ੍ਰਮ' ਜਾਂ ਢੰਗ ਤਰੀਕੇ ਨੂੰ ਦਰਸਾਉਂਦੇ ਸ਼ਬਦ, ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਰੂਪ ਵਿਚ ਸਭ ਤੋਂ ਵਧੇਰੇ 'ਵਿਧੀ ਵਾਚਕ ਕਿਰਿਆ ਵਿਸ਼ੇਸ਼ਣ' ਮਿਲਦੇ ਹਨ।

**ਮੁਸਿ ਮੁਸਿ** ਰੋਵੈ ਕਬੀਰ ਕੀ ਮਾਈ ॥ (ਕਬੀਰ) ਅੰਗ ੫੨੪

ਗੁਰੁ ਸਾਲਾਹੀ ਆਪਣਾ **ਨਿਵਿ ਨਿਵਿ** ਲਾਗਾ ਪਾਇ ॥ (ਮਃ ੩) ਅੰਗ ੭੫੬

ਲੈ ਕਰਿ ਠੇਗਾ ਟਗਰੀ ਤੋਰੀ **ਲਾਂਗਤ ਲਾਂਗਤ** ਜਾਤੀ ਥੀ ॥ (ਨਾਮਦੇਵ) ਅੰਗ ੮੭੪

**ਮਟਕਿ ਮਟਕਿ** ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ ॥ (ਮਃ ੪) ਅੰਗ ੯੮੩

**ਊਂਨਵਿ ਊਂਨਵਿ** ਆਇਆ ਵਰਸੈ ਲਾਇ ਝੜੀ ॥ (ਮਃ ੩) ਅੰਗ ੧੨੮੦

ਫਰੀਦਾ ਰਾਤੀ ਵਡੀਆਂ **ਧੁਖਿ ਧੁਖਿ** ਉਠਨਿ ਪਾਸ ॥ (ਫਰੀਦ) ਅੰਗ ੧੩੭੮

ਜਿਹ ਜਿਹ ਡਾਲੀ ਪਗੁ ਧਰਉ ਸੋਈ **ਮੁਰਿ ਮੁਰਿ** ਜਾਇ ॥ (ਕਬੀਰ) ਅੰਗ ੧੩੬੯

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮਃ ੩) ਅੰਗ ੧੪੨੦

ਉਪਰੋਕਤ ਵਾਕਾਂ ਵਿਚ ਆਏ ਦੁਹਰੁਕਤੀਯੁਕਤ ਸ਼ਬਦ ਮੂਲ ਕਿਰਿਆ ਵਿਸ਼ੇਸ਼ਣ ਰੂਪ ਹਨ। ਇਹ ਮੁਖ ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ ਅਤੇ ਸੁਹਜ ਦਾ ਕਾਰਜ ਕਰ ਰਹੇ ਹਨ। ਦੁਹਰੁਕਤੀਯੁਕਤ ਰੂਪ ਕਾਵਿਕ ਵਜਨ ਅਤੇ ਲੈਅ ਦੀ ਇਕਸੁਰਤਾ ਬਣਾਈ ਰੱਖਦਾ ਹੈ। ਇਕਹਿਰੇ ਰੂਪ ਅਰਥ ਸੰਚਾਰ ਵਿਚ ਰੁਕਾਵਟ ਪੈਦਾ ਕਰਦੇ ਹਨ, ਇਸਦੇ ਨਾਲ ਸੁਹਜ ਅਤੇ ਚਾਲ ਵੀ ਪ੍ਰਭਾਵਿਤ ਹੁੰਦੀ ਹੈ।

ਵਿਧੀ ਵਾਚਕ ਕਿਰਿਆ ਵਿਸ਼ੇਸ਼ਣ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜੋ ਮੂਲ ਰੂਪ ਵਿਚ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦ ਨਹੀਂ, ਪਰ ਵਾਕ ਦੇ ਪ੍ਰਸੰਗ ਵਿਚ ਕਿਰਿਆ ਵਿਸ਼ੇਸ਼ਣ ਦਾ ਪ੍ਰਕਾਰਜ ਕਰਦੇ ਹਨ। ਜਿਵੇਂ **ਜਲਿ ਜਲਿ** ਸ਼ਬਦ ਵੀ ਨਵੇਂ ਅਰਥ ਗ੍ਰਹਿਣ ਕਰਦਾ ਹੈ, ਜਦਕਿ ਮੂਲ ਰੂਪ ਵਿਚ ਜਲਿ ਸ਼ਬਦ ਦੇ ਦੋ

ਅਰਥ ਹਨ: ਜਲਿ (ਜਲਣਾ) ਕਿਰਿਆ ਅਤੇ ਜਲਿ (ਪਾਣੀ) ਨਾਂਵ। 'ਜਲਿ' ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ 151 ਵਾਰ ਆਇਆ ਹੈ। ਦੁਹਰੁਕਤੀਯੁਕਤ ਰੂਪ ਵਿਚ ਇਹ ਰੂਪਗਤ ਅਤੇ ਅਰਥਗਤ ਦੋਹਾਂ ਭੇਦਾਂ ਵਿਚ ਮਿਲਦਾ ਹੈ। ਰੂਪਗਤ ਦੁਹਰੁਕਤੀ ਵਜੋਂ ਇਸਦੀ ਵਰਤੋਂ ਤਿੰਨ ਵਾਰ ਮਿਲਦੀ ਹੈ, ਇਥੇ ਇਹ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ।

**ਜਲਿ ਜਲਿ** ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ (ਮਃ ੧) ਅੰਗ ੪੬੬

**ਜਲਿ ਜਲਿ** ਖਪੈ ਬਹੁਤੁ ਵਿਕਾਰਾ ॥ (ਮਃ ੩) ਅੰਗ ੧੦੪੪

ਅਰਥਗਤ ਦੁਹਰੁਕਤੀਯੁਕਤ ਰੂਪ ਵਿਚ ਇਸਦੀ ਵਰਤੋਂ 73 ਵਾਰ ਮਿਲਦੀ ਹੈ। ਹੇਠਾਂ ਦਿੱਤੇ ਅਰਥਗਤ ਦੁਹਰੁਕਤੀਯੁਕਤ ਵਾਕਾਂ ਵਿਚ ਇਹ ਮੁਖ ਕਿਰਿਆ ਦਾ ਕਾਰਜ ਕਰ ਰਿਹਾ ਹੈ, ਜਿਵੇਂ:

ਬਿਨੁ ਨਾਵੈ ਜੀਉ **ਜਲਿ ਬਲਿ** ਜਾਈ ॥ (ਮਃ ੧) ਅੰਗ ੯੦੬

ਬਿਨੁ ਸਾਚੇ ਜੀਉ **ਜਲਿ ਬਲਉ** ਝੂਠੇ ਵੇਕਾਰੀ ॥ (ਮਃ ੧) ਅੰਗ ੧੦੧੧

ਉਪਰੋਕਤ ਵਾਕਾਂ ਵਿਚ ਇਹ ਅਰਥਗਤ ਦੁਹਰੁਕਤੀ ਵਜੋਂ ਮੁਖ ਕਿਰਿਆ ਦਾ ਪ੍ਰਕਾਰਜ ਕਰ ਰਿਹਾ ਹੈ। ਪਹਿਲੇ ਵਾਕ ਵਿਚ ਇਸ ਨਾਲ ਸੰਚਾਲਕ ਕਿਰਿਆ 'ਜਾਈ' ਹੈ, ਦੂਜੇ ਵਾਕ ਵਿਚ ਸੰਚਾਲਕ ਕਿਰਿਆ ਪ੍ਰਤੱਖ ਰੂਪ ਵਿਚ ਨਹੀਂ, ਬਲਕਿ ਅਪ੍ਰਤੱਖ ਰੂਪ ਵਿਚ ਅਰਥਗਤ ਕਾਰਜ ਕਰ ਰਹੀ ਹੈ। ਇਕਹਿਰੇ ਰੂਪ ਵਿਚ ਜਲਿ ਦੀ ਵਰਤੋਂ 'ਨਾਂਵ' ਸ਼੍ਰੇਣੀ ਲਈ ਕੀਤੀ ਵੀ ਮਿਲਦੀ ਹੈ:

ਨਿਰਮਲਿ **ਜਲਿ** ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥ (ਮਃ ੪) ਅੰਗ ੭੭੪

ਸਾਇਰ ਸਪਤ ਭਰੇ **ਜਲਿ** ਨਿਰਮਲਿ ਗੁਰਮੁਖਿ ਮੈਲੁ ਨ ਲਾਇਦਾ ॥

(ਮਃ ੧) ਅੰਗ ੧੦੩੬

ਇਕਹਿਰੇ ਰੂਪ ਵਿਚ ਜਲਿ ਦੀ ਵਰਤੋਂ ਉਸਦੇ ਮੂਲ ਅਰਥਾਂ ਵਿਚ ਹੈ, ਉੱਪਰ ਦਿੱਤੇ ਵਾਕਾਂ ਵਿਚ ਦੂਹਰੇ ਰੂਪ ਵਿਚ ਇਹ ਕਿਰਿਆ ਵਿਸ਼ੇਸ਼ਣ ਦਾ ਕਾਰਜ ਵੀ ਕਰ ਰਿਹਾ ਹੈ। ਇਸ ਤੋਂ ਸਪੱਸ਼ਟ ਹੈ ਕਿ ਦੁਹਰੁਕਤੀਯੁਕਤ ਰੂਪ ਸ਼ਬਦਾਂ ਦੇ ਨਵੇਂ ਅਰਥ ਵੀ ਸਿਰਜਦਾ ਹੈ।

ਅੰਤਰਿ ਮੈਲੁ ਲਗੀ ਨਹੀ ਜਾਣੈ ਬਾਹਰਹੁ **ਮਲਿ ਮਲਿ** ਧੋਵੈ ॥ (ਮਃ ੧) ਅੰਗ ੧੩੯

ਕਲਰ ਕੇਰੀ ਛਪੜੀ ਕਊਆ **ਮਲਿ ਮਲਿ** ਨਾਇ ॥ (ਮਃ ੧) ਅੰਗ ੧੪੧੧

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥ **ਮਪਿ ਮਪਿ** ਕਾਟਉ ਜਮ ਕੀ ਫਾਸੀ ॥

(ਨਾਮਦੇਵ) ਅੰਗ ੪੮੫

ਹਮ ਤਿਨ ਕੇ ਚਰਣ ਪਖਾਲਦੇ ਧੂੜਿ **ਘੋਲਿ ਘੋਲਿ** ਪੀਜੈ ॥ (ਮਃ ੪) ਅੰਗ ੭੨੬

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਸ਼ਬਦ ਮੂਲ ਰੂਪ ਵਿਚ ਕਿਰਿਆ ਸ਼੍ਰੇਣੀ ਦੇ ਸ਼ਬਦ ਹਨ, ਪਰ ਦੁਹਰੁਕਤੀਯੁਕਤ ਰੂਪ ਵਿਚ ਇਹ ਮੁਖ ਕਿਰਿਆ ਦੀ ਵਿਧੀਗਤ ਵਿਸ਼ੇਸ਼ਤਾ ਦਾ ਪ੍ਰਕਾਰਜ ਕਰ ਰਹੇ ਹਨ। ਦੂਹਰੇ ਰੂਪ ਵਿਚ ਇਹ ਕਾਰਜ ਦੀ ਲਗਾਤਾਰਤਾ ਨੂੰ ਬਣਾਈ ਰੱਖਦੇ ਹਨ। ਇਕਹਿਰਾ ਰੂਪ ਕਾਰਜ ਦੀ ਲਗਾਤਾਰਤਾ ਅਤੇ ਸੁਹਜ ਸਿਰਜਨਾ ਵਿਚ ਰੁਕਾਵਟ ਬਣਦਾ ਹੈ। ਲਗਾਤਾਰਤਾ ਦੇ ਅਰਥ ਸਿਰਜਨ ਲਈ ਇਕਹਿਰੇ ਰੂਪ ਨਾਲ ਸੰਬੰਧਕ ਵਰਤਣ ਤੇ ਕਾਵਿ ਰਚਨਾ ਕਾਵਿ ਨਾ ਹੋ ਕੇ ਵਾਰਤਕ ਦੇ ਵਧੇਰੇ ਨੇੜੇ ਜਾਪਦੀ ਹੈ। ਸੋ ਦੁਹਰੁਕਤੀ ਕਾਰਜ ਨੂੰ ਲਗਾਤਾਰਤਾ ਦੇ ਅਰਥ ਦਿੰਦੀ ਹੈ ਅਤੇ ਕਾਵਿ ਨੂੰ ਸੁਹਜ ਪ੍ਰਦਾਨ ਕਰਦੀ ਹੈ।

ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਵਿਚ ਕੁਝ ਸ਼ਬਦ ਅਜਿਹੇ ਹਨ, ਜਿਹੜੇ ਲੱਗਦੇ ਤਾਂ ਪੂਰਨ ਹਨ, ਪ੍ਰੰਤੂ ਅਸਲ ਇਹ ਇਕਹਿਰੇ ਰੂਪ ਵਿਚ ਅਪੂਰਨ ਹੁੰਦੇ ਹਨ। ਇਹ ਇਕਹਿਰੇ ਰੂਪ ਵਿਚ ਸੁਤੰਤਰ ਤੌਰ ’ਤੇ ਵਿਚਰਨ ਦੇ ਸਮਰੱਥ ਨਹੀਂ ਹੁੰਦੇ, ਕੇਵਲ ਦੁਹਰੁਕਤੀਯੁਕਤ ਰੂਪ ਵਿਚ ਹੀ ਅਰਥ ਸੰਚਾਰ ਕਰਦੇ ਹਨ। **ਝਿਮਿ ਝਿਮਿ** ਅਜਿਹਾ ਹੀ ਸ਼ਬਦ ਹੈ, ਜੋ ਦੂਹਰੇ ਰੂਪ ਵਿਚ ਅਰਥ ਗ੍ਰਹਿਣ ਕਰਦਾ ਹੈ:

**ਝਿਮਿ ਝਿਮਿ** ਵਰਸੈ ਅੰਮ੍ਰਿਤ ਧਾਰਾ ॥ (ਮਃ ੫) ਅੰਗ ੧੦੨

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮਃ ੩) ਅੰਗ ੧੪੨੦

**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਕਬੀਰ) ਅੰਗ ੧੧੦੫

**ਥਰ ਥਰ** ਕੰਪੈ ਜੀਅੜਾ ਥਾਨ ਵਿਹੂਣਾ ਹੋਇ॥ (ਮਃ ੧) ਅੰਗ ੯੩੪

ਰੂਪ ਵਜੋਂ **ਡ਼ਿਮਿ** ਅਤੇ **ਥਰ** ਪੂਰਨ ਸ਼ਬਦ ਪ੍ਰਤੀਤ ਹੁੰਦੇ ਹਨ, ਅਜਿਹੇ ਸ਼ਬਦਾਂ ਵੱਲ ਜਿਆਦਾ ਧਿਆਨ ਵੀ ਨਹੀਂ ਦਿੱਤਾ ਗਿਆ, ਜਿਵੇਂ **ਪਾਣੀ ਧਾਣੀ, ਚਾਹ ਚੂਹ** ਸ਼ਬਦ ਵੱਲ ਦਿੱਤਾ ਜਾਂਦਾ ਹੈ। ਅਪੂਰਨ ਦੁਹਰੁਕਤੀ ਵਿਚ ਧੁਨੀ ਪਰਿਵਰਤਨ ਵਾਲੇ ਸ਼ਬਦ ਕੇਂਦਰ ਵਿਚ ਰਹਿੰਦੇ ਹਨ, ਆਮ ਪਾਠਕ ਅਜਿਹੇ ਸ਼ਬਦਾਂ (ਧਾਣੀ ਚੂਹ) ਨੂੰ ਹੀ ਅਪੂਰਨ ਸ਼ਬਦ ਮੰਨਦਾ ਹੈ। ਡ਼ਿਮਿ ਡ਼ਿਮਿ, ਥਰ ਥਰ ਜਾਂ ਪੁਰਜਾ ਪੁਰਜਾ ਕਿਰਿਆ ਵਿਸ਼ੇਸ਼ਣ ਸ਼ਬਦਾਂ ਨੂੰ ਨਹੀਂ, ਜਦਕਿ ਅਸਲ ਵਿਚ ਇਸਦੇ ਦੋਵੇਂ ਸ਼ਬਦ ਹੀ ਨਿਰਾਰਥਕ ਹਨ। ਕਿਰਿਆ ਵਿਸ਼ੇਸ਼ਣ ਵਜੋਂ ਇਹ ਦੁਹਰੁਕਤੀਯੁਕਤ ਰੂਪ ਵਿਚ ਅਰਥ ਗ੍ਰਹਿਣ ਕਰਦੇ ਹਨ, ਇਕਹਿਰੇ ਰੂਪ ਵਜੋਂ ਇਹਨਾਂ ਦੀ ਵਰਤੋਂ (ਕਿਰਿਆ ਵਿਸ਼ੇਸ਼ਣ ਵਜੋਂ) ਅਸੰਭਵ ਹੈ। ਧੁਨੀ ਪਰਿਵਰਤਨ ਸ਼ਬਦਾਂ ਨਾਲੋਂ ਇਹਨਾਂ ਦੀ ਇਕ ਵੱਖਰਤਾ ਇਹ ਵੀ ਹੈ, ਉਸਦਾ ਇਕ ਸ਼ਬਦ ਨਿਰਾਰਥਕ ਹੰਦਾ ਹੈ ਤੇ ਦੂਜਾ ਸਾਰਥਕ। ਨਿਰਾਰਥਕ ਸ਼ਬਦ ਸਾਰਥਕ ਨਾਲ ਮਿਲਕੇ ਅਰਥ ਗ੍ਰਹਿਣ ਕਰਦਾ ਹੈ, ਜਦਕਿ ਇਸਦੇ ਦੋਵੇਂ ਸ਼ਬਦ ਆਪਸ ਵਿਚ ਮਿਲਕੇ ਅਰਥ ਗ੍ਰਹਿਣ ਕਰਦੇ ਹਨ (ਪੁਰਜਾ ਦੀ ਇਕਹਿਰੀ ਵਰਤੋਂ ਨਾਂਵ ਸ਼੍ਰੇਣੀ ਵਜੋਂ ਕੀਤੀ ਜਾਂਦੀ ਹੈ, ਕਿਰਿਆ ਵਿਸ਼ੇਸ਼ਣ ਵਜੋਂ ਨਹੀਂ)। **ਪੁਰਜਾ ਪੁਰਜਾ** ਅਤੇ **ਥਰ ਥਰ** ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਇਕ ਵਾਰ ਮਿਲਦੀ ਹੈ। ਇਕਹਿਰੇ ਰੂਪ ਵਿਚ **ਪੁਰਜਾ** 'ਨਾਂਵ' ਦਾ ਪ੍ਰਕਾਰਜ ਕਰਦਾ ਹੈ। ਦੁਹਰੁਕਤੀਯੁਕਤ ਰੂਪ ਵਿਚ ਇਸਦੀ ਸ਼੍ਰੇਣੀ ਪ੍ਰਵਰਤਿਤ ਹੋਈ ਹੈ, ਇਥੇ ਇਹ 'ਕਿਰਿਆ ਵਿਸ਼ੇਸ਼ਣ' ਦਾ ਪ੍ਰਕਾਰਜ ਕਰ ਰਿਹਾ ਹੈ। ਇਸੇ ਤਰ੍ਹਾਂ 'ਮਟਕਿ' ਦੀ ਇਕਹਿਰੀ ਵਰਤੋਂ 'ਪਿਛੇਤਰ ਜਾਂ ਸੰਬੰਧਕ' ਲਾ ਕੇ ਕੀਤੀ ਜਾਂਦੀ ਹੈ। ਦੁਹਰੁਕਤੀਯੁਕਤ ਰੂਪ ਵਿਚ ਇਸ ਨਾਲ ਪਿਛੇਤਰ ਜਾਂ ਸੰਬੰਧਕ ਦੀ ਵਰਤੋਂ ਨਾ ਕਰਕੇ ਮੂਲ ਰੂਪ ਵਰਤਿਆ ਜਾਂਦਾ ਹੈ। ਦੁਹਰੁਕਤੀ ਸਤਹ੍ਹੀ ਪੱਧਰ 'ਤੇ ਸੰਬੰਧਕਾਂ ਜਾਂ ਪਿਛੇਤਰਾਂ ਨੂੰ ਖ਼ਾਰਜ ਕਰ ਦਿੰਦੀ ਹੈ, ਜਿਵੇਂ:

**ਮਟਕਿ ਮਟਕਿ** ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ ॥ (ਮਃ ੪) ਅੰਗ ੯੮੩

ਕਿਸ ਹੀ ਨਾਲਿ ਨ ਚਲਿਆ **ਖਪਿ ਖਪਿ** ਮੁਏ ਅਸਾਰ ॥ (ਮਃ ੧) ਅੰਗ ੬੩

ਦੂਜੈ ਲਾਗਿ ਜਗੁ **ਖਪਿ ਖਪਿ** ਮੂਆ ॥ (ਮਃ ੩) ਅੰਗ ੧੧੩

ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਕਾਵਿਮਈ ਹੋਣ ਕਾਰਨ ਕੁਝ ਅਜਿਹੇ ਦੁਹਰੁਕਤੀਯੁਕਤ ਰੂਪ ਵੀ ਮਿਲਦੇ ਹਨ, ਜਿਥੇ 'ਕਾਵਿਕ ਸੁਹਜ' ਸਿਰਜਣ ਲਈ ਸ਼ਬਦ ਨੂੰ ਸੰਖਿਪਤ ਰੂਪ ਵਿਚ ਵਰਤਿਆ ਗਿਆ ਹੈ, ਜਿਵੇਂ, ਭਟਕਦੇ ਤੋਂ ਭਵਿ:

ਗਿਲੀ ਗਿਲੀ ਰੋਡੜੀ ਭਉਦੀ **ਭਵਿ ਭਵਿ** ਆਇ ॥ (ਮਃ ੫) ਅੰਗ ੧੦੯੭

ਇਥੇ ਸ਼ਬਦ 'ਭਟਕਦੇ' ਵਰਤਣ ਨਾਲ ਕਾਵਿਕ ਸੁਹਜ ਨਹੀਂ ਉਪਜਦਾ। ਇਸੇ ਤਰ੍ਹਾਂ ਕਈ ਸ਼ਬਦਾਂ ਦੇ ਰੂਪ ਦੁਹਰੁਕਤੀ ਕਾਰਨ ਪਰਵਰਤਿਤ ਹੋਏ ਮਿਲਦੇ ਹਨ, ਜਿਵੇਂ:

ਜਨ ਨਾਨਕ ਨਾਮੁ ਸਲਾਹਿ ਤੂ **ਲੁਡਿ ਲੁਡਿ** ਦਰਗਹਿ ਵੰਞੁ॥ (ਮਃ ੪) ਅੰਗ ੧੩੧੮

ਦੁਹਰੁਕਤੀਯੁਕਤ ਸ਼ਬਦ ਕੇਵਲ ਵਿਆਕਰਨਕ ਪੱਖ ਤੋਂ ਹੀ ਮਹੱਤਵਪੂਰਨ ਨਹੀਂ, ਬਲਕਿ ਇਹ ਰਚਨਾ ਨੂੰ ਸੁਹਜ ਪ੍ਰਦਾਨ ਵੀ ਕਰਦੇ ਹਨ। 'ਲੁਡਿ ਲੁਡਿ' ਦਾ ਦੂਹਰਾ ਰੂਪ ਕਾਵਿ ਦਾ ਵਜਨ ਪੂਰ ਰਿਹਾ ਹੈ।

**7.2.VI. ਗਤੀ ਵਾਚਕ ਕਿਰਿਆ ਵਿਸ਼ੇਸ਼ਣ:-** ਦੁਹਰੁਕਤੀਯੁਤਕ ਰੂਪ ਵਿਚ ਗਤੀਵਾਚਕ ਕਿਰਿਆ ਵਿਸ਼ੇਸ਼ਣ ਦੇ ਤਿੰਨ ਰੂਪ **ਸਹਜਿ ਸਹਜਿ, ਸਹਿਜੇ ਸਹਿਜੇ** ਅਤੇ **ਢਹਤ ਢਹਤ** ਮਿਲਦੇ ਹਨ।

ਦੇਹਿ ਬਿਮਲ ਮਤਿ ਸਦਾ ਸਰੀਰਾ॥ **ਸਹਜਿ ਸਹਜਿ** ਗੁਨ ਰਵੈ ਕਬੀਰਾ ॥

(ਕਬੀਰ) ਅੰਗ ੪੭੮

**ਸਹਜੇ ਸਹਜੇ** ਮਿਲਿ ਰਹੈ ਅਮਰਾ ਪਦੁ ਪਾਵੈ ॥ (ਮਃ ੧) ਅੰਗ ੭੨੫

**ਢਹਤ ਢਹਤ** ਅਬ ਢਹਿ ਪਰੇ ਸਾਧ ਜਨਾ ਸਰਨਾਇ ॥ (ਮਃ ੫) ਅੰਗ ੨੫੬

'ਸਹਜਿ' ਭਾਵ ਵਾਚਕ ਨਾਂਵ ਹੈ। ਉਪਰੋਕਤ ਵਾਕ ਵਿਚ ਇਹ ਮੁਖ ਕਿਰਿਆ **ਰਵੈ** ਦੀ ਸਹਿਜਮਈ ਅਵਸਥਾ ਦਾ ਪ੍ਰਕਾਰਜ ਕਰ ਰਿਹਾ ਹੈ। **ਸਹਜੇ ਸਹਜੇ** ਮੁਖ ਕਿਰਿਆ ਦੀ ਗਤੀ ਨੂੰ ਦਰਸਾਉਂਦਾ ਹੈ। **ਸਹਜਿ ਸਹਜਿ** ਕਿਰਿਆ ਹੋਣ ਦੀ ਅਵਸਥਾ ਨੂੰ ਦਰਸਾ ਰਿਹਾ ਤੇ **ਸਹਜੇ ਸਹਜੇ** ਕਿਰਿਆ ਦੀ ਪ੍ਰਕਿਰਿਆ ਨੂੰ ਦਰਸਾ ਰਿਹਾ

ਹੈ। ਦੋਹਾਂ ਦਾ ਪ੍ਰਕਾਰਜ ਵੱਖਰਾ ਹੈ। **ਢਹਤ ਢਹਤ** ਸ਼ੁੱਧ ਰੂਪ ਵਿਚ 'ਕਿਰਿਆ' ਸ਼ਬਦ ਹੈ, ਦੂਹਰੇ ਰੂਪ ਵਿਚ ਇਹ ਮੁਖ ਕਿਰਿਆ ਦੀ 'ਗਤੀ ਵਾਚਕ ਵਿਸ਼ੇਸ਼ਤਾ' ਦਾ ਕਾਰਜ ਕਰ ਰਿਹਾ ਹੈ। ਸੋ ਕਾਰਜ ਪੱਖ ਤੋਂ ਇਹ ਕਿਰਿਆ ਵਿਸ਼ੇਸ਼ਣ ਹਨ।

## ਸ. ਕਿਰਿਆ ਵਿਸ਼ੇਸ਼ਣ ਦੁਹਰੁਕਤੀ ਦੇ ਵਿਕਾਰੀ ਅਤੇ ਅਵਿਕਾਰੀ ਰੂਪ

ਸਮੁੱਚੀ ਭਾਸ਼ਾਈ ਸ਼ਬਦਾਵਲੀ ਦੇ ਦੋ ਵਰਗ 'ਵਿਕਾਰੀ' ਅਤੇ 'ਅਵਿਕਾਰੀ' ਹਨ, ਵਿਕਾਰੀ ਸ਼ਬਦਾਵਲੀ ਦਾ ਰੂਪ 'ਵਾਕਾਤਮਕ ਕਾਰਜ' ਅਨੁਸਾਰ ਬਦਲਦਾ ਹੈ, ਜਿਵੇਂ:

**ਭ੍ਰਮਤ ਭ੍ਰਮਤ** ਪ੍ਰਭ ਸਰਨੀ ਆਇਆ ॥ (ਮਃ ੫) ਅੰਗ ੧੦੦੫

ਲਖ ਚਉਰਾਸੀਹ **ਭ੍ਰਮਤਾ** ਫੇਰਿ ॥ (ਮਃ ੫) ਅੰਗ ੧੮੦

ਲਖ ਚਉਰਾਸੀਹ **ਭ੍ਰਮਤੇ ਭ੍ਰਮਤੇ** ਦੁਲਭ ਜਨਮੁ ਅਬ ਪਾਇਓ ॥ (ਮਃ ੫) ਅੰਗ ੧੦੧੭

ਉਪਰੋਕਤ ਸ਼ਬਦ 'ਭ੍ਰਮਣ' ਦੇ ਵਿਭਿੰਨ ਰੂਪ ਹਨ। ਮੂਲ ਰੂਪ ਵਿਚ ਭ੍ਰਮਣ ਕਿਰਿਆ ਰੂਪ ਹੈ, ਪਰ ਦੁਹਰੁਕਤੀਯੁਕਤ ਰੂਪ ਵਿਚ ਇਸਦੀ ਵਰਤੋਂ ਕਿਰਿਆ ਵਿਸ਼ੇਸ਼ਣ ਵਜੋਂ ਮਿਲਦੀ ਹੈ। ਦੂਹਰੇ ਰੂਪ ਵਿਚ ਇਹ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। 'ਭ੍ਰਮਣ' ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਵਿਭਿੰਨ ਸ਼ਬਦ ਰੂਪ ਮਿਲਦੇ ਹਨ, ਜਿਵੇਂ:

**ਸਾਰਣੀ- 11.**

| | | |
|---|---|---|
| ਡੋਲਿ ਡੋਲਿ | ਭਵਹਿ | ਭ੍ਰਮਣ |
| ਡੋਲਤਿ ਡੋਲਤਿ | ਭ੍ਰਮਿ ਭ੍ਰਮਿ | ਭ੍ਰਮਨ |
| ਧਾਵਤ ਧਾਵਤ | ਭ੍ਰਮੇ | ਭ੍ਰਮਣੀ |
| ਫਿਰਤ ਫਿਰਤ | ਭ੍ਰਮੈ | ਭ੍ਰਮਤ ਭ੍ਰਮਤ |

| | | |
|---|---|---|
| ਭਉ ਭਉ | ਭ੍ਰਮੀਐ | ਭ੍ਰਮਤਾ |
| ਭਵਿ ਭਵਿ | ਭ੍ਰਮਹਿ | ਭ੍ਰਮਤੇ ਭ੍ਰਮਤੇ |
| ਭਵੇ | ਭਰਮਹਿ | ਭ੍ਰਮਤੌ ਭ੍ਰਮਤੌ |
| ਭਵੈ | ਭ੍ਰਮਹੁ | |

ਇਤ ਉਤ **ਡੋਲਿ ਡੋਲਿ** ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥ (ਮਃ ੫) ਅੰਗ ੧੨੬੯

**ਡੋਲਤ ਡੋਲਤ** ਹੇ ਸਖੀ ਫਾਟੇ ਚੀਰ ਸੀਗਾਰ ॥ (ਮਃ ੧) ਅੰਗ ੯੩੩

**ਧਾਵਤ ਧਾਵਤ** ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥ (ਮਃ ੫) ਅੰਗ ੪੯੫

**ਫਿਰਤ ਫਿਰਤ** ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ (ਮਃ ੯) ਅੰਗ ੬੩੧

ਬਹੁਤੇ ਭੇਖ ਕਰਹਿ ਭੇਖਧਾਰੀ ॥**ਭਵਿ ਭਵਿ** ਭਰਮਹਿ ਕਾਚੀ ਸਾਰੀ ॥

(ਮਃ ੩) ਅੰਗ ੮੪੨

**ਭ੍ਰਮਿ ਭ੍ਰਮਿ** ਆਇਓ ਤਉ ਨਦਰਿ ਨ ਪਾਈ ॥ (ਮਃ ੫) ਅੰਗ ੭੩੭

**ਭ੍ਰਮਤ ਭ੍ਰਮਤ** ਪ੍ਰਭ ਸਰਨੀ ਆਇਆ ॥ (ਮਃ ੫) ਅੰਗ ੧੦੦੫

ਲਖ ਚਉਰਾਸੀਹ **ਭ੍ਰਮਤੇ ਭ੍ਰਮਤੇ** ਦੁਲਭ ਜਨਮੁ ਅਬ ਪਾਇਓ ॥

(ਮਃ ੫) ਅੰਗ ੧੦੧੭

**ਭ੍ਰਮਤੌ ਭ੍ਰਮਤੌ** ਹਾਰਿ ਜਉ ਪਰਿਓ ਤਉ ਗੁਰ ਮਿਲਿ ਚਰਨ ਪਰਾਤੇ ॥

(ਮਃ ੫) ਅੰਗ ੧੨੦੯

ਉਪਰੋਕਤ ਵਾਕਾਂ ਵਿਚ ਦੁਹਰੁਕਤੀਯੁਕਤ ਸ਼ਬਦ ‘ਭਟਕਣਾ’ ਦੇ ਅਰਥਾਂ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰ ਰਹੇ ਹਨ। ਕਿਰਿਆ ਵਿਸ਼ੇਸ਼ਣ ਦੇ ਕਾਰਜ ਵਜੋਂ ਇਹ ਮੁਖ ਕਿਰਿਆ ਦੀ ਕਾਰਜ ਵਿਧੀ ਨੂੰ

ਦਰਸਾਉਂਦੇ ਹਨ। ਵਿਭਿੰਨ ਭਾਸ਼ਾਵਾਂ ਦੀ ਵਰਤੋਂ ਕਾਰਨ ਇਕੋ ਅਰਥ ਦੇ ਵਿਭਿੰਨ ਰੂਪ ਮਿਲਣੇ ਸੰਭਵ ਹਨ। ਇਹ ਵਿਕਾਰੀ ਰੂਪ ਹਨ, 'ਕਾਰਜ' ਦੇ ਆਧਾਰ 'ਤੇ ਇਹਨਾਂ ਵਿਚ ਵਿਕਾਰ ਆਉਂਦਾ ਹੈ। 'ਜਲਿ' ਕਿਰਿਆ ਦੇ ਵਿਕਾਰੀ ਰੂਪ 'ਜਲੀ, ਜਲੁ, ਜਲੇ, ਜਲੈ, ਜਲੋ, ਜਲਹਿ, ਜਲਹੁ, ਜਲਾਹਿ' ਹਨ।

ਪੰਜਾਬੀ ਭਾਸ਼ਾ ਦੀ ਬਹੁਤ ਸ਼ਬਦਾਵਲੀ ਅਜਿਹੀ ਮਿਲਦੀ ਹੈ, ਜਿਹੜੀ ਇਕ ਤੋਂ ਵਧੇਰੇ ਸ਼੍ਰੇਣੀਆਂ ਦੀ ਮੈਂਬਰ ਹੁੰਦੀ ਹੈ, 'ਭਾਵ' ਇਕ ਸ਼ਬਦ ਇਕ ਤੋਂ ਵਧੇਰੇ ਅਰਥ ਦਿੰਦਾ ਹੈ। ਜਿਵੇਂ 'ਜਲਿ' ਸ਼ਬਦ ਅਰਥ ਦੇ ਪੱਧਰ 'ਤੇ ਦੋ ਵੱਖ ਵੱਖ ਸ਼ਾਬਦਿਕ ਸ਼੍ਰੇਣੀਆਂ 'ਨਾਂਵ' ਅਤੇ 'ਕਿਰਿਆ' ਸ਼੍ਰੇਣੀ ਦਾ ਸ਼ਬਦ ਹੈ।

ਮਛੁਲੀ ਹੋਵਾ **ਜਲਿ** ਬਸਾ ਜੀਅ ਜੰਤ ਸਭਿ ਸਾਰਿ ॥ (ਮਃ ੧) ਅੰਗ ੧੫੭

ਕਲਮ **ਜਲਉ** ਸਣੁ ਮਸਵਾਣੀਐ ਕਾਗਦੁ ਭੀ **ਜਲਿ** ਜਾਉ ॥ (ਮਃ ੩) ਅੰਗ ੮੪

**ਸਾਰਣੀ- 12.**

| ਰੂਪ | ਅਰਥ | ਸ਼੍ਰੇਣੀ | ਕਾਰਜ |
|---|---|---|---|
| ਜਲਿ | ਪਾਣੀ | ਨਾਂਵ | ਨਾਂਵ |
| ਜਲਿ, ਜਲਉ | ਸੜਨਾ | ਮੁਖ ਕਿਰਿਆ | ਮੁਖ ਕਿਰਿਆ |

ਉਪਰੋਕਤ ਤੁਕਾਂ ਵਿਚ 'ਜਲਿ, ਜਲਉ' ਇਕਹਿਰਾ ਰੂਪ ਮੂਲ ਅਰਥਾਂ ਦਾ ਪ੍ਰਕਾਰਜ ਕਰ ਰਿਹਾ ਹੈ। 'ਜਲਿ' ਦੇ ਦੋ ਹੋਰ ਰੂਪ 'ਜਲ' ਅਤੇ 'ਜਲੁ' ਦੀ ਵਰਤੋਂ ਮਿਲਦੀ ਹੈ, ਜਿਵੇਂ:

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ **ਜਲ** ਦੁਧ ਹੋਇ ॥

(ਮਃ ੧) ਅੰਗ ੬੦ (ਨਾਂਵ)

ਬਿਨੁ **ਜਲ** ਘੜੀ ਨ ਜੀਵਈ ਪ੍ਰਭੁ ਜਾਣੈ ਅਭ ਪੀਰ ॥ (ਮः ੧) ਅੰਗ ੬੦

ਜੈਸੇ **ਜਲ** ਮਹਿ ਕਮਲ ਅਲੇਪ ॥ (ਮः ੫) ਅੰਗ ੨੭੨

**ਜਲੁ** ਪੀਵਤ ਜਿਉ ਤਿਖਾ ਮਿਟੰਤ ॥ (ਮः ੫) ਅੰਗ ੯੧੪

ਤਿਥੈ ਪਵਣੁ ਨ ਪਾਵਕੋ ਨਾ **ਜਲੁ** ਨਾ ਆਕਾਰੁ ॥ (ਮः ੧) ਅੰਗ ੧੦੦੯

ਦੁਰਜਨ ਤੂ **ਜਲੁ** ਭਾਹੜੀ ਵਿਛੋੜੇ ਮਰਿ ਜਾਹਿ ॥ (ਮः ੫) ਅੰਗ ੧੦੯੪ (ਕਿਰਿਆ)

ਪਹਿਲੇ ਪੰਜ ਵਾਕਾਂ ਵਿਚ 'ਜਲ, ਜਲੁ' ਸ਼ਬਦ ਨਾਂਵ ਸ਼੍ਰੇਣੀ ਦਾ ਕਾਰਜ ਕਰ ਰਹੇ ਹਨ। ਅਖ਼ੀਰਲੇ ਵਾਕ ਵਿਚ 'ਜਲੁ' (ਭਾਹੜੀ) ਨਾਂਵ ਨਾਲ ਵਰਤੋਂ ਦੇ ਪ੍ਰਸੰਗ ਵਿਚ 'ਮੁਖ ਕਿਰਿਆ' ਦਾ ਕਾਰਜ ਕਰ ਰਿਹਾ ਹੈ। ਅਰਥ ਵਜੋਂ 'ਜਲ, ਜਲਿ, ਜਲੁ' ਕਿਰਿਆ ਸ਼੍ਰੇਣੀ ਦਾ ਪ੍ਰਕਾਰਜ ਕਰ ਰਹੇ ਹਨ, ਪਰ ਦੁਹਰੁਕਤੀਯੁਕਤ ਰੂਪ ਵਿਚ 'ਜਲਿ ਜਲਿ' ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਜੋਂ ਪ੍ਰਕਾਰਜਸ਼ੀਲ ਹੈ, ਜਿਵੇਂ:

**ਜਲਤੌ ਜਲਤੌ** ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥ (ਮः ੫) ਅੰਗ ੨੧੫

**ਜਲਿ ਜਲਿ** ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ (ਮः ੧) ਅੰਗ ੪੬੬

ਤ੍ਰਿਸਨਾ ਦਾਧੀ ਜਲਿ ਮੁਈ **ਜਲਿ ਜਲਿ** ਕਰੇ ਪੁਕਾਰ ॥ (ਮः ੩) ਅੰਗ ੫੮੮

**ਜਲਿ ਜਲਿ** ਖਪੈ ਬਹੁਤੁ ਵਿਕਾਰਾ ॥ (ਮः ੩) ਅੰਗ ੧੦੪੪

ਉਪਰੋਕਤ ਵਾਕਾਂ ਵਿਚ ਮੋਟੇ ਕੀਤੇ ਗਏ 'ਵਿਕਾਰੀ' ਸ਼ਬਦ ਦੁਹਰੁਕਤੀਯੁਕਤ ਰੂਪ ਵਿਚ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ, ਸ਼ੁੱਧ ਰੂਪ ਵਿਚ ਇਹਨਾਂ ਨੂੰ ਕਿਰਿਆ ਵਿਸ਼ੇਸ਼ਣ ਨਹੀਂ ਕਿਹਾ ਜਾ ਸਕਦਾ। ਇਹ ਕਿਰਿਆ ਦੀ ਵਿਧੀ ਪ੍ਰਗਟਾ ਰਹੇ ਹਨ। ਜਿਵੇਂ ਜੀਵਾਤਮਾ ਆਪਣੇ ਵਿਕਾਰਾਂ ਕਰਕੇ ਜਲਦੀ ਹੋਈ ਪੁਕਾਰ ਰਹੀ ਹੈ ਜਾਂ ਜਲਦੀ ਹੋਈ ਸੜ ਰਹੀ ਹੈ/ ਜਲਦੀ ਹੋਈ ਖਪ ਰਹੀ ਹੈ ਆਦਿ।

ਦੁਹਰੁਕਤੀਯੁਕਤ ਰੂਪ ਵਿਚ 'ਜਲਿ' ਦੇ ਵਿਭਿੰਨ ਰੂਪ ਮਿਲਦੇ ਹਨ। ਜਿਹੜੇ ਕਾਰਜ ਦੇ ਆਧਾਰ 'ਤੇ ਵਿਭਿੰਨ ਸ਼੍ਰੇਣੀਆਂ ਵਜੋਂ ਪ੍ਰਕਾਰਜਸ਼ੀਲ ਹੁੰਦੇ ਹਨ, ਜਿਵੇਂ:

**ਸਾਰਣੀ- 13.**

| ਰੂਪ | ਸ਼੍ਰੇਣੀ | ਪ੍ਰਕਾਰਜ |
|---|---|---|
| ਜਲਿ ਜਲਿ | ਕਿਰਿਆ (ਰੂਪਗਤ ਦੁਹਰੁਕਤੀ) | ਕਿਰਿਆ ਵਿਸ਼ੇਸ਼ਣ |
| ਜਲਤੇ ਜਲਿ ਜਲ ਤੇ | ਕਿਰਿਆ (ਅਰਥਗਤ ਦੁਹਰੁਕਤੀ) | ਕਿਰਿਆ ਵਿਸ਼ੇਸ਼ਣ |
| ਜਲਤੋ ਜਲਤੋ | ਕਿਰਿਆ (ਰੂਪਗਤ ਦੁਹਰੁਕਤੀ) | ਕਿਰਿਆ ਵਿਸ਼ੇਸ਼ਣ |
| ਬਲਤੋ ਜਲਤੋ | ਕਿਰਿਆ (ਅਰਥਗਤ ਦੁਹਰੁਕਤੀ) | ਕਿਰਿਆ |
| ਜਲਿ ਥਲਿ | ਨਾਂਵ (ਅਰਥਗਤ ਦੁਹਰੁਕਤੀ) | ਨਾਂਵ |
| ਜਲੁ ਥਲੁ | ਨਾਂਵ | ਨਾਂਵ |
| ਜਲਿ ਮਲਿ | ਨਾਂਵ, ਕਿਰਿਆ | ਨਾਂਵ ਕਿਰਿਆ ਵਿਸ਼ੇਸ਼ਣ |
| ਜਲਿ ਬਲਿ | ਕਿਰਿਆ | ਮੁਖ ਕਿਰਿਆ |
| ਜਲਿ ਬਲਉ | ਕਿਰਿਆ | ਮੁਖ ਕਿਰਿਆ |
| ਜਲਿ ਬਲੀਐ | ਕਿਰਿਆ | ਮੁਖ ਕਿਰਿਆ |

**ਜਲਿ ਜਲਿ** ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥ (ਮਃ ੧) ਅੰਗ ੪੬੬

**ਜਲਿ ਜਲਿ** ਖਪੈ ਬਹੁਤੁ ਵਿਕਾਰਾ ॥ (ਮਃ ੩) ਅੰਗ ੧੦੪੪

ਹਉਮੈ **ਜਲਤੇ ਜਲਿ** ਮੁਏ ਭ੍ਰਮਿ ਆਏ ਦੂਜੈ ਭਾਇ ॥ (ਮਃ ੩) ਅੰਗ ੬੪੩

**ਜਲਤੋ ਜਲਤੋ** ਕਬਹੂ ਨ ਬੂਝਤ ਸਗਲ ਬ੍ਰਿਥੇ ਬਿਨੁ ਨਾਮਾ ॥ (ਮਃ ੫) ਅੰਗ ੨੧੫

**ਬਲਤੋ ਜਲਤੋ** ਤਉਕਿਆ ਗੁਰ ਚੰਦਨੁ ਸੀਤਲਾਇਓ ॥ (ਮਃ ੫) ਅੰਗ ੨੪੧

**ਜਲਿ ਥਲਿ** ਪੂਰਿ ਰਹੇ ਪ੍ਰਭ ਸੁਆਮੀ ॥ (ਕਬੀਰ) ਅੰਗ ੩੩੧

ਆਪੇ **ਜਲੁ ਥਲੁ** ਸਾਗਰੁ ਸਰਵਰੁ ॥ (ਮਃ ੧) ਅੰਗ ੧੦੨੦

ਹਰਿ ਬਿਨੁ ਜੀਉ **ਜਲਿ ਬਲਿ** ਜਾਉ ॥ (ਮਃ ੧) ਅੰਗ ੧੪

ਬਿਨੁ ਸਾਚੇ ਜੀਉ **ਜਲਿ ਬਲਉ** ਝੂਠੇ ਵੇਕਾਰੀ ॥ (ਮਃ ੧) ਅੰਗ ੧੦੧੧

ਚਉਧਰੀ ਰਾਉ ਸਦਾਈਐ **ਜਲਿ ਬਲੀਐ** ਅਭਿਮਾਨ ॥ (ਮਃ ੧) ਅੰਗ ੬੩

'ਜਲਿ ਜਲਿ' ਕਿਰਿਆ ਰੂਪ 'ਰੋਵੈ' ਅਤੇ 'ਖਪੈ' ਮੁਖ ਕਿਰਿਆ ਦੇ ਵਿਸ਼ੇਸ਼ਣ ਦਾ ਕਾਰਜ ਕਰ ਰਿਹਾ ਹੈ। ਹਉਮੈ ਜਲਤੇ ਜਲਿ ਮੂਏ, ਇਕ ਉਪਵਾਕ ਹੈ 'ਜਲਤੇ ਜਲਿ' ਕਿਰਿਆ ਰੂਪ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦਾ ਹੋਇਆ 'ਹਉਮੈ' ਕਾਰਨ ਮਰਨ ਦੀ ਵਿਧੀ ਨੂੰ ਦਰਸਾ ਰਿਹਾ ਹੈ। ਇਸੇ ਤਰ੍ਹਾਂ 'ਜਲਤੋ ਜਲਤੋ' ਦੁਹਰੁਕਤੀਯੁਕਤ ਰੂਪ ਮੁਖ ਕਿਰਿਆ 'ਬੂਝਤ' ਦੇ ਨਾਂਹ ਬੋਧਕ ਅਰਥਾਂ ਨੂੰ ਦਰਸਾ ਰਿਹਾ ਹੈ, ਭਾਵ ਨਾ ਬੁੱਝਣ ਦਾ ਕਾਰਨ ਦੱਸ ਰਿਹਾ ਹੈ। 'ਬਲਤੋ ਜਲਤੋ' ਕਿਰਿਆ ਰੂਪ ਮੁਖ ਕਿਰਿਆ 'ਤਉਕਿਆ' ਦੇ ਕਾਰਨ ਨੂੰ ਕਿਰਿਆ ਵਿਸ਼ੇਸ਼ਣ ਦੇ ਕਾਰਜ ਰਾਹੀਂ ਦਰਸਾ ਰਿਹਾ ਹੈ। 'ਜਲਿ ਥਲਿ' ਅਤੇ 'ਜਲੁ ਥਲੁ' ਨਾਂਵ ਸ਼ਬਦ ਹਨ। 'ਜਲਿ ਬਲਿ, ਜਲਿ ਬਲਉ, ਜਲਿ ਬਲੀਐ' ਰੂਪ ਮੁਖ ਕਿਰਿਆ ਦਾ ਕਾਰਜ ਕਰ ਰਹੇ ਹਨ। ਸੋ ਵਰਤੋਂ ਦੇ ਪ੍ਰਸੰਗ ਵਿਚ ਜਾਂ ਕਾਰਜ ਦੇ ਆਧਾਰ 'ਤੇ ਕੁਝ 'ਕਿਰਿਆ' ਰੂਪ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ, ਪਰ ਮੂਲ ਰੂਪ ਵਿਚ ਇਹਨਾਂ ਨੂੰ ਕਿਰਿਆ ਵਿਸ਼ੇਸ਼ਣ ਨਹੀਂ ਕਿਹਾ ਜਾ ਸਕਦਾ।

ਮੂਲ ਰੂਪ ਵਾਲੇ ਕਿਰਿਆ ਵਿਸ਼ੇਸ਼ਣ ਅਵਿਕਾਰੀ ਸ਼੍ਰੇਣੀ ਵਿਚ ਆਉਂਦੇ ਹਨ, ਜਿਵੇਂ:

**ਸਦਾ ਸਦਾ** ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥ (ਮਃ ੫) ਅੰਗ ੪੭

ਅਵਲੋਕਨ **ਪੁਨਹ ਪੁਨਹ** ਕਰਉ ਜਨ ਕਾ ਦਰਸਾਰੁ ॥ (ਮਃ ੫) ਅੰਗ ੭੪੫

ਸੋਈ ਬਿਧਾਤਾ **ਖਿਨੁ ਖਿਨੁ** ਜਪੀਐ ॥ (ਮਃ ੫) ਅੰਗ ੧੦੦੪

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ (ਮਃ ੩) ਅੰਗ ੧੪੨੦

ਉਪਰੋਕਤ ਦਿੱਤੇ ਗਏ ਉਦਾਹਰਨ ਅਵਿਕਾਰੀ ਸ਼੍ਰੇਣੀ ਦੇ ਹਨ। ਇਹਨਾਂ ਦੇ ਰੂਪ ਕਿਸੇ ਵੀ ਆਧਾਰ 'ਤੇ ਨਹੀਂ ਬਦਲਦੇ। ਗੁਰਬਾਣੀ ਦੀ ਭਾਸ਼ਾ ਨਿਵੇਕਲੀ ਹੋਣ ਕਾਰਨ ਕਿਸੇ ਭਾਸ਼ਾਈ ਵਿਆਕਰਨ ਨੂੰ ਇਸਤੇ ਥੋਪਿਆ ਨਹੀਂ ਜਾ ਸਕਦਾ। ਸੋ ਵਿਆਕਰਨ ਅਨੁਸਾਰ **ਸਦਾ ਸਦਾ** ਅਵਿਕਾਰੀ ਕਿਰਿਆ ਵਿਸ਼ੇਸ਼ਣ ਰੂਪ ਹੈ, ਪਰ ਗੁਰਬਾਣੀ ਵਿਚ ਇਸਦਾ ਇਕ ਰੂਪ 'ਸਦ ਸਦ' ਵੀ ਮਿਲਦਾ ਹੈ।

ਅਮਰ ਭਏ **ਸਦ ਸਦ** ਹੀ ਜੀਵਹਿ ॥ (ਮਃ ੫) ਅੰਗ ੨੭੬

ਸਦਾ ਦਾ ਦੁਹਰੁਕਤੀਯੁਕਤ ਸੰਖਿਪਤ ਰੂਪ **ਸਦ ਸਦ** ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟਾ ਰਿਹਾ ਹੈ। ਕਾਵਿਕ ਸੁਹਜ ਅਤੇ ਲੈਅਮਈ ਚਾਲ ਕਾਰਨ ਸਦਾ ਦਾ ਸਦ ਰੂਪ ਵਰਤਿਆ ਗਿਆ ਹੈ।

## ਹ. ਕਿਰਿਆ ਵਿਸ਼ੇਸ਼ਣ ਦੁਹਰੁਕਤੀ: ਪ੍ਰਕਾਰਜ

ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਸ਼ਬਦ 'ਕਾਰਜ ਆਦੇਸ਼, ਅਰਥ ਆਦੇਸ਼, ਸ਼੍ਰੇਣੀ ਪਰਿਵਰਤਨ, ਬਰਾਬਰਤਾ, ਕਿਰਿਆ ਦੀ ਬਾਰੰਬਾਰਤਾ ਤੇ ਨਿਰੰਤਰਤਾ' ਦਾ ਪ੍ਰਕਾਰਜ ਕਰਦੇ ਹਨ। 'ਕਾਰਜ ਆਦੇਸ਼' ਵਿਚ ਕਿਰਿਆ ਦੀ ਕਾਰਜੀ ਇਕਾਈ ਅਤੇ ਸ਼੍ਰੇਣੀ ਬਦਲਦੀ ਹੈ, ਸ਼ਬਦ ਦਾ ਰੂਪ ਅਤੇ ਅਰਥ 'ਮੂਲ' ਸ਼੍ਰੇਣੀ ਵਾਲਾ ਰਹਿੰਦਾ ਹੈ। 'ਅਰਥ ਆਦੇਸ਼' ਵਿਚ ਮੂਲ ਅਰਥ ਦੇ ਪਰਿਵਰਤਨ ਨਾਲ ਇਸਦੀ ਸ਼ਬਦ ਸ਼੍ਰੇਣੀ ਵੀ ਬਦਲ ਜਾਂਦੀ ਹੈ।

**i. ਕਾਰਜ ਆਦੇਸ਼ ਤੇ ਸ਼੍ਰੇਣੀ ਪਰਿਵਰਤਨ :-** ਨਾਂਵ ਅਤੇ ਕਿਰਿਆ ਸ਼ਬਦਾਂ ਦੀ ਦੂਹਰੀ ਵਰਤੋਂ ਵਿਚ ਕਾਰਜ ਆਦੇਸ਼ ਦੀ ਇਕਾਈ ਕਾਰਜਸ਼ੀਲ ਹੁੰਦੀ ਹੈ। ਕਾਲ ਵਾਚਕ ਨਾਂਵ ਦੂਹਰੇ ਰੂਪ ਵਿਚ 'ਕਾਲ ਵਾਚਕ ਕਿਰਿਆ ਵਿਸ਼ੇਸ਼ਣ' ਦਾ ਪ੍ਰਕਾਰਜ ਕਰਦੇ ਹਨ। ਵਸਤੂ ਵਾਚਕ ਨਾਂਵ ਅਤੇ ਕਿਰਿਆ ਦੀ ਦੁਹਰੁਕਤੀ 'ਵਿਧੀ ਵਾਚਕ ਕਿਰਿਆ ਵਿਸ਼ੇਸ਼ਤਾ' ਦਾ ਪ੍ਰਕਾਰਜ ਕਰਦੇ ਹਨ।

**ਨਿਮਖ ਨਿਮਖ** ਏਹੀ ਆਰਾਧਉ ॥ (ਮਃ ੫) ਅੰਗ ੩੯੧

ਸੋਈ ਬਿਧਾਤਾ **ਖਿਨੁ ਖਿਨੁ** ਜਪੀਐ ॥ (ਮਃ ੫) ਅੰਗ ੧੦੦੪

ਇਕਹਿਰੇ ਨਾਂਵ ਰੂਪ ਸਮੇਂ ਦੀ ਨਿਸ਼ਚਤ ਇਕਾਈ ਦੇ ਅਰਥ ਦਿੰਦੇ ਹਨ। ਦੂਹਰੇ ਰੂਪ ਵਿਚ ਇਹ (ਮੁਖ ਕਿਰਿਆ) ਆਰਾਧਉ ਅਤੇ ਜਪੀਐ ਦੀ ਨਿਰੰਤਰਤਾ ਦਰਸਾ ਰਹੇ ਹਨ। ਕਾਲ ਦੀ ਨਿਰੰਤਰਤਾ ( ਹਰ ਪਲ/ ਹਮੇਸ਼ਾਂ) ਦੇ ਅਰਥਾਂ ਵਿਚ ਇਹਨਾਂ ਰੂਪਾਂ ਦੀ ਵਰਤੋਂ ਦਾ ਪ੍ਰਕਾਰਜ ਬਦਲ ਗਿਆ ਹੈ।

**ਘੜੀਏ ਘੜੀਏ** ਮਾਰੀਐ ਪਹਰੀ ਲਹੈ ਸਜਾਇ ॥ (ਫਰੀਦ) ਅੰਗ ੧੩੭੯

ਦੂਹਰਾ ਰੂਪ ਨਿਸ਼ਚਤ ਸਮੇਂ ਵਜੋਂ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ ਅਤੇ ਬਾਰੰਬਾਰਤਾ ਦਾ ਪ੍ਰਕਾਰਜ ਕਰਦਾ ਹੈ। 'ਹਰੇਕ ਘੜੀ ਪਿਛੋਂ ਮਾਰ ਪੈਂਦੀ ਹੈ, ਹਰੇਕ ਪਹਿਰ ਮਗਰੋਂ ਇਹ ਕੁੱਟ ਖਾਂਦਾ ਹੈ।'[21] ਘੜੀਏ ਦੀ ਵਰਤੋਂ ਦੁਹਰੁਕਤੀਯੁਕਤ ਰੂਪ ਵਿਚ ਹੀ ਮਿਲਦੀ ਹੈ, ਜੋ ਵਾਕ ਦੇ ਪ੍ਰਸੰਗ ਵਿਚ 'ਘੰਟਾ ਘੰਟਾ' ਦੇ ਅਰਥ ਦੇ ਰਹੀ ਹੈ।

ਵਸਤੂ ਵਾਚਕ ਨਾਂਵ ਪੁਰਜਾ, ਦੂਹਰੇ ਰੂਪ ਵਿਚ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ।

**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ ॥ (ਕਬੀਰ) ਅੰਗ ੧੧੦੫

ਉਪਰੋਕਤ ਵਾਕ ਵਿਚ ਨਾਂਵ ਦਾ ਦੁਹਰਾਉ 'ਮੁਖ ਕਿਰਿਆ' ਦੀ ਵਿਧੀ ਵਾਚਕ ਵਿਸ਼ੇਸ਼ਤਾ ਵਜੋਂ 'ਕਾਰਜ ਆਦੇਸ਼' ਦਾ ਪ੍ਰਕਾਰਜ ਕਰ ਰਿਹਾ ਹੈ। ਇਹ ਮੂਲ ਅਰਥ ਦੇ ਪ੍ਰਤੀਕ ਰੂਪ ਵਿਚ ਵਰਤਿਆ ਗਿਆ ਹੈ। ਕਿਰਿਆ ਵਿਸ਼ੇਸ਼ਣ ਵਜੋਂ ਇਸਦੀ ਵਰਤੋਂ ਹਮੇਸ਼ਾ ਦੁਹਰੁਕਤੀਯੁਕਤ ਰੂਪ ਵਿਚ ਕੀਤੀ ਜਾਂਦੀ ਹੈ।

**ii. ਅਰਥ ਆਦੇਸ਼:-** ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਿਚ ਅਰਥ ਆਦੇਸ਼ ਦਾ ਇਕ ਰੂਪ 'ਘਟਿ ਘਟਿ' ਮਿਲਦਾ ਹੈ। ਨਾਂਵ ਅਤੇ ਕਿਰਿਆ ਤੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਰੂਪਾਂ ਵਿਚ ਸ਼ਬਦ 'ਕਾਰਜ' ਦੇ ਪੱਧਰ 'ਤੇ ਬਦਲਦਾ ਹੈ। ਇਕਹਿਰੇ ਰੂਪ ਵਿਚ ਇਹ ਮਾਤਰਾ ਬੋਧਕ ਵਿਸ਼ੇਸ਼ਣ ਅਤੇ ਸਥਾਨ ਵਾਚਕ ਨਾਂਵ ਦਾ

---

[21] ਸਾਹਿਬ ਸਿੰਘ, ਸਲੋਕ ਤੇ ਸ਼ਬਦ ਫ਼ਰੀਦ ਜੀ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1975 (7th ed.) ਪੰਨਾ 74.

ਕਾਰਜ ਕਰਦਾ ਹੈ। ਦੂਹਰੇ ਰੂਪ ਵਿਚ ਇਸਦਾ ਅਰਥ ਬਦਲ ਜਾਂਦਾ ਹੈ। ਅਰਥਗਤ ਦੁਹਰੁਕਤੀ ਵਿਚ 'ਸਥਾਨ ਵਾਚਕ ਨਾਂਵ+ ਵਿਸ਼ੇਸਣ' ਦਾ ਕਾਰਜ ਕਰਦਾ ਹੈ:

ਸਭੁ ਕੋ ਆਖੈ ਬਹੁਤੁ ਬਹੁਤੁ **ਘਟਿ** ਨ ਆਖੈ ਕੋਇ ॥ (ਮਃ ੧) ਅੰਗ ੧੫

(ਮਾਤਰਾ ਬੋਧਕ ਵਿਸ਼ੇਸ਼ਣ)

ਜਿਤੁ **ਘਟਿ** ਵਸੈ ਪਾਰਬ੍ਰਹਮੁ ਸੋਈ ਸੁਹਾਵਾ ਥਾਉ ॥ (ਮਃ ੫) ਅੰਗ ੨੧੮

(ਸਥਾਨ ਵਾਚਕ ਨਾਂਵ)

ਪ੍ਰਭੁ ਮੇਰਾ ਸੁਆਮੀ ਅੰਤਰਜਾਮੀ **ਘਟਿ ਘਟਿ** ਰਵਿਆ ਸੋਈ ॥ (ਮਃ ੪) ਅੰਗ ੭੭੫

ਨਾਨਕ ਤਿਸੁ ਸਰਣਾਗਤੀ **ਘਟ ਘਟ** ਸਭ ਜਾਨ ॥ (ਮਃ ੫) ਅੰਗ ੮੧੯

(ਕਿਰਿਆ ਵਿਸ਼ੇਸ਼ਣ)

**ਘਟ ਅਵਘਟ** ਡੂਗਰ ਘਣਾ ਇਕੁ ਨਿਰਗੁਣੁ ਬੈਲੁ ਹਮਾਰ ॥ (ਰਵਿਦਾਸ) ਅੰਗ ੩੪੫

(ਸਥਾਨ ਵਾਚਕ ਨਾਂਵ)

**ਦੁਘਟ ਘਟ** ਭਉ ਭੰਜਨੁ ਪਾਈਐ ਬਾਹੁੜਿ ਜਨਮਿ ਨ ਜਾਇਆ ॥ (ਮਃ ੧) ਅੰਗ ੧੦੪੨

(ਸਥਾਨ ਵਾਚਕ ਨਾਂਵ)

ਉਪਰੋਕਤ ਵਾਕਾਂ ਦੇ ਪ੍ਰਸੰਗ ਵਿਚ **ਘਟ** ਦਾ ਅਰਥ ਅਤੇ ਸ਼੍ਰੇਣੀ ਬਦਲ ਰਹੀ ਹੈ। ਇਕਹਿਰੇ ਅਤੇ ਅਰਥਗਤ ਦੁਹਰੁਕਤੀ ਵਿਚ ਇਹ 'ਸਥਾਨ ਵਾਚਕ ਨਾਂਵ ' ਦਾ ਕਾਰਜ ਕਰਦਾ ਹੈ। ਰੂਪਗਤ ਦੁਹਰੁਕਤੀ ਵਿਚ 'ਕਿਰਿਆ ਵਿਸ਼ੇਸ਼ਣ ' (ਰਮਣ ਦੀ ਸਰਵ ਵਿਆਪਕਤਾ) ਵਜੋਂ 'ਅਰਥ ਆਦੇਸ਼ ' ਦੀ ਇਕਾਈ ਪ੍ਰਕਾਰਜਸ਼ੀਲ ਹੁੰਦੀ ਹੈ। **ਘਟ ਅਵਘਟ** ਅਤੇ **ਦੁਘਟ ਘਟ** ਅਰਥਗਤ ਦੁਹਰੁਕਤੀ ਵਿਚ 'ਘਟ' ਨਾਂਵ ਨਾਲ ਲੱਗੇ ਅਗੇਤਰ 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ।

**iii. ਬਰਾਬਰਤਾ:-** ਬਰਾਬਰਤਾ ਦੀ ਇਕਾਈ ਕੇਵਲ ਕਿਰਿਆ ਵਿਸ਼ੇਸ਼ਣ ਸ੍ਰੇਣੀ ਵਿਚ ਮਿਲਦੀ ਹੈ। ਬਰਾਬਰਤਾ ਲਈ ਹਮੇਸ਼ਾ ਸੰਖਿਅਕ ਵਿਸ਼ੇਸ਼ਣ ਦਾ ਦੂਹਰਾ ਰੂਪ ਕਾਰਜਸ਼ੀਲ ਹੁੰਦਾ ਹੈ। ਅਜਿਹੀ ਵਰਤੋਂ ਵਾਲਾ ਇਕ ਰੂਪ ਮਿਲਦਾ ਹੈ।

ਕਹੈ ਨਾਨਕੁ ਛਪੈ ਕਿਉ ਛਪਿਆ **ਏਕੀ ਏਕੀ** ਵੰਡਿ ਦੀਆ ॥ (ਮਃ ੧) ਅੰਗ ੩੫੧

**ਏਕੀ ਏਕੀ** ਬਰਾਬਰ ਵੰਡ ਦਾ ਪ੍ਰਕਾਰਜ ਕਰ ਰਿਹਾ ਹੈ। ਇਕਹਿਰਾ ਏਕੀ ਰੂਪ ਏਕ ਵਸਤ ਦੀ ਵੰਡ ਦੇ ਅਰਥ ਦਿੰਦਾ ਹੈ। ਦੂਹਰਾ ਰੂਪ ਵਸਤਾਂ ਦੇ ਬਰਾਬਰ ਵੰਡ ਦੇ ਅਰਥ ਦਿੰਦਾ ਹੈ। ਦੁਹਰਾਉ ਵਿਸ਼ੇਸ਼ ਕਾਰਜੀ ਇਕਾਈ ਦਾ ਪ੍ਰਕਾਰਜ ਕਰਦਾ ਹੈ।

**iv. ਬਾਰੰਬਾਰਤਾ :-** ਕ੍ਰਮ ਦੀ ਬਾਰੰਬਾਰਤਾ ਨੂੰ ਦਰਸਾਉਂਦੇ ਕਿਰਿਆ ਵਿਸ਼ੇਸ਼ਣ ਮੂਲ ਦੇ ਵਿਭਿੰਨ ਦੁਹਰੁਕਤੀਯੁਕਤ ਰੂਪ ਮਿਲਦੇ ਹਨ। **ਪੁਨਹ ਪੁਨਹ, ਫਿਰਿ ਫਿਰਿ, ਫੁਨਿ ਫੁਨਿ, ਫੇਰਿ ਫੇਰਿ, ਬਾਰਿ ਬਾਰਿ, ਬਹੁਰਿ ਬਹੁਰਿ, ਬਹੁੜਿ ਬਹੁੜਿ, ਵਾਰ ਵਾਰ, ਵਲਿ ਵਲਿ** ਮੁਖ ਕਿਰਿਆ ਦੀ ਬਾਰੰਬਾਰਤਾ ਦਾ ਪ੍ਰਕਾਰਜ ਕਰਦੇ ਹਨ। ਭਾਵ ਵਾਚਕ ਨਾਂਵ 'ਭੁਲਿ ਭੁਲਿ' ਦੂਹਰੇ ਰੂਪ ਵਿਚ ਕਾਰਜ ਦੀ ਬਾਰੰਬਾਰਤਾ ਦਾ ਪ੍ਰਕਾਰਜ ਕਰਦਾ ਹੈ।

ਪੰਡਿਤ **ਭੁਲਿ ਭੁਲਿ** ਮਾਇਆ ਵੇਖਹਿ ਦਿਖਾ ਕਿਨੈ ਕਿਹੁ ਆਣਿ ਚੜਾਇਆ ॥

(ਮਃ ੩) ਅੰਗ ੫੧੩

**ਭੁਲਿ ਭੁਲਿ** 'ਵੇਖਹਿ' ਦੀ ਬਾਰੰਬਾਰਤਾ ਨੂੰ ਦਰਸਾ ਰਿਹਾ ਹੈ। ਇਥੇ ਇਸਦਾ 'ਅਰਥ ਆਦੇਸ਼' ਵੀ ਹੈ। ਭੁਲਿ 'ਭਾਵ ਵਾਚਕ ਨਾਂਵ' ਹੈ, **ਭੁਲਿ ਭੁਲਿ** ਭਾਵ 'ਬਾਰ ਬਾਰ' ਕਿਰਿਆ ਵਿਸ਼ੇਸ਼ਣ ਹੈ। ਇਹ ਕਿਰਿਆ ਦੀ ਬਾਰੰਬਾਰਤਾ ਨੂੰ ਦਰਸਾਉਂਦਾ ਹੈ।

ਦੁਹਰੁਕਤੀ ਕਾਵਿ ਰਚਨਾ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਾਵਿ ਵਾਕਾਂ ਵਿਚ ਵਜਨ ਦਾ ਕੰਮ ਕਰਦੀ ਹੈ, ਇਸ ਨਾਲ ਵਾਕ ਵਿਚ ਵਧੇਰੇ ਲਮਕਾਅ ਪੈਦਾ ਹੁੰਦਾ ਹੈ।

## ਕ. ਵਾਕ ਵਿਚ ਇਕੱਠੇ ਵਿਚਰਦੇ ਇਕਹਿਰੇ ਕਿਰਿਆ ਵਿਸ਼ੇਸ਼ਣ ਰੂਪ

ਦੂਹਰੇ ਸ਼ਬਦਾਂ ਦੇ ਕੁਝ ਅਜਿਹੇ ਰੂਪ ਵੀ ਮਿਲਦੇ ਹਨ, ਜਿਹੜੇ ਸਤਹ੍ਹੀ ਪੱਧਰ 'ਤੇ ਦੁਹਰੁਕਤੀ ਜਾਪਦੇ ਹਨ, ਪਰ ਅਸਲ ਵਿਚ ਦੁਹਰੁਕਤੀਯੁਕਤ ਨਹੀਂ ਹੁੰਦੇ। ਜੇਕਰ ਵਾਕ ਜਾਂ ਉਪਵਾਕ ਵਿਚ ਸ਼ਬਦ ਦੀ ਦੂਹਰੀ ਵਰਤੋਂ ਇਕ ਵਾਕੰਸ਼ ਵਿਚ ਨਾ ਹੋਵੇ, ਬਲਕਿ ਦੂਹਰੇ ਸ਼ਬਦ ਵੱਖਰੇ ਵੱਖਰੇ ਵਾਕੰਸ਼ ਦਾ ਹਿੱਸਾ ਹੋਣ, ਅਜਿਹੇ ਸ਼ਬਦਾਂ ਨੂੰ ਦੁਹਰੁਕਤੀਯੁਕਤ ਨਹੀਂ ਕਿਹਾ ਜਾ ਸਕਦਾ, ਜਿਵੇਂ:

[ਸਦਾ **ਨਿਕਟਿ]** **[ਨਿਕਟਿ** ਹਰਿ ਜਾਨੁ]॥ (ਮਃ ੫) ਅੰਗ ੨੭੫

ਆਵਹਿ ਜੂਠੇ [ਜਾਹਿ ਭੀ **ਜੂਠੇ]** **[ਜੂਠੇ** ਮਰਹਿ ਅਭਾਗੇ]॥ (ਕਬੀਰ) ਅੰਗ ੧੧੯੫

ਉਪਰੋਕਤ ਦੋਹਾਂ ਵਾਕਾਂ ਵਿਚ **ਨਿਕਟਿ ਨਿਕਟਿ, ਜੂਠੇ ਜੂਠੇ** ਸਤਹੀ ਪੱਧਰ 'ਤੇ ਦੁਹਰੁਕਤੀਯੁਕਤ ਹਨ, ਪ੍ਰੰਤੂ ਵਾਕੰਸ਼ ਪੱਧਰ 'ਤੇ ਇਹ ਦੁਹਰੁਕਤੀਯੁਕਤ ਨਹੀਂ ਹਨ। ਵਾਕੰਸ਼ ਵਿਸ਼ਲੇਸ਼ਣ ਕਰਨ 'ਤੇ ਇਹ ਸਪੱਸ਼ਟ ਹੈ ਕਿ, ਇਹ ਵੱਖ ਵੱਖ ਵਾਕੰਸ਼ ਦਾ ਹਿੱਸਾ ਹਨ।

ਉਪਰੋਕਤ ਵਿਚਾਰ ਚਰਚਾ ਤੋਂ ਇਸ ਸਿੱਟੇ 'ਤੇ ਪਹੁੰਚੇ ਹਾਂ, ਕਿ ਦੂਹਰੇ ਰੂਪਾਂ ਦੀ ਆਪਣੀ ਵਰਤੋਂ ਵਿਧੀ ਤੇ ਅਰਥਗਤ ਇਕਾਈ ਹੁੰਦੀ ਹੈ। ਇਹ ਮੂਲ ਸ਼ਬਦ ਸ਼੍ਰੇਣੀ ਤੋਂ ਵੱਖਰੀ ਸ਼ਬਦ ਸ਼੍ਰੇਣੀ ਦਾ ਪ੍ਰਕਾਰਜ ਕਰਦੇ ਹਨ। ਨਾਂਵ ਅਤੇ ਕਿਰਿਆ ਸ਼੍ਰੇਣੀ ਦੇ ਦੁਹਰੁਕਤੀਯੁਕਤ ਸ਼ਬਦ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰ ਰਹੇ ਹਨ। ਦੂਹਰੇ ਰੂਪਾਂ ਦੀ ਭਾਵ ਬਣਤਰ ਇਕਹਿਰੇ ਰੂਪਾਂ ਤੋਂ ਵੀ ਭਿੰਨ ਹੁੰਦੀ ਹੈ । ਵਾਕ ਦੇ ਪ੍ਰਸੰਗ ਵਿਚ ਇਹ ਵਿਸ਼ੇਸ਼ ਪ੍ਰਕਾਰਜੀ ਇਕਾਈਆਂ ਦਾ ਕਾਰਜ ਕਰਦੇ ਹਨ । ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਿਚ ਸ਼੍ਰੇਣੀ ਪਰਿਵਰਤਨ ਦੀ ਇਕ ਵਿਸ਼ੇਸ਼ ਕਿਸਮ ਮਿਲਦੀ ਹੈ। ਜਿਸ ਵਿਚ ਸ਼ਬਦ ਦਾ ਰੂਪ ਅਤੇ ਅਰਥ ਬਦਲੇ ਬਿਨਾਂ ਕਾਰਜ ਦੇ ਪੱਖ ਤੋਂ ਸ਼੍ਰੇਣੀ ਪਰਿਵਰਤਨ ਹੁੰਦੀ ਹੈ।

'ਰੂਪ' ਦੇ ਪੱਖ ਤੋਂ ਕਿਰਿਆ ਵਿਸ਼ੇਸ਼ਣ ਦੇ ਮੂਲ ਰੂਪ, ਨਾਂਵ ਤੇ ਕਿਰਿਆ ਸ਼੍ਰੇਣੀ ਦੇ ਧਾਤੂ ਰੂਪਾਂ ਨਾਲ ਪਿਛੇਤਰ ਲਾ ਕੇ ਬਣੇ ਸ਼ਬਦ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਮੂਲ ਰੂਪ ਕਿਰਿਆ ਵਿਸ਼ੇਸ਼ਣ ਦੇ

‘ਟੇਢੇ, ਧੁਨੀ ਪਰਿਵਰਤਨ ’ ਅਤੇ ‘ਸੰਖਿਪਤ’ ਰੂਪ ਵਰਤੇ ਗਏ ਹਨ। ਟੇਢੇ ਅਤੇ ਧੁਨੀ ਪਰਿਵਰਤਨ ਵਾਲੇ ਰੂਪਾਂ ਦੀ ਵਰਤੋਂ ਵਿਸ਼ੇਸ਼ ਤੌਰ ’ਤੇ ‘ਕਾਵਿ ਸੁਹਜ’ ਦਾ ਕਾਰਜ ਕਰਦੀ ਹੈ, ਸੰਖਿਪਤ ਰੂਪ ਕਾਵਿ ਵਜਨ ਦਾ ਕਾਰਜ ਕਰਦੇ ਹਨ। ਅਰਥ ਦੇ ਪੱਖ ਤੋਂ ਇਕਹਿਰਾ ਸ਼ਬਦ ਦੂਹਰੇ ਸ਼ਬਦ ਤੋਂ ਵੱਖਰੇ ਅਰਥ ਦਿੰਦਾ ਹੈ। ਇਕਹਿਰਾ ਰੂਪ ਮੂਲ ਅਰਥਾਂ ਤੱਕ ਸੀਮਿਤ ਰਹਿੰਦਾ ਹੈ, ਦੂਹਰੇ ਸ਼ਬਦ ਮੂਲ ਅਰਥ ਤੋਂ ਅਗਾਂਹ ਵਾਕ ਦੀ ਕਾਰਜੀ ਇਕਾਈ ਦਾ ਪ੍ਰਕਾਰਜ ਵੀ ਕਰਦੇ ਹਨ। ਇਸ ਤਰ੍ਹਾਂ ਦੂਹਰੇ ਰੂਪ ਵਿਚ ਵਿਸ਼ੇਸ਼ ਕਾਰਜੀ ਇਕਾਈਆਂ ਪ੍ਰਕਾਰਜਸ਼ੀਲ ਹੁੰਦੀਆਂ ਹਨ, ਜੋ ਇਕਹਿਰੀ ਵਰਤੋਂ ਰਾਹੀਂ ਅਸੰਭਵ ਹੈ।

# ਸਾਰ ਤੇ ਸਥਾਪਨਾਵਾਂ

ਭਾਸ਼ਾ ਵਿਗਿਆਨ ਦੀ ਸ਼ਾਖਾ ਰੂਪ ਵਿਗਿਆਨ ਦੇ ਅੰਤਰਗਤ 'ਦੁਹਰੁਕਤੀ' ਸ਼ਬਦ ਸਿਰਜਨਾ ਦੀ ਮਹੱਤਵਪੂਰਨ ਵਿਧੀ ਹੈ। ਪੰਜਾਬੀ ਵਿਚ ਦੁਹਰੁਕਤੀ ਲਈ 'ਅਨੁਕਰਨ' ਜਾਂ 'ਧੁਨੀਮਕ' ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਪੂਰਵਲੇ ਸਮੇਂ ਵਿਚ 'ਦੁਹਰੁਕਤੀ' ਨੂੰ ਕੇਵਲ ਬੋਲ ਚਾਲ ਤੱਕ ਸੀਮਿਤ ਕੀਤਾ ਗਿਆ ਸੀ। ਅੰਗ਼ਰੇਜੀ ਵਿਚ Echoword ਦੀ ਵਰਤੋਂ ਮਿਲਦੀ ਹੈ। Echoword ਧੁਨੀਮਕ ਅਵਾਜ਼ਾਂ ਤੱਕ ਸੀਮਿਤ ਸੀ। ਵਰਤਮਾਨ ਸਮੇਂ ਵਿਚ 'ਦੁਹਰੁਕਤੀ' ਕੇਵਲ 'ਧੁਨੀਮਕ ਅਵਾਜ਼ਾਂ' ਜਾਂ 'ਵਿਹਾਰਕ ਭਾਸ਼ਾ' ਤੱਕ ਸੀਮਿਤ ਨਹੀਂ ਰਹੀ। ਇਹ ਭਾਸ਼ਾ ਵਿਗਿਆਨ ਦੀ ਸ਼ਾਖਾ 'ਰੂਪ ਵਿਗਿਆਨ' ਵਿਚ ਸ਼ਬਦ ਸਿਰਜਨਾ ਦੀ ਪ੍ਰਮੁਖ ਵਿਧੀ ਹੈ।

ਵਾਕ ਬਣਤਰ ਵਿਚ ਦੁਹਰੁਕਤੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਕਰਦੀ ਹੈ। ਸਤਹ੍ਹੀ ਪੱਧਰ 'ਤੇ ਦੂਹਰੇ ਸ਼ਬਦ 'ਕੋਸ਼ੀ' ਅਰਥ ਦਿੰਦੇ ਹਨ, ਵਾਕ ਦੀ ਭਾਵ ਬਣਤਰ ਵਜੋਂ ਵਿਸ਼ੇਸ਼ 'ਅਰਥਗਤ ਇਕਾਈਆਂ' ਦਾ ਪ੍ਰਕਾਰਜ ਕਰਦੇ ਹਨ। ਪੱਛਮੀ ਵਿਦਵਾਨਾਂ ਅਨੁਸਾਰ 'ਦੁਹਰੁਕਤੀ' ਕੋਸ਼ੀ ਅਰਥ ਦੇ ਨਾਲ ਵਰਤੋਂ ਦੇ ਪ੍ਰਸੰਗ ਵਿਚ ਵਿਸ਼ੇਸ਼ ਅਰਥਾਂ ਦਾ ਪ੍ਰਕਾਰਜ ਕਰਦੀ ਹੈ। 'ਕਾਵਿ ਸਾਹਿਤ' ਵਿਚ ਸ਼ਬਦ ਸਿਰਜਨਾ ਦੀ ਪ੍ਰਮੁਖ ਵਿਧੀ, ਗਾਇਨ ਸ਼ੈਲੀ ਦੀ ਵਿਸ਼ੇਸ਼ 'ਜੁਗਤ' ਅਤੇ ਕਾਵਿ ਸੌਂਦਰਯ ਵਜੋਂ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਾਵਿ ਰਚਨਾ ਦੀ ਇਹ ਵਿਸ਼ੇਸ਼ ਜੁਗਤ ਵਿਸ਼ੇਸ਼ 'ਭਾਵ ਬਣਤਰ' ਦਾ ਪ੍ਰਕਾਰਜ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਕਾਵਿ ਰਚਨਾ ਦਾ ਉੱਤਮ ਰੂਪ ਹੈ। ਇਸ ਵਿਚ ਦੁਹਰੁਕਤੀ ਦੀ ਵਰਤੋਂ ਵਿਸਤ੍ਰਿਤ ਰੂਪ ਵਿਚ ਕੀਤੀ ਮਿਲਦੀ ਹੈ। ਦੁਹਰੁਕਤੀ ਦੀ ਵੰਨਗੀ ਦੇ ਵਿਭਿੰਨ ਨਮੂਨੇ ਮਿਲਦੇ ਹਨ। ਦੁਹਰੁਕਤੀ ਦੇ ਬਹੁਪਰਤੀ ਅਤੇ ਵਿਸ਼ਾਲ ਵਰਤਾਰੇ ਦਾ ਅਧਿਐਨ ਇਕ ਖੋਜ-ਪ੍ਰਬੰਧ ਵਿਚ ਸੰਭਵ ਨਹੀਂ। ਹਥਲੇ ਖੋਜ-ਪ੍ਰਬੰਧ ਨੂੰ ਕੇਵਲ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦੇ ਅਧਿਐਨ ਤੱਕ ਸੀਮਿਤ ਕਰਕੇ ਇਸਦਾ ਵਿਸਤ੍ਰਿਤ ਰੂਪ ਵਿਚ ਡੂੰਘਾਈ ਨਾਲ ਅਧਿਐਨ ਕੀਤਾ ਹੈ।

**ਅਧਿਆਇ ਪਹਿਲਾ**, ਦੁਹਰੁਕਤੀ ਦੇ ਸਿਧਾਂਤ ਨਾਲ ਸੰਬੰਧਿਤ ਹੈ, ਇਸ ਵਿਚ ਦੁਹਰੁਕਤੀ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਰਕੇ ਦੁਹਰੁਕਤੀ ਦੀ ਪਰਿਭਾਸ਼ਾ ਅਤੇ ਇਸਦੇ ਭੇਦਾਂ ਦਾ ਵਿਸਥਾਰ ਦਿੱਤਾ ਹੈ।

> 'ਵਾਕ ਬਣਤਰ ਵਿਚ ਵਾਕੰਸ਼ ਇਕਾਈ ਦੇ ਰੂਪ ਵਿਚ ਇਕ ਸ਼ਬਦ, ਮੂਲ ਧਾਤੂ ਨਾਲ ਵਧੇਤਰਾਂ ਦਾ ਇਕ ਵਾਕੰਸ਼ ਵਿਚ ਦੁਹਰਾਉ ਜਾਂ ਅਰਥ ਪੱਖ ਤੋਂ ਆਪਸੀ ਸਾਂਝ ਜਾਂ ਵਿਰੋਧ ਵਾਲੇ ਦੋ ਸ਼ਬਦਾਂ ਦਾ ਦੁਹਰਾਉ 'ਦੁਹਰੁਕਤੀ' ਹੈ।'

ਦੁਹਰੁਕਤੀਯੁਕਤ ਸ਼ਬਦ, 'ਵਾਕੰਸ਼' ਦੀ ਇਕਾਈ ਦੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਸ਼ਬਦ ਦਾ ਇਕਹਿਰਾ ਰੂਪ 'ਕੋਸ਼ੀ' ਅਰਥ ਤੱਕ ਸੀਮਿਤ ਰਹਿੰਦਾ ਹੈ। ਦੂਹਰਾ ਰੂਪ 'ਕੋਸ਼ੀ' ਅਰਥ ਦੇ ਨਾਲ 'ਕਾਰਜੀ ਇਕਾਈ' ਵੀ ਸਿਰਜਦਾ ਹੈ। ਮੋਟੇ ਤੋਰ 'ਤੇ ਦੁਹਰੁਕਤੀ ਨੂੰ 'ਪੂਰਨ' ਅਤੇ 'ਅਪੂਰਨ' ਦੋ ਭੇਦਾਂ ਵਿਚ ਵੰਡਿਆ ਹੈ। ਪੂਰਨ ਦੁਹਰੁਕਤੀ ਦੇ ਦੋ ਭੇਦ : 'ਰੂਪਗਤ' ਅਤੇ 'ਅਰਥਗਤ' ਦੁਹਰੁਕਤੀ ਹਨ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾਈ ਜੁਗਤ ਵਿਲੱਖਣ ਤੇ ਕਾਵਿਮਈ ਹੋਣ ਕਾਰਨ ਵਿਆਕਰਨ ਦੇ ਨਿਯਮਾਂ ਨੂੰ ਥੋਪਿਆ ਨਹੀਂ ਜਾ ਸਕਦਾ। ਇਸਦੀ ਆਪਣੀ ਭਾਸ਼ਾਈ ਵਿਸ਼ੇਸ਼ਤਾ ਹੈ, ਦੁਹਰੁਕਤੀਯੁਕਤ ਸ਼ਬਦਾਂ ਦਾ ਕੇਵਲ ਪ੍ਰਕਾਰਜ ਹੀ ਇਕਹਿਰੇ ਸ਼ਬਦਾਂ ਤੋਂ ਭਿੰਨ ਨਹੀਂ, ਬਲਕਿ ਵਾਕ ਬਣਤਰ ਵਿਚ ਇਸਦੀ ਸਥਿਤੀ ਵੀ ਭਿੰਨ ਹੈ।

'ਪੂਰਨ ਰੂਪਗਤ ਸ਼ਬਦ ਦੁਹਰੁਕਤੀ ' ਵਿਚ ਇਕ ਸ਼ਬਦ ਦੀ ਦੂਹਰੀ ਵਰਤੋਂ ਕੀਤੀ ਜਾਂਦੀ ਹੈ। ਦੂਹਰੀ ਵਰਤੋਂ ਵਾਲੇ ਇਹ ਸ਼ਬਦ ਇਕ ਇਕਾਈ ਦਾ ਕਾਰਜ ਕਰਦੇ ਹਨ। ਇਕ ਸ਼ਬਦ ਦੇ ਦੁਹਰਾਉ ਵਿਚ ਵਿਆਕਰਨ ਦੀਆਂ ਮੁਖ ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ ਦੁਹਰੁਕਤੀ ਦੀਆਂ ਪੰਜ ਮੁਖ ਕਿਸਮਾਂ ਹਨ:

1. ਨਾਂਵ ਦੁਹਰੁਕਤੀ
2. ਪੜਨਾਂਵ ਦੁਹਰੁਕਤੀ
3. ਵਿਸ਼ੇਸ਼ਣ ਦੁਹਰੁਕਤੀ
4. ਕਿਰਿਆ ਦੁਹਰੁਕਤੀ
5. ਕਿਰਿਆ ਵਿਸ਼ੇਸ਼ਣ ਦੁਹਰੁਕਤੀ

ਉਪਰੋਕਤ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ ' ਦੀਆਂ ਕਿਸਮਾਂ ਹਨ। ਇਹਨਾਂ ਤੋਂ ਬਿਨਾਂ 'ਸੰਬੰਧਕ, ਯੋਜਕ' ਅਤੇ 'ਨਿਪਾਤ' ਸ਼ਬਦਾਂ ਦਾ ਦੁਹਰਾਉ ਵੀ ਵਿਸ਼ੇਸ਼ ਹਾਲਤਾਂ ਵਿਚ ਕਰ ਲਿਆ ਜਾਂਦਾ ਹੈ। ਸ਼ਬਦ ਦੀਆਂ ਇਹਨਾਂ ਸ਼੍ਰੇਣੀਆਂ ਦੀ ਨਾ ਮਾਤਰ ਵਰਤੋਂ ਕਾਰਨ ਇਹਨਾਂ ਨੂੰ ਮੁਖ ਕਿਸਮਾਂ ਵਜੋਂ ਖੋਜ-ਕਾਰਜ ਵਿਚ ਨਹੀਂ ਵਿਚਾਰਿਆ । ਪੂਰਨ ਰੂਪਗਤ ਵਿਚ 'ਵਾਕੰਸ਼' ਦੁਹਰੁਕਤੀ ਅਤੇ 'ਵਾਕ' ਦੁਹਰੁਕਤੀ ਦੀਆਂ ਕਿਸਮਾਂ ਵੀ ਸ਼ਾਮਿਲ ਹਨ। 'ਵਾਕੰਸ਼' ਦੁਹਰੁਕਤੀ ਵਿਚ 'ਕਰਤਾ ਨਾਂਵ' ਜਾਂ 'ਕਰਮ ਨਾਂਵ' ਦੀ ਦੁਹਰੁਕਤੀ ਆਉਂਦੀ ਹੈ ਅਤੇ 'ਕਿਰਿਆ ਵਾਕੰਸ਼' ਵਿਚ ਕਿਰਿਆ ਦੁਹਰੁਕਤੀ। 'ਵਾਕ' ਦੁਹਰੁਕਤੀ ਵਿਚ 'ਉਪਵਾਕ' ਅਤੇ 'ਵਾਕ' ਦਾ ਦੁਹਰਾਉ ਸ਼ਾਮਿਲ ਹੈ। ਭਾਸ਼ਾ ਕੇਵਲ 'ਸ਼ਬਦਾਂ' ਜਾਂ 'ਵਾਕੰਸ਼ਾਂ' ਦਾ ਦੁਹਰਾਉ ਨਹੀਂ ਕਰਦੀ, ਵਿਸ਼ੇਸ਼ ਹਾਲਤਾਂ ਵਿਚ 'ਵਾਕਾਂ ਦਾ ਦੁਹਰਾਉ' ਵੀ ਕੀਤਾ ਜਾਂਦਾ ਹੈ। ਹਥਲਾ ਖੋਜ-ਕਾਰਜ 'ਸ਼ਬਦ ਦੁਹਰੁਕਤੀ' ਦੇ ਅਧਿਐਨ ਤੱਕ ਸੀਮਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਅਜਿਹੇ ਦੂਹਰੇ ਸ਼ਬਦ ਮਿਲਦੇ ਹਨ, ਜਿਹੜੇ ਕੇਵਲ ਸਥਾਨ ਕਰਕੇ ਦੁਹਰੁਕਤੀਯੁਕਤ ਬਣਤਰ ਵਿਚ ਹਨ। ਇਹਨਾਂ ਸ਼ਬਦਾਂ ਦੀ ਪਛਾਣ ਦੇ ਤਿੰਨ ਆਧਾਰ : 'ਵਿਆਕਰਨ ਦੀ ਵਾਕੰਸ਼ ਇਕਾਈ, 'ਉਚਾਰਨ ਦੀ ਇਕਾਈ' ਅਤੇ 'ਕਾਰਜ ਦੀ ਇਕਾਈ' ਨਿਸ਼ਚਤ ਕੀਤੇ ਹਨ। ਆਮ ਪਾਠਕ 'ਉਚਾਰਨ ਦੀ ਇਕਾਈ ' ਵਜੋਂ ਦੁਹਰੁਕਤੀ ਦੀ ਪਛਾਣ ਕਰਦਾ ਹੈ। ਕੁਝ ਹਾਲਤਾਂ ਵਿਚ ਉਚਾਰਨ ਤੋਂ ਦੁਹਰੁਕਤੀ ਦੀ ਪਛਾਣ ਨਹੀਂ ਹੁੰਦੀ, ਬਲਕਿ 'ਕਾਰਜ' ਤੋਂ ਦੁਹਰੁਕਤੀ ਦੀ ਪਛਾਣ ਸੰਭਵ ਹੁੰਦੀ ਹੈ। ਅਜਿਹੀ ਸਥਿਤੀ ਵਿਚ ਦੁਹਰੁਕਤੀਯੁਕਤ ਸ਼ਬਦ 'ਸਥਾਨ' ਕਰਕੇ 'ਵਾਕੰਸ਼' ਦੀ ਇਕਾਈ ਅਤੇ 'ਉਚਾਰਨ' ਦੀ ਇਕਾਈ ਵਿਚ ਹੁੰਦੇ ਹਨ, ਪ੍ਰੰਤੂ 'ਕਾਰਜ' ਦੀ ਸਥਿਤੀ ਵਿਚ ਇਹਨਾਂ ਦੀ ਭਿੰਨਤਾ ਹੁੰਦੀ ਹੈ। ਸ਼ਬਦਾਂ ਦੀ ਅਜਿਹੀ ਦੁਹਰੁਕਤੀਯੁਕਤ ਬਣਤਰ ਨੂੰ 'ਦੁਹਰੁਕਤੀ' ਨਹੀਂ ਕਿਹਾ ਜਾ ਸਕਦਾ। ਦੁਹਰੁਕਤੀ ਦੇ ਅੰਤਰਗਤ ਸ਼ਬਦ ਇਕ ਇਕਾਈ ਅਤੇ ਇਕ ਕਾਰਜ ਵਿਚ ਪ੍ਰਕਾਰਜਸ਼ੀਲ ਹੁੰਦਾ ਹੈ।

**ਅਧਿਆਇ ਦੂਜਾ**, ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀ ਦੇ ਵਿਭਿੰਨ ਭੇਦਾਂ ਦਾ ਵਿਸ਼ਲੇਸ਼ਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਵੱਡੇ ਪੱਧਰ 'ਤੇ ਮਿਲਦੀ ਹੈ। ਦੁਹਰੁਕਤੀ ਕਾਵਿ ਭਾਸ਼ਾ ਦਾ ਇਕ ਵਿਸ਼ੇਸ਼ ਗੁਣ ਹੈ, ਇਹੀ ਗੁਣ 'ਗਦ' ਸਾਹਿਤ ਲਈ ਇਕ ਔਗੁਣ ਹੋ ਨਿਬੜਦਾ ਹੈ।

ਕਾਵਿ ਰਚਨਾ ਵਿਚ ਦੁਹਰੁਕਤੀ ਦੀ ਵਰਤੋਂ ਵਿਸ਼ੇਸ਼ 'ਅਰਥਗਤ ਪ੍ਰਕਾਰਜ' ਅਤੇ 'ਸੰਖਿਪਤ ਸ਼ਬਦਾਂ ਰਾਹੀਂ ਵਿਸਤ੍ਰਿਤ ਅਰਥਾਂ' ਲਈ ਕੀਤੀ ਜਾਂਦੀ ਹੈ। ਰੂਪਗਤ ਦੁਹਰੁਕਤੀ ਵਿਚ ਪੰਜ ਉਪਭੇਦ : 'ਪੂਰਨ ਰੂਪਗਤ, ਵਧਾਵੀਂ, ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ ' ਹਨ। ਪੂਰਨ ਰੂਪਗਤ ਦੁਹਰੁਕਤੀ ਵਿਚ ਸ਼ਬਦ ਸ਼੍ਰੇਣੀ ਦੇ ਆਧਾਰ 'ਤੇ ਪੰਜ ਭੇਦ ਬਣਦੇ ਹਨ। ਵਿਆਕਰਨਕ ਇਕਾਈਆਂ 'ਵਾਕੰਸ਼' ਅਤੇ 'ਵਾਕ' ਦੀ ਦੁਹਰੁਕਤੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ। 'ਸ਼ਬਦ' ਦੁਹਰੁਕਤੀ ਅਤੇ 'ਵਾਕੰਸ਼' ਦੁਹਰੁਕਤੀ ਸਾਰੇ ਬਾਣੀਕਾਰਾਂ ਦੀ ਬਾਣੀ ਵਿਚ ਮਿਲਦੀ ਹੈ, ਜਦਕਿ 'ਵਾਕ' ਦੁਹਰੁਕਤੀ 'ਪਹਿਲੇ ਪੰਜ ਗੁਰੂਆਂ, 'ਕਬੀਰ ਬਾਣੀ' ਵਿਚ ਅਤੇ 'ਭਟ ਗਯੰਦ' ਦੀ ਬਾਣੀ ਵਿਚ ਮਿਲਦੀ ਹੈ। ਗੁਰੂ ਅੰਗਦ, ਭਗਤ ਕਬੀਰ ਤੇ ਭਟ ਗਯੰਦ ਦੀ ਬਾਣੀ ਵਿਚ ਇਕ ਇਕ ਵਾਕ ਦਾ ਦੁਹਰਾਉ ਹੈ। ਵਧੇਰੇ ਵਾਕ ਦੁਹਰੁਕਤੀ ਗੁਰੂ ਨਾਨਕ ਦੀ ਬਾਣੀ ਵਿਚ ਮਿਲਦੀ ਹੈ।

'ਵਧਾਵੀਂ ਦੁਹਰੁਕਤੀ ' ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਭੇਦ ਮਿਲਦੇ ਹਨ। 'ਅਗੇਤਰ ਦੁਹਰੁਕਤੀ, ਮਧੇਤਰ ਦੁਹਰੁਕਤੀ, ਪਿਛੇਤਰ ਦੁਹਰੁਕਤੀ, ਅਗੇਤਰ+ ਪਿਛੇਤਰ ਦੁਹਰੁਕਤੀ, ਪਿਛੇਤਰ+ ਪਿਛੇਤਰ ਦੁਹਰੁਕਤੀ'। 'ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ ' ਪੂਰਨ ਅਤੇ ਅਪੂਰਨ ਦੁਹਰੁਕਤੀ ਦੇ ਭੇਦ ਹਨ। ਨਿਰਾਰਥਕ ਅਤੇ ਸਾਰਥਕ ਦੁਹਰੁਕਤੀ ਦੇ ਰੂਪ ਵਿਚ ਇਹ ਦੋਹਾਂ ਦੇ ਅੰਤਰਗਤ ਆਉਂਦੇ ਹਨ। ਦੂਹਰੇ ਰੂਪ ਵਿਚ 'ਨਿਰਾਰਥਕ' ਸ਼ਬਦ 'ਸਾਰਥਕ' ਅਰਥਾਂ ਦਾ ਸੰਚਾਰ ਕਰਦੇ ਹਨ। ਇਸ ਤਰ੍ਹਾਂ ਅਜਿਹੇ ਸ਼ਬਦ ਕੇਵਲ ਇਕਹਿਰੇ ਤੌਰ 'ਤੇ 'ਨਿਰਾਰਥਕ' ਹਨ, ਦੁਹਰੁਕਤੀਯੁਕਤ ਬਣਤਰ ਵਿਚ ਇਹ 'ਸਾਰਥਕ' ਹੋਂਦ ਰੱਖਦੇ ਹਨ। ਅਰਥਗਤ ਦੁਹਰੁਕਤੀ ਦੇ ਤਿੰਨ ਉਪਭੇਦ : 'ਸਮਾਨਾਰਥਕ, ਵਰਗਾਰਥਕ ' ਅਤੇ 'ਵਿਰੋਧਾਰਥਕ' ਹਨ। 'ਅਪੂਰਨ' ਦੁਹਰੁਕਤੀ ਦੇ ਕੁਝ ਰੂਪ ਅਜਿਹੇ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਅਪੂਰਨ ਹੁੰਦੇ ਹਨ। ਇਹ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ।

ਦੁਹਰੁਕਤੀਯੁਕਤ ਸ਼ਬਦ ਕੋਸ਼ੀ ਅਰਥ ਦੇ ਵਿਸਥਾਰ ਦੇ ਨਾਲ ਪ੍ਰਸੰਗਿਕ ਅਤੇ ਭਾਵਗਤ ਅਰਥਾਂ ਦਾ ਸੰਚਾਰ ਵੀ ਕਰਦੇ ਹਨ। ਇਸ ਤਰ੍ਹਾਂ ਇਹਨਾਂ ਸ਼ਬਦਾਂ ਦੀ ਇਕਹਿਰੇ ਸ਼ਬਦਾਂ ਤੋਂ ਅਰਥਗਤ ਭਿੰਨਤਾ ਅਤੇ ਪ੍ਰਕਾਰਜੀ ਭਿੰਨਤਾ ਹੁੰਦੀ ਹੈ। ਇਹ ਕਾਰਜ ਦੀ ਸਥਿਤੀ ਵਿਚ ਵਿਭਿੰਨ ਅਰਥਾਂ ਦਾ ਪ੍ਰਕਾਰਜ ਕਰਦੇ ਹਨ।

**ਅਧਿਆਇ ਤੀਜਾ**, ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਰੂਪਗਤ ਦੁਹਰੁਕਤੀ' ਦੀ 'ਨਾਂਵ' ਸ਼ਬਦ ਸ਼੍ਰੇਣੀ ਦੇ ਅਧਿਐਨ ਨਾਲ ਸੰਬੰਧਿਤ ਹੈ। ਦੁਹਰੁਕਤੀਯੁਕਤ ਨਾਂਵਾਂ ਦੇ ਅਧਿਐਨ ਤੋਂ ਪਹਿਲਾਂ ਨਾਂਵ ਦੀਆਂ ਕਿਸਮਾਂ ਦਾ ਵਿਸ਼ਲੇਸ਼ਣ ਕਰਕੇ 'ਸਥਾਨ ਵਾਚਕ, ਕਾਲ ਵਾਚਕ' ਅਤੇ 'ਅਲਪ ਭਾਵ' ਵਾਚਕ ਨਾਂਵਾਂ ਨੂੰ ਨਾਂਵ ਦੀਆਂ ਮੁਖ ਕਿਸਮਾਂ ਵਜੋਂ ਦਿੱਤਾ ਹੈ। ਰੂਪਗਤ ਸ਼ਬਦ ਦੁਹਰੁਕਤੀ ਵਿਚ ਨਾਂਵ ਸ਼ਬਦਾਂ ਦਾ ਦੁਹਰਾਉ ਵਧੇਰੇ ਮਿਲਦਾ ਹੈ। ਨਾਂਵਾਂ ਦੀ ਦੂਹਰੀ ਵਰਤੋਂ ਨਾਂਵ ਦੀ ਪ੍ਰਕਾਰਜੀ ਸਥਿਤੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨਾਂਵ ਸ਼ਬਦਾਂ ਦੇ ਦੁਹਰਾਉ ਨਾਲ ਇਸਦੇ ਸ਼ਬਦ 'ਤੇ ਦਬਾਉ ਦਾ ਪ੍ਰਭਾਵ ਪੈਂਦਾ ਹੈ, ਨਾਂਵ ਦਾ ਦੁਹਰਾਉ ਅਸਿੱਧੇ ਤੌਰ 'ਤੇ 'ਕਿਰਿਆ' ਨੂੰ ਵੀ ਪ੍ਰਭਾਵਿਤ ਕਰਦਾ ਹੈ। ਆਮ ਤੌਰ 'ਤੇ 'ਖ਼ਾਸ ਨਾਂਵਾਂ' ਦਾ ਦੁਹਰਾਉ ਰੂਪਗਤ ਦੁਹਰੁਕਤੀ ਦੇ ਅੰਤਰਗਤ ਨਹੀਂ ਕੀਤਾ ਜਾਂਦਾ। 'ਅਰਥਗਤ' ਦੁਹਰੁਕਤੀ ਦੇ ਅੰਤਰਗਤ 'ਖ਼ਾਸ ਨਾਂਵਾਂ' ਦੀ ਦੂਹਰੀ ਵਰਤੋਂ ਵਿਭਿੰਨ ਵਿਅਕਤੀਆਂ ਅਤੇ ਵਿਭਿੰਨ ਸਥਾਨਾਂ ਦੀ ਜਾਣਕਾਰੀ ਹਿੱਤ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਵਿਅਕਤੀ ਵਾਚਕ ਖ਼ਾਸ ਨਾਂਵ ' ਦੇ ਖੇਤਰੀ ਰੰਗਤ ਵਾਲੇ ਵਿਭਿੰਨ ਰੂਪਾਂ ਦੀ ਦੂਹਰੀ ਵਰਤੋਂ 'ਨਿਰਗੁਣ ਪਰਮਾਤਮਾ' ਦੇ ਸਰੂਪ ਲਈ ਕੀਤੀ ਮਿਲਦੀ ਹੈ। ਇਕਹਿਰੇ ਰੂਪ ਵਿਚ ਕੁਝ ਕੁ ਸੀਮਿਤ 'ਖ਼ਾਸ ਨਾਂਵ' ਮਿਲਦੇ ਹਨ। ਇਹ ਵਿਅਕਤੀ ਵਿਸ਼ੇਸ਼ ਲਈ ਨਹੀਂ, ਬਲਕਿ ਪ੍ਰਸੰਗਿਕ ਅਰਥਾਂ ਜਾਂ ਆਤਮ ਸੰਬੋਧਿਤ ਰੂਪ ਵਿਚ ਹਨ। ਖ਼ਾਸ ਨਾਂਵਾਂ ਦੀ ਵਰਤੋਂ ਨਾ ਕਰਨ ਦਾ ਕਾਰਨ ਗੁਰਬਾਣੀ ਦਾ ਦਾਰਸ਼ਨਿਕ ਮਹੱਤਵ ਹੈ। ਗੁਰਬਾਣੀ ਕਿਸੇ ਵਿਅਕਤੀ ਵਿਸ਼ੇਸ਼ ਨੂੰ ਮਹੱਤਵ ਨਹੀਂ ਦਿੰਦੀ, ਬਲਕਿ ਸਰਬੱਤ ਦੀ ਗੱਲ ਕਰਦੀ ਹੈ।

ਜਾਤੀ ਵਾਚਕ, ਵਸਤੂ ਵਾਚਕ, ਭਾਵ ਵਾਚਕ, ਸਥਾਨ ਵਾਚਕ (ਆਮ ਨਾਂਵ), ਕਾਲ ਵਾਚਕ ਨਾਂਵਾਂ ਦੇ ਦੂਹਰੇ ਰੂਪ ਵਾਕ ਬਣਤਰ ਵਿਚ ਵਿਭਿੰਨ ਪ੍ਰਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹਨਾਂ ਦੀ ਅਰਥਗਤ ਜਾਂ ਕਾਰਜੀ ਇਕਾਈ ਵਿਸ਼ੇਸ਼ 'ਭਾਵ ਬਣਤਰ' ਦਾ ਕਾਰਜ ਕਰਦੀ ਹੈ। ਕਾਲ ਵਾਚਕ ਨਾਂਵ ਸ਼੍ਰੇਣੀ ਦਾ ਦੂਹਰਾ ਪ੍ਰਕਾਰਜ ਹੈ। ਵਾਕ ਦੇ ਸੰਦਰਭ ਵਿਚ ਇਹ 'ਨਾਂਵ' ਅਤੇ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। 'ਦਬਾਉ ਬੋਧਕ' ਪ੍ਰਭਾਵ ਲਈ ਇਕੋ ਵਾਕ ਵਿਚ ਨਾਂਵ ਸ਼ਬਦਾਵਲੀ ਦੀ ਵਰਤੋਂ ਦੁਹਰੁਕਤੀ ਤੋਂ ਜਿਆਦਾ ਵਾਰ ਕੀਤੀ ਮਿਲਦੀ ਹੈ। ਅਜਿਹੀ ਸਥਿਤੀ ਵਿਚ 'ਨਾਂਵ' ਭਾਵ ਦੀ ਪੱਧਰ 'ਤੇ 'ਕਿਰਿਆ' ਦੀ ਕਾਰਜੀ ਇਕਾਈ 'ਨਿਰੰਤਰਤਾ ਜਾਂ ਬਾਰੰਬਾਰਤਾ ' ਦਾ ਪ੍ਰਕਾਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ **ਹਰਿ ਹਰਿ**

ਦੀ ਵੱਧ ਤੋਂ ਵੱਧ ਵਰਤੋਂ ਛੇ ਵਾਰ ਇਕੋ ਵਾਕ ਵਿਚ ਮਿਲਦੀ ਹੈ। **ਹਰਿ ਹਰਿ** ਨਾਂਵ ਰੂਪ ਵਾਕ ਦੀ ਭਾਵ ਬਣਤਰ ਵਿਚ ਨਾਂਵ ਦੇ ਨਾਲ ਕਿਰਿਆ ਦੀ ਵਿਧੀ ਦਾ ਕਾਰਜ ਵੀ ਕਰਦਾ ਹੈ। ਵਾਕ ਦੀ ਸਥਿਤੀ ਵਿਚ ਨਾਂਵ ਵਿਭਿੰਨ ਪ੍ਰਕਾਰਜੀ ਇਕਾਈਆਂ : 'ਅਰਥ ਸੰਕੋਚ, ਅਰਥ ਵਿਸਥਾਰ, ਅਰਥਗਤ ਵਿਭਿੰਨਤਾ , ਤੀਬਰਭਾਵ ਅਤੇ ਅਰਥ ਵਜੋਂ 'ਬਹੁਵਚਨ' ਤੇ ਨਾਂਵ ਨਾਲ ਵਿਸ਼ੇਸ਼ਣ (ਇਕੱਲੇ ਇਕੱਲੇ) ਦਾ ਕਾਰਜ ਕਰਦੇ ਹਨ। ਨਾਂਵ ਦੀ ਇਕਹਿਰੇ ਰੂਪ ਤੋਂ ਵੱਖਰਤਾ, ਦੁਹਰੁਕਤੀਯੁਕਤ ਨਾਂਵ ਦੀ ਸੰਰਚਨਾ, ਵਾਕ ਬਣਤਰ ਵਿਚ ਇਕੋ ਨਾਂਵ ਦੀ ਵਧੇਰੇ ਵਰਤੋਂ ਦਾ ਪ੍ਰਕਾਰਜ, ਵਿਭਿੰਨ ਪ੍ਰਕਾਰਜੀ ਇਕਾਈਆਂ ਆਦਿ ਦਾ ਵਿਸ਼ਲੇਸ਼ਣ ਹੈ।

**ਅਧਿਆਇ ਚੌਥਾ**, ਵਿਚ 'ਪੜਨਾਂਵ' ਦੇ ਦੁਹਰੁਕਤੀਯੁਕਤ ਰੂਪਾਂ ਦਾ ਅਰਥ ਅਤੇ ਪ੍ਰਕਾਰਜ ਵਜੋਂ ਵਿਸ਼ਲੇਸ਼ਣ ਹੈ। ਨਾਂਵਾਂ ਦਾ ਦੁਹਰਾਉ ਨਾ ਕਰਕੇ ਪੜਨਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ 'ਪੜਨਾਂਵ' ਹਨ, ਇਹ 'ਨਾਂਵ' ਜਾਂ 'ਨਾਂਵ ਵਾਕੰਸ਼' ਦਾ ਕਾਰਜ ਕਰਦੇ ਹਨ। ਨਾਂਵ ਦੇ ਨਾਲ ਵਰਤੇ ਪੜਨਾਂਵ, 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਵਾਕ ਵਿਚ 'ਵਾਕੰਸ਼' ਵਜੋਂ ਇਕ ਪੜਨਾਂਵ ਰੂਪ ਦੀ ਦੂਹਰੀ ਵਰਤੋਂ 'ਪੜਨਾਂਵ ਦੁਹਰੁਕਤੀ' ਹੈ। ਬੰਦ ਸ਼੍ਰੇਣੀ ਹੋਣ ਕਾਰਨ ਇਸਦੀ ਸ਼ਬਦ ਸ਼੍ਰੇਣੀ ਸੀਮਿਤ ਰੂਪ ਵਿਚ ਮਿਲਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੇ ਪੁਰਾਤਨ 'ਪੜਨਾਂਵੀਂ' ਰੂਪ ਵਰਤੇ ਮਿਲਦੇ ਹਨ। ਇਹ ਉਸ ਸਮੇਂ ਦੀ ਭਾਸ਼ਾਈ ਵਿਲੱਖਣਤਾ ਨੂੰ ਦਰਸਾਉਂਦੇ ਹਨ। ਇਹਨਾਂ ਵਿਚੋਂ ਕੁਝ ਰੂਪਾਂ ਦੀ ਵਰਤੋਂ ਵਰਤਮਾਨ ਪੰਜਾਬੀ ਵਿਚ ਨਹੀਂ ਕੀਤੀ ਜਾਂਦੀ। ਅਨਯੈ ਪੁਰਖ ਪੜਨਾਂਵ ਅਤੇ ਨਿਸ਼ਚੇਵਾਚਕ ਪੜਨਾਂਵਾਂ ਲਈ **ਸ** ਅਤੇ **ਤ** ਰੂਪ ਵਾਲੇ ਪੜਨਾਂਵ ਵਰਤੇ ਗਏ ਹਨ। ਮੱਧਕਾਲੀ ਭਾਸ਼ਾ ਦੇ ਸੰਯੋਗਮਈ ਹੋਣ ਕਾਰਨ ਪੜਨਾਂਵਾਂ ਦੇ ਸੰਯੋਗਾਤਮਕ ਰੂਪ ਵੀ ਮਿਲਦੇ ਹਨ। ਦੁਹਰੁਕਤੀਯੁਕਤ ਵਰਤੋਂ ਵਿਚ ਇਹ 'ਦਬਾਉ' ਨਾਲ 'ਸੰਬੰਧਕ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਦੂਹਰੇ ਰੂਪ ਇਕਹਿਰੇ ਪੜਨਾਂਵਾਂ ਤੋਂ ਵੱਖਰੇ ਕਾਰਜੀ ਅਰਥ ਸਿਰਜਦੇ ਹਨ। ਵਾਕ ਬਣਤਰ ਵਿਚ ਪੜਨਾਂਵ 'ਕੋਸ਼ੀ' ਅਰਥ ਦਿੰਦੇ ਹਨ। ਇਸਦਾ 'ਅਰਥ ਆਦੇਸ਼' ਪ੍ਰਕਾਰਜੀ ਇਕਾਈ ਵਿਚ ਹੁੰਦਾ ਹੈ। ਇਹ ਮੂਲ ਅਰਥ ਦੇ ਨਾਲ ਵਾਕ ਦੀ ਭਾਵ ਬਣਤਰ ਅਨੁਸਾਰ ਵਿਸ਼ੇਸ਼ ਕਾਰਜ ਕਰਦੇ ਹਨ।

ਪੜਨਾਂਵ ਸ਼ਬਦਾਂ ਦਾ ਕਾਰਜ ਇਹਨਾਂ ਤੋਂ ਅਗਲੀ ਸ਼ਬਦ ਸ਼੍ਰੇਣੀ 'ਤੇ ਨਿਰਭਰ ਕਰਦਾ ਹੈ। ਨਾਂਵ ਸ਼ਬਦਾਂ ਨਾਲ ਇਹ 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ, ਵਿਸ਼ੇਸ਼ਣ ਨਾਲ ਇਹ 'ਪੜਨਾਂਵ' ਸ਼੍ਰੇਣੀ ਦਾ ਹੀ ਕਾਰਜ ਕਰਦੇ ਹਨ। ਉੱਤਮ ਪੁਰਖ ਅਤੇ ਮੱਧਮ ਪੁਰਖ ਪੜਨਾਂਵਾਂ ਦੀ ਦੂਹਰੀ ਵਰਤੋਂ ਉਪਰੰਤ 'ਕਿਰਿਆ' ਸ਼ਬਦਾਂ ਦੀ ਵਰਤੋਂ ਪੜਨਾਂਵਾਂ ਦਾ ਕਾਰਜੀ 'ਅਰਥ ਆਦੇਸ਼ ' ਕਰਦੀ ਹੈ। ਵਿਭਿੰਨ ਸ਼੍ਰੇਣੀ ਵਿਚ ਪਰਿਵਰਤਨਸ਼ੀਲ ਹੋਣ ਕਾਰਨ ਇਸਦੀ ਕਾਰਜੀ ਇਕਾਈ ਵੀ ਬਦਲਦੀ ਹੈ। ਵਾਕ ਬਣਤਰ ਵਿਚ ਇਕ ਸ਼ਬਦ ਰੂਪ ਵਾਲੇ ਪੜਨਾਂਵ ਇਕ -ਦੂਜੇ ਤੋਂ ਵੱਖਰੇ ਪ੍ਰਕਾਰਜ ਵਾਲੇ ਮਿਲਦੇ ਹਨ। ਸੋ ਪੜਨਾਂਵ ਦੇ ਦੁਹਰੁਕਤੀਯੁਕਤ ਰੂਪ 'ਅਰਥ ਆਦੇਸ਼, ਅਰਥ ਵਿਸਥਾਰ, ਅਰਥ ਸੰਕੋਚ' ਦਾ ਕਾਰਜ ਕਰਦੇ ਹਨ। ਦੂਹਰੇ ਪੜਨਾਂਵ ਰੂਪ 'ਕਾਵਿ ਸੁਹਜ' ਅਤੇ 'ਰਿਧਮ' ਦੀ ਦ੍ਰਿਸਟੀ ਤੋਂ ਵਿਸ਼ੇਸ਼ ਪ੍ਰਕਾਰਜ ਨਿਭਾਉਂਦੇ ਹਨ। ਕੁਝ ਪੜਨਾਂਵ ਸ਼ਬਦ ਜੋ ਵਰਤਮਾਨ ਸਮੇਂ ਆਮ ਵਰਤੇ ਜਾਂਦੇ ਹਨ, ਦੀ ਵਰਤੋਂ ਨਹੀਂ ਮਿਲਦੀ। ਇਹ ਕਾਵਿ ਦੇ 'ਰਿਧਮ' ਵਿਚ ਖ਼ਲਲ ਪੈਦਾ ਕਰਦੇ ਹਨ , ਉਦਾਹਰਣ ਵਜੋਂ, ਜਿਵੇਂ 'ਕਿਹੜਾ, ਜਿਹੜਾ' ਦੀ ਰੂਪਾਵਲੀ ਨਹੀਂ ਮਿਲਦੀ। ਕਿਹੜਾ ਦੇ ਭਾਸ਼ਾਈ ਕਾਰਜ ਲਈ 'ਕਵਨ' ਦੀ ਰੂਪਾਵਲੀ ਮਿਲਦੀ ਹੈ। ਅਜੋਕੇ ਪੜਨਾਂਵਾਂ ਦੇ ਅਜਿਹੇ ਵਧੇਰੇ ਰੂਪ ਨਹੀਂ ਵਰਤੇ ਗਏ। **ਕਵਨ ਕਵਨ** ਦੇ ਵਿਭਿੰਨ ਰੂਪ ਵਾਕ ਦੇ ਰਿਧਮ ਅਤੇ ਲੈਅ ਦਾ ਕਾਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੀ ਰੂਪਾਤਮਕ ਬਣਤਰ ਵਿਸ਼ੇਸ਼ ਕਿਸਮ ਦੀ ਹੈ। ਸੋ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੂਹਰੇ ਪੜਨਾਂਵਾਂ ਦੀ ਇਕਹਿਰੇ ਪੜਨਾਂਵ ਰੂਪਾਂ ਤੋਂ ਭਿੰਨਤਾ, ਅਜੋਕੇ ਪੜਨਾਂਵ ਰੂਪਾਂ ਤੋਂ ਭਿੰਨਤਾ, ਦੂਹਰੇ ਪੜਨਾਂਵਾਂ ਦੀ ਸਮੁਚੀ ਸ਼ਬਦਾਵਲੀ ਅਤੇ ਪੜਨਾਂਵ ਦੀਆਂ ਵਿਭਿੰਨ ਪ੍ਰਕਾਰਜੀ ਇਕਾਈਆਂ ਦਾ ਅਧਿਐਨ ਕੀਤਾ ਹੈ।

**ਅਧਿਆਇ ਪੰਜਵਾਂ**, ਵਿਚ 'ਵਿਸ਼ੇਸ਼ਣ' ਸ਼ਬਦ ਸ਼੍ਰੇਣੀ ਦੇ ਰੂਪਗਤ ਦੁਹਰੁਕਤੀਯੁਕਤ ਸ਼ਬਦਾਂ ਦਾ ਅਧਿਐਨ ਕੀਤਾ ਹੈ। ਵਾਕੰਸ਼ ਦੇ ਰੂਪ ਵਿਚ ਇਕ ਵਿਸ਼ੇਸ਼ਣ ਰੂਪ ਦਾ ਦੁਹਰਾਉ 'ਵਿਸ਼ੇਸ਼ਣ ਦੁਹਰੁਕਤੀ ' ਹੈ। ਵਿਸ਼ੇਸ਼ਣ 'ਖੁਲੀ ਸ਼ਬਦ ' ਸ਼੍ਰੇਣੀ ਹੋਣ ਕਾਰਨ ਇਸਦੇ ਵਿਭਿੰਨ ਅਤੇ ਅਸੀਮ ਰੂਪ ਮਿਲਦੇ ਹਨ। ਦੁਹਰੁਕਤੀ ਇਸਦੀ ਸ਼ਬਦਾਵਲੀ ਨੂੰ ਸੀਮਿਤ ਕਰ ਦਿੰਦੀ ਹੈ। ਦੁਹਰੁਕਤੀ ਦੇ ਅੰਤਰਗਤ 'ਗੁਣ ਵਾਚਕ ' ਅਤੇ 'ਸੰਖਿਅਕ ਵਿਸ਼ੇਸ਼ਣਾਂ' ਦਾ ਦੁਹਰਾਉ ਵਧੇਰੇ ਮਿਲਦਾ ਹੈ। ਨਿਸ਼ਚੇਵਾਚਕ ਵਿਸ਼ੇਸ਼ਣਾਂ ਦੀ ਦੂਹਰੀ ਵਰਤੋਂ ਨਹੀਂ ਮਿਲਦੀ,

ਅਨਿਸ਼ਚੇਵਾਚਕ, ਪ੍ਰਸ਼ਨਵਾਚਕ ਅਤੇ ਪੜਨਾਵੀਂ ਪਿਛੇਤਰਾਂ ਦੀ ਸੀਮਿਤ ਵਰਤੋਂ ਮਿਲਦੀ ਹੈ। ਦੂਹਰੇ ਰੂਪ ਵਿਚ ਮਿਲਦੇ ਵਿਸ਼ੇਸ਼ਣਾਂ ਦੀਆਂ ਖੋਜ-ਕਾਰਜ ਵਿਚ ਸਾਰਣੀਆਂ ਦਿੱਤੀਆਂ ਗਈਆਂ ਹਨ।

ਵਾਕ ਬਣਤਰ ਵਿਚ 'ਵਿਸ਼ੇਸ਼ਣ' ਸਥਾਨ ਕਰਕੇ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਵਿਚ ਵਿਚਰਦੇ ਹਨ। ਸਹਾਇਕ ਕਿਰਿਆ ਦੇ ਨਾਲ 'ਕਿਰਿਆ ਪੂਰਕ' ਦੀ ਸਥਿਤੀ ਵਿਚ ਹੁੰਦੇ ਹਨ। ਕਾਰਜ ਪੱਖ ਤੋਂ 'ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰਦੇ ਹਨ , ਸੰਖਿਅਕ ਵਿਸ਼ੇਸ਼ਣਾਂ ਤੋਂ ਬਿਨਾਂ। ਕਿਰਿਆ ਨਾਲ ਵਰਤੇ ਸੰਖਿਅਕ ਵਿਸ਼ੇਸ਼ਣ 'ਕਿਰਿਆ ਦੀ ਵਿਸ਼ੇਸ਼ਤਾ' ਦਾ ਕਾਰਜ ਵੀ ਕਰਦੇ ਹਨ। ਇਹਨਾਂ ਦਾ ਪ੍ਰਕਾਰਜ ਵਾਕ ਦੀ ਸਮੁਚੀ ਬਣਤਰ 'ਤੇ ਨਿਰਭਰ ਕਰਦਾ ਹੈ । ਪਿਛੇਤਰਾਂ ਦੀ ਵਰਤੋ ਤੋਂ ਬਣੇ 'ਵਿਸ਼ੇਸ਼ਣ' ਰੂਪ ਤਿੰਨ ਤਰ੍ਹਾਂ ਦੇ ਮਿਲਦੇ ਹਨ।

ਦੁਹਰੁਕਤੀਯੁਕਤ ਰੂਪ ਵਿਚ ਵਰਤੇ ਵਿਸ਼ੇਸ਼ਣਾਂ ਦਾ ਕਾਰਜ ਇਕਹਿਰੇ ਵਿਸ਼ੇਸ਼ਣਾਂ ਤੋਂ ਭਿੰਨ ਹੈ। ਵਾਕ ਬਣਤਰ ਵਿਚ 'ਅਰਥ ਆਦੇਸ਼, ਅਰਥ ਵਿਸਥਾਰ, ਦਬਾਉ' ਅਤੇ 'ਅਰਥ ਅਗਰਭੂਮਣ' ਦਾ ਕਾਰਜ ਕਰਦੇ ਹਨ। ਦਬਾਉ ਵਜੋਂ ਦੂਹਰੇ ਸ਼ਬਦ ਦਾ ਅਰਥ ਅਗਰਭੂਮੀ ਵਿਚ ਕਾਰਜਸ਼ੀਲ ਹੁੰਦਾ ਹੈ। ਮਾਨਵ ਦੇ ਸੰਦਰਭ ਵਿਚ ਗੁਣ ਵਾਚਕ ਵਿਸ਼ੇਸ਼ਣ 'ਬਹੁਵਚਨ' ਦਾ ਕਾਰਜ ਕਰਦੇ ਹਨ। ਅਨਿਸ਼ਚੇਵਾਚਕ ਵਿਸ਼ੇਸ਼ਣ ਦਾਰਸ਼ਨਿਕ ਪ੍ਰਸੰਗ ਵਿਚ 'ਗੁਣ ਵਾਚਕ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ ਤੇ ਵਸਤੂ ਵਾਚਕ ਨਾਵਾਂ ਨਾਲ 'ਵਿਭਿੰਨਤਾ' ਦਾ ਕਾਰਜ ਕਰਦੇ ਹਨ । ਇਸ ਤਰ੍ਹਾਂ ਇਕੋ ਰੂਪ ਵਰਤੋਂ ਦੇ ਪ੍ਰਸੰਗ ਵਿਚ ਵਿਭਿੰਨ ਇਕਾਈਆਂ ਦਾ ਕਾਰਜ ਕਰਦੇ ਹਨ। ਸੁਹਜ ਦੇ ਪੱਖ ਤੋਂ ਦੂਹਰੇ ਰੂਪ ਕਾਵਿ ਦਾ ਵਜਨ ਪੂਰਦੇ ਹਨ ਅਤੇ 'ਤਾਲ' ਨੂੰ ਇਕਸੁਰ ਕਰਦੇ ਹਨ। ਅਜਿਹੀ ਸਥਿਤੀ ਵਿਚ ਇਕਹਿਰਾ ਰੂਪ ਵਰਤਣ ਨਾਲ ਰਿਦਮ ਵਿਚ ਖ਼ਲਲ ਪੈਦਾ ਹੁੰਦਾ ਹੈ, ਜਾਂ ਕਾਵਿ ਰੂਪ ਕਾਵਿ ਨਾ ਹੋ ਕੇ ਵਧੇਰੇ 'ਵਾਰਤਕ' ਜਾਪਦਾ ਹੈ। ਦੁਹਰੁਕਤੀ ਦੇ ਅਜਿਹੇ ਰੂਪ ਵੀ ਮਿਲਦੇ ਹਨ, ਜਿਹੜੇ ਸਤਹੀ ਪੱਧਰ 'ਤੇ ਦੁਹਰੁਕਤੀਯੁਕਤ ਹਨ। ਖੋਜ-ਕਾਰਜ ਵਿਚ ਅਜਿਹੇ ਦੂਹਰੇ ਰੂਪਾਂ ਨੂੰ ਦੁਹਰੁਕਤੀ ਤੋਂ ਨਿਖੇੜਿਆਂ ਹੈ।

**ਅਧਿਆਇ ਛੇਵਾਂ**, ਵਿਚ ਕਿਰਿਆ ਸ਼ਬਦਾਵਲੀ ਦੇ ਦੂਹਰੇ ਰੂਪਾਂ ਦਾ ਵਿਸ਼ਲੇਸ਼ਣ ਕੀਤਾ ਹੈ। ਦੁਹਰੁਕਤੀਯੁਕਤ ਕਿਰਿਆ ਰੂਪਾਂ ਦੀ ਇਕਹਿਰੇ ਕਿਰਿਆ ਰੂਪਾਂ ਅਤੇ ਵਰਤਮਾਨ ਕਿਰਿਆ ਰੂਪਾਂ ਤੋਂ ਚੋਖੀ ਭਿੰਨਤਾ ਮਿਲਦੀ ਹੈ।

ਕਿਰਿਆ ਰੂਪਾਂ ਦੀ ਸਿਰਜਨਾ ਵਿਧੀ ਵੀ ਵਿਸ਼ੇਸ਼ ਹੈ। ਦੁਹਰੁਕਤੀਯੁਕਤ ਕਿਰਿਆਵਾਂ ਦੀ ਵਰਤੋਂ 'ਕਿਰਿਆ ਵਾਕੰਸ਼' ਜਾਂ 'ਵਾਕ ਬਣਤਰ' ਅਨੁਸਾਰ ਨਹੀਂ, ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਅਨੁਸਾਰ ਮਿਲਦੀ ਹੈ। ਸੰਚਾਲਕ ਕਿਰਿਆਵਾਂ ਦੀ ਦੂਹਰੀ ਵਰਤੋਂ ਪ੍ਰਕਾਰਜੀ ਇਕਾਈ ਦੇ ਨਾਲ ਸੰਬੰਧਕ ਦਾ ਕਾਰਜ ਕਰਦੀ ਹੈ । ਦੁਹਰੁਕਤੀ 'ਸੰਬੰਧਕ' ਦੀ ਵੱਖਰੇ ਤੌਰ 'ਤੇ ਵਰਤੋਂ ਨੂੰ ਖ਼ਾਰਜ ਕਰਦੀ ਹੈ।

ਦੁਹਰੁਕਤੀਯੁਕਤ ਰੂਪ ਵਿਚ 'ਅਕਾਲਕੀ' ਕਿਰਿਆਵਾਂ ਦੇ ਪਿਛੇਤਰਯੁਕਤ ਰੂਪ ਨਹੀਂ ਕੇਵਲ 'ਧਾਤੂ' ਰੂਪ ਮਿਲਦੇ ਹਨ। 'ਅਕਾਲਕੀ' ਪਿਛੇਤਰ ਕਿਰਿਆ ਦੇ ਇਕਹਿਰੇ ਰੂਪਾਂ ਨਾਲ ਮਿਲਦੇ ਹਨ। 'ਕਾਲਕੀ' ਕਿਰਿਆਵਾਂ ਦੇ ਸੀਮਿਤ ਪਿਛੇਤਰ ਮਿਲਦੇ ਹਨ। ਇਹ ਪਿਛੇਤਰ ਵਾਕ ਵਿਚ 'ਲੈਅ' ਦਾ ਕਾਰਜ ਕਰਦੇ ਹਨ। ਜਿਥੇ ਦੂਹਰੇ ਰੂਪਾਂ ਵਿਚ ਵਜਨ ਜਾਂ ਰਿਧਮ ਨਹੀਂ ਬਣਦਾ , ਉਥੇ ਕੁਝ ਪਿਛੇਤਰਾਂ ਦੀ ਵਰਤੋਂ ਮਿਲਦੀ ਹੈ। ਦੁਹਰੁਕਤੀਯੁਕਤ ਰੂਪ 'ਜਪਿ ਜਪਿ, ਸਿਮਰਿ ਸਿਮਰਿ , ਕਰਿ ਕਰਿ , ਸੁਣਿ ਸੁਣਿ , ਪੜ੍ਹਿ ਪੜ੍ਹਿ ' ਦੀ ਵਰਤੋਂ ਵਧੇਰੇ ਹੈ।

ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀਯੁਕਤ ਕਿਰਿਆ ਰੂਪ ਵਿਸ਼ੇਸ਼ ਤੌਰ 'ਤੇ 'ਨਿਰੰਤਰਤਾ/ ਲਗਾਤਾਰਤਾ' ਅਤੇ 'ਬਾਰੰਬਾਰਤਾ' ਦਾ ਪ੍ਰਕਾਰਜ ਕਰਦੇ ਹਨ। ਕਰਮ ਦੀ ਪ੍ਰਾਪਤੀ ਵਜੋਂ ਕਿਰਿਆ ਰੂਪ ਕਾਰਜ ਦੀ ਬਾਰੰਬਾਰਤਾ ਜਾਂ ਲਗਾਤਾਰਤਾ ਨੂੰ ਨਿਰੰਤਰ ਬਣਾਈ ਰੱਖਦੇ ਹਨ। ਇਕਹਿਰਾ ਰੂਪ ਕਿਰਿਆ ਦੇ ਮੂਲ ਅਰਥਾਂ ਦਾ ਪ੍ਰਕਾਰਜ ਕਰਦਾ ਹੈ, ਨਾ ਕਿ ਵਿਸ਼ੇਸ਼ ਅਰਥਗਤ ਇਕਾਈ ਦਾ। ਇਕਹਿਰੇ ਰੂਪ ਤੋਂ ਕਾਰਜੀ ਇਕਾਈ (ਬਾਰੰਬਾਰਤਾ ਜਾਂ ਲਗਾਤਾਰਤਾ) ਦੇ ਅਰਥਾਂ ਲਈ ਵਿਸ਼ੇਸ਼ ਸ਼ਬਦ (ਵਿਸ਼ੇਸ਼ਣ) ਦੀ ਵਰਤੋਂ ਕੀਤਿਆ ਕਾਵਿ ਵਾਕਾਂ ਦੀ ਬਣਤਰ ਅਤੇ ਕਾਵਿ ਸੁਹਜ ਪ੍ਰਭਾਵਿਤ ਹੁੰਦਾ ਹੈ । ਕਿਰਿਆ ਦੇ ਵਿਸ਼ੇਸ਼ ਪ੍ਰਕਾਰਜ ਲਈ ਦੁਹਰੁਕਤੀਯੁਕਤ ਕਿਰਿਆ ਦੀ ਵਰਤੋਂ ਮਿਲਦੀ ਹੈ। ਦੂਹਰਾ ਰੂਪ ਕਾਵਿ ਸੁਹਜ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ।

**ਅਧਿਆਇ ਸੱਤਵਾਂ**, ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀ 'ਕਿਰਿਆ' ਨਾਲ ਸੰਬੰਧਿਤ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦਾ ਰੂਪ ਅਤੇ ਪ੍ਰਕਾਰਜੀ ਅਧਿਐਨ ਕੀਤਾ ਹੈ। ਨਾਂਵ ਅਤੇ ਕਿਰਿਆ ਸ਼ਬਦਾਂ ਦੀ ਦੂਹਰੀ ਵਰਤੋਂ ਅਤੇ ਇਹਨਾਂ ਦੇ ਧਾਤੂ ਰੂਪਾਂ ਨਾਲ ਪਿਛੇਤਰ ਲਾ ਕੇ ਬਣੇ

ਸ਼ਬਦ, ਵਾਕ ਦੇ ਪ੍ਰਸੰਗ ਵਿਚ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਕਿਰਿਆ ਵਿਸ਼ੇਸ਼ਣਾਂ ਦੀ ਬਣਤਰ ਦੇ ਮੁਖ ਰੂਪ ਵਿਚ ਦੋ ਭੇਦ ਹਨ। ਅਰਥ ਦੇ ਪੱਖ ਤੋਂ ਇਸਦੇ ਛੇ ਭੇਦ ਹਨ।

ਸਿੱਧੇ ਢੰਗ ਨਾਲ ਜਿਥੇ ਵਿਭਿੰਨ ਸ਼ਬਦ ਸ਼੍ਰੇਣੀਆਂ ਦੇ ਸ਼ਬਦ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ, ਉਥੇ ਸ਼ਬਦ ਦਾ 'ਮੂਲ ਅਰਥ' ਨਹੀਂ ਬਦਲਦਾ , ਬਲਕਿ ਉਸਦਾ 'ਕਾਰਜ' ਬਦਲਦਾ ਹੈ। ਅਜਿਹੇ ਪ੍ਰਸੰਗ ਵਿਚ ਦੂਹਰਾ ਰੂਪ 'ਕਾਰਜੀ ਆਦੇਸ਼' ਦਾ ਪ੍ਰਕਾਰਜ ਕਰਦਾ ਹੈ। ਇਕਹਿਰਾ ਵਿਸ਼ੇਸ਼ਣੀ ਰੂਪ ਮੂਲ ਅਰਥਾਂ ਤੱਕ ਸੀਮਿਤ ਰਹਿੰਦਾ ਹੈ, ਦੁਹਰੁਕਤੀ ਮੂਲ ਅਰਥਾਂ ਦੇ ਨਾਲ 'ਕਿਰਿਆ ਦੀ ਕਾਰਜੀ ਇਕਾਈ' ਅਤੇ 'ਕਾਵਿ ਸੁਹਜ' ਦਾ ਕਾਰਜ ਕਰਦੀ ਹੈ। ਇਹ ਮੂਲ ਅਰਥ ਸੰਚਾਰ ਦੇ ਨਾਲ ਵਾਕ ਦੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਵੀ ਕਰਦੇ ਹਨ, ਜੋ ਇਕਹਿਰੇ ਰੂਪ ਵਿਚ ਸੰਭਵ ਨਹੀਂ। ਕਿਰਿਆ ਵਿਸ਼ੇਸ਼ਣ ਦੇ ਕੁਝ ਰੂਪ ਅਜਿਹੇ ਹਨ, ਜਿਹੜੇ ਦੁਹਰੁਕਤੀਯੁਕਤ ਰੂਪ ਵਿਚ ਹੀ ਸਾਰਥਕ ਅਰਥ ਸੰਚਾਰ ਕਰਦੇ ਹਨ। ਦੁਹਰੁਕਤੀਯੁਕਤ ਸ਼ਬਦਾਂ ਦੀ ਇਕਹਿਰੇ ਸ਼ਬਦਾਂ ਤੋਂ ਕੇਵਲ ਰੂਪਗਤ ਭਿੰਨਤਾ ਨਹੀਂ, ਬਲਕਿ ਕਾਰਜ ਦੇ ਪੱਖ ਤੋਂ ਵੀ ਭਿੰਨਤਾ ਹੈ। ਵਾਕ ਬਣਤਰ ਵਿਚ ਦੁਹਰੁਕਤੀ ਵਿਸ਼ੇਸ਼ ਪ੍ਰਕਾਰਜੀ ਅਰਥ, ਵਾਕ ਦੀ ਭਾਵ ਬਣਤਰ, ਕਾਵਿ ਵਜਨ ਆਦਿ ਦਾ ਕਾਰਜ ਕਰਦੇ ਹਨ। ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਦੀਆਂ 'ਪ੍ਰਕਾਰਜੀ ਇਕਾਈਆਂ, ਇਕਹਿਰੇ ਰੂਪਾਂ ਤੋਂ ਭਿੰਨਤਾ, ਵਾਕ ਬਣਤਰ ਵਿਚ ਇਹਨਾਂ ਦਾ ਸਥਾਨ, ਕਾਵਿ ਦੀ ਦ੍ਰਿਸ਼ਟੀ ਤੋਂ ਮਹੱਤਵ, ਦੁਹਰੁਕਤੀਯੁਕਤ ਸ਼ਬਦਾਂ ਤੋਂ ਦੂਹਰੇ ਰੂਪ ਵਿਚ ਵਿਚਰਦੇ ਇਕਹਿਰੇ ਸ਼ਬਦਾਂ ਤੋਂ ਵੱਖਰਤਾ' ਆਦਿ ਦਾ ਅਧਿਐਨ ਕੀਤਾ ਹੈ।

ਇਸ ਤਰ੍ਹਾਂ ਹਥਲੇ ਖੋਜ-ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦਾ ਸਮੁੱਚੇ ਰੂਪ ਵਿਚ ਅਧਿਐਨ ਕੀਤਾ ਹੈ। ਪੰਜਾਬੀ ਵਿਚ ਦੁਹਰੁਕਤੀ ਦੀ ਸਿਧਾਂਤਕ ਸਮਝ ਲਈ 'ਵੇਦ ਅਗਨੀਹੋਤਰੀ' ਦੁਆਰਾ ਦਿੱਤੇ ਦੁਹਰੁਕਤੀ ਦੇ ਲੇਖ ਤੋਂ ਸੇਧ ਲਈ ਹੈ, ਪ੍ਰੰਤੂ ਕੁਝ ਖ਼ਾਮੀਆਂ ਕਾਰਨ ਸਾਡੀ ਉਸ ਨਾਲ ਪੂਰਨ ਰੂਪ ਵਿਚ ਸਹਿਮਤੀ ਨਹੀਂ ਬਣਦੀ। ਸੋ ਦੁਹਰੁਕਤੀਯੁਕਤ ਸ਼ਬਦਾਵਲੀ ਦੀ ਬਣਤਰ ਅਤੇ ਪ੍ਰਕਾਰਜ ਦਾ ਵਿਸ਼ਲੇਸ਼ਣ ਕਰਕੇ ਦੁਹਰੁਕਤੀ ਦੀ ਨਵੀਂ ਵਰਗਵੰਡ ਅਤੇ ਸਿਧਾਂਤਕ ਸਰੂਪ ਘੜਿਆ ਹੈ। ਭਾਸ਼ਾ ਵਿਚ ਦੁਹਰੁਕਤੀ ਦੀ ਭਾਵ ਬਣਤਰ ਦੇ ਪ੍ਰਕਾਰਜੀ ਅਧਿਐਨ ਨਾਲ ਸੰਬੰਧਿਤ **ਲਖਵੀਰ ਸਿੰਘ** ਦਾ

ਐਮ. ਫਿਲ. ਦਾ ਖੋਜ-ਕਾਰਜ ਮਿਲਦਾ ਹੈ। ਇਹ ਵਿਹਾਰਕ ਭਾਸ਼ਾ ਨੂੰ ਆਧਾਰ ਬਣਾ ਕੇ ਪੰਜਾਬੀ ਭਾਸ਼ਾ ਵਿਚ ਕੀਤਾ ਗਿਆ ਮੁਢਲਾ ਖੋਜ-ਕਾਰਜ ਹੈ। ਇਸ ਤੋਂ ਪੂਰਵ ਜਾਂ ਉਪਰੰਤ ਪੰਜਾਬੀ ਦੀ ਦੁਹਰੁਕਤੀਯੁਕਤ ਸ਼ਬਦਾਵਲੀ ਦੇ ਭਾਸ਼ਾਈ ਅਧਿਐਨ ਨਾਲ ਸੰਬੰਧਿਤ ਕੋਈ ਖੋਜ-ਕਾਰਜ ਨਹੀਂ ਮਿਲਦਾ। ਹਥਲਾ ਖੋਜ-ਕਾਰਜ ਕਲਾਸੀਕਲ ਰਚਨਾ ਨੂੰ ਆਧਾਰ ਬਣਾ ਕੇ 'ਦੁਹਰੁਕਤੀਯੁਕਤ ਸ਼ਬਦ ਬਣਤਰ' ਦੀ ਵਿਧੀ ਤੋਂ ਕੀਤਾ ਗਿਆ, ਮੁਢਲਾ ਖੋਜ-ਕਾਰਜ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਰੂਪਗਤ ਸ਼ਬਦ ਦੁਹਰੁਕਤੀ ਦਾ ਗਹਿਨ ਅਧਿਐਨ ਕੀਤਾ ਹੈ। ਦੁਹਰੁਕਤੀ ਦੀਆਂ ਬਾਕੀ ਕਿਸਮਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਖੋਜ-ਕਾਰਜ ਦੀ ਸਾਰ ਰੂਪ ਵਿਚ ਜਾਣਕਾਰੀ ਉਪਰੰਤ ਖੋਜ-ਕਾਰਜ ਦੇ ਸਿੱਟੇ ਬਹੁਤ ਸੰਖੇਪ ਰੂਪ ਵਿਚ ਅੰਕਿਤ ਕੀਤੇ ਹਨ:

- ਰੂਪਗਤ ਦੁਹਰੁਕਤੀ ਇਕ ਸ਼ਬਦ ਦਾ ਦੁਹਰਾਉ ਹੈ। ਇਸ ਵਿਚ 'ਸ਼ਬਦ' ਕੇਂਦਰ ਵਿਚ ਹੁੰਦਾ ਹੈ। ਅਰਥਗਤ ਦੁਹਰੁਕਤੀ ਵਿਚ ਸ਼ਬਦ ਦਾ 'ਅਰਥ' ਕੇਂਦਰ ਵਿਚ ਹੁੰਦਾ ਹੈ। ਅਰਥ ਨੂੰ ਆਧਾਰ ਬਣਾ ਕੇ ਇਸ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।
- ਰੂਪਗਤ ਦੁਹਰੁਕਤੀ ਇਕ ਸ਼ਬਦ ਰੂਪ ਦਾ ਦੁਹਰਾਉ ਕਰਦੀ ਹੈ। ਅਰਥਗਤ ਦੁਹਰੁਕਤੀ ਅਰਥ ਦੀ ਸਾਂਝ ਜਾਂ ਵਿਭਿੰਨਤਾ ਵਾਲੇ ਦੋ ਸ਼ਬਦਾਂ ਦਾ ਦੁਹਰਾਉ ਕਰਦੀ ਹੈ।
- ਰੂਪਗਤ ਅਤੇ ਅਰਥਗਤ ਦੁਹਰੁਕਤੀ 'ਪੂਰਨ' ਦੁਹਰੁਕਤੀ ਦੇ ਦੋ ਭੇਦ ਹਨ। ਜਿਹੜੇ ਸ਼ਬਦ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦੇ, ਉਹ 'ਅਪੂਰਨ' ਦੁਹਰੁਕਤੀ ਦੇ ਭੇਦ ਹਨ।
- ਅਪੂਰਨ ਦੁਹਰੁਕਤੀ ਵਿਚ ਦੋ ਤਰ੍ਹਾਂ ਦੇ ਸ਼ਬਦ ਆਉਂਦੇ ਹਨ। ਇਕ : ਉਹ ਸ਼ਬਦ ਜਿਹਨਾਂ ਦਾ ਇਕ ਸ਼ਬਦ ਸਾਰਥਕ ਤੇ ਦੂਜਾ ਨਿਰਾਰਥਕ ਹੁੰਦਾ ਹੈ। ਦੂਜੇ : ਉਹ ਸ਼ਬਦ ਜਿਹਨਾਂ ਦੇ ਦੋਵੇਂ ਸ਼ਬਦ ਨਿਰਾਰਥਕ ਹੁੰਦੇ ਹਨ।
- 'ਦੁਹਰੁਕਤੀ' ਗੁਰਬਾਣੀ ਦੀ ਗਾਇਨ ਸ਼ੈਲੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਸਮੁਚੀ ਗੁਰਬਾਣੀ ਦੇ ਰਾਗਯੁਕਤ ਹੋਣ ਕਾਰਨ ਇਸਨੂੰ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ। ਦੁਹਰਾਉ ਵਾਕ ਦੀ ਲੈਅ ਨੂੰ ਲਗਾਤਾਰ ਬਣਾਈ ਰੱਖਦੀ ਹੈ, ਇਸ ਨਾਲ ਵਾਕ ਵਿਚ ਵਧੇਰੇ ਲਮਕਾਅ ਪੈਦਾ ਹੁੰਦਾ ਹੈ।

- ਕਿਸੇ ਸਾਹਿਤਕ ਕਿਰਤ ਵਿਚ 'ਪੂਰਨ ਦੁਹਰੁਕਤੀ' ਵਧੇਰੇ ਮਹੱਤਵ ਰੱਖਦੀ ਹੈ। ਅਪੂਰਨ ਦੁਹਰੁਕਤੀ ਦਾ ਆਪਣੀ ਕਿਸਮ ਦਾ ਵਿਸ਼ੇਸ਼ ਮਹੱਤਵ ਹੈ, ਪ੍ਰੰਤੂ ਇਸਦੀ ਵਰਤੋਂ ਪੂਰਨ ਦੀ ਤੁਲਨਾ ਵਿਚ ਬਹੁਤ ਸੀਮਿਤ ਰੂਪ ਵਿਚ ਕੀਤੀ ਜਾਂਦੀ ਹੈ।

- ਅਗਨੀਹੋਤਰੀ ਨੇ ਪੂਰਨ ਦੁਹਰੁਕਤੀ ਵਿਚ 'ਇਕ ਸ਼ਬਦ ਦਾ ਦੁਹਰਾਉ, ਦੋ ਸ਼ਬਦਾਂ ਦਾ ਦੁਹਰਾਉ' ਦੋ ਭੇਦ ਕੀਤੇ ਹਨ। ਵਿਆਕਰਨਕ ਇਕਾਈ ਵਜੋਂ ਦੋ ਸ਼ਬਦਾਂ ਦਾ ਦੁਹਰਾਉ 'ਵਾਕੰਸ਼' ਦੁਹਰੁਕਤੀ ਹੈ। ਹਥਲੇ ਖੋਜ-ਕਾਰਜ ਵਿਚ ਇਸਨੂੰ 'ਵਾਕੰਸ਼' ਦੁਹਰੁਕਤੀ ਦਾ ਨਾਮ ਦਿੱਤਾ ਹੈ।

- ਦੂਹਰੇ ਦੁਹਰਾਉ ਵਿਚ ਸ਼ਬਦ ਰੂਪਾਂ ਦੀ ਗਿਣਤੀ ਦੋ ਦੋ ਦੇ ਜੁੱਟ ਵਿਚ ਚਾਰ ਹੁੰਦੀ ਹੈ। ਚਾਰ ਰੂਪਾਂ ਦੀ ਇਕੱਠੀ ਵਰਤੋਂ ਦੂਹਰੀ ਦੁਹਰੁਕਤੀ ਹੈ। ਦੁਹਰੁਕਤੀ ਦੀ ਇਹ ਕਿਸਮ 'ਨਾਂਵ' ਸ਼ਬਦ ਸ਼੍ਰੇਣੀ ਵਿਚ ਮਿਲਦੀ ਹੈ।

- ਵਾਕੰਸ਼ ਦੇ ਦੁਹਰਾਉ ਵਿਚ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਆਉਂਦੇ ਹਨ। ਨਾਂਵ ਵਾਕੰਸ਼ ਵਿਚ 'ਕਰਤਾ ਨਾਂਵ ਵਾਕੰਸ਼' ਅਤੇ 'ਕਰਮ ਨਾਂਵ ਵਾਕੰਸ਼' ਹੋ ਸਕਦੇ ਹਨ।

- ਵਧਾਵੀਂ ਦੁਹਰੁਕਤੀ ਵਿਚ ਮੂਲ ਧਾਤੂ ਨਾਲ ਲੱਗੇ 'ਵਧੇਤਰਾਂ' ਦੇ ਆਧਾਰ 'ਤੇ ਇਸ ਦੀ ਸ਼੍ਰੇਣੀ ਵੰਡ ਕੀਤੀ ਜਾਂਦੀ ਹੈ। ਧਾਤੂ ਨਾਲ ਵਧੇਤਰਾਂ ਦੀ ਵਰਤੋਂ ਧਾਤੂ ਦੇ 'ਆਦਿ, ਮੱਧ' ਤੇ 'ਅੰਤ' 'ਤੇ ਕੀਤੀ ਜਾਂਦੀ ਹੈ। ਦੁਹਰੁਕਤੀਯੁਕਤ ਸ਼ਬਦ ਦੇ 'ਆਦਿ, ਮੱਧ' ਤੇ 'ਅੰਤ' 'ਤੇ ਲੱਗੇ ਵਧੇਤਰ, ਕ੍ਰਮਵਾਰ 'ਅਗੇਤਰ ਦੁਹਰੁਕਤੀ, ਮਧੇਤਰ ਦੁਹਰੁਕਤੀ' ਅਤੇ 'ਪਿਛੇਤਰ ਦੁਹਰੁਕਤੀ' ਦੇ ਰੂਪ ਹਨ।

- ਪੰਜਾਬੀ ਭਾਸ਼ਾ ਵਿਚ ਮਧੇਤਰਾਂ ਦੀ ਹੋਂਦ ਨੂੰ ਨਕਾਰਿਆ ਗਿਆ ਹੈ। ਅਗਨੀਹੋਤਰੀ ਨੇ ਵਾਕੰਸ਼ ਬਣਤਰ ਨੂੰ ਮਧੇਤਰ ਦੁਹਰੁਕਤੀ ਵਿਚ ਰੱਖਿਆ ਹੈ। ਮਧੇਤਰਾਂ ਦੀ ਵਰਤੋਂ ਦੋ ਧਾਤੂ ਸ਼ਬਦਾਂ ਦੇ ਵਿਚਾਲੇ ਨਹੀਂ, ਬਲਕਿ ਇਕੋ ਧਾਤੂ ਦੇ ਵਿਚਾਲੇ ਕੀਤੀ ਜਾਂਦੀ ਹੈ।

- ਪੰਜਾਬੀ ਸ਼ਬਦਾਵਲੀ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ, ਕਿ ਪੰਜਾਬੀ ਵਿਚ 'ਮਧੇਤਰਾਂ' ਦੀ ਵਰਤੋਂ ਕੀਤੀ ਜਾਂਦੀ ਹੈ। 'ਅਗੇਤਰ' ਅਤੇ 'ਪਿਛੇਤਰ' ਦੀ ਤੁਲਨਾ ਵਿਚ 'ਮਧੇਤਰ' ਘੱਟ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਧਾਵੀਂ ਦੁਹਰੁਕਤੀ ਦੇ ਅੰਤਰਗਤ 'ਮਧੇਤਰ

ਦੁਹਰੁਕਤੀ' ਦੀ ਕਿਸਮ ਮਿਲਦੀ ਹੈ, 'ਖਾਲਕੁ ਖਲਕ, ਤਰ ਤਾਰਿ, ਮਰੁ ਮਾਰਿ, ਕੁਚਲ ਕੁਚੀਲ' ਆਦਿ।

- ਅਰਥਗਤ ਦੁਹਰੁਕਤੀ ਵਿਚ 'ਸਮਾਨਾਰਥਕ, ਵਰਗਾਰਥਕ' ਅਤੇ 'ਵਿਰੋਧਾਰਥਕ' ਦੁਹਰੁਕਤੀ ਦੇ ਰੂਪ ਮਿਲਦੇ ਹਨ। ਇਕੋ ਅਰਥ ਵਾਲੇ ਦੋ ਵਿਭਿੰਨ ਸ਼ਬਦਾਂ ਦਾ ਦੁਹਰਾਉ ਸਮਾਨਾਰਥਕ ਦੁਹਰੁਕਤੀ ਹੈ। ਇਕ ਮੂਲ ਨਾਲ ਸੰਬੰਧਿਤ ਦੋ ਵਿਭਿੰਨ ਸ਼ਬਦਾਂ ਦਾ ਦੁਹਰਾਉ ਵਰਗਾਰਥਕ ਦੁਹਰੁਕਤੀ ਹੈ। ਇਸ ਵਿਚਲੇ ਦੋਵੇਂ ਸ਼ਬਦ ਵਿਭਿੰਨ ਅਰਥਾਂ ਨੂੰ ਚਿਹਨਤ ਕਰਦੇ ਵਰਗ ਦੀ ਮੁਢਲੀ ਇਕਾਈ ਦਾ ਪ੍ਰਕਾਰਜ ਵੀ ਕਰਦੇ ਹਨ। ਦੋ ਵਿਰੋਧੀ ਅਰਥਾਂ ਦੀ ਇਕ ਇਕਾਈ ਦੇ ਰੂਪ ਵਿਚ ਵਰਤੋਂ ਵਿਰੋਧਾਰਥਕ ਦੁਹਰੁਕਤੀ ਹੈ।

- ਗੁਰਬਾਣੀ ਵਿਚ 'ਸਮਾਨਾਰਥਕ' ਦੁਹਰੁਕਤੀ ਦੀ ਸਿਰਜਨਾ ਵਿਭਿੰਨ ਭਾਸ਼ਾਵਾਂ ਦੀ ਵਰਤੋਂ ਕਾਰਨ ਤੇ ਵਿਸ਼ੇਸ਼ ਰੂਪ ਵਿਚ 'ਕਾਵਿ ਸ਼ਾਸਤਰ' ਦੇ ਪੱਖ ਤੋਂ ਵਧੇਰੇ ਮਹੱਤਵ ਰੱਖਦੀ ਹੈ।

- ਅਗਨੀਹੋਤਰੀ ਨੇ ਸਮਾਨਾਰਥਕ ਦੁਹਰੁਕਤੀ ਨੂੰ ਇਤਿਹਾਸਕ ਘਟਨਾ ਦਾ ਸਿੱਟਾ ਦੱਸਿਆ ਹੈ। ਅਸੀਂ ਇਸਦੀ ਵਰਤੋਂ ਦੇ ਉਪਰੋਕਤ ਦੋ ਕਾਰਨ ਮੰਨਦੇ ਹਾਂ। 'ਸਮਾਨਾਰਥਕ' ਵਰਤੋਂ ਕਾਵਿ ਵਾਕਾਂ ਵਿਚ 'ਰਿਧਮ, ਲੈਅ' ਅਤੇ 'ਵਜਨ' ਦਾ ਕਾਰਜ ਕਰਦੀ ਹੈ।

- ਵਿਰੋਧਾਰਥਕ ਦੁਹਰੁਕਤੀ ਦੀ ਵਧੇਰੇ ਵਰਤੋਂ 'ਸਮਦ੍ਰਿਸਟੀ' ਤੇ 'ਗੁਣਾਤਮਕ ਪਰਿਵਰਤਨ' (ਨੀਵੇਂ ਤੋਂ ਉਚੇ ਗੁਣਾਂ ਵਿਚ) ਦੇ ਪ੍ਰਕਾਰਜ ਵਿਚ ਹੈ। 'ਵਿਰੋਧੀ' ਅਰਥਾਂ ਦਾ ਪ੍ਰਕਾਰਜ ਬਹੁਤ ਸੀਮਿਤ ਵਾਕਾਂ ਵਿਚ ਮਿਲਦਾ ਹੈ। ਇਸਦਾ ਕਾਰਨ ਗੁਰਬਾਣੀ ਦਾ ਦਾਰਸ਼ਨਿਕ ਮਹੱਤਵ ਹੈ। ਗੁਰਬਾਣੀ ਵਿਰੋਧ ਦਾ ਖ਼ਾਤਮਾ ਕਰਦੀ ਹੈ।

- ਗੁਰੂ ਗ੍ਰੰਥ ਸਾਹਿਬ ਵਿਚ 'ਵਰਗਾਰਥਕ' ਦੁਹੁਰਕਤੀ ਦੀ ਸਮੱਗਰੀ ਬਾਕੀ ਕਿਸਮਾਂ ਤੋਂ ਵਧੇਰੇ ਮਿਲਦੀ ਹੈ। ਇਸਦੀ ਸਮੱਗਰੀ ਦੇ ਆਧਾਰ 'ਤੇ ਇਸਦੇ ਵਿਭਿੰਨ ਉਪਵਰਗ ਬਣਦੇ ਹਨ।

- 'ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ' ਪੂਰਨ ਤੇ ਅਪੂਰਨ ਦੁਹਰੁਕਤੀ ਦੀਆਂ ਕਿਸਮਾਂ ਹਨ। ਇਹਨਾਂ ਦੀ ਸੀਮਿਤ ਵਰਤੋਂ ਰੂਪਗਤ ਦੁਹਰੁਕਤੀ ਵਿਚ ਕੀਤੀ ਜਾਂਦੀ ਹੈ, ਪੂਰਨ ਰੂਪਗਤ

ਦੁਹਰੁਕਤੀ ਵਿਚ ਧੁਨੀ ਦੇ ਇਹ ਨਿਯਮ ਦੁਹਰੁਕਤੀਯੁਕਤ ਰੂਪ ਵਿਚ ਇਕ ਸਾਰਥਕ ਸ਼ਬਦਾਂ ਦੀ ਸਿਰਜਨਾ ਕਰਦੇ ਹਨ। ਧੁਨੀ ਪਰਿਵਰਤਨ: 'ਹੈਵਰ ਗੈਵਰ (ਘੋੜੇ ਹਾਥੀ), ਕੂਕਰ ਸੂਕਰ (ਕੁੱਤੇ ਸੂਰ), ਤੰਤ ਮੰਤ (ਤੰਤਰ ਮੰਤਰ), ਮੀਤ ਹੀਤ (ਮਿੱਤਰ ਹਿੱਤੂ)' ਆਦਿ।

- ਅਪੂਰਨ ਦੁਹਰੁਕਤੀ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਨਿਰਾਰਥਕ ਹਨ। 'ਭੰਭਲ ਭੂਸੇ, ਰਹਦੀ ਖੁਹਦੀ, ਲੋਟ ਪੋਟ, ਰੁਣ ਝੁਣ, ਛਾਈ ਮਾਈ' ਦੁਹਰੁਕਤੀਯੁਕਤ ਸ਼ਬਦਾਂ ਦੇ ਦੋਵੇਂ ਰੂਪ ਨਿਰਾਰਥਕ ਹਨ। ਇਕਹਿਰੇ ਰੂਪ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਸੰਭਵ ਨਹੀਂ, ਇਹ ਹਮੇਸ਼ਾਂ ਦੂਹਰੇ ਰੂਪ ਵਿਚ ਅਰਥ ਗ੍ਰਹਿਣ ਅਤੇ ਅਰਥ ਸੰਚਾਰ ਕਰਦੇ ਹਨ। ਇਹ ਸ਼ਬਦ ਨਵੀਂ ਅਰਥਗਤ ਇਕਾਈ ਸਿਰਜਦੇ ਹਨ। ਇਸ ਤਰ੍ਹਾਂ ਵਿਸ਼ੇਸ਼ ਤੌਰ 'ਤੇ 'ਅਪੂਰਨ' ਦੁਹਰੁਕਤੀ ਸ਼ਬਦ ਸਿਰਜਨਾ ਦੇ ਨਾਲ ਨਾਲ 'ਅਰਥ' ਸਿਰਜਨਾ ਦਾ ਪ੍ਰਕਾਰਜ ਵੀ ਕਰਦੀ ਹੈ।

- ਰੂਪ ਵਿਗਿਆਨ ਦੇ ਅੰਤਰਗਤ 'ਸਮਾਸ' ਅਤੇ 'ਦੁਹਰੁਕਤੀ' ਸ਼ਬਦ ਸਿਰਜਨਾ ਦੀਆਂ ਦੋ ਵਿਭਿੰਨ ਵਿਧੀਆਂ ਹਨ। ਸਮਾਸ ਦੇ ਅੰਤਰਗਤ ਦੋ ਸ਼ਬਦਾਂ ਦੇ ਜੋੜ ਤੋਂ ਬਣਿਆਂ ਇਕ 'ਨਵਾਂ ਸ਼ਬਦ' ਸਮਾਸੀ ਸ਼ਬਦ ਹੈ। ਦੂਹਰ ਦੇ ਅੰਤਰਗਤ ਹਮੇਸ਼ਾਂ ਦੋ ਸ਼ਬਦ 'ਇਕ ਇਕਾਈ' ਦੇ ਰੂਪ ਵਿਚ ਵਿਚਰਦੇ ਹਨ।

- ਸਮਾਸੀ ਸ਼ਬਦ ਦਾ ਕੋਸ਼ੀ ਅਰਥ ਉਸਦੇ ਮੂਲ ਅਰਥਾਂ ਤੋਂ ਭਿੰਨ ਹੁੰਦਾ ਹੈ। ਦੁਹਰੁਕਤੀਯੁਕਤ ਸ਼ਬਦ ਕੋਸ਼ੀ ਅਰਥਾਂ ਦਾ ਵਿਸਥਾਰ ਅਤੇ ਵਿਸ਼ੇਸ਼ ਕਾਰਜੀ ਇਕਾਈਆਂ ਦਾ ਪ੍ਰਕਾਰਜ ਕਰਦੇ ਹਨ।

- 'ਸ਼ਬਦ' ਦੁਹਰੁਕਤੀ ਅਤੇ 'ਵਾਕੰਸ਼' ਦੁਹਰੁਕਤੀ ਸਾਰੇ ਬਾਣੀਕਾਰਾਂ ਦੀ ਬਾਣੀ ਵਿਚ ਮਿਲਦੀ ਹੈ, ਜਦਕਿ 'ਵਾਕ' ਦੁਹਰੁਕਤੀ 'ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ' ਅਤੇ 'ਭਟ ਗਯੰਦ' ਦੀ ਬਾਣੀ ਵਿਚ ਮਿਲਦੀ ਹੈ।

- ਗੁਰਬਾਣੀ ਵਿਚ ਜੋ ਕੰਮ ਰਹਾਉ ਦੀ ਪੰਕਤੀ ਤੋਂ ਲਿਆ ਹੈ। ਵਾਕ ਦੁਹਰੁਕਤੀ ਵਿਚ ਉਹੀ ਕਾਰਜ 'ਵਾਕ ਦਾ ਦੁਹਰਾਉ' ਕਰਦਾ ਹੈ।

- ਅਗੇਤਰ ਰੂਪੀ ਵਧੇਤਰ 'ਸ਼੍ਰੇਣੀ ਰੱਖਿਅਕ' ਅਤੇ 'ਸ਼੍ਰੇਣੀ ਬਦਲੂ' ਸ਼ਬਦਾਂ ਦੀ ਸਿਰਜਨਾ ਕਰਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਅਗੇਤਰ ਵਰਗਾਰਥਕ, ਵਿਰੋਧਾਰਥਕ ਅਤੇ ਦਬਾਉ ਬੋਧਕ ਸ਼ਬਦਾਂ ਦੀ ਸਿਰਜਨਾ ਕਰਦੇ ਹਨ।

- ਕਾਰਜ ਪੱਖ ਤੋਂ 'ਅਗੇਤਰ' ਵਿਸ਼ੇਸ਼ ਅਰਥਗਤ ਇਕਾਈਆਂ 'ਅਰਥ ਅਪਕਰਸ਼, ਅਰਥ ਉਤਕਰਸ਼' ਅਤੇ 'ਅਰਥ ਵਿਸਥਾਰ' ਦਾ ਕਾਰਜ ਕਰਦੇ ਹਨ।

- 'ਅ, ਸੁ, ਬੇ, ਸਤਿ, ਗੁਰ, ਪਾਤਿ, ਬਾਦਿ' ਆਦਿ ਅਗੇਤਰ 'ਅਰਥ ਉਤਕਰਸ਼' ਦਾ ਕਾਰਜ ਕਰਦੇ ਹਨ। ਅਰਥ ਉਤਕਰਸ਼ ਵਿਚ ਅਗੇਤਰ ਨਾਂਵ ਨਾਲ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ। ਅਰਥ ਮੂਲ ਅਰਥਾਂ ਤੋਂ ਉੱਚ ਅਰਥਾਂ ਵੱਲ ਜਾਂਦਾ ਹੈ।

- 'ਅ, ਅਉ, ਅਨ, ਅਵ, ਕੁ, ਦੁਰ, ਨੀ' ਅਗੇਤਰ ਰੂਪ ਦੁਹਰੁਕਤੀਯੁਕਤ ਰੂਪ ਵਿਚ 'ਅਰਥ ਅਪਕਰਸ਼' ਦਾ ਕਾਰਜ ਕਰਦੇ ਹਨ। ਪਤਿ ਅਪਤਿ, ਸਗਨ ਅਪਸਗਨ, ਅਪਵਿਤ੍ਰ ਪਵਿਤ੍ਰ, ਥਾਉ ਕੁਥਾਉ ਆਦਿ।

- ਖੋਜ-ਕਾਰਜ ਵਿਚ 'ਸਥਾਨ ਵਾਚਕ, ਕਾਲ ਵਾਚਕ ' ਅਤੇ 'ਅਲਪ ਭਾਵ ਵਾਚਕ ' ਸ਼ਬਦਾਵਲੀ ਨੂੰ ਨਾਂਵ ਦੀਆਂ ਮੁਖ ਕਿਸਮਾਂ ਵਜੋਂ ਵਿਚਾਰਿਆ ਹੈ। ਇਸ ਤੋਂ ਪੂਰਵ ਨਾਂਵ ਦੀਆਂ ਕਿਸਮਾਂ ਵਿਚ ਇਹਨਾਂ ਨੂੰ ਵਿਚਾਰਿਆਂ ਨਹੀਂ ਗਿਆ। ਖ਼ਾਸ ਨਾਂਵ ਦੇ ਦੋ ਰੂਪ ਵਿਅਕਤੀ ਵਾਚਕ ਖ਼ਾਸ ਨਾਂਵ ਅਤੇ ਸਥਾਨ ਵਾਚਕ ਖ਼ਾਸ ਨਾਂਵ ਹਨ। ਰੂਪਗਤ ਦੁਹੁਰਕਤੀ ਦੇ ਅੰਤਰਗਤ ਇਹਨਾਂ ਦੀ ਦੂਹਰੀ ਵਰਤੋਂ ਨਹੀਂ ਕੀਤੀ ਜਾਂਦੀ।

- ਗੁਰੂ ਗ੍ਰੰਥ ਸਾਹਿਬ ਵਿਚ 'ਸਥਾਨ ਵਾਚਕ' ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ 'ਰੂਪਗਤ ਦੁਹਰੁਕਤੀ' ਵਜੋਂ ਨਹੀਂ ਮਿਲਦੀ। 'ਅਰਥਗਤ ਦੁਹਰੁਕਤੀ ' ਵਿਚ ਇਸਦੀ ਦੂਹਰੀ ਵਰਤੋਂ ਮਿਲਦੀ ਹੈ। 'ਵਿਅਕਤੀ ਵਾਚਕ' ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ ਪਰਮਾਤਮਾ ਦੇ ਨਿਰਗੁਣ ਸਰੂਪ ਲਈ ਕੀਤੀ

ਗਈ ਹੈ। ਇਹ ਇਕ ਅਰਥ 'ਤੇ ਦਬਾਉ ਦਾ ਕਾਰਜ ਕਰਦੇ ਹਨ। ਵਾਕ ਦੇ ਪ੍ਰਸੰਗ ਵਿਚ ਖ਼ਾਸ ਨਾਂਵਾਂ ਦੀ ਦੁਹਰੁਕਤੀ 'ਕਾਰਕ' ਪਰਿਵਰਤਨ ਦਾ ਕਾਰਜ ਕਰਦੀ ਹੈ। ਨਾਂਵ 'ਕਰਤਾ' ਤੋਂ 'ਕਰਮ' ਨਾਂਵ ਦੀ ਸਥਿਤੀ ਵਿਚ ਵਿਚਰਦੇ ਹਨ।

- ਦੂਹਰੇ ਰੂਪ ਵਿਚ 'ਜਾਤੀ ਵਾਚਕ' ਆਮ ਨਾਂਵ 'ਵਿਸਿਸਟ ਸ਼੍ਰੇਣੀ' **(ਪੰਡਿਤੁ ਪੰਡਿਤੁ, ਭਗਤੁ ਭਗਤੁ)** ਦਾ ਕਾਰਜ ਕਰਦੇ ਹਨ। ਇਕੋ ਜਾਤੀ ਦੇ ਵਧੇਰੇ ਨਾਂਵਾਂ ਦੀ ਇਕਮਿਕਤਾ/ਇਕੱਠੇ ਹੋਣ ( **ਮੁੰਡੀਆ ਮੁੰਡੀਆ** ਹੂਏ ਏਕ) ਦੇ ਅਰਥ ਦਿੰਦੇ ਹਨ।

- ਕਾਲਪਨਿਕ ਨਾਂਵ (**ਭੂਤੁ ਭੂਤੁ**, **ਪ੍ਰੇਤੁ ਪ੍ਰੇਤੁ)** ਭੈਅਮਈ ਸਥਿਤੀ ਦੇ ਪ੍ਰਕਾਰਜ ਲਈ ਦੁਹਰੁਕਤੀਯੁਕਤ ਰੂਪ ਵਿਚ ਵਰਤੇ ਮਿਲਦੇ ਹਨ। ਭੈਆਤਮਕ ਪ੍ਰਸੰਗ ਵਿਚ ਇਹਨਾਂ ਸ਼ਬਦਾ ਦੀ ਦੂਹਰੀ ਵਰਤੋਂ ਹੀ ਵਾਕ ਦੀ 'ਭਾਵ ਬਣਤਰ' ਦੇ ਅਰਥ ਸੰਚਾਰ ਵਿਚ ਕਾਰਜਸ਼ੀਲ ਹੁੰਦੀ ਹੈ।

- ਭਾਵ ਵਾਚਕ ਨਾਂਵ (ਭੁਲਿ ਭੁਲਿ) ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ ਵਿਧੀ ਦਾ ਪ੍ਰਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹ 'ਕਾਰਜ ਦੀ ਬਾਰੰਬਾਰਤਾ' ਨੂੰ ਦਰਸਾਉਂਦੇ ਹਨ।

- ਜਾਤੀ ਵਾਚਕ ਦੁਹਰੁਕਤੀਯੁਕਤ ਨਾਂਵ ਪ੍ਰਕਾਰਜ ਵਜੋਂ 'ਨਾਂਵ ਨਾਲ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਦੂਹਰਾ ਰੂਪ ਵਾਕ ਦੀ ਭਾਵਗਤ ਬਣਤਰ ਵਿਚ ਵਿਸ਼ੇਸ਼ਣ ਅਤੇ ਨਾਂਵ ਦੇ ਅਰਥ ਦਿੰਦਾ ਹੈ।

- ਦੂਹਰੇ ਨਾਂਵ ਵਿਸ਼ੇਸ਼ ਸ਼ਾਬਦਿਕ ਇਕਾਈ 'ਇਕੱਲੇ ਇਕੱਲੇ' ਦੇ ਅਰਥਾਂ ਦਾ ਕਾਰਜ ਕਰਦੇ ਹਨ , (ਘਰਿ ਘਰਿ, ਜੰਗਲੁ ਜੰਗਲੁ)। ਇਸ ਦੀ ਭਾਵ ਬਣਤਰ ਤੱਕ ਪਹੁੰਚਣ ਲਈ ਸ਼ਾਬਦਿਕ ਰੂਪ ਬਦਲਿਆ ਹੈ, ਵਿਧੀ ਦੂਹਰੀ ਹੈ। ਸੋ ਦੁਹਰੁਕਤੀਯੁਕਤ ਸ਼ਬਦਾਂ ਦੀ ਭਾਵ ਬਣਤਰ ਤੱਕ ਇਕਹਿਰਾ ਰੂਪ ਕਾਰਜਸ਼ੀਲ ਨਹੀਂ ਹੁੰਦਾ।

- ਅਰਥ ਵਿਭਿੰਨਤਾ ਵਜੋਂ (ਰੰਗੀ ਰੰਗੀ, ਬਿਖੈ ਬਿਖੈ) ਅਰਥ ਵਿਸਥਾਰ ਦਾ ਕਾਰਜ ਕਰਦੇ ਹਨ।

- ਵਾਕ ਵਿਚ ਵਾਕੰਸ਼ ਵਜੋਂ ਇਕ ਪੜਨਾਂਵ ਰੂਪ ਦੀ ਦੂਹਰੀ ਵਰਤੋਂ 'ਪੜਨਾਂਵ ਦੁਹਰੁਕਤੀ' ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਸ਼ਬਦਾਂ ਦੇ ਵਿਸ਼ੇਸ਼ ਪੁਰਾਤਨ ਰੂਪ ਮਿਲਦੇ ਹਨ।

- ਪਹਿਲਾ ਪੁਰਖ ਪੜਨਾਂਵ ਦੇ ਸੱਤ ਰੂਪ 'ਹਉ ਹਉ (24), ਮੈ ਮੈ (1), ਮੇਰਾ ਮੇਰਾ (6), ਮੇਰੀ ਮੇਰੀ (24), ਮੇਰਉ ਮੇਰਉ (1), ਮੇਰੋ ਮੇਰੋ (1), ਮੋਰ ਮੋਰ (1)' ਦੀ ਦੁਹਰੁਕਤੀਯੁਕਤ ਵਰਤੋਂ ਮਿਲਦੀ ਹੈ।

- ਦੂਹਰੇ ਰੂਪ ਵਿਚ ਪੁਰਖ ਵਾਚਕ ਪੜਨਾਂਵ 'ਅਰਥ ਆਦੇਸ਼' ਦਾ ਕਾਰਜ ਕਰਦੇ ਹਨ। ਹਉ ਹਉ, ਮੈ ਮੈ, ਮੇਰਾ ਮੇਰਾ (ਹਉਮੈ) ਆਦਿ ਦੀ ਵਰਤੋਂ ਕਿਰਿਆ ਨਾਲ ਹੈ। ਕਿਰਿਆ ਨਾਲ ਪੜਨਾਂਵ ਰੂਪ , 'ਭਾਵ ਵਾਚਕ' ਨਾਂਵ ਦਾ ਕਾਰਜ ਕਰਦੇ ਹਨ। ਇਕਹਿਰੇ ਰੂਪ ਵਿਚ ਇਹ ਰੂਪ 'ਪੁਰਖ ਵਾਚਕ' ਪੜਨਾਂਵ ਦਾ ਕਾਰਜ ਕਰਦੇ ਹਨ।

- ਦੂਜਾ ਪੁਰਖ ਪੜਨਾਂਵ ਦੇ ਸੱਤ ਰੂਪ 'ਤੂ ਤੂ (1), ਤੂੰ ਤੂੰ (4), ਤੁਹੀ ਤੁਹੀ (1), ਤੂਹੀ ਤੂਹੀ (3), ਤੂਹੈ ਤੂਹੈ (3), ਤੂੰਹੀ ਤੂੰਹੀ (1), ਤੂੰਹੈ ਤੂੰਹੈ (2)' ਦੀ ਵਰਤੋਂ ਵਿਸ਼ੇਸ਼ ਤੌਰ ਦਾਰਸ਼ਨਿਕ ਪ੍ਰਸੰਗ ਵਿਚ ਹੈ। ਦੂਹਰੇ ਰੂਪ ਇਹ ਪਹਿਲੇ ਪੁਰਖ ਦਾ ਆਪਾ ਭਾਵ ਮਿਟਾਉਣ ਤੇ ਕਿਸੇ ਦੂਜੀ ਹੋਂਦ ਦਾ ਨਿਸ਼ੇਧ ਕਰਦੇ ਹਨ। ਇਸੇ ਤਰ੍ਹਾਂ 'ਨਿਜਵਾਚਕ' ਪੜਨਾਂਵ ਪਰਮਾਤਮਾ ਦੀ ਨਿਜਤਾ ਨੂੰ ਦਰਸਾਉਂਦੇ ਦੂਜੇ ਦੀ ਹੋਂਦ ਦਾ ਨਿਸ਼ੇਧ ਕਰਦੇ ਹਨ। ਨਿਸ਼ੇਧ ਦੇ ਅਰਥਾਂ ਵਿਚ ਕਾਰਜੀ ਇਕਾਈ 'ਅਰਥ ਸੰਕੋਚ' ਦਾ ਪ੍ਰਕਾਰਜ ਕਰਦੀ ਹੈ।

- ਤੀਜੇ ਪੁਰਖ ਪੜਨਾਂਵ ਦੇ **ਸ** ਅਤੇ **ਤ** ਵਾਲੇ ਦੋ ਦੋ ਰੂਪ 'ਸੋਊ ਸੋਊ, ਸੋਈ ਸੋਈ, ਤਿਸ ਤਿਸ, ਤਿਸੁ ਤਿਸੁ' ਵਰਤੇ ਮਿਲਦੇ ਹਨ। **ਸੋਊ ਸੋਊ, ਸੋਈ ਸੋਈ** ਦੀ ਵਰਤੋਂ 'ਓਹ' ਲਈ ਹੈ, **ਤਿਸੁ ਤਿਸੁ** ਦੀ ਵਰਤੋਂ 'ਉਸ' ਲਈ ਕੀਤੀ ਗਈ ਹੈ।

- ਪ੍ਰਸ਼ਨ ਵਾਚਕ ਪੜਨਾਂਵਾਂ ਦੇ ਬਹੁਵਚਨ ਨਹੀਂ ਬਣਦੇ, ਦੂਹਰੇ ਰੂਪ ਬਹੁਵਚਨ ਦਾ ਕਾਰਜ ਕਰਦੇ ਹਨ। ਕੌਣ, ਕਿਹੜਾ ਲਈ ਕੌਣ ਦੇ ਵਿਭਿੰਨ ਰੂਪ 'ਕਉਣ ਕਉਣ, ਕਉਣੁ ਕਉਣੁ, ਕਉਨ ਕਉਨ, ਕਵਨ ਕਵਨ, ਕਵਨੁ ਕਵਨੁ' ਅਤੇ ਸੰਖਿਪਤ ਰੂਪ 'ਕੋ ਕੋ' ਵਰਤੇ ਗਏ ਹਨ।

- 'ਕਿਹੜਾ' ਪੜਨਾਂਵ ਦੀ ਰੂਪਾਵਲੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ, ਇਸ ਲਈ **ਕਵਨ ਕਵਨ** ਦੀ ਵਰਤੋਂ ਸੰਗੀਤਕ ਸੁਰ ਪੈਦਾ ਕਰਨ ਲਈ ਹੋ ਸਕਦੀ ਹੈ। 'ਕਿਹੜੇ' ਦੀ ਵਰਤੋਂ ਨਾਲ ਵਾਕ

ਦੀ ਲੈਅ ਨਹੀਂ ਬਣਦੀ। ਪੜਨਾਂਵਾਂ ਦਾ ਸੰਗੀਤਕ ਸੁਰ ਅਤੇ ਕਾਵਿ ਸੁਹਜ ਵਿਚ ਵਿਸ਼ੇਸ਼ ਮਹੱਤਵ ਹੈ। ਇਹਨਾਂ ਦੇ ਪੁਰਾਤਨ ਜਾਂ ਵਿਸ਼ੇਸ਼ ਬਣਤਰ ਵਾਲੇ ਰੂਪ ਵਧੇਰੇ ਮਿਲਦੇ ਹਨ।

- ਵਿਸ਼ੇਸ਼ਣਾਂ ਦੀ ਦੂਹਰੀ ਵਰਤੋਂ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਵਾਲੀ ਹੈ। ਨਾਂਵ ਵਾਕੰਸ਼ ਵਿਚ ਇਹ ਨਾਂਵ/ ਪੜਨਾਂਵ ਦੀ ਵਿਸ਼ੇਸ਼ਤਾ ਜਾਂ ਨਾਂਵ ਵਾਕੰਸ਼ ਦਾ ਕਾਰਜ ਕਰਦਾ ਹੈ। ਕਿਰਿਆ ਵਾਕੰਸ਼ ਬਣਤਰ ਵਿਚ ਵਿਸ਼ੇਸ਼ਣ ਦੇ ਪ੍ਰਕਾਰਜ ਵਜੋਂ 'ਕਿਰਿਆ ਪੂਰਕ' ਰੂਪ ਵਿਚ ਵਿਚਰਦੇ ਹਨ।

- ਵਿਸ਼ੇਸ਼ਣ ਸ਼੍ਰੇਣੀ ਵਿਚ 'ਗੁਣਵਾਚਕ' ਵਿਸ਼ੇਸ਼ਣ ਵਧੇਰੇ ਮਿਲਦੇ ਹਨ। ਇਹਨਾਂ ਦੀ ਵਧੇਰੇ ਵਰਤੋਂ ਦਾਰਸ਼ਨਿਕ ਪ੍ਰਸੰਗ ਵਿਚ ਹੈ। ਇਹ ਪਰਮਾਤਮਾ ਦੇ ਵਡੱਪਣ ਨੂੰ ਦਰਸਾਉਂਦੇ , ਇਕੋ ਅਰਥ 'ਤੇ ਦਬਾਉ ਵਜੋਂ ਤੀਬਰਭਾਵ ਦਾ ਪ੍ਰਕਾਰਜ ਕਰਦੇ ਹਨ।

- ਵਿਸ਼ੇਸ਼ਣ ਦੀਆਂ ਦੋ ਕਿਸਮਾਂ 'ਵਿਕਾਰੀ' ਅਤੇ 'ਅਵਿਕਾਰੀ' ਹਨ। ਅਵਿਕਾਰੀ ਵਿਸ਼ੇਸ਼ਣਾਂ ਵਿਚ ਵਿਕਾਰ ਨਹੀਂ ਆਉਂਦਾ, ਗੁਰੂ ਗ੍ਰੰਥ ਸਾਹਿਬ ਦੀ ਆਪਣੀ ਭਾਸ਼ਾਈ ਵਿਸ਼ੇਸ਼ਤਾ ਹੈ , ਕਿ ਅਵਿਕਾਰੀ ਵਿਸ਼ੇਸ਼ਣਾਂ ਵਿਚ ਵਾਕ ਦੇ ਪ੍ਰਸੰਗ ਵਿਚ ਵਿਕਾਰ ਆਉਂਦਾ ਹੈ।

- ਦੁਹਰੁਕਤੀਯੁਕਤ ਸੰਖਿਅਕ ਵਿਸ਼ੇਸ਼ਣ 'ਅਰਥ ਵਿਸਥਾਰ ਅਤੇ ਆਦੇਸ਼ ' ਦਾ ਕਾਰਜ ਕਰਦੇ ਹਨ। 'ਕੋਟਿ ਕੋਟਿ, ਅਰਬ ਖਰਬ' ਨਿਸ਼ਚਤ ਸੰਖਿਅਕ ਵਿਸ਼ੇਸ਼ਣ, 'ਅਨਿਸ਼ਚਤ' ਸੰਖਿਅਕ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ।

- ਅਰਥਗਤ ਦੁਹਰੁਕਤੀ ਵਿਚ ਦੂਹਰੇ 'ਨਿਸ਼ਚਤ' ਵਿਸ਼ੇਸ਼ਣ ਇਕ ਸੰਖਿਆ ਦਾ ਕਾਰਜ ਕਰਦੇ ਹਨ। ਇਕ ਸੰਖਿਆ ਨੂੰ ਦੂਹਰੇ ਸ਼ਬਦ ਰਾਹੀਂ ਅੰਕਿਤ ਕੀਤਾ ਹੈ। ਪੁਰਾਤਨ ਸਾਹਿਤ ਵਿਚ ਸੰਖਿਅਕ ਵਿਸ਼ੇਸ਼ਣਾਂ ਦੇ ਲਿਖਣ ਦੀ ਇਹ ਵਿਸ਼ੇਸ਼ ਵਿਧੀ ਹੈ।

- ਵਾਕ ਦੇ ਪ੍ਰਸੰਗ ਵਿਚ ਅਰਥਗਤ ਦੁਹਰੁਕਤੀਯੁਕਤ ਸੰਖਿਅਕ ਵਿਸ਼ੇਸ਼ਣ ਸਮੇਂ ਦੀ 'ਅਨਿਸ਼ਚਤ ਸੀਮਿਤ ਸੀਮਾ' ਦਾ ਕਾਰਜ ਕਰਦੇ ਹਨ। ਇਕ ਸੰਖਿਅਕ ਵਿਸ਼ੇਸ਼ਣ ਦੀ ਦੁਹਰੁਕਤੀਯੁਕਤ ਰੂਪਾਵਲੀ ਕਿਰਿਆ ਨਾਲ 'ਬਰਾਬਰਤਾ' ਦਾ ਪ੍ਰਕਾਰਜ ਕਰਦੀ ਹੈ।

- ਪੜਨਾਂਵੀਂ ਵਿਸ਼ੇਸ਼ਣ ਬਹੁਵਚਨ ਦੇ ਕਾਰਜ ਵਾਲੇ ਹਨ। ਬਹੁਵਚਨ ਦੇ ਰੂਪ ਵਿਚ ਇਹ ਸਮੁੱਚੀ ਇਕਾਈ ਦਾ ਕਾਰਜ ਨਹੀਂ ਕਰਦੇ, ਬਲਿਕ ਕਰਮ ਦੇ ਆਧਾਰ 'ਤੇ ਵਿਸ਼ੇਸ਼ਣ ਨੂੰ ਨਿਸ਼ਚਤ ਕਰਦੇ ਹਨ। ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਅੰਗ ੩੦੬

- ਕਿੰਨੇ (ਅਨਿਸ਼ਚਤ) ਕਿਹੜੇ (ਪ੍ਰਸ਼ਨ ਵਾਚਕ) ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ। ਕਿੰਨੇ ਦੀ ਰੂਪਾਵਲੀ ਲਈ **ਕੇਤੀ ਕੇਤੀ** ਦੀ ਵਰਤੋਂ ਅਨਿਸ਼ਚਤ ਵਿਸ਼ੇਸ਼ਣ ਦੇ ਬਹੁਵਚਨ ਵਜੋਂ ਹੈ। ਕਿਹੜੇ ਲਈ **ਕਵਨ ਕਵਨ, ਕਉਣ ਕਉਣ** ਦੀ ਦੂਹਰੀ ਵਰਤੋਂ ਬਹੁਵਚਨ ਅਤੇ ਅਰਥਗਤ ਵਿਭਿੰਨਤਾ ਦਾ ਕਾਰਜ ਕਰਦੀ ਹੈ।

- ਦੁਹਰੁਕਤੀਯੁਕਤ ਕਿਰਿਆ ਰੂਪਾਂ ਦੀ ਇਕਹਿਰੇ ਕਿਰਿਆ ਰੂਪਾਂ ਤੋਂ ਰੂਪਗਤ ਵੱਖਰਤਾ ਹੈ। ਇਕਹਿਰੇ ਕਿਰਿਆ ਰੂਪ 'ਸੰਯੋਗਾਤਮਕ' ਅਤੇ 'ਪੜਨਾਂਵੀਂ ਪਿਛੇਤਰ' ਵਾਲੇ ਹਨ। ਸੰਯੋਗਾਤਮਕ ਰੂਪ ਕਿਰਿਆ ਨਾਲ 'ਸੰਬੰਧਕ' ਦਾ ਕਾਰਜ ਕਰਦੇ ਹਨ। ਪੜਨਾਂਵੀਂ ਪਿਛੇਤਰਯੁਕਤ ਕਿਰਿਆ ਰੂਪ ਸਾਧਾਰਨ ਵਾਕ ਦਾ ਕਾਰਜ ਕਰਦੇ ਹਨ।

- ਦੁਹਰੁਕਤੀਯੁਕਤ ਕਿਰਿਆ ਸ਼ਬਦ ਵਧੇਰੇ ਧਾਤੂ ਰੂਪ ਜਾਂ ਇ, ਹ, ਤ ਦੇ ਪਿਛੇਤਰ ਵਾਲੇ ਹਨ। ਦੂਹਰੇ ਧਾਤੂਗਤ ਰੂਪ ਵਿਚ ਕਿਰਿਆ ਨਾਲ ਪਿਛੇਤਰ ਦਾ ਕਾਰਜ ਕਰਦੇ ਹਨ। ਧਾਤੂ ਨਾਲ 'ਇ, ਹ, ਤ' ਪਿਛੇਤਰਾਂ ਦੀ ਵਰਤੋਂ ਵਾਕ ਵਿਚ ਲੈਅ ਦਾ ਕਾਰਜ ਕਰਦੀ ਹੈ। ਜਿਥੇ ਦੂਹਰਾ ਰੂਪ ਲੈਅ/ ਰਵਾਨਗੀ ਦਾ ਕਾਰਜ ਨਹੀਂ ਕਰਦਾ, ਉਥੇ ਇਹਨਾਂ ਪਿਛੇਤਰਾਂ ਦੀ ਵਰਤੋਂ ਮਿਲਦੀ ਹੈ।

- ਇਕਹਿਰੇ ਰੂਪ ਵਿਚ ਵਿਭਿੰਨ ਭਾਸ਼ਾਵਾਂ ਦੇ ਕਿਰਿਆ ਰੂਪ ਜਾਂ ਪਿਛੇਤਰੀ ਰੂਪ ਮਿਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਵਧੇਰੇ ਵਰਤਮਾਨ ਸਮੇਂ ਵਿਚ ਵਰਤੇ ਜਾਂਦੇ ਕਿਰਿਆ ਰੂਪ ਮਿਲਦੇ ਹਨ। ਬਾਣੀਕਾਰਾਂ ਦੇ ਵਿਭਿੰਨ ਖੇਤਰਾਂ ਨਾਲ ਸੰਬੰਧ ਹੋਣ ਕਾਰਨ ਇਕੋ ਅਰਥ ਵਾਲੇ ਵਿਭਿੰਨ ਕਿਰਿਆਵੀਂ ਰੂਪ ਵਰਤੇ ਗਏ ਹਨ।

- ‘ਅਕਾਲਕੀ’ ਕਿਰਿਆ ਵਜੋਂ ਕਿਰਿਆ ਦੇ ਧਾਤੂ ਰੂਪ ਕਾਰਜਸ਼ੀਲ ਹਨ। ‘ਕਾਲਕੀ’ ਕਿਰਿਆ ਦੇ ‘ਤ, ਹ’ ਪਿਛੇਤਰ ਮਿਲਦੇ ਹਨ। ‘ਅਕਾਲਕੀ’ ਕਿਰਿਆ ਦੇ ਪਿਛੇਤਰ ਦੂਹਰੀ ਵਰਤੋਂ ਵਿਚ ਨਹੀਂ ਮਿਲਦੇ, ਕਿਰਿਆ ਦੀ ਇਕਹਿਰੀ ਵਰਤੋਂ ਵਿਚ ਇਸਦੇ ਪਿਛੇਤਰ ਮਿਲਦੇ ਹਨ। ਕਾਰਜ ਪੱਖ ਤੋਂ ‘ਕਾਲਕੀ’ ਪਿਛੇਤਰ ‘ਕਾਲਕੀ’ ਅਤੇ ‘ਅਕਾਲਕੀ’ ਕਿਰਿਆ ਦਾ ਕਾਰਜ ਕਰਦੇ ਹਨ।

- ਕਿਰਿਆ ਵਾਕੰਸ਼ ਵਿਚ ਮੁਖ ਕਿਰਿਆ ਪਹਿਲਾਂ , ਫਿਰ ਸੰਚਾਲਕ ਕਿਰਿਆ ਅਤੇ ਅੰਤ ’ਤੇ ਸਹਾਇਕ ਕਿਰਿਆ ਆਉਂਦੀ ਹੈ। ਕਿਰਿਆ ਦੁਹਰੁਕਤੀ ਵਿਚ ਸੰਚਾਲਕ ਕਿਰਿਆਵਾਂ ਦੀ ਦੁਹਰੁਕਤੀਯੁਕਤ ਵਰਤੋਂ ਮੁਖ ਕਿਰਿਆ ਤੋਂ ਪਹਿਲਾਂ ਹੈ।

- ਪੰਜਾਬੀ ਵਿਆਕਰਨ ਅਨੁਸਾਰ ਵਾਕ ਬਣਤਰ ‘ਕਰਤਾ+ ਕਰਮ+ ਕਿਰਿਆ’ ਵਾਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆਵਾਂ ਵਾਕ ਦੇ ਮੁਢ ਵਿਚ ਹਨ। ਕਿਰਿਆ ਦੁਹਰੁਕਤੀ ਨਾਲ ਵਾਕ ਦਾ ਆਰੰਭ ਹੈ। ਕਿਰਿਆ ‘ਕਰਮ’ ਦਾ ਕਾਰਨ ਬਣਦੀ ਹੈ। ਅਜਿਹੀਆਂ ਬਣਤਰਾਂ ਦਾਰਸ਼ਨਿਕ ਪ੍ਰਸੰਗ ਅਨੁਸਾਰ ਹਨ। ਦਾਰਸ਼ਨਿਕ ਸੰਦਰਭ ਵਿਚ ਕਾਰਜ ਪਹਿਲਾਂ ਹੈ ਤੇ ਫ਼ਲ ਦੀ ਪ੍ਰਾਪਤੀ ਉਸਤੋਂ ਬਾਅਦ ਹੈ।

- ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀਯੁਕਤ ਕਿਰਿਆ ਰੂਪ ਵਿਸ਼ੇਸ਼ ਤੌਰ ’ਤੇ ‘ਨਿਰੰਤਰਤਾ/ ਲਗਾਤਾਰਤਾ’ ਅਤੇ ‘ਬਾਰੰਬਾਰਤਾ’ ਦਾ ਪ੍ਰਕਾਰਜ ਕਰਦੇ ਹਨ। ਕਰਮ ਦੀ ਪ੍ਰਾਪਤੀ ਵਜੋਂ ਕਿਰਿਆ ਰੂਪ ਕਾਰਜ ਦੀ ਬਾਰੰਬਾਰਤਾ ਜਾਂ ਲਗਾਤਾਰਤਾ ਨੂੰ ਨਿਰੰਤਰ ਬਣਾਈ ਰੱਖਦੇ ਹਨ।

- ਕਾਰਜ ਦੀ ਨਿਰੰਤਰਤਾ/ ਲਗਾਤਾਰਤਾ ਲਈ ਇਕਹਿਰੇ ਕਿਰਿਆ ਰੂਪ ਨਾਲ ਸਦਾ/ਹਮੇਸ਼ਾਂ ਆਦਿ ਵਿਸ਼ੇਸ਼ਣਾਂ ਦੀ ਵਰਤੋਂ ਕੀਤਿਆ, ਕਾਵਿ ਵਿਚ ਵਿਗਾੜ ਆਉਂਦਾ ਹੈ। ਕਾਵਿ ਰਚਨਾ ‘ਗਦ ਸਾਹਿਤ’ ਦੇ ਵਧੇਰੇ ਨੇੜੇ ਦੀ ਪ੍ਰਤੀਤ ਹੁੰਦੀ ਹੈ। ਸੋ ਕਾਵਿ ਸਾਹਿਤ ਵਿਚ ‘ਦੁਹਰੁਕਤੀ’ ਇਸਦਾ ਵਿਸ਼ੇਸ਼ ਗੁਣ ਹੈ, ਜਿਹੜਾ ਇਸਨੂੰ ‘ਸੁਹਜ’ ਅਤੇ ਵਿਸ਼ੇਸ਼ ਅਰਥ ਪ੍ਰਦਾਨ ਕਰਦਾ ਹੈ। ਇਹੀ ਗੁਣ ‘ਗਦ ਸਾਹਿਤ’ ਲਈ ਔਗੁਣ ਦਾ ਕੰਮ ਕਰਦਾ ਹੈ।

- ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦੀ ਵਰਤੋਂ ਬਹੁਤ ਸੀਮਿਤ ਰੂਪ ਵਿਚ ਮਿਲਦੀ ਹੈ।
- ਵਿਆਕਰਨ ਅਨੁਸਾਰ ਕਿਰਿਆ ਵਿਸ਼ੇਸ਼ਣ 'ਕਿਰਿਆ ਵਾਕੰਸ਼' ਦਾ ਅੰਗ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਸਥਾਨ ਕਰਕੇ 'ਨਾਂਵ ਵਾਕੰਸ਼' ਦੇ ਤੱਤ ਵਜੋਂ ਵੀ ਵਿਚਰਦੇ ਹਨ। ਅਜਿਹੀ ਸਥਿਤੀ ਵਿਚ ਬਣਤਰ ਵਜੋਂ ਇਹ ਨਾਂਵ ਵਾਕੰਸ਼ ਦਾ ਅੰਗ ਹੁੰਦੇ ਹਨ, ਕਾਰਜ ਪੱਖ ਤੋਂ 'ਕਿਰਿਆ ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰਦੇ ਹਨ।
- ਕਿਰਿਆ ਵਿਸ਼ੇਸ਼ਣ ਸ਼ਬਦ ਦੋ ਤਰ੍ਹਾਂ ਦੇ ਮਿਲਦੇ ਹਨ। ਇਕ ਮੂਲ ਰੂਪ ਵਾਲੇ ਤੇ ਦੂਜੇ ਕਿਰਿਆ ਦਾ ਕਾਰਜ ਕਰਨ ਵਾਲੇ। ਮੂਲ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦਾਂ ਵਿਚ ਰੂਪਾਤਮਕ ਵਿਸ਼ੇਸ਼ਤਾ ਹੈ। ਵਿਭਿੰਨ ਭਾਸ਼ਾਵਾਂ ਦੇ ਸ਼ਬਦ ਜਾਂ ਧੁਨੀ ਪਰਿਵਰਤਨ ਵਾਲੇ ਰੂਪ ਵਧੇਰੇ ਮਿਲਦੇ ਹਨ।
- ਧੁਨੀ ਪਰਿਵਰਤਨ ਵਿਚ ਸਿੱਧੇ ਰੂਪਾਂ ਦੀ ਟੇਢੀ ਵਰਤੋਂ ਦਾ ਕਾਰਨ 'ਸੁਹਜ' ਹੈ। ਕਾਵਿ ਰਚਨਾ ਵਿਚ ਸੁਹਜ ਪੈਦਾ ਕਰਨ ਲਈ ਆਮ ਹੀ ਸ਼ਬਦਾਂ ਨੂੰ ਅਸਿੱਧੇ ਢੰਗ ਨਾਲ ਵਰਤ ਲਿਆ ਜਾਂਦਾ ਹੈ, ਜਿਵੇਂ: ਠਿਮਿ ਠਿਮਿ, ਮੁਸਿ ਮੁਸਿ ਆਦਿ।
- ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਸ਼ਬਦਾਂ ਵਿਚ 'ਨਾਂਵ' ਅਤੇ 'ਕਿਰਿਆ' ਸ਼੍ਰੇਣੀ ਦੇ ਸ਼ਬਦ ਆਉਂਦੇ ਹਨ। ਦੁਹਰੁਕਤੀ ਇਹਨਾਂ ਸ਼ਬਦਾਂ ਵਿਚ 'ਸ਼੍ਰੇਣੀ ਪਰਿਵਰਤਨ' ਦਾ ਕਾਰਜ ਕਰਦੀ ਹੈ। ਸ਼੍ਰੇਣੀ ਪਰਿਵਰਤਨ ਵਿਚ ਸ਼ਬਦ ਦਾ ਮੂਲ ਅਰਥ ਨਹੀਂ ਬਦਲਦਾ, ਬਲਿਕ ਵਰਤੋਂ ਦਾ ਪ੍ਰਕਾਰਜ ਬਦਲਦਾ ਹੈ।
- ਵਾਕ ਦੇ ਸੰਦਰਭ ਵਿਚ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼੍ਰੇਣੀ ਦੇ ਧਾਤੂ ਰੂਪ ਜਾਂ ਧਾਤੂ + ਪਿਛੇਤਰ ਤੋਂ ਬਣੇ ਸ਼ਬਦ (ਘੜੀਏ ਘੜੀਏ, ਸਹਜੇ ਸਹਜੇ) ਦੀ ਦੂਹਰੀ ਵਰਤੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੀ ਹੈ। ਵਾਕ ਬਣਤਰ ਵਿਚ ਕਾਲ ਵਾਚਕ ਸ਼ਬਦ 'ਨਾਂਵ ਅਤੇ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਕਾਲ ਵਾਚਕ ਕਿਰਿਆ ਵਿਸ਼ੇਸ਼ਣਾਂ ਦੀ ਇਕਹਿਰੇ ਰੂਪਾਂ ਨਾਲ ਗਿਣਤੀ ਵਾਚਕ ਸੰਖਿਆਵਾਂ ਦੀ ਵਰਤੋਂ ਮਿਲਦੀ ਹੈ, ਦੂਹਰਾ ਰੂਪ ਸੰਖਿਅਕ ਵਿਸ਼ੇਸ਼ਣਾਂ ਤੋਂ ਬਿਨਾਂ ਕਾਰਜ ਕਰਦਾ ਹੈ।

- ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ 'ਕਾਲ ਵਾਚਕ' ਸ਼ਬਦ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹ ਨਾਂਵ ਨਾਲ ਵਿਸ਼ੇਸ਼ਣ (ਹਰ ਹਰ ਜਾਂ ਇਕ ਇਕ) ਦਾ ਅਰਥ ਦਿੰਦੇ ਹਨ ਅਤੇ ਕਾਰਜ ਹਰ ਹਰ/ ਇਕ ਇਕ, 'ਸਦਾ/ ਹਮੇਸ਼ਾਂ' ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ।

- ਕ੍ਰਮ ਦੀ ਬਾਰੰਬਾਰਤਾ ਨੂੰ ਦਰਸਾਉਂਦੇ 'ਕਿਰਿਆ ਵਿਸ਼ੇਸ਼ਣ' ਦੇ 9 ਦੁਹਰੁਕਤੀਯੁਕਤ ਰੂਪ (ਪੁਨਹ ਪੁਨਹ, ਫਿਰਿ ਫਿਰਿ, ਫੁਨਿ ਫੁਨਿ, ਫੇਰਿ ਫੇਰਿ, ਬਾਰਿ ਬਾਰਿ, ਬਹੁਰਿ ਬਹੁਰਿ, ਬਹੁੜਿ ਬਹੁੜਿ, ਵਾਰ ਵਾਰ, ਵਲਿ ਵਲਿ) ਮਿਲਦੇ ਹਨ। ਬਾਰੰਬਾਰਤਾ ਦੇ ਪ੍ਰਕਾਰਜ ਵਜੋਂ ਇਹਨਾਂ ਦੀ ਵਰਤੋਂ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦੀ। ਉਪਰੋਕਤ ਰੂਪਾਂ ਦਾ ਪ੍ਰਕਾਰਜ ਬਾਰੰਬਾਰਤਾ ਦਾ ਹੈ, ਪਰ ਇਹਨਾਂ ਦਾ ਅਰਥਗਤ ਪ੍ਰਸੰਗ ਵਿਭਿੰਨਤਾ ਵਾਲਾ ਹੈ।

- 'ਪੁਨਹ ਪੁਨਹ, ਬਾਰਿ ਬਾਰਿ, ਵਾਰਿ ਵਾਰਿ ' ਦੀ ਵਰਤੋਂ ਪਰਮਾਤਮਾ ਤੋਂ ਕੁਰਬਾਨ/ ਵਾਰਨੇ ਜਾਂ ਨਮਸਕਾਰ ਲਈ ਹੈ। 'ਫਿਰਿ ਫਿਰਿ, ਫੁਨਿ ਫੁਨਿ, ਬਹੁਰਿ ਬਹੁਰਿ, ਬਹੁੜਿ ਬਹੁੜਿ, ਵਲਿ ਵਲਿ ' ਦੀ ਵਰਤੋਂ ਮਨੁਖ ਦੇ ਆਵਾਗਵਨ ਦੀ ਸਥਿਤੀ ਦਾ ਪ੍ਰਕਾਰਜ ਕਰਦੀ ਹੈ। 'ਵਾਰ ਵਾਰ, ਫੇਰਿ ਫੇਰਿ' ਦੀ ਵਰਤੋਂ ਸਮਾਜਿਕ ਪ੍ਰਸੰਗ ਵਿਚ ਹੈ।

- ਵਸਤੂ ਵਾਚਕ ਨਾਂਵ (ਪੁਰਜਾ ਪੁਰਜਾ) ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ 'ਵਿਧੀ ਵਾਚਕ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਕਾਰਜ ਦੀ ਇਕਾਈ ਵਜੋਂ ਅਜਿਹੇ ਸ਼ਬਦਾਂ ਦੀ ਦੂਹਰੀ ਵਰਤੋਂ 'ਕਾਰਜੀ ਆਦੇਸ਼' ਦਾ ਪ੍ਰਕਾਰਜ ਕਰਦੀ ਹੈ।

- ਰੂਪਗਤ ਦੁਹਰੁਕਤੀ ਵਿਚ ਕਿਰਿਆ ਵਿਸ਼ੇਸ਼ਣ ਦੇ ਕੁਝ ਰੂਪ (ਪੁਰਜਾ ਪੁਰਜਾ, ਥਰ ਥਰ, ਝਿਮਿ ਝਿਮਿ) ਅਜਿਹੇ ਹਨ, ਜਿਹੜੇ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਦੂਹਰੇ ਰੂਪ ਵਿਚ ਇਹ ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ, ਸਾਰਥਕ ਅਰਥ ਸੰਚਾਰ ਅਤੇ ਵਜਨ ਦਾ ਕਾਰਜ ਕਰਦੇ ਹਨ। ਪੁਰਜਾ ਪੁਰਜਾ ਵਿਚ 'ਅਰਥ ਆਦੇਸ਼' ਦੀ ਇਕਾਈ ਕਾਰਜਸ਼ੀਲ ਹੈ। ਝਿਮਿ ਝਿਮਿ ਕਾਵਿ ਦੀ ਗਾਇਨ ਸ਼ੈਲੀ ਵਿਚ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ।

- ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ ਦਾਰਸ਼ਨਿਕ ਪ੍ਰਸੰਗ ਵਿਚ 'ਬਰਾਬਰਤਾ'' ਅਤੇ 'ਗੁਣਵਾਚਕ' ਜਾਂ 'ਵਿਧੀ ਵਾਚਕਤਾ'' ਦਾ ਪ੍ਰਕਾਰਜ ਕਰਦੇ ਹਨ। ਦੂਹਰੀ ਵਰਤੋਂ ਵਾਕ ਦੀ ਭਾਵ ਬਣਤਰ ਦਾ ਸੰਚਾਰ ਕਰ ਰਹੀ ਹੈ।

- ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਿਚ ਕਾਰਜ ਦੇ ਪੱਖ ਤੋਂ ਦੋ ਮੁਖ ਇਕਾਈਆਂ ਨਿਰੰਤਰਤਾ/ ਲਗਾਤਾਰਤਾ ਅਤੇ ਬਾਰੰਬਾਰਤਾ ਪ੍ਰਕਾਰਜਸ਼ੀਲ ਹਨ। ਕਿਰਿਆ ਵਿਸ਼ੇਸ਼ਣ ਦੇ ਦੂਹਰੇ ਰੂਪ 'ਕਾਰਜੀ ਆਦੇਸ਼' ਦਾ ਕਾਰਜ ਕਰਦੇ ਹਨ। ਸ਼ਬਦ ਦਾ ਮੂਲ ਅਰਥ ਨਹੀਂ ਬਦਲਦਾ, ਬਲਕਿ 'ਕਾਰਜੀ ਅਰਥ' ਬਦਲਦਾ ਹੈ।

- ਕਾਵਿ ਰਚਨਾ ਦੀ ਵਿਸ਼ੇਸ਼ ਜੁਗਤ ਹੋਣ ਕਾਰਨ ਦੁਹਰੁਕਤੀ ਕਾਵਿ ਸ਼ਾਸਤਰੀ ਦ੍ਰਿਸਟੀ ਤੋਂ ਵਿਸ਼ੇਸ਼ 'ਕਲਾਤਮਕ' ਮਹੱਤਵ ਰੱਖਦੀ ਹੈ। ਇਹ 'ਕਾਵਿ ਸੁਹਜ, ਵਜਨ' ਅਤੇ 'ਲੈਅ' ਦਾ ਕਾਰਜ ਕਰਦੀ ਹੈ। 'ਵਜਨ' ਅਤੇ 'ਲੈਅ' ਦਾ ਗਾਇਨ ਸ਼ੈਲੀ ਵਿਚ ਵੀ ਵਿਸ਼ੇਸ਼ ਮਹੱਤਵ ਹੈ, ਦੁਹਰਾਉ ਕਾਵਿ ਦੀ ਲੈਅ ਨੂੰ ਨਿਰੰਤਰ ਬਣਾਈ ਰੱਖਦਾ ਹੈ। ਦੂਹਰੇ ਸ਼ਬਦ ਦੀ ਥਾਂ ਇਕਹਿਰਾ ਸ਼ਬਦ ਰਚਨਾ ਦੇ ਕਲਾਤਮਕ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਕਾਵਿ ਰਚਨਾ ਵਿਚ ਖ਼ਲਲ ਪੈਦਾ ਹੁੰਦਾ ਹੈ।

- ਉਪਰੋਕਤ ਸ਼ਬਦ ਸ਼੍ਰੇਣੀਆਂ ਵਿਚ ਦੁਹਰੁਕਤੀ ਦੇ ਵਧੇਰੇ ਸ਼ਬਦ ਅਜਿਹੇ ਮਿਲਦੇ ਹਨ, ਜਿਹੜੇ ਕੇਵਲ ਸਥਾਨ ਕਰਕੇ ਦੁਹਰੁਕਤੀਯੁਕਤ ਹਨ। ਕਾਰਜ ਵਜੋਂ ਅਜਿਹੇ ਸ਼ਬਦ ਵਿਭਿੰਨ ਵਾਕੰਸ਼ਾਂ ਦਾ ਕਾਰਜ ਕਰਦੇ ਹਨ। ਅਜਿਹੀ ਸਥਿਤੀ ਵਿਚ ਇਹ ਸ਼ਬਦ ਦੁਹਰੁਕਤੀਯੁਕਤ ਨਹੀਂ ਹੁੰਦੇ। ਇਹਨਾਂ ਸ਼ਬਦਾਂ ਦੀ ਪਛਾਣ ਦਾ ਆਧਾਰ ਵਾਕ ਦੀ ਸਾਰਥਕ ਇਕਾਈ 'ਵਾਕੰਸ਼' ਹੈ। ਇਸ ਖੋਜ-ਕਾਰਜ ਵਿਚ ਦੁਹਰੁਕਤੀਯੁਕਤ ਬਣਤਰ ਵਿਚ ਉਹਨਾਂ ਸ਼ਬਦਾਂ ਨੂੰ ਰੱਖਿਆ ਹੈ, ਜਿਹੜੇ 'ਵਾਕੰਸ਼ ਦੀ ਇਕ ਇਕਾਈ' ਵਜੋਂ ਕਾਰਜਸ਼ੀਲ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਦੂਹਰੇ ਰੂਪ ਵਿਚ ਵਿਚਰਦੇ ਇਕਹਿਰੇ ਸ਼ਬਦ ਵੱਡੇ ਪੱਧਰ 'ਤੇ ਮਿਲਦੇ ਹਨ। ਸਪੱਸ਼ਟੀਕਰਨ ਲਈ ਇਸਦੇ ਕੁਝ ਕੁ ਉਦਾਹਰਨ ਦਿੱਤੇ ਹਨ, ਇਸਦੀ ਸਮੁਚੀ ਸਮੱਗਰੀ ਖੋਜ-ਕਾਰਜ ਦੇ ਅੰਤ ਵਿਚ ਅੰਤਿਕਾਂ ਦੇ ਰੂਪ ਵਿਚ ਦਿੱਤੀ ਹੈ:

ਕੇਤੇ ਇੰਦ ਚੰਦ [ਸੂਰ **ਕੇਤੇ**] [**ਕੇਤੇ** ਮੰਡਲ ਦੇਸ] ॥ (ਮਃ ੧) ਅੰਗ ੭

ਕੇਤੇ ਦੇਵ ਦਾਨਵ [ਮੁਨਿ **ਕੇਤੇ**] [**ਕੇਤੇ** ਰਤਨ ਸਮੁੰਦ] ॥ (ਮਃ ੧) ਅੰਗ ੭

[ਗੋਵਿੰਦੁ **ਊਜਲੁ**] [**ਊਜਲ** ਹੰਸਾ] ॥ (ਮਃ ੩) ਅੰਗ ੧੨੧

[ਹਮ **ਮੂਰਖ**] [**ਮੂਰਖ** ਮਨ ਮਾਹਿ]॥ (ਮਃ ੩) ਅੰਗ ੬੬੬

[ਰਵਿ **ਮੈਲਾ**] [**ਮੈਲਾ** ਹੈ ਚੰਦੁ]॥ (ਕਬੀਰ) ਅੰਗ ੧੧੫੮

ਸਭੇ ਬੁਧੀ [ਸੁਧਿ **ਸਭਿ**] [**ਸਭਿ** ਤੀਰਥ] ਸਭਿ ਥਾਨ ॥ (ਮਃ ੧) ਅੰਗ ੧੨੪੧

ਅੰਤਰਿ ਗਾਵਉ [ਬਾਹਰਿ **ਗਾਵਉ**] [**ਗਾਵਉ** ਜਾਗਿ ਸਵਾਰੀ] ॥ (ਮਃ ੫) ਅੰਗ ੪੦੧

ਦਿਨੁ ਭੀ ਗਾਵਉ [ਰੈਨੀ **ਗਾਵਉ**] [**ਗਾਵਉ** ਸਾਸਿ ਸਾਸਿ ਰਸਨਾਰੀ] ॥ (ਮਃ ੫) ਅੰਗ ੪੦੧

ਉਪਰੋਕਤ ਬਰੈਕਟਾਂ ਦੀ ਵਰਤੋਂ ਨਾਲ ਦੂਹਰੇ ਸ਼ਬਦਾਂ ਦੇ ਇਕਹਿਰੇ ਰੂਪਾਂ ਦਾ ਨਿਖੇੜ ਕੀਤਾ ਹੈ, ਸਾਰੇ ਵਾਕਾਂ ਵਿਚ ਦੂਹਰੇ ਸ਼ਬਦ ਕੇਵਲ 'ਸਥਾਨ' ਕਰਕੇ ਦੁਹਰੁਕਤੀਯੁਕਤ ਬਣਤਰ ਵਿਚ ਹਨ। ਅਸਲ ਵਿਚ ਇਹਨਾਂ ਦਾ ਪ੍ਰਕਾਰਜ ਦੁਹਰੁਕਤੀ ਤੋਂ ਵੱਖਰੀ ਕਿਸਮ ਦਾ ਹੈ।

ਸੋ ਦੁਹਰੁਕਤੀਯੁਕਤ ਸ਼ਬਦਾਂ ਦਾ 'ਰੂਪ' ਅਤੇ 'ਪ੍ਰਕਾਰਜ' ਦੇ ਪੱਖ ਤੋਂ ਕੀਤੇ ਗਏ, ਇਸ ਮੁਢਲੇ ਖੋਜ-ਕਾਰਜ ਵਿਚ ਗ਼ਲਤੀਆਂ ਦੀ ਗੁੰਜ਼ਾਇਸ ਵਧੇਰੇ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ (ਜਿਸ ਵਿਚ ਇਕੋ ਰੂਪ ਦਾ ਦੁਹਰਾ ਹੋਵੇ) ਨੂੰ ਆਧਾਰ ਬਣਾ ਕੇ ਦੀਰਘ ਅਧਿਐਨ ਕੀਤਾ ਹੈ। ਰੂਪਗਤ ਦੁਹਰੁਕਤੀ ਵਿਚ 'ਸ਼ਬਦ, ਵਾਕੰਸ਼ ' ਅਤੇ 'ਵਾਕ' ਦੀ ਦੁਹਰੁਕਤੀ ਮਿਲਦੀ ਹੈ। ਸ਼ਬਦ ਦੁਹਰੁਕਤੀ ਵਿਚ ਵਿਆਕਰਨ ਦੀਆ ਮੁਖ ਸ਼ਬਦ ਸ਼੍ਰੇਣੀਆਂ : 'ਨਾਂਵ ਪੜਨਾਂਵ, ਵਿਸ਼ੇਸ਼ਣ, ਕਿਰਿਆ ' ਅਤੇ 'ਕਿਰਿਆ ਵਿਸ਼ੇਸ਼ਣ' ਦੀ ਦੂਹਰੀ ਸ਼ਬਦਾਵਲੀ ਦਾ ਅਧਿਐਨ ਹੈ। 'ਖੋਜ-ਪ੍ਰਬੰਧ ਦੇ ਵਿਸ਼ੇ' ਅਤੇ 'ਸਮੇਂ ਦੀ ਸੀਮਾ' ਹੋਣ ਕਾਰਨ ਖੋਜ-ਕਾਰਜ ਨੂੰ 'ਪੂਰਨ ਰੂਪਗਤ ਸ਼ਬਦ ਦੁਹੁਰਕਤੀ ' ਤੱਕ ਸੀਮਿਤ ਕੀਤਾ ਗਿਆ ਹੈ। ਰੂਪਗਤ ਦੁਹਰੁਕਤੀ ਦੀਆਂ ਹੋਰ ਵਿਭਿੰਨ ਕਿਸਮਾਂ, ਪੂਰਨ ਅਰਥਗਤ ਦੁਹਰੁਕਤੀ ਅਤੇ ਅਪੂਰਨ ਦੁਹਰੁਕਤੀ ਦਾ ਸੰਪੂਰਨ ਅਧਿਐਨ ਨਹੀਂ ਕੀਤਾ। ਇਹ ਇਸ ਖੋਜ-ਕਾਰਜ ਦੀ ਮੁਖ ਸੀਮਾ ਮੰਨੀ ਜਾ ਸਕਦੀ ਹੈ। ਖੋਜ ਉਪਰੰਤ

ਨਿਰਣੇ 'ਦੁਹਰੁਕਤੀ ਦੀ ਭਾਸ਼ਾਈ ਸੰਰਚਨਾ, ਰੂਪਗਤ ਬਣਤਰ, ਅਰਥਗਤ ਪ੍ਰਕਾਰਜੀ ਇਕਾਈਆਂ, ਇਕਹਿਰੇ ਰੂਪਾਂ ਤੋਂ ਵੱਖਰਤਾ' ਅਤੇ 'ਕਾਵਿ ਸ਼ਾਸਤਰੀ' ਦ੍ਰਿਸਟੀ ਤੋਂ ਲਏ ਹਨ। ਸਮੁਚੇ ਖੋਜ-ਕਾਰਜ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੀ ਸਮੱਗਰੀ ਨੂੰ ਢੁੱਕਵੀਆਂ ਉਦਾਹਰਨਾਂ ਵਜੋਂ ਦਿੱਤਾ ਹੈ। ਸ਼ਬਦ ਦੁਹਰੁਕਤੀ ਦੀ ਸਮੁਚੀ ਸਮੱਗਰੀ ਨੂੰ ਖੋਜ-ਕਾਰਜ ਦੇ ਅੰਤ 'ਤੇ (ਪੁਸਤਕ ਸੂਚੀ ਤੋਂ ਪੂਰਵ) 'ਅੰਤਿਕਾਂ' ਦੇ ਰੂਪ ਵਿਚ ਦਿੱਤਾ ਹੈ, ਉਪਰੋਕਤ ਖੋਜ-ਕਾਰਜ ਵਿਚ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ।

ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੇ ਪ੍ਰਕਾਰਜੀ ਅਧਿਐਨ ਤੋਂ ਬਿਨਾਂ, 'ਵਾਕ ਦੀ ਭਾਵ ਬਣਤਰ' ਜਾਂ 'ਕਾਵਿ ਰਚਨਾ ਵਿਚ ਦੁਹਰੁਕਤੀ ਦਾ ਮਹੱਤਵ' ਜਾਂ 'ਗਾਇਨ ਸ਼ੈਲੀ ਵਿਚ ਦੁਹਰੁਕਤੀ ਦਾ ਮਹੱਤਵ' ਆਦਿ ਵਿਸ਼ਿਆਂ ਪੱਖੋਂ ਦੁਹਰੁਕਤੀ ਦਾ ਗਹਿਨ ਅਧਿਐਨ ਨਹੀਂ ਕੀਤਾ। ਇਹ ਵੱਖਰੇ ਵਿਸ਼ੇ ਹੋ ਜਾਂਦੇ ਹਨ, ਇਹਨਾਂ ਵੱਲ ਕੇਵਲ ਸੰਕੇਤ ਕੀਤਾ ਹੈ। ਦੁਹਰੁਕਤੀ ਅਤੇ ਦੁਹਰੁਕਤੀ ਦੇ ਅਧਿਐਨ ਦੀਆਂ ਵਿਭਿੰਨ ਪਰਤਾਂ ਹਨ। ਸੰਪੂਰਨ ਪਰਤਾਂ ਦਾ ਇਕ ਖੋਜ-ਕਾਰਜ ਵਿਚ ਅਧਿਐਨ ਕਰਨਾ ਕਠਿਨ ਹੀ ਨਹੀਂ, ਅਸੰਭਵ ਵੀ ਹੈ। ਇਹ ਦੁਹਰੁਕਤੀ ਦੇ ਇਕ ਰੂਪ ਅਤੇ ਇਕ ਪੱਖ ਤੋਂ ਕੀਤਾ ਅਧਿਐਨ ਕਾਰਜ ਹੈ। ਇਹ ਇਸ ਖੋਜ-ਕਾਰਜ ਦੀ ਆਪਣੇ ਆਪ ਵਿਚ ਵਿਸ਼ੇਸ਼ਤਾ ਅਤੇ ਮੁਖ ਸੀਮਾ ਵੀ ਹੈ। ਖੋਜ-ਕਾਰਜ ਦੀਆਂ ਸੀਮਾਵਾਂ ਹੀ ਉਸ ਦੀਆਂ ਸੰਭਾਵਨਾਂਵਾਂ ਹਨ। ਖੋਜ-ਕਾਰਜ ਆਪਣੇ-ਆਪ ਵਿਚ ਸੰਪੂਰਨ ਨਹੀਂ ਹੁੰਦਾ, ਇਸ ਵਿਚ ਖੋਜ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ।

# ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੁਹਰੁਕਤੀ: ਰੂਪ ਤੇ ਪ੍ਰਕਾਰਜ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਭਾਸ਼ਾ ਫ਼ੈਕਲਟੀ ਅਧੀਨ ਪੀਐਚ.ਡੀ. (ਪੰਜਾਬੀ)

ਦੀ ਡਿਗਰੀ ਹਿਤ ਪ੍ਰਸਤੁਤ

**ਖੋਜ-ਪ੍ਰਬੰਧ**

**2022**


**ਨਿਗਰਾਨ:**

**ਡਾ. ਲਖਵੀਰ ਸਿੰਘ**

ਐਸੋਸੀਏਟ ਪ੍ਰੋਫ਼ੈਸਰ (ਸੇਵਾ ਮੁਕਤ)

ਪੰਜਾਬੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥਣ:**

**ਸੁਖਜੀਤ ਕੌਰ**

**ਪੰਜਾਬੀ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

# ਸਾਰ ਤੇ ਸਥਾਪਨਾਵਾਂ

ਭਾਸ਼ਾ ਵਿਗਿਆਨ ਦੀ ਸ਼ਾਖਾ ਰੂਪ ਵਿਗਿਆਨ ਦੇ ਅੰਤਰਗਤ 'ਦੁਹਰੁਕਤੀ' ਸ਼ਬਦ ਸਿਰਜਨਾ ਦੀ ਮਹੱਤਵਪੂਰਨ ਵਿਧੀ ਹੈ। ਪੰਜਾਬੀ ਵਿਚ ਦੁਹਰੁਕਤੀ ਲਈ 'ਅਨੁਕਰਨ' ਜਾਂ 'ਧੁਨੀਮਕ' ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਪੂਰਵਲੇ ਸਮੇਂ ਵਿਚ 'ਦੁਹਰੁਕਤੀ' ਨੂੰ ਕੇਵਲ ਬੋਲ ਚਾਲ ਤੱਕ ਸੀਮਿਤ ਕੀਤਾ ਗਿਆ ਸੀ। ਅੰਗ਼ਰੇਜੀ ਵਿਚ Echoword ਦੀ ਵਰਤੋਂ ਮਿਲਦੀ ਹੈ। Echoword ਧੁਨੀਮਕ ਅਵਾਜ਼ਾਂ ਤੱਕ ਸੀਮਿਤ ਸੀ। ਵਰਤਮਾਨ ਸਮੇਂ ਵਿਚ 'ਦੁਹਰੁਕਤੀ' ਕੇਵਲ 'ਧੁਨੀਮਕ ਅਵਾਜ਼ਾਂ' ਜਾਂ 'ਵਿਹਾਰਕ ਭਾਸ਼ਾ' ਤੱਕ ਸੀਮਿਤ ਨਹੀਂ ਰਹੀ। ਇਹ ਭਾਸ਼ਾ ਵਿਗਿਆਨ ਦੀ ਸ਼ਾਖਾ 'ਰੂਪ ਵਿਗਿਆਨ' ਵਿਚ ਸ਼ਬਦ ਸਿਰਜਨਾ ਦੀ ਪ੍ਰਮੁਖ ਵਿਧੀ ਹੈ।

ਵਾਕ ਬਣਤਰ ਵਿਚ ਦੁਹਰੁਕਤੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਕਰਦੀ ਹੈ। ਸਤਹ੍ਹੀ ਪੱਧਰ 'ਤੇ ਦੂਹਰੇ ਸ਼ਬਦ 'ਕੋਸ਼ੀ' ਅਰਥ ਦਿੰਦੇ ਹਨ, ਵਾਕ ਦੀ ਭਾਵ ਬਣਤਰ ਵਜੋਂ ਵਿਸ਼ੇਸ਼ 'ਅਰਥਗਤ ਇਕਾਈਆਂ' ਦਾ ਪ੍ਰਕਾਰਜ ਕਰਦੇ ਹਨ। ਪੱਛਮੀ ਵਿਦਵਾਨਾਂ ਅਨੁਸਾਰ 'ਦੁਹਰੁਕਤੀ' ਕੋਸ਼ੀ ਅਰਥ ਦੇ ਨਾਲ ਵਰਤੋਂ ਦੇ ਪ੍ਰਸੰਗ ਵਿਚ ਵਿਸ਼ੇਸ਼ ਅਰਥਾਂ ਦਾ ਪ੍ਰਕਾਰਜ ਕਰਦੀ ਹੈ। 'ਕਾਵਿ ਸਾਹਿਤ' ਵਿਚ ਸ਼ਬਦ ਸਿਰਜਨਾ ਦੀ ਪ੍ਰਮੁਖ ਵਿਧੀ, ਗਾਇਨ ਸ਼ੈਲੀ ਦੀ ਵਿਸ਼ੇਸ਼ 'ਜੁਗਤ' ਅਤੇ ਕਾਵਿ ਸੌਂਦਰਯ ਵਜੋਂ ਵਿਸ਼ੇਸ਼ ਮਹੱਤਵ ਰੱਖਦੀ ਹੈ। ਕਾਵਿ ਰਚਨਾ ਦੀ ਇਹ ਵਿਸ਼ੇਸ਼ ਜੁਗਤ ਵਿਸ਼ੇਸ਼ 'ਭਾਵ ਬਣਤਰ' ਦਾ ਪ੍ਰਕਾਰਜ ਕਰਦੀ ਹੈ।

ਗੁਰੂ ਗ੍ਰੰਥ ਸਾਹਿਬ ਕਾਵਿ ਰਚਨਾ ਦਾ ਉੱਤਮ ਰੂਪ ਹੈ। ਇਸ ਵਿਚ ਦੁਹਰੁਕਤੀ ਦੀ ਵਰਤੋਂ ਵਿਸਤ੍ਰਿਤ ਰੂਪ ਵਿਚ ਕੀਤੀ ਮਿਲਦੀ ਹੈ। ਦੁਹਰੁਕਤੀ ਦੀ ਵੰਨਗੀ ਦੇ ਵਿਭਿੰਨ ਨਮੂਨੇ ਮਿਲਦੇ ਹਨ। ਦੁਹਰੁਕਤੀ ਦੇ ਬਹੁਪਰਤੀ ਅਤੇ ਵਿਸ਼ਾਲ ਵਰਤਾਰੇ ਦਾ ਅਧਿਐਨ ਇਕ ਖੋਜ-ਪ੍ਰਬੰਧ ਵਿਚ ਸੰਭਵ ਨਹੀਂ। ਹਥਲੇ ਖੋਜ-ਪ੍ਰਬੰਧ ਨੂੰ ਕੇਵਲ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦੇ ਅਧਿਐਨ ਤੱਕ ਸੀਮਿਤ ਕਰਕੇ ਇਸਦਾ ਵਿਸਤ੍ਰਿਤ ਰੂਪ ਵਿਚ ਡੂੰਘਾਈ ਨਾਲ ਅਧਿਐਨ ਕੀਤਾ ਹੈ।

**ਅਧਿਆਇ ਪਹਿਲਾ**, ਦੁਹਰੁਕਤੀ ਦੇ ਸਿਧਾਂਤ ਨਾਲ ਸੰਬੰਧਿਤ ਹੈ, ਇਸ ਵਿਚ ਦੁਹਰੁਕਤੀ ਦੇ ਸਿਧਾਂਤ ਦਾ ਵਿਸ਼ਲੇਸ਼ਣ ਕਰਕੇ ਦੁਹਰੁਕਤੀ ਦੀ ਪਰਿਭਾਸ਼ਾ ਅਤੇ ਇਸਦੇ ਭੇਦਾਂ ਦਾ ਵਿਸਥਾਰ ਦਿੱਤਾ ਹੈ।

'ਵਾਕ ਬਣਤਰ ਵਿਚ ਵਾਕੰਸ਼ ਇਕਾਈ ਦੇ ਰੂਪ ਵਿਚ ਇਕ ਸ਼ਬਦ, ਮੂਲ ਧਾਤੂ ਨਾਲ ਵਧੇਤਰਾਂ ਦਾ ਇਕ ਵਾਕੰਸ਼ ਵਿਚ ਦੁਹਰਾਉ ਜਾਂ ਅਰਥ ਪੱਖ ਤੋਂ ਆਪਸੀ ਸਾਂਝ ਜਾਂ ਵਿਰੋਧ ਵਾਲੇ ਦੋ ਸ਼ਬਦਾਂ ਦਾ ਦੁਹਰਾਉ 'ਦੁਹਰੁਕਤੀ' ਹੈ।'

ਦੁਹਰੁਕਤੀਯੁਕਤ ਸ਼ਬਦ, 'ਵਾਕੰਸ਼' ਦੀ ਇਕਾਈ ਦੇ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਸ਼ਬਦ ਦਾ ਇਕਹਿਰਾ ਰੂਪ 'ਕੋਸ਼ੀ' ਅਰਥ ਤੱਕ ਸੀਮਿਤ ਰਹਿੰਦਾ ਹੈ। ਦੂਹਰਾ ਰੂਪ 'ਕੋਸ਼ੀ' ਅਰਥ ਦੇ ਨਾਲ 'ਕਾਰਜੀ ਇਕਾਈ' ਵੀ ਸਿਰਜਦਾ ਹੈ। ਮੋਟੇ ਤੋਰ 'ਤੇ ਦੁਹਰੁਕਤੀ ਨੂੰ 'ਪੂਰਨ' ਅਤੇ 'ਅਪੂਰਨ' ਦੋ ਭੇਦਾਂ ਵਿਚ ਵੰਡਿਆ ਹੈ। ਪੂਰਨ ਦੁਹਰੁਕਤੀ ਦੇ ਦੋ ਭੇਦ : 'ਰੂਪਗਤ' ਅਤੇ 'ਅਰਥਗਤ' ਦੁਹਰੁਕਤੀ ਹਨ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾਈ ਜੁਗਤ ਵਿਲੱਖਣ ਤੇ ਕਾਵਿਮਈ ਹੋਣ ਕਾਰਨ ਵਿਆਕਰਨ ਦੇ ਨਿਯਮਾਂ ਨੂੰ ਥੋਪਿਆ ਨਹੀਂ ਜਾ ਸਕਦਾ। ਇਸਦੀ ਆਪਣੀ ਭਾਸ਼ਾਈ ਵਿਸ਼ੇਸ਼ਤਾ ਹੈ, ਦੁਹਰੁਕਤੀਯੁਕਤ ਸ਼ਬਦਾਂ ਦਾ ਕੇਵਲ ਪ੍ਰਕਾਰਜ ਹੀ ਇਕਹਿਰੇ ਸ਼ਬਦਾਂ ਤੋਂ ਭਿੰਨ ਨਹੀਂ, ਬਲਕਿ ਵਾਕ ਬਣਤਰ ਵਿਚ ਇਸਦੀ ਸਥਿਤੀ ਵੀ ਭਿੰਨ ਹੈ।

'ਪੂਰਨ ਰੂਪਗਤ ਸ਼ਬਦ ਦੁਹਰੁਕਤੀ ' ਵਿਚ ਇਕ ਸ਼ਬਦ ਦੀ ਦੂਹਰੀ ਵਰਤੋਂ ਕੀਤੀ ਜਾਂਦੀ ਹੈ। ਦੂਹਰੀ ਵਰਤੋਂ ਵਾਲੇ ਇਹ ਸ਼ਬਦ ਇਕ ਇਕਾਈ ਦਾ ਕਾਰਜ ਕਰਦੇ ਹਨ। ਇਕ ਸ਼ਬਦ ਦੇ ਦੁਹਰਾਉ ਵਿਚ ਵਿਆਕਰਨ ਦੀਆਂ ਮੁਖ ਸ਼ਬਦ ਸ਼੍ਰੇਣੀਆਂ ਦੇ ਆਧਾਰ 'ਤੇ ਦੁਹਰੁਕਤੀ ਦੀਆਂ ਪੰਜ ਮੁਖ ਕਿਸਮਾਂ ਹਨ:

1. ਨਾਂਵ ਦੁਹਰੁਕਤੀ
2. ਪੜਨਾਂਵ ਦੁਹਰੁਕਤੀ
3. ਵਿਸ਼ੇਸ਼ਣ ਦੁਹਰੁਕਤੀ
4. ਕਿਰਿਆ ਦੁਹਰੁਕਤੀ
5. ਕਿਰਿਆ ਵਿਸ਼ੇਸ਼ਣ ਦੁਹਰੁਕਤੀ

ਉਪਰੋਕਤ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ ' ਦੀਆਂ ਕਿਸਮਾਂ ਹਨ। ਇਹਨਾਂ ਤੋਂ ਬਿਨਾਂ 'ਸੰਬੰਧਕ, ਯੋਜਕ' ਅਤੇ 'ਨਿਪਾਤ' ਸ਼ਬਦਾਂ ਦਾ ਦੁਹਰਾਉ ਵੀ ਵਿਸ਼ੇਸ਼ ਹਾਲਤਾਂ ਵਿਚ ਕਰ ਲਿਆ ਜਾਂਦਾ ਹੈ। ਸ਼ਬਦ ਦੀਆਂ ਇਹਨਾਂ ਸ਼੍ਰੇਣੀਆਂ ਦੀ ਨਾ ਮਾਤਰ ਵਰਤੋਂ ਕਾਰਨ ਇਹਨਾਂ ਨੂੰ ਮੁਖ ਕਿਸਮਾਂ ਵਜੋਂ ਖੋਜ-ਕਾਰਜ ਵਿਚ ਨਹੀਂ ਵਿਚਾਰਿਆ । ਪੂਰਨ ਰੂਪਗਤ ਵਿਚ 'ਵਾਕੰਸ਼' ਦੁਹਰੁਕਤੀ ਅਤੇ 'ਵਾਕ' ਦੁਹਰੁਕਤੀ ਦੀਆਂ ਕਿਸਮਾਂ ਵੀ ਸ਼ਾਮਿਲ ਹਨ। 'ਵਾਕੰਸ਼' ਦੁਹਰੁਕਤੀ ਵਿਚ 'ਕਰਤਾ ਨਾਂਵ' ਜਾਂ 'ਕਰਮ ਨਾਂਵ' ਦੀ ਦੁਹਰੁਕਤੀ ਆਉਂਦੀ ਹੈ ਅਤੇ 'ਕਿਰਿਆ ਵਾਕੰਸ਼' ਵਿਚ ਕਿਰਿਆ ਦੁਹਰੁਕਤੀ। 'ਵਾਕ' ਦੁਹਰੁਕਤੀ ਵਿਚ 'ਉਪਵਾਕ' ਅਤੇ 'ਵਾਕ' ਦਾ ਦੁਹਰਾਉ ਸ਼ਾਮਿਲ ਹੈ। ਭਾਸ਼ਾ ਕੇਵਲ 'ਸ਼ਬਦਾਂ' ਜਾਂ 'ਵਾਕੰਸ਼ਾਂ' ਦਾ ਦੁਹਰਾਉ ਨਹੀਂ ਕਰਦੀ, ਵਿਸ਼ੇਸ਼ ਹਾਲਤਾਂ ਵਿਚ 'ਵਾਕਾਂ ਦਾ ਦੁਹਰਾਉ' ਵੀ ਕੀਤਾ ਜਾਂਦਾ ਹੈ। ਹਥਲਾ ਖੋਜ-ਕਾਰਜ 'ਸ਼ਬਦ ਦੁਹਰੁਕਤੀ' ਦੇ ਅਧਿਐਨ ਤੱਕ ਸੀਮਿਤ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਅਜਿਹੇ ਦੂਹਰੇ ਸ਼ਬਦ ਮਿਲਦੇ ਹਨ, ਜਿਹੜੇ ਕੇਵਲ ਸਥਾਨ ਕਰਕੇ ਦੁਹਰੁਕਤੀਯੁਕਤ ਬਣਤਰ ਵਿਚ ਹਨ। ਇਹਨਾਂ ਸ਼ਬਦਾਂ ਦੀ ਪਛਾਣ ਦੇ ਤਿੰਨ ਆਧਾਰ : 'ਵਿਆਕਰਨ ਦੀ ਵਾਕੰਸ਼ ਇਕਾਈ, 'ਉਚਾਰਨ ਦੀ ਇਕਾਈ' ਅਤੇ 'ਕਾਰਜ ਦੀ ਇਕਾਈ' ਨਿਸ਼ਚਤ ਕੀਤੇ ਹਨ। ਆਮ ਪਾਠਕ 'ਉਚਾਰਨ ਦੀ ਇਕਾਈ ' ਵਜੋਂ ਦੁਹਰੁਕਤੀ ਦੀ ਪਛਾਣ ਕਰਦਾ ਹੈ। ਕੁਝ ਹਾਲਤਾਂ ਵਿਚ ਉਚਾਰਨ ਤੋਂ ਦੁਹਰੁਕਤੀ ਦੀ ਪਛਾਣ ਨਹੀਂ ਹੁੰਦੀ, ਬਲਕਿ 'ਕਾਰਜ' ਤੋਂ ਦੁਹਰੁਕਤੀ ਦੀ ਪਛਾਣ ਸੰਭਵ ਹੁੰਦੀ ਹੈ। ਅਜਿਹੀ ਸਥਿਤੀ ਵਿਚ ਦੁਹਰੁਕਤੀਯੁਕਤ ਸ਼ਬਦ 'ਸਥਾਨ' ਕਰਕੇ 'ਵਾਕੰਸ਼' ਦੀ ਇਕਾਈ ਅਤੇ 'ਉਚਾਰਨ' ਦੀ ਇਕਾਈ ਵਿਚ ਹੁੰਦੇ ਹਨ, ਪ੍ਰੰਤੂ 'ਕਾਰਜ' ਦੀ ਸਥਿਤੀ ਵਿਚ ਇਹਨਾਂ ਦੀ ਭਿੰਨਤਾ ਹੁੰਦੀ ਹੈ। ਸ਼ਬਦਾਂ ਦੀ ਅਜਿਹੀ ਦੁਹਰੁਕਤੀਯੁਕਤ ਬਣਤਰ ਨੂੰ 'ਦੁਹਰੁਕਤੀ' ਨਹੀਂ ਕਿਹਾ ਜਾ ਸਕਦਾ। ਦੁਹਰੁਕਤੀ ਦੇ ਅੰਤਰਗਤ ਸ਼ਬਦ ਇਕ ਇਕਾਈ ਅਤੇ ਇਕ ਕਾਰਜ ਵਿਚ ਪ੍ਰਕਾਰਜਸ਼ੀਲ ਹੁੰਦਾ ਹੈ।

**ਅਧਿਆਇ ਦੂਜਾ**, ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀ ਦੇ ਵਿਭਿੰਨ ਭੇਦਾਂ ਦਾ ਵਿਸ਼ਲੇਸ਼ਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦਾਵਲੀ ਵੱਡੇ ਪੱਧਰ 'ਤੇ ਮਿਲਦੀ ਹੈ। ਦੁਹਰੁਕਤੀ ਕਾਵਿ ਭਾਸ਼ਾ ਦਾ ਇਕ ਵਿਸ਼ੇਸ਼ ਗੁਣ ਹੈ, ਇਹੀ ਗੁਣ 'ਗਦ' ਸਾਹਿਤ ਲਈ ਇਕ ਔਗੁਣ ਹੋ ਨਿਬੜਦਾ ਹੈ।

ਕਾਵਿ ਰਚਨਾ ਵਿਚ ਦੁਹਰੁਕਤੀ ਦੀ ਵਰਤੋਂ ਵਿਸ਼ੇਸ਼ 'ਅਰਥਗਤ ਪ੍ਰਕਾਰਜ' ਅਤੇ 'ਸੰਖਿਪਤ ਸ਼ਬਦਾਂ ਰਾਹੀਂ ਵਿਸਤ੍ਰਿਤ ਅਰਥਾਂ' ਲਈ ਕੀਤੀ ਜਾਂਦੀ ਹੈ। ਰੂਪਗਤ ਦੁਹਰੁਕਤੀ ਵਿਚ ਪੰਜ ਉਪਭੇਦ : 'ਪੂਰਨ ਰੂਪਗਤ, ਵਧਾਵੀਂ, ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ ' ਹਨ। ਪੂਰਨ ਰੂਪਗਤ ਦੁਹਰੁਕਤੀ ਵਿਚ ਸ਼ਬਦ ਸ਼੍ਰੇਣੀ ਦੇ ਆਧਾਰ 'ਤੇ ਪੰਜ ਭੇਦ ਬਣਦੇ ਹਨ। ਵਿਆਕਰਨਕ ਇਕਾਈਆਂ 'ਵਾਕੰਸ਼' ਅਤੇ 'ਵਾਕ' ਦੀ ਦੁਹਰੁਕਤੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ। 'ਸ਼ਬਦ' ਦੁਹਰੁਕਤੀ ਅਤੇ 'ਵਾਕੰਸ਼' ਦੁਹਰੁਕਤੀ ਸਾਰੇ ਬਾਣੀਕਾਰਾਂ ਦੀ ਬਾਣੀ ਵਿਚ ਮਿਲਦੀ ਹੈ, ਜਦਕਿ 'ਵਾਕ' ਦੁਹਰੁਕਤੀ 'ਪਹਿਲੇ ਪੰਜ ਗੁਰੂਆਂ, 'ਕਬੀਰ ਬਾਣੀ' ਵਿਚ ਅਤੇ 'ਭਟ ਗਯੰਦ' ਦੀ ਬਾਣੀ ਵਿਚ ਮਿਲਦੀ ਹੈ। ਗੁਰੂ ਅੰਗਦ, ਭਗਤ ਕਬੀਰ ਤੇ ਭਟ ਗਯੰਦ ਦੀ ਬਾਣੀ ਵਿਚ ਇਕ ਇਕ ਵਾਕ ਦਾ ਦੁਹਰਾਉ ਹੈ। ਵਧੇਰੇ ਵਾਕ ਦੁਹਰੁਕਤੀ ਗੁਰੂ ਨਾਨਕ ਦੀ ਬਾਣੀ ਵਿਚ ਮਿਲਦੀ ਹੈ।

'ਵਧਾਵੀਂ ਦੁਹਰੁਕਤੀ ' ਵਿਚ ਗੁਰੂ ਗ੍ਰੰਥ ਸਾਹਿਬ ਵਿਚ ਪੰਜ ਭੇਦ ਮਿਲਦੇ ਹਨ। 'ਅਗੇਤਰ ਦੁਹਰੁਕਤੀ, ਮਧੇਤਰ ਦੁਹਰੁਕਤੀ, ਪਿਛੇਤਰ ਦੁਹਰੁਕਤੀ, ਅਗੇਤਰ+ ਪਿਛੇਤਰ ਦੁਹਰੁਕਤੀ, ਪਿਛੇਤਰ+ ਪਿਛੇਤਰ ਦੁਹਰੁਕਤੀ'। 'ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ ' ਪੂਰਨ ਅਤੇ ਅਪੂਰਨ ਦੁਹਰੁਕਤੀ ਦੇ ਭੇਦ ਹਨ। ਨਿਰਾਰਥਕ ਅਤੇ ਸਾਰਥਕ ਦੁਹਰੁਕਤੀ ਦੇ ਰੂਪ ਵਿਚ ਇਹ ਦੋਹਾਂ ਦੇ ਅੰਤਰਗਤ ਆਉਂਦੇ ਹਨ। ਦੂਹਰੇ ਰੂਪ ਵਿਚ 'ਨਿਰਾਰਥਕ' ਸ਼ਬਦ 'ਸਾਰਥਕ' ਅਰਥਾਂ ਦਾ ਸੰਚਾਰ ਕਰਦੇ ਹਨ। ਇਸ ਤਰ੍ਹਾਂ ਅਜਿਹੇ ਸ਼ਬਦ ਕੇਵਲ ਇਕਹਿਰੇ ਤੌਰ 'ਤੇ 'ਨਿਰਾਰਥਕ' ਹਨ, ਦੁਹਰੁਕਤੀਯੁਕਤ ਬਣਤਰ ਵਿਚ ਇਹ 'ਸਾਰਥਕ' ਹੋਂਦ ਰੱਖਦੇ ਹਨ। ਅਰਥਗਤ ਦੁਹਰੁਕਤੀ ਦੇ ਤਿੰਨ ਉਪਭੇਦ : 'ਸਮਾਨਾਰਥਕ, ਵਰਗਾਰਥਕ ' ਅਤੇ 'ਵਿਰੋਧਾਰਥਕ' ਹਨ। 'ਅਪੂਰਨ' ਦੁਹਰੁਕਤੀ ਦੇ ਕੁਝ ਰੂਪ ਅਜਿਹੇ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਅਪੂਰਨ ਹੁੰਦੇ ਹਨ। ਇਹ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ।

ਦੁਹਰੁਕਤੀਯੁਕਤ ਸ਼ਬਦ ਕੋਸ਼ੀ ਅਰਥ ਦੇ ਵਿਸਥਾਰ ਦੇ ਨਾਲ ਪ੍ਰਸੰਗਿਕ ਅਤੇ ਭਾਵਗਤ ਅਰਥਾਂ ਦਾ ਸੰਚਾਰ ਵੀ ਕਰਦੇ ਹਨ। ਇਸ ਤਰ੍ਹਾਂ ਇਹਨਾਂ ਸ਼ਬਦਾਂ ਦੀ ਇਕਹਿਰੇ ਸ਼ਬਦਾਂ ਤੋਂ ਅਰਥਗਤ ਭਿੰਨਤਾ ਅਤੇ ਪ੍ਰਕਾਰਜੀ ਭਿੰਨਤਾ ਹੁੰਦੀ ਹੈ। ਇਹ ਕਾਰਜ ਦੀ ਸਥਿਤੀ ਵਿਚ ਵਿਭਿੰਨ ਅਰਥਾਂ ਦਾ ਪ੍ਰਕਾਰਜ ਕਰਦੇ ਹਨ।

**ਅਧਿਆਇ ਤੀਜਾ**, ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਰੂਪਗਤ ਦੁਹਰੁਕਤੀ' ਦੀ 'ਨਾਂਵ' ਸ਼ਬਦ ਸ਼੍ਰੇਣੀ ਦੇ ਅਧਿਐਨ ਨਾਲ ਸੰਬੰਧਿਤ ਹੈ। ਦੁਹਰੁਕਤੀਯੁਕਤ ਨਾਂਵਾਂ ਦੇ ਅਧਿਐਨ ਤੋਂ ਪਹਿਲਾਂ ਨਾਂਵ ਦੀਆਂ ਕਿਸਮਾਂ ਦਾ ਵਿਸ਼ਲੇਸ਼ਣ ਕਰਕੇ 'ਸਥਾਨ ਵਾਚਕ, ਕਾਲ ਵਾਚਕ' ਅਤੇ 'ਅਲਪ ਭਾਵ' ਵਾਚਕ ਨਾਂਵਾਂ ਨੂੰ ਨਾਂਵ ਦੀਆਂ ਮੁਖ ਕਿਸਮਾਂ ਵਜੋਂ ਦਿੱਤਾ ਹੈ। ਰੂਪਗਤ ਸ਼ਬਦ ਦੁਹਰੁਕਤੀ ਵਿਚ ਨਾਂਵ ਸ਼ਬਦਾਂ ਦਾ ਦੁਹਰਾਉ ਵਧੇਰੇ ਮਿਲਦਾ ਹੈ। ਨਾਂਵਾਂ ਦੀ ਦੂਹਰੀ ਵਰਤੋਂ ਨਾਂਵ ਦੀ ਪ੍ਰਕਾਰਜੀ ਸਥਿਤੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਨਾਂਵ ਸ਼ਬਦਾਂ ਦੇ ਦੁਹਰਾਉ ਨਾਲ ਇਸਦੇ ਸ਼ਬਦ 'ਤੇ ਦਬਾਉ ਦਾ ਪ੍ਰਭਾਵ ਪੈਂਦਾ ਹੈ, ਨਾਂਵ ਦਾ ਦੁਹਰਾਉ ਅਸਿੱਧੇ ਤੌਰ 'ਤੇ 'ਕਿਰਿਆ' ਨੂੰ ਵੀ ਪ੍ਰਭਾਵਿਤ ਕਰਦਾ ਹੈ। ਆਮ ਤੌਰ 'ਤੇ 'ਖ਼ਾਸ ਨਾਂਵਾਂ' ਦਾ ਦੁਹਰਾਉ ਰੂਪਗਤ ਦੁਹਰੁਕਤੀ ਦੇ ਅੰਤਰਗਤ ਨਹੀਂ ਕੀਤਾ ਜਾਂਦਾ। 'ਅਰਥਗਤ' ਦੁਹਰੁਕਤੀ ਦੇ ਅੰਤਰਗਤ 'ਖ਼ਾਸ ਨਾਂਵਾਂ' ਦੀ ਦੂਹਰੀ ਵਰਤੋਂ ਵਿਭਿੰਨ ਵਿਅਕਤੀਆਂ ਅਤੇ ਵਿਭਿੰਨ ਸਥਾਨਾਂ ਦੀ ਜਾਣਕਾਰੀ ਹਿੱਤ ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਵਿਅਕਤੀ ਵਾਚਕ ਖ਼ਾਸ ਨਾਂਵ' ਦੇ ਖੇਤਰੀ ਰੰਗਤ ਵਾਲੇ ਵਿਭਿੰਨ ਰੂਪਾਂ ਦੀ ਦੂਹਰੀ ਵਰਤੋਂ 'ਨਿਰਗੁਣ ਪਰਮਾਤਮਾ' ਦੇ ਸਰੂਪ ਲਈ ਕੀਤੀ ਮਿਲਦੀ ਹੈ। ਇਕਹਿਰੇ ਰੂਪ ਵਿਚ ਕੁਝ ਕੁ ਸੀਮਿਤ 'ਖ਼ਾਸ ਨਾਂਵ' ਮਿਲਦੇ ਹਨ। ਇਹ ਵਿਅਕਤੀ ਵਿਸ਼ੇਸ਼ ਲਈ ਨਹੀਂ, ਬਲਕਿ ਪ੍ਰਸੰਗਿਕ ਅਰਥਾਂ ਜਾਂ ਆਤਮ ਸੰਬੋਧਿਤ ਰੂਪ ਵਿਚ ਹਨ। ਖ਼ਾਸ ਨਾਂਵਾਂ ਦੀ ਵਰਤੋਂ ਨਾ ਕਰਨ ਦਾ ਕਾਰਨ ਗੁਰਬਾਣੀ ਦਾ ਦਾਰਸ਼ਨਿਕ ਮਹੱਤਵ ਹੈ। ਗੁਰਬਾਣੀ ਕਿਸੇ ਵਿਅਕਤੀ ਵਿਸ਼ੇਸ਼ ਨੂੰ ਮਹੱਤਵ ਨਹੀਂ ਦਿੰਦੀ, ਬਲਕਿ ਸਰਬੱਤ ਦੀ ਗੱਲ ਕਰਦੀ ਹੈ।

ਜਾਤੀ ਵਾਚਕ, ਵਸਤੂ ਵਾਚਕ, ਭਾਵ ਵਾਚਕ, ਸਥਾਨ ਵਾਚਕ (ਆਮ ਨਾਂਵ), ਕਾਲ ਵਾਚਕ ਨਾਂਵਾਂ ਦੇ ਦੂਹਰੇ ਰੂਪ ਵਾਕ ਬਣਤਰ ਵਿਚ ਵਿਭਿੰਨ ਪ੍ਰਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹਨਾਂ ਦੀ ਅਰਥਗਤ ਜਾਂ ਕਾਰਜੀ ਇਕਾਈ ਵਿਸ਼ੇਸ਼ 'ਭਾਵ ਬਣਤਰ' ਦਾ ਕਾਰਜ ਕਰਦੀ ਹੈ। ਕਾਲ ਵਾਚਕ ਨਾਂਵ ਸ਼੍ਰੇਣੀ ਦਾ ਦੂਹਰਾ ਪ੍ਰਕਾਰਜ ਹੈ। ਵਾਕ ਦੇ ਸੰਦਰਭ ਵਿਚ ਇਹ 'ਨਾਂਵ' ਅਤੇ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। 'ਦਬਾਉ ਬੋਧਕ' ਪ੍ਰਭਾਵ ਲਈ ਇਕੋ ਵਾਕ ਵਿਚ ਨਾਂਵ ਸ਼ਬਦਾਵਲੀ ਦੀ ਵਰਤੋਂ ਦੁਹਰੁਕਤੀ ਤੋਂ ਜਿਆਦਾ ਵਾਰ ਕੀਤੀ ਮਿਲਦੀ ਹੈ। ਅਜਿਹੀ ਸਥਿਤੀ ਵਿਚ 'ਨਾਂਵ' ਭਾਵ ਦੀ ਪੱਧਰ 'ਤੇ 'ਕਿਰਿਆ' ਦੀ ਕਾਰਜੀ ਇਕਾਈ 'ਨਿਰੰਤਰਤਾ ਜਾਂ ਬਾਰੰਬਾਰਤਾ' ਦਾ ਪ੍ਰਕਾਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ **ਹਰਿ ਹਰਿ**

ਦੀ ਵੱਧ ਤੋਂ ਵੱਧ ਵਰਤੋਂ ਛੇ ਵਾਰ ਇਕੋ ਵਾਕ ਵਿਚ ਮਿਲਦੀ ਹੈ। **ਹਰਿ ਹਰਿ** ਨਾਂਵ ਰੂਪ ਵਾਕ ਦੀ ਭਾਵ ਬਣਤਰ ਵਿਚ ਨਾਂਵ ਦੇ ਨਾਲ ਕਿਰਿਆ ਦੀ ਵਿਧੀ ਦਾ ਕਾਰਜ ਵੀ ਕਰਦਾ ਹੈ। ਵਾਕ ਦੀ ਸਥਿਤੀ ਵਿਚ ਨਾਂਵ ਵਿਭਿੰਨ ਪ੍ਰਕਾਰਜੀ ਇਕਾਈਆਂ : 'ਅਰਥ ਸੰਕੋਚ, ਅਰਥ ਵਿਸਥਾਰ, ਅਰਥਗਤ ਵਿਭਿੰਨਤਾ , ਤੀਬਰਭਾਵ ਅਤੇ ਅਰਥ ਵਜੋਂ 'ਬਹੁਵਚਨ' ਤੇ ਨਾਂਵ ਨਾਲ ਵਿਸ਼ੇਸ਼ਣ (ਇਕੱਲੇ ਇਕੱਲੇ) ਦਾ ਕਾਰਜ ਕਰਦੇ ਹਨ। ਨਾਂਵ ਦੀ ਇਕਹਿਰੇ ਰੂਪ ਤੋਂ ਵੱਖਰਤਾ, ਦੁਹਰੁਕਤੀਯੁਕਤ ਨਾਂਵ ਦੀ ਸੰਰਚਨਾ, ਵਾਕ ਬਣਤਰ ਵਿਚ ਇਕੋ ਨਾਂਵ ਦੀ ਵਧੇਰੇ ਵਰਤੋਂ ਦਾ ਪ੍ਰਕਾਰਜ, ਵਿਭਿੰਨ ਪ੍ਰਕਾਰਜੀ ਇਕਾਈਆਂ ਆਦਿ ਦਾ ਵਿਸ਼ਲੇਸ਼ਣ ਹੈ।

**ਅਧਿਆਇ ਚੌਥਾ**, ਵਿਚ 'ਪੜਨਾਂਵ' ਦੇ ਦੁਹਰੁਕਤੀਯੁਕਤ ਰੂਪਾਂ ਦਾ ਅਰਥ ਅਤੇ ਪ੍ਰਕਾਰਜ ਵਜੋਂ ਵਿਸ਼ਲੇਸ਼ਣ ਹੈ। ਨਾਂਵਾਂ ਦਾ ਦੁਹਰਾਉ ਨਾ ਕਰਕੇ ਪੜਨਾਂਵਾਂ ਦੀ ਵਰਤੋਂ ਕੀਤੀ ਜਾਂਦੀ ਹੈ। ਨਾਂਵ ਦੀ ਥਾਂ ਵਰਤੇ ਜਾਣ ਵਾਲੇ ਸ਼ਬਦ 'ਪੜਨਾਂਵ' ਹਨ, ਇਹ 'ਨਾਂਵ' ਜਾਂ 'ਨਾਂਵ ਵਾਕੰਸ਼' ਦਾ ਕਾਰਜ ਕਰਦੇ ਹਨ। ਨਾਂਵ ਦੇ ਨਾਲ ਵਰਤੇ ਪੜਨਾਂਵ, 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਵਾਕ ਵਿਚ 'ਵਾਕੰਸ਼' ਵਜੋਂ ਇਕ ਪੜਨਾਂਵ ਰੂਪ ਦੀ ਦੂਹਰੀ ਵਰਤੋਂ 'ਪੜਨਾਂਵ ਦੁਹਰੁਕਤੀ' ਹੈ। ਬੰਦ ਸ਼੍ਰੇਣੀ ਹੋਣ ਕਾਰਨ ਇਸਦੀ ਸ਼ਬਦ ਸ਼੍ਰੇਣੀ ਸੀਮਿਤ ਰੂਪ ਵਿਚ ਮਿਲਦੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਵਿਭਿੰਨ ਭਾਸ਼ਾਵਾਂ ਦੇ ਪੁਰਾਤਨ 'ਪੜਨਾਂਵੀਂ' ਰੂਪ ਵਰਤੇ ਮਿਲਦੇ ਹਨ। ਇਹ ਉਸ ਸਮੇਂ ਦੀ ਭਾਸ਼ਾਈ ਵਿਲੱਖਣਤਾ ਨੂੰ ਦਰਸਾਉਂਦੇ ਹਨ। ਇਹਨਾਂ ਵਿਚੋਂ ਕੁਝ ਰੂਪਾਂ ਦੀ ਵਰਤੋਂ ਵਰਤਮਾਨ ਪੰਜਾਬੀ ਵਿਚ ਨਹੀਂ ਕੀਤੀ ਜਾਂਦੀ। ਅਨਯੈ ਪੁਰਖ ਪੜਨਾਂਵ ਅਤੇ ਨਿਸ਼ਚੇਵਾਚਕ ਪੜਨਾਂਵਾਂ ਲਈ **ਸ** ਅਤੇ **ਤ** ਰੂਪ ਵਾਲੇ ਪੜਨਾਂਵ ਵਰਤੇ ਗਏ ਹਨ। ਮੱਧਕਾਲੀ ਭਾਸ਼ਾ ਦੇ ਸੰਯੋਗਮਈ ਹੋਣ ਕਾਰਨ ਪੜਨਾਂਵਾਂ ਦੇ ਸੰਯੋਗਾਤਮਕ ਰੂਪ ਵੀ ਮਿਲਦੇ ਹਨ। ਦੁਹਰੁਕਤੀਯੁਕਤ ਵਰਤੋਂ ਵਿਚ ਇਹ 'ਦਬਾਉ' ਨਾਲ 'ਸੰਬੰਧਕ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਦੂਹਰੇ ਰੂਪ ਇਕਹਿਰੇ ਪੜਨਾਂਵਾਂ ਤੋਂ ਵੱਖਰੇ ਕਾਰਜੀ ਅਰਥ ਸਿਰਜਦੇ ਹਨ। ਵਾਕ ਬਣਤਰ ਵਿਚ ਪੜਨਾਂਵ 'ਕੋਸ਼ੀ' ਅਰਥ ਦਿੰਦੇ ਹਨ। ਇਸਦਾ 'ਅਰਥ ਆਦੇਸ਼' ਪ੍ਰਕਾਰਜੀ ਇਕਾਈ ਵਿਚ ਹੁੰਦਾ ਹੈ। ਇਹ ਮੂਲ ਅਰਥ ਦੇ ਨਾਲ ਵਾਕ ਦੀ ਭਾਵ ਬਣਤਰ ਅਨੁਸਾਰ ਵਿਸ਼ੇਸ਼ ਕਾਰਜ ਕਰਦੇ ਹਨ।

ਪੜਨਾਂਵ ਸ਼ਬਦਾਂ ਦਾ ਕਾਰਜ ਇਹਨਾਂ ਤੋਂ ਅਗਲੀ ਸ਼ਬਦ ਸ਼੍ਰੇਣੀ 'ਤੇ ਨਿਰਭਰ ਕਰਦਾ ਹੈ। ਨਾਂਵ ਸ਼ਬਦਾਂ ਨਾਲ ਇਹ 'ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ, ਵਿਸ਼ੇਸ਼ਣ ਨਾਲ ਇਹ 'ਪੜਨਾਂਵ' ਸ਼੍ਰੇਣੀ ਦਾ ਹੀ ਕਾਰਜ ਕਰਦੇ ਹਨ। ਉੱਤਮ ਪੁਰਖ ਅਤੇ ਮੱਧਮ ਪੁਰਖ ਪੜਨਾਂਵਾਂ ਦੀ ਦੂਹਰੀ ਵਰਤੋਂ ਉਪਰੰਤ 'ਕਿਰਿਆ' ਸ਼ਬਦਾਂ ਦੀ ਵਰਤੋਂ ਪੜਨਾਂਵਾਂ ਦਾ ਕਾਰਜੀ 'ਅਰਥ ਆਦੇਸ਼ ' ਕਰਦੀ ਹੈ। ਵਿਭਿੰਨ ਸ਼੍ਰੇਣੀ ਵਿਚ ਪਰਿਵਰਤਨਸ਼ੀਲ ਹੋਣ ਕਾਰਨ ਇਸਦੀ ਕਾਰਜੀ ਇਕਾਈ ਵੀ ਬਦਲਦੀ ਹੈ। ਵਾਕ ਬਣਤਰ ਵਿਚ ਇਕ ਸ਼ਬਦ ਰੂਪ ਵਾਲੇ ਪੜਨਾਂਵ ਇਕ -ਦੂਜੇ ਤੋਂ ਵੱਖਰੇ ਪ੍ਰਕਾਰਜ ਵਾਲੇ ਮਿਲਦੇ ਹਨ। ਸੋ ਪੜਨਾਂਵ ਦੇ ਦੁਹਰੁਕਤੀਯੁਕਤ ਰੂਪ 'ਅਰਥ ਆਦੇਸ਼, ਅਰਥ ਵਿਸਥਾਰ, ਅਰਥ ਸੰਕੋਚ' ਦਾ ਕਾਰਜ ਕਰਦੇ ਹਨ। ਦੂਹਰੇ ਪੜਨਾਂਵ ਰੂਪ 'ਕਾਵਿ ਸੁਹਜ' ਅਤੇ 'ਰਿਧਮ' ਦੀ ਦ੍ਰਿਸਟੀ ਤੋਂ ਵਿਸ਼ੇਸ਼ ਪ੍ਰਕਾਰਜ ਨਿਭਾਉਂਦੇ ਹਨ। ਕੁਝ ਪੜਨਾਂਵ ਸ਼ਬਦ ਜੋ ਵਰਤਮਾਨ ਸਮੇਂ ਆਮ ਵਰਤੇ ਜਾਂਦੇ ਹਨ, ਦੀ ਵਰਤੋਂ ਨਹੀਂ ਮਿਲਦੀ। ਇਹ ਕਾਵਿ ਦੇ 'ਰਿਧਮ' ਵਿਚ ਖ਼ਲਲ ਪੈਦਾ ਕਰਦੇ ਹਨ , ਉਦਾਹਰਣ ਵਜੋਂ, ਜਿਵੇਂ 'ਕਿਹੜਾ, ਜਿਹੜਾ' ਦੀ ਰੂਪਾਵਲੀ ਨਹੀਂ ਮਿਲਦੀ। ਕਿਹੜਾ ਦੇ ਭਾਸ਼ਾਈ ਕਾਰਜ ਲਈ 'ਕਵਨ' ਦੀ ਰੂਪਾਵਲੀ ਮਿਲਦੀ ਹੈ। ਅਜੋਕੇ ਪੜਨਾਂਵਾਂ ਦੇ ਅਜਿਹੇ ਵਧੇਰੇ ਰੂਪ ਨਹੀਂ ਵਰਤੇ ਗਏ। **ਕਵਨ ਕਵਨ** ਦੇ ਵਿਭਿੰਨ ਰੂਪ ਵਾਕ ਦੇ ਰਿਧਮ ਅਤੇ ਲੈਅ ਦਾ ਕਾਰਜ ਕਰਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਹਨਾਂ ਦੀ ਰੂਪਾਤਮਕ ਬਣਤਰ ਵਿਸ਼ੇਸ਼ ਕਿਸਮ ਦੀ ਹੈ। ਸੋ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੂਹਰੇ ਪੜਨਾਂਵਾਂ ਦੀ ਇਕਹਿਰੇ ਪੜਨਾਂਵ ਰੂਪਾਂ ਤੋਂ ਭਿੰਨਤਾ, ਅਜੋਕੇ ਪੜਨਾਂਵ ਰੂਪਾਂ ਤੋਂ ਭਿੰਨਤਾ, ਦੂਹਰੇ ਪੜਨਾਂਵਾਂ ਦੀ ਸਮੁਚੀ ਸ਼ਬਦਾਵਲੀ ਅਤੇ ਪੜਨਾਂਵ ਦੀਆਂ ਵਿਭਿੰਨ ਪ੍ਰਕਾਰਜੀ ਇਕਾਈਆਂ ਦਾ ਅਧਿਐਨ ਕੀਤਾ ਹੈ।

**ਅਧਿਆਇ ਪੰਜਵਾਂ**, ਵਿਚ 'ਵਿਸ਼ੇਸ਼ਣ' ਸ਼ਬਦ ਸ਼੍ਰੇਣੀ ਦੇ ਰੂਪਗਤ ਦੁਹਰੁਕਤੀਯੁਕਤ ਸ਼ਬਦਾਂ ਦਾ ਅਧਿਐਨ ਕੀਤਾ ਹੈ। ਵਾਕੰਸ਼ ਦੇ ਰੂਪ ਵਿਚ ਇਕ ਵਿਸ਼ੇਸ਼ਣ ਰੂਪ ਦਾ ਦੁਹਰਾਉ 'ਵਿਸ਼ੇਸ਼ਣ ਦੁਹਰੁਕਤੀ' ਹੈ। ਵਿਸ਼ੇਸ਼ਣ 'ਖੁਲੀ ਸ਼ਬਦ' ਸ਼੍ਰੇਣੀ ਹੋਣ ਕਾਰਨ ਇਸਦੇ ਵਿਭਿੰਨ ਅਤੇ ਅਸੀਮ ਰੂਪ ਮਿਲਦੇ ਹਨ। ਦੁਹਰੁਕਤੀ ਇਸਦੀ ਸ਼ਬਦਾਵਲੀ ਨੂੰ ਸੀਮਿਤ ਕਰ ਦਿੰਦੀ ਹੈ। ਦੁਹਰੁਕਤੀ ਦੇ ਅੰਤਰਗਤ 'ਗੁਣ ਵਾਚਕ ' ਅਤੇ 'ਸੰਖਿਅਕ ਵਿਸ਼ੇਸ਼ਣਾਂ' ਦਾ ਦੁਹਰਾਉ ਵਧੇਰੇ ਮਿਲਦਾ ਹੈ। ਨਿਸ਼ਚੇਵਾਚਕ ਵਿਸ਼ੇਸ਼ਣਾਂ ਦੀ ਦੂਹਰੀ ਵਰਤੋਂ ਨਹੀਂ ਮਿਲਦੀ,

ਅਨਿਸ਼ਚੇਵਾਚਕ, ਪ੍ਰਸ਼ਨਵਾਚਕ ਅਤੇ ਪੜਨਾਵੀਂ ਪਿਛੇਤਰਾਂ ਦੀ ਸੀਮਿਤ ਵਰਤੋਂ ਮਿਲਦੀ ਹੈ। ਦੂਹਰੇ ਰੂਪ ਵਿਚ ਮਿਲਦੇ ਵਿਸ਼ੇਸ਼ਣਾਂ ਦੀਆਂ ਖੋਜ-ਕਾਰਜ ਵਿਚ ਸਾਰਣੀਆਂ ਦਿੱਤੀਆਂ ਗਈਆਂ ਹਨ।

ਵਾਕ ਬਣਤਰ ਵਿਚ 'ਵਿਸ਼ੇਸ਼ਣ' ਸਥਾਨ ਕਰਕੇ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਵਿਚ ਵਿਚਰਦੇ ਹਨ। ਸਹਾਇਕ ਕਿਰਿਆ ਦੇ ਨਾਲ 'ਕਿਰਿਆ ਪੂਰਕ' ਦੀ ਸਥਿਤੀ ਵਿਚ ਹੁੰਦੇ ਹਨ। ਕਾਰਜ ਪੱਖ ਤੋਂ 'ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰਦੇ ਹਨ , ਸੰਖਿਅਕ ਵਿਸ਼ੇਸ਼ਣਾਂ ਤੋਂ ਬਿਨਾਂ। ਕਿਰਿਆ ਨਾਲ ਵਰਤੇ ਸੰਖਿਅਕ ਵਿਸ਼ੇਸ਼ਣ 'ਕਿਰਿਆ ਦੀ ਵਿਸ਼ੇਸ਼ਤਾ' ਦਾ ਕਾਰਜ ਵੀ ਕਰਦੇ ਹਨ। ਇਹਨਾਂ ਦਾ ਪ੍ਰਕਾਰਜ ਵਾਕ ਦੀ ਸਮੁਚੀ ਬਣਤਰ 'ਤੇ ਨਿਰਭਰ ਕਰਦਾ ਹੈ । ਪਿਛੇਤਰਾਂ ਦੀ ਵਰਤੋ ਤੋਂ ਬਣੇ 'ਵਿਸ਼ੇਸ਼ਣ' ਰੂਪ ਤਿੰਨ ਤਰ੍ਹਾਂ ਦੇ ਮਿਲਦੇ ਹਨ।

ਦੁਹਰੁਕਤੀਯੁਕਤ ਰੂਪ ਵਿਚ ਵਰਤੇ ਵਿਸ਼ੇਸ਼ਣਾਂ ਦਾ ਕਾਰਜ ਇਕਹਿਰੇ ਵਿਸ਼ੇਸ਼ਣਾਂ ਤੋਂ ਭਿੰਨ ਹੈ। ਵਾਕ ਬਣਤਰ ਵਿਚ 'ਅਰਥ ਆਦੇਸ਼, ਅਰਥ ਵਿਸਥਾਰ, ਦਬਾਉ' ਅਤੇ 'ਅਰਥ ਅਗਰਭੂਮਣ' ਦਾ ਕਾਰਜ ਕਰਦੇ ਹਨ। ਦਬਾਉ ਵਜੋਂ ਦੂਹਰੇ ਸ਼ਬਦ ਦਾ ਅਰਥ ਅਗਰਭੂਮੀ ਵਿਚ ਕਾਰਜਸ਼ੀਲ ਹੁੰਦਾ ਹੈ। ਮਾਨਵ ਦੇ ਸੰਦਰਭ ਵਿਚ ਗੁਣ ਵਾਚਕ ਵਿਸ਼ੇਸ਼ਣ 'ਬਹੁਵਚਨ' ਦਾ ਕਾਰਜ ਕਰਦੇ ਹਨ। ਅਨਿਸ਼ਚੇਵਾਚਕ ਵਿਸ਼ੇਸ਼ਣ ਦਾਰਸ਼ਨਿਕ ਪ੍ਰਸੰਗ ਵਿਚ 'ਗੁਣ ਵਾਚਕ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ ਤੇ ਵਸਤੂ ਵਾਚਕ ਨਾਵਾਂ ਨਾਲ 'ਵਿਭਿੰਨਤਾ' ਦਾ ਕਾਰਜ ਕਰਦੇ ਹਨ । ਇਸ ਤਰ੍ਹਾਂ ਇਕੋ ਰੂਪ ਵਰਤੋਂ ਦੇ ਪ੍ਰਸੰਗ ਵਿਚ ਵਿਭਿੰਨ ਇਕਾਈਆਂ ਦਾ ਕਾਰਜ ਕਰਦੇ ਹਨ। ਸੁਹਜ ਦੇ ਪੱਖ ਤੋਂ ਦੂਹਰੇ ਰੂਪ ਕਾਵਿ ਦਾ ਵਜਨ ਪੂਰਦੇ ਹਨ ਅਤੇ 'ਤਾਲ' ਨੂੰ ਇਕਸੁਰ ਕਰਦੇ ਹਨ। ਅਜਿਹੀ ਸਥਿਤੀ ਵਿਚ ਇਕਹਿਰਾ ਰੂਪ ਵਰਤਣ ਨਾਲ ਰਿਦਮ ਵਿਚ ਖ਼ਲਲ ਪੈਦਾ ਹੁੰਦਾ ਹੈ, ਜਾਂ ਕਾਵਿ ਰੂਪ ਕਾਵਿ ਨਾ ਹੋ ਕੇ ਵਧੇਰੇ 'ਵਾਰਤਕ' ਜਾਪਦਾ ਹੈ। ਦੁਹਰੁਕਤੀ ਦੇ ਅਜਿਹੇ ਰੂਪ ਵੀ ਮਿਲਦੇ ਹਨ, ਜਿਹੜੇ ਸਤਹ੍ਹੀ ਪੱਧਰ 'ਤੇ ਦੁਹਰੁਕਤੀਯੁਕਤ ਹਨ। ਖੋਜ-ਕਾਰਜ ਵਿਚ ਅਜਿਹੇ ਦੂਹਰੇ ਰੂਪਾਂ ਨੂੰ ਦੁਹਰੁਕਤੀ ਤੋਂ ਨਿਖੇੜਿਆਂ ਹੈ।

**ਅਧਿਆਇ ਛੇਵਾਂ**, ਵਿਚ ਕਿਰਿਆ ਸ਼ਬਦਾਵਲੀ ਦੇ ਦੂਹਰੇ ਰੂਪਾਂ ਦਾ ਵਿਸ਼ਲੇਸ਼ਣ ਕੀਤਾ ਹੈ। ਦੁਹਰੁਕਤੀਯੁਕਤ ਕਿਰਿਆ ਰੂਪਾਂ ਦੀ ਇਕਹਿਰੇ ਕਿਰਿਆ ਰੂਪਾਂ ਅਤੇ ਵਰਤਮਾਨ ਕਿਰਿਆ ਰੂਪਾਂ ਤੋਂ ਚੋਖੀ ਭਿੰਨਤਾ ਮਿਲਦੀ ਹੈ।

ਕਿਰਿਆ ਰੂਪਾਂ ਦੀ ਸਿਰਜਨਾ ਵਿਧੀ ਵੀ ਵਿਸ਼ੇਸ਼ ਹੈ। ਦੁਹਰੁਕਤੀਯੁਕਤ ਕਿਰਿਆਵਾਂ ਦੀ ਵਰਤੋਂ 'ਕਿਰਿਆ ਵਾਕੰਸ਼' ਜਾਂ 'ਵਾਕ ਬਣਤਰ' ਅਨੁਸਾਰ ਨਹੀਂ, ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਅਨੁਸਾਰ ਮਿਲਦੀ ਹੈ। ਸੰਚਾਲਕ ਕਿਰਿਆਵਾਂ ਦੀ ਦੂਹਰੀ ਵਰਤੋਂ ਪ੍ਰਕਾਰਜੀ ਇਕਾਈ ਦੇ ਨਾਲ ਸੰਬੰਧਕ ਦਾ ਕਾਰਜ ਕਰਦੀ ਹੈ। ਦੁਹਰੁਕਤੀ 'ਸੰਬੰਧਕ' ਦੀ ਵੱਖਰੇ ਤੌਰ 'ਤੇ ਵਰਤੋਂ ਨੂੰ ਖ਼ਾਰਜ ਕਰਦੀ ਹੈ।

ਦੁਹਰੁਕਤੀਯੁਕਤ ਰੂਪ ਵਿਚ 'ਅਕਾਲਕੀ' ਕਿਰਿਆਵਾਂ ਦੇ ਪਿਛੇਤਰਯੁਕਤ ਰੂਪ ਨਹੀਂ ਕੇਵਲ 'ਧਾਤੂ' ਰੂਪ ਮਿਲਦੇ ਹਨ। 'ਅਕਾਲਕੀ' ਪਿਛੇਤਰ ਕਿਰਿਆ ਦੇ ਇਕਹਿਰੇ ਰੂਪਾਂ ਨਾਲ ਮਿਲਦੇ ਹਨ। 'ਕਾਲਕੀ' ਕਿਰਿਆਵਾਂ ਦੇ ਸੀਮਿਤ ਪਿਛੇਤਰ ਮਿਲਦੇ ਹਨ। ਇਹ ਪਿਛੇਤਰ ਵਾਕ ਵਿਚ 'ਲੈਅ' ਦਾ ਕਾਰਜ ਕਰਦੇ ਹਨ। ਜਿਥੇ ਦੂਹਰੇ ਰੂਪਾਂ ਵਿਚ ਵਜਨ ਜਾਂ ਰਿਧਮ ਨਹੀਂ ਬਣਦਾ, ਉਥੇ ਕੁਝ ਪਿਛੇਤਰਾਂ ਦੀ ਵਰਤੋਂ ਮਿਲਦੀ ਹੈ। ਦੁਹਰੁਕਤੀਯੁਕਤ ਰੂਪ 'ਜਪਿ ਜਪਿ, ਸਿਮਰਿ ਸਿਮਰਿ, ਕਰਿ ਕਰਿ, ਸੁਣਿ ਸੁਣਿ, ਪੜਿ ਪੜਿ' ਦੀ ਵਰਤੋਂ ਵਧੇਰੇ ਹੈ।

ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀਯੁਕਤ ਕਿਰਿਆ ਰੂਪ ਵਿਸ਼ੇਸ਼ ਤੌਰ 'ਤੇ 'ਨਿਰੰਤਰਤਾ/ ਲਗਾਤਾਰਤਾ' ਅਤੇ 'ਬਾਰੰਬਾਰਤਾ' ਦਾ ਪ੍ਰਕਾਰਜ ਕਰਦੇ ਹਨ। ਕਰਮ ਦੀ ਪ੍ਰਾਪਤੀ ਵਜੋਂ ਕਿਰਿਆ ਰੂਪ ਕਾਰਜ ਦੀ ਬਾਰੰਬਾਰਤਾ ਜਾਂ ਲਗਾਤਾਰਤਾ ਨੂੰ ਨਿਰੰਤਰ ਬਣਾਈ ਰੱਖਦੇ ਹਨ। ਇਕਹਿਰਾ ਰੂਪ ਕਿਰਿਆ ਦੇ ਮੂਲ ਅਰਥਾਂ ਦਾ ਪ੍ਰਕਾਰਜ ਕਰਦਾ ਹੈ, ਨਾ ਕਿ ਵਿਸ਼ੇਸ਼ ਅਰਥਗਤ ਇਕਾਈ ਦਾ। ਇਕਹਿਰੇ ਰੂਪ ਤੋਂ ਕਾਰਜੀ ਇਕਾਈ (ਬਾਰੰਬਾਰਤਾ ਜਾਂ ਲਗਾਤਾਰਤਾ) ਦੇ ਅਰਥਾਂ ਲਈ ਵਿਸ਼ੇਸ਼ ਸ਼ਬਦ (ਵਿਸ਼ੇਸ਼ਣ) ਦੀ ਵਰਤੋਂ ਕੀਤਿਆ ਕਾਵਿ ਵਾਕਾਂ ਦੀ ਬਣਤਰ ਅਤੇ ਕਾਵਿ ਸੁਹਜ ਪ੍ਰਭਾਵਿਤ ਹੁੰਦਾ ਹੈ। ਕਿਰਿਆ ਦੇ ਵਿਸ਼ੇਸ਼ ਪ੍ਰਕਾਰਜ ਲਈ ਦੁਹਰੁਕਤੀਯੁਕਤ ਕਿਰਿਆ ਦੀ ਵਰਤੋਂ ਮਿਲਦੀ ਹੈ। ਦੂਹਰਾ ਰੂਪ ਕਾਵਿ ਸੁਹਜ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੈ।

**ਅਧਿਆਇ ਸੱਤਵਾਂ**, ਕਿਰਿਆ ਵਿਸ਼ੇਸ਼ਣ ਸ਼ਬਦ ਸ਼੍ਰੇਣੀ 'ਕਿਰਿਆ' ਨਾਲ ਸੰਬੰਧਿਤ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੇ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦਾ ਰੂਪ ਅਤੇ ਪ੍ਰਕਾਰਜੀ ਅਧਿਐਨ ਕੀਤਾ ਹੈ। ਨਾਂਵ ਅਤੇ ਕਿਰਿਆ ਸ਼ਬਦਾਂ ਦੀ ਦੂਹਰੀ ਵਰਤੋਂ ਅਤੇ ਇਹਨਾਂ ਦੇ ਧਾਤੂ ਰੂਪਾਂ ਨਾਲ ਪਿਛੇਤਰ ਲਾ ਕੇ ਬਣੇ

ਸ਼ਬਦ, ਵਾਕ ਦੇ ਪ੍ਰਸੰਗ ਵਿਚ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਇਸ ਤਰ੍ਹਾਂ ਕਿਰਿਆ ਵਿਸ਼ੇਸ਼ਣਾਂ ਦੀ ਬਣਤਰ ਦੇ ਮੁਖ ਰੂਪ ਵਿਚ ਦੋ ਭੇਦ ਹਨ। ਅਰਥ ਦੇ ਪੱਖ ਤੋਂ ਇਸਦੇ ਛੇ ਭੇਦ ਹਨ।

ਸਿੱਧੇ ਢੰਗ ਨਾਲ ਜਿਥੇ ਵਿਭਿੰਨ ਸ਼ਬਦ ਸ਼੍ਰੇਣੀਆਂ ਦੇ ਸ਼ਬਦ 'ਕਿਰਿਆ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ, ਉਥੇ ਸ਼ਬਦ ਦਾ 'ਮੂਲ ਅਰਥ' ਨਹੀਂ ਬਦਲਦਾ , ਬਲਕਿ ਉਸਦਾ 'ਕਾਰਜ' ਬਦਲਦਾ ਹੈ। ਅਜਿਹੇ ਪ੍ਰਸੰਗ ਵਿਚ ਦੂਹਰਾ ਰੂਪ 'ਕਾਰਜੀ ਆਦੇਸ਼' ਦਾ ਪ੍ਰਕਾਰਜ ਕਰਦਾ ਹੈ। ਇਕਹਿਰਾ ਵਿਸ਼ੇਸ਼ਣੀ ਰੂਪ ਮੂਲ ਅਰਥਾਂ ਤੱਕ ਸੀਮਿਤ ਰਹਿੰਦਾ ਹੈ, ਦੁਹਰੁਕਤੀ ਮੂਲ ਅਰਥਾਂ ਦੇ ਨਾਲ 'ਕਿਰਿਆ ਦੀ ਕਾਰਜੀ ਇਕਾਈ' ਅਤੇ 'ਕਾਵਿ ਸੁਹਜ' ਦਾ ਕਾਰਜ ਕਰਦੀ ਹੈ। ਇਹ ਮੂਲ ਅਰਥ ਸੰਚਾਰ ਦੇ ਨਾਲ ਵਾਕ ਦੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਵੀ ਕਰਦੇ ਹਨ, ਜੋ ਇਕਹਿਰੇ ਰੂਪ ਵਿਚ ਸੰਭਵ ਨਹੀਂ। ਕਿਰਿਆ ਵਿਸ਼ੇਸ਼ਣ ਦੇ ਕੁਝ ਰੂਪ ਅਜਿਹੇ ਹਨ, ਜਿਹੜੇ ਦੁਹਰੁਕਤੀਯੁਕਤ ਰੂਪ ਵਿਚ ਹੀ ਸਾਰਥਕ ਅਰਥ ਸੰਚਾਰ ਕਰਦੇ ਹਨ। ਦੁਹਰੁਕਤੀਯੁਕਤ ਸ਼ਬਦਾਂ ਦੀ ਇਕਹਿਰੇ ਸ਼ਬਦਾਂ ਤੋਂ ਕੇਵਲ ਰੂਪਗਤ ਭਿੰਨਤਾ ਨਹੀਂ, ਬਲਕਿ ਕਾਰਜ ਦੇ ਪੱਖ ਤੋਂ ਵੀ ਭਿੰਨਤਾ ਹੈ। ਵਾਕ ਬਣਤਰ ਵਿਚ ਦੁਹਰੁਕਤੀ ਵਿਸ਼ੇਸ਼ ਪ੍ਰਕਾਰਜੀ ਅਰਥ, ਵਾਕ ਦੀ ਭਾਵ ਬਣਤਰ, ਕਾਵਿ ਵਜਨ ਆਦਿ ਦਾ ਕਾਰਜ ਕਰਦੇ ਹਨ। ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਦੀਆਂ 'ਪ੍ਰਕਾਰਜੀ ਇਕਾਈਆਂ, ਇਕਹਿਰੇ ਰੂਪਾਂ ਤੋਂ ਭਿੰਨਤਾ, ਵਾਕ ਬਣਤਰ ਵਿਚ ਇਹਨਾਂ ਦਾ ਸਥਾਨ, ਕਾਵਿ ਦੀ ਦ੍ਰਿਸਟੀ ਤੋਂ ਮਹੱਤਵ, ਦੁਹਰੁਕਤੀਯੁਕਤ ਸ਼ਬਦਾਂ ਤੋਂ ਦੂਹਰੇ ਰੂਪ ਵਿਚ ਵਿਚਰਦੇ ਇਕਹਿਰੇ ਸ਼ਬਦਾਂ ਤੋਂ ਵੱਖਰਤਾ ' ਆਦਿ ਦਾ ਅਧਿਐਨ ਕੀਤਾ ਹੈ।

ਇਸ ਤਰ੍ਹਾਂ ਹਥਲੇ ਖੋਜ-ਕਾਰਜ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦਾ ਸਮੁੱਚੇ ਰੂਪ ਵਿਚ ਅਧਿਐਨ ਕੀਤਾ ਹੈ। ਪੰਜਾਬੀ ਵਿਚ ਦੁਹਰੁਕਤੀ ਦੀ ਸਿਧਾਂਤਕ ਸਮਝ ਲਈ 'ਵੇਦ ਅਗਨੀਹੋਤਰੀ' ਦੁਆਰਾ ਦਿੱਤੇ ਦੁਹਰੁਕਤੀ ਦੇ ਲੇਖ ਤੋਂ ਸੇਧ ਲਈ ਹੈ, ਪ੍ਰੰਤੂ ਕੁਝ ਖ਼ਾਮੀਆਂ ਕਾਰਨ ਸਾਡੀ ਉਸ ਨਾਲ ਪੂਰਨ ਰੂਪ ਵਿਚ ਸਹਿਮਤੀ ਨਹੀਂ ਬਣਦੀ। ਸੋ ਦੁਹਰੁਕਤੀਯੁਕਤ ਸ਼ਬਦਾਵਲੀ ਦੀ ਬਣਤਰ ਅਤੇ ਪ੍ਰਕਾਰਜ ਦਾ ਵਿਸ਼ਲੇਸ਼ਣ ਕਰਕੇ ਦੁਹਰੁਕਤੀ ਦੀ ਨਵੀਂ ਵਰਗਵੰਡ ਅਤੇ ਸਿਧਾਂਤਕ ਸਰੂਪ ਘੜਿਆ ਹੈ। ਭਾਸ਼ਾ ਵਿਚ ਦੁਹਰੁਕਤੀ ਦੀ ਭਾਵ ਬਣਤਰ ਦੇ ਪ੍ਰਕਾਰਜੀ ਅਧਿਐਨ ਨਾਲ ਸੰਬੰਧਿਤ **ਲਖਵੀਰ ਸਿੰਘ** ਦਾ

ਐਮ. ਫਿਲ. ਦਾ ਖੋਜ-ਕਾਰਜ ਮਿਲਦਾ ਹੈ। ਇਹ ਵਿਹਾਰਕ ਭਾਸ਼ਾ ਨੂੰ ਆਧਾਰ ਬਣਾ ਕੇ ਪੰਜਾਬੀ ਭਾਸ਼ਾ ਵਿਚ ਕੀਤਾ ਗਿਆ ਮੁਢਲਾ ਖੋਜ-ਕਾਰਜ ਹੈ। ਇਸ ਤੋਂ ਪੂਰਵ ਜਾਂ ਉਪਰੰਤ ਪੰਜਾਬੀ ਦੀ ਦੁਹਰੁਕਤੀਯੁਕਤ ਸ਼ਬਦਾਵਲੀ ਦੇ ਭਾਸ਼ਾਈ ਅਧਿਐਨ ਨਾਲ ਸੰਬੰਧਿਤ ਕੋਈ ਖੋਜ-ਕਾਰਜ ਨਹੀਂ ਮਿਲਦਾ। ਹਥਲਾ ਖੋਜ-ਕਾਰਜ ਕਲਾਸੀਕਲ ਰਚਨਾ ਨੂੰ ਆਧਾਰ ਬਣਾ ਕੇ 'ਦੁਹਰੁਕਤੀਯੁਕਤ ਸ਼ਬਦ ਬਣਤਰ' ਦੀ ਵਿਧੀ ਤੋਂ ਕੀਤਾ ਗਿਆ, ਮੁਢਲਾ ਖੋਜ-ਕਾਰਜ ਹੈ। ਇਸ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਰੂਪਗਤ ਸ਼ਬਦ ਦੁਹਰੁਕਤੀ ਦਾ ਗਹਿਨ ਅਧਿਐਨ ਕੀਤਾ ਹੈ। ਦੁਹਰੁਕਤੀ ਦੀਆਂ ਬਾਕੀ ਕਿਸਮਾਂ ਦੀ ਸੰਖੇਪ ਜਾਣਕਾਰੀ ਦਿੱਤੀ ਹੈ। ਖੋਜ-ਕਾਰਜ ਦੀ ਸਾਰ ਰੂਪ ਵਿਚ ਜਾਣਕਾਰੀ ਉਪਰੰਤ ਖੋਜ-ਕਾਰਜ ਦੇ ਸਿੱਟੇ ਬਹੁਤ ਸੰਖੇਪ ਰੂਪ ਵਿਚ ਅੰਕਿਤ ਕੀਤੇ ਹਨ:

- ਰੂਪਗਤ ਦੁਹਰੁਕਤੀ ਇਕ ਸ਼ਬਦ ਦਾ ਦੁਹਰਾਉ ਹੈ। ਇਸ ਵਿਚ 'ਸ਼ਬਦ' ਕੇਂਦਰ ਵਿਚ ਹੁੰਦਾ ਹੈ। ਅਰਥਗਤ ਦੁਹਰੁਕਤੀ ਵਿਚ ਸ਼ਬਦ ਦਾ 'ਅਰਥ' ਕੇਂਦਰ ਵਿਚ ਹੁੰਦਾ ਹੈ। ਅਰਥ ਨੂੰ ਆਧਾਰ ਬਣਾ ਕੇ ਇਸ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

- ਰੂਪਗਤ ਦੁਹਰੁਕਤੀ ਇਕ ਸ਼ਬਦ ਰੂਪ ਦਾ ਦੁਹਰਾਉ ਕਰਦੀ ਹੈ। ਅਰਥਗਤ ਦੁਹਰੁਕਤੀ ਅਰਥ ਦੀ ਸਾਂਝ ਜਾਂ ਵਿਭਿੰਨਤਾ ਵਾਲੇ ਦੋ ਸ਼ਬਦਾਂ ਦਾ ਦੁਹਰਾਉ ਕਰਦੀ ਹੈ।

- ਰੂਪਗਤ ਅਤੇ ਅਰਥਗਤ ਦੁਹਰੁਕਤੀ 'ਪੂਰਨ' ਦੁਹਰੁਕਤੀ ਦੇ ਦੋ ਭੇਦ ਹਨ। ਜਿਹੜੇ ਸ਼ਬਦ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦੇ, ਉਹ 'ਅਪੂਰਨ' ਦੁਹਰੁਕਤੀ ਦੇ ਭੇਦ ਹਨ।

- ਅਪੂਰਨ ਦੁਹਰੁਕਤੀ ਵਿਚ ਦੋ ਤਰ੍ਹਾਂ ਦੇ ਸ਼ਬਦ ਆਉਂਦੇ ਹਨ। ਇਕ : ਉਹ ਸ਼ਬਦ ਜਿਹਨਾਂ ਦਾ ਇਕ ਸ਼ਬਦ ਸਾਰਥਕ ਤੇ ਦੂਜਾ ਨਿਰਾਰਥਕ ਹੁੰਦਾ ਹੈ। ਦੂਜੇ : ਉਹ ਸ਼ਬਦ ਜਿਹਨਾਂ ਦੇ ਦੋਵੇਂ ਸ਼ਬਦ ਨਿਰਾਰਥਕ ਹੁੰਦੇ ਹਨ।

- 'ਦੁਹਰੁਕਤੀ' ਗੁਰਬਾਣੀ ਦੀ ਗਾਇਨ ਸ਼ੈਲੀ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਸਮੁਚੀ ਗੁਰਬਾਣੀ ਦੇ ਰਾਗਯੁਕਤ ਹੋਣ ਕਾਰਨ ਇਸਨੂੰ ਰਾਗਾਂ ਵਿਚ ਗਾਇਨ ਕੀਤਾ ਜਾਂਦਾ ਹੈ। ਦੁਹਰਾਉ ਵਾਕ ਦੀ ਲੈਅ ਨੂੰ ਲਗਾਤਾਰ ਬਣਾਈ ਰੱਖਦੀ ਹੈ, ਇਸ ਨਾਲ ਵਾਕ ਵਿਚ ਵਧੇਰੇ ਲਮਕਾਅ ਪੈਦਾ ਹੁੰਦਾ ਹੈ।

- ਕਿਸੇ ਸਾਹਿਤਕ ਕਿਰਤ ਵਿਚ 'ਪੂਰਨ ਦੁਹਰੁਕਤੀ' ਵਧੇਰੇ ਮਹੱਤਵ ਰੱਖਦੀ ਹੈ। ਅਪੂਰਨ ਦੁਹਰੁਕਤੀ ਦਾ ਆਪਣੀ ਕਿਸਮ ਦਾ ਵਿਸ਼ੇਸ਼ ਮਹੱਤਵ ਹੈ, ਪ੍ਰੰਤੂ ਇਸਦੀ ਵਰਤੋਂ ਪੂਰਨ ਦੀ ਤੁਲਨਾ ਵਿਚ ਬਹੁਤ ਸੀਮਿਤ ਰੂਪ ਵਿਚ ਕੀਤੀ ਜਾਂਦੀ ਹੈ।

- ਅਗਨੀਹੋਤਰੀ ਨੇ ਪੂਰਨ ਦੁਹਰੁਕਤੀ ਵਿਚ 'ਇਕ ਸ਼ਬਦ ਦਾ ਦੁਹਰਾਉ, ਦੋ ਸ਼ਬਦਾਂ ਦਾ ਦੁਹਰਾਉ' ਦੋ ਭੇਦ ਕੀਤੇ ਹਨ। ਵਿਆਕਰਨਕ ਇਕਾਈ ਵਜੋਂ ਦੋ ਸ਼ਬਦਾਂ ਦਾ ਦੁਹਰਾਉ 'ਵਾਕੰਸ਼' ਦੁਹਰੁਕਤੀ ਹੈ। ਹਥਲੇ ਖੋਜ-ਕਾਰਜ ਵਿਚ ਇਸਨੂੰ 'ਵਾਕੰਸ਼' ਦੁਹਰੁਕਤੀ ਦਾ ਨਾਮ ਦਿੱਤਾ ਹੈ।

- ਦੂਹਰੇ ਦੁਹਰਾਉ ਵਿਚ ਸ਼ਬਦ ਰੂਪਾਂ ਦੀ ਗਿਣਤੀ ਦੋ ਦੋ ਦੇ ਜੁੱਟ ਵਿਚ ਚਾਰ ਹੁੰਦੀ ਹੈ। ਚਾਰ ਰੂਪਾਂ ਦੀ ਇਕੱਠੀ ਵਰਤੋਂ ਦੂਹਰੀ ਦੁਹਰੁਕਤੀ ਹੈ। ਦੁਹਰੁਕਤੀ ਦੀ ਇਹ ਕਿਸਮ 'ਨਾਂਵ' ਸ਼ਬਦ ਸ਼੍ਰੇਣੀ ਵਿਚ ਮਿਲਦੀ ਹੈ।

- ਵਾਕੰਸ਼ ਦੇ ਦੁਹਰਾਉ ਵਿਚ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਆਉਂਦੇ ਹਨ। ਨਾਂਵ ਵਾਕੰਸ਼ ਵਿਚ 'ਕਰਤਾ ਨਾਂਵ ਵਾਕੰਸ਼' ਅਤੇ 'ਕਰਮ ਨਾਂਵ ਵਾਕੰਸ਼' ਹੋ ਸਕਦੇ ਹਨ।

- ਵਧਾਵੀਂ ਦੁਹਰੁਕਤੀ ਵਿਚ ਮੂਲ ਧਾਤੂ ਨਾਲ ਲੱਗੇ 'ਵਧੇਤਰਾਂ' ਦੇ ਆਧਾਰ 'ਤੇ ਇਸ ਦੀ ਸ਼੍ਰੇਣੀ ਵੰਡ ਕੀਤੀ ਜਾਂਦੀ ਹੈ। ਧਾਤੂ ਨਾਲ ਵਧੇਤਰਾਂ ਦੀ ਵਰਤੋਂ ਧਾਤੂ ਦੇ 'ਆਦਿ, ਮੱਧ' ਤੇ 'ਅੰਤ' 'ਤੇ ਕੀਤੀ ਜਾਂਦੀ ਹੈ। ਦੁਹਰੁਕਤੀਯੁਕਤ ਸ਼ਬਦ ਦੇ 'ਆਦਿ, ਮੱਧ' ਤੇ 'ਅੰਤ' 'ਤੇ ਲੱਗੇ ਵਧੇਤਰ, ਕ੍ਰਮਵਾਰ 'ਅਗੇਤਰ ਦੁਹਰੁਕਤੀ, ਮਧੇਤਰ ਦੁਹਰੁਕਤੀ' ਅਤੇ 'ਪਿਛੇਤਰ ਦੁਹਰੁਕਤੀ' ਦੇ ਰੂਪ ਹਨ।

- ਪੰਜਾਬੀ ਭਾਸ਼ਾ ਵਿਚ ਮਧੇਤਰਾਂ ਦੀ ਹੋਂਦ ਨੂੰ ਨਕਾਰਿਆ ਗਿਆ ਹੈ। ਅਗਨੀਹੋਤਰੀ ਨੇ ਵਾਕੰਸ਼ ਬਣਤਰ ਨੂੰ ਮਧੇਤਰ ਦੁਹਰੁਕਤੀ ਵਿਚ ਰੱਖਿਆ ਹੈ। ਮਧੇਤਰਾਂ ਦੀ ਵਰਤੋਂ ਦੋ ਧਾਤੂ ਸ਼ਬਦਾਂ ਦੇ ਵਿਚਾਲੇ ਨਹੀਂ, ਬਲਕਿ ਇਕੋ ਧਾਤੂ ਦੇ ਵਿਚਾਲੇ ਕੀਤੀ ਜਾਂਦੀ ਹੈ।

- ਪੰਜਾਬੀ ਸ਼ਬਦਾਵਲੀ ਦੇ ਆਧਾਰ 'ਤੇ ਅਸੀਂ ਇਸ ਸਿੱਟੇ 'ਤੇ ਪਹੁੰਚੇ ਹਾਂ, ਕਿ ਪੰਜਾਬੀ ਵਿਚ 'ਮਧੇਤਰਾਂ' ਦੀ ਵਰਤੋਂ ਕੀਤੀ ਜਾਂਦੀ ਹੈ। 'ਅਗੇਤਰ' ਅਤੇ 'ਪਿਛੇਤਰ' ਦੀ ਤੁਲਨਾ ਵਿਚ 'ਮਧੇਤਰ' ਘੱਟ ਵਰਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਵਧਾਵੀਂ ਦੁਹਰੁਕਤੀ ਦੇ ਅੰਤਰਗਤ 'ਮਧੇਤਰ

ਦੁਹਰੁਕਤੀ' ਦੀ ਕਿਸਮ ਮਿਲਦੀ ਹੈ, 'ਖਾਲਕੁ ਖਲਕ, ਤਰ ਤਾਰਿ, ਮਰੁ ਮਾਰਿ, ਕੁਚਲ ਕੁਚੀਲ' ਆਦਿ।

- ਅਰਥਗਤ ਦੁਹਰੁਕਤੀ ਵਿਚ 'ਸਮਾਨਾਰਥਕ, ਵਰਗਾਰਥਕ' ਅਤੇ 'ਵਿਰੋਧਾਰਥਕ' ਦੁਹਰੁਕਤੀ ਦੇ ਰੂਪ ਮਿਲਦੇ ਹਨ। ਇਕੋ ਅਰਥ ਵਾਲੇ ਦੋ ਵਿਭਿੰਨ ਸ਼ਬਦਾਂ ਦਾ ਦੁਹਰਾਉ ਸਮਾਨਾਰਥਕ ਦੁਹਰੁਕਤੀ ਹੈ। ਇਕ ਮੂਲ ਨਾਲ ਸੰਬੰਧਿਤ ਦੋ ਵਿਭਿੰਨ ਸ਼ਬਦਾਂ ਦਾ ਦੁਹਰਾਉ ਵਰਗਾਰਥਕ ਦੁਹਰੁਕਤੀ ਹੈ। ਇਸ ਵਿਚਲੇ ਦੋਵੇਂ ਸ਼ਬਦ ਵਿਭਿੰਨ ਅਰਥਾਂ ਨੂੰ ਚਿਹਨਤ ਕਰਦੇ ਵਰਗ ਦੀ ਮੁਢਲੀ ਇਕਾਈ ਦਾ ਪ੍ਰਕਾਰਜ ਵੀ ਕਰਦੇ ਹਨ। ਦੋ ਵਿਰੋਧੀ ਅਰਥਾਂ ਦੀ ਇਕ ਇਕਾਈ ਦੇ ਰੂਪ ਵਿਚ ਵਰਤੋਂ ਵਿਰੋਧਾਰਥਕ ਦੁਹਰੁਕਤੀ ਹੈ।

- ਗੁਰਬਾਣੀ ਵਿਚ 'ਸਮਾਨਾਰਥਕ' ਦੁਹਰੁਕਤੀ ਦੀ ਸਿਰਜਨਾ ਵਿਭਿੰਨ ਭਾਸ਼ਾਵਾਂ ਦੀ ਵਰਤੋਂ ਕਾਰਨ ਤੇ ਵਿਸ਼ੇਸ਼ ਰੂਪ ਵਿਚ 'ਕਾਵਿ ਸ਼ਾਸਤਰ' ਦੇ ਪੱਖ ਤੋਂ ਵਧੇਰੇ ਮਹੱਤਵ ਰੱਖਦੀ ਹੈ।

- ਅਗਨੀਹੋਤਰੀ ਨੇ ਸਮਾਨਾਰਥਕ ਦੁਹਰੁਕਤੀ ਨੂੰ ਇਤਿਹਾਸਕ ਘਟਨਾ ਦਾ ਸਿੱਟਾ ਦੱਸਿਆ ਹੈ। ਅਸੀਂ ਇਸਦੀ ਵਰਤੋਂ ਦੇ ਉਪਰੋਕਤ ਦੋ ਕਾਰਨ ਮੰਨਦੇ ਹਾਂ। 'ਸਮਾਨਾਰਥਕ' ਵਰਤੋਂ ਕਾਵਿ ਵਾਕਾਂ ਵਿਚ 'ਰਿਧਮ, ਲੈਅ' ਅਤੇ 'ਵਜਨ' ਦਾ ਕਾਰਜ ਕਰਦੀ ਹੈ।

- ਵਿਰੋਧਾਰਥਕ ਦੁਹਰੁਕਤੀ ਦੀ ਵਧੇਰੇ ਵਰਤੋਂ 'ਸਮਦ੍ਰਿਸਟੀ' ਤੇ 'ਗੁਣਾਤਮਕ ਪਰਿਵਰਤਨ' (ਨੀਵੇਂ ਤੋਂ ਉਚੇ ਗੁਣਾਂ ਵਿਚ) ਦੇ ਪ੍ਰਕਾਰਜ ਵਿਚ ਹੈ। 'ਵਿਰੋਧੀ' ਅਰਥਾਂ ਦਾ ਪ੍ਰਕਾਰਜ ਬਹੁਤ ਸੀਮਿਤ ਵਾਕਾਂ ਵਿਚ ਮਿਲਦਾ ਹੈ। ਇਸਦਾ ਕਾਰਨ ਗੁਰਬਾਣੀ ਦਾ ਦਾਰਸ਼ਨਿਕ ਮਹੱਤਵ ਹੈ। ਗੁਰਬਾਣੀ ਵਿਰੋਧ ਦਾ ਖ਼ਾਤਮਾ ਕਰਦੀ ਹੈ।

- ਗੁਰੂ ਗ੍ਰੰਥ ਸਾਹਿਬ ਵਿਚ 'ਵਰਗਾਰਥਕ' ਦੁਹੁਰਕਤੀ ਦੀ ਸਮੱਗਰੀ ਬਾਕੀ ਕਿਸਮਾਂ ਤੋਂ ਵਧੇਰੇ ਮਿਲਦੀ ਹੈ। ਇਸਦੀ ਸਮੱਗਰੀ ਦੇ ਆਧਾਰ 'ਤੇ ਇਸਦੇ ਵਿਭਿੰਨ ਉਪਵਰਗ ਬਣਦੇ ਹਨ।

- 'ਧੁਨੀ ਪਰਿਵਰਤਨ, ਧੁਨੀ ਆਗਮ, ਧੁਨੀ ਲੋਪ' ਪੂਰਨ ਤੇ ਅਪੂਰਨ ਦੁਹਰੁਕਤੀ ਦੀਆਂ ਕਿਸਮਾਂ ਹਨ। ਇਹਨਾਂ ਦੀ ਸੀਮਿਤ ਵਰਤੋਂ ਰੂਪਗਤ ਦੁਹਰੁਕਤੀ ਵਿਚ ਕੀਤੀ ਜਾਂਦੀ ਹੈ, ਪੂਰਨ ਰੂਪਗਤ

ਦੁਹਰੁਕਤੀ ਵਿਚ ਧੁਨੀ ਦੇ ਇਹ ਨਿਯਮ ਦੁਹਰੁਕਤੀਯੁਕਤ ਰੂਪ ਵਿਚ ਇਕ ਸਾਰਥਕ ਸ਼ਬਦਾਂ ਦੀ ਸਿਰਜਨਾ ਕਰਦੇ ਹਨ। ਧੁਨੀ ਪਰਿਵਰਤਨ: 'ਹੈਵਰ ਗੈਵਰ (ਘੋੜੇ ਹਾਥੀ), ਕੂਕਰ ਸੂਕਰ (ਕੁੱਤੇ ਸੂਰ), ਤੰਤ ਮੰਤ (ਤੰਤਰ ਮੰਤਰ), ਮੀਤ ਹੀਤ (ਮਿੱਤਰ ਹਿੱਤੂ)' ਆਦਿ।

- ਅਪੂਰਨ ਦੁਹਰੁਕਤੀ ਦੇ ਕੁਝ ਅਜਿਹੇ ਰੂਪ ਮਿਲਦੇ ਹਨ, ਜਿਸਦੇ ਦੋਵੇਂ ਸ਼ਬਦ ਨਿਰਾਰਥਕ ਹਨ। 'ਭੰਭਲ ਭੂਸੇ, ਰਹਦੀ ਖੁਹਦੀ, ਲੋਟ ਪੋਟ, ਰੁਣ ਝੁਣ, ਛਾਈ ਮਾਈ' ਦੁਹਰੁਕਤੀਯੁਕਤ ਸ਼ਬਦਾਂ ਦੇ ਦੋਵੇਂ ਰੂਪ ਨਿਰਾਰਥਕ ਹਨ। ਇਕਹਿਰੇ ਰੂਪ ਵਿਚ ਅਜਿਹੇ ਸ਼ਬਦਾਂ ਦੀ ਵਰਤੋਂ ਸੰਭਵ ਨਹੀਂ, ਇਹ ਹਮੇਸ਼ਾਂ ਦੂਹਰੇ ਰੂਪ ਵਿਚ ਅਰਥ ਗ੍ਰਹਿਣ ਅਤੇ ਅਰਥ ਸੰਚਾਰ ਕਰਦੇ ਹਨ। ਇਹ ਸ਼ਬਦ ਨਵੀਂ ਅਰਥਗਤ ਇਕਾਈ ਸਿਰਜਦੇ ਹਨ। ਇਸ ਤਰ੍ਹਾਂ ਵਿਸ਼ੇਸ਼ ਤੌਰ 'ਤੇ 'ਅਪੂਰਨ' ਦੁਹਰੁਕਤੀ ਸ਼ਬਦ ਸਿਰਜਨਾ ਦੇ ਨਾਲ ਨਾਲ 'ਅਰਥ' ਸਿਰਜਨਾ ਦਾ ਪ੍ਰਕਾਰਜ ਵੀ ਕਰਦੀ ਹੈ।
- ਰੂਪ ਵਿਗਿਆਨ ਦੇ ਅੰਤਰਗਤ 'ਸਮਾਸ' ਅਤੇ 'ਦੁਹਰੁਕਤੀ' ਸ਼ਬਦ ਸਿਰਜਨਾ ਦੀਆਂ ਦੋ ਵਿਭਿੰਨ ਵਿਧੀਆਂ ਹਨ। ਸਮਾਸ ਦੇ ਅੰਤਰਗਤ ਦੋ ਸ਼ਬਦਾਂ ਦੇ ਜੋੜ ਤੋਂ ਬਣਿਆਂ ਇਕ 'ਨਵਾਂ ਸ਼ਬਦ' ਸਮਾਸੀ ਸ਼ਬਦ ਹੈ। ਦੂਹਰ ਦੇ ਅੰਤਰਗਤ ਹਮੇਸ਼ਾਂ ਦੋ ਸ਼ਬਦ 'ਇਕ ਇਕਾਈ' ਦੇ ਰੂਪ ਵਿਚ ਵਿਚਰਦੇ ਹਨ।
- ਸਮਾਸੀ ਸ਼ਬਦ ਦਾ ਕੋਸ਼ੀ ਅਰਥ ਉਸਦੇ ਮੂਲ ਅਰਥਾਂ ਤੋਂ ਭਿੰਨ ਹੁੰਦਾ ਹੈ। ਦੁਹਰੁਕਤੀਯੁਕਤ ਸ਼ਬਦ ਕੋਸ਼ੀ ਅਰਥਾਂ ਦਾ ਵਿਸਥਾਰ ਅਤੇ ਵਿਸ਼ੇਸ਼ ਕਾਰਜੀ ਇਕਾਈਆਂ ਦਾ ਪ੍ਰਕਾਰਜ ਕਰਦੇ ਹਨ।
- 'ਸ਼ਬਦ' ਦੁਹਰੁਕਤੀ ਅਤੇ 'ਵਾਕੰਸ਼' ਦੁਹਰੁਕਤੀ ਸਾਰੇ ਬਾਣੀਕਾਰਾਂ ਦੀ ਬਾਣੀ ਵਿਚ ਮਿਲਦੀ ਹੈ, ਜਦਕਿ 'ਵਾਕ' ਦੁਹਰੁਕਤੀ 'ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ' ਅਤੇ 'ਭਟ ਗਯੰਦ' ਦੀ ਬਾਣੀ ਵਿਚ ਮਿਲਦੀ ਹੈ।
- ਗੁਰਬਾਣੀ ਵਿਚ ਜੋ ਕੰਮ ਰਹਾਉ ਦੀ ਪੰਕਤੀ ਤੋਂ ਲਿਆ ਹੈ। ਵਾਕ ਦੁਹਰੁਕਤੀ ਵਿਚ ਉਹੀ ਕਾਰਜ 'ਵਾਕ ਦਾ ਦੁਹਰਾਉ' ਕਰਦਾ ਹੈ।

- ਅਗੇਤਰ ਰੂਪੀ ਵਧੇਤਰ 'ਸ਼੍ਰੇਣੀ ਰੱਖਿਅਕ' ਅਤੇ 'ਸ਼੍ਰੇਣੀ ਬਦਲੂ' ਸ਼ਬਦਾਂ ਦੀ ਸਿਰਜਨਾ ਕਰਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਅਗੇਤਰ ਵਰਗਾਰਥਕ, ਵਿਰੋਧਾਰਥਕ ਅਤੇ ਦਬਾਉ ਬੋਧਕ ਸ਼ਬਦਾਂ ਦੀ ਸਿਰਜਨਾ ਕਰਦੇ ਹਨ।

- ਕਾਰਜ ਪੱਖ ਤੋਂ 'ਅਗੇਤਰ' ਵਿਸ਼ੇਸ਼ ਅਰਥਗਤ ਇਕਾਈਆਂ 'ਅਰਥ ਅਪਕਰਸ਼, ਅਰਥ ਉਤਕਰਸ਼' ਅਤੇ 'ਅਰਥ ਵਿਸਥਾਰ' ਦਾ ਕਾਰਜ ਕਰਦੇ ਹਨ।

- 'ਅ, ਸੁ, ਬੇ, ਸਤਿ, ਗੁਰ, ਪਾਤਿ, ਬਾਦਿ' ਆਦਿ ਅਗੇਤਰ 'ਅਰਥ ਉਤਕਰਸ਼' ਦਾ ਕਾਰਜ ਕਰਦੇ ਹਨ। ਅਰਥ ਉਤਕਰਸ਼ ਵਿਚ ਅਗੇਤਰ ਨਾਂਵ ਨਾਲ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ। ਅਰਥ ਮੂਲ ਅਰਥਾਂ ਤੋਂ ਉੱਚ ਅਰਥਾਂ ਵੱਲ ਜਾਂਦਾ ਹੈ।

- 'ਅ, ਅਉ, ਅਨ, ਅਵ, ਕੁ, ਦੁਰ, ਨੀ' ਅਗੇਤਰ ਰੂਪ ਦੁਹਰੁਕਤੀਯੁਕਤ ਰੂਪ ਵਿਚ 'ਅਰਥ ਅਪਕਰਸ਼' ਦਾ ਕਾਰਜ ਕਰਦੇ ਹਨ। ਪਤਿ ਅਪਤਿ, ਸਗਨ ਅਪਸਗਨ, ਅਪਵਿਤ੍ਰ ਪਵਿਤ੍ਰ, ਥਾਉ ਕੁਥਾਉ ਆਦਿ।

- ਖੋਜ-ਕਾਰਜ ਵਿਚ 'ਸਥਾਨ ਵਾਚਕ, ਕਾਲ ਵਾਚਕ ' ਅਤੇ 'ਅਲਪ ਭਾਵ ਵਾਚਕ ' ਸ਼ਬਦਾਵਲੀ ਨੂੰ ਨਾਂਵ ਦੀਆਂ ਮੁਖ ਕਿਸਮਾਂ ਵਜੋਂ ਵਿਚਾਰਿਆ ਹੈ। ਇਸ ਤੋਂ ਪੂਰਵ ਨਾਂਵ ਦੀਆਂ ਕਿਸਮਾਂ ਵਿਚ ਇਹਨਾਂ ਨੂੰ ਵਿਚਾਰਿਆਂ ਨਹੀਂ ਗਿਆ। ਖ਼ਾਸ ਨਾਂਵ ਦੇ ਦੋ ਰੂਪ ਵਿਅਕਤੀ ਵਾਚਕ ਖ਼ਾਸ ਨਾਂਵ ਅਤੇ ਸਥਾਨ ਵਾਚਕ ਖ਼ਾਸ ਨਾਂਵ ਹਨ। ਰੂਪਗਤ ਦੁਹੁਰਕਤੀ ਦੇ ਅੰਤਰਗਤ ਇਹਨਾਂ ਦੀ ਦੂਹਰੀ ਵਰਤੋਂ ਨਹੀਂ ਕੀਤੀ ਜਾਂਦੀ।

- ਗੁਰੂ ਗ੍ਰੰਥ ਸਾਹਿਬ ਵਿਚ 'ਸਥਾਨ ਵਾਚਕ' ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ 'ਰੂਪਗਤ ਦੁਹਰੁਕਤੀ' ਵਜੋਂ ਨਹੀਂ ਮਿਲਦੀ। 'ਅਰਥਗਤ ਦੁਹਰੁਕਤੀ ' ਵਿਚ ਇਸਦੀ ਦੂਹਰੀ ਵਰਤੋਂ ਮਿਲਦੀ ਹੈ। 'ਵਿਅਕਤੀ ਵਾਚਕ' ਖ਼ਾਸ ਨਾਂਵਾਂ ਦੀ ਦੂਹਰੀ ਵਰਤੋਂ ਪਰਮਾਤਮਾ ਦੇ ਨਿਰਗੁਣ ਸਰੂਪ ਲਈ ਕੀਤੀ

ਗਈ ਹੈ। ਇਹ ਇਕ ਅਰਥ 'ਤੇ ਦਬਾਉ ਦਾ ਕਾਰਜ ਕਰਦੇ ਹਨ। ਵਾਕ ਦੇ ਪ੍ਰਸੰਗ ਵਿਚ ਖ਼ਾਸ ਨਾਂਵਾਂ ਦੀ ਦੁਹਰੁਕਤੀ 'ਕਾਰਕ' ਪਰਿਵਰਤਨ ਦਾ ਕਾਰਜ ਕਰਦੀ ਹੈ। ਨਾਂਵ 'ਕਰਤਾ' ਤੋਂ 'ਕਰਮ' ਨਾਂਵ ਦੀ ਸਥਿਤੀ ਵਿਚ ਵਿਚਰਦੇ ਹਨ।

- ਦੂਹਰੇ ਰੂਪ ਵਿਚ 'ਜਾਤੀ ਵਾਚਕ' ਆਮ ਨਾਂਵ 'ਵਿਸਿਸਟ ਸ਼੍ਰੇਣੀ' **(ਪੰਡਿਤੁ ਪੰਡਿਤੁ, ਭਗਤੁ ਭਗਤੁ)** ਦਾ ਕਾਰਜ ਕਰਦੇ ਹਨ। ਇਕੋ ਜਾਤੀ ਦੇ ਵਧੇਰੇ ਨਾਂਵਾਂ ਦੀ ਇਕਮਿਕਤਾ/ਇਕੱਠੇ ਹੋਣ ( **ਮੁੰਡੀਆ ਮੁੰਡੀਆ** ਹੂਏ ਏਕ) ਦੇ ਅਰਥ ਦਿੰਦੇ ਹਨ।

- ਕਾਲਪਨਿਕ ਨਾਂਵ (**ਭੂਤੁ ਭੂਤੁ**, **ਪ੍ਰੇਤੁ ਪ੍ਰੇਤੁ)** ਭੈਅਮਈ ਸਥਿਤੀ ਦੇ ਪ੍ਰਕਾਰਜ ਲਈ ਦੁਹਰੁਕਤੀਯੁਕਤ ਰੂਪ ਵਿਚ ਵਰਤੇ ਮਿਲਦੇ ਹਨ। ਭੈਆਤਮਕ ਪ੍ਰਸੰਗ ਵਿਚ ਇਹਨਾਂ ਸ਼ਬਦਾ ਦੀ ਦੂਹਰੀ ਵਰਤੋਂ ਹੀ ਵਾਕ ਦੀ 'ਭਾਵ ਬਣਤਰ' ਦੇ ਅਰਥ ਸੰਚਾਰ ਵਿਚ ਕਾਰਜਸ਼ੀਲ ਹੁੰਦੀ ਹੈ।

- ਭਾਵ ਵਾਚਕ ਨਾਂਵ (ਭੁਲਿ ਭੁਲਿ) ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ ਵਿਧੀ ਦਾ ਪ੍ਰਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹ 'ਕਾਰਜ ਦੀ ਬਾਰੰਬਾਰਤਾ' ਨੂੰ ਦਰਸਾਉਂਦੇ ਹਨ।

- ਜਾਤੀ ਵਾਚਕ ਦੁਹਰੁਕਤੀਯੁਕਤ ਨਾਂਵ ਪ੍ਰਕਾਰਜ ਵਜੋਂ 'ਨਾਂਵ ਨਾਲ ਵਿਸ਼ੇਸ਼ਣ' ਦਾ ਕਾਰਜ ਕਰਦੇ ਹਨ। ਦੂਹਰਾ ਰੂਪ ਵਾਕ ਦੀ ਭਾਵਗਤ ਬਣਤਰ ਵਿਚ ਵਿਸ਼ੇਸ਼ਣ ਅਤੇ ਨਾਂਵ ਦੇ ਅਰਥ ਦਿੰਦਾ ਹੈ।

- ਦੂਹਰੇ ਨਾਂਵ ਵਿਸ਼ੇਸ਼ ਸ਼ਾਬਦਿਕ ਇਕਾਈ 'ਇਕੱਲੇ ਇਕੱਲੇ' ਦੇ ਅਰਥਾਂ ਦਾ ਕਾਰਜ ਕਰਦੇ ਹਨ , (ਘਰਿ ਘਰਿ, ਜੰਗਲੁ ਜੰਗਲੁ)। ਇਸ ਦੀ ਭਾਵ ਬਣਤਰ ਤੱਕ ਪਹੁੰਚਣ ਲਈ ਸ਼ਾਬਦਿਕ ਰੂਪ ਬਦਲਿਆ ਹੈ, ਵਿਧੀ ਦੂਹਰੀ ਹੈ। ਸੋ ਦੁਹਰੁਕਤੀਯੁਕਤ ਸ਼ਬਦਾਂ ਦੀ ਭਾਵ ਬਣਤਰ ਤੱਕ ਇਕਹਿਰਾ ਰੂਪ ਕਾਰਜਸ਼ੀਲ ਨਹੀਂ ਹੁੰਦਾ।

- ਅਰਥ ਵਿਭਿੰਨਤਾ ਵਜੋਂ (ਰੰਗੀ ਰੰਗੀ, ਬਿਖੈ ਬਿਖੈ) ਅਰਥ ਵਿਸਥਾਰ ਦਾ ਕਾਰਜ ਕਰਦੇ ਹਨ।

- ਵਾਕ ਵਿਚ ਵਾਕੰਸ਼ ਵਜੋਂ ਇਕ ਪੜਨਾਂਵ ਰੂਪ ਦੀ ਦੂਹਰੀ ਵਰਤੋਂ 'ਪੜਨਾਂਵ ਦੁਹਰੁਕਤੀ' ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੜਨਾਂਵ ਸ਼ਬਦਾਂ ਦੇ ਵਿਸ਼ੇਸ਼ ਪੁਰਾਤਨ ਰੂਪ ਮਿਲਦੇ ਹਨ।

- ਪਹਿਲਾ ਪੁਰਖ ਪੜਨਾਂਵ ਦੇ ਸੱਤ ਰੂਪ 'ਹਉ ਹਉ (24), ਮੈ ਮੈ (1), ਮੇਰਾ ਮੇਰਾ (6), ਮੇਰੀ ਮੇਰੀ (24), ਮੇਰਉ ਮੇਰਉ (1), ਮੇਰੋ ਮੇਰੋ (1), ਮੋਰ ਮੋਰ (1)' ਦੀ ਦੁਹਰੁਕਤੀਯੁਕਤ ਵਰਤੋਂ ਮਿਲਦੀ ਹੈ।

- ਦੂਹਰੇ ਰੂਪ ਵਿਚ ਪੁਰਖ ਵਾਚਕ ਪੜਨਾਂਵ 'ਅਰਥ ਆਦੇਸ਼' ਦਾ ਕਾਰਜ ਕਰਦੇ ਹਨ। ਹਉ ਹਉ, ਮੈ ਮੈ, ਮੇਰਾ ਮੇਰਾ (ਹਉਮੈ) ਆਦਿ ਦੀ ਵਰਤੋਂ ਕਿਰਿਆ ਨਾਲ ਹੈ। ਕਿਰਿਆ ਨਾਲ ਪੜਨਾਂਵ ਰੂਪ , 'ਭਾਵ ਵਾਚਕ' ਨਾਂਵ ਦਾ ਕਾਰਜ ਕਰਦੇ ਹਨ। ਇਕਹਿਰੇ ਰੂਪ ਵਿਚ ਇਹ ਰੂਪ 'ਪੁਰਖ ਵਾਚਕ' ਪੜਨਾਂਵ ਦਾ ਕਾਰਜ ਕਰਦੇ ਹਨ।

- ਦੂਜਾ ਪੁਰਖ ਪੜਨਾਂਵ ਦੇ ਸੱਤ ਰੂਪ 'ਤੂ ਤੂ (1), ਤੂੰ ਤੂੰ (4), ਤੁਹੀ ਤੁਹੀ (1), ਤੂਹੀ ਤੂਹੀ (3), ਤੂਹੈ ਤੂਹੈ (3), ਤੂੰਹੀ ਤੂੰਹੀ (1), ਤੂੰਹੈ ਤੂੰਹੈ (2)' ਦੀ ਵਰਤੋਂ ਵਿਸ਼ੇਸ਼ ਤੌਰ ਦਾਰਸ਼ਨਿਕ ਪ੍ਰਸੰਗ ਵਿਚ ਹੈ। ਦੂਹਰੇ ਰੂਪ ਇਹ ਪਹਿਲੇ ਪੁਰਖ ਦਾ ਆਪਾ ਭਾਵ ਮਿਟਾਉਣ ਤੇ ਕਿਸੇ ਦੂਜੀ ਹੋਂਦ ਦਾ ਨਿਸ਼ੇਧ ਕਰਦੇ ਹਨ। ਇਸੇ ਤਰ੍ਹਾਂ 'ਨਿਜਵਾਚਕ' ਪੜਨਾਂਵ ਪਰਮਾਤਮਾ ਦੀ ਨਿਜਤਾ ਨੂੰ ਦਰਸਾਉਂਦੇ ਦੂਜੇ ਦੀ ਹੋਂਦ ਦਾ ਨਿਸ਼ੇਧ ਕਰਦੇ ਹਨ। ਨਿਸ਼ੇਧ ਦੇ ਅਰਥਾਂ ਵਿਚ ਕਾਰਜੀ ਇਕਾਈ 'ਅਰਥ ਸੰਕੋਚ' ਦਾ ਪ੍ਰਕਾਰਜ ਕਰਦੀ ਹੈ।

- ਤੀਜੇ ਪੁਰਖ ਪੜਨਾਂਵ ਦੇ **ਸ** ਅਤੇ **ਤ** ਵਾਲੇ ਦੋ ਦੋ ਰੂਪ 'ਸੋਊ ਸੋਊ, ਸੋਈ ਸੋਈ, ਤਿਸ ਤਿਸ, ਤਿਸੁ ਤਿਸੁ' ਵਰਤੇ ਮਿਲਦੇ ਹਨ। **ਸੋਊ ਸੋਊ, ਸੋਈ ਸੋਈ** ਦੀ ਵਰਤੋਂ 'ਓਹ' ਲਈ ਹੈ, **ਤਿਸੁ ਤਿਸੁ** ਦੀ ਵਰਤੋਂ 'ਉਸ' ਲਈ ਕੀਤੀ ਗਈ ਹੈ।

- ਪ੍ਰਸ਼ਨ ਵਾਚਕ ਪੜਨਾਂਵਾਂ ਦੇ ਬਹੁਵਚਨ ਨਹੀਂ ਬਣਦੇ, ਦੂਹਰੇ ਰੂਪ ਬਹੁਵਚਨ ਦਾ ਕਾਰਜ ਕਰਦੇ ਹਨ। ਕੌਣ, ਕਿਹੜਾ ਲਈ ਕੌਣ ਦੇ ਵਿਭਿੰਨ ਰੂਪ 'ਕਉਣ ਕਉਣ, ਕਉਣੁ ਕਉਣੁ, ਕਉਨ ਕਉਨ, ਕਵਨ ਕਵਨ, ਕਵਨੁ ਕਵਨੁ' ਅਤੇ ਸੰਖਿਪਤ ਰੂਪ 'ਕੋ ਕੋ' ਵਰਤੇ ਗਏ ਹਨ।

- 'ਕਿਹੜਾ' ਪੜਨਾਂਵ ਦੀ ਰੂਪਾਵਲੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ, ਇਸ ਲਈ **ਕਵਨ ਕਵਨ** ਦੀ ਵਰਤੋਂ ਸੰਗੀਤਕ ਸੁਰ ਪੈਦਾ ਕਰਨ ਲਈ ਹੋ ਸਕਦੀ ਹੈ। 'ਕਿਹੜੇ' ਦੀ ਵਰਤੋਂ ਨਾਲ ਵਾਕ

ਦੀ ਲੈਅ ਨਹੀਂ ਬਣਦੀ। ਪੜਨਾਂਵਾਂ ਦਾ ਸੰਗੀਤਕ ਸੁਰ ਅਤੇ ਕਾਵਿ ਸੁਹਜ ਵਿਚ ਵਿਸ਼ੇਸ਼ ਮਹੱਤਵ ਹੈ। ਇਹਨਾਂ ਦੇ ਪੁਰਾਤਨ ਜਾਂ ਵਿਸ਼ੇਸ਼ ਬਣਤਰ ਵਾਲੇ ਰੂਪ ਵਧੇਰੇ ਮਿਲਦੇ ਹਨ।

- ਵਿਸ਼ੇਸ਼ਣਾਂ ਦੀ ਦੂਹਰੀ ਵਰਤੋਂ 'ਨਾਂਵ ਵਾਕੰਸ਼' ਅਤੇ 'ਕਿਰਿਆ ਵਾਕੰਸ਼' ਵਾਲੀ ਹੈ। ਨਾਂਵ ਵਾਕੰਸ਼ ਵਿਚ ਇਹ ਨਾਂਵ/ ਪੜਨਾਂਵ ਦੀ ਵਿਸ਼ੇਸ਼ਤਾ ਜਾਂ ਨਾਂਵ ਵਾਕੰਸ਼ ਦਾ ਕਾਰਜ ਕਰਦਾ ਹੈ। ਕਿਰਿਆ ਵਾਕੰਸ਼ ਬਣਤਰ ਵਿਚ ਵਿਸ਼ੇਸ਼ਣ ਦੇ ਪ੍ਰਕਾਰਜ ਵਜੋਂ 'ਕਿਰਿਆ ਪੂਰਕ' ਰੂਪ ਵਿਚ ਵਿਚਰਦੇ ਹਨ।
- ਵਿਸ਼ੇਸ਼ਣ ਸ਼੍ਰੇਣੀ ਵਿਚ 'ਗੁਣਵਾਚਕ' ਵਿਸ਼ੇਸ਼ਣ ਵਧੇਰੇ ਮਿਲਦੇ ਹਨ। ਇਹਨਾਂ ਦੀ ਵਧੇਰੇ ਵਰਤੋਂ ਦਾਰਸ਼ਨਿਕ ਪ੍ਰਸੰਗ ਵਿਚ ਹੈ। ਇਹ ਪਰਮਾਤਮਾ ਦੇ ਵਡੱਪਣ ਨੂੰ ਦਰਸਾਉਂਦੇ , ਇਕੋ ਅਰਥ 'ਤੇ ਦਬਾਉ ਵਜੋਂ ਤੀਬਰਭਾਵ ਦਾ ਪ੍ਰਕਾਰਜ ਕਰਦੇ ਹਨ।
- ਵਿਸ਼ੇਸ਼ਣ ਦੀਆਂ ਦੋ ਕਿਸਮਾਂ 'ਵਿਕਾਰੀ' ਅਤੇ 'ਅਵਿਕਾਰੀ' ਹਨ। ਅਵਿਕਾਰੀ ਵਿਸ਼ੇਸ਼ਣਾਂ ਵਿਚ ਵਿਕਾਰ ਨਹੀਂ ਆਉਂਦਾ, ਗੁਰੂ ਗ੍ਰੰਥ ਸਾਹਿਬ ਦੀ ਆਪਣੀ ਭਾਸ਼ਾਈ ਵਿਸ਼ੇਸ਼ਤਾ ਹੈ , ਕਿ ਅਵਿਕਾਰੀ ਵਿਸ਼ੇਸ਼ਣਾਂ ਵਿਚ ਵਾਕ ਦੇ ਪ੍ਰਸੰਗ ਵਿਚ ਵਿਕਾਰ ਆਉਂਦਾ ਹੈ।
- ਦੁਹਰੁਕਤੀਯੁਕਤ ਸੰਖਿਅਕ ਵਿਸ਼ੇਸ਼ਣ 'ਅਰਥ ਵਿਸਥਾਰ ਅਤੇ ਆਦੇਸ਼ ' ਦਾ ਕਾਰਜ ਕਰਦੇ ਹਨ। 'ਕੋਟਿ ਕੋਟਿ, ਅਰਬ ਖਰਬ' ਨਿਸ਼ਚਤ ਸੰਖਿਅਕ ਵਿਸ਼ੇਸ਼ਣ, 'ਅਨਿਸ਼ਚਤ' ਸੰਖਿਅਕ ਵਿਸ਼ੇਸ਼ਣ ਦਾ ਕਾਰਜ ਕਰਦੇ ਹਨ।
- ਅਰਥਗਤ ਦੁਹਰੁਕਤੀ ਵਿਚ ਦੂਹਰੇ 'ਨਿਸ਼ਚਤ' ਵਿਸ਼ੇਸ਼ਣ ਇਕ ਸੰਖਿਆ ਦਾ ਕਾਰਜ ਕਰਦੇ ਹਨ। ਇਕ ਸੰਖਿਆ ਨੂੰ ਦੂਹਰੇ ਸ਼ਬਦ ਰਾਹੀਂ ਅੰਕਿਤ ਕੀਤਾ ਹੈ। ਪੁਰਾਤਨ ਸਾਹਿਤ ਵਿਚ ਸੰਖਿਅਕ ਵਿਸ਼ੇਸ਼ਣਾਂ ਦੇ ਲਿਖਣ ਦੀ ਇਹ ਵਿਸ਼ੇਸ਼ ਵਿਧੀ ਹੈ।
- ਵਾਕ ਦੇ ਪ੍ਰਸੰਗ ਵਿਚ ਅਰਥਗਤ ਦੁਹਰੁਕਤੀਯੁਕਤ ਸੰਖਿਅਕ ਵਿਸ਼ੇਸ਼ਣ ਸਮੇਂ ਦੀ 'ਅਨਿਸ਼ਚਤ ਸੀਮਿਤ ਸੀਮਾ' ਦਾ ਕਾਰਜ ਕਰਦੇ ਹਨ। ਇਕ ਸੰਖਿਅਕ ਵਿਸ਼ੇਸ਼ਣ ਦੀ ਦੁਹਰੁਕਤੀਯੁਕਤ ਰੂਪਾਵਲੀ ਕਿਰਿਆ ਨਾਲ 'ਬਰਾਬਰਤਾ' ਦਾ ਪ੍ਰਕਾਰਜ ਕਰਦੀ ਹੈ।

- ਪੜਨਾਂਵੀਂ ਵਿਸ਼ੇਸ਼ਣ ਬਹੁਵਚਨ ਦੇ ਕਾਰਜ ਵਾਲੇ ਹਨ। ਬਹੁਵਚਨ ਦੇ ਰੂਪ ਵਿਚ ਇਹ ਸਮੁੱਚੀ ਇਕਾਈ ਦਾ ਕਾਰਜ ਨਹੀਂ ਕਰਦੇ, ਬਲਿਕ ਕਰਮ ਦੇ ਆਧਾਰ 'ਤੇ ਵਿਸ਼ੇਸ਼ਣ ਨੂੰ ਨਿਸ਼ਚਤ ਕਰਦੇ ਹਨ। ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥ ਅੰਗ ੩੦੬

- ਕਿੰਨੇ (ਅਨਿਸ਼ਚਤ) ਕਿਹੜੇ (ਪ੍ਰਸ਼ਨ ਵਾਚਕ) ਸ਼ਬਦ ਦੀ ਵਰਤੋਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦੀ। ਕਿੰਨੇ ਦੀ ਰੂਪਾਵਲੀ ਲਈ **ਕੇਤੀ ਕੇਤੀ** ਦੀ ਵਰਤੋਂ ਅਨਿਸ਼ਚਤ ਵਿਸ਼ੇਸ਼ਣ ਦੇ ਬਹੁਵਚਨ ਵਜੋਂ ਹੈ। ਕਿਹੜੇ ਲਈ **ਕਵਨ ਕਵਨ, ਕਉਣ ਕਉਣ** ਦੀ ਦੂਹਰੀ ਵਰਤੋਂ ਬਹੁਵਚਨ ਅਤੇ ਅਰਥਗਤ ਵਿਭਿੰਨਤਾ ਦਾ ਕਾਰਜ ਕਰਦੀ ਹੈ।

- ਦੁਹਰੁਕਤੀਯੁਕਤ ਕਿਰਿਆ ਰੂਪਾਂ ਦੀ ਇਕਹਿਰੇ ਕਿਰਿਆ ਰੂਪਾਂ ਤੋਂ ਰੂਪਗਤ ਵੱਖਰਤਾ ਹੈ। ਇਕਹਿਰੇ ਕਿਰਿਆ ਰੂਪ 'ਸੰਯੋਗਾਤਮਕ' ਅਤੇ 'ਪੜਨਾਂਵੀਂ ਪਿਛੇਤਰ' ਵਾਲੇ ਹਨ। ਸੰਯੋਗਾਤਮਕ ਰੂਪ ਕਿਰਿਆ ਨਾਲ 'ਸੰਬੰਧਕ' ਦਾ ਕਾਰਜ ਕਰਦੇ ਹਨ। ਪੜਨਾਂਵੀਂ ਪਿਛੇਤਰਯੁਕਤ ਕਿਰਿਆ ਰੂਪ ਸਾਧਾਰਨ ਵਾਕ ਦਾ ਕਾਰਜ ਕਰਦੇ ਹਨ।

- ਦੁਹਰੁਕਤੀਯੁਕਤ ਕਿਰਿਆ ਸ਼ਬਦ ਵਧੇਰੇ ਧਾਤੂ ਰੂਪ ਜਾਂ ਇ, ਹ, ਤ ਦੇ ਪਿਛੇਤਰ ਵਾਲੇ ਹਨ। ਦੂਹਰੇ ਧਾਤੂਗਤ ਰੂਪ ਵਿਚ ਕਿਰਿਆ ਨਾਲ ਪਿਛੇਤਰ ਦਾ ਕਾਰਜ ਕਰਦੇ ਹਨ। ਧਾਤੂ ਨਾਲ 'ਇ, ਹ, ਤ' ਪਿਛੇਤਰਾਂ ਦੀ ਵਰਤੋਂ ਵਾਕ ਵਿਚ ਲੈਅ ਦਾ ਕਾਰਜ ਕਰਦੀ ਹੈ। ਜਿਥੇ ਦੂਹਰਾ ਰੂਪ ਲੈਅ/ ਰਵਾਨਗੀ ਦਾ ਕਾਰਜ ਨਹੀਂ ਕਰਦਾ, ਉਥੇ ਇਹਨਾਂ ਪਿਛੇਤਰਾਂ ਦੀ ਵਰਤੋਂ ਮਿਲਦੀ ਹੈ।

- ਇਕਹਿਰੇ ਰੂਪ ਵਿਚ ਵਿਭਿੰਨ ਭਾਸ਼ਾਵਾਂ ਦੇ ਕਿਰਿਆ ਰੂਪ ਜਾਂ ਪਿਛੇਤਰੀ ਰੂਪ ਮਿਲਦੇ ਹਨ। ਦੁਹਰੁਕਤੀਯੁਕਤ ਰੂਪ ਵਿਚ ਵਧੇਰੇ ਵਰਤਮਾਨ ਸਮੇਂ ਵਿਚ ਵਰਤੇ ਜਾਂਦੇ ਕਿਰਿਆ ਰੂਪ ਮਿਲਦੇ ਹਨ। ਬਾਣੀਕਾਰਾਂ ਦੇ ਵਿਭਿੰਨ ਖੇਤਰਾਂ ਨਾਲ ਸੰਬੰਧ ਹੋਣ ਕਾਰਨ ਇਕੋ ਅਰਥ ਵਾਲੇ ਵਿਭਿੰਨ ਕਿਰਿਆਵੀਂ ਰੂਪ ਵਰਤੇ ਗਏ ਹਨ।

- ‘ਅਕਾਲਕੀ’ ਕਿਰਿਆ ਵਜੋਂ ਕਿਰਿਆ ਦੇ ਧਾਤੂ ਰੂਪ ਕਾਰਜਸ਼ੀਲ ਹਨ। ‘ਕਾਲਕੀ’ ਕਿਰਿਆ ਦੇ ‘ਤ, ਹ’ ਪਿਛੇਤਰ ਮਿਲਦੇ ਹਨ। ‘ਅਕਾਲਕੀ’ ਕਿਰਿਆ ਦੇ ਪਿਛੇਤਰ ਦੂਹਰੀ ਵਰਤੋਂ ਵਿਚ ਨਹੀਂ ਮਿਲਦੇ, ਕਿਰਿਆ ਦੀ ਇਕਹਿਰੀ ਵਰਤੋਂ ਵਿਚ ਇਸਦੇ ਪਿਛੇਤਰ ਮਿਲਦੇ ਹਨ। ਕਾਰਜ ਪੱਖ ਤੋਂ ‘ਕਾਲਕੀ’ ਪਿਛੇਤਰ ‘ਕਾਲਕੀ’ ਅਤੇ ‘ਅਕਾਲਕੀ’ ਕਿਰਿਆ ਦਾ ਕਾਰਜ ਕਰਦੇ ਹਨ।

- ਕਿਰਿਆ ਵਾਕੰਸ਼ ਵਿਚ ਮੁਖ ਕਿਰਿਆ ਪਹਿਲਾਂ , ਫਿਰ ਸੰਚਾਲਕ ਕਿਰਿਆ ਅਤੇ ਅੰਤ ’ਤੇ ਸਹਾਇਕ ਕਿਰਿਆ ਆਉਂਦੀ ਹੈ। ਕਿਰਿਆ ਦੁਹਰੁਕਤੀ ਵਿਚ ਸੰਚਾਲਕ ਕਿਰਿਆਵਾਂ ਦੀ ਦੁਹਰੁਕਤੀਯੁਕਤ ਵਰਤੋਂ ਮੁਖ ਕਿਰਿਆ ਤੋਂ ਪਹਿਲਾਂ ਹੈ।

- ਪੰਜਾਬੀ ਵਿਆਕਰਨ ਅਨੁਸਾਰ ਵਾਕ ਬਣਤਰ ‘ਕਰਤਾ+ ਕਰਮ+ ਕਿਰਿਆ’ ਵਾਲੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆਵਾਂ ਵਾਕ ਦੇ ਮੁਢ ਵਿਚ ਹਨ। ਕਿਰਿਆ ਦੁਹਰੁਕਤੀ ਨਾਲ ਵਾਕ ਦਾ ਆਰੰਭ ਹੈ। ਕਿਰਿਆ ‘ਕਰਮ’ ਦਾ ਕਾਰਨ ਬਣਦੀ ਹੈ। ਅਜਿਹੀਆਂ ਬਣਤਰਾਂ ਦਾਰਸ਼ਨਿਕ ਪ੍ਰਸੰਗ ਅਨੁਸਾਰ ਹਨ। ਦਾਰਸ਼ਨਿਕ ਸੰਦਰਭ ਵਿਚ ਕਾਰਜ ਪਹਿਲਾਂ ਹੈ ਤੇ ਫ਼ਲ ਦੀ ਪ੍ਰਾਪਤੀ ਉਸਤੋਂ ਬਾਅਦ ਹੈ।

- ਪ੍ਰਕਾਰਜ ਦੇ ਪੱਖ ਤੋਂ ਦੁਹਰੁਕਤੀਯੁਕਤ ਕਿਰਿਆ ਰੂਪ ਵਿਸ਼ੇਸ਼ ਤੌਰ ’ਤੇ ‘ਨਿਰੰਤਰਤਾ/ ਲਗਾਤਾਰਤਾ’ ਅਤੇ ‘ਬਾਰੰਬਾਰਤਾ’ ਦਾ ਪ੍ਰਕਾਰਜ ਕਰਦੇ ਹਨ। ਕਰਮ ਦੀ ਪ੍ਰਾਪਤੀ ਵਜੋਂ ਕਿਰਿਆ ਰੂਪ ਕਾਰਜ ਦੀ ਬਾਰੰਬਾਰਤਾ ਜਾਂ ਲਗਾਤਾਰਤਾ ਨੂੰ ਨਿਰੰਤਰ ਬਣਾਈ ਰੱਖਦੇ ਹਨ।

- ਕਾਰਜ ਦੀ ਨਿਰੰਤਰਤਾ/ ਲਗਾਤਾਰਤਾ ਲਈ ਇਕਹਿਰੇ ਕਿਰਿਆ ਰੂਪ ਨਾਲ ਸਦਾ/ਹਮੇਸ਼ਾਂ ਆਦਿ ਵਿਸ਼ੇਸ਼ਣਾਂ ਦੀ ਵਰਤੋਂ ਕੀਤਿਆ, ਕਾਵਿ ਵਿਚ ਵਿਗਾੜ ਆਉਂਦਾ ਹੈ। ਕਾਵਿ ਰਚਨਾ ‘ਗਦ ਸਾਹਿਤ’ ਦੇ ਵਧੇਰੇ ਨੇੜੇ ਦੀ ਪ੍ਰਤੀਤ ਹੁੰਦੀ ਹੈ। ਸੋ ਕਾਵਿ ਸਾਹਿਤ ਵਿਚ ‘ਦੁਹਰੁਕਤੀ’ ਇਸਦਾ ਵਿਸ਼ੇਸ਼ ਗੁਣ ਹੈ, ਜਿਹੜਾ ਇਸਨੂੰ ‘ਸੁਹਜ’ ਅਤੇ ਵਿਸ਼ੇਸ਼ ਅਰਥ ਪ੍ਰਦਾਨ ਕਰਦਾ ਹੈ। ਇਹੀ ਗੁਣ ‘ਗਦ ਸਾਹਿਤ’ ਲਈ ਔਗੁਣ ਦਾ ਕੰਮ ਕਰਦਾ ਹੈ।

- ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣਾਂ ਦੀ ਵਰਤੋਂ ਬਹੁਤ ਸੀਮਿਤ ਰੂਪ ਵਿਚ ਮਿਲਦੀ ਹੈ।

- ਵਿਆਕਰਨ ਅਨੁਸਾਰ ਕਿਰਿਆ ਵਿਸ਼ੇਸ਼ਣ 'ਕਿਰਿਆ ਵਾਕੰਸ਼' ਦਾ ਅੰਗ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਕਿਰਿਆ ਵਿਸ਼ੇਸ਼ਣ ਸਥਾਨ ਕਰਕੇ 'ਨਾਂਵ ਵਾਕੰਸ਼' ਦੇ ਤੱਤ ਵਜੋਂ ਵੀ ਵਿਚਰਦੇ ਹਨ। ਅਜਿਹੀ ਸਥਿਤੀ ਵਿਚ ਬਣਤਰ ਵਜੋਂ ਇਹ ਨਾਂਵ ਵਾਕੰਸ਼ ਦਾ ਅੰਗ ਹੁੰਦੇ ਹਨ, ਕਾਰਜ ਪੱਖ ਤੋਂ 'ਕਿਰਿਆ ਵਿਸ਼ੇਸ਼ਣ' ਸ਼੍ਰੇਣੀ ਦਾ ਕਾਰਜ ਕਰਦੇ ਹਨ।

- ਕਿਰਿਆ ਵਿਸ਼ੇਸ਼ਣ ਸ਼ਬਦ ਦੋ ਤਰ੍ਹਾਂ ਦੇ ਮਿਲਦੇ ਹਨ। ਇਕ ਮੂਲ ਰੂਪ ਵਾਲੇ ਤੇ ਦੂਜੇ ਕਿਰਿਆ ਦਾ ਕਾਰਜ ਕਰਨ ਵਾਲੇ। ਮੂਲ ਕਿਰਿਆ ਵਿਸ਼ੇਸ਼ਣ ਸ਼੍ਰੇਣੀ ਦੇ ਸ਼ਬਦਾਂ ਵਿਚ ਰੂਪਾਤਮਕ ਵਿਸ਼ੇਸ਼ਤਾ ਹੈ। ਵਿਭਿੰਨ ਭਾਸ਼ਾਵਾਂ ਦੇ ਸ਼ਬਦ ਜਾਂ ਧੁਨੀ ਪਰਿਵਰਤਨ ਵਾਲੇ ਰੂਪ ਵਧੇਰੇ ਮਿਲਦੇ ਹਨ।

- ਧੁਨੀ ਪਰਿਵਰਤਨ ਵਿਚ ਸਿੱਧੇ ਰੂਪਾਂ ਦੀ ਟੇਢੀ ਵਰਤੋਂ ਦਾ ਕਾਰਨ 'ਸੁਹਜ' ਹੈ। ਕਾਵਿ ਰਚਨਾ ਵਿਚ ਸੁਹਜ ਪੈਦਾ ਕਰਨ ਲਈ ਆਮ ਹੀ ਸ਼ਬਦਾਂ ਨੂੰ ਅਸਿੱਧੇ ਢੰਗ ਨਾਲ ਵਰਤ ਲਿਆ ਜਾਂਦਾ ਹੈ, ਜਿਵੇਂ: ਠਿਮਿ ਠਿਮਿ, ਮੁਸਿ ਮੁਸਿ ਆਦਿ।

- ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਨ ਵਾਲੇ ਸ਼ਬਦਾਂ ਵਿਚ 'ਨਾਂਵ' ਅਤੇ 'ਕਿਰਿਆ' ਸ਼੍ਰੇਣੀ ਦੇ ਸ਼ਬਦ ਆਉਂਦੇ ਹਨ। ਦੁਹਰੁਕਤੀ ਇਹਨਾਂ ਸ਼ਬਦਾਂ ਵਿਚ 'ਸ਼੍ਰੇਣੀ ਪਰਿਵਰਤਨ' ਦਾ ਕਾਰਜ ਕਰਦੀ ਹੈ। ਸ਼੍ਰੇਣੀ ਪਰਿਵਰਤਨ ਵਿਚ ਸ਼ਬਦ ਦਾ ਮੂਲ ਅਰਥ ਨਹੀਂ ਬਦਲਦਾ, ਬਲਿਕ ਵਰਤੋਂ ਦਾ ਪ੍ਰਕਾਰਜ ਬਦਲਦਾ ਹੈ।

- ਵਾਕ ਦੇ ਸੰਦਰਭ ਵਿਚ ਨਾਂਵ, ਵਿਸ਼ੇਸ਼ਣ ਅਤੇ ਕਿਰਿਆ ਸ਼੍ਰੇਣੀ ਦੇ ਧਾਤੂ ਰੂਪ ਜਾਂ ਧਾਤੂ + ਪਿਛੇਤਰ ਤੋਂ ਬਣੇ ਸ਼ਬਦ (ਘੜੀਏ ਘੜੀਏ, ਸਹਜੇ ਸਹਜੇ) ਦੀ ਦੂਹਰੀ ਵਰਤੋਂ ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦੀ ਹੈ। ਵਾਕ ਬਣਤਰ ਵਿਚ ਕਾਲ ਵਾਚਕ ਸ਼ਬਦ 'ਨਾਂਵ ਅਤੇ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਕਾਲ ਵਾਚਕ ਕਿਰਿਆ ਵਿਸ਼ੇਸ਼ਣਾਂ ਦੀ ਇਕਹਿਰੇ ਰੂਪਾਂ ਨਾਲ ਗਿਣਤੀ ਵਾਚਕ ਸੰਖਿਆਵਾਂ ਦੀ ਵਰਤੋਂ ਮਿਲਦੀ ਹੈ, ਦੂਹਰਾ ਰੂਪ ਸੰਖਿਅਕ ਵਿਸ਼ੇਸ਼ਣਾਂ ਤੋਂ ਬਿਨਾਂ ਕਾਰਜ ਕਰਦਾ ਹੈ।

- ਗੁਰਬਾਣੀ ਦੇ ਦਾਰਸ਼ਨਿਕ ਪ੍ਰਸੰਗ ਵਿਚ 'ਕਾਲ ਵਾਚਕ' ਸ਼ਬਦ ਕਿਰਿਆ ਦੀ ਕਾਲ ਵਾਚਕ ਵਿਸ਼ੇਸ਼ਤਾ ਦਾ ਕਾਰਜ ਕਰਦੇ ਹਨ। ਦੂਹਰੇ ਰੂਪ ਵਿਚ ਇਹ ਨਾਂਵ ਨਾਲ ਵਿਸ਼ੇਸ਼ਣ (ਹਰ ਹਰ ਜਾਂ ਇਕ ਇਕ) ਦਾ ਅਰਥ ਦਿੰਦੇ ਹਨ ਅਤੇ ਕਾਰਜ ਹਰ ਹਰ/ ਇਕ ਇਕ, 'ਸਦਾ/ ਹਮੇਸ਼ਾਂ' ਕਿਰਿਆ ਵਿਸ਼ੇਸ਼ਣ ਦਾ ਕਾਰਜ ਕਰਦਾ ਹੈ।

- ਕ੍ਰਮ ਦੀ ਬਾਰੰਬਾਰਤਾ ਨੂੰ ਦਰਸਾਉਂਦੇ 'ਕਿਰਿਆ ਵਿਸ਼ੇਸ਼ਣ' ਦੇ 9 ਦੁਹਰੁਕਤੀਯੁਕਤ ਰੂਪ (ਪੁਨਹ ਪੁਨਹ, ਫਿਰਿ ਫਿਰਿ, ਫੁਨਿ ਫੁਨਿ, ਫੇਰਿ ਫੇਰਿ, ਬਾਰਿ ਬਾਰਿ, ਬਹੁਰਿ ਬਹੁਰਿ, ਬਹੁੜਿ ਬਹੁੜਿ, ਵਾਰ ਵਾਰ, ਵਲਿ ਵਲਿ) ਮਿਲਦੇ ਹਨ। ਬਾਰੰਬਾਰਤਾ ਦੇ ਪ੍ਰਕਾਰਜ ਵਜੋਂ ਇਹਨਾਂ ਦੀ ਵਰਤੋਂ ਇਕਹਿਰੇ ਰੂਪ ਵਿਚ ਅਰਥ ਸੰਚਾਰ ਨਹੀਂ ਕਰਦੀ। ਉਪਰੋਕਤ ਰੂਪਾਂ ਦਾ ਪ੍ਰਕਾਰਜ ਬਾਰੰਬਾਰਤਾ ਦਾ ਹੈ, ਪਰ ਇਹਨਾਂ ਦਾ ਅਰਥਗਤ ਪ੍ਰਸੰਗ ਵਿਭਿੰਨਤਾ ਵਾਲਾ ਹੈ।

- 'ਪੁਨਹ ਪੁਨਹ, ਬਾਰਿ ਬਾਰਿ, ਵਾਰਿ ਵਾਰਿ ' ਦੀ ਵਰਤੋਂ ਪਰਮਾਤਮਾ ਤੋਂ ਕੁਰਬਾਨ/ ਵਾਰਨੇ ਜਾਂ ਨਮਸਕਾਰ ਲਈ ਹੈ। 'ਫਿਰਿ ਫਿਰਿ, ਫੁਨਿ ਫੁਨਿ, ਬਹੁਰਿ ਬਹੁਰਿ, ਬਹੁੜਿ ਬਹੁੜਿ, ਵਲਿ ਵਲਿ ' ਦੀ ਵਰਤੋਂ ਮਨੁਖ ਦੇ ਆਵਾਗਵਨ ਦੀ ਸਥਿਤੀ ਦਾ ਪ੍ਰਕਾਰਜ ਕਰਦੀ ਹੈ। 'ਵਾਰ ਵਾਰ, ਫੇਰਿ ਫੇਰਿ' ਦੀ ਵਰਤੋਂ ਸਮਾਜਿਕ ਪ੍ਰਸੰਗ ਵਿਚ ਹੈ।

- ਵਸਤੂ ਵਾਚਕ ਨਾਂਵ (ਪੁਰਜਾ ਪੁਰਜਾ) ਦੁਹਰੁਕਤੀਯੁਕਤ ਰੂਪ ਵਿਚ ਕਿਰਿਆ ਦੀ 'ਵਿਧੀ ਵਾਚਕ ਵਿਸ਼ੇਸ਼ਤਾ' ਦਾ ਕਾਰਜ ਕਰਦੇ ਹਨ। ਕਾਰਜ ਦੀ ਇਕਾਈ ਵਜੋਂ ਅਜਿਹੇ ਸ਼ਬਦਾਂ ਦੀ ਦੂਹਰੀ ਵਰਤੋਂ 'ਕਾਰਜੀ ਆਦੇਸ਼' ਦਾ ਪ੍ਰਕਾਰਜ ਕਰਦੀ ਹੈ।

- ਰੂਪਗਤ ਦੁਹਰੁਕਤੀ ਵਿਚ ਕਿਰਿਆ ਵਿਸ਼ੇਸ਼ਣ ਦੇ ਕੁਝ ਰੂਪ (ਪੁਰਜਾ ਪੁਰਜਾ, ਥਰ ਥਰ, ਝਿਮਿ ਝਿਮਿ) ਅਜਿਹੇ ਹਨ, ਜਿਹੜੇ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਕਾਰਜਸ਼ੀਲ ਹੁੰਦੇ ਹਨ। ਦੂਹਰੇ ਰੂਪ ਵਿਚ ਇਹ ਕਿਰਿਆ ਦੀ ਵਿਧੀ ਵਾਚਕ ਵਿਸ਼ੇਸ਼ਤਾ, ਸਾਰਥਕ ਅਰਥ ਸੰਚਾਰ ਅਤੇ ਵਜਨ ਦਾ ਕਾਰਜ ਕਰਦੇ ਹਨ। ਪੁਰਜਾ ਪੁਰਜਾ ਵਿਚ 'ਅਰਥ ਆਦੇਸ਼' ਦੀ ਇਕਾਈ ਕਾਰਜਸ਼ੀਲ ਹੈ। ਝਿਮਿ ਝਿਮਿ ਕਾਵਿ ਦੀ ਗਾਇਨ ਸ਼ੈਲੀ ਵਿਚ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ।

- ਗਿਣਤੀ ਸੂਚਕ ਕਿਰਿਆ ਵਿਸ਼ੇਸ਼ਣ ਦਾਰਸ਼ਨਿਕ ਪ੍ਰਸੰਗ ਵਿਚ 'ਬਰਾਬਰਤਾ'' ਅਤੇ 'ਗੁਣਵਾਚਕ' ਜਾਂ 'ਵਿਧੀ ਵਾਚਕਤਾ'' ਦਾ ਪ੍ਰਕਾਰਜ ਕਰਦੇ ਹਨ। ਦੂਹਰੀ ਵਰਤੋਂ ਵਾਕ ਦੀ ਭਾਵ ਬਣਤਰ ਦਾ ਸੰਚਾਰ ਕਰ ਰਹੀ ਹੈ।

- ਕਿਰਿਆ ਵਿਸ਼ੇਸ਼ਣ ਸ਼੍ਰੇਣੀ ਵਿਚ ਕਾਰਜ ਦੇ ਪੱਖ ਤੋਂ ਦੋ ਮੁਖ ਇਕਾਈਆਂ ਨਿਰੰਤਰਤਾ/ ਲਗਾਤਾਰਤਾ ਅਤੇ ਬਾਰੰਬਾਰਤਾ ਪ੍ਰਕਾਰਜਸ਼ੀਲ ਹਨ। ਕਿਰਿਆ ਵਿਸ਼ੇਸ਼ਣ ਦੇ ਦੂਹਰੇ ਰੂਪ 'ਕਾਰਜੀ ਆਦੇਸ਼' ਦਾ ਕਾਰਜ ਕਰਦੇ ਹਨ। ਸ਼ਬਦ ਦਾ ਮੂਲ ਅਰਥ ਨਹੀਂ ਬਦਲਦਾ, ਬਲਕਿ 'ਕਾਰਜੀ ਅਰਥ' ਬਦਲਦਾ ਹੈ।

- ਕਾਵਿ ਰਚਨਾ ਦੀ ਵਿਸ਼ੇਸ਼ ਜੁਗਤ ਹੋਣ ਕਾਰਨ ਦੁਹਰੁਕਤੀ ਕਾਵਿ ਸ਼ਾਸਤਰੀ ਦ੍ਰਿਸਟੀ ਤੋਂ ਵਿਸ਼ੇਸ਼ 'ਕਲਾਤਮਕ' ਮਹੱਤਵ ਰੱਖਦੀ ਹੈ। ਇਹ 'ਕਾਵਿ ਸੁਹਜ, ਵਜਨ' ਅਤੇ 'ਲੈਅ' ਦਾ ਕਾਰਜ ਕਰਦੀ ਹੈ। 'ਵਜਨ' ਅਤੇ 'ਲੈਅ' ਦਾ ਗਾਇਨ ਸ਼ੈਲੀ ਵਿਚ ਵੀ ਵਿਸ਼ੇਸ਼ ਮਹੱਤਵ ਹੈ, ਦੁਹਰਾਉ ਕਾਵਿ ਦੀ ਲੈਅ ਨੂੰ ਨਿਰੰਤਰ ਬਣਾਈ ਰੱਖਦਾ ਹੈ। ਦੂਹਰੇ ਸ਼ਬਦ ਦੀ ਥਾਂ ਇਕਹਿਰਾ ਸ਼ਬਦ ਰਚਨਾ ਦੇ ਕਲਾਤਮਕ ਪੱਖ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਕਾਵਿ ਰਚਨਾ ਵਿਚ ਖ਼ਲਲ ਪੈਦਾ ਹੁੰਦਾ ਹੈ।

- ਉਪਰੋਕਤ ਸ਼ਬਦ ਸ਼੍ਰੇਣੀਆਂ ਵਿਚ ਦੁਹਰੁਕਤੀ ਦੇ ਵਧੇਰੇ ਸ਼ਬਦ ਅਜਿਹੇ ਮਿਲਦੇ ਹਨ, ਜਿਹੜੇ ਕੇਵਲ ਸਥਾਨ ਕਰਕੇ ਦੁਹਰੁਕਤੀਯੁਕਤ ਹਨ। ਕਾਰਜ ਵਜੋਂ ਅਜਿਹੇ ਸ਼ਬਦ ਵਿਭਿੰਨ ਵਾਕੰਸ਼ਾਂ ਦਾ ਕਾਰਜ ਕਰਦੇ ਹਨ। ਅਜਿਹੀ ਸਥਿਤੀ ਵਿਚ ਇਹ ਸ਼ਬਦ ਦੁਹਰੁਕਤੀਯੁਕਤ ਨਹੀਂ ਹੁੰਦੇ। ਇਹਨਾਂ ਸ਼ਬਦਾਂ ਦੀ ਪਛਾਣ ਦਾ ਆਧਾਰ ਵਾਕ ਦੀ ਸਾਰਥਕ ਇਕਾਈ 'ਵਾਕੰਸ਼' ਹੈ। ਇਸ ਖੋਜ-ਕਾਰਜ ਵਿਚ ਦੁਹਰੁਕਤੀਯੁਕਤ ਬਣਤਰ ਵਿਚ ਉਹਨਾਂ ਸ਼ਬਦਾਂ ਨੂੰ ਰੱਖਿਆ ਹੈ, ਜਿਹੜੇ 'ਵਾਕੰਸ਼ ਦੀ ਇਕ ਇਕਾਈ' ਵਜੋਂ ਕਾਰਜਸ਼ੀਲ ਹੋਣ। ਗੁਰੂ ਗ੍ਰੰਥ ਸਾਹਿਬ ਵਿਚ ਦੂਹਰੇ ਰੂਪ ਵਿਚ ਵਿਚਰਦੇ ਇਕਹਿਰੇ ਸ਼ਬਦ ਵੱਡੇ ਪੱਧਰ 'ਤੇ ਮਿਲਦੇ ਹਨ। ਸਪੱਸ਼ਟੀਕਰਨ ਲਈ ਇਸਦੇ ਕੁਝ ਕੁ ਉਦਾਹਰਨ ਦਿੱਤੇ ਹਨ, ਇਸਦੀ ਸਮੁਚੀ ਸਮੱਗਰੀ ਖੋਜ-ਕਾਰਜ ਦੇ ਅੰਤ ਵਿਚ ਅੰਤਿਕਾਂ ਦੇ ਰੂਪ ਵਿਚ ਦਿੱਤੀ ਹੈ:

ਕੇਤੇ ਇੰਦ ਚੰਦ [ਸੂਰ **ਕੇਤੇ**] [**ਕੇਤੇ** ਮੰਡਲ ਦੇਸ] ॥ (ਮਃ ੧) ਅੰਗ ੭

ਕੇਤੇ ਦੇਵ ਦਾਨਵ [ਮੁਨਿ **ਕੇਤੇ**] [**ਕੇਤੇ** ਰਤਨ ਸਮੁੰਦ] ॥ (ਮਃ ੧) ਅੰਗ ੭

[ਗੋਵਿੰਦੁ **ਊਜਲੁ**] [**ਊਜਲ** ਹੰਸਾ] ॥ (ਮਃ ੩) ਅੰਗ ੧੨੧

[ਹਮ **ਮੂਰਖ**] [**ਮੂਰਖ** ਮਨ ਮਾਹਿ]॥ (ਮਃ ੩) ਅੰਗ ੬੬੬

[ਰਵਿ **ਮੈਲਾ**] [**ਮੈਲਾ** ਹੈ ਚੰਦੁ]॥ (ਕਬੀਰ) ਅੰਗ ੧੧੫੮

ਸਭੇ ਬੁਧੀ [ਸੁਧਿ **ਸਭਿ**] [**ਸਭਿ** ਤੀਰਥ] ਸਭਿ ਥਾਨ ॥ (ਮਃ ੧) ਅੰਗ ੧੨੪੧

ਅੰਤਰਿ ਗਾਵਉ [ਬਾਹਰਿ **ਗਾਵਉ**] [**ਗਾਵਉ** ਜਾਗਿ ਸਵਾਰੀ] ॥ (ਮਃ ੫) ਅੰਗ ੪੦੧

ਦਿਨੁ ਭੀ ਗਾਵਉ [ਰੈਨੀ **ਗਾਵਉ**] [**ਗਾਵਉ** ਸਾਸਿ ਸਾਸਿ ਰਸਨਾਰੀ] ॥ (ਮਃ ੫) ਅੰਗ ੪੦੧

ਉਪਰੋਕਤ ਬਰੈਕਟਾਂ ਦੀ ਵਰਤੋਂ ਨਾਲ ਦੂਹਰੇ ਸ਼ਬਦਾਂ ਦੇ ਇਕਹਿਰੇ ਰੂਪਾਂ ਦਾ ਨਿਖੇੜ ਕੀਤਾ ਹੈ, ਸਾਰੇ ਵਾਕਾਂ ਵਿਚ ਦੂਹਰੇ ਸ਼ਬਦ ਕੇਵਲ 'ਸਥਾਨ' ਕਰਕੇ ਦੁਹਰੁਕਤੀਯੁਕਤ ਬਣਤਰ ਵਿਚ ਹਨ। ਅਸਲ ਵਿਚ ਇਹਨਾਂ ਦਾ ਪ੍ਰਕਾਰਜ ਦੁਹਰੁਕਤੀ ਤੋਂ ਵੱਖਰੀ ਕਿਸਮ ਦਾ ਹੈ।

ਸੋ ਦੁਹਰੁਕਤੀਯੁਕਤ ਸ਼ਬਦਾਂ ਦਾ 'ਰੂਪ' ਅਤੇ 'ਪ੍ਰਕਾਰਜ' ਦੇ ਪੱਖ ਤੋਂ ਕੀਤੇ ਗਏ, ਇਸ ਮੁਢਲੇ ਖੋਜ-ਕਾਰਜ ਵਿਚ ਗ਼ਲਤੀਆਂ ਦੀ ਗੁੰਜ਼ਾਇਸ ਵਧੇਰੇ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ (ਜਿਸ ਵਿਚ ਇਕੋ ਰੂਪ ਦਾ ਦੁਹਰਾ ਹੋਵੇ) ਨੂੰ ਆਧਾਰ ਬਣਾ ਕੇ ਦੀਰਘ ਅਧਿਐਨ ਕੀਤਾ ਹੈ। ਰੂਪਗਤ ਦੁਹਰੁਕਤੀ ਵਿਚ 'ਸ਼ਬਦ, ਵਾਕੰਸ਼ ' ਅਤੇ 'ਵਾਕ' ਦੀ ਦੁਹਰੁਕਤੀ ਮਿਲਦੀ ਹੈ। ਸ਼ਬਦ ਦੁਹਰੁਕਤੀ ਵਿਚ ਵਿਆਕਰਨ ਦੀਆ ਮੁਖ ਸ਼ਬਦ ਸ਼੍ਰੇਣੀਆਂ : 'ਨਾਂਵ ਪੜਨਾਂਵ, ਵਿਸ਼ੇਸ਼ਣ, ਕਿਰਿਆ ' ਅਤੇ 'ਕਿਰਿਆ ਵਿਸ਼ੇਸ਼ਣ' ਦੀ ਦੂਹਰੀ ਸ਼ਬਦਾਵਲੀ ਦਾ ਅਧਿਐਨ ਹੈ। 'ਖੋਜ-ਪ੍ਰਬੰਧ ਦੇ ਵਿਸ਼ੇ' ਅਤੇ 'ਸਮੇਂ ਦੀ ਸੀਮਾ' ਹੋਣ ਕਾਰਨ ਖੋਜ-ਕਾਰਜ ਨੂੰ 'ਪੂਰਨ ਰੂਪਗਤ ਸ਼ਬਦ ਦੁਹੁਰਕਤੀ ' ਤੱਕ ਸੀਮਿਤ ਕੀਤਾ ਗਿਆ ਹੈ। ਰੂਪਗਤ ਦੁਹਰੁਕਤੀ ਦੀਆਂ ਹੋਰ ਵਿਭਿੰਨ ਕਿਸਮਾਂ, ਪੂਰਨ ਅਰਥਗਤ ਦੁਹਰੁਕਤੀ ਅਤੇ ਅਪੂਰਨ ਦੁਹਰੁਕਤੀ ਦਾ ਸੰਪੂਰਨ ਅਧਿਐਨ ਨਹੀਂ ਕੀਤਾ। ਇਹ ਇਸ ਖੋਜ-ਕਾਰਜ ਦੀ ਮੁਖ ਸੀਮਾ ਮੰਨੀ ਜਾ ਸਕਦੀ ਹੈ। ਖੋਜ ਉਪਰੰਤ

ਨਿਰਣੇ 'ਦੁਹਰੁਕਤੀ ਦੀ ਭਾਸ਼ਾਈ ਸੰਰਚਨਾ, ਰੂਪਗਤ ਬਣਤਰ, ਅਰਥਗਤ ਪ੍ਰਕਾਰਜੀ ਇਕਾਈਆਂ, ਇਕਹਿਰੇ ਰੂਪਾਂ ਤੋਂ ਵੱਖਰਤਾ' ਅਤੇ 'ਕਾਵਿ ਸ਼ਾਸਤਰੀ' ਦ੍ਰਿਸਟੀ ਤੋਂ ਲਏ ਹਨ। ਸਮੁਚੇ ਖੋਜ-ਕਾਰਜ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੀ ਸਮੱਗਰੀ ਨੂੰ ਢੁੱਕਵੀਆਂ ਉਦਾਹਰਨਾਂ ਵਜੋਂ ਦਿੱਤਾ ਹੈ। ਸ਼ਬਦ ਦੁਹਰੁਕਤੀ ਦੀ ਸਮੁਚੀ ਸਮੱਗਰੀ ਨੂੰ ਖੋਜ-ਕਾਰਜ ਦੇ ਅੰਤ 'ਤੇ (ਪੁਸਤਕ ਸੂਚੀ ਤੋਂ ਪੂਰਵ) 'ਅੰਤਿਕਾਂ' ਦੇ ਰੂਪ ਵਿਚ ਦਿੱਤਾ ਹੈ, ਉਪਰੋਕਤ ਖੋਜ-ਕਾਰਜ ਵਿਚ ਸਹਾਇਕ ਪੁਸਤਕਾਂ ਦੀ ਸੂਚੀ ਦਿੱਤੀ ਗਈ ਹੈ।

ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੇ ਪ੍ਰਕਾਰਜੀ ਅਧਿਐਨ ਤੋਂ ਬਿਨਾਂ, 'ਵਾਕ ਦੀ ਭਾਵ ਬਣਤਰ' ਜਾਂ 'ਕਾਵਿ ਰਚਨਾ ਵਿਚ ਦੁਹਰੁਕਤੀ ਦਾ ਮਹੱਤਵ' ਜਾਂ 'ਗਾਇਨ ਸ਼ੈਲੀ ਵਿਚ ਦੁਹਰੁਕਤੀ ਦਾ ਮਹੱਤਵ' ਆਦਿ ਵਿਸ਼ਿਆਂ ਪੱਖੋਂ ਦੁਹਰੁਕਤੀ ਦਾ ਗਹਿਨ ਅਧਿਐਨ ਨਹੀਂ ਕੀਤਾ। ਇਹ ਵੱਖਰੇ ਵਿਸ਼ੇ ਹੋ ਜਾਂਦੇ ਹਨ, ਇਹਨਾਂ ਵੱਲ ਕੇਵਲ ਸੰਕੇਤ ਕੀਤਾ ਹੈ। ਦੁਹਰੁਕਤੀ ਅਤੇ ਦੁਹਰੁਕਤੀ ਦੇ ਅਧਿਐਨ ਦੀਆਂ ਵਿਭਿੰਨ ਪਰਤਾਂ ਹਨ। ਸੰਪੂਰਨ ਪਰਤਾਂ ਦਾ ਇਕ ਖੋਜ-ਕਾਰਜ ਵਿਚ ਅਧਿਐਨ ਕਰਨਾ ਕਠਿਨ ਹੀ ਨਹੀਂ, ਅਸੰਭਵ ਵੀ ਹੈ। ਇਹ ਦੁਹਰੁਕਤੀ ਦੇ ਇਕ ਰੂਪ ਅਤੇ ਇਕ ਪੱਖ ਤੋਂ ਕੀਤਾ ਅਧਿਐਨ ਕਾਰਜ ਹੈ। ਇਹ ਇਸ ਖੋਜ-ਕਾਰਜ ਦੀ ਆਪਣੇ ਆਪ ਵਿਚ ਵਿਸ਼ੇਸ਼ਤਾ ਅਤੇ ਮੁਖ ਸੀਮਾ ਵੀ ਹੈ। ਖੋਜ-ਕਾਰਜ ਦੀਆਂ ਸੀਮਾਵਾਂ ਹੀ ਉਸ ਦੀਆਂ ਸੰਭਾਵਨਾਂਵਾਂ ਹਨ। ਖੋਜ-ਕਾਰਜ ਆਪਣੇ-ਆਪ ਵਿਚ ਸੰਪੂਰਨ ਨਹੀਂ ਹੁੰਦਾ, ਇਸ ਵਿਚ ਖੋਜ ਦੀ ਸੰਭਾਵਨਾ ਨਿਰੰਤਰ ਬਣੀ ਰਹਿੰਦੀ ਹੈ।

# WORD REDUPLICATION IN SHRI GURU GRANT SAHIB: FORM AND FUCTION

Reduplication is a major method of word formation in morphology. In Guru Granth Sahib, there are variations of the reduplication word, In modern linguist Duni Chand is the pioneer of the scientific study of Reduplication in Punjabi Linguistic. Reduplication creates charm in the artistic realm and serves more rhythm and rhythm in the singing style. Repetition is also the basis of the identity of alliteration and rhyme. There are some words in Punjabi Language which can't be used in single form and they always receive meaning and communicate meaning in a reduplication form. So, repetition is an important method of word creation and meaning creation.

In Shri Guru Granth Sahib, there are variations of their method. The phenomenon of Reduplication is operating on a very large scale. At the level of form and meaning, there are different variations of Duplication. The form of the dual form in centered, Semantic double meaning is focused.

In the research at hand, only dual form is studied comprehensively, there is hint towards the rest of the variations. In Reduplication same word is repeated as a phrase or a single unit. In a scientific formation, Repeated words function as a unit of special meaning structure. The dictionary meanings are function at the surface level and functional meaning creates the structure of a sentence. So from the point of view of functional meaning of duplication, duplication becomes of special importance.

# ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੂਹਰੁਕਤੀ: ਰੂਪ ਤੇ ਪ੍ਰਕਾਰਜ

ਰੂਪ ਵਿਗਿਆਨ ਦੇ ਅੰਤਰਗਤ ਦੁਹਰੁਕਤੀ ਸ਼ਬਦ ਸਿਰਜਨਾ ਦੀ ਇਕ ਪ੍ਰਮੁਖ ਵਿਧੀ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੁਹਰੁਕਤੀਯੁਕਤ ਸ਼ਬਦ ਦੇ ਵਿਭਿੰਨ ਭੇਦ ਮਿਲਦੇ ਹਨ। ਪੰਜਾਬੀ ਭਾਸ਼ਾ ਵਿਗਿਆਨ ਵਿਚ ਦੁਹਰੁਕਤੀ ਦੇ ਵਿਗਿਆਨਕ ਅਧਿਐਨ ਦੀ ਪਿਰਤ ਆਧੁਨਿਕ ਭਾਸ਼ਾ ਵਿਗਿਆਨ ਵਿਚ ਦੁਨੀ ਚੰਦ੍ਰ (1964) ਨੇ ਪਾਈ। ਦੋਹਰ ਕਲਾਤਮਿਕ ਖੇਤਰ ਵਿਚ ਸੁਹਜ ਪੈਦਾ ਕਰਦਾ ਹੈ, ਤੇ ਗਾਇਨ ਸ਼ੈਲੀ ਵਿਚ ਵਧੇਰੇ ਰਿਧਮ ਅਤੇ ਲੈਅ ਦਾ ਕਾਰਜ ਕਰਦਾ ਹੈ। ਅਨੁਪ੍ਰਾਸ ਅਤੇ ਯਮਕ ਅਲੰਕਾਰ ਦੀ ਪਛਾਣ ਦਾ ਆਧਾਰ ਵੀ 'ਦੁਹਰਾਉ' ਹੈ। ਪੰਜਾਬੀ ਭਾਸ਼ਾ ਦੇ ਕੁਝ ਅਜਿਹੇ ਸ਼ਬਦ ਹਨ, ਜਿਹਨਾਂ ਦੀ ਇਕਹਿਰੇ ਰੂਪ ਵਿਚ ਵਰਤੋਂ ਸੰਭਵ ਨਹੀਂ , ਇਹ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਅਰਥ ਗ੍ਰਹਿਣ ਅਤੇ ਅਰਥ ਸੰਚਾਰ ਕਰਦੇ ਹਨ। ਸੋ ਦੁਹਰੁਕਤੀ ਸ਼ਬਦ ਸਿਰਜਨਾ ਅਤੇ ਅਰਥ ਸਿਰਜਨਾ ਦੀ ਮਹੱਤਵਪੂਰਨ ਵਿਧੀ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਵਿਧੀ ਦੇ ਅੰਤਰਗਤ ਵਿਭਿੰਨ ਭੇਦ ਮਿਲਦੇ ਹਨ , ਦੁਹਰੁਕਤੀ ਦਾ ਵਰਤਾਰਾ ਬਹੁਤ ਵੱਡੇ ਪੱਧਰ ’ਤੇ ਕਾਰਜਸ਼ੀਲ ਹੈ। 'ਰੂਪ' ਅਤੇ 'ਅਰਥ' ਦੇ ਪੱਧਰ ’ਤੇ ਦੁਹਰੁਕਤੀ ਦੇ ਵਿਭਿੰਨ ਭੇਦ ਹਨ। 'ਰੂਪਗਤ' ਦੁਹਰੁਕਤੀ 'ਰੂਪ' ਕੇਂਦਰਤ ਹੈ , 'ਅਰਥਗਤ' ਦੁਹਰੁਕਤੀ 'ਅਰਥ' ਕੇਂਦਰਿਤ ਹੈ। ਹਥਲੇ ਖੋਜ-ਕਾਰਜ ਵਿਚ ਕੇਵਲ 'ਪੂਰਨ ਰੂਪਗਤ ਸ਼ਬਦ ਦੁਹਰੁਕਤੀ' ਦਾ ਸਮੁੱਚੇ ਰੂਪ ਵਿਚ ਅਧਿਐਨ ਕੀਤਾ ਗਿਆ ਹੈ, ਬਾਕੀ ਭੇਦਾਂ ਵੱਲ ਸੰਕੇਤ ਕੀਤਾ ਹੈ।

**ਪੂਰਨ ਰੂਪਗਤ ਸ਼ਬਦ ਦੁਹਰੁਕਤੀ** ਵਿਚ ਇਕੋ ਸ਼ਬਦ ਦੀ ਦੂਹਰੀ ਵਰਤੋਂ ਇਕ ਵਾਕੰਸ਼ / ਇਕਾਈ ਦੇ ਰੂਪ ਵਿਚ ਕੀਤੀ ਜਾਂਦੀ ਹੈ। ਵਾਕ ਬਣਤਰ ਵਿਚ ਦੂਹਰੇ ਸ਼ਬਦ ਇਕ ਇਕਾਈ ਵਜੋਂ ਵਿਸ਼ੇਸ਼ ਭਾਵ ਬਣਤਰ ਦਾ ਪ੍ਰਕਾਰਜ ਕਰਦੇ ਹਨ। ਸ਼ਬਦ ਦੇ ਕੋਸ਼ੀ ਅਰਥ ਸਤ੍ਹੀ ਪੱਧਰ ’ਤੇ ਕਾਰਜਸ਼ੀਲ ਹੁੰਦੇ ਹਨ ਅਤੇ ਕਾਰਜਗਤ ਅਰਥ 'ਵਾਕ ਦੀ ਭਾਵ ਬਣਤਰ ' ਦਾ ਸੰਚਾਰ ਕਰਦੇ ਹਨ। ਇਸ ਤਰ੍ਹਾਂ ਪ੍ਰਕਾਰਜ ਦੇ ਪੱਖ ਤੋਂ 'ਦੁਹਰੁਕਤੀ' ਦਾ ਵਿਸ਼ੇਸ਼ ਮਹੱਤਵ ਬਣਦਾ ਹੈ। ਵਿਭਿੰਨ ਸ਼ਾਬਦਿਕ ਸ਼੍ਰੇਣੀਆਂ ਵਿਚ ਦੁਹਰੁਕਤੀ ਦਾ ਵਿਸ਼ੇਸ਼ ਪ੍ਰਕਾਰਜ ਹੈ। ਨਾਂਵ ਸ਼ਬਦ ਦੁਹਰੁਕਤੀ ਕਾਰਜ ਪੱਖ ਤੋਂ ਨਾਂਵ ਨਾਲ ਵਿਸ਼ੇਸ਼ਣ , ਤੀਬਰ ਭਾਵ, ਜਾਤੀਗਤ ਵਿਸ਼ਿਸਟਤਾ, ਬਹੁਵਚਨ ਆਦਿ ਦਾ ਪ੍ਰਕਾਰਜ ਕਰਦੀ ਹੈ। 'ਪੜਨਾਂਵ' ਦੁਹਰੁਕਤੀ ਕਾਰਜ ਆਦੇਸ਼ , ਇਕ ਅਰਥ ‘ਤੇ ਦਬਾਉ ਅਤੇ ਦੂਜੇ ਦਾ ਨਿਸ਼ੇਧ ਜਾਂ ਕੁਝ ਰੂਪਾਂ ਵਿਚ ਬਹੁਵਚਨ ਦਾ ਕਾਰਜ ਕਰਦੀ ਹੈ। ਵਿਸ਼ੇਸ਼ਣ ਦੁਹਰੁਕਤੀ ਵਿਸ਼ੇਸ਼ ਦਾ ਵਿਸ਼ੇਸ਼ਤਾ , ਅਰਥ ਆਦੇਸ਼ ਤੀਬਰ ਭਾਵ ਦਾ ਪ੍ਰਕਾਰਜ ਕਰਦੀ ਹੈ। ਕਿਰਿਆ ਦੁਹਰੁਕਤੀ ਵਿਚ ਨਿਰੰਤਰਤਾ ਤੇ ਬਾਰੰਬਾਰਤਾ ਦੋ ਇਕਾਈਆਂ ਮੁਖ ਰੂਪ ਵਿਚ ਕਾਰਜਸ਼ੀਲ ਹੁੰਦੀਆਂ ਹਨ। ਕਿਰਿਆ ਵਿਸ਼ੇਸ਼ਣ ਦੁਹਰੁਕਤੀ ਵਿਚ ਵਿਭਿੰਨ ਸ਼੍ਰੇਣੀਆਂ ਦੇ ਸ਼ਬਦ ਦੁਹਰੁਕਤੀਯੁਕਤ ਰੂਪ ਵਿਚ 'ਕਿਰਿਆ ਵਿਸ਼ੇਸ਼ਣ ' ਸ਼੍ਰੇਣੀ ਵਜੋਂ 'ਕਾਰਜ ਆਦੇਸ਼ , ਨਿਰੰਤਰਤਾ, ਬਾਰੰਬਾਰਤਾ' ਦਾ ਪ੍ਰਕਾਰਜ ਕਰਦੇ ਹਨ । ਇਸ ਵਿਚ 'ਬਾਰੰਬਾਰਤਾ' ਦੇ ਪ੍ਰਕਾਰਜ ਵਾਲੇ 'ਮੂਲ ਸ਼ਬਦ' ਦੂਹਰੇ ਰੂਪ ਵਿਚ ਵਰਤੇ ਮਿਲਦੇ ਹਨ। 'ਬਾਰੰਬਾਰਤਾ' ਵਜੋਂ ਇਹਨਾਂ ਰੂਪਾਂ ਦੀ ਵਰਤੋਂ ਹਮੇਸ਼ਾਂ ਦੁਹਰੁਕਤੀਯੁਕਤ ਰੂਪ ਵਿਚ ਕੀਤੀ ਜਾਂਦੀ ਹੈ। ਸੋ ਦੁਹਰੁਕਤੀ ਵਿਸ਼ੇਸ਼ ਭਾਵ ਬਣਤਰ ਦਾ ਸੰਚਾਰ ਕਰਦੀ ਹੈ, ਜੋ ਇਕਹਿਰੇ ਰੂਪ ਰਾਹੀਂ ਅਸੰਭਵ ਹੈ।

# ਪੁਸਤਕ ਸੂਚੀ


- ਅਗਨੀਹੋਤਰੀ, ਵੇਦ, ਸ਼ਬਦ ਸਰੋਕਾਰ, ਦੀਪਕ ਪਬਲਿਸ਼ਰਜ਼, ਪੰਜਾਬੀ ਭਾਸ਼ਾ ਅਕਾਦਮੀ, 1988.
- ਅਗਨੀਹੋਤਰੀ, ਵੇਦ, ਪਰਿਚਾਇਕ ਭਾਸ਼ਾ ਵਿਗਿਆਨ, ਦੀਪਕ ਪਬਲਿਸ਼ਰਜ਼, ਜਲੰਧਰ, 1981.
- ਅਗਰਵਾਲ ਚਮਨ ਲਾਲ, ਪੰਜਾਬੀ ਰੂਪ ਵਿਗਿਆਨ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1981.
- ਸਲਵਾਨ ਮਿੰਨੀ, ਪੰਜਾਬੀ ਵਿਆਕਰਨ: ਮੁੱਢਲੇ ਸੰਕਲਪ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2016.
- ਸਾਹਿਬ ਸਿੰਘ, ਸਲੋਕ ਭਗਤ ਕਬੀਰ ਜੀ (ਸਟੀਕ), ਕਟੜਾ ਜਲਿਆ ਵਾਲਾ, ਅੰਮ੍ਰਿਤਸਰ, 1949.
- ਓਹੀ, ਸੁਖਮਨੀ ਸਾਹਿਬ ਸਟੀਕ, ਸਿੰਘ ਬ੍ਰਦਰਜ਼, ਮਾਈ ਸੇਵਾ ਬਜ਼ਾਰ, ਅੰਮ੍ਰਿਤਸਰ, 1938.
- ਓਹੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਦਸ ਪੋਥੀਆਂ), ਰਾਜ ਪਬਲਿਸ਼ਰਜ਼, ਜਲੰਧਰ, 1963.
- ਓਹੀ, ਚਰਨ ਸਿੰਘ, ਅਜੀਤ ਸਿੰਘ ਔਲਖ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਟੀਕ (ਭਾਗ ਦੂਜਾ), ਭਾ. ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, 2013.
- ਓਹੀ, ਗੁਰਬਾਣੀ ਵਿਆਕਰਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1939.
- ਓਹੀ, ਜਪੁਜੀ ਸਟੀਕ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1930.
- ਸਿੱਧੂ, ਪਰਮਜੀਤ ਸਿੰਘ, ਸ਼ਬਦ: ਸੰਕਲਪ ਅਤੇ ਸਰੂਪ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2012.
- ਓਹੀ, ਪੰਜਾਬੀ ਵਾਕੰਸ਼ ਜੁਗਤ, ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1991.
- ਓਹੀ, ਮਾਨਵ ਵਿਗਿਆਨ ਭਾਸ਼ਾ ਵਿਗਿਆਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
- ਸੰਘਾ, ਸੁਖਵਿੰਦਰ ਸਿੰਘ, ਪੰਜਾਬੀ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1997.

- ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਚਾਰ ਪੋਥੀਆਂ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2007-2008.
- ਹਰਕੀਰਤ ਸਿੰਘ, ਸਾਡੀ ਭਾਸ਼ਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
- ਓਹੀ, ਲਾਲ ਸਿੰਘ, ਕਾਲਜ ਪੰਜਾਬੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ੍ਹ, 1980.
- ਓਹੀ, ਗੁਰਬਾਣੀ ਦੀ ਭਾਸ਼ਾ ਤੇ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਓਹੀ, ਪੰਜਾਬੀ ਸ਼ਬਦ ਜੋੜ ਤੇ ਸ਼ਬਦ ਰੂਪ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
- ਓਹੀ, ਪੰਜਾਬੀ ਦੀਆਂ ਭਾਸ਼ਾਈ ਵਿਸ਼ੇਸ਼ਤਾਵਾਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1966.
- ਓਹੀ, ਭਾਸ਼ਾ ਤੇ ਭਾਸ਼ਾ ਵਿਗਿਆਨ, ਬਾਹਰੀ ਪਬਲੀਕੇਸ਼ਨ, ਚੰਡੀਗੜ੍ਹ, 1974.
- ਓਹੀ, ਰੂਪਾਂਤਰੀ ਵਿਆਕਰਨ, ਪੰਜਾਬ ਸਟੇਟ ਟੈਕਸਟ ਬੁਕ ਬੋਰਡ, ਚੰਡੀਗੜ, 1980.
- ਕੋਮਲ, ਜਗਜੀਤ ਸਿੰਘ, ਅਰਥ ਵਿਗਿਆਨ: ਇਕ ਜਾਣ ਪਛਾਣ, ਦੀਪ ਪ੍ਰਕਾਸ਼ਨ, ਪਟਿਆਲਾ, 1987.
- ਖਹਿਰਾ, ਸੁਰਿੰਦਰ ਸਿੰਘ, ਪੰਜਾਬੀ ਭਾਸ਼ਾ : ਵਿਆਕਰਨ ਅਤੇ ਬਣਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
- ਗਿਆਨੀ ਮਨੀ ਸਿੰਘ, ਸਿਧਾਂਤਕ ਸਟੀਕ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਸੱਤਵੀਂ ਸੈਂਚੀ), ਗੁਰਬਾਣੀ ਸਟੱਡੀ ਸੁਸਾਇਟੀ, ਕੈਨੇਡਾ, 1993.
- ਚੀਮਾ, ਬਲਦੇਵ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ: ਜੁਗਤ ਤੇ ਪਸਾਰ, ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 2008.

- ਓਹੀ, ਗੁਰਬਾਣੀ ਦਾ ਸਰਬਾਂਗੀ ਵਿਆਕਰਨ (ਸ਼ਬਦਾਵਲੀ ਤੇ ਸ਼ਬਦ- ਜੋੜ : ਲਿਪੀ-ਰੂਪ ਤੇ ਅਰਥ) (ਭਾਗ ਪਹਿਲਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2014.
- ਓਹੀ, ਗੁਰਬਾਣੀ ਦਾ ਸਰਬਾਂਗੀ ਵਿਆਕਰਨ (ਕਿਰਿਆ ਸ਼ਬਦ ਰੂਪ : ਬਣਤਰ, ਪ੍ਰਕਾਰਜ ਅਤੇ ਵਰਤੋਂ ਭੇਦ) (ਭਾਗ ਦੂਜਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.
- ਓਹੀ, ਗੁਰਬਾਣੀ ਦਾ ਸਰਬਾਂਗੀ ਵਿਆਕਰਨ (ਪੜਨਾਂਵ ਸ਼ਬਦ-ਰੂਪ : ਬਣਤਰ, ਪ੍ਰਕਾਰਜ ਤੇ ਵਰਤੋਂ) (ਭਾਗ ਤੀਜਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.
- ਓਹੀ, ਗੁਰਬਾਣੀ ਦਾ ਸਰਬਾਂਗੀ ਵਿਆਕਰਨ (ਵਿਸ਼ੇਸ਼ਣ ਸ਼ਬਦ-ਰੂਪ : ਬਣਤਰ, ਪ੍ਰਕਾਰਜ ਅਤੇ ਵਰਤੋਂ ਭੇਦ) (ਭਾਗ ਚੌਥਾ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.
- ਓਹੀ, ਗੁਰਬਾਣੀ ਦਾ ਸਰਬਾਂਗੀ ਵਿਆਕਰਨ (ਕਿਰਿਆ ਵਿਸ਼ੇਸ਼ਣ ਤੇ ਗੌਣ ਸ਼ਬਦ ਸ਼੍ਰੇਣੀਆਂ) (ਭਾਗ ਪੰਜਵਾਂ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2015.
- ਓਹੀ, ਪੰਜਾਬੀ ਵਾਕ ਪ੍ਰਬੰਧ : ਬਣਤਰ ਅਤੇ ਕਾਰਜ , ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.
- ਓਹੀ, ਪੰਜਾਬੀ ਵਿਆਕਰਨ ਤੇ ਭਾਸ਼ਾ ਵਿਗਿਆਨ: ਤਕਨੀਕੀ ਸ਼ਬਦਾਵਲੀ ਦਾ ਵਿਸ਼ਾ ਕੋਸ਼, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ 2009.
- ਜਸਵੀਰ ਕੌਰ, ਪੰਜਾਬੀ ਕਿਰਿਆ (ਇਕ ਅਰਥ ਵਿਗਿਆਨਕ ਅਧਿਐਨ), ਪਟਿਆਲਾ ਪ੍ਰਕਾਸ਼ਨ, 1991.
- ਓਹੀ, ਬਲਦੇਵ ਸਿੰਘ, ਚੀਮਾ, ਮੱਧਕਾਲੀ ਪੰਜਾਬੀ ਸ਼ਬਦਾਵਲੀ ਤੇ ਸ਼ਬਦ ਰੂਪਾਂ ਦੇ ਸ੍ਰੋਤ ਰੂਪ, ਬਣਤਰ ਤੇ ਪ੍ਰਕਾਰਜ, ਪਟਿਆਲਾ ਪ੍ਰਕਾਸ਼ਨ, 2013.
- ਜਗਜੀਤ ਸਿੰਘ, ਪੰਜਾਬੀ ਵਿਆਕਰਨ: ਸ਼੍ਰੇਣੀਆਂ ਤੇ ਇਕਾਈਆਂ, ਨਿਉ ਬੁਕ ਕੰਪਨੀ, ਜਲੰਧਰ, 1988.
- ਜੋਧ ਸਿੰਘ ਭਾਈ, ਬਾਣੀ ਸੰਤ ਕਬੀਰ ਜੀ (ਸਟੀਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1981.

- ਓਹੀ, ਭਗਤ ਨਾਮਦੇਵ ਤਥਾ ਹੋਰ ਭਗਤ (ਜੀਵਨੀ ਤੇ ਰਚਨਾ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
- ਜੱਸਲ, ਕੰਵਲਜੀਤ ਕੌਰ, ਪੰਜਾਬੀ ਨਾਂਵ ਵਾਕੰਸ਼: ਰੂਪ ਤੇ ਕਾਰਜ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1998.
- ਓਹੀ, ਪੰਜਾਬੀ ਪੜਨਾਂਵ (ਇਕ ਸਰਵੇਖਣ), ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2004.
- ਓਹੀ, ਪੰਜਾਬੀ ਵਿਆਕਰਨ ਦੇ ਕੁਝ ਪੱਖ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2002.
- ਦੁਨੀ ਚੰਦ੍ਰ , ਪੰਜਾਬੀ ਭਾਸ਼ਾ ਦਾ ਵਿਆਕਰਨ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1964.
- ਨਾਭਾ, ਭਾਈ ਕਾਨ੍ਹ ਸਿੰਘ, ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ, 1930.
- ਨੂਰ, ਸਤਿੰਦਰ ਸਿੰਘ, ਪੰਜਾਬੀ ਵਾਰ- ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, 2005.
- ਪੁਆਰ, ਜੋਗਿੰਦਰ ਸਿੰਘ, ਭਾਸ਼ਾ ਵਿਗਿਆਨ: ਸੰਕਲਪ ਤੇ ਦਿਸ਼ਾਵਾਂ, ਪੰਜਾਬੀ ਭਾਸ਼ਾ ਅਕਾਦਮੀ, 1988.
- ਓਹੀ, ਬਲਦੇਵ ਸਿੰਘ ਚੀਮਾ, ਸੁਖਵਿੰਦਰ ਸਿੰਘ ਸੰਘਾ, ਵੇਦ ਆਗਨੀਹੋਤਰੀ, (ਸੰਪ), ਪੰਜਾਬੀ ਭਾਸ਼ਾ ਦਾ ਵਿਆਕਰਣ (ਤਿੰਨ ਭਾਗ), ਪੰਜਾਬੀ ਭਾਸ਼ਾ ਅਕਾਦਮੀ, ਜਲੰਧਰ, 1992.
- ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਭਾਸ਼ਾ ਦਾ ਸਰੋਤ ਤੇ ਬਣਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
- ਓਹੀ, ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ, ਮਦਾਨ ਪਬਲੀਕੇਸ਼ਨਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004.
- ਓਹੀ, ਭਾਰਤੀ ਕਾਵਿ ਸਾਸ਼ਤਰ, ਲਾਹੌਰ ਬੁਕ ਸ਼ਾਪ, ਲੁਧਿਆਣਾ, 1963.
- ਓਹੀ, ਰੂਪ ਵਿਗਿਆਨ ਅਤੇ ਪੰਜਾਬੀ ਸ਼ਬਦ ਰਚਨਾ, ਮਦਾਨ ਪਬਲੀਕੇਸ਼ਨ, ਪਟਿਆਲਾ, 2002.

- ਬਰਾੜ, ਬੂਟਾ ਸਿੰਘ, ਪੰਜਾਬੀ ਭਾਸ਼ਾ: ਸ੍ਰੋਤ ਅਤੇ ਸਰੂਪ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2004.
- ਓਹੀ, ਪੰਜਾਬੀ ਵਿਆਕਰਨ: ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2008.
- ਓਹੀ, ਭਾਸ਼ਾ ਵਿਗਿਆਨ: ਸਿਧਾਂਤ ਤੇ ਵਿਹਾਰ, ਲਾਹੌਰ ਬੁਕਸ ਲੁਧਿਆਣਾ, 2014.
- ਰਵਿੰਦਰ ਕੌਰ (ਡਾ.), (ਅਨੁ.), ਵਕ੍ਰੋਕਤੀ ਜੀਵਿਤ (ਕੁੰਤਕ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- ਲਖਵੀਰ ਸਿੰਘ, ਪੰਜਾਬੀ ਦੀ ਭਾਵ ਬਣਤਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, (1989).


ਖੋਜ-ਕਾਰਜ ਲਈ ਅਧਿਐਨ ਸਮੱਗਰੀ ਈਸਰ ਮਾਈਕ੍ਰੋ ਮੀਡੀਆ ਤੋਂ ਲਈ ਹੈ।

## ਅੰਗਰੇਜ਼ੀ ਪੁਸਤਕਾਂ


- Abbi Anvita, Semantics Grammer of Hindi, Bahri Publications Private Limited, New Delhi, (1980)
- Allen, R.E, Concise Oxford dictionary of current English, Oxford Univrsity press, Delhi University, 1990.
- Bahl, Kali Charan, Studies in the semantics structure of Hindi, Motilal Banarsidass, Delhi, (1974).
- Bauer Laurie, English Word Formation, London, 1983.
- Burchfield.R.W (Edi), The Oxford of English Dictionary, (vol 10th), Clarendon Press, Oxford, (7thedi), (1989).
- Chettarji Suniti Kumar, Indo Aryan and Hindi, Bancharam Akrur lane, Calcutta, 1960 (2nd ed).

- Crystal, David, A Dictionary of Linguistic & Phonetics, Oxford, 1986.
- Cummings, T.F. and Bailey, T.G, Punjabi Manual Grammar, Calcutta, 1912.
- Dulai, Narinder K, A Pedagogical Grammar of Punjabi, Indian Institute of Language Studies, Patiala, 1989.
- Gill, Harjeet singh and Gleason H.A, A Reference Grammar of Punjabi, Publication Bureau, Punjabi University, Patiala, 1969.
- John Newton, A Grammar of Punjabi Language, Mission Press, Ludhiana, 1851.
- Keith Allen, Linguistic Meaning, (vol 1st), Routledge & Kegan Paul, London, 1986.
- Lyons john, Introduction to Theoretical Linguistics, Cambridge University, 1968.
- Mann Gurinder Singh & more, An introduction to Punjabi (Grammar, conversation and literature), Publication Bureau, Punjabi University, Patiala, 2011.
- McGREGOR.R.S, Outline of Hindi Grammer, Oxford University Press, Oxford, (1972).
- Matthews, P.H. The concise Oxford dictionary of Linguistic, Oxford University press, New Delhi, 2007.
- Newton.E.P, Punjabi Manual and Grammar, Director General of Languages Punjabi, Patiala, 1896.
- Palmar, Frank, Grammar, Penguin book, London, 1971.

- Puar, Joginder singh, A Punjabi Verb: form and Function, Publication Bureau, Punjabi University, Patiala, 1990.
- Sapir Edward, Language, Rupert Hart-Davis, Soho Square London, (1921).
- Sharma Aryendra, A Basic Grammer of Modern Hindi, Central Hindi Directorate, New Delhi, 1958.
- Sneddon, James Neil, Indonesian: A comprehensive Grammar, Atchison Street, NSW Australai, 1996.
- Sykes.J.B, (Edi), The Concise Oxford Dictionary of Current English, Oxford University, Press, Delhi, (1976).


**ਹਿੰਦੀ ਪੁਸਤਕਾਂ**


- ਸ਼ਰਮਾ ਗੋਪਾਲ, (ਡਾ.), ਕੇਂਦਰੀ ਹਿੰਦੀ ਵਿਆਕਰਨ, ਗੀਤਾ ਪ੍ਰਕਾਸ਼ਨ, ਹੈਦਰਾਬਾਦ, (2008).
- ਕੁਮਾਰ ਕਵਿਤਾ, ਹਿੰਦੀ ਵਿਆਕਰਨ: ਇਕ ਨਵੀਨ ਦ੍ਰਿਸ਼ਟੀਕੋਣ, ਕਿਤਾਬ ਘਰ ਪ੍ਰਕਾਸ਼ਨ, ਨਵੀਂ ਦਿੱਲੀ, (1980).
- ਜਾਦੌਨ, ਰਾਮ ਗੋਪਾਲ ਸਿੰਘ, (ਡਾ.), ਪ੍ਰਯੋਗਿਕ ਹਿੰਦੀ ਵਿਆਕਰਨ, ਵਿਸ਼ਟਾ ਪਬਲਿਸ਼ਰਜ਼, ਵੈਸ਼ਾਲੀ ਨਗਰ, ਜੈਪੁਰ, (2013).
- ਤ੍ਰਿਵੇਦੀ ਸ਼ਿਖਾ, (ਡਾ.), ਗੁਰੂਕੁਲ ਹਿੰਦੀ ਵਿਆਕਰਨ ਅਤੇ ਰਚਨਾ, ਸ਼੍ਰੀ ਰਾਧਾ ਗੋਵਿੰਦ ਪ੍ਰਕਾਸ਼ਨ, ਦਿੱਲੀ, (2014).
- ਤਿਵਾੜੀ ਭੋਲਾ ਨਾਥ, ਭਾਸ਼ਾ ਵਿਗਿਆਨ, ਕਿਤਾਬ ਮਹਿਲ, ਇਲਾਹਾਬਾਦ, (1955).
- ਤਿਵਾੜੀ ਭੋਲਾ ਨਾਥ, ਹਿੰਦੀ ਭਾਸ਼ਾ, ਕਿਤਾਬ ਮਹਿਲ, ਇਲਾਹਾਬਾਦ, (1976).
- ਭਾਰਦਵਾਜ, ਕੈਲਾਸ਼ ਨਾਥ, (ਡਾ.), ਹਿੰਦੀ ਦਾ ਭਾਸ਼ਾ ਵਿਗਿਆਨਕ ਵਿਆਕਰਨ, ਪੰਜਾਬ ਹਿੰਦੀ ਸਾਹਿਤ ਅਕਾਦਮੀ, (2008).

Links:

- https://en.m.wikipedia.org.
- https://www.grin.com.
- https://www.merriam-webster.com.
- https://www.researchgate.net/publication/237105596.

## ਗੁਰੂ ਗ੍ਰੰਥ ਸਾਹਿਬ ਵਿਚ ਪੂਰਨ ਰੂਪਗਤ ਸ਼ਬਦ ਦੁਹਰੁਕਤੀ ਦੀ ਸਮੁਚੀ ਸਮੱਗਰੀ

### ੳ

**ਓਹੀ ਓਹੀ** ਕਿਆ ਕਰਹੁ ਹੈ ਹੋਸੀ ਸੋਈ ॥ ਅੰਗ ੪੧੮ (ਪੜਨਾਂਵ, ਤੀਬਰਭਾਵ)

**ਓੜਕ ਓੜਕ** ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਅੰਗ ੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕੇਤੇ ਕਹਿ ਕਹਿ **ਉਠਿ ਉਠਿ** ਜਾਹਿ ॥ ਅੰਗ ੬ (ਕਿਰਿਆ, ਬਾਰੰਬਾਰਤਾ)

ਥਾਨ ਬਿਹੂਨ **ਉਠਿ ਉਠਿ** ਫਿਰਿ ਧਾਵੈ ॥ ਅੰਗ ੧੦੦੫ (ਕਿਰਿਆ, ਬਾਰੰਬਾਰਤਾ)

ਕਿਆ **ਉਠਿ ਉਠਿ** ਦੇਖਹੁ ਬਪੁੜੇਂ ਇਸੁ ਮੇਘੈ ਹਥਿ ਕਿਛੁ ਨਾਹਿ ॥ ਅੰਗ ੧੨੮੦ (ਕਿਰਿਆ, ਬਾਰੰਬਾਰਤਾ)

ਕਾਮ ਕਰੋਧੁ ਨਗਰ ਮਹਿ ਸਬਲਾ ਨਿਤ **ਉਠਿ ਉਠਿ** ਜੂਝੁ ਕਰੀਜੈ ॥ ਅੰਗ ੧੩੨੫ (ਕਿਰਿਆ, ਬਾਰੰਬਾਰਤਾ)

**ਉਡਿ ਉਡਿ** ਰਾਵਾ ਝਾਟੈ ਪਾਇ ॥ ਅੰਗ ੪੬੫ (ਕਿਰਿਆ, ਨਿਰੰਤਰਤਾ)

ਕਬੀਰ ਮਨੁ ਪੰਖੀ ਭਇਓ **ਉਡਿ ਉਡਿ** ਦਹ ਦਿਸ ਜਾਇ ॥ ਅੰਗ ੧੩੬੯ (ਕਿਰਿਆ, ਨਿਰੰਤਰਤਾ)

**ਊਂਨਵਿ ਊਂਨਵਿ** ਆਇਆ ਅਵਰਿ ਕਰੇਂਦਾ ਵੰਨ ॥ ਅੰਗ ੧੨੮੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਊਂਨਵਿ ਊਂਨਵਿ** ਆਇਆ ਵਰਸੈ ਨੀਰੁ ਨਿਪੰਗੁ ॥ ਅੰਗ ੧੨੮੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਊਂਨਵਿ ਊਂਨਵਿ** ਆਇਆ ਵਰਸੈ ਲਾਇ ਝੜੀ ॥ ਅੰਗ ੧੨੮੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

### ਅ

ਰਸਨਾ **ਅਗਹ ਅਗਹ** ਗੁਨ ਰਾਤੀ ਨੈਨ ਦਰਸ ਰੰਗੁ ਲਾਏ ॥ ਅੰਗ ੮੨੦ (ਵਿਸ਼ੇਸ਼ਣ, ਤੀਬਰਭਾਵ)

**ਅਗਹ ਅਗਹ** ਬੇਅੰਤ ਸੁਆਮੀ ਨਹ ਕੀਮ ਕੀਮ ਕੀਮਾਏ ॥ ਅੰਗ ੧੧੩੯ (ਵਿਸ਼ੇਸ਼ਣ, ਦੂਹਰਾ ਵਾਕੰਸ਼ੀ ਕਾਰਜ)

ਕਹੁ ਨਾਨਕ **ਅਗਮ ਅਗਮ** ਹੈ ਠਾਕੁਰ ਭਗਤ ਟੇਕ ਹਰਿ ਨਾਇਓ ॥ ਅੰਗ ੨੦੯ (ਵਿਸ਼ੇਸ਼ਣ, ਤੀਬਰਭਾਵ)

**ਅਗਮ ਅਗਮ** ਆਗਾਧਿ ਬੋਧ ਕੀਮਤਿ ਪਰੈ ਨ ਪਾਵਉ ॥ ਅੰਗ ੪੦੧ (ਵਿਸ਼ੇਸ਼ਣ, ਤੀਬਰਭਾਵ)

ਏਕ ਜੀਹ ਗੁਣ ਕਵਨ ਵਖਾਨੈ **ਅਗਮ ਅਗਮ** ਅਗਮਈ ॥ ਅੰਗ ੪੦੨ (ਵਿਸ਼ੇਸ਼ਣ, ਤੀਬਰਭਾਵ)

**ਅਗਮ ਅਗਮ** ਠਾਕੁਰੁ ਆਗਾਧਿ ॥ ਅੰਗ ੫੩੫ (ਵਿਸ਼ੇਸ਼ਣ, ਤੀਬਰਭਾਵ)

ਹਰਿ **ਅਗਮ ਅਗਮ** ਅਗਾਧਿ ਬੋਧਿ ਆਦੇਸੁ ਹਰਿ ਪ੍ਰਭ ਰਾਇਆ ॥ ਅੰਗ ੯੮੪ (ਵਿਸ਼ੇਸ਼ਣ, ਤੀਬਰਭਾਵ)

ਹਰਿ **ਅਗਮ ਅਗਮ** ਅਗਾਧਿ ਤੁਹੀ ॥ ਅੰਗ ੯੮੭ (ਵਿਸ਼ੇਸ਼ਣ, ਤੀਬਰਭਾਵ)

**ਅਗਮ ਅਗਮ** ਊਚਹ ਤੇ ਊਚ ॥ ਅੰਗ ੧੧੮੨ (ਵਿਸ਼ੇਸ਼ਣ, ਕਾਵਿ ਵਜਨ)

ਸਭ ਹੂ ਦੂਰਿ ਸਭ ਹੂ ਤੇ ਨੇਰੈ **ਅਗਮ ਅਗਮ** ਘਟ ਵਾਸਾ ॥ ਅੰਗ ੧੨੧੧ (ਵਿਸ਼ੇਸ਼ਣ, ਤੀਬਰਭਾਵ)

ਹਰਿ ਕੇ ਨਾਮ ਅਸੰਖ ਅਗਮ ਹਹਿ **ਅਗਮ ਅਗਮ** ਹਰਿ ਰਾਇਆ ॥ ਅੰਗ ੧੩੧੯ (ਵਿਸ਼ੇਸ਼ਣ, ਅਰਥ ਵਿਸਥਾਰ)

ਤੂ ਅਥਾਹੁ ਅਤਿ **ਅਗਮੁ ਅਗਮੁ** ਹੈ ਮਤਿ ਗੁਰਮਤਿ ਮਨੁ ਠਹਰਾਵੈਗੋ ॥ ਅੰਗ ੧੩੦੯ (ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਅਗੰਮ ਅਗੰਮ** ਅਸੰਖ ਲੋਅ ॥ ਅੰਗ ੪ (ਵਿਸ਼ੇਸ਼ਣ, ਕਾਵਿ ਵਜਨ)

ਦੁਖ ਨਾਠੇ ਸੁਖ ਸਹਜਿ ਸਮਾਏ **ਅਨਦ ਅਨਦ** ਗੁਣ ਗਾਇਆ ॥ ਅੰਗ ੧੨੧੮ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਅਨਿਕ ਅਨਿਕ** ਭੋਗ ਰਾਜ ਬਿਸਰੇ ਪ੍ਰਾਣੀ ਸੰਸਾਰ ਸਾਗਰ ਪੈ ਅਮਰੁ ਭਇਆ॥ ਅੰਗ ੯੨ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

**ਅਨਿਕ ਅਨਿਕ** ਭਾਤਿ ਬਹੁ ਪੇਖੇ ਪ੍ਰਿਅ ਰੋਮ ਨ ਸਮਸਰਿ ਲਾਏ ॥ ਅੰਗ ੫੩੩ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

ਲਲਤ ਬਿਲਾਵਲ ਗਾਵਹੀ **ਅਪੁਨੀ ਅਪੁਨੀ** ਭਾਂਤਿ ॥ ਅੰਗ ੧੪੩੦ (ਪੜਨਾਂਵ, ਕਾਰਜਗਤ ਵਿਭਿੰਨਤਾ)

**ਆਢ ਆਢ** ਕਉ ਫਿਰਤ ਢੂੰਢਤੇ ਮਨ ਸਗਲ ਤ੍ਰਿਸਨ ਬੁਝਿ ਗਈ ॥ ਅੰਗ ੪੦੨ (ਵਿਸ਼ੇਸ਼ਣ, ਅਰਥ ਵਿਸਥਾਰ)

**ਆਨੰਦੁ ਆਨੰਦੁ** ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥ ਅੰਗ ੯੧੭ (ਭਾਵ ਵਾਚਕ ਨਾਂਵ, ਸਥਿਤੀ ਦਾ ਪ੍ਰਕਾਰਜ)

**ਆਪ ਆਪ** ਕਾ ਮਰਮੁ ਨ ਜਾਨਾਂ ॥ ਅੰਗ ੧੧੬੧ (ਨਿਜਵਾਚਕ ਪੜਨਾਂਵ, ਪੜਨਾਂਵੀਂ ਵਾਕੰਸ਼)

ਜੇਵਡੁ ਆਪਿ ਜਾਣੈ **ਆਪਿ ਆਪਿ** ॥ ਅੰਗ ੫ (ਨਿਜਵਾਚਕ ਪੜਨਾਂਵ, ਦਬਾਉ, ਅਰਥ ਸੰਕੋਚ)

ਏਕ ਮਹਲਿ ਤੂੰ **ਆਪੇ ਆਪੇ** ਏਕ ਮਹਲਿ ਗਰੀਬਾਨੋ ॥ ਅੰਗ ੨੦੬ (ਨਿਜਵਾਚਕ ਪੜਨਾਂਵ, ਦਬਾਉ, ਅਰਥ ਸੰਕੋਚ)

ਹਰਿ ਜੋ ਕਿਛੁ ਕਰੇ ਸੁ **ਆਪੇ ਆਪੇ** ਓਹੁ ਪੂਛਿ ਨ ਕਿਸੈ ਕਰੇ ਬੀਚਾਰਿ ॥ ਅੰਗ ੧੧੩੫ (ਨਿਜਵਾਚਕ ਪੜਨਾਂਵ, ਦਬਾਉ, ਅਰਥ ਸੰਕੋਚ)

ਨਾਨਕ ਕਾ ਪ੍ਰਭੁ **ਆਪੇ ਆਪੇ ਕਰਿ ਕਰਿ** ਵੇਖੈ ਚੋਜ ਖੜਾ॥ ਅੰਗ ੧੦੮੨(ਪੜਨਾਂਵ, ਕਿਰਿਆ, ਅਰਥ ਸੰਕੋਚ, ਬਾਰੰਬਾਰਤਾ)

ਰਾਮ ਜਪਉ ਜੀਅ **ਐਸੇ ਐਸੇ** ॥ ਅੰਗ ੩੩੭ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ੲ**

ਚਾਰੇ ਦੀਵੇ ਚਹੁ ਹਥਿ ਦੀਏ **ਏਕਾ ਏਕਾ** ਵਾਰੀ ॥ ਅੰਗ ੧੧੯੦ (ਕਿਰਿਆ ਵਿਸ਼ੇਸ਼ਣ, ਕ੍ਰਮ ਸੂਚਕਤਾ)

ਕਹੈ ਨਾਨਕੁ ਛਪੈ ਕਿਉ ਛਪਿਆ **ਏਕੀ ਏਕੀ** ਵੰਡਿ ਦੀਆ ॥ ਅੰਗ ੩੫੧ (ਕਿਰਿਆ ਵਿਸ਼ੇਸ਼ਣ, ਬਰਾਬਰਤਾ)

ਤਹ ਸੁੰਨਿ ਸਹਜਿ ਸਮਾਧਿ ਲਾਗੀ **ਏਕੁ ਏਕੁ** ਵਖਾਣੀਐ ॥ ਅੰਗ ੫੭੮ (ਗਿਣਤੀ ਵਾਚਕ ਵਿਸ਼ੇਸ਼ਣ, ਅਰਥ ਸੰਕੋਚ)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ **ਏਕੁ ਏਕੁ** ਵਖਾਣੀਐ ॥ ਅੰਗ ੮੪੬ (ਗਿਣਤੀ ਵਾਚਕ ਵਿਸ਼ੇਸ਼ਣ, ਅਰਥ ਸੰਕੋਚ)

**ਏਕੈ ਏਕੈ,** ਏਕ ਤੂਹੀ ॥ ਅੰਗ ੮੮੪ (ਗਿਣਤੀ ਵਾਚਕ ਵਿਸ਼ੇਸ਼ਣ, ਅਰਥ ਸੰਕੋਚ)

**ਏਕੈ ਏਕੈ** ਤੂ ਰਾਇਆ ॥ ਅੰਗ ੮੮੪ (ਗਿਣਤੀ ਵਾਚਕ ਵਿਸ਼ੇਸ਼ਣ, ਅਰਥ ਸੰਕੋਚ)

ਗੁਰਿ ਕਹਿਆ ਸਭੁ **ਏਕੋ ਏਕੋ** ਅਵਰੁ ਨ ਕੋਈ ਹੋਇਗਾ ਜੀਉ ॥ ਅੰਗ ੯੯ (ਸੰਖਿਅਕ ਵਿਸ਼ੇਸ਼ਣ, ਨਿਸ਼ੇਧ)

**ਸ**

**ਸਹਜਿ ਸਹਜਿ** ਗੁਣ ਰਮੈ ਕਬੀਰੁ ॥ ਅੰਗ ੩੨੮ (ਕਿਰਿਆ ਵਿਸ਼ੇਸ਼ਣ, ਸ਼੍ਰੇਣੀ ਪਰਿਵਰਤਨ, ਇਕਹਿਰਾ ਰੂਪ ਨਾਂਵ)

**ਸਹਜਿ ਸਹਜਿ** ਗੁਨ ਰਵੈ ਕਬੀਰਾ ॥ ਅੰਗ ੪੭੮ (ਕਿਰਿਆ ਵਿਸ਼ੇਸ਼ਣ, ਸ਼੍ਰੇਣੀ ਪਰਿਵਰਤਨ, ਇਕਹਿਰਾ ਰੂਪ ਨਾਂਵ)

ਮਨ ਕਉ ਇਹ ਉਪਦੇਸੁ ਦ੍ਰਿੜਾਵੈ **ਸਹਜਿ ਸਹਜਿ** ਗੁਣ ਗਾਈ ॥ ਅੰਗ ੪੯੯ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਮਾਨੋ ਸਭ ਸੁਖ ਨਉ ਨਿਧਿ ਤਾ ਕੈ **ਸਹਜਿ ਸਹਜਿ** ਜਸੁ ਬੋਲੈ ਦੇਵ॥ ਅੰਗ ੮੫੭ (ਭਾਵ ਵਾਚਕ ਨਾਂਵ, ਅਵਸਥਾ ਦੀ ਸਥਿਤੀ)

ਲਾਲ ਦਇਆਲ ਗੁਲਾਲ ਲਾਡਿਲੇ **ਸਹਜਿ ਸਹਜਿ** ਗੁਨ ਗਾਇਓ ॥ ਅੰਗ ੧੨੧੪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਸਹਜੇ ਸਹਜੇ** ਮਿਲਿ ਰਹੈ ਅਮਰਾ ਪਦੁ ਪਾਵੈ ॥ ਅੰਗ ੭੨੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਕਾਵਿ ਵਜਨ)

**ਸਚੁ ਸਚੁ** ਸਚੁ ਸਭੁ ਕੀਨਾ ॥ ਅੰਗ ੨੭੯ (ਨਾਂਵ, ਦਬਾਉ)

ਹਰਿ **ਸਤਿ ਸਤਿ** ਮੇਰੇ ਬਾਬੋਲਾ ਹਰਿ ਜਨ ਮਿਲਿ ਜੰਞ ਸੋਹੰਦੀ॥ ਅੰਗ ੭੮ (ਵਿਸ਼ੇਸ਼ਣ, ਦਬਾਉ, (ਵਿ+ ਵਿ))

**ਸਤਿ ਸਤਿ,** ਸਤਿ ਪ੍ਰਭੁ ਸੋਈ ॥ ਅੰਗ ੧੦੪ (ਵਿਸ਼ੇਸ਼ਣ, ਦਬਾਉਬੋਧਕ)

ਸਸਾ **ਸਤਿ ਸਤਿ,** ਸਤਿ ਸੋਊ ॥ ਅੰਗ ੨੫੦ (ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ,** ਸਤਿ ਪ੍ਰਭੁ ਸੁਆਮੀ ॥ ਅੰਗ ੨੭੯ (ਵਿਸ਼ੇਸ਼ਣ, ਦਬਾਉਬੋਧਕ)

ਸਤਿਗੁਰ ਕੀ ਬਾਣੀ **ਸਤਿ ਸਤਿ** ਕਰਿ ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥ ਅੰਗ ੩੦੮ (ਗੁਣ ਵਾਚਕ ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ** ਸਤਿਗੁਰਿ ਨਾਮੁ ਦਿੜਾਇਆ ਰਸਿ ਗਾਏ ਗੁਣ ਪਰਮਾਨੰਦਾ॥ ਅੰਗ ੩੬੭ (ਗੁਣ ਵਾਚਕ ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ** ਸਤਿ ਨਾਨਕਿ ਕਹਿਆ ਅਪਨੈ ਹਿਰਦੈ ਦੇਖੁ ਸਮਾਲੇ ॥ ਅੰਗ ੩੮੧(ਗੁਣ ਵਾਚਕ ਵਿਸ਼ੇਸ਼ਣ, ਦਬਾਉਬੋਧਕ)

ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ **ਸਤਿ ਸਤਿ** ਕਰਿ ਮਾਨੀ ॥

ਅੰਗ ੬੬੯

(ਗੁਣ ਵਾਚਕ ਵਿਸ਼ੇਸ਼ਣ, ਦਬਾਉਬੋਧਕ)

ਅਨੇਕ ਜਨਮ ਕੇ ਵਿਛੁੜੇ ਜਨ ਮੇਲੇ ਜਾ **ਸਤਿ ਸਤਿ** ਸਤਿਗੁਰ ਸਰਣਿ ਪਵਈਆ ॥ ਅੰਗ ੮੩੬ (ਵਿਸ਼ੇਸ਼ਣ, ਦਬਾਉਬੋਧਕ)

ਗੁਰ ਕੇ ਬਚਨ **ਸਤਿ ਸਤਿ** ਕਰਿ ਮਾਨੇ ਮੇਰੇ ਠਾਕੁਰ ਬਹੁਤੁ ਪਿਆਰੇ ॥ ਅੰਗ ੯੮੨ (ਵਿਸ਼ੇਸ਼ਣ, ਦਬਾਉਬੋਧਕ)

ਹਰਿ **ਸਤਿ ਸਤਿ** ਸਦਾ ਹਰਿ ਸਤਿ ਹਰਿ ਸਤਿ ਮੇਰੈ ਮਨਿ ਭਾਵੈ ਜੀਉ ॥ ਅੰਗ ੯੯੭ (ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ** ਵਰਤੈ ਗਹਿਰ ਗੰਭੀਰਾ ॥ ਅੰਗ ੧੦੨੩ (ਵਿਸ਼ੇਸ਼ਣ, ਦਬਾਉਬੋਧਕ)

ਸਤਿਗੁਰ ਕੀ ਬਾਣੀ **ਸਤਿ ਸਤਿ** ਕਰਿ ਮਾਨਹੁ ਇਉ ਆਤਮ ਰਾਮੈ ਲੀਨਾ ਹੇ ॥ ਅੰਗ ੧੦੨੮ (ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ** ਸਤਿ ਪ੍ਰਭੁ ਜਾਤਾ ॥ ਅੰਗ ੧੦੭੨ (ਵਿਸ਼ੇਸ਼ਣ, ਦਬਾਉਬੋਧਕ)

ਆਪੇ **ਸਤਿ ਸਤਿ** ਸਤਿ ਸਾਚਾ ॥ ਅੰਗ ੧੦੭੭ (ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ, ਸਤਿ ਸਤਿ,** ਸਤਿ ਗੁਰਦੇਵ ॥ ਅੰਗ ੧੧੬੬ (ਦੂਹਰੀ ਵਿਸ਼ੇਸ਼ਣ ਦੁਹਰੁਕਤੀ, ਦਬਾਉਬੋਧਕ)

**ਸਤਿ ਸਤਿ** ਸਦਾ ਸਤਿ ॥ ਅੰਗ ੧੨੦੧ (ਵਿਸ਼ੇਸ਼ਣ, ਦਬਾਉਬੋਧਕ)

**ਸਤਿ ਸਤਿ** ਰਾਮੁ ॥ ਅੰਗ ੧੨੦੨ (ਵਿਸ਼ੇਸ਼ਣ, ਦਬਾਉਬੋਧਕ)

ਮਾਈ **ਸਤਿ ਸਤਿ,** ਸਤਿ ਹਰਿ, **ਸਤਿ ਸਤਿ,** ਸਤਿ ਸਾਧਾ ॥ ਅੰਗ ੧੨੦੪ (ਦੂਹਰੀ ਵਿਸ਼ੇਸ਼ਣ ਦੁਹਰੁਕਤੀ, ਦਬਾਉਬੋਧਕ)

**ਸਤਿ ਸਤਿ** ਹਰਿ ਸਤਿ ਸੁਆਮੀ ਸਤਿ ਸਾਧਸੰਗੇਹੁ ॥ ਅੰਗ ੧੨੨੬ (ਵਿਸ਼ੇਸ਼ਣ, ਦਬਾਉਬੋਧਕ)

ਸਭਿ ਧਿਆਵਹਿ ਤੁਧੁ ਮੇਰੇ ਪ੍ਰੀਤਮਾ ਤੂ **ਸਤਿ ਸਤਿ** ਪੁਰਖ ਨਿਰੰਜਨਾ ॥ ਅੰਗ ੧੩੧੩ (ਵਿਸ਼ੇਸ਼ਣ, ਦਬਾਉਬੋਧਕ)

ਜੋ ਬਚਨੁ ਗੁਰ **ਸਤਿ ਸਤਿ** ਕਰਿ ਮਾਨੈ ਤਿਸੁ ਆਗੈ ਕਾਢਿ ਧਰੀਜੈ ॥ ਅੰਗ ੧੩੨੬ (ਦੂਹਰੀ ਵਿਸ਼ੇਸ਼ਣ ਦੁਹਰੁਕਤੀ, ਦਬਾਉਬੋਧਕ)

**ਸਤਿ ਸਤਿ** ਹਰਿ **ਸਤਿ ਸਤਿ** ਸਤੇ ਸਤਿ ਭਣੀਐ ॥ ਅੰਗ ੧੩੮੬ (ਦੂਹਰੀ ਵਿਸ਼ੇਸ਼ਣ ਦੁਹਰੁਕਤੀ, ਦਬਾਉਬੋਧਕ)

ਅਮਰ ਭਏ **ਸਦ ਸਦ** ਹੀ ਜੀਵਹਿ ॥ ਅੰਗ ੨੭੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਨਾਨਕ ਪ੍ਰਭ ਸਰਣਾਗਤੀ **ਸਦ ਸਦ** ਕੁਰਬਾਣਾ ॥ ਅੰਗ ੩੧੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਬਲਿਹਾਰੀ ਗੁਰ ਆਪਣੇ **ਸਦ ਸਦ** ਕੁਰਬਾਨਾ ॥ ਅੰਗ ੩੯੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਬਲਿਹਾਰੀ ਗੁਰ ਆਪਣੇ **ਸਦ ਸਦ** ਬਲਿ ਜਾਉ ॥ ਅੰਗ ੪੦੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਉਸਤਤਿ ਬਰਨਿ ਨ ਸਕੀਐ **ਸਦ ਸਦ** ਕੁਰਬਾਨਾ ॥ ਅੰਗ ੫੫੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਹਰਿ ਦਿਨਸੁ ਰੈਣਿ ਨਾਨਕੁ ਜਪੈ **ਸਦ ਸਦ** ਬਲਿ ਜਾਈ ॥ ਅੰਗ ੮੧੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਨਾਰਾਇਣ **ਸਦ ਸਦ** ਬਖਸਿੰਦ ॥ ਅੰਗ ੮੬੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਮਰੈ ਨਾਹੀ **ਸਦ ਸਦ** ਹੀ ਜੀਵੈ ॥ ਅੰਗ ੧੦੭੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਨਾਮ ਬਿਨਾ **ਸਦ ਸਦ** ਹੀ ਝੂਰੇ ॥ ਅੰਗ ੧੧੪੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਮੈ ਅਨਦਿਨੋ **ਸਦ ਸਦ** ਸਦਾ ਹਰਿ ਜਪਿਆ ਹਰਿ ਨਾਓ॥ ਅੰਗ ੧੨੦੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ, ਨਿਰੰਤਰ)

ਤੂੰ ਜੁਗੁ ਜੁਗੁ ਏਕੋ **ਸਦਾ ਸਦਾ** ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ ਅੰਗ ੧੧ (ਵਿਸ਼ੇਸ਼ਣ,

ਜਿਸੁ ਅੰਦਰਿ ਨਾਮ ਪ੍ਰਗਾਸੁ ਹੈ ਓਹੁ **ਸਦਾ ਸਦਾ** ਥਿਰੁ ਹੋਇ ॥ ਅੰਗ ੨੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ,

ਓਇ ਅੰਮ੍ਰਿਤੁ ਪੀਵਹਿ **ਸਦਾ ਸਦਾ** ਸਚੈ ਨਾਮਿ ਪਿਆਰਿ ॥ ਅੰਗ ੨੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਹਰਿ ਨਾਮੁ ਸਲਾਹਨਿ **ਸਦਾ ਸਦਾ** ਵਖਰੁ ਹਰਿ ਨਾਮੁ ਅਧਾਰੁ ॥ ਅੰਗ ੨੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸਾਚੇ ਗੁਣ ਗਾਵਹਿ ਸਾਚੈ ਨਾਇ ਪਿਆਰੁ ॥ ਅੰਗ ੩੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਸਤਿਗੁਰ ਸੇਤੀ ਚਿਤੁ ਲਾਇ **ਸਦਾ ਸਦਾ** ਰੰਗੁ ਮਾਣਿ ॥ ਅੰਗ ੪੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ॥ ਅੰਗ ੪੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਆਰਾਧੀਐ ਦਿਨੁ ਵਿਸਰਹੁ ਨਹੀ ਰਾਤਿ ॥ ਅੰਗ ੪੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਪ੍ਰਭੁ ਸਿਮਰੀਐ ਅੰਤਰਿ ਰਖੁ ਉਰ ਧਾਰਿ ॥ ਅੰਗ ੪੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਨਾਨਕ ਜਪੀਐ ਸਚੁ ਨਾਮੁ ਹਉ **ਸਦਾ ਸਦਾ** ਕੁਰਬਾਨੁ॥ ਅੰਗ ੪੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਜੀਉ ਪਿੰਡੁ ਧਨੁ ਤਿਸ ਦਾ ਹਉ **ਸਦਾ ਸਦਾ** ਕੁਰਬਾਨੁ ॥ ਅੰਗ ੪੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਾਲਾਹੀਐ ਅੰਤੁ ਨ ਪਾਰਾਵਾਰੁ ॥ ਅੰਗ ੪੯ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਆਰਾਧੀਐ ਏਹਾ ਮਤਿ ਵਿਸੇਖ ॥ ਅੰਗ ੪੯ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਾਰਤਾ)

ਸਹਜਿ ਸਾਲਾਹੀ **ਸਦਾ ਸਦਾ** ਸਹਜਿ ਸਮਾਧਿ ਲਗਾਇ ॥ ਅੰਗ ੬੮ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਾਰਤਾ)

ਤੇਰੀਆ **ਸਦਾ ਸਦਾ** ਚੰਗਿਆਈਆ ॥ ਅੰਗ ੭੩ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਸਾਲਾਹੀ ਸੋ ਪ੍ਰਭ **ਸਦਾ ਸਦਾ** ਗੁਰ ਕੈ ਹੇਤਿ ਪਿਆਰਿ ॥ ਅੰਗ ੯੦ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਨਾਨਕ ਗੁਰਮੁਖਿ ਸੇਵੀਐ **ਸਦਾ ਸਦਾ** ਦਾਤਾਰੁ ॥ ਅੰਗ ੯੧ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਅਨਦ ਬਿਨੋਦ ਕਰੇ ਦਿਨ ਰਾਤੀ **ਸਦਾ ਸਦਾ** ਹਰਿ ਕੇਲਾ ਜੀਉ ॥ ਅੰਗ ੧੦੨ (ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸਦ ਆਪੇ ਹੋਈ ॥ ਅੰਗ ੧੦੪ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਜਾਈ ਬਲਿਹਾਰਾ ॥ ਅੰਗ ੧੦੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਤੂੰਹੈ ਸੁਖਦਾਈ ॥ ਅੰਗ ੧੦੬ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਦੇਹਿ ਦਾਨੁ ਨਾਨਕੁ ਜਨੁ ਮਾਗੈ **ਸਦਾ ਸਦਾ** ਹਰਿ ਧਿਆਈ ਜੀਉ ॥ ਅੰਗ ੧੦੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸਚੇ ਤੇਰੀ ਸਰਣਾਈ ਤੂੰ ਆਪੇ ਸਚੁ ਬੁਝਾਵਣਿਆ ॥ ਅੰਗ ੧੧੧ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਸਾਚੇ ਤੁਧੁ ਸਾਲਾਹੀ ॥ ਅੰਗ ੧੨੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ॥ ਅੰਗ ੧੩੯ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਹਰਿ ਕੇ ਗੁਣ ਗਾਇ ॥ ਅੰਗ ੧੮੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸਿਮਰਉ ਪ੍ਰਭ ਸੁਆਮੀ ॥ ਅੰਗ ੧੯੬(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਤਿਸੁ ਗੁਰ ਕਉ ਕਰੀ ਨਮਸਕਾਰੁ ॥ ਅੰਗ ੨੪੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਇਹੁ ਭੂਲਨਹਾਰੁ ॥ ਅੰਗ ੨੬੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਦਾ ਦਇਆਲ ॥ ਅੰਗ ੨੭੫ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਇਕੁ ਏਕੰਕਾਰ ॥ ਅੰਗ ੨੭੬ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਨਾਨਕ ਹਰਿ ਜਾਪਿ ॥ ਅੰਗ ੨੭੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਤਿਸ ਕਉ ਨਮਸਕਾਰੁ ॥ ਅੰਗ ੨੮੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਹਰਿ ਕੇ ਗੁਨ ਗਾਹਿ ॥ ਅੰਗ ੨੮੧(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਾਨਹੁ ਤੇ ਸੁਖੀ ॥ ਅੰਗ ੨੮੧ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਬਸੈ ਹਰਿ ਸੰਗਿ ॥ ਅੰਗ ੨੮੧ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਜਪਿ ਜਨ **ਸਦਾ ਸਦਾ** ਦਿਨੁ ਰੈਣੀ ॥ ਅੰਗ ੨੮੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਪ੍ਰਭ ਕੇ ਗੁਨ ਗਾਵਉ ॥ ਅੰਗ ੨੮੯(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਧਨੁ ਧੰਨੁ ਗੁਰੂ ਗੁਣ ਗਾਵਦਾ ਤਿਸ ਨੋ **ਸਦਾ ਸਦਾ** ਨਮਸਕਾਰੁ॥ ਅੰਗ ੩੦੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਬਲਿਹਾਰੀ ਗੁਰ ਆਪਣੇ **ਸਦਾ ਸਦਾ** ਘੁਮਿ ਵਾਰਿਆ ॥ ਅੰਗ ੩੧੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਚਾ ਸਬਦੁ ਭਤਾਰੁ ਹੈ **ਸਦਾ ਸਦਾ** ਰਾਵੇਇ ॥ ਅੰਗ ੩੧੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਸਚੁ ਸਲਾਹੀ **ਸਦਾ ਸਦਾ** ਸਚੁ ਸਚੇ ਕੀਆ ਵਡਿਆਈਆ॥ ਅੰਗ ੩੧੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਗੁਣ ਉਚਰੈ ਦੁਖੁ ਦਾਲਦੁ ਗਇਆ ਬਿਲਾਇ ॥ ਅੰਗ ੩੨੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਤੂੰ ਜੁਗੁ ਜੁਗੁ ਏਕੋ **ਸਦਾ ਸਦਾ** ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ ॥ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਤੇਰੈ ਘਰਿ **ਸਦਾ ਸਦਾ** ਹੈ ਨਿਆਉ ॥ ਅੰਗ ੩੭੬ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਆਤਮ ਪਰਗਾਸੁ ॥ ਅੰਗ ੩੭੮ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਊਠਤ ਬੈਠਤ ਸੋਵਤ ਜਾਗਤ **ਸਦਾ ਸਦਾ** ਹਰਿ ਧਿਆਈਐ॥ ਅੰਗ ੩੭੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਭੁ ਕਿਛੁ ਕੀਤਾ ਤੇਰਾ ਵਰਤੈ **ਸਦਾ ਸਦਾ** ਤੇਰੀ ਆਸ ॥ ਅੰਗ ੩੮੨ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਹਰਿ ਨਾਮੁ ਸਮ੍ਹਾਰਉ ॥ ਅੰਗ ੩੮੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਗੁਣ ਗਾਈਅਹਿ ਜਪਿ ਨਾਮੁ ਮੁਰਾਰੀ ॥ ਅੰਗ ੩੯੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਨਾਮੁ ਸਲਾਹੇ **ਸਦਾ ਸਦਾ** ਨਾਮੇ ਮਹਲੁ ਪਾਈ ॥ ਅੰਗ ੪੨੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਗਲ ਖਾਣੀ ਸਗਲ ਬਾਣੀ **ਸਦਾ ਸਦਾ** ਧਿਆਵਏ ॥ ਅੰਗ ੪੫੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ ॥ ਅੰਗ ੪੭੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਓਇ **ਸਦਾ ਸਦਾ** ਜਨ ਜੀਵਤੇ ਜੋ ਹਰਿ ਚਰਣੀ ਚਿਤੁ ਲਾਹਿ॥ ਅੰਗ ੫੦੮(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥ ਅੰਗ ੫੦੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਾਲਾਹੀਐ ਹਿਰਦੈ ਲਿਵ ਲਾਈ ॥ ਅੰਗ ੫੧੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਾਲਾਹੀਐ ਸਚੇ ਕਉ ਬਲਿ ਜਾਉ ॥ ਅੰਗ ੫੧੬(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਤੂ ਰਖਵਾਲਾ **ਸਦਾ ਸਦਾ** ਹਉ ਤੁਧੁ ਧਿਆਈ ॥ ਅੰਗ ੫੧੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਦਿਨੁ ਰੈਣਿ ਇਕੋ ਇਕੁ ਧਿਆਇ ॥ ਅੰਗ ੫੨੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਪ੍ਰਭੁ ਹੋਇ ਕ੍ਰਿਪਾਲੁ ਕਮਲੁ ਪਰਗਾਸੇ **ਸਦਾ ਸਦਾ** ਹਰਿ ਧਿਆਈਐ॥ ਅੰਗ ੫੨੮(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਏ ਮਨ ਇਹੁ ਧਨੁ ਨਾਮੁ ਹੈ ਜਿਤੁ **ਸਦਾ ਸਦਾ** ਸੁਖੁ ਹੋਇ ॥ ਅੰਗ ੫੫੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਖਾਧੈ ਖਰਚਿਐ ਤੋਟਿ ਨ ਆਵਈ **ਸਦਾ ਸਦਾ** ਓਹੁ ਦੇਇ ॥ ਅੰਗ ੫੫੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਹਰਿ ਪ੍ਰਭੁ ਰਵਹਿ ਤਾ ਪਾਵਹਿ ਮੋਖ ਦੁਆਰੁ ॥ ਅੰਗ ੫੫੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਹਰਿ ਹਰਿ ਨਾਮੁ **ਸਦਾ ਸਦਾ** ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥ ਅੰਗ ੫੬੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਾਈ ਬਲਿਹਾਰੀ ॥ ਅੰਗ ੫੬੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਪ੍ਰਭੁ ਪਾਇਆ ਕਤਹਿ ਨ ਜਾਇਆ **ਸਦਾ ਸਦਾ** ਸੰਗਿ ਬੈਸਾ ॥ ਅੰਗ ੫੭੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਨਾਮੁ ਉਚਰੈ ਹਰਿ ਨਾਮੋ ਨਿਤ ਬਿਉਹਾਰੁ॥ ਅੰਗ ੫੮੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਉਠਦਿਆ ਬਹਦਿਆ ਸੁਤਿਆ **ਸਦਾ ਸਦਾ** ਹਰਿ ਨਾਮੁ ਧਿਆਈਐ॥ ਅੰਗ ੫੯੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ **ਸਦਾ ਸਦਾ** ਦਇਆਲਾ ॥ ਅੰਗ ੬੧੩ (ਵਿਸ਼ੇਸ਼ਣ, ਨਿਰੰਤਰਤਾ)

ਹਾਥ ਦੇਇ ਰਾਖੇ ਕਰਿ ਅਪੁਨੇ **ਸਦਾ ਸਦਾ** ਰੰਗੁ ਮਾਣਿ ॥ ਅੰਗ ੬੧੯ (ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥ ਅੰਗ ੬੨੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਨਾਨਕ ਬਲਿਹਾਰੀ ਬਾਛਉ ਸੰਤਾ ਧੂਰੀ ॥ ਅੰਗ ੬੨੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਹਰਿ ਜਾਪੇ ॥ ਅੰਗ ੬੨੭(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਿਤੁ ਸਿਮਰਨਿ ਦਰਗਹ ਮੁਖੁ ਊਜਲ **ਸਦਾ ਸਦਾ** ਸੁਖੁ ਪਾਈਐ ॥ ਅੰਗ ੬੨੯(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਬਲਿਹਾਰੀ ਗੁਰ ਆਪਣੇ **ਸਦਾ ਸਦਾ** ਘੁਮਾਇਆ ॥ ਅੰਗ ੬੪੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਰਿ ਕੀਆ **ਸਦਾ ਸਦਾ** ਵਡਿਆਈਆ ਦੇਇ ਨ ਪਛੋਤਾਇ ॥ ਅੰਗ ੬੫੩ (ਵਿਸ਼ੇਸ਼ਣ, ਨਿਰੰਤਰਤਾ)

ਦੂਖ ਵਿਸਾਰਣੁ ਸੇਵਿਆ **ਸਦਾ ਸਦਾ** ਦਾਤਾਰੁ ॥ ਅੰਗ ੬੬੦ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਸਾਹਿਬੁ ਮੇਰਾ ਨੀਤ ਨਵਾ **ਸਦਾ ਸਦਾ** ਦਾਤਾਰੁ ॥ ਅੰਗ ੬੬੦ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਐਸੀ ਮਤਿ ਦੀਜੈ ਮੇਰੇ ਠਾਕੁਰ **ਸਦਾ ਸਦਾ** ਤੁਧੁ ਧਿਆਈ ॥ ਅੰਗ ੬੭੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਨਾਨਕ ਅਨਦ ਭਏ ਦੁਖ ਭਾਗੇ **ਸਦਾ ਸਦਾ** ਹਰਿ ਜਾਪਿ ॥ ਅੰਗ ੬੮੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਆਨੰਦੁ ਭੇਟਿਓ ਨਿਰਭੈ ਗੋਬਿੰਦੁ ਸੁਖ ਨਾਨਕ ਲਾਧੇ ਹਰਿ ਚਰਨ ਪਰਾਤਾ ॥ ਅੰਗ ੬੮੭(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥ ਅੰਗ ੭੧੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਤੇਰੀ ਸਰਣਿ ਜੀਅਨ ਕੇ ਦਾਤੇ **ਸਦਾ ਸਦਾ** ਨਾਨਕ ਕੁਰਬਾਨ ॥ ਅੰਗ ੭੧੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਹਰਿ ਧਿਆਈਐ ਸੁਖਦਾਤਾ ਜਾ ਕਾ ਅੰਤੁ ਨ ਪਾਰਾਵਾਰਾ ॥ ਅੰਗ ੭੨੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਪਿ ਨਾਨਕ ਏਕ ॥ ਅੰਗ ੭੨੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਤਿਨ ਵਿਟਹੁ ਨਾਨਕੁ ਵਾਰਿਆ **ਸਦਾ ਸਦਾ** ਕੁਰਬਾਨਾ ॥ ਅੰਗ ੭੨੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਨੁ ਨਾਨਕੁ ਤਿਨ ਕਉ ਵਾਰਿਆ **ਸਦਾ ਸਦਾ** ਕੁਰਬਾਣੀ ॥ ਅੰਗ ੧੨੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਰਿ ਧਨੁ ਨਿਰਭਉ **ਸਦਾ ਸਦਾ** ਅਸਥਿਰੁ ਹੈ॥ ਅੰਗ ੧੩੪ (ਵਿਸ਼ੇਸ਼ਣ, ਨਿਰੰਤਰਤਾ)

ਪ੍ਰਭੁ ਦਾਤਾ ਮੋਹਿ ਦੀਨੁ ਭੇਖਾਰੀ ਤੁਮ੍ਹ **ਸਦਾ ਸਦਾ** ਉਪਕਾਰੇ ॥ ਅੰਗ ੧੩੮ (ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਨਾਨਕ ਹਰਿ ਜਾਪੈ ॥ ਅੰਗ ੧੪੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਪੀਐ ਹਰਿ ਨਾਮ ॥ ਅੰਗ ੧੪੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਕਿਉ ਮਨਹੁ ਵਿਸਾਰੀਐ **ਸਦਾ ਸਦਾ** ਦਾਤਾਰੁ ਜੀਉ ॥ ਅੰਗ ੧੫੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਸਤਿਗੁਰਿ ਮੀਤਿ ਮਿਲਾਇਆ ਮੈ **ਸਦਾ ਸਦਾ** ਤੇਰਾ ਤਾਣੁ ॥ ਅੰਗ ੧੫੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਸਤਿਗੁਰੁ ਮੇਰਾ **ਸਦਾ ਸਦਾ** ਨਾ ਆਵੈ ਨਾ ਜਾਇ ॥ ਅੰਗ ੧੫੯(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਪ੍ਰਭ ਕਉ ਬਲਿਹਾਰੈ ਨਾਨਕ ਸਦ ਕੁਰਬਾਣਾ ॥ ਅੰਗ ੧੮੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਰਿ ਸਾਲਾਹੀ **ਸਦਾ ਸਦਾ** ਤਨੁ ਮਨੁ ਸਉਪਿ ਸਰੀਰੁ ॥ ਅੰਗ ੧੮੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ **ਸਦਾ ਸਦਾ** ਹਜੂਰੇ ॥ ਅੰਗ ੮੦੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਨਾਨਕ ਦਾਸ ਤੇਰੀ ਸਰਣਾਈ **ਸਦਾ ਸਦਾ** ਬਲਿਹਾਰੈ॥ ਅੰਗ ੮੦੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਵਡਿਆਈਆ ਨਾਨਕ ਗੁਰ ਪਾਸਿ ॥ ਅੰਗ ੮੦੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਹਰਿ ਧਿਆਈਐ ਕਿਛੁ ਬਿਘਨੁ ਨ ਲਾਗੈ॥ ਅੰਗ ੮੧੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਜਪੀਐ ਪ੍ਰਭ ਨਾਮ ॥ ਅੰਗ ੮੨੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਸਾਸਿ ਸਾਸਿ ਆਰਾਧੈ ਨਾਨਕੁ **ਸਦਾ ਸਦਾ** ਜਾਈਐ ਕੁਰਬਾਣੁ॥ ਅੰਗ ੮੨੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਗੁਰਮੁਖਿ ਨਾਮੁ **ਸਦਾ ਸਦਾ** ਵਖਾਨੈ ॥ ਅੰਗ ੮੩੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਗੁਰਮੁਖਿ ਅੰਤਰਿ ਮਨਿ ਵਸੈ **ਸਦਾ ਸਦਾ** ਸੁਖੁ ਹੋਇ॥ ਅੰਗ ੮੫੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਏਕੋ ਹਰਿ ਜਾਪਿ ॥ ਅੰਗ ੮੬੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਜਾਈ ਬਲਿਹਾਰ ॥ ਅੰਗ ੮੬੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਕਰਿ ਕਿਰਪਾ ਰਾਖਿਓ ਦਾਸੁ ਅਪਨਾ **ਸਦਾ ਸਦਾ** ਸਾਚਾ ਬਖਸਿੰਦ ॥ ਅੰਗ ੮੯੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਹਰਿ ਕੀ ਸਰਣਾਈ ਪ੍ਰਭ ਬਿਨੁ ਨਾਹੀ ਆਨ ਬੀਆ॥ ਅੰਗ ੯੦੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਜਾਈਐ ਕੁਰਬਾਨੁ ॥ ਅੰਗ ੯੦੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸਾਲਾਹਿਹੁ ਸੰਤਹੁ ਤਿਸ ਦੀ ਵਡੀ ਵਡਿਆਈ ॥ ਅੰਗ ੯੧੨(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਹਰਿ ਸਿਮਰੀਐ ਜਲਿ ਥਲਿ ਮਹੀਅਲਿ ਸੋਇ ਜੀਉ ॥ ਅੰਗ ੮੨੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਹਰਿ ਧਿਆਈਐ ਗੁਰਮੁਖਿ ਸੁਖੁ ਪਾਵਹਿ॥ ਅੰਗ ੯੫੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਸੇ ਜਨ ਸਾਚੇ **ਸਦਾ ਸਦਾ** ਜਿਨੀ ਹਰਿ ਰਸੁ ਪੀਤਾ ॥ ਅੰਗ ੯੫੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਨਾਨਕ ਸੋਈ ਸੇਵੀਐ **ਸਦਾ ਸਦਾ** ਜੋ ਦੇਇ ॥ ਅੰਗ ੯੫੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਆਵਣ ਜਾਣਾ ਤਿਸ ਕਾ ਕਟੀਐ **ਸਦਾ ਸਦਾ** ਸੁਖੁ ਹੋਹਾ॥ ਅੰਗ ੯੬੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਜਪੀ ਤੇਰਾ ਨਾਮੁ ਸਤਿਗੁਰ ਪਾਇ ਪੈ ॥ ਅੰਗ ੯੬੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਿਮਰਿ ਦਿਨੁ ਰਾਤਿ ॥ ਅੰਗ ੯੭੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕ੍ਰਿਪਾ ਕਰਹੁ ਜਿਸੁ ਪੁਰਖ ਬਿਧਾਤੇ ਸੋ **ਸਦਾ ਸਦਾ** ਤੁਧੁ ਧਿਆਵੈ॥ ਅੰਗ ੯੭੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸੇਵਹੁ ਕਿਰਪਾਲ ॥ ਅੰਗ ੯੮੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਦੀਨ ਬਾਂਧਵ ਭਗਤਿ ਵਛਲ **ਸਦਾ ਸਦਾ** ਕ੍ਰਿਪਾਲ ॥ ਅੰਗ ੯੮੮ (ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਹਰਿ ਹਿਰਦੈ **ਸਦਾ ਸਦਾ** ਸਮਾਲੀ ॥ ਅੰਗ ੯੯੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਭਗਤਾ ਕਾ ਆਗਿਆਕਾਰੀ **ਸਦਾ ਸਦਾ** ਸੁਖਦਾਈ॥ ਅੰਗ ੧੦੦੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਤੇਰੇ ਗੁਣ ਗਾਵਾ ॥ ਅੰਗ ੧੦੫੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਪੀਐ ਸੋ ਪ੍ਰੀਤਮੁ ਵਡੀ ਜਿਸੁ ਵਡਿਆਈ ਹੇ॥ ਅੰਗ ੧੦੭੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਦ ਹੋਵਣਹਾਰਾ ॥ ਅੰਗ ੧੦੭੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਜਾਈ ਬਲਿਹਾਰੀ ॥ ਅੰਗ ੧੦੭੭(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਸੰਤਹ ਸੰਗਿ ਰਾਖਹੁ ਏਹੁ ਨਾਮ ਦਾਨੁ ਦੇਵਾਇਣਾ ॥ ਅੰਗ ੧੦੭੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

**ਸਦਾ ਸਦਾ** ਸੁਖ ਮਹਿ ਰਹੈ ਸਚੇ ਮਾਹਿ ਸਮਾਇ ॥ ਅੰਗ ੧੦੯੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਪੈਨਣੁ ਸਿਫਤਿ ਸਨਾਇ ਹੈ **ਸਦਾ ਸਦਾ** ਓਹੁ ਊਜਲਾ ਮੈਲਾ ਕਦੇ ਨ ਹੋਇ ॥ ਅੰਗ ੧੦੯੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਦੇਹੀ ਨੋ ਸਬਦੁ ਸੀਗਾਰੁ ਹੈ ਜਿਤੁ **ਸਦਾ ਸਦਾ** ਸੁਖੁ ਹੋਇ ॥ ਅੰਗ ੧੦੯੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਓਸੁ **ਸਦਾ ਸਦਾ** ਘਰਿ ਅਨੰਦੁ ਹੈ ਹਰਿ ਸਖਾ ਸਹਾਈ ॥ ਅੰਗ ੧੧੦੦(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਜਿਨ ਕਉ ਪੂਰਬਿ ਲਿਖਿਆ ਤਿਨ **ਸਦਾ ਸਦਾ** ਆਰਾਧਾ॥ ਅੰਗ ੧੧੦੧(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

**ਸਦਾ ਸਦਾ** ਤਾ ਕਉ ਜੋਹਾਰੁ ॥ ਅੰਗ ੧੧੪੪

**ਸਦਾ ਸਦਾ** ਤਾ ਕੇ ਗੁਣ ਗਾਉ ॥ ਅੰਗ ੧੧੪੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਸਤਿਗੁਰੁ ਪੂਜਉ **ਸਦਾ ਸਦਾ** ਮਨਾਵਉ ॥ ਅੰਗ ੧੧੫੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਪਰਫੜੁ ਚਿਤ ਸਮਾਲਿ ਸੋਇ **ਸਦਾ ਸਦਾ** ਗੋਬਿੰਦੁ ॥ ਅੰਗ ੧੧੬੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਸਮੇਂ ਦੀ ਅਸੀਮਤਾ)

ਚਰਨ ਕਮਲ ਹਿਰਦੈ ਉਰਿ ਧਾਰੇ **ਸਦਾ ਸਦਾ** ਹਰਿ ਜਸੁ ਸੁਨਾ ॥ ਅੰਗ ੧੧੮੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਨਿਤ ਨਿਤ ਜਾਗਰਣੁ ਕਰਹੁ **ਸਦਾ ਸਦਾ** ਆਨੰਦੁ ਜਪਿ ਜਗਦੀਸ+0> ॥ ਅੰਗ ੧੨੦੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਦੀ ਨਿਰੰਤਰਤਾ)

ਏਕ ਨਿਮਖ ਗੋਬਿੰਦ ਭਜਨੁ ਕਰਿ ਤਉ **ਸਦਾ ਸਦਾ** ਜੀਵਾਨਦ॥ ਅੰਗ ੧੨੦੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਖੇਲਿ ਖਿਲਾਇ ਲਾਡ ਲਾਡਾਵੈ **ਸਦਾ ਸਦਾ** ਅਨਦਾਈ ॥ ਅੰਗ ੧੨੧੩

**ਸਦਾ ਸਦਾ** ਤੁਮ ਹੀ ਪਤਿ ਰਾਖਹੁ ਅੰਤਰਜਾਮੀ ਜਾਨ ॥ ਅੰਗ ੧੨੧੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਤਿਸੁ ਗੁਰ ਕੈ ਜਾਈਐ ਬਲਿਹਾਰੀ **ਸਦਾ ਸਦਾ** ਹਉ ਵਾਰਿਆ ॥ ਅੰਗ ੧੨੧੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਰਾਖਿ ਲੇਹੁ ਦਾਸ ਅਪੁਨੇ ਕਉ **ਸਦਾ ਸਦਾ** ਕਿਰਪਾਲ ॥ ਅੰਗ ੧੨੨੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਸਤਿਗੁਰ ਨਮਸਕਾਰ ॥ ਅੰਗ ੧੨੩੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਆਖੂੰ ਆਖਾਂ **ਸਦਾ ਸਦਾ** ਕਹਣਿ ਨ ਆਵੈ ਤੋਟਿ ॥ ਅੰਗ ੧੨੪੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਅਨਦਿਨੁ ਨਾਮੁ **ਸਦਾ ਸਦਾ** ਧਿਆਵਹਿ ਸਾਚੀ ਦਰਗਹ ਪਾਵਹਿ ਮਾਨੁ ॥ ਅੰਗ ੧੨੫੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਮਨ ਨਾਮੁ ਸਮ੍ਹਾਲਿ ॥ ਅੰਗ ੧੨੭੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਜਾਈਐ ਕੁਰਬਾਨ ॥ ਅੰਗ ੧੨੭੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਮਨ ਤਿਸ ਨੋ ਜਾਪਿ ॥ ਅੰਗ ੧੨੭੧(ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਬਹਦਿਆ ਉਠਦਿਆ ਨਿਤ ਧਿਆਈਐ **ਸਦਾ ਸਦਾ** ਸੁਖੁ ਹੋਇ ॥ ਅੰਗ ੧੨੮੧ (ਕਾਲ ਵਾਚਕ ਵਿਸ਼ੇਸ਼ਣ, ਅਸੀਮਤਾ)

ਗੁਰਮੁਖਿ ਹਰਿ ਪ੍ਰਭੁ ਮਨਿ ਵਸੈ ਤਾਂ **ਸਦਾ ਸਦਾ** ਸੁਖੁ ਹੋਇ ॥ ਅੰਗ ੧੨੮੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਅਸੀਮਤਾ)

ਭੈ ਭਾਇ ਭਗਤਿ ਨਿਹਾਲ ਨਾਨਕ **ਸਦਾ ਸਦਾ** ਕੁਰਬਾਨ ॥ ਅੰਗ ੧੩੦੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ) **ਸਦਾ ਸਦਾ** ਸਤੇ ਜਨੁ ਨਾਨਕੁ ਦਾਸੁ ਦਸੋਨਾ ॥ ਅੰਗ ੧੩੧੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਅਸੀਮਤਾ)

ਹਉ ਵਾਰਿਆ ਤਿਨ ਕਉ **ਸਦਾ ਸਦਾ** ਜਿਨਾ ਸਤਿਗੁਰੁ ਮੇਰਾ ਪਿਆਰਾ ਦੇਖਿਆ ॥ ਅੰਗ ੧੩੧੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਆਠ ਪਹਰ ਪਾਰਬ੍ਰਹਮੁ ਧਿਆਈ **ਸਦਾ ਸਦਾ** ਗੁਨ ਗਾਇਆ ॥ ਅੰਗ ੧੩੩੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਦਾ ਸਦਾ** ਪ੍ਰਭੁ ਜੀਅ ਕੈ ਸੰਗਿ ॥ ਅੰਗ ੧੩੩੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਅਸੀਮਤਾ)

**ਸਦਾ ਸਦਾ** ਪ੍ਰਭੁ ਗੁਣ ਨਿਧਿ ਗਾਈਐ ॥ ਅੰਗ ੧੩੩੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗਿਆਨੀ ਜੀਵੈ **ਸਦਾ ਸਦਾ** ਸੁਰਤੀ ਹੀ ਪਤਿ ਹੋਇ ॥ ਅੰਗ ੧੪੧੨ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਫਿਟਕ ਫਿਟਕਾ** ਕੋੜੁ ਬਦੀਆ **ਸਦਾ ਸਦਾ** ਅਭਿਮਾਨੁ ॥ ਅੰਗ ੧੪੧੩ (ਨਾਂਵ, ਵਿਸ਼ੇਸ਼ਣ, ਭਾਵਗਤ ਤੀਬਰਤਾ)

**ਸਦਾ ਸਦਾ** ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨੁ ॥ ਅੰਗ ੧੪੧੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਉ **ਸਦਾ ਸਦਾ** ਬਲਿਹਾਰੀ ਗੁਰ ਅਪੁਨੇ ਜੋ ਪ੍ਰਭੁ ਸਚਾ ਦੇਇ ਮਿਲਾਇ ॥ ਅੰਗ ੧੪੨੩ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਸਾਸਿ ਸਾਸਿ** ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥ ਅੰਗ ੧੦੧ (ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ)

(ਭਾਵ ਵਾਚਕ ਨਾਂਵ, ਕਾਰਜ ਆਦੇਸ਼, (ਭਾਵ ਵਾਚਕ, ਨਾਂਵ ਵਾਕੰਸ਼ ਦੇ ਰੂਪ ਵਿਚ), ਹਮੇਸ਼ਾ ਦੂਹਰਾ ਰੂਪ ਪ੍ਰਕਾਰਜਸ਼ੀਲ ਹੁੰਦਾ)

ਪ੍ਰਭੁ ਅਪੁਨਾ **ਸਾਸਿ ਸਾਸਿ** ਸਮਾਰਉ ॥ ਅੰਗ ੧੦੪ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨਾਨਕੁ ਸਾਲਾਹੇ ॥ ਅੰਗ ੧੦੪ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਹਰਿ ਨਾਮੁ ਧਿਆਈਐ ॥ ਅੰਗ ੧੦੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਜਨੁ ਨਾਮੁ ਸਮਾਰੈ ॥ ਅੰਗ ੧੮੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪ੍ਰਭੁ ਮਨਹਿ ਸਮਾਲੇ ॥ ਅੰਗ ੧੯੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਨੀਤ ਨੀਤ ਹਰਿ ਸੇਵੀਐ **ਸਾਸਿ ਸਾਸਿ** ਹਰਿ ਧਿਆਈਐ ॥ ਅੰਗ ੨੧੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਰੈਣਿ ਦਿਨਸੁ **ਸਾਸਿ ਸਾਸਿ** ਚਿਤਾਰੇ ਜੀਉ ॥ ਅੰਗ ੨੧੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਤਿਸੁ ਗੁਰ ਕਉ ਸਿਮਰਉ **ਸਾਸਿ ਸਾਸਿ** ॥ ਅੰਗ ੨੩੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨ ਘੜੀ ਵਿਸਰੈ ਪਲੁ ਮੂਰਤੁ ਦਿਨੁ ਰਾਤੇ ॥ ਅੰਗ ੨੪੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰਤ ਪ੍ਰਭੁ ਰਹਤੇ ॥ ਅੰਗ ੨੫੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਗਗਾ ਗੋਬਿਦ ਗੁਣ ਰਵਹੁ **ਸਾਸਿ ਸਾਸਿ** ਜਪਿ ਨੀਤ ॥ ਅੰਗ ੨੫੪ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰਤ ਰਹਹਿ ਨਾਨਕ ਦਰਸ ਅਧਾਰ ॥ ਅੰਗ ੨੫੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਹਮ ਭੂਲਨਹਾਰੇ ॥ ਅੰਗ ੨੬੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਮਨ **ਸਾਸਿ ਸਾਸਿ** ਸਿਮਰਹੁ ਪ੍ਰਭ ਊਚੇ ॥ ਅੰਗ ੨੭੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਤਿਸੁ ਪ੍ਰਭ ਕਉ **ਸਾਸਿ ਸਾਸਿ** ਚਿਤਾਰੀ ॥ ਅੰਗ ੨੭੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਅਪੁਨੇ ਜਨ ਕਉ **ਸਾਸਿ ਸਾਸਿ** ਸਮਾਰੇ ॥ ਅੰਗ ੨੭੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਨਾਨਕ ਸੋ ਸੇਵਕੁ **ਸਾਸਿ ਸਾਸਿ** ਸਮਾਰੈ ॥ ਅੰਗ ੨੮੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪ੍ਰਭ ਤੁਮਹਿ ਧਿਆਵਉ ॥ ਅੰਗ ੨੮੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰਹੁ ਗੋਬਿੰਦ ॥ ਅੰਗ ੨੯੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਅਨਦੁ ਕਰੈ **ਸਾਸਿ ਸਾਸਿ** ਸਮ੍ਹਾਰੈ ਨਾ ਪੋਹੈ ਅਗਨਾਰਿ ॥ ਅੰਗ ੩੭੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸੋ ਗੁਨ ਨਿਧਿ ਗਾਈਐ ॥ ਅੰਗ ੩੯੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਦਿਨੁ ਭੀ ਗਾਵਉ ਰੈਨੀ ਗਾਵਉ ਗਾਵਉ **ਸਾਸਿ ਸਾਸਿ** ਰਸਨਾਰੀ ॥ ਅੰਗ ੪੦੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਧਿਆਇ ਸੋ ਪ੍ਰਭੁ ਤਿਆਗਿ ਅਵਰ ਪਰੀਤਿ ॥ ਅੰਗ ੪੦੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਅਰਾਧਿ ਹਰਿ ਹਰਿ ਧਿਆਇ ਸੋ ਪ੍ਰਭੁ ਮਨਿ ਮੁਖੀ ॥ ਅੰਗ ੪੫੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਚਿਤਾਰਿ ਜੀਵਾ ਪ੍ਰਭੁ ਪੇਖਿ ਹਰਿ ਗੁਣ ਗਾਵੀਐ ॥ ਅੰਗ ੪੬੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਤੇਰਾ ਨਾਮੁ ਸਮਾਰਉ ਤੁਮ ਹੀ ਕਉ ਪ੍ਰਭ ਆਹੀ ॥ ਅੰਗ ੪੯੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਅਰਾਧਿ ਹਰਿ ਹਰਿ ਲਹਿ ਜਾਇ ਮਨ ਕੀ ਚਿੰਦ ॥ ਅੰਗ ੫੦੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨ ਬਿਸਰੁ ਕਬਹੂੰ ਬ੍ਰਹਮ ਪ੍ਰਭ ਸਮਰਥ ॥ ਅੰਗ ੫੦੨ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਰੈਣਿ ਦਿਨਸੁ ਕਰ ਜੋੜਿ **ਸਾਸਿ ਸਾਸਿ** ਧਿਆਈਐ ॥ ਅੰਗ ੫੨੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰਉ ਪ੍ਰਭੁ ਅਪੁਨਾ ਸੰਤਸੰਗਿ ਨਿਤ ਰਹੀਐ ॥ ਅੰਗ ੫੩੩ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਧਿਆਵਹੁ ਠਾਕੁਰ ਕਉ ਮਨ ਤਨ ਜੀਅਰੇ ਮੁਖੀ ॥ ਅੰਗ ੬੧੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪ੍ਰਭੁ ਧਿਆਈਐ ॥ ਅੰਗ ੬੨੨ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਦਿਨਸੁ ਰੈਨਿ **ਸਾਸਿ ਸਾਸਿ** ਸਮਾਲੀ ਪੂਰਨੁ ਸਭਨੀ ਥਾਈ ॥ ਅੰਗ ੬੨੮ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਰਿਜਕੁ ਸੰਬਾਹੇ **ਸਾਸਿ ਸਾਸਿ** ਭਾਈ ਗੂੜਾ ਜਾ ਕਾ ਨਾਉ ॥ ਅੰਗ ੬੪੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਸੋ ਆਰਾਧੇ **ਸਾਸਿ ਸਾਸਿ** ਪਿਆਰੇ ਰਾਮ ਨਾਮ ਲਿਵ ਲਾਇਆ ॥ ਅੰਗ ੬੪੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਮਨੁ ਨਾਮੁ ਸਮ੍ਹਾਰੈ ਇਹੁ ਬਿਸ੍ਰਾਮ ਨਿਧਿ ਪਾਈ ॥ ਅੰਗ ੬੭੩ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸੰਮਾਲਤਾ ਮੇਰਾ ਪ੍ਰਭੁ ਸੋਈ ॥ ਅੰਗ ੬੭੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨਿਮਖ ਨਿਮਖ ਦਿਨਸੁ ਰੈਨਿ ਚਿਤਾਰੇ ॥ ਅੰਗ ੬੭੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ **ਸਾਸਿ ਸਾਸਿ** ਸਮਾਲੇ ॥ ਅੰਗ ੬੭੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਹਾਥ ਦੇਇ ਰਾਖੈ ਅਪਨੇ ਕਉ **ਸਾਸਿ ਸਾਸਿ** ਪ੍ਰਤਿਪਾਲੇ ॥ ਅੰਗ ੬੮੨ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਸਦ ਸਦਾ ਸਿੰਮ੍ਰਿਤਬਜਜ ਸੁਆਮੀ **ਸਾਸਿ ਸਾਸਿ** ਗੁਣ ਬੋਲਈ ॥ ਅੰਗ ੬੯੧ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰੰਤਿ ਨਾਨਕ ਮਹਾ ਅਗਨਿ ਨ ਬਿਨਾਸਨੰ॥ ਅੰਗ ੭੦੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਚਿਤਵੰਤਿ ਚਰਨ ਕਮਲੰ **ਸਾਸਿ ਸਾਸਿ** ਅਰਾਧਨਹ ॥ ਅੰਗ ੭੦੮ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਿਮਰਤ ਰਹਾ ਨਾਨਕ ਦਾਨੁ ਪਾਏ ॥ ਅੰਗ ੭੪੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਦਿਨੁ ਰੈਣਿ **ਸਾਸਿ ਸਾਸਿ** ਗੁਣ ਗਾਵਾ ਜੇ ਸੁਆਮੀ ਤੁਧੁ ਭਾਵਾ ॥ ਅੰਗ ੭੪੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥ ਅੰਗ ੭੪੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਨਹ ਵੀਸਰੈ ਅਨ ਕਤਹਿ ਨ ਧਾਵਉ॥ ਅੰਗ ੮੧੨(ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਿਮਰਹੁ ਸਿਮਰਹੁ ਸਾਸਿ ਸਾਸਿ** ਮਤ ਬਿਲਮ ਕਰੇਹ ॥ ਅੰਗ ੮੧੨ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਦੀਨ ਦਇਆਲ ਕ੍ਰਿਪਾ ਨਿਧੇ **ਸਾਸਿ ਸਾਸਿ** ਸਮ੍ਹਾਰੈ ॥ ਅੰਗ ੮੧੩ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਆਰਾਧੈ ਨਾਨਕੁ ਸਦਾ ਸਦਾ ਜਾਈਐ ਕੁਰਬਾਣੁ ॥ ਅੰਗ ੮੨੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪ੍ਰਭ ਤੁਝਹਿ ਚਿਤਾਰੀ ॥ ਅੰਗ ੮੨੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਦਿਨੁ ਰੈਣਿ ਘੜੀ ਨ ਚਸਾ ਵਿਸਰੈ **ਸਾਸਿ ਸਾਸਿ** ਨਿਰੰਜਨੋ ॥ ਅੰਗ ੮੪੩ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸੰਤਹ ਪ੍ਰਤਿਪਾਲਿ ॥ ਅੰਗ ੮੬੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਜਨੁ ਸਦਾ ਸਲਾਹੇ ॥ ਅੰਗ ੮੬੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਰਸ ਰੂਪ ਰੰਗ ਅਨੰਤ ਬੀਠਲ **ਸਾਸਿ ਸਾਸਿ** ਧਿਆਇਣਾ ॥ਅੰਗ ੯੨੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਆਰਾਧੇ ਨਿਰਮਲੁ ਸੋਇ ਜਨੁ ॥ ਅੰਗ ੯੫੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਮਾਲੇ ਸੋਈ ਓਥੈ ਖਸਮਿ ਛਡਾਇ ਲਇਆ ॥ ਅੰਗ ੧੦੦੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਚੁ ਨਾਮੁ ਸਮਾਲੇ ਅੰਤਰਿ ਉਦਰ ਮਝਾਰਾ ਹੇ ॥ ਅੰਗ ੧੦੨੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਆਰਾਧਨਿ ਹਰਿ ਹਰਿ ਕਿਉ ਸਿਮਰਤ ਕੀਜੈ ਆਲਕਾ ॥ ਅੰਗ ੧੦੮੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪ੍ਰਭੁ ਬਿਸਰੈ ਨਾਹੀ ॥ ਅੰਗ ੧੦੮੫ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਹਰਿ ਦੇਹੁ ਚਿਤਾਰਿ ॥ ਅੰਗ ੧੧੫੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਅਨਿਕ ਜੋਨਿ ਭ੍ਰਮਤੇ ਪ੍ਰਭ ਬਿਸਰਤ **ਸਾਸਿ ਸਾਸਿ** ਹਰਿ ਗਾਈ ॥ ਅੰਗ ੧੨੧੭ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਸਮ੍ਹਾਲਿ ਹਰਿ ਹਰਿ ਨਾਨਕ ਸਦ ਬਲਿ ਜਾਉ॥ ਅੰਗ ੧੨੨੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਊਠਤ ਬੈਠਤ ਸੋਵਤ ਜਾਗਤ **ਸਾਸਿ ਸਾਸਿ** ਸਾਸਿ ਹਰਿ ਜਪਨੇ॥ ਅੰਗ ੧੨੯੮ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਧਿਆਵਹੁ ਮੁਖੁ ਨਹੀ ਮੋਰੈ॥ ਅੰਗ ੧੩੦੪(ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

ਸਾਸਨਿ **ਸਾਸਿ ਸਾਸਿ** ਬਲੁ ਪਾਈ ਹੈ ਨਿਹਸਾਸਨਿ ਨਾਮੁ ਧਿਆਵੈਗੋ ॥ ਅੰਗ ੧੩੦੯ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਸਿ ਸਾਸਿ** ਪਾਰਬ੍ਰਹਮੁ ਅਰਾਧੀ ਅਪੁਨੇ ਸਤਿਗੁਰ ਕੈ ਬਲਿ ਜਾਈ ॥ ਅੰਗ ੧੩੩੮ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਸਾਹਿ ਸਾਹਿ** ਤੁਝੁ ਸੰਮਲਾ ਕਦੇ ਨ ਵਿਸਾਰੇਉ ॥ ਅੰਗ ੨੦ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਾਹਿ ਸਾਹਿ** ਸਦਾ ਸਮਾਲੀਐ ਆਪੇ ਬਖਸੇ ਕਰੇ ਰਜਾਇ ॥ ਅੰਗ ੫੦੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

ਸਭਸੈ ਨੋ ਕਿਰਪਾਲੁ ਸਮ੍ਹਾਲੇ **ਸਾਹਿ ਸਾਹਿ** ॥ ਅੰਗ ੯੬੨ (ਭਾਵ ਵਾਚਕ ਨਾਂਵ, ਕਾਰਜ ਆਦੇਸ਼, ਵਿਸ਼ੇਸ਼ਣ + ਨਾਂਵ, ਨਿਰੰਤਰਤਾ)

**ਸਿਮਰਹੁ ਸਿਮਰਹੁ** ਸਾਸਿ ਸਾਸਿ ਮਤ ਬਿਲਮ ਕਰੇਹ ॥ ਅੰਗ ੮੧੨ (ਕਿਰਿਆ, ਨਿਰੰਤਰਤਾ)

**ਸਿਮਰਤ ਸਿਮਰਤ** ਪ੍ਰਭ ਕਾ ਨਾਉ ॥ ਅੰਗ ੧੯੧ (ਕਿਰਿਆ, ਨਿਰੰਤਰਤਾ)

**ਸਿਮਰਤ ਸਿਮਰਤ** ਪ੍ਰਭੁ ਆਪਣਾ ਸਭ ਫਲ ਪਾਏ ਆਹਿ ॥ ਅੰਗ ੫੧੯ (ਕਿਰਿਆ, ਨਿਰੰਤਰਤਾ)

**ਸਿਮਰਤ ਸਿਮਰਤ** ਸਿਮਰੀਐ ਸੋ ਪੁਰਖੁ ਦਾਤਾਰੁ ॥ ਅੰਗ ੮੧੪ (ਕਿਰਿਆ, ਨਿਰੰਤਰਤਾ)

ਊਚ ਅਥਾਹ ਬੇਅੰਤ ਸੁਆਮੀ **ਸਿਮਰਿ ਸਿਮਰਿ** ਹਉ ਜੀਵਾਂ ਜੀਉ ॥ ਅੰਗ ੯੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਗੁਣ ਗਾਵਾ ਕਾਟੀ ਜਮ ਕੀ ਫਾਸਾ ਜੀਉ ॥ ਅੰਗ ੧੦੫ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਨਕ ਸੁਖੁ ਪਾਇਆ ॥ ਅੰਗ ੧੦੬ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਗੁਰਦੇਉ ਮਿਟਿ ਗਏ ਭੈ ਦੂਰੇ ॥ ਅੰਗ ੧੩੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਿਮਰਿ ਗੁਣਤਾਸ ॥ ਅੰਗ ੧੭੮ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪ੍ਰਭੁ ਨਿਰਭਉ ਹੋਇ ॥ ਅੰਗ ੧੮੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਭ ਤਪਤਿ ਬੁਝਾਈ ॥ ਅੰਗ ੧੯੧ (ਕਿਰਿਆ, ਨਿਰੰਤਰਤਾ)

ਹਰਿ **ਸਿਮਰਿ ਸਿਮਰਿ** ਕਾਟਿਆ ਭਉ ਕਾਲ ॥ ਅੰਗ ੨੦੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਸੁਖੁ ਪਾਇਆ ॥ ਅੰਗ ੨੦੨ (ਕਿਰਿਆ, ਨਿਰੰਤਰਤਾ)

ਪਾਵਨ ਨਾਮੁ ਜਗਤਿ ਮੈ ਹਰਿ ਕੋ **ਸਿਮਰਿ ਸਿਮਰਿ** ਕਸਮਲ ਸਭ ਹਰੁ ਰੇ ॥ ਅੰਗ ੨੨੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਕਾਟੇ ਸਭਿ ਰੋਗ ॥ ਅੰਗ ੨੪੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਗੁਨ ਗਾਇ ਸੁਨਾਯੰ ॥ ਅੰਗ ੨੫੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਹਰਿ ਕਾਰਨ ਕਰਨਾ ॥ ਅੰਗ ੨੬੩ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਨਕ ਭਏ ਨਿਹਾਲ ॥ ਅੰਗ ੨੭੫ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਪ੍ਰਭੁ ਸੋਇ ॥ ਅੰਗ ੨੮੧ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਦਾ ਸੁਖ ਪਾਉ ॥ ਅੰਗ ੨੮੮ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਸੁਖ ਪਾਵਹੁ ॥ ਅੰਗ ੨੯੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਮੁ ਬਾਰੰ ਬਾਰ ॥ ਅੰਗ ੨੯੫(ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਰਖੁ ਕੰਠਿ ਪਰੋਇ ॥ ਅੰਗ ੩੮੮ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਤਿਸੁ ਸਦਾ ਸਮ੍ਹਾਲੇ ॥ ਅੰਗ ੩੯੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਦਾਤਾਰੁ ਮਨੋਰਥ ਪੂਰਿਆ ॥ ਅੰਗ ੫੨੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪ੍ਰਭ ਭਏ ਨਿਹਾਲਾ ॥ ਅੰਗ ੫੬੩ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਗੁਰੁ ਸਤਿਗੁਰੁ ਅਪਨਾ ਸਗਲਾ ਦੂਖੁ ਮਿਟਾਇਆ ॥ ਅੰਗ ੬੧੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪ੍ਰਭ ਭਏ ਅਨੰਦਾ ਦੁਖ ਕਲੇਸ ਸਭਿ ਨਾਠੇ ॥ ਅੰਗ ੬੨੫ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਦਇਆਲਾ ॥ ਅੰਗ ੬੨੫ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪੂਰਨ ਨਾਰਾਇਨ ਸੰਗੀ ਸਗਲੇ ਤਾਰਿਆ ॥ ਅੰਗ ੬੭੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪਨਾ ਸੀਤਲ ਤਨੁ ਮਨੁ ਛਾਤੀ ॥ ਅੰਗ ੬੮੧ (ਕਿਰਿਆ, ਨਿਰੰਤਰਤਾ)

ਹਰਿ **ਸਿਮਰਿ ਸਿਮਰਿ** ਆਨਦ ਕਰਿ ਨਾਨਕ ਪ੍ਰਭਿ ਪੂਰਨ ਪੈਜ ਰਖਾਈ ॥ ਅੰਗ ੬੮੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪੁਨਾ ਨਿਕਟਿ ਨ ਆਵੈ ਜਾਮ ॥ ਅੰਗ ੬੮੨(ਕਿਰਿਆ, ਨਿਰੰਤਰਤਾ)

ਪ੍ਰਭੁ **ਸਿਮਰਿ ਸਿਮਰਿ,** ਸਿਮਰਿ ਸੁਖੁ ਪਾਇਓ ਨਾਨਕ ਸਰਣਿ ਦੁਆਰੇ ॥ ਅੰਗ ੭੦੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਨਕ ਸੁਖੁ ਪਾਇਆ ਆਦਿ ਜੁਗਾਦਿ ਭਗਤਨ ਕੇ ਮੀਤ ॥ ਅੰਗ ੭੧੬ (ਕਿਰਿਆ, ਨਿਰੰਤਰਤਾ)

ਰਸਨਾ **ਸਿਮਰਿ ਸਿਮਰਿ** ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ ॥ ਅੰਗ ੭੧੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਿਮਰਿ ਜਨ ਸੋਇ ॥ ਅੰਗ ੭੨੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਤਾ ਕਉ ਹਉ ਜੀਵਾ ॥ ਅੰਗ ੭੪੦ (ਕਿਰਿਆ, ਨਿਰੰਤਰਤਾ)

ਹਰਿ **ਸਿਮਰਿ ਸਿਮਰਿ** ਮਾਨੁ ਮੋਹੁ ਕਟਾਹਾਂ ॥ ਅੰਗ ੭੪੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਜੀਵਾ ਨਾਰਾਇਣ ॥ ਅੰਗ ੭੪੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਨਾਮੁ ਜੀਵਾ ਤਨੁ ਮਨੁ ਹੋਇ ਨਿਹਾਲਾ ॥ ਅੰਗ ੭੪੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਗੁਰੁ ਅਪੁਨਾ ਸੋਇਆ ਮਨੁ ਜਾਗਾਈ ॥ ਅੰਗ ੭੫੮ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪਨਾ ਸਗਲੇ ਪਾਪ ਤਜਾਵਹਿ ਰਾਮ ॥ ਅੰਗ ੭੮੧ (ਕਿਰਿਆ, ਨਿਰੰਤਰਤਾ)

ਹਰਿ **ਸਿਮਰਿ ਸਿਮਰਿ** ਨਾਨਕ ਰੰਗਿ ਰਾਤਾ ਮਨ ਕੀ ਚਿੰਤ ਮਿਟਾਏ ॥ ਅੰਗ ੭੮੨ (ਕਿਰਿਆ, ਨਿਰੰਤਰਤਾ)

ਪੂਰੀ ਭਈ **ਸਿਮਰਿ ਸਿਮਰਿ** ਬਿਧਾਤਾ ॥ ਅੰਗ ੮੦੬ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਨਕ ਤਰੇ ਹਰਿ ਕੇ ਰੰਗ ਲਾਲ ॥ ਅੰਗ ੮੦੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪੂਰਨ ਪ੍ਰਭੂ ਕਾਰਜ ਭਏ ਰਾਸਿ ॥ ਅੰਗ ੮੧੬ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਮਨ ਤਨ ਸੁਖੀ ਨਾਨਕ ਨਿਰਭਇਆ ॥ ਅੰਗ ੮੧੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪ੍ਰਭੁ ਆਪਨਾ ਨਾਠਾ ਦੁਖ ਠਾਉ ॥ ਅੰਗ ੮੧੮(ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਿਮਰਿ ਸੁਖੁ ਪਾਇਆ ਚਰਨ ਕਮਲ ਰਖੁ ਮਨ ਮਾਹੀ ॥ ਅੰਗ ੮੨੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪਨਾ ਅਨਦ ਸੇਤੀ ਬਿਖਿਆ ਬਨੁ ਗਾਹੀ ॥ ਅੰਗ ੮੨੪ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ,** ਸਿਮਰਿ ਸੁਖਦਾਤਾ ਜਾ ਕਾ ਕੀਆ ਸਗਲ ਜਹਾਨੁ ॥ ਅੰਗ ੮੨੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਰਾਇਣੈ ਭਏ ਪਾਰਗਰਾਮੀ ਰਾਮ ॥ ਅੰਗ ੮੪੮ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਗੋਬਿੰਦੰ ॥ ਅੰਗ ੮੭੩ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਜੀਵਾ ਗੋਵਿੰਦ ॥ ਅੰਗ ੮੯੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਹਰਿ ਹਰਿ ਮਨਿ ਗਾਈਐ ॥ ਅੰਗ ੯੭੧ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਪ੍ਰਭੁ ਅਪੁਨਾ ਕਹੁ ਨਾਨਕ ਅਨਦੁ ਭਇਓ ॥ ਅੰਗ ੯੭੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸਦਾ ਸੁਖੁ ਪਾਈਐ ਜੀਵਣੈ ਕਾ ਮੂਲੁ ॥ ਅੰਗ ੯੮੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਪੂਰਨ ਪਰਮੇਸੁਰ ਚਿੰਤਾ ਗਣਤ ਮਿਟਾਈ ਹੇ ॥ ਅੰਗ ੧੦੭੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਜੀਵਹਿ ਜਨ ਤੇਰੇ ਏਕੰਕਾਰਿ ਸਮਾਈ ਹੇ ॥ ਅੰਗ ੧੦੭੨ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥ ਅੰਗ ੧੦੮੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਜੀਵਹਿ ਤੇਰੇ ਦਾਸਾ ਬਨਿ ਜਲਿ ਪੂਰਨ ਥਾਲਕਾ ॥ ਅੰਗ ੧੦੮੫ (ਕਿਰਿਆ, ਨਿਰੰਤਰਤਾ)

ਪ੍ਰਭੁ **ਸਿਮਰਿ ਸਿਮਰਿ** ਅਮਰ ਥਿਰੁ ਥੀਵੇ ॥ ਅੰਗ ੧੧੩੭ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਸੁਆਮੀ ਭਏ ਸੀਤਲ ਦੂਖੁ ਦਰਦੁ ਭ੍ਰਮੁ ਹਿਰਿਆ ॥ ਅੰਗ ੧੨੧੯ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਨਾਨਕ ਪ੍ਰਭ ਜੀਵੈ ਬਿਨਸਿ ਜਾਇ ਅਭਿਮਾਨ ॥ ਅੰਗ ੧੨੨੧ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਜੀਵਤ ਹਰਿ ਨਾਨਕ ਜਮ ਕੀ ਭੀਰ ਨ ਫਹੀ ॥ ਅੰਗ ੧੨੨੫ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਦਾਤਾਰੁ ਸਭਿ ਰੰਗ ਮਾਣਿਆ ॥ ਅੰਗ ੧੨੯੧ (ਕਿਰਿਆ, ਨਿਰੰਤਰਤਾ)

ਸੀਤਲਾ ਸੁਖ ਸਾਂਤਿ ਮੂਰਤਿ **ਸਿਮਰਿ ਸਿਮਰਿ** ਨਿਤ ਧਿਆਇ ॥ ਅੰਗ ੧੩੦੦ (ਕਿਰਿਆ, ਨਿਰੰਤਰਤਾ)

**ਸਿਮਰਿ ਸਿਮਰਿ** ਤਰੇ ਨਾਨਕ ਪ੍ਰਾਨੀ ॥ ਅੰਗ ੧੩੦੦ (ਕਿਰਿਆ, ਨਿਰੰਤਰਤਾ)

**ਸਿਰਿ ਸਿਰਿ** ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ਅੰਗ ੧੦ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

**ਸਿਰਿ ਸਿਰਿ** ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ ॥ ਅੰਗ ੪੯੫ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਆਗੈ ਹੁਕਮੁ ਨ ਚਲੈ ਮੂਲੇ **ਸਿਰਿ ਸਿਰਿ** ਕਿਆ ਵਿਹਾਣਾ ॥ ਅੰਗ ੫੭੯ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

**ਸਿਰਿ ਸਿਰਿ** ਸਚੜੈ ਲਿਖਿਆ ਦੁਖੁ ਸੁਖੁ ਪੁਰਬਿ ਵੀਚਾਰੋਵਾ ॥ ਅੰਗ ੫੮੧ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਮਸਤਕਿ ਲੇਖੁ ਜੀਆ ਜਗਿ ਜੋਨੀ **ਸਿਰਿ ਸਿਰਿ** ਲੇਖੁ ਸਹਾਮੰ ॥ ਅੰਗ ੬੩੪ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਆਪੇ ਕਰਿ ਵੇਖੈ **ਸਿਰਿ ਸਿਰਿ** ਲੇਖੈ ਆਪੇ ਸੁਰਤਿ ਬੁਝਾਈ ॥ ਅੰਗ ੬੮੮ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਜੰਤ ਭੇਖ ਤੂ ਸਫਲਿਓ ਦਾਤਾ **ਸਿਰਿ ਸਿਰਿ** ਦੇਵਣਹਾਰੋ ॥ ਅੰਗ ੭੬੪ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਆਪੇ **ਸਿਰਿ ਸਿਰਿ** ਧੰਧੈ ਲਾਇਆ ॥ ਅੰਗ ੮੪੧ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਆਪੇ ਸਾਜੇ ਸ੍ਰਿਸਟਿ ਉਪਾਏ **ਸਿਰਿ ਸਿਰਿ** ਧੰਧੈ ਲਾਈ ॥ ਅੰਗ ੯੧੨ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ + ਨਾਂਵ)

ਸਰਬ ਜੋਤਿ ਜਗਜੀਵਨਾ **ਸਿਰਿ ਸਿਰਿ** ਸਾਚਾ ਲੇਖੁ ॥ ਅੰਗ ੯੯੨ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ + ਨਾਂਵ)

ਜਿਉ ਨਚਾਏ ਤਿਉ ਤਿਉ ਨਚਨਿ **ਸਿਰਿ ਸਿਰਿ** ਕਿਰਤ ਵਿਹਾਣੀਆ॥ ਅੰਗ ੧੦੨੦(ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਆਪੇ **ਸਿਰਿ ਸਿਰਿ** ਧੰਧੈ ਲਾਏ ॥ ਅੰਗ ੧੦੨੦ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

**ਜੋ ਜੋ** ਨਾਮੁ ਜਪੈ ਅਪਰਾਧੀ ਸਭਿ ਤਿਨ ਕੇ ਦੋਖ ਪਰਹਰੇ ॥ ਅੰਗ ੯੯੫ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ ॥ ਅੰਗ ੯੯੯ (ਪੜਨਾਂਵੀਂ ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

**ਜੋ ਜੋ** ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥ ਅੰਗ ੧੦੦੦ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਜਪੈ ਸੋਈ ਵਡਭਾਗੀ ਬਹੁੜਿ ਨ ਜੋਨੀ ਪਾਵਣਾ ॥ ਅੰਗ ੧੦੮੬ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਦੀਸੈ **ਸੋ ਸੋ** ਰੋਗੀ ॥ ਅੰਗ ੧੧੪੦ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਪੇਖੈ ਸੁ ਬ੍ਰਹਮ ਗਿਆਨੁ ॥ ਅੰਗ ੧੧੫੨ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਸਰਣਿ ਪਰਿਓ ਕਰੁਣਾਨਿਧਿ **ਤੇ ਤੇ** ਭਵਹਿ ਤਰਾਏ ॥ ਅੰਗ ੧੨੦੪ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ ॥ ਅੰਗ ੧੨੦੮ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਸੰਗਿ ਮਿਲੇ ਸਾਧੂ ਕੈ **ਤੇ ਤੇ** ਪਤਿਤ ਪੁਨੀਤਾ ॥ ਅੰਗ ੧੨੧੭ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਤਰਿਓ ਪੁਰਾਤਨੁ ਨਵਤਨੁ ਭਗਤਿ ਭਾਇ ਹਰਿ ਦੇਵਾ ॥ ਅੰਗ ੧੨੧੯ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਭਜਨੁ ਕਰੈ ਸਾਧੂ ਸੰਗਿ ਤਾ ਕੇ ਦੂਖ ਬਿਦਾਰੇ ॥ ਅੰਗ ੧੨੬੯ (ਪੜਨਾਂਵ, ਅਰਥਗਤ ਵਿਭਿੰਨਤਾ)

ਤੁਮਰੋ ਬਲੁ ਤੁਮ ਸੰਗਿ ਸੁਹੇਲੇ **ਜੋ ਜੋ** ਕਹਹੁ **ਸੋਈ ਸੋਈ** ਕਰਨਾ ॥ ਅੰਗ ੧੨੯੯ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥ ਅੰਗ ੧੩੦੦ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਜਪੈ ਸੋਈ ਗਤਿ ਪਾਵੈ ਜਿਉ ਧ੍ਰੂ ਪ੍ਰਹਿਲਾਦੁ ਸਮਾਵੈਗੋ ॥ ਅੰਗ ੧੩੦੮ (ਪੜਨਾਂਵ, ਅਰਥਗਤ ਵਿਭਿੰਨਤਾ)

**ਜੋ ਜੋ** ਭਗਤੁ ਹੋਇ ਸੋ ਪੂਜਹੁ ਭਰਮਨ ਭਰਮੁ ਚੁਕਾਵੈਗੋ ॥ ਅੰਗ ੧੩੦੯ (ਪੜਨਾਂਵੀਂ ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

**ਜੋ ਜੋ** ਓਨਾ ਕਰਮ ਸੁਕਰਮ ਹੋਇ ਪਸਰਿਆ ॥ ਅੰਗ ੧੩੬੩ (ਪੜਨਾਂਵ, ਅਰਥਗਤ ਵਿਭਿੰਨਤਾ)

ਕਬੀਰ ਭਾਂਗ ਮਾਛੁਲੀ ਸੁਰਾ ਪਾਨਿ **ਜੋ ਜੋ** ਪ੍ਰਾਨੀ ਖਾਂਹਿ ॥ ਅੰਗ ੧੩੭੭ (ਪੜਨਾਂਵੀਂ ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

**ਜੋ ਜੋ** ਵੰਞੈ ਡੀਹੜਾ ਸੋ ਉਮਰ ਹਥ ਪਵੰਨਿ ॥ ਅੰਗ ੧੩੮੨ (ਪੜਨਾਂਵ, ਅਰਥਗਤ ਵਿਭਿੰਨਤਾ)

ਫਰੀਦਾ **ਜੰਗਲੁ ਜੰਗਲੁ** ਕਿਆ ਭਵਹਿ ਵਣਿ ਕੰਡਾ ਮੋੜੇਹਿ ॥ ਅੰਗ ੧੩੭੮ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

### ਝ

ਨਿਤ ਝਹੀਆ ਪਾਏ ਝਗੂ ਸੁਟੇ **ਝਖਦਾ ਝਖਦਾ** ਝੜਿ ਪਇਆ ॥ ਅੰਗ ੩੦੭ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕਿਸ ਹੀ ਨਾਲਿ ਨ ਚਲੇ ਨਾਨਕ **ਝੜਿ ਝੜਿ** ਪਏ ਗਵਾਰਾ ॥ ਅੰਗ ੧੫੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਲਿ ਜਲਿ ਰੋਵੈ ਬਪੁੜੀ **ਝੜਿ ਝੜਿ** ਪਵਹਿ ਅੰਗਿਆਰ ॥ ਅੰਗ ੪੬੬ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਝੜਿ ਝੜਿ** ਪਵਦੇ ਕਚੇ ਬਿਰਹੀ ਜਿਨ੍ਹਾ ਕਾਰਿ ਨ ਆਈ ॥ ਅੰਗ ੧੪੨੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਮਾਇਆ ਭੁਇਅੰਗ ਤਿਸੁ ਨੇੜਿ ਨ ਆਵੈ ਬਿਖੁ **ਝਾਰਿ ਝਾਰਿ** ਲਿਵ ਲਾਵੈਗੋ॥ ਅੰਗ ੧੩੧੦(ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਝਿਮਿ ਝਿਮਿ** ਵਰਸੈ ਅੰਮ੍ਰਿਤ ਧਾਰਾ ॥ ਅੰਗ ੧੦੨ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਘਾੜਤ)

ਝਿਮਿ ਝਿਮੇ **ਝਿਮਿ ਝਿਮਿ** ਵਰਸੈ ਅੰਮ੍ਰਿਤ ਧਾਰਾ ਰਾਮ ॥ ਅੰਗ ੪੪੨ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਘਾੜਤ)

**ਝਿਮਿ ਝਿਮਿ** ਅੰਮ੍ਰਿਤੁ ਵਰਸਦਾ ਤਿਸਨਾ ਭੁਖ ਸਭ ਜਾਇ ॥ ਅੰਗ ੧੪੨੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਘਾੜਤ)

**ਝਿੰਮਿ ਝਿੰਮਿ** ਅੰਮ੍ਰਿਤੁ ਵਰਸਦਾ ॥ ਅੰਗ ੭੪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਘਾੜਤ)

**ਝੁਰਿ ਝੁਰਿ** ਝਖਿ ਮਾਟੀ ਰਲਿ ਜਾਇ ॥ ਅੰਗ ੯੩੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਝੁਰਿ ਝੁਰਿ** ਪਚੈ ਜੈਸੇ ਤ੍ਰਿਅ ਰੰਡ ॥ ਅੰਗ ੧੧੫੧ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਝੂਰਤ ਝੂਰਤ** ਸਾਕਤ ਮੂਆ ॥ ਅੰਗ ੨੫੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ **ਝੋਲਿ ਝੋਲਿ** ਪੀਜਾ ਹੇ ॥ ਅੰਗ ੧੦੭੪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

## ਟ

ਕਾਇਆ ਕਪੜੁ **ਟੁਕੁ ਟੁਕੁ** ਹੋਸੀ ਹਿਦੁਸਤਾਨੁ ਸਮਾਲਸੀ ਬੋਲਾ ॥ ਅੰਗ ੭੨੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਹਰਿ ਹਰਿ ਨਾਮੁ ਮੁਖਿ ਹਰਿ ਹਰਿ ਬੋਲੀ ਮਨੁ ਹਰਿ ਰਸਿ **ਟੁਲਿ ਟੁਲਿ** ਪਉਦਾ ਜੀਉ ॥ ਅੰਗ ੯੫ (ਕਿਰਿਆ ਵਿਸ਼ੇਸ਼ਣ, ਨਿਰੰਤਰ)

**ਠ**

**ਠਹਕਿ ਠਹਕਿ** ਮਾਇਆ ਸੰਗਿ ਮੂਏ ॥ ਅੰਗ ੨੫੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਸਾਰੰਗ ਜਿਉ ਪਗੁ ਧਰੈ **ਠਿਮਿ ਠਿਮਿ** ਆਪਿ ਆਪੁ ਸੰਧੂਰਏ ॥ ਅੰਗ ੫੬੭ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਡ**

**ਡਰਪਤ ਡਰਪਤ** ਜਨਮ ਬਹੁਤੁ ਜਾਹੀ ॥ ਅੰਗ ੧੯੭ (ਭਾਵ ਵਾਚਕ ਨਾਂਵ, ਤੀਬਰਭਾਵ)

**ਡਰਿ ਡਰਿ** ਡਰਣਾ ਮਨ ਕਾ ਸੋਰੁ ॥ ਅੰਗ ੧੫੧ (ਭਾਵ ਵਾਚਕ ਨਾਂਵ, ਤੀਬਰਭਾਵ)

**ਡਰਿ ਡਰਿ** ਮਰਤੇ ਜਬ ਜਾਨੀਐ ਦੂਰਿ ॥ ਅੰਗ ੧੮੬ (ਭਾਵ ਵਾਚਕ ਨਾਂਵ, ਕਾਰਜ ਆਦੇਸ਼)

**ਡਰਿ ਡਰਿ** ਪਚੇ ਮਨਮੁਖ ਵੇਚਾਰੇ ॥ ਅੰਗ ੬੭੭ (ਭਾਵ ਵਾਚਕ ਨਾਂਵ, ਤੀਬਰਭਾਵ)

ਨਾਮ ਬਿਨਾ ਜਗੁ ਰੋਗਿ ਬਿਆਪਿਆ ਦੁਬਿਧਾ **ਡੁਬਿ ਡੁਬਿ** ਮਰੀਐ ॥ ਅੰਗ ੧੧੨੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਡੋਲਤ ਡੋਲਤ** ਹੇ ਸਖੀ ਫਾਟੇ ਚੀਰ ਸੀਗਾਰ ॥ ਅੰਗ ੯੩੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਡੋਲਿ ਡੋਲਿ** ਮਹਾ ਦੁਖੁ ਪਾਇਆ ਬਿਨਾ ਸਾਧੂ ਸੰਗ ॥ ਅੰਗ ੪੦੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਇਤ ਉਤ **ਡੋਲਿ ਡੋਲਿ** ਸ੍ਰਮੁ ਪਾਇਓ ਤਨੁ ਧਨੁ ਹੋਤ ਬਿਰਾਨੋ ॥ ਅੰਗ ੧੨੬੯ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਢ**

**ਢਹਤ ਢਹਤ** ਅਬ ਢਹਿ ਪਰੇ ਸਾਧ ਜਨਾ ਸਰਨਾਇ ॥ ਅੰਗ ੨੫੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਢੰਢੋਲਤ ਢੂਢਤ ਹਉ ਫਿਰੀ **ਢਹਿ ਢਹਿ** ਪਵਨਿ ਕਰਾਰਿ ॥ ਅੰਗ ੯੩੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਜੇ ਕੋ ਭਲਾ ਲੋੜੈ ਭਲ ਅਪਨਾ ਗੁਰ ਆਗੈ **ਢਹਿ ਢਹਿ** ਪਾਵੈਗੋ ॥ ਅੰਗ ੧੩੧੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਰੇ ਮੂੜੇ ਲਾਹੇ ਕਉ ਤੂੰ **ਢੀਲਾ ਢੀਲਾ** ਤੋਟੇ ਕਉ ਬੇਗਿ ਧਾਇਆ ॥ ਅੰਗ ੪੦੨ (ਵਿਸ਼ੇਸ਼ਣ, ਤੀਬਰਭਾਵ)

ਹਰਿ ਤੁਠੈ **ਢੁਲਿ ਢੁਲਿ** ਮਿਲੀਆ ਜੀਉ ॥ ਅੰਗ ੧੭੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਤ**

ਜਹ ਜਹ ਦੇਖਾ **ਤਹ ਤਹ** ਤੂ ਹੈ ਤੁਝ ਤੇ ਨਿਕਸੀ ਫੂਟਿ ਮਰਾ ॥ ਅੰਗ ੨੫ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਹ ਜਹ ਦੇਖਾ **ਤਹ ਤਹ** ਸੁਆਮੀ ॥ ਅੰਗ ੯੬ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਹ ਜਹ ਦੇਖਉ **ਤਹ ਤਹ** ਸਾਚਾ ॥ ਅੰਗ ੨੨੪ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਰੇ ਮਨ ਬਿਨੁ ਹਰਿ ਜਹ ਰਚਹੁ **ਤਹ ਤਹ** ਬੰਧਨ ਪਾਹਿ ॥ ਅੰਗ ੨੫੨ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜੋ ਦੇਨਾ ਸੋ ਦੇ ਰਹਿਓ ਭਾਵੈ **ਤਹ ਤਹ** ਜਾਹਿ ॥ ਅੰਗ ੨੫੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਹ ਜਹ ਭਾਣਾ **ਤਹ ਤਹ** ਰਾਖੇ ॥ ਅੰਗ ੨੭੬ (ਸਥਿਤੀ ਵਾਚਕ ਕਿਰਿਆ ਵਿਸ਼ੇਸ਼ਣ)

ਜਹਾ ਪਠਾਵਹੁ **ਤਹ ਤਹ** ਜਾਈ= ॥ ਅੰਗ ੩੯੬ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਹ ਜਹ ਮਨ ਤੂੰ ਧਾਵਦਾ **ਤਹ ਤਹ** ਹਰਿ ਤੇਰੈ ਨਾਲੇ ॥ ਅੰਗ ੪੪੦ (ਸਥਿਤੀ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਸੰਤ ਅਰਾਧਹਿ **ਤਹ ਤਹ** ਪ੍ਰਗਟਾਇਆ ॥ ਅੰਗ ੪੫੬ (ਸਥਿਤੀ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਦੇਖਉ **ਤਹ ਤਹ** ਸੁਆਮੀ ਕੋਇ ਨ ਪਹੁਚਨਹਾਰ ॥ ਅੰਗ ੬੮੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

ਕਾ ਕਉ ਦੁਰਾਉ ਕਾ ਸਿਉ ਬਲਬੰਚਾ **ਜਹ ਜਹ** ਪੇਖਉ **ਤਹ ਤਹ** ਨੇਰਾ ॥ ਅੰਗ ੮੨੭ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਦੇਖਉ **ਤਹ ਤਹ** ਰਾਮਾ ॥ ਅੰਗ ੮੭੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਦੇਖਾ **ਤਹ ਤਹ** ਸੋਈ ॥ ਅੰਗ ੧੩੪੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

ਨਾਨਕ **ਜਹ ਜਹ** ਮੈ ਫਿਰਉ **ਤਹ ਤਹ** ਸਾਚਾ ਸੋਇ ॥ ਅੰਗ ੧੪੧੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਕਾਜ ਕਿਰਤਿ ਸੇਵਕ ਕੀ **ਤਹਾ ਤਹਾ** ਉਠਿ ਧਾਵੈ ॥ ਅੰਗ ੪੦੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

**ਜਹ ਜਹ** ਅਉਸਰੁ ਆਇ ਬਨਿਓ ਹੈ **ਤਹਾ ਤਹਾ** ਹਰਿ ਧਿਆਇਓ ॥ ਅੰਗ ੪੯੮ (ਸਥਿਤੀ ਵਾਚਕ ਕਿਰਿਆ ਵਿਸ਼ੇਸ਼ਣ)

ਜਹ ਮਾਤ ਪਿਤਾ ਸੁਤ ਭਾਈ ਨ ਪਹੁਚੈ **ਤਹਾ ਤਹਾ** ਤੂ ਰਖਾ ॥ ਅੰਗ ੧੨੧੨ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

ਜਤ ਕਤ ਦੇਖਉ **ਤਤ ਤਤ** ਤੁਮ ਹੀ ਮੋਹਿ ਇਹੁ ਬਿਸੁਆਸੁ ਹੋਇ ਆਇਓ ॥ ਅੰਗ ੨੦੫ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ)

ਜਤ ਕਤ ਪੇਖਉ **ਤਤ ਤਤ** ਸਾਥੈ ॥ ਅੰਗ ਪ੩ਪ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਤ ਕਤ ਦੇਖੀਐ **ਤਤ ਤਤ** ਤੋਹੀ ॥ ਅੰਗ ੯੧੩ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

**ਜਤ ਜਤ** ਦੇਖਉ **ਤਤ ਤਤ** ਤੁਮ ਹੀ ਅਵਰੁ ਨ ਦੁਤੀਆ ਗਾਇਆ ॥ ਅੰਗ ੧੦੪੦ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਜਤ ਕਤ ਪੇਖਉ **ਤਤ ਤਤ** ਸੋਇ ॥ ਅੰਗ ੧੧ਪ੦ (ਸਥਾਨ ਵਾਚਕ ਕਿਰਿਆ ਵਿਸ਼ੇਸ਼ਣ, ਅਰਥ ਵਿਸਥਾਰ)

ਮਨਮੁਖਿ ਅੰਧਾ **ਤਪਿ ਤਪਿ** ਖਪੈ ਬਿਨੁ ਸਬਦੈ ਸਾਂਤਿ ਨ ਆਈ ॥ ਅੰਗ ਪ੭੧ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਤਪਿ ਤਪਿ** ਖਪੈ ਬਹੁਤੁ ਬੇਕਾਰ ॥ ਅੰਗ ੬੬੧ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਤਪਿ ਤਪਿ** ਲੁਹਿ ਲੁਹਿ ਹਾਥ ਮਰੋਰਉ ॥ ਅੰਗ ੭੯੪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਤਿਉ ਤਿਉ** ਸੈਲ ਕਰਹਿ ਜਿਉ ਭਾਵੈ ॥ ਅੰਗ ੩੪ਪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਕਾਵਿ ਵਜਨ)

ਜਿਉ ਨਚਾਏ **ਤਿਉ ਤਿਉ** ਨਚਨਿ ਸਿਰਿ ਸਿਰਿ ਕਿਰਤ ਵਿਹਾਣੀਆ ॥ ਅੰਗ ੧੦੨੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਕਾਵਿ ਵਜਨ)

ਜਿਤੁ ਤੂੰ ਲਾਵਹਿ **ਤਿਤੁ ਤਿਤੁ** ਲਗਨਾ ॥ ਅੰਗ ੭੪੪ (ਪੜਨਾਂਵ, ਅਰਥਗਤ ਵਿਭਿੰਨਤਾ)

ਜਿਤੁ ਪ੍ਰਭਿ ਲਾਇਆ **ਤਿਤੁ ਤਿਤੁ** ਲਗੈ ॥ ਅੰਗ ੧੧੮੦ (ਪੜਨਾਂਵ, ਅਰਥਗਤ ਵਿਭਿੰਨਤਾ)

ਰਾਮ ਨਾਮੁ ਇਕੁ **ਤਿਲ ਤਿਲ** ਗਾਵੈ ਮਨੁ ਗੁਰਮਤਿ ਨਾਮਿ ਸਮਾਵੈਗੋ ॥ ਅੰਗ ੧੩੦੮ (ਕਾਲ ਵਾਚਕ ਕਿਰਿਆ ਵਿਸ਼ੇਸ਼ਣ)

ਤਿਸੁ ਜਨ ਕੀ ਵਡਿਆਈ ਹਰਿ ਆਪਿ ਵਧਾਈ ਓਹੁ ਘਟੈ ਨ ਕਿਸੈ ਕੀ ਘਟਾਈ ਇਕੁ **ਤਿਲੁ ਤਿਲੁ** ਤਿਲਨਾ ॥ ਅੰਗ ੮੬੦ (ਨਾਂਵ)

ਬਿਸਟਾ ਮੂਤ੍ਰ ਖੋਦਿ **ਤਿਲੁ ਤਿਲੁ** ਮਨਿ ਨ ਮਨੀ ਬਿਪਰੀਤਿ ॥ ਅੰਗ ੧੦੧੮ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਤਿਲੁ ਤਿਲੁ** ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥ ਅੰਗ ੧੨੦੦ (ਕਾਲ ਵਾਚਕ ਨਾਂਵ, ਵਿਸ਼ੇਸ਼ਣ+ਨਾਂਵ)

**ਦਿਨੁ ਦਿਨੁ** ਆਵੈ **ਤਿਲੁ ਤਿਲੁ** ਛੀਜੈ ਮਾਇਆ ਮੋਹੁ ਘਟਾਈ ॥ ਅੰਗ ੧੩੩੦ (ਕਾਲ ਵਾਚਕ ਨਾਂਵ, ਵਿਸ਼ੇਸ਼ਣ+ਨਾਂਵ)

ਰਸਨਾ ਜਪੈ ਨ ਨਾਮੁ **ਤਿਲੁ ਤਿਲੁ** ਕਰਿ ਕਟੀਐ॥ ਅੰਗ ੧੩੬੨ (ਨਾਂਵ, ਅਰਥ ਆਦੇਸ਼, ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ **ਤੀਰਥਿ ਤੀਰਥਿ** ਭ੍ਰਮਤਾ ਲਹੈ ਨ ਪਾਰੁ ਰੀ ॥ ਅੰਗ ੬੯੫ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

ਤੁਮਰੀ ਜੀ ਅਕਥ ਕਥਾ **ਤੂ ਤੂ,** ਤੂ ਹੀ ਜਾਨਹਿ ॥ (ਪੜਨਾਂਵ, ਤੀਬਰਭਾਵ, ਅਰਥ ਸੰਕੋਚ)

ਸਭ ਸਿਸਟਿ ਧਾਰ ਹਰਿ ਤੁਮ ਕਿਰਪਾਲ ਕਰਤਾ ਸਭੁ **ਤੂ, ਤੂ ਤੂ** ਰਾਮ ਰਾਮ ਰਾਮ ॥ ਅੰਗ ੧੨੯੭ (ਪੜਨਾਂਵ, ਅਰਥ ਸੰਕੋਚ, ਤੀਬਰਭਾਵ)

ਜਨ ਨਾਨਕ ਕੇ ਹਰਿ **ਤੂ ਤੂ, ਤੂ ਤੂ, ਤੂ** ਭਗਵਾਨ॥ ਅੰਗ ੧੨੯੮ (ਦੂਹਰੀ ਪੜਨਾਂਵ ਦੁਹਰੁਕਤੀ, ਅਰਥ ਸੰਕੋਚ, ਤੀਬਰਭਾਵ)

ਕਬੀਰ **ਤੂੰ ਤੂੰ** ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਅੰਗ ੧੩੭੫ (ਪੜਨਾਂਵ, ਅਰਥ ਸੰਕੋਚ , ਤੀਬਰਭਾਵ)

ਹਰਹਟ ਭੀ **ਤੂੰ ਤੂੰ** ਕਰਹਿ ਬੋਲਹਿ ਭਲੀ ਬਾਣਿ ॥ ਅੰਗ ੧੪੨੦(ਪੜਨਾਂਵ, ਅਰਥ ਸੰਕੋਚ, ਤੀਬਰਭਾਵ)

ਸਭ ਕਿਛੁ **ਤੂੰਹੈ ਤੂੰਹੈ** ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥ ਅੰਗ ੯੮ (ਪੜਨਾਂਵ, ਅਰਥ ਸੰਕੋਚ)

ਥਾਨਿ ਥਨੰਤਰਿ **ਤੂੰਹੈ ਤੂੰਹੈ** ਇਕੋ ਇਕੁ ਵਰਤਾਵਣਿਆ ॥ ਅੰਗ ੧੩੧(ਪੜਨਾਂਵ, ਅਰਥ ਸੰਕੋਚ)

**ਈਤਹਿ ਊਤਹਿ, ਘਟਿ ਘਟਿ, ਘਟਿ ਘਟਿ, ਤੂੰਹੀ ਤੂੰਹੀ** ਮੋਹਿਨਾ॥ ਅੰਗ ੪੦੭ (ਪੜਨਾਂਵ, ਵਿਸ਼ੇਸ਼ਣ - ਅਰਥ ਆਦੇਸ਼, ਪੜਨਾਂਵ- ਅਰਥ ਸੰਕੋਚ)

ਅਬ ਤਬ ਜਬ ਕਬ **ਤੁਹੀ ਤੁਹੀ** ॥ ਅੰਗ ੯੬੯ (ਪੜਨਾਂਵ, ਅਰਥ ਸੰਕੋਚ)

ਦਸ੍ਤਗੀਰੀ ਦੇਹਿ ਦਿਲਾਵਰ **ਤੂਹੀ ਤੂਹੀ** ਏਕ ॥ ਅੰਗ ੭੨੪ (ਪੜਨਾਂਵ, ਅਰਥ ਸੰਕੋਚ)

ਰਸਨਾ ਜਪਤੀ **ਤੂਹੀ ਤੂਹੀ** ॥ ਅੰਗ ੧੨੧੫ (ਪੜਨਾਂਵ, ਅਰਥ ਸੰਕੋਚ)

ਏਕ ਤੂਹੀ, **ਤੂਹੀ ਤੂਹੀ** ॥ ਅੰਗ ੧੩੦੫ (ਪੜਨਾਂਵ, ਅਰਥ ਸੰਕੋਚ)

ਕਰਨ ਕਰਾਵਨ ਸਭੁ **ਤੂਹੈ ਤੂਹੈ** ਹੈ ਨਾਹੀ ਕਿਛੁ ਅਸਾੜਾ ॥ ਅੰਗ ੧੦੮੧ (ਪੜਨਾਂਵ, ਅਰਥ ਸੰਕੋਚ)

ਮਾਣੁ ਤਾਣੁ ਸਭੁ **ਤੂਹੈ ਤੂਹੈ** ਇਕੁ ਨਾਮੁ ਤੇਰਾ ਮੈ ਓਲ੍ਹਾ ॥ ਅੰਗ ੧੨੧੧ (ਪੜਨਾਂਵ, ਅਰਥ ਸੰਕੋਚ)

ਸੇਵਕੁ ਠਾਕੁਰੁ ਸਭੁ **ਤੂਹੈ ਤੂਹੈ** ਗੁਰਮਤੀ ਹਰਿ ਚੰਗ ਚੰਗਨਾ ॥ ਅੰਗ ੧੩੧੩ (ਪੜਨਾਂਵ, ਅਰਥ ਸੰਕੋਚ)

**ਥ**

**ਥਰ ਥਰ** ਕੰਪੈ ਜੀਅੜਾ ਥਾਨ ਵਿਹੂਣਾ ਹੋਇ ॥ ਅੰਗ ੯੩੪ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਦ**

**ਦਮਿ ਦਮਿ** ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥ ਅੰਗ ੫੫੬ (ਨਾਂਵ, ਵਿਸ਼ੇਸ਼ਣ+ ਨਾਂਵ, ਨਿਰੰਤਰਤਾ)

**ਦਾਸ ਦਾਸ** ਕੋ ਦਾਸਰਾ ਨਾਨਕ ਕਰਿ ਲੇਹ ॥ ਅੰਗ ੮੧੨ (ਨਾਂਵ, ਵਾਕੰਸ਼)

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ਇਤਨਾ ਕੁ ਨ ਜਾਨੈ ਜਿ **ਦਿਨ ਦਿਨ** ਅਵਧ ਘਟਤੁ ਹੈ ॥ ਅੰਗ ੯੧ (ਨਾਂਵ, ਨਿਰੰਤਰਤਾ, ਵਿਸ਼ੇਸ਼ਣ+ ਨਾਂਵ)

ਕਬੀਰ ਸੰਗਤਿ ਸਾਧ ਕੀ **ਦਿਨ ਦਿਨ** ਦੂਨਾ ਹੇਤੁ ॥ ਅੰਗ ੧੩੬੯ (ਕਾਲ ਵਾਚਕ ਨਾਂਵ, ਦਿਨੋ ਦਿਨ)

**ਦਿਨੁ ਦਿਨੁ** ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥ ਅੰਗ ੩੦੦ (ਕਾਲ ਵਾਚਕ ਨਾਂਵ, ਦਿਨੋ ਦਿਨ)

ਸੰਤਹੁ **ਦਿਨੁ ਦਿਨੁ** ਚੜੈ ਸਵਾਈ ॥ ਅੰਗ ੬੨੬ (ਕਾਲ ਵਾਚਕ ਨਾਂਵ, ਦਿਨੋ ਦਿਨ)

**ਦਿਨੁ ਦਿਨੁ** ਕਰਤ ਭੋਜਨ ਬਹੁ ਬਿੰਜਨ ਤਾ ਕੀ ਮਿਟੈ ਨ ਭੂਖਾ ॥ ਅੰਗ ੬੭੨ (ਕਾਲ ਵਾਚਕ ਨਾਂਵ, ਦਿਨੋ ਦਿਨ)

**ਦਿਨੁ ਦਿਨੁ** ਛਿਜਤ ਬਿਕਾਰ ਕਰਤ ਅਉਧ ਫਾਹੀ ਫਾਥਾ ਜਮ ਕੈ ਜਾਲ ॥ ਅੰਗ ੮੦੬ (ਕਾਲ ਵਾਚਕ ਨਾਂਵ, ਦਿਨੋ ਦਿਨ)

**ਦਿਨੁ ਦਿਨੁ** ਆਵੈ ਤਿਲੁ ਤਿਲੁ ਛੀਜੈ ਮਾਇਆ ਮੋਹੁ ਘਟਾਈ ॥ ਅੰਗ ੧੩੩੦ (ਕਾਲ ਵਾਚਕ ਨਾਂਵ, (ਕਾਰਜ-ਵਿਸ਼ੇਸ਼ਣ+ ਨਾਂਵ))

**ਦੁਇ ਦੁਇ** ਲੋਚਨ ਪੇਖਾ ॥ ਅੰਗ ੬੫੫ (ਗਿਣਤੀ ਵਾਚਕ ਵਿਸ਼ੇਸ਼ਣ, ਤੀਬਰਭਾਵ)

**ਦੁਖੁ ਦੁਖੁ** ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥ ਅੰਗ ੧੨੪੦ (ਭਾਵ ਵਾਚਕ ਨਾਂਵ, ਦਬਾਉ ਬੋਧਕ)

ਜੇਵਡੁ ਸਾਹਿਬੁ ਤੇਵਡ ਦਾਤੀ **ਦੇ ਦੇ** ਕਰੇ ਰਜਾਈ ॥ ਅੰਗ ੧੪੭ (ਕਿਰਿਆ, ਕਾਰਜ- ਕਿਰਿਆ ਵਾਕੰਸ਼)

**ਦੇ ਦੇ** ਨੀਵ ਦਿਵਾਲ ਉਸਾਰੀ ਭਸਮੰਦਰ ਕੀ ਢੇਰੀ ॥ ਅੰਗ ੧੫੫ (ਕਿਰਿਆ, ਬਾਰੰਬਾਰਤਾ)

**ਦੇ ਦੇ** ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ਅੰਗ ੪੩੩ (ਕਿਰਿਆ, ਕਾਰਜ- ਕਿਰਿਆ ਵਾਕੰਸ਼)

**ਦੇ ਦੇ** ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥ ਅੰਗ ੪੬੬ (ਕਿਰਿਆ, ਕਾਰਜ- ਕਿਰਿਆ ਵਾਕੰਸ਼)

**ਦੇ ਦੇ** ਲੈਣਾ **ਲੈ ਲੈ** ਦੇਣਾ ਨਰਕਿ ਸੁਰਗਿ ਅਵਤਾਰ ॥ ਅੰਗ ੧੨੪੩ (ਕਿਰਿਆ, ਨਿਰੰਤਰਤਾ)

ਗੁਰ ਕਾ ਦਰਸਨੁ **ਦੇਖਿ ਦੇਖਿ** ਜੀਵਾ ॥ ਅੰਗ ੨੩੯ (ਕਿਰਿਆ, ਨਿਰੰਤਰਤਾ)

**ਦੇਖਿ ਦੇਖਿ** ਜੀਵਾ ਸਾਧ ਗੁਰ ਦਰਸਨੁ ਜਿਸੁ ਹਿਰਦੈ ਨਾਮੁ ਮੁਰਾਰੀ ॥ ਅੰਗ ੫੨੮ (ਕਿਰਿਆ, ਨਿਰੰਤਰਤਾ)

ਬੇਦ ਪੜੇ ਪੜਿ ਪੰਡਿਤ ਮੂਏ ਰੂਪੁ **ਦੇਖਿ ਦੇਖਿ** ਨਾਰੀ ॥ ਅੰਗ ੬੫੪ (ਕਿਰਿਆ, ਨਿਰੰਤਰਤਾ)

ਕਬੀਰ **ਦੇਖਿ ਦੇਖਿ** ਜਗੁ ਢੂੰਢਿਆ ਕਹੂੰ ਨ ਪਾਇਆ ਠਉਰੁ ॥ ਅੰਗ ੧੩੬੯ (ਕਿਰਿਆ, ਨਿਰੰਤਰਤਾ)

**ਧ**

ਨਾਨਕ **ਧਨਿ ਧਨਿ** ਧੰਨਿ ਜਨ ਆਏ ਤੇ ਪਰਵਾਣੁ ॥ ਅੰਗ ੨੫੨ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਉਆ ਦਿਨ ਸੰਜੋਗ ਸਭਾਗਾ ॥ਅੰਗ ੨੫੪ (ਵਿਸ਼ੇਸ਼ਣ, ਤੀਬਰਭਾਵ)

ਕਰਿ ਕਿਰਪਾ ਜਾ ਕਉ ਮਿਲੇ **ਧਨਿ ਧਨਿ** ਤੇ ਈਸੁਰ ॥ ਅੰਗ ੮੧੬ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਮੇਘਾ ਰੋਮਾਵਲੀ ॥ ਅੰਗ ੯੮੮ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਕ੍ਰਿਸਨ ਓਢੈ ਕਾਂਬਲੀ ॥ ਅੰਗ ੯੮੮ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਤੂ ਮਾਤਾ ਦੇਵਕੀ ॥ ਅੰਗ ੯੮੮ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਬਨ ਖੰਡ ਬਿੰਦ੍ਰਾਬਨਾ ॥ ਅੰਗ ੯੮੮ (ਵਿਸ਼ੇਸ਼ਣ, ਤੀਬਰਭਾਵ)

**ਧਨਿ ਧਨਿ** ਸਤਿਗੁਰ ਅਮਰਦਾਸੁ ਜਿਨਿ ਨਾਮੁ ਦ੍ਰਿੜਾਯਉ ॥ ਅੰਗ ੧੩੯੭ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥ ਅੰਗ ੮੨ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਹਰਿ ਜਨ ਜਿਨਿ ਹਰਿ ਪ੍ਰਭੁ ਜਾਤਾ ॥ ਅੰਗ ੯੬ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਗੁਰੂ ਸਤ ਪੁਰਖੁ ਹੈ ਜਿਨਿ ਭਗਤਿ ਹਰਿ ਦੀਨੀ ॥ ਅੰਗ ੧੬੩ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਕਹਾ ਪੁਕਾਰਤੇ ਮਾਇਆ ਮੋਹ ਸਭ ਕੂਰ ॥ ਅੰਗ ੨੫੦ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸੁਆਮੀ ਕਰਤਾ ਪੁਰਖੁ ਹੈ ਜਿਨਿ ਨਿਆਉ ਸਚੁ ਬਹਿ ਆਪਿ ਕਰਾਇਆ ॥ ਅੰਗ ੩੦੬ (ਵਿਸ਼ੇਸ਼ਣ, ਤੀਬਰਭਾਵ)

ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ **ਧਨੁ ਧਨੁ** ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥ ਅੰਗ ੩੧੦ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਪੁਰਖ ਸਾਬਾਸਿ ਹੈ ਜਿਨ ਸਚੁ ਰਸਨਾ ਅੰਮ੍ਰਿਤੁ ਪਿਜੈ ॥ ਅੰਗ ੩੧੨ (ਵਿਸ਼ੇਸ਼ਣ, ਤੀਬਰਭਾਵ)

ਸੰਤ ਜਨਾ ਕਉ ਮਿਲਿ ਰਹੈ **ਧਨੁ ਧਨੁ** ਜਸੁ ਗਾਏ ॥ ਅੰਗ ੪੨੨ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥ ਅੰਗ ੫੩੮ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਤੇ ਸੋਹਾਗਣੀ ਅੰਮਾਲੀ ਜਿਨ ਸਹੁ ਰਹਿਆ ਸਮਾਏ ॥ ਅੰਗ ੫੬੪ (ਵਿਸ਼ੇਸ਼ਣ, ਤੀਬਰਭਾਵ)

ਅਨਦਿਨੁ ਸਚੁ ਸਲਾਹਣਾ **ਧਨੁ ਧਨੁ** ਵਡਭਾਗ ਹਮਾਰਾ ॥ ਅੰਗ ੫੬੪ (ਵਿਸ਼ੇਸ਼ਣ, ਤੀਬਰਭਾਵ)

ਵਡਭਾਗੀ ਗੁਰ ਦਰਸਨੁ ਪਾਇਆ **ਧਨੁ ਧਨੁ** ਸਤਿਗੁਰੂ ਹਮਾਰਾ ॥ ਅੰਗ ੫੭੨ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥ ਅੰਗ ੫੭੩ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਅੰਗ ੫੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਅੰਗ ੫੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਅੰਗ ੫੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਅੰਗ ੫੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਤਿਗੁਰੂ ਮਿਤ੍ਰ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥ ਅੰਗ ੫੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਭਾਗ ਤਿਨਾ ਸੰਤ ਜਨਾ ਜੋ ਹਰਿ ਜਸੁ ਸ੍ਰਵਣੀ ਸੁਣਤਿਆ ॥ ਅੰਗ ੬੪੯ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਭਾਗ ਤਿਨਾ ਸਾਧ ਜਨਾ ਹਰਿ ਕੀਰਤਨੁ ਗਾਇ ਗੁਣੀ ਜਨ ਬਣਤਿਆ ॥ ਅੰਗ ੬੪੯ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਭਾਗ ਤਿਨਾ ਗੁਰਮੁਖਾ ਜੋ ਗੁਰਸਿਖ ਲੈ ਮਨੁ ਜਿਣਤਿਆ ॥ ਅੰਗ ੬੪੯ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਤਿਗੁਰੁ ਜਿਨਿ ਨਾਮੁ ਦ੍ਰਿੜਾਇਆ ਜਨੁ ਨਾਨਕੁ ਤਿਸੁ ਕੁਰਬਾਨਾ ॥ ਅੰਗ ੬੯੭ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਵਡਭਾਗ ਮਿਲਿਓ ਗੁਰੁ ਸਾਧੂ ਮਿਲਿ ਸਾਧੂ ਲਿਵ ਉਨਮਨਿ ਲਾਗਿਬਾ ॥ ਅੰਗ ੬੯੭ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਵਡੇ ਠਾਕੁਰ ਪ੍ਰਭ ਮੇਰੇ ਜਪਿ ਨਾਨਕ ਭਗਤਿ ਓਮਾਹਾ ਰਾਮ ॥ ਅੰਗ ੬੯੯ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸੋ ਜਨੁ ਪੁਰਖੁ ਸਭਾਗਾ ॥ ਅੰਗ ੧੯੨ (ਵਿਸ਼ੇਸ਼ਣ, ਤੀਬਰਭਾਵ)

ਨਾਨਕ ਰਤਨ ਜਵੇਹਰ ਪਾਵੈ **ਧਨੁ ਧਨੁ** ਗੁਰਮਤਿ ਹਰਿ ਪਾਏ ॥ ਅੰਗ ੮੮੦(ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਵਡ ਭਾਗ ਗੁਰ ਸਰਣੀ ਆਏ ਹਰਿ ਗੁਰ ਮਿਲਿ ਦਰਸਨੁ ਪਾਇਆ ॥ ਅੰਗ ੮੮੨ (ਵਿਸ਼ੇਸ਼ਣ, ਤੀਬਰਭਾਵ)

ਗੁਰਮੁਖਿ ਕਥਾ ਸੁਣੀ ਮਨਿ ਭਾਈ **ਧਨੁ ਧਨੁ** ਵਡ ਭਾਗ ਹਮਾਰੇ ॥ ਅੰਗ ੮੮੨ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸੇ ਜਨ ਜਿਨੀ ਕਲਿ ਮਹਿ ਹਰਿ ਪਾਇਆ ਜਨ ਨਾਨਕ ਸਦ ਕੁਰਬਾਨੀ ॥ ਅੰਗ ੮੮੩ (ਵਿਸ਼ੇਸ਼ਣ, ਤੀਬਰਭਾਵ)

ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ **ਧਨੁ ਧਨੁ** ਕਹੈ ਸਾਬਾਸਿ ਜੀਉ ॥ ਅੰਗ ੯੨੩(ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਾਧ ਜਿਨ੍ਹੀ ਹਰਿ ਪ੍ਰਭੁ ਪਾਇਆ ਤਿਨ੍ਹ ਪੂਛਉ ਹਰਿ ਕੀ ਬਾਤਾ ॥ ਅੰਗ ੯੮੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਾਧ ਧੰਨੁ ਹਰਿ ਨਾਉ ॥ ਅੰਗ ੧੧੪੯ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸਾਧ ਜਿਨ ਹਰਿ ਪ੍ਰਭੁ ਜਾਨਿਆ ਮਿਲਿ ਸਾਧੂ ਪਤਿਤ ਉਧਰਿਆ ॥ ਅੰਗ ੧੨੯੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਵਡਭਾਗੀ ਨਾਨਕਾ ਜਿਨ ਗੁਰਮਤਿ ਹਰਿ ਰਸੁ ਸਾਰਿ ॥ ਅੰਗ ੧੩੧੨ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਸੁਹਾਵੀ ਸਫਲ ਘੜੀ ਜਿਤੁ ਹਰਿ ਸੇਵਾ ਮਨਿ ਭਾਣੀ ॥ ਅੰਗ ੧੩੧੭ (ਵਿਸ਼ੇਸ਼ਣ, ਤੀਬਰਭਾਵ)

ਸੋ **ਧਨੁ ਧਨੁ** ਹਰਿ ਜਨੁ ਵਡ ਪੂਰਾ ਜੋ ਭੈ ਬੈਰਾਗਿ ਹਰਿ ਗੁਣ ਗਾਵੈ ॥ ਅੰਗ ੧੩੩੪ (ਵਿਸ਼ੇਸ਼ਣ, ਤੀਬਰਭਾਵ)

**ਧਨੁ ਧਨੁ** ਕਲਜੁਗਿ ਨਾਨਕਾ ਜਿ ਚਲੇ ਸਤਿਗੁਰ ਭਾਇ ॥ ਅੰਗ ੧੪੧੪ (ਵਿਸ਼ੇਸ਼ਣ, ਤੀਬਰਭਾਵ)

**ਧਾਇ ਧਾਇ** ਕ੍ਰਿਪਨ ਸ੍ਰਮੁ ਕੀਨੋ ਇਕਤ੍ਰ ਕਰੀ ਹੈ ਮਾਇਆ ॥ ਅੰਗ ੨੧੨ (ਕਿਰਿਆ, ਨਿਰੰਤਰਤਾ)

**ਧਾਇ ਧਾਇ** ਬਹੁ ਬਿਧਿ ਕਉ ਧਾਵੈ ਸਗਲ ਨਿਰਾਰਥ ਕਾਮ ॥ ਅੰਗ ੨੧੩ (ਕਿਰਿਆ, ਨਿਰੰਤਰਤਾ)

ਕਣੁ ਨਾਹੀ ਤੁਹ ਗਾਹਣ ਲਾਗੇ **ਧਾਇ ਧਾਇ** ਦੁਖ ਪਾਂਹੀ ॥ ਅੰਗ ੧੨੦੭ (ਕਿਰਿਆ, ਤੀਬਰਭਾਵ)

**ਧਾਵਤ ਧਾਵਤ** ਸਭੁ ਜਗੁ ਧਾਇਓ ਅਬ ਆਏ ਹਰਿ ਦੁਆਰੀ ॥ ਅੰਗ ੪੯੫ (ਕਿਰਿਆ, ਨਿਰੰਤਰਤਾ)

**ਧਾਵਤ ਧਾਵਤ** ਨਹ ਤ੍ਰਿਪਤਾਸਿਆ ਰਾਮ ਨਾਮੁ ਨਹੀ ਚੀਨਾ ॥ ਅੰਗ ੬੧੫ (ਕਿਰਿਆ, ਨਿਰੰਤਰਤਾ)

ਗੁਣ ਨਿਧਾਨ ਅੰਮ੍ਰਿਤੁ ਹਰਿ ਨਾਮਾ ਹਰਿ **ਧਿਆਇ ਧਿਆਇ** ਸੁਖੁ ਪਾਇਆ ਜੀਉ ॥ ਅੰਗ ੧੦੩ (ਕਿਰਿਆ, ਨਿਰੰਤਰਤਾ)

**ਧਿਆਇ ਧਿਆਇ** ਜੀਵਹਿ ਜਨ ਤੇਰੇ ਸਚੁ ਸਬਦੁ ਮਨਿ ਮਾਣੋ ਜੀਉ ॥ ਅੰਗ ੧੦੭ (ਕਿਰਿਆ, ਨਿਰੰਤਰਤਾ)

ਨਾਨਕ ਨਾਮੁ **ਧਿਆਇ ਧਿਆਇ** ਜੀਵੈ ਬਿਨਸਿਆ ਭ੍ਰਮੁ ਭਉ ਧੀਠਾ ਜੀਉ ॥ ਅੰਗ ੧੦੮ (ਕਿਰਿਆ, ਨਿਰੰਤਰਤਾ)

**ਧਿਆਇ ਧਿਆਇ** ਭਗਤਹ ਸੁਖੁ ਪਾਇਆ ॥ ਅੰਗ ੨੮੪ (ਕਿਰਿਆ, ਨਿਰੰਤਰਤਾ)

ਤੁਮ੍ਹਰੀ ਕ੍ਰਿਪਾ ਤੇ ਗੁਨ ਗਾਵੈ ਨਾਨਕ **ਧਿਆਇ ਧਿਆਇ** ਪ੍ਰਭ ਕਉ ਨਮਸਕਾਰੇ ॥ ਅੰਗ ੩੭੯ (ਕਿਰਿਆ, ਨਿਰੰਤਰਤਾ)

ਪਹਿਲੇ ਪੈ ਸੰਤ ਪਾਇ **ਧਿਆਇ ਧਿਆਇ** ਪ੍ਰੀਤਿ ਲਾਇ ॥ ਅੰਗ ੧੩੦੫ (ਕਿਰਿਆ, ਨਿਰੰਤਰਤਾ)

ਫਰੀਦਾ ਰਾਤੀ ਵਡੀਆਂ **ਧੁਖਿ ਧੁਖਿ** ਉਠਨਿ ਪਾਸ ॥ ਅੰਗ ੧੩੭੮ (ਕਿਰਿਆ, ਬਾਰੰਬਾਰਤਾ)

ਗੁਰ ਕੇ ਚਰਣ **ਧੋਇ ਧੋਇ** ਪੀਵਾ ॥ ਅੰਗ ੨੩੯ (ਕਿਰਿਆ, ਲਗਾਤਾਰਤਾ)

ਚਰਨ ਸਾਧ ਕੇ **ਧੋਇ ਧੋਇ** ਪੀਉ ॥ ਅੰਗ ੨੮੩ (ਕਿਰਿਆ, ਬਾਰੰਬਾਰਤਾ)

ਚਰਣ ਕਮਲ ਤੇਰੇ **ਧੋਇ ਧੋਇ** ਪੀਵਾ ॥ ਅੰਗ ੭੪੦ (ਕਿਰਿਆ, ਲਗਾਤਾਰ)

ਚਰਣ ਕਮਲ ਤੇਰੇ **ਧੋਇ ਧੋਇ** ਪੀਵਾ ਮੇਰੇ ਸਤਿਗੁਰ ਦੀਨ ਦਇਆਲਾ ॥ ਅੰਗ ੭੪੯ (ਕਿਰਿਆ, ਲਗਾਤਾਰ)

ਸੰਤਹ ਚਰਣ **ਧੋਇ ਧੋਇ** ਪੀਵਾ ॥ ਅੰਗ ੮੮੯ (ਕਿਰਿਆ, ਲਗਾਤਾਰ)

ਸਤਿਗੁਰੂ ਕੇ ਚਰਨ **ਧੋਇ ਧੋਇ** ਪੂਜਹੁ ਇਨ ਬਿਧਿ ਮੇਰਾ ਹਰਿ ਪ੍ਰਭੁ ਲਹੁ ਰੇ ॥ ਅੰਗ ੧੧੧੮ (ਕਿਰਿਆ, ਲਗਾਤਾਰ)

ਸਤਿਗੁਰ ਕੇ ਚਰਨ **ਧੋਇ ਧੋਇ** ਪੀਵਾ ॥ ਅੰਗ ੧੧੫੨ (ਕਿਰਿਆ, ਲਗਾਤਾਰ)

**ਧੰਨੁ ਧੰਨੁ** ਵਡਭਾਗੀ ਨਾਨਕਾ ਜਿਨਾ ਸਤਿਗੁਰੁ ਲਏ ਮਿਲਾਇ ॥ ਅੰਗ ੪੦ (ਵਿਸ਼ੇਸ਼ਣ, ਤੀਬਰਭਾਵ, ਕਾਰਜ-ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਧੰਨੁ ਧੰਨੁ** ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ ਅੰਗ ੧੬੭(ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥ ਅੰਗ ੧੬੮ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ,** ਧੰਨੁ ਜਨੁ ਆਇਆ ॥ ਅੰਗ ੨੯੪ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥ ਅੰਗ ੩੧੩ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸਤਸੰਗਤਿ ਜਿਤੁ ਹਰਿ ਰਸੁ ਪਾਇਆ ਮਿਲਿ ਨਾਨਕ ਨਾਮੁ ਪਰਗਾਸਿ ॥ ਅੰਗ ੪੯੨ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸਾਬਾਸਿ ਕਹੈ ਪ੍ਰਭੁ ਜਨ ਕਉ ਜਨ ਨਾਨਕ ਮੇਲਿ ਲਏ ਗਲਿ ਲਾਈ ॥ ਅੰਗ ੪੯੩ (ਵਿਸ਼ੇਸ਼ਣ, ਤੀਬਰਭਾਵ)

ਨਾਨਕ ਧਨੁ, **ਧੰਨੁ ਧੰਨੁ** ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥ ਅੰਗ ੫੬੧ (ਵਿਸ਼ੇਸ਼ਣ, ਤੀਬਰਭਾਵ)

ਸੋ ਸਤਗੁਰੁ ਕਹਹੁ ਸਭਿ **ਧੰਨੁ ਧੰਨੁ** ਜਿਨਿ ਹਰਿ ਭਗਤਿ ਭੰਡਾਰ ਲਹਾਇਆ ॥ ਅੰਗ ੫੯੬ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥ ਅੰਗ ੫੯੩ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥ ਅੰਗ ੫੯੩ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥ ਅੰਗ ੫੯੩ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥ ਅੰਗ ੫੯੩ (ਵਿਸ਼ੇਸ਼ਣ, ਤੀਬਰਭਾਵ)

ਗੁਰਮੁਖਿ ਨਾਨਕ ਆਰਾਧਿਆ ਸਭਿ ਆਖਹੁ **ਧੰਨੁ ਧੰਨੁ,** ਧੰਨੁ ਗੁਰੁ ਸੋਈ ॥ਅੰਗ ੬੫੪ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਗੁਰਦੇਵ ਜਿਸੁ ਸੰਗਿ ਹਰਿ ਜਪੇ ॥ ਅੰਗ ੭੧੦ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ ॥ ਅੰਗ ੯੬੮ (ਵਿਸ਼ੇਸ਼ਣ, ਤੀਬਰਭਾਵ)

**ਧੰਨੁ ਧੰਨੁ** ਸੇ ਜਨ ਜਿਨ ਹਰਿ ਸੇਵਿਆ ਤਿਨ ਹਉ ਕੁਰਬਾਣੇ ॥ ਅੰਗ ੧੦੮੮ (ਵਿਸ਼ੇਸ਼ਣ, ਤੀਬਰਭਾਵ)

ਬਿਨੁ ਨਾਵੈ **ਧ੍ਰਿਗੁ ਧ੍ਰਿਗੁ** ਅਹੰਕਾਰ ॥ ਅੰਗ ੧੬੨ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਧ੍ਰਿਗੁ ਧ੍ਰਿਗੁ** ਗ੍ਰਿਹੁ ਕੁਟੰਬੁ ਜਿਤੁ ਹਰਿ ਪ੍ਰੀਤਿ ਨ ਹੋਇ ॥ ਅੰਗ ੨੩੩ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਨਾਮ ਬਿਨਾ **ਧ੍ਰਿਗੁ ਧ੍ਰਿਗੁ** ਅਸਨੇਹੁ ॥ ਅੰਗ ੨੪੦ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਨਾਮ ਬਿਨਾ **ਧ੍ਰਿਗੁ ਧ੍ਰਿਗੁ** ਜੀਵਾਇਆ ॥ ਅੰਗ ੩੬੬ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਮਾਣਸ ਜਨਮੁ ਪੁੰਨਿ ਕਰਿ ਪਾਇਆ ਬਿਨੁ ਨਾਵੈ **ਧ੍ਰਿਗੁ ਧ੍ਰਿਗੁ** ਬਿਰਥਾ ਜਾਈ ॥ ਅੰਗ ੪੯੩ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਧ੍ਰਿਗੁ ਧ੍ਰਿਗੁ** ਖਾਇਆ **ਧ੍ਰਿਗੁ ਧ੍ਰਿਗੁ** ਸੋਇਆ **ਧ੍ਰਿਗੁ ਧ੍ਰਿਗੁ** ਕਾਪੜੁ ਅੰਗਿ ਚੜਾਇਆ ॥ ਅੰਗ ੭੯੬ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਧ੍ਰਿਗੁ ਤਨੁ ਧ੍ਰਿਗੁ ਧਨੁ ਧ੍ਰਿਗੁ ਇਹ ਮਾਇਆ **ਧ੍ਰਿਗੁ ਧ੍ਰਿਗੁ** ਮਤਿ ਬੁਧਿ ਫੰਨੀ ॥ ਅੰਗ ੮੫੭ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਧ੍ਰਿਗੁ ਧ੍ਰਿਗੁ** ਨਰ ਨਿੰਦਕ ਜਿਨ ਜਨ ਨਹੀ ਭਾਏ ਹਰਿ ਕੇ ਸਖਾ ਸਖਾਇ ॥ ਅੰਗ ੮੮੧ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਧ੍ਰਿਗੁ ਧ੍ਰਿਗੁ** ਮਨਮੁਖਿ ਜਨਮੁ ਗਵਾਇਆ ॥ ਅੰਗ ੧੧੩੦ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਜਿਨ ਐਸਾ ਸਤਿਗੁਰੁ ਸਾਧੁ ਨ ਪਾਇਆ ਤੇ **ਧ੍ਰਿਗੁ ਧ੍ਰਿਗੁ** ਨਰ ਜੀਵਾਈਐ ॥ ਅੰਗ ੧੧੭੯ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਸੋਇਨ ਸਾਖਤਿ ਪਉਣ ਵੇਗ **ਧ੍ਰਿਗੁ ਧ੍ਰਿਗੁ** ਚਤੁਰਾਈ ॥ ਅੰਗ ੧੨੪੬ (ਵਿਸ਼ੇਸ਼ਣ, ਕਾਰਜ- ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਨ**

ਛਪਨ ਕੋਟਿ ਜਾ ਕੈ ਪ੍ਰਤਿਹਾਰ ॥ **ਨਗਰੀ ਨਗਰੀ** ਖਿਅਤ ਅਪਾਰ ॥ ਅੰਗ ੧੧੬੩ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਨਚਿ ਨਚਿ** ਟਪਹਿ ਬਹੁਤੁ ਦੁਖੁ ਪਾਵਹਿ ॥ ਅੰਗ ੧੫੯ (ਕਿਰਿਆ, ਕਾਰਜ ਆਦੇਸ਼)

**ਨਚਿ ਨਚਿ** ਹਸਹਿ ਚਲਹਿ ਸੇ ਰੋਇ ॥ ਅੰਗ ੪੬੫ (ਕਿਰਿਆ, ਕਾਰਜ ਆਦੇਸ਼)

ਇਕਿ **ਨਚਿ ਨਚਿ** ਪੂਰਹਿ ਤਾਲ ਭਗਤਿ ਨ ਕੀਜਈ ॥ ਅੰਗ ੧੨੮੫ (ਕਿਰਿਆ, ਨਿਰੰਤਰਤਾ)

ਹਰਿ ਸੰਤਨ ਕਰਿ **ਨਮੋ ਨਮੋ** ॥ ਅੰਗ ੨੪੧ (ਨਾਂਵ, ਅਰਥ ਵਿਸਥਾਰ, ਕਾਰਜ- ਵਿਸ਼ੇਸ਼ਣ+ ਨਾਂਵ)

**ਨਿਤ ਨਿਤ** ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਅੰਗ ੧੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੇਜੈ ਕੰਤੁ ਨ ਆਵਈ **ਨਿਤ ਨਿਤ** ਹੋਇ ਖੁਆਰੁ ॥ ਅੰਗ ੩੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਮਨਹਠਿ ਕਰਮ ਕਮਾਵਦੇ **ਨਿਤ ਨਿਤ** ਹੋਹਿ ਖੁਆਰੁ ॥ ਅੰਗ ੬੬ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਦਯੁ ਸਮਾਲੀਐ ॥ ਅੰਗ ੧੩੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਮਰਾਜੈ **ਨਿਤ ਨਿਤ** ਮਨਮੁਖ ਹੇਰਿਆ ॥ ਅੰਗ ੧੪੩ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ ॥ ਅੰਗ ੧੫੭ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜੋ ਗੁਣ ਸਾਝੀ ਗੁਰ ਸਿਉ ਕਰੇ **ਨਿਤ ਨਿਤ** ਸੁਖੁ ਪਾਈ ॥ ਅੰਗ ੧੬੬ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਨਾਨਕ ਰਾਮ ਨਾਮੁ ਸਮਾਲਿ ॥ ਅੰਗ ੨੦੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਜਿਉ ਜਿਉ** ਨਿੰਦਕ ਨਿੰਦ ਕਰਹਿ **ਤਿਉ ਤਿਉ ਨਿਤ ਨਿਤ** ਚੜੈ ਸਵਾਈ॥ ਅੰਗ ੩੦੭(ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਜਨੁ ਮਰਤਾ **ਨਿਤ ਨਿਤ** ਝੂਰਿ ॥ ਅੰਗ ੩੯੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ **ਨਿਤ ਨਿਤ** ਜਾਪੀਐ ॥ ਅੰਗ ੩੯੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਖਰਾ ਸਮਾਲੀਐ ਸਚੁ ਸਉਦਾ ਪਾਈਐ ॥ ਅੰਗ ੪੨੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜੂਠੇ ਜੂਠਾ ਮੁਖਿ ਵਸੈ **ਨਿਤ ਨਿਤ** ਹੋਇ ਖੁਆਰੁ ॥ ਅੰਗ ੪੭੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਲ ਕੈ ਮਜਨਿ ਜੇ ਗਤਿ ਹੋਵੈ **ਨਿਤ ਨਿਤ** ਮੇਂਡੁਕ ਨਾਵਹਿ ॥ ਅੰਗ ੪੮੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਅਬਿਚਲ ਨੀਵ ਧਰੀ ਗੁਰ ਨਾਨਕ **ਨਿਤ ਨਿਤ** ਚੜੈ ਸਵਾਈ ॥ ਅੰਗ ੫੦੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਰੋਸੁ ਕਰੈ ਪ੍ਰਭੁ ਬਖਸ ਨ ਮੇਟੈ **ਨਿਤ ਨਿਤ** ਚੜੈ ਸਵਾਈ ॥ ਅੰਗ ੫੦੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਬਿਨਵੰਤਿ ਨਾਨਕ ਸੁਣਿ ਮੰਤ੍ਰੁ ਸਖੀਏ ਹਰਿ ਨਾਮੁ **ਨਿਤ ਨਿਤ,** ਨਿਤ ਜਪਹ ॥ ਅੰਗ ੫੪੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ ਅੰਗ ੫੬੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗੁਣ ਗਾਵਾ **ਨਿਤ ਨਿਤ** ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥ ਅੰਗ ੫੬੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਰਸਨਾ ਫਿਕਾ ਬੋਲਣਾ **ਨਿਤ ਨਿਤ** ਹੋਇ ਖੁਆਰੁ ॥ ਅੰਗ ੫੯੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜੀਅ ਜੰਤ ਪ੍ਰਤਿਪਾਲਦਾ ਭਾਈ **ਨਿਤ ਨਿਤ** ਕਰਦਾ ਸਾਰ ॥ ਅੰਗ ੬੩੯ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਿਨਾ ਪ੍ਰੀਤਿ ਨ ਲਗੀਆ ਭਾਈ ਸੇ **ਨਿਤ ਨਿਤ** ਮਰਦੇ ਝੂਰਿ ॥ ਅੰਗ ੬੪੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਨਿਤ ਨਿਤ ਖੁਸੀਆ ਮਨੁ ਕਰੇ **ਨਿਤ ਨਿਤ** ਮੰਗੈ ਸੁਖ ਜੀਉ ॥ ਅੰਗ ੭੫੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਰਿਦੈ ਸਮਾਲਿ ਪ੍ਰੀਤਮੁ ਆਪਣਾ ॥ ਅੰਗ ੭੫੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਰਿ ਹਰਿ ਨਾਮੁ ਧਿਆਇ ਗੁਰਬਾਣੀ **ਨਿਤ ਨਿਤ** ਚਵਾ ਬਲਿ ਰਾਮ ਜੀਉ॥ ਅੰਗ ੭੭੩(ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗੁਣ ਗੋਵਿੰਦ ਗਾਉ **ਨਿਤ ਨਿਤ** ਪ੍ਰਾਣ ਪ੍ਰੀਤਮ ਸੁਆਮੀਆ ॥ ਅੰਗ ੭੭੮ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਦਾਤਿ ਖਸਮ ਕੀ ਪੂਰੀ ਹੋਈ **ਨਿਤ ਨਿਤ** ਚੜੈ ਸਵਾਈ ਰਾਮ ॥ ਅੰਗ ੭੮੩ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਰਸਨਾ ਫਿਕਾ ਬੋਲਣਾ **ਨਿਤ ਨਿਤ** ਹੋਇ ਖੁਆਰੁ ॥ ਅੰਗ ੭੯੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਪਰਮ ਬੈਰਾਗੁ **ਨਿਤ ਨਿਤ** ਹਰਿ ਧਿਆਏ ਮੈ ਹਰਿ ਗੁਣ ਕਹਤੇ ਭਾਵਨੀ ਕਹੀਆ॥ ਅੰਗ ੮੩੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜਿ ਗਲ ਕਰਤੇ ਭਾਵੈ ਸਾ **ਨਿਤ ਨਿਤ** ਚੜੈ ਸਵਾਈ ਸਭ **ਝਖਿ ਝਖਿ** ਮਰੈ ਲੋਕਾਈ ॥ ਅੰਗ ੮੫੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਹਰਿ ਕੇ ਦਿਤੇ ਨਾਲਿ ਕਿਸੈ ਜੋਰੁ ਬਖੀਲੀ ਨ ਚਲਈ ਦਿਹੁ ਦਿਹੁ **ਨਿਤ ਨਿਤ** ਚੜੈ ਸਵਾਇਆ ॥ ਅੰਗ ੮੫੩ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਰਾਮ ਗੁਣਾ **ਨਿਤ ਨਿਤ** ਹਰਿ ਗਾਈਐ ॥ ਅੰਗ ੮੯੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਅਨਹਦ ਵਾਜੇ ਸਬਦ ਅਗਾਜੇ **ਨਿਤ ਨਿਤ** ਜਿਸਹਿ ਵਧਾਈ ॥ ਅੰਗ ੯੨੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕਹੁ ਨਾਨਕ ਘਰਿ ਪ੍ਰਭ ਮੇਰੇ ਕੈ **ਨਿਤ ਨਿਤ** ਮੰਗਲੁ ਸੁਨੀਐ ॥ ਅੰਗ ੯੨੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਕਾਇਆ ਮਜਨੁ ਕੀਆ ਨਿਤ **ਮਲਿ ਮਲਿ** ਦੇਹ ਸਵਾਰੇ ॥ ਅੰਗ ੯੮੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਮੇਰੇ ਮਨ ਨਾਮੁ **ਨਿਤ ਨਿਤ** ਲੇਹ ॥ ਅੰਗ ੧੦੦੬ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਚੜੈ ਸਵਾਇਆ **ਨਿਤ ਨਿਤ** ਰੰਗਾ ਘਟੈ ਨਾਹੀ ਤੋਲੀਜਾ ਹੇ ॥ ਅੰਗ ੧੦੭੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗੁਰ ਅਪੁਨੇ ਕਉ **ਨਿਤ ਨਿਤ** ਜਾਪਿ ॥ ਅੰਗ ੧੧੮੪ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਜਾਗਰਣੁ ਕਰਹੁ ਸਦਾ ਸਦਾ ਆਨੰਦੁ ਜਪਿ ਜਗਦੀਸੋਰਾ॥ ਅੰਗ ੧੨੦੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਤ ਨਿਤ** ਲੇਹੁ ਨ ਛੀਜੈ ਦੇਹ ॥ ਅੰਗ ੧੨੫੭ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗੁਣ ਗਾਵਹੁ **ਨਿਤ ਨਿਤ** ਭਗਵੰਤ ॥ ਅੰਗ ੧੨੭੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਗੁਣ ਗਾਵੈ **ਨਿਤ ਨਿਤ,** ਨਿਤ ਨਵੇ ॥ ਅੰਗ ੧੩੪੦ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਫਰੀਦਾ ਇਹੁ ਤਨੁ ਭਉਕਣਾ **ਨਿਤ ਨਿਤ** ਦੁਖੀਐ ਕਉਣੁ ॥ ਅੰਗ ੧੩੮੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਏਹ ਵਸਤੁ ਤਜੀ ਨਹ ਜਾਈ **ਨਿਤ ਨਿਤ** ਰਖੁ ਉਰਿ ਧਾਰੋ ॥ ਅੰਗ ੧੪੨੯ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਮਖ ਨਿਮਖ ਹਰਿ ਹਰਿ** ਹਰਿ ਧਿਆਉ॥ ਅੰਗ ੧੮੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਜੀਅ ਪ੍ਰਾਣ ਸੁਖਦਾਤਿਆ **ਨਿਮਖ ਨਿਮਖ** ਬਲਿਹਾਰਿ ਜੀ॥ ਅੰਗ ੨੦੩ (ਕਾਲ ਵਾਚਕ ਨਾਂਵ, ਬਾਰੰਬਾਰਤਾ)

ਨਉ ਖੰਡ ਪ੍ਰਿਥਮੀ ਇਸੁ ਤਨ ਮਹਿ ਰਵਿਆ **ਨਿਮਖ ਨਿਮਖ** ਨਮਸਕਾਰਾ॥ ਅੰਗ ੨੦੮ (ਕਾਲ ਵਾਚਕ ਨਾਂਵ, ਬਾਰੰਬਾਰਤਾ)

**ਨਿਮਖ ਨਿਮਖ** ਕਰਿ ਸਰੀਰੁ ਕਟਾਵੈ ॥ ਅੰਗ ੨੬੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਨਿਮਖ ਨਿਮਖ** ਜਪਿ ਨਾਨਕ ਹਰੀ ॥ ਅੰਗ ੨੬੯ (ਕਾਲ ਵਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਮਖ ਨਿਮਖ** ਠਾਕੁਰ ਨਮਸਕਾਰੈ ॥ ਅੰਗ ੨੭੪ (ਕਾਲ ਵਾਚਕ ਨਾਂਵ, ਬਾਰੰਬਾਰਤਾ)

**ਨਿਮਖ ਨਿਮਖ** ਏਹੀ ਆਰਾਧਉ ॥ ਅੰਗ ੩੯੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸੋ ਸਤਿਗੁਰੁ ਦੇਖਹੁ ਇਕ **ਨਿਮਖ ਨਿਮਖ** ਜਿਨਿ ਹਰਿ ਕਾ ਹਰਿ ਪੰਥੁ ਬਤਾਇਆ ॥ ਅੰਗ ੫੮੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਮਖ ਨਿਮਖ** ਤੁਮ ਹੀ ਪ੍ਰਤਿਪਾਲਹੁ ਹਮ ਬਾਰਿਕ ਤੁਮਰੇ ਧਾਰੇ ॥ ਅੰਗ ੬੭੪ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਾਸਿ ਸਾਸਿ **ਨਿਮਖ ਨਿਮਖ** ਦਿਨਸੁ ਰੈਨਿ ਚਿਤਾਰੇ ॥ ਅੰਗ ੬੭੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਮਖ ਨਿਮਖ** ਵਸੈ ਤਿਨ੍ਹ ਨਾਲੇ ॥ ਅੰਗ ੭੩੯ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਮਖ ਨਿਮਖ** ਤਿਸੁ ਨਮਸਕਾਰ ॥ ਅੰਗ ੧੧੮੧ (ਕਾਲ ਵਾਚਕ ਨਾਂਵ, ਬਾਰੰਬਾਰਤਾ)

ਨਰਕ ਘੋਰ ਮਹਿ ਉਰਧ ਤਪੁ ਕਰਤਾ **ਨਿਮਖ ਨਿਮਖ** ਗੁਣ ਗਾਂਹੀ ॥ ਅੰਗ ੧੨੦੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕਰਹਿ ਅਰਦਾਸਿ ਬਹੁਤੁ ਬੇਨੰਤੀ **ਨਿਮਖ ਨਿਮਖ** ਸਾਮ੍ਹਾਰਹਿ ॥ ਅੰਗ ੧੨੧੧ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨਿਰਮਲ ਨਿਰਮਲ** ਕਰਮ ਬਹੁ ਕੀਨੇ ਨਿਤ ਸਾਖਾ ਹਰੀ ਜੜੀਜੈ ॥ ਅੰਗ ੧੩੨੫ (ਗੁਣ ਵਾਚਕ ਵਿਸ਼ੇਸ਼ਣ, ਤੀਬਰਭਾਵ)

ਪੈਰ ਧੋਵਾ ਪਖਾ ਫੇਰਦਾ ਤਿਸੁ **ਨਿਵਿ ਨਿਵਿ** ਲਗਾ ਪਾਇ ਜੀਉ ॥ ਅੰਗ ੭੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ

**ਨਿਵਿ ਨਿਵਿ** ਲਾਗਾ ਤੇਰੀ ਪਾਈ ॥ ਅੰਗ ੧੦੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਤਿਸੁ **ਨਿਵਿ ਨਿਵਿ** ਲਾਗਉ ਪਾਈ ਜੀਉ ॥ ਅੰਗ ੨੧੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਗੁਰ **ਨਿਵਿ ਨਿਵਿ** ਲਾਗਉ ਪਾਇ ਦੇਹੁ ਦਿਖਾਰੀਆ ॥ ਅੰਗ ੨੪੧ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਨਿਵਿ ਨਿਵਿ** ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ ॥ ਅੰਗ ੩੫੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਤਨੁ ਮਨੁ ਧਨੁ ਅਰਪੀ ਤਿਨ ਕਉ **ਨਿਵਿ ਨਿਵਿ** ਲਾਗਉ ਪਾਇ ॥ ਅੰਗ ੫੮੭ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਗੁਰ ਸਬਦਿ ਵੀਚਾਰੀ ਨਾਹ ਪਿਆਰੀ **ਨਿਵਿ ਨਿਵਿ** ਭਗਤਿ ਕਰੇਈ ॥ ਅੰਗ ੬੮੯ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਗੁਰੁ ਸਾਲਾਹੀ ਆਪਣਾ **ਨਿਵਿ ਨਿਵਿ** ਲਾਗਾ ਪਾਇ ॥ ਅੰਗ ੭੫੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਤਿਸੁ ਦੇਵਾ ਮਨੁ ਆਪਣਾ **ਨਿਵਿ ਨਿਵਿ** ਲਾਗਾ ਪਾਇ ॥ ਅੰਗ ੭੫੯ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਜੋ ਦੀਸੈ ਗੁਰਸਿਖੜਾ ਤਿਸੁ **ਨਿਵਿ ਨਿਵਿ** ਲਾਗਉ ਪਾਇ ਜੀਉ ॥ ਅੰਗ ੭੬੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਜੋ ਗੁਰ ਦੀਸੈ ਸਿਖੜਾ ਤਿਸੁ **ਨਿਵਿ ਨਿਵਿ** ਲਾਗਉ ਪਾਇ ਜੀਉ ॥ ਅੰਗ ੭੬੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਨਿਵਿ ਨਿਵਿ** ਪਾਇ ਲਗਉ ਦਾਸ ਤੇਰੇ ਕਰਿ ਸੁਕ੍ਰਿਤੁ ਨਾਹੀ ਸੰਗਨਾ ॥ ਅੰਗ ੧੦੮੦ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਸੂਰੁ ਚਰੈ ਪ੍ਰਿਉ ਦੇਖੈ ਨੈਨੀ **ਨਿਵਿ ਨਿਵਿ** ਲਾਗੈ ਪਾਂਈ ॥ ਅੰਗ ੧੨੭੩ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

**ਨੀਠਿ ਨੀਠਿ** ਮਨੁ ਕੀਆ ਧੀਰਾ ॥ ਅੰਗ ੩੪੧ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ)

ਮਾਰਹਿ ਲੂਟਹਿ **ਨੀਤ ਨੀਤ** ਕਿਸੁ ਆਗੈ ਕਰੀ ਪੁਕਾਰ ਜਨਾ ॥ ਅੰਗ ੧੫੫ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨੀਤ ਨੀਤ** ਹਰਿ ਸੇਵੀਐ ਸਾਸਿ ਸਾਸਿ ਹਰਿ ਧਿਆਈਐ ॥ ਅੰਗ ੨੧੧ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਸਾਸਿ ਗਿਰਾਸਿ ਜਪਹੁ ਜਪੁ ਰਸਨਾ **ਨੀਤ ਨੀਤ** ਗੁਣ ਗਾਈਐ ॥ ਅੰਗ ੩੮੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਨੀਤ ਨੀਤ** ਘਰ ਬਾਂਧੀਅਹਿ ਜੇ ਰਹਣਾ ਹੋਈ ॥ ਅੰਗ ੪੧੮ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕਿਲਵਿਖ ਸਭੇ ਉਤਰਨਿ **ਨੀਤ ਨੀਤ** ਗੁਣ ਗਾਉ ॥ ਅੰਗ ੫੨੨ (ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

### ਪ

ਬਿਨੁ ਹਰਿ ਭਗਤਿ ਕਹਾ ਥਿਤਿ ਪਾਵੈ ਫਿਰਤੋ **ਪਹਰੇ ਪਹਰੇ** ॥ ਅੰਗ ੨੧੫ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਨਾਨਕ ਸਚੁ ਧਿਆਇ ਤੂ ਬਿਨੁ ਸਚੇ **ਪਚਿ ਪਚਿ** ਮੁਏ ਅਜਾਣਾ ॥ ਅੰਗ ੩੦੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

ਦੂਜਾ ਸੇਵਨਿ ਨਾਨਕਾ ਸੇ **ਪਚਿ ਪਚਿ** ਮੁਏ ਅਜਾਣ ॥ ਅੰਗ ੩੧੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

ਆਪਿ ਭੁਲਾਏ ਨਾਨਕਾ **ਪਚਿ ਪਚਿ** ਜੋਨੀ ਪਾਹਿ ॥ ਅੰਗ ੩੧੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

**ਪਚਿ ਪਚਿ** ਮੁਏ ਬਿਖੁ ਦੇਖਿ ਪਤੰਗਾ ॥ ਅੰਗ ੩੬੭ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

ਜਨ ਨਾਨਕ ਨਾਮੁ ਸਲਾਹਿ ਤੂ ਬਿਨੁ ਨਾਵੈ **ਪਚਿ ਪਚਿ** ਮੁਇਆ ॥ ਅੰਗ ੭੭੬ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

**ਪਚਿ ਪਚਿ** ਮੁਏ ਅਚੇਤ ਨ ਚੇਤਹਿ ਅਜਗਰਿ ਭਾਰਿ ਲਦਾਈ ਹੇ ॥ ਅੰਗ ੧੦੨੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

**ਪਚਿ ਪਚਿ** ਬੂਡਹਿ ਕੂੜੁ ਕਮਾਵਹਿ ਕੂੜਿ ਕਾਲੁ ਬੈਰਾਈ ਹੇ ॥ ਅੰਗ ੧੦੨੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰ, ਹਮੇਸ਼ਾ)

ਸੁਣਿਐ **ਪੜਿ ਪੜਿ** ਪਾਵਹਿ ਮਾਨੁ ॥ ਅੰਗ ੩ (ਕਿਰਿਆ, ਨਿਰੰਤਰਤਾ, ਸਫਲਤਾ)

ਨਾਨਕ ਕਾਗਦ ਲਖ ਮਣਾ **ਪੜਿ ਪੜਿ** ਕੀਚੈ ਭਾਉ ॥ ਅੰਗ ੧੫ (ਕਿਰਿਆ, ਬਾਰੰਬਾਰਤਾ)

**ਪੜਿ ਪੜਿ** ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ ॥ ਅੰਗ ੨੭ (ਕਿਰਿਆ, ਨਿਰੰਤਰਤਾ, ਨਿਸਫਲਤਾ)

ਅਖਰ **ਪੜਿ ਪੜਿ** ਭੁਲੀਐ ਭੇਖੀ ਬਹੁਤੁ ਅਭਿਮਾਨੁ ॥ ਅੰਗ ੬੧ (ਕਿਰਿਆ, ਨਿਰੰਤਰਤਾ, ਨਿਸਫਲਤਾ)

ਪੰਡਿਤ **ਪੜਿ ਪੜਿ** ਵਾਦੁ ਵਖਾਣਹਿ ਬਿਨੁ ਗੁਰ ਭਰਮਿ ਭੁਲਾਏ ॥ ਅੰਗ ੬੭ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਜੋਤਕੀ ਥਕੇ ਭੇਖੀ ਭਰਮਿ ਭੁਲਾਇ ॥ ਅੰਗ ੬੮ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਮੋਨੀ ਥਕੇ ਦੂਜੈ ਭਾਇ ਪਤਿ ਖੋਈ ॥ ਅੰਗ ੭੦ (ਕਿਰਿਆ, ਨਿਰੰਤਰਤਾ, ਨਿਸਫਲਤਾ)

ਨਾਨਕ ਵਿਣੁ ਨਾਵੈ ਕੋ ਥਿਰੁ ਨਹੀ **ਪੜਿ ਪੜਿ** ਹੋਇ ਖੁਆਰੁ ॥ ਅੰਗ ੮੪ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਬੇਦ ਵਖਾਣਹਿ ਮਾਇਆ ਮੋਹ ਸੁਆਇ ॥ ਅੰਗ ੮੫ (ਕਿਰਿਆ, ਨਿਰੰਤਰਤਾ, ਨਿਸਫਲਤਾ)

ਪੰਡਿਤੁ **ਪੜਿ ਪੜਿ** ਉਚਾ ਕੂਕਦਾ ਮਾਇਆ ਮੋਹਿ ਪਿਆਰੁ ॥ ਅੰਗ ੮੬ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਮੋਨੀ ਥਕੇ ਚਉਥੇ ਪਦ ਕੀ ਸਾਰ ਨ ਪਾਵਣਿਆ ॥ ਅੰਗ ੧੧੭ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਥਾਕੇ ਸਾਂਤਿ ਨ ਆਈ ॥ ਅੰਗ ੧੨੦ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤੁ ਬਾਦੁ ਵਖਾਣੈ ॥ ਅੰਗ ੧੫੨ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੋਥੀ ਸਿੰਮ੍ਰਿਤਿ ਪਾਠਾ ॥ ਅੰਗ ੨੨੬ (ਕਿਰਿਆ, ਨਿਰੰਤਰਤਾ)

ਕਥਨੀ ਬਦਨੀ **ਪੜਿ ਪੜਿ** ਭਾਰੁ ॥ ਅੰਗ ੪੧੨ (ਕਿਰਿਆ, ਬਾਰੰਬਾਰਤਾ)

ਚਾਰੇ ਵੇਦ ਬ੍ਰਹਮੇ ਕਉ ਦੀਏ **ਪੜਿ ਪੜਿ** ਕਰੇ ਵੀਚਾਰੀ ॥ ਅੰਗ ੪੨੩ (ਕਿਰਿਆ, ਨਿਰੰਤਰਤਾ)

ਮੂਰਖਿ **ਪੜਿ ਪੜਿ** ਦੂਜਾ ਭਾਉ ਦ੍ਰਿੜਾਇਆ ॥ ਅੰਗ ੪੨੪ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਮੋਨੀ ਥਾਕੇ ਭੇਖੀ ਮੁਕਤਿ ਨ ਪਾਈ ॥ ਅੰਗ ੪੪੦ (ਕਿਰਿਆ, ਨਿਰੰਤਰਤਾ, ਨਿਸਫਲਤਾ)

ਮੁਸਲਮਾਨਾ ਸਿਫਤਿ ਸਰੀਅਤਿ **ਪੜਿ ਪੜਿ** ਕਰਹਿ ਬੀਚਾਰੁ ॥ ਅੰਗ ੪੬੫ (ਕਿਰਿਆ, ਨਿਰੰਤਰਤਾ)

**ਪੜਿ ਪੜਿ** ਗਡੀ ਲਦੀਅਹਿ **ਪੜਿ ਪੜਿ** ਭਰੀਅਹਿ ਸਾਥ ॥ ਅੰਗ ੪੬੭ (ਦੂਹਰੀ ਕਿਰਿਆ ਦੁਹਰੁਕਤੀ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਬੇੜੀ ਪਾਈਐ **ਪੜਿ ਪੜਿ** ਗਡੀਅਹਿ ਖਾਤ ॥ ਅੰਗ ੪੬੭ (ਦੂਹਰੀ ਕਿਰਿਆ ਦੁਹਰੁਕਤੀ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥ ਅੰਗ ੫੭੦ (ਕਿਰਿਆ, ਨਿਰੰਤਰਤਾ, ਨਿਸਫਲਤਾ)

ਪੰਡਿਤ ਜੋਤਕੀ ਸਭਿ **ਪੜਿ ਪੜਿ** ਕੂਕਦੇ ਕਿਸੁ ਪਹਿ ਕਰਹਿ ਪੁਕਾਰਾ ਰਾਮ ॥ ਅੰਗ ੫੭੦ (ਕਿਰਿਆ, ਨਿਰੰਤਰਤਾ, ਨਿਸਫਲਤਾ)

ਘਰਿ ਘਰਿ **ਪੜਿ ਪੜਿ** ਪੰਡਿਤ ਥਕੇ ਸਿਧ ਸਮਾਧਿ ਲਗਾਇ ॥ ਅੰਗ ੬੪੪ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਭੂਲਹਿ ਚੋਟਾ ਖਾਹਿ ॥ ਅੰਗ ੬੮੬ (ਕਿਰਿਆ, ਨਿਰੰਤਰਤਾ, ਨਿਸਫਲਤਾ)

ਦਰੋਗੁ **ਪੜਿ ਪੜਿ** ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥ ਅੰਗ ੭੨੭ (ਕਿਰਿਆ, ਨਿਰੰਤਰਤਾ, ਨਿਸਫਲਤਾ)

ਪੰਡਿਤ **ਪੜਿ ਪੜਿ** ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥ ਅੰਗ ੮੫੨ (ਕਿਰਿਆ, ਨਿਰੰਤਰਤਾ, ਨਿਸਫਲਤਾ)

ਸਮਝੈ ਸੂਝੈ **ਪੜਿ ਪੜਿ** ਬੂਝੈ ਅੰਤਿ ਨਿਰੰਤਰਿ ਸਾਚਾ ॥ ਅੰਗ ੯੩੦ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਦਝਹਿ ਸਾਤਿ ਨ ਆਈ ॥ ਅੰਗ ੧੦੨੬ (ਕਿਰਿਆ, ਨਿਰੰਤਰਤਾ, ਨਿਸਫਲਤਾ)

ਮਨਮੁਖੁ ਦਾਝੈ **ਪੜਿ ਪੜਿ** ਭਾਹੀ ॥ ਅੰਗ ੧੦੨੯ (ਕਿਰਿਆ, ਨਿਰੰਤਰਤਾ, ਨਿਸਫਲਤਾ)

ਮਾਇਆ ਕਾਰਣਿ **ਪੜਿ ਪੜਿ** ਲੂਝਹਿ ॥ ਅੰਗ ੧੦੫੦ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ॥ ਅੰਗ ੧੧੩੧ (ਕਿਰਿਆ, ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਵਾਦੁ ਵਖਾਣਦੇ ਮਾਇਆ ਮੋਹ ਸੁਆਇ ॥ ਅੰਗ ੧੨੪੯ (ਕਿਰਿਆ, ਕਾਰਜ ਦੀ ਨਿਰੰਤਰਤਾ, ਨਿਸਫਲਤਾ)

ਪੰਡਿਤ ਮੋਨੀ **ਪੜਿ ਪੜਿ** ਥਕੇ ਭੇਖ ਥਕੇ ਤਨੁ ਧੋਇ ॥ ਅੰਗ ੧੨੫੦ (ਕਿਰਿਆ, ਕਾਰਜ ਦੀ ਨਿਰੰਤਰਤਾ, ਨਿਸਫਲਤਾ)

ਤ੍ਰੈ ਗੁਣ ਸਭਾ ਧਾਤੁ ਹੈ **ਪੜਿ ਪੜਿ** ਕਰਹਿ ਵੀਚਾਰੁ ॥ ਅੰਗ ੧੨੭੭ (ਕਿਰਿਆ, ਕਾਰਜ ਦੀ ਨਿਰੰਤਰਤਾ, ਨਿਸਫਲਤਾ)

**ਪੜਿ ਪੜਿ** ਪੰਡਿਤ ਮੋਨੀ ਥਕੇ ਬੇਦਾਂ ਕਾ ਅਭਿਆਸੁ ॥ ਅੰਗ ੧੨੭੭ (ਕਿਰਿਆ, ਕਾਰਜ ਦੀ ਨਿਰੰਤਰਤਾ, ਨਿਸਫਲਤਾ)

ਗੁਰ ਪਰਸਾਦੀ ਵਿਦਿਆ ਵੀਚਾਰੈ **ਪੜਿ ਪੜਿ** ਪਾਵੈ ਮਾਨੁ॥ ਅੰਗ ੧੩੨੯ (ਕਿਰਿਆ, ਕਾਰਜ ਦੀ ਨਿਰੰਤਰਤਾ, ਸਫਲਤਾ)

**ਪਰੈ ਪਰੈ** ਹੀ ਕਉ ਲੁਝੀ ਹੇ ॥ ਅੰਗ ੨੧੩ (ਦਿਸ਼ਾ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਆਦੇਸ਼, ਅਰਥ ਵਿਸਥਾਰ)

ਤੂ **ਪਰੈ ਪਰੈ** ਅਪਰੰਪਰੁ ਸੁਆਮੀ ਮਿਤਿ ਜਾਨਹੁ ਆਪਨ ਗਾਤੀ॥ ਅੰਗ ੬੬੮ (ਗੁਣ ਵਾਚਕ ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਊਪਰਿ **ਪਰੈ ਪਰੈ** ਅਪਰੰਪਰੁ ਜਿਨਿ ਆਪੇ ਆਪੁ ਉਪਾਇਆ॥ ਅੰਗ ੧੦੪੦ (ਗੁਣ ਵਾਚਕ ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਤੂ **ਪਰੈ ਪਰੈ** ਅਪਰੰਪਰੁ ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ ॥ ਅੰਗ ੧੨੯੬ (ਗੁਣ ਵਾਚਕ ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਪਲਚਿ ਪਲਚਿ** ਸਗਲੀ ਮੁਈ ਝੂਠੈ ਧੰਧੈ ਮੋਹੁ ॥ ਅੰਗ ੧੩੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਪਲੁ ਪਲੁ** ਹਰਿ ਜੀ ਤੇ ਅੰਤਰੁ ਪਾਰਿਓ ॥ ਅੰਗ ੭੧੦ (ਕਾਲ ਵਾਚਕ ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਪਲੁ ਪਲੁ** ਨਿਮਖ ਸਦਾ ਹਰਿ ਜਪਨੇ ॥ ਅੰਗ ੮੦੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਤਿਲੁ ਤਿਲੁ ਪਲੁ ਪਲੁ** ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥ ਅੰਗ ੧੨੦੦ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

ਕਬੀਰ ਆਖੀ ਕੇਰੇ ਮਾਟੁਕੇ **ਪਲੁ ਪਲੁ** ਗਈ ਬਿਹਾਇ ॥ ਅੰਗ ੧੩੭੬ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਨਿਰੰਤਰਤਾ)

**ਪਾਹੁਨੜੇ ਪਾਹੁਨੜੇ** ਮੇਰੇ ਸੰਤ ਪਿਆਰੇ ਰਾਮ ॥ ਅੰਗ ੪੫੨ (ਨਾਂਵ, ਤੀਬਰਭਾਵ)

ਪਾਤੀ ਤੋਰੈ ਮਾਲਿਨੀ **ਪਾਤੀ ਪਾਤੀ** ਜੀਉ ॥ ਅੰਗ ੪੭੯ (ਨਾਂਵ, ਅਰਥ ਵਿਸਥਾਰ, ਵਿਸ਼ੇਸ਼ਣ+ ਨਾਂਵ)

ਮਜਲਸ ਕੂੜੇ ਲਬ ਕੀ **ਪੀ ਪੀ** ਹੋਇ ਖੁਆਰੁ ॥ ਅੰਗ ੫੫੩ (ਕਿਰਿਆ, ਨਿਰੰਤਰਤਾ)

ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ **ਪੀ ਪੀ** ਕਟਹਿ ਬਿਕਾਰ॥ ਅੰਗ ੫੫੩ (ਕਿਰਿਆ, ਨਿਰੰਤਰਤਾ)

ਕਬੀਰ ਮਹਿਦੀ ਕਰਿ ਕੈ ਘਾਲਿਆ ਆਪੁ **ਪੀਸਾਇ ਪੀਸਾਇ** ॥ ਅੰਗ ੯੪੭ (ਕਿਰਿਆ, ਨਿਰੰਤਰਤਾ)

ਕਬੀਰ ਮਹਿਦੀ ਕਰਿ ਘਾਲਿਆ ਆਪੁ **ਪੀਸਾਇ ਪੀਸਾਇ** ॥ ਅੰਗ ੧੩੬੭ (ਕਿਰਿਆ, ਨਿਰੰਤਰਤਾ)

ਪਤਿਤ ਅਸੰਖ ਪੁਨੀਤ ਕਰਿ **ਪੁਨਹ ਪੁਨਹ** ਬਲਿਹਾਰ ॥ ਅੰਗ ੨੪੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਨਕ ਓਟ ਗਹੀ ਜਗਦੀਸੁਰ **ਪੁਨਹ ਪੁਨਹ** ਬਲਿਹਾਰਿਓ ॥ ਅੰਗ ੫੩੪ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਚਰਨ ਰੇਨ ਬਾਂਛੈ ਨਿਤ ਨਾਨਕੁ **ਪੁਨਹ ਪੁਨਹ** ਬਲਿਹਾਰਿਆ ॥ ਅੰਗ ੬੭੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਨਕ ਸਰਨਿ ਗਹੀ ਸੁਆਮੀ ਕੀ **ਪੁਨਹ ਪੁਨਹ** ਨਮਸਕਾਰਾ ॥ ਅੰਗ ੭੧੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਵਲੋਕਨ **ਪੁਨਹ ਪੁਨਹ** ਕਰਉ ਜਨ ਕਾ ਦਰਸਾਰੁ ॥ ਅੰਗ ੭੪੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਨਕ ਦਾਸਨਿ ਦਾਸੁ ਜਨੁ ਤੇਰਾ **ਪੁਨਹ ਪੁਨਹ** ਨਮਸਕਾਰਿ ॥ ਅੰਗ ੧੨੨੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਪੁਰਜਾ ਪੁਰਜਾ** ਕਟਿ ਮਰੈ ਕਬਹੂ ਨ ਛਾਡੈ ਖੇਤੁ ॥ ਅੰਗ ੧੧੦੫ (ਵਿਧੀ ਵਾਚਕ ਕਿਰਿਆ ਵਿਸ਼ੇਸ਼ਣ, ਕਾਰਜ ਆਦੇਸ਼)

ਬੁਤ **ਪੂਜਿ ਪੂਜਿ** ਹਿੰਦੂ ਮੂਏ ਤੁਰਕ ਮੂਏ ਸਿਰੁ ਨਾਈ ॥ ਅੰਗ ੬੫੪ (ਕਿਰਿਆ, ਨਿਰੰਤਰਤਾ)

**ਪੂਰੋ ਪੂਰੋ** ਆਖੀਐ ਪੂਰੈ ਤਖਤਿ ਨਿਵਾਸ ॥ ਅੰਗ ੧੭ (ਵਿਸ਼ੇਸ਼ਣ, ਤੀਬਰਭਾਵ)

**ਪੇਖਤ ਪੇਖਤ** ਊਠਿ ਸਿਧਾਰਾ ॥ ਅੰਗ ੭੪੦ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਅੰਗ ੨੦੬ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਨਾਨਕ ਬਿਗਸਾਨੋ ਨਾਨਕ ਨਾਹੀ ਸੁਮਾਰ ॥ ਅੰਗ ੬੧੮ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਜੀਵੈ ਪ੍ਰਭੁ ਅਪਨਾ ਅਚਰਜੁ ਤੁਮਹਿ ਵਡਾਈ ॥ ਅੰਗ ੬੨੫ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਸੁਆਮੀ ਕੀ ਸੋਭਾ ਆਨਦੁ ਸਦਾ ਉਲਾਸੁ॥ ਅੰਗ ੬੭੭ (ਕਿਰਿਆ, ਨਿਰੰਤਰਤਾ)

ਸੰਗੁ ਨ ਪਾਇਓ ਅਪੁਨੇ ਭਰਤੇ **ਪੇਖਿ ਪੇਖਿ** ਦੁਖੁ ਪਾਇਆ ॥ ਅੰਗ ੭੧੨ (ਕਿਰਿਆ, ਨਿਰੰਤਰਤਾ)

ਤੁਝ ਹੀ **ਪੇਖਿ ਪੇਖਿ** ਮਨੁ ਸਾਧਾਰਾ ॥ ਅੰਗ ੭੩੯ (ਕਿਰਿਆ, ਨਿਰੰਤਰਤਾ)

ਤੁਮ ਹੀ **ਪੇਖਿ ਪੇਖਿ** ਮਨੁ ਬਿਗਸਾਰੇ ॥ ਅੰਗ ੭੪੦ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਲੀਲਾ ਮਨਿ ਆਨੰਦਾ ॥ ਅੰਗ ੭੪੦ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਜੀਵਾ ਦਰਸੁ ਤੁਮ੍ਹਾਰਾ ॥ ਅੰਗ ੭੪੩ (ਕਿਰਿਆ, ਨਿਰੰਤਰਤਾ)

ਸੰਤਹ ਦਰਸੁ **ਪੇਖਿ ਪੇਖਿ** ਜੀਵਾ ॥ ਅੰਗ ੮੮੯ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਨਾਨਕ ਬਿਗਸਾਨੋ ਪੁਨਹ ਪੁਨਹ ਬਲਿਹਾਰਿਓ ॥ ਅੰਗ ੯੭੯ (ਕਿਰਿਆ, ਨਿਰੰਤਰਤਾ)

ਕਨਿਕ ਕਾਮਨੀ ਮਹਾ ਸੁੰਦਰੀ **ਪੇਖਿ ਪੇਖਿ** ਸਚੁ ਮਾਨਿ ॥ ਅੰਗ ੧੧੨੪ (ਕਿਰਿਆ, ਨਿਰੰਤਰਤਾ)

ਜਲਿ ਥਲਿ **ਪੇਖਿ ਪੇਖਿ** ਮਨੁ ਬਿਗਸਿਓ ਪੂਰਿ ਰਹਿਓ ਸ੍ਰਬ ਮਹੀ ॥ ਅੰਗ ੧੨੨੫ (ਕਿਰਿਆ, ਨਿਰੰਤਰਤਾ)

ਸਭ ਮਹਿ ਰਵਿ ਰਹਿਆ ਪ੍ਰਭੁ ਏਕੈ **ਪੇਖਿ ਪੇਖਿ** ਨਾਨਕ ਬਿਗਸਾਈ ॥ ਅੰਗ ੧੨੯੯ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਬਿਗਸਾਉ ਸਾਜਨ ਪ੍ਰਭੁ ਆਪਨਾ ਇਕਾਂਤ ॥ ਅੰਗ ੧੩੦੦ (ਕਿਰਿਆ, ਨਿਰੰਤਰਤਾ)

**ਪੇਖਿ ਪੇਖਿ** ਮਨ ਮਹਿ ਹੈਰਾਨੈ ॥ ਅੰਗ ੧੩੩੭ (ਕਿਰਿਆ, ਨਿਰੰਤਰਤਾ)

ਪੈਰੀ **ਪੈ ਪੈ** ਬਹੁਤੁ ਮਨਾਈ ਦੀਨ ਦਇਆਲ ਗੋਪਾਲਾ ਜੀਉ ॥ ਅੰਗ ੯੯ (ਕਿਰਿਆ, ਬਾਰੰਬਾਰਤਾ)

ਪੈਰੀ **ਪੈ ਪੈ** ਬਹੁਤੁ ਮਨਾਏ ॥ ਅੰਗ ੧੨੪੧ (ਕਿਰਿਆ, ਬਾਰੰਬਾਰਤਾ)

**ਪੰਡਿਤ ਪੰਡਿਤ** ਜਲਿ ਮੂਏ ਮੂਰਖ ਉਬਰੇ ਭਾਗਿ ॥ ਅੰਗ ੧੩੭੩ (ਨਾਂਵ, ਜਾਤੀਗਤ ਵਿਸਿਸਟਤਾ)

**ਪ੍ਰਿਉ ਪ੍ਰਿਉ** ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ ॥ ਅੰਗ ੨੦੮ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਨਾਨਕਾ **ਪ੍ਰਿਉ ਪ੍ਰਿਉ** ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ ॥ ਅੰਗ ੪੩੬ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

**ਪ੍ਰਿਉ ਪ੍ਰਿਉ** ਕਰਤੀ ਸਭੁ ਜਗੁ ਫਿਰੀ ਮੇਰੀ ਪਿਆਸ ਨ ਜਾਇ ॥ ਅੰਗ ੫੫੩ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਗੁਰ ਦੇਖੇ ਸਰਧਾ ਮਨ ਪੂਰੀ ਜਿਉ ਚਾਤ੍ਰਿਕ **ਪ੍ਰਿਉ ਪ੍ਰਿਉ** ਬੂੰਦ ਮੁਖਿ ਪਈਆ ॥ ਅੰਗ ੮੩੬ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਨਾਨਕ **ਪ੍ਰਿਉ ਪ੍ਰਿਉ** ਜੇ ਕਰੀ ਮੇਲੇ ਮੇਲਣਹਾਰੁ ॥ ਅੰਗ ੯੩੫ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਨਾਨਕ **ਪ੍ਰਿਉ ਪ੍ਰਿਉ** ਚਵੈ ਬਬੀਹਾ ਕੋਕਿਲ ਸਬਦਿ ਸੁਹਾਵੈ ॥ ਅੰਗ ੧੧੦੭ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

**ਪ੍ਰਿਉ ਪ੍ਰਿਉ** ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ॥ ਅੰਗ ੧੧੦੮ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਅਨਦਿਨੁ **ਪ੍ਰਿਉ ਪ੍ਰਿਉ** ਕਰੇ ਦਿਨੁ ਰਾਤੀ ਪਿਰ ਬਿਨੁ ਪਿਆਸ ਨ ਜਾਏ ॥ ਅੰਗ ੧੧੧੩ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਮੇਰੈ ਅੰਤਰਿ ਹੋਇ ਵਿਗਾਸੁ **ਪ੍ਰਿਉ ਪ੍ਰਿਉ** ਸਚੁ ਨਿਤ ਚਵਾ ਰਾਮ॥ ਅੰਗ ੧੧੧੪ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਚਾਤ੍ਰਿਕੁ ਜਲ ਬਿਨੁ **ਪ੍ਰਿਉ ਪ੍ਰਿਉ** ਟੇਰੈ ਬਿਲਪ ਕਰੈ ਬਿਲਲਾਈ॥ ਅੰਗ ੧੨੭੩ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

**ਪ੍ਰਿਉ ਪ੍ਰਿਉ** ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ॥ ਅੰਗ ੧੨੭੩ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

**ਪ੍ਰਿਉ ਪ੍ਰਿਉ** ਪ੍ਰੀਤਿ ਪ੍ਰੇਮਿ ਉਰ ਧਾਰੀ ॥ ਅੰਗ ੧੩੩੧ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਬਾਬੀਹਾ **ਪ੍ਰਿਉ ਪ੍ਰਿਉ** ਕਰੇ ਜਲਨਿਧਿ ਪ੍ਰੇਮ ਪਿਆਰਿ ॥ ਅੰਗ ੧੪੧੯ (ਵਿਸ਼ੇਸ਼ਣ, ਕਾਰਜ ਵਿਸਥਾਰ, ਨਾਂਵ ਵਾਕੰਸ਼)

ਜਬ ਹੀ ਹੰਸ ਤਜੀ ਇਹ ਕਾਂਇਆ **ਪ੍ਰੇਤ ਪ੍ਰੇਤ** ਕਰਿ ਭਾਗੀ ॥ ਅੰਗ ੬੩੪ (ਭਾਵ ਵਾਚਕ ਨਾਂਵ, ਭੈਅਮਈ ਪ੍ਰਕਿਰਿਆ)

**ਫ**

ਕੋਈ ਨਿੰਦਾ ਕਰੇ ਪੂਰੇ ਸਤਿਗੁਰੂ ਕੀ ਤਿਸ ਨੋ **ਫਿਟੁ ਫਿਟੁ** ਕਹੈ ਸਭੁ ਸੰਸਾਰੁ ॥ ਅੰਗ ੩੦੨ (ਵਿਸ਼ੇਸ਼ਣ, ਤੀਬਰਭਾਵ)

ਜਿ ਬਿਨੁ ਸਤਿਗੁਰ ਸੇਵੇ ਆਪੁ ਗਣਾਇਦੇ ਤਿਨ ਅੰਦਰਿ ਕੂੜੁ **ਫਿਟੁ ਫਿਟੁ** ਮੁਹ ਫਿਕੇ॥ ਅੰਗ ੩੦੪(ਵਿਸ਼ੇਸ਼ਣ, ਤੀਬਰਭਾਵ)

ਫਫਾ **ਫਿਰਤ ਫਿਰਤ** ਤੂ ਆਇਆ ॥ ਅੰਗ ੨੫੮ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਪ੍ਰਭ ਆਇਆ ਪਰਿਆ ਤਉ ਸਰਨਾਇ ॥ ਅੰਗ ੨੮੯ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਤੁਮ੍ਹ੍ਹਰੈ ਦੁਆਰਿ ਆਇਆ ਭੈ ਭੰਜਨ ਹਰਿ ਰਾਇਆ ॥ ਅੰਗ ੪੯੭ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਬਹੁਤੁ ਸ੍ਰਮੁ ਪਾਇਓ ਸੰਤ ਦੁਆਰੈ ਆਇਓ ॥ ਅੰਗ ੫੩੧ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਸੰਤਨ ਪਹਿ ਆਇਆ ॥ ਅੰਗ ੫੬੨ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਅੰਗ ੬੩੧ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਭੇਟੇ ਜਨ ਸਾਧੂ ਪੂਰੈ ਗੁਰਿ ਸਮਝਾਇਆ ॥ ਅੰਗ ੬੭੬ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਮਾਨੁਖੁ ਭਇਆ ਖਿਨ ਭੰਗਨ ਦੇਹਾਦਿ ॥ ਅੰਗ ੮੧੦ (ਕਿਰਿਆ, ਕਾਰਜ ਆਦੇਸ਼)

**ਫਿਰਤ ਫਿਰਤ** ਨਾਨਕ ਦਾਸੁ ਆਇਓ ਸੰਤਨ ਹੀ ਸਰਨਾਇ ॥ ਅੰਗ ੧੩੦੨ (ਕਿਰਿਆ, ਕਾਰਜ ਆਦੇਸ਼)

ਜੋਗ ਧਿਆਨ ਭੇਖ ਗਿਆਨ **ਫਿਰਤ ਫਿਰਤ** ਧਰਤ ਧਰਤ ਧਰਚਰੀ ॥ ਅੰਗ ੧੩੦੮ (ਕਿਰਿਆ, ਕਾਰਜ ਆਦੇਸ਼)

ਬਿਨੁ ਸਤਗੁਰ ਸੁਖੁ ਨ ਪਾਵਈ **ਫਿਰਿ ਫਿਰਿ** ਜੋਨੀ ਪਾਹਿ ॥ ਅੰਗ ੨੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਦੂਜੈ ਭਾਇ ਕੋ ਨਾ ਮਿਲੈ **ਫਿਰਿ ਫਿਰਿ** ਆਵੈ ਜਾਇ ॥ ਅੰਗ ੨੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਭਰਮਿ ਭੁਲਾਣਾ ਅੰਧੁਲਾ **ਫਿਰਿ ਫਿਰਿ** ਆਵੈ ਜਾਇ ॥ ਅੰਗ ੩੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਓਇ **ਫਿਰਿ ਫਿਰਿ** ਜੋਨਿ ਭਵਾਈਅਹਿ ਵਿਚਿ ਵਿਸਟਾ ਕਰਿ ਵਿਕਰਾਲ ॥ ਅੰਗ ੪੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਕਾਮ ਕ੍ਰੋਧ ਮਦਿ ਬਿਆਪਿਆ **ਫਿਰਿ ਫਿਰਿ** ਜੋਨੀ ਪਾਇ ॥ ਅੰਗ ੫੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜਿਨਿ ਕੀਤਾ ਤਿਸਹਿ ਨ ਜਾਣਈ **ਫਿਰਿ ਫਿਰਿ** ਆਵੈ ਜਾਇ ॥ ਅੰਗ ੫੦(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਵਹੁ ਭੂਲੀ ਜੇ ਫਿਰਾ **ਫਿਰਿ ਫਿਰਿ** ਆਵਉ ਜਾਉ ॥ ਅੰਗ ੫੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜੰਮਣੁ ਮਰਣੁ ਨ ਚੂਕਈ **ਫਿਰਿ ਫਿਰਿ** ਆਵੈ ਜਾਇ ॥ ਅੰਗ ੬੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਲਖ ਚਉਰਾਸੀਹ **ਫਿਰਿ ਫਿਰਿ** ਆਵੈ ਬਿਰਥਾ ਜਨਮੁ ਗਵਾਇਆ ॥ ਅੰਗ ੬੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜਮ ਕਾ ਫਾਹਾ ਗਲਹੁ ਨ ਕਟੀਐ **ਫਿਰਿ ਫਿਰਿ** ਆਵੈ ਜਾਇ ॥ ਅੰਗ ੮੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮੁੰਢਹੁ ਭੁਲੀ ਨਾਨਕਾ **ਫਿਰਿ ਫਿਰਿ** ਜਨਮਿ ਮੁਈਆਸੁ ॥ ਅੰਗ ੮੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਗਿਆਨੀ ਅੰਧਾ ਮਗੁ ਨ ਜਾਣੈ **ਫਿਰਿ ਫਿਰਿ** ਆਵਣ ਜਾਵਣਿਆ ॥ ਅੰਗ ੧੧੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਰਿ ਮਰਿ ਜੰਮਹਿ **ਫਿਰਿ ਫਿਰਿ** ਆਵਹਿ ਜਮ ਦਰਿ ਚੋਟਾ ਖਾਵਣਿਆ ॥ ਅੰਗ ੧੧੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਬਿਖਿਆ ਮਾਤੇ ਕਿਛੁ ਸੂਝੈ ਨਾਹੀ **ਫਿਰਿ ਫਿਰਿ** ਜੂਨੀ ਆਵਣਿਆ ॥ ਅੰਗ ੧੨੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅੰਤਰਿ ਲੋਭੁ ਮਹਾ ਗੁਬਾਰਾ **ਫਿਰਿ ਫਿਰਿ** ਆਵਣ ਜਾਵਣਿਆ ॥ ਅੰਗ ੧੩੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ **ਫਿਰਿ ਫਿਰਿ** ਆਈਐ ॥ ਅੰਗ ੧੪੪ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਗੁਰ ਕਾ ਸਬਦੁ ਨ ਚੀਨਿਓ **ਫਿਰਿ ਫਿਰਿ** ਜੋਨੀ ਪਾਇ ॥ ਅੰਗ ੧੬੨ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਸਤਿਗੁਰ ਸੇਵਾ ਨਾ ਕਰਹਿ **ਫਿਰਿ ਫਿਰਿ** ਪਛੁਤਾਣੇ ॥ ਅੰਗ ੧੬੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਨ ਅਪੁਨੇ ਮਹਿ **ਫਿਰਿ ਫਿਰਿ** ਚੇਤ ॥ ਅੰਗ ੨੩੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਆਵਨ ਜਾਨੁ ਨ ਹੋਈ ॥ ਅੰਗ ੨੫੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਰਕ ਸੁਰਗ **ਫਿਰਿ ਫਿਰਿ** ਅਵਤਾਰ ॥ ਅੰਗ ੨੭੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਬਿਨੁ ਗੁਰ ਮਨੂਆ ਨਾ ਟਿਕੈ **ਫਿਰਿ ਫਿਰਿ** ਜੂਨੀ ਪਾਇ ॥ ਅੰਗ ੩੧੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਜੂਨਿ ਭਵਾਈਅਨਿ ਜਮ ਮਾਰਗਿ ਮੁਤੇ ॥ ਅੰਗ ੩੨੧(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਤੈਸੇ ਭ੍ਰਮਤ ਅਨੇਕ ਜੋਨਿ ਮਹਿ **ਫਿਰਿ ਫਿਰਿ** ਕਾਲ ਹਇਓ ॥ ਅੰਗ ੩੩੬(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਕਾਮਿ ਨ ਆਵੈ ਸੋ **ਫਿਰਿ ਫਿਰਿ** ਮੰਗੀ ॥ ਅੰਗ ੩੭੬(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਰਕਿ ਸੁਰਗਿ **ਫਿਰਿ ਫਿਰਿ** ਅਉਤਾਰ ॥ ਅੰਗ ੩੮੫(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਰਕ ਸੁਰਗ **ਫਿਰਿ ਫਿਰਿ** ਅਉਤਾਰਾ ॥ ਅੰਗ ੩੮੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਏਕੁ ਸਬਦੁ ਤੂੰ ਚੀਨਹਿ ਨਾਹੀ **ਫਿਰਿ ਫਿਰਿ** ਜੂਨੀ ਆਵਹਿਗਾ ॥ ਅੰਗ ੪੩੪ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਾਇਆ ਮੋਹਣੀ ਮੋਹਿਆ **ਫਿਰਿ ਫਿਰਿ** ਜੂਨੀ ਭਵਾਹਿ ॥ ਅੰਗ ੪੪੧(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਹਉਮੈ ਏਈ ਬੰਧਨਾ **ਫਿਰਿ ਫਿਰਿ** ਜੋਨੀ ਪਾਹਿ ॥ ਅੰਗ ੪੬੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜੈਸੇ ਮੇਂਡੁਕ ਤੈਸੇ ਓਇ ਨਰ **ਫਿਰਿ ਫਿਰਿ** ਜੋਨੀ ਆਵਹਿ ॥ ਅੰਗ ੪੮੪ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜੋ ਅਨਿੰਦੁ ਨਿੰਦੁ ਕਰਿ ਛੋਡਿਓ ਸੋਈ **ਫਿਰਿ ਫਿਰਿ** ਖਾਤ ॥ ਅੰਗ ੪੯੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਹਉ ਤਾ ਮਾਇਆ ਮੋਹਿਆ **ਫਿਰਿ ਫਿਰਿ** ਆਵਾ ਜਾਇ ॥ ਅੰਗ ੫੧੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਜੂਨੀ ਪਾਈਐ ਵਿਸਟਾ ਸਦਾ ਖੁਆਰੁ ॥ ਅੰਗ ੫੧੨ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਨਕ ਹਸਤੀ ਕੁੰਡੇ ਬਾਹਰਾ **ਫਿਰਿ ਫਿਰਿ** ਉਝੜਿ ਪਾਇ ॥ ਅੰਗ ੫੧੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਵਿਸਟਾ ਅੰਦਰਿ ਵਾਸੁ ਹੈ **ਫਿਰਿ ਫਿਰਿ** ਜੂਨੀ ਪਾਇ ॥ ਅੰਗ ੫੯੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਸਰ ਅਪਸਰ ਕੀ ਸਾਰ ਨ ਜਾਣਹਿ **ਫਿਰਿ ਫਿਰਿ** ਕੀਚ ਬੁਡਾਹੀ ਜੀਉ ॥ ਅੰਗ ੫੯੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ **ਫਿਰਿ ਫਿਰਿ** ਪਛੋਤਾਵੈ ॥ ਅੰਗ ੬੦੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਨਿਕ ਕਰਮ ਕਰਿ ਥਾਕਿਆ ਭਾਈ **ਫਿਰਿ ਫਿਰਿ** ਬੰਧਨ ਪਾਇ ॥ ਅੰਗ ੬੦੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਵਡੀ ਆਰਜਾ **ਫਿਰਿ ਫਿਰਿ** ਜਨਮੈ ਹਰਿ ਸਿਉ ਸੰਗੁ ਨ ਗਹਿਆ ॥ ਅੰਗ ੬੪੨ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਮਿਲਣੁ ਨ ਪਾਇਨੀ ਜੰਮਹਿ ਤੈ ਮਰਿ ਜਾਹਿ ॥ ਅੰਗ ੬੪੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਹਉਮੈ ਬਿਆਪਿਆ ਸਬਦੁ ਨ ਚੀਨ੍ਹੈ **ਫਿਰਿ ਫਿਰਿ** ਜੂਨੀ ਆਵੈ ॥ ਅੰਗ ੭੩੨ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਛੋਡਿ ਜਾਹਿ ਜੋ ਸਗਲ ਕਉ **ਫਿਰਿ ਫਿਰਿ** ਲਪਟਾਉ ॥ ਅੰਗ ੭੪੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਕਰਤਾ ਚਿਤਿ ਨ ਆਵਈ **ਫਿਰਿ ਫਿਰਿ** ਲਗਹਿ ਦੁਖ ਜੀਉ ॥ ਅੰਗ ੭੫੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਓਇ **ਫਿਰਿ ਫਿਰਿ** ਜੋਨਿ ਭਵਾਈਅਹਿ ਮੰਦਭਾਗੀ ਮੂੜ ਅਕਰਮਾ ॥ ਅੰਗ ੭੯੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਤਨੁ ਮਨੁ ਅਪਨੋ ਜੀਅਰਾ **ਫਿਰਿ ਫਿਰਿ** ਹਉ ਵਾਰੀ ॥ ਅੰਗ ੮੧੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਨਹਠਿ ਕਰਮ ਕਮਾਵਣੇ **ਫਿਰਿ ਫਿਰਿ** ਜੋਨੀ ਪਾਇ ॥ ਅੰਗ ੮੫੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਨਿਕ ਜਤਨ ਕਰਿ ਰਾਖੀਐ **ਫਿਰਿ ਫਿਰਿ** ਲਪਟਾਈ ॥ ਅੰਗ ੮੫੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਜੋਗੀ ਆਵੈ ਜਾਈ ॥ ਅੰਗ ੮੮੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਮਾਗਨ ਕਾਹੇ ਜਾਇ ॥ ਅੰਗ ੮੯੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਬਿਨੁ ਵਖਰ **ਫਿਰਿ ਫਿਰਿ** ਉਠਿ ਲਾਗੈ ॥ ਅੰਗ ੯੦੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਫਾਹੀ ਫਾਸੈ ਕਊਆ ॥ ਅੰਗ ੯੩੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਆਵੈ **ਫਿਰਿ ਫਿਰਿ** ਜਾਇ ॥ ਅੰਗ ੯੩੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅੰਦਰਿ ਮੈਲੁ ਨ ਉਤਰੈ ਹਉਮੈ **ਫਿਰਿ ਫਿਰਿ** ਆਵੈ ਜਾਵੈ ॥ ਅੰਗ ੯੬੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਤੇਰਾ ਆਵਨੁ ਨਾਹਿ ॥ ਅੰਗ ੯੭੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਓਇ **ਫਿਰਿ ਫਿਰਿ** ਜੋਨਿ ਭਵਾਈਅਹਿ ਮਰਿ ਜੰਮਹਿ ਆਵੈ ਜਾਇ ॥ ਅੰਗ ੯੯੬ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਲਖ ਚਉਰਾਸੀਹ ਮਰਿ ਮਰਿ ਜਨਮੇ **ਫਿਰਿ ਫਿਰਿ** ਜੋਨੀ ਜੋਇਆ ॥ ਅੰਗ ੯੯੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਛੋਡਿ ਜਾਇ ਖਿਨ ਭੀਤਰਿ ਤਾ ਕਉ ਉਆ ਕਉ **ਫਿਰਿ ਫਿਰਿ** ਧਾਵਸਿ ਰੇ॥ ਅੰਗ ੧੦੦੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਦੁਰਮਤਿ ਫਾਥਾ ਫਾਹੀਐ **ਫਿਰਿ ਫਿਰਿ** ਪਛੋਤਾਇ ॥ ਅੰਗ ੧੦੦੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਭ੍ਰਮਿ ਭ੍ਰਮਿ ਜੋਨੀ **ਫਿਰਿ ਫਿਰਿ** ਆਇਆ ॥ ਅੰਗ ੧੦੪੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਆਵੈ ਠਉਰ ਨ ਕੋਈ ॥ ਅੰਗ ੧੦੫੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਫਿਰਿ ਫਿਰਿ** ਡੁਬੈ ਵਾਰੋ ਵਾਰਾ ॥ ਅੰਗ ੧੦੬੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਨਮੁਖਿ **ਫਿਰਿ ਫਿਰਿ** ਚੋਟਾ ਖਾਵੈ ॥ ਅੰਗ ੧੦੭੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਰੋਗੇ **ਫਿਰਿ ਫਿਰਿ** ਜੋਨੀ ਭਰਮੈ ॥ ਅੰਗ ੧੧੪੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਮਨਮੁਖ **ਫਿਰਿ ਫਿਰਿ** ਹਉਮੈ ਮੁਏ ॥ ਅੰਗ ੧੧੭੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅੰਤ ਕਾਲਿ **ਫਿਰਿ ਫਿਰਿ** ਨ ਰੋਇ ॥ ਅੰਗ ੧੧੮੨ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਬਿਨੁ ਸਤਿਗੁਰ ਦੀਸੈ ਬਿਲਲਾਂਤੀ ਸਾਕਤੁ **ਫਿਰਿ ਫਿਰਿ** ਆਵੈ ਜਾਵੈ ॥ ਅੰਗ ੧੧੮੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਜਮ ਕਾ ਫਾਹਾ ਗਲਹੁ ਨ ਕਟੀਐ **ਫਿਰਿ ਫਿਰਿ** ਆਵਹਿ ਜਾਇ ॥ ਅੰਗ ੧੨੪੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਾਨਕ ਬਿਨੁ ਬੂਝੇ ਕਿਨੈ ਨ ਪਾਇਓ **ਫਿਰਿ ਫਿਰਿ** ਆਵੈ ਜਾਏ ॥ ਅੰਗ ੧੨੪੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਲਿ ਮਕਰੰਦ ਚਰਨ ਕਮਲ ਸਿਉ ਮਨੁ **ਫੇਰਿ ਫੇਰਿ** ਰੀਝੈ ॥ ਅੰਗ ੧੩੨੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਆਵਾ ਗਵਨੁ ਹੋਤੁ ਹੈ **ਫੁਨਿ ਫੁਨਿ** ਇਹੁ ਪਰਸੰਗੁ ਨ ਤੂਟੈ ॥ ਅੰਗ ੯੭੧(ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

## ਬ

ਰੰਗ ਪਰੰਗ ਉਪਾਰਜਨਾ **ਬਹੁ ਬਹੁ** ਬਿਧਿ ਭਾਤੀ ॥ ਅੰਗ ੧੩੮ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

ਹਰਿ ਪਾਟੁ ਲਗਾ ਅਧਿਕਾਈ **ਬਹੁ ਬਹੁ** ਬਿਧਿ ਭਾਤਿ ਕਰਿ ॥ ਅੰਗ ੬੪੬ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

ਮਨੂਆ ਚਲੈ ਚਲੈ **ਬਹੁ ਬਹੁ** ਬਿਧਿ ਮਿਲਿ ਸਾਧੂ ਵਸਗਤਿ ਕਰਿਆ ॥ ਅੰਗ ੧੨੯੪ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

ਰੰਗ ਪਰੰਗ ਸਿਸਟਿ ਸਭ ਸਾਜੀ **ਬਹੁ ਬਹੁ** ਬਿਧਿ ਭਾਂਤਿ ਉਪਾਵਣੀ ॥ ਅੰਗ ੧੩੧੪ (ਵਿਸ਼ੇਸ਼ਣ, ਅਰਥਗਤ ਵਿਭਿੰਨਤਾ)

ਸਭੁ ਕੋ ਆਖੈ **ਬਹੁਤੁ ਬਹੁਤੁ** ਘਟਿ ਨ ਆਖੈ ਕੋਇ ॥ ਅੰਗ ੧੫ (ਵਿਸ਼ੇਸ਼ਣ, ਤੀਬਰਭਾਵ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਸਭੁ ਕੋ ਆਖੈ **ਬਹੁਤੁ ਬਹੁਤੁ** ਲੈਣੈ ਕੈ ਵੀਚਾਰਿ ॥ ਅੰਗ ੫੩ (ਵਿਸ਼ੇਸ਼ਣ, ਤੀਬਰਭਾਵ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਜਾ ਕਉ ਚਿੰਤਾ **ਬਹੁਤੁ ਬਹੁਤੁ** ਦੇਹੀ ਵਿਆਪੈ ਰੋਗੁ ॥ ਅੰਗ ੭੦ (ਵਿਸ਼ੇਸ਼ਣ, ਤੀਬਰਭਾਵ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਭੈ ਵਿਣੁ ਜੀਵੈ **ਬਹੁਤੁ ਬਹੁਤੁ** ਖੁਸੀਆ ਖੁਸੀ ਕਮਾਇ ॥ ਅੰਗ ੧੪੯ (ਵਿਸ਼ੇਸ਼ਣ, ਤੀਬਰਭਾਵ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਹਮਰੇ ਅਵਗੁਣ **ਬਹੁਤੁ ਬਹੁਤੁ** ਹੈ ਬਹੁ ਬਾਰ ਬਾਰ ਹਰਿ ਗਣਤ ਨ ਆਵੈ ॥ ਅੰਗ ੧੬੭ (ਵਿਸ਼ੇਸ਼ਣ, ਤੀਬਰਭਾਵ, ਵਿਸ਼ੇਸ਼ਣ ਦੀ ਵਿਸ਼ੇਸ਼ਤਾ, ਕਿਰਿਆ ਪੂਰਕ)

**ਬਹੁਰਿ ਬਹੁਰਿ** ਉਆਹੂ ਲਪਟੇਰਾ ॥ ਅੰਗ ੧੮੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਨਿਕ ਜਨਮ ਬਹੁ ਜੋਨੀ ਭ੍ਰਮਿਆ **ਬਹੁਰਿ ਬਹੁਰਿ** ਦੁਖੁ ਪਾਇਆ ॥ ਅੰਗ ੨੦੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਰਕੁ ਸੁਰਗੁ ਦੁਇ ਭੁੰਚਨਾ ਹੋਇ **ਬਹੁਰਿ ਬਹੁਰਿ** ਅਵਤਾਰ ॥ ਅੰਗ ੨੧੪ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਸੰਤ ਕੀ ਨਿੰਦਾ ਨਾਨਕਾ **ਬਹੁਰਿ ਬਹੁਰਿ** ਅਵਤਾਰ ॥ ਅੰਗ ੨੭੯ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਬਹੁਰਿ ਬਹੁਰਿ** ਤਿਸੁ ਲਾਗਹ ਪਾਈ ॥ ਅੰਗ ੩੯੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਦੀਈ ਭਵਾਰੀ ਪੁਰਖਿ ਬਿਧਾਤੈ **ਬਹੁਰਿ ਬਹੁਰਿ** ਜਨਮਾਧੇ ॥ ਅੰਗ ੪੦੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਘਰੀ ਮੁਹਤ ਰੰਗ ਮਾਣਹਿ ਫਿਰਿ **ਬਹੁਰਿ ਬਹੁਰਿ** ਪਛੁਤਾਵਹਿ ॥ ਅੰਗ ੪੦੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਕੋਟਿ ਪਰਾਧ ਮਹਾ ਅਕ੍ਰਿਤਘਨ **ਬਹੁਰਿ ਬਹੁਰਿ** ਪ੍ਰਭ ਸਹੀਐ ॥ ਅੰਗ ੫੩੧ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਬਹੁਰਿ ਬਹੁਰਿ** ਲਪਟਿਓ ਜੰਜਾਰਾ ॥ ਅੰਗ ੭੩੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਥੋਰੀ ਬਾਤ ਅਲਪ ਸੁਪਨੇ ਕੀ **ਬਹੁਰਿ ਬਹੁਰਿ** ਅਟਕਾਵਸਿ ਰੇ ॥ ਅੰਗ ੧੦੦੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਬਹੁਰਿ ਬਹੁਰਿ** ਪਿਰ ਹੀ ਸੰਗੁ ਮਾਗੈ ਓਹੁ ਬਾਤ ਜਾਨੈ ਕਰਿ ਹਾਸਾ ਹੇ ॥ ਅੰਗ ੧੦੭੩ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

**ਬਹੁਰਿ ਬਹੁਰਿ** ਤਿਸੁ ਸੰਗਿ ਮਨੁ ਰਾਚੀ ॥ ਅੰਗ ੧੧੫੭ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਓਢੈ ਬਸਤ੍ਰ ਕਾਜਰ ਮਹਿ ਪਰਿਆ **ਬਹੁਰਿ ਬਹੁਰਿ** ਫਿਰਿ ਝਾਰੈ ॥ ਅੰਗ ੧੨੦੫ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ **ਬਹੁਰਿ ਬਹੁਰਿ** ਫਿਰਿ ਧਾਇਆ ॥ ਅੰਗ ੧੩੦੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਇਕੁ ਖਿਨੁ ਹਿਰਦੈ ਸਾਂਤਿ ਨ ਆਵੈ ਜੋਗੀ **ਬਹੁੜਿ ਬਹੁੜਿ** ਉਠਿ ਧਾਵੈ ਜੀਉ ॥ ਅੰਗ ੯੮ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਅਗਿਆਨਿ ਅੰਧੇਰੈ ਸੂਝਸਿ ਨਾਹੀ **ਬਹੁੜਿ ਬਹੁੜਿ** ਭਰਮਾਤਾ ॥ ਅੰਗ ੬੧੦ (ਕਿਰਿਆ ਵਿਸ਼ੇਸ਼ਣ, ਬਾਰੰਬਾਰਤਾ)

ਚਾਰਿ ਦਿਵਸ ਕੇ ਪਾਹੁਨੇ **ਬਡ ਬਡ** ਰੂੰਧਹਿ ਠਾਉ ॥ ਅੰਗ ੧੩੬੭ (ਅਨਿਸ਼ਚੇਵਾਚਕ ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

**ਬਡੇ ਬਡੇ** ਅਹੰਕਾਰੀਆ ਨਾਨਕ ਗਰਬਿ ਗਲੇ ॥ ਅੰਗ ੨੭੮ (ਗੁਣ ਵਾਚਕ ਵਿਸ਼ੇਸ਼ਣ, ਵਿਸ਼ੇਸ਼ਣ ਦੀ ਵਿਸ਼ੇਸ਼ਤਾ)

ਭਾਤਿ ਭਾਤਿ **ਬਨ ਬਨ** ਅਵਗਾਹੇ ॥ ਅੰਗ ੯੮ (ਸਥਾਨ ਵਾਚਕ ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਬਨੁ ਬਨੁ** ਖੋਜਤ ਫਿਰਤ ਬੈਰਾਗੀ ॥ ਅੰਗ ੨੦੩ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

ਸੰਗਿ ਤੁਹਾਰੈ ਪ੍ਰਭੁ ਬਸੈ **ਬਨੁ ਬਨੁ** ਕਹਾ ਫਿਰਾਹਿ ॥ ਅੰਗ ੨੫੬ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਬਨੁ ਬਨੁ** ਫਿਰਤੀ ਖੋਜਤੀ ਹਾਰੀ ਬਹੁ ਅਵਗਾਹਿ ॥ ਅੰਗ ੪੫੫ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਬਨੁ ਬਨੁ** ਫਿਰਤੀ ਢੂਢਤੀ ਬਸਤੁ ਰਹੀ ਘਰਿ ਬਾਰਿ ॥ ਅੰਗ ੯੩੪ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

**ਬਨੁ ਬਨੁ** ਢੂਢਿ ਢੂਢਿ ਫਿਰਿ ਥਾਕੀ ਗੁਰਿ ਪੂਰੈ ਘਰਿ ਨਿਸਤਾਰੇ ॥ ਅੰਗ ੯੮੨ (ਨਾਂਵ, ਕਾਰਜ- ਵਿਸ਼ੇਸ਼ਣ + ਨਾਂਵ)

**ਬਨੁ ਬਨੁ** ਫਿਰਤ ਉਦਾਸ ਬੂੰਦ ਜਲ ਕਾਰਣੇ ॥ ਅੰਗ ੧੩੬੨ (ਨਾਂਵ, ਕਾਰਜ- ਵਿਸ਼ੇਸ਼ਣ+ ਨਾਂਵ)

ਪੜੀਅਹਿ ਜੇਤੇ **ਬਰਸ ਬਰਸ** ਪੜੀਅਹਿ ਜੇਤੇ ਮਾਸ ॥ ਅੰਗ ੪੬੭ (ਕਾਲ ਵਾਚਕ ਕਿਰਿਆ ਵਿਸ਼ੇਸ਼ਣ, ਅਸੀਮਤਾ)

ਜਨ ਨਾਨਕ **ਬਲਿ ਬਲਿ** ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥ ਅੰਗ ੧੦(ਭਾਵ ਵਾਚਕ ਨਾਂਵ, ਨਿਰੰਤਰਤਾ, ਕਾਰਜ- ਵਿਸ਼ੇਸ਼ਣ+ ਨਾਂਵ)

ਤੂੰ ਮੀਰਾ ਸਾਚੀ ਠਕੁਰਾਈ ਨਾਨਕ **ਬਲਿ ਬਲਿ** ਜਾਵਣਿਆ॥ ਅੰਗ ੧੩੨ (ਭਾਵ ਵਾਚਕ ਨਾਂਵ, ਬਾਰੰਬਾਰਤਾ, ਕਾਰਜ ਮੁੜ ਮੁੜ)

ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ **ਬਲਿ ਬਲਿ** ਹਉ ਤਿਨ ਜਾਤੀ॥ ਅੰਗ ੧੩੮ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਇਹੁ ਜੀਉ ਵਤਾਈ **ਬਲਿ ਬਲਿ** ਜਾਈ ਜੀਉ ॥ ਅੰਗ ੨੧੬ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਨਾਨਕ ਤਾ ਕੈ **ਬਲਿ ਬਲਿ** ਜਾਸਾ ॥ ਅੰਗ ੨੬੬ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਨਾਨਕ ਤਾ ਕੈ **ਬਲਿ ਬਲਿ** ਜਾਉ ॥ ਅੰਗ ੨੬੯ (ਭਾਵ ਵਾਚਕ ਨਾਂਵ, ਨਿਰੰਤਰਤਾ)

ਬ੍ਰਹਮ ਗਿਆਨੀ ਕਉ **ਬਲਿ ਬਲਿ** ਜਾਈਐ ॥ ਅੰਗ ੨੭੩ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਬਲਿ ਬਲਿ** ਜੋ ਬਿਸਨਤਨਾ ਜਸੁ ਗਾਵੈ ॥ ਅੰਗ ੩੪੨ (ਭਾਵ ਵਾਚਕ ਨਾਂਵ, ਤੀਬਰਭਾਵ)

ਹਉ **ਬਲਿ ਬਲਿ** ਜਿਨ ਰਾਮ ਕਹੇ ॥ ਅੰਗ ੩੪੫ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਬਲਿ ਬਲਿ** ਤਿਸੁ ਸਤਿਗੁਰ ਕਉ ਜਾਉ ॥ ਅੰਗ ੩੯੫ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਦਇਆ ਤੁਹਾਰੀ ਕਿਆ ਜੰਤ ਵਿਚਾਰੀ ਨਾਨਕ **ਬਲਿ ਬਲਿ** ਜਾਵੇ ॥ ਅੰਗ ੪੦੭ (ਭਾਵ ਵਾਚਕ ਨਾਂਵ, ਨਿਰੰਤਰਤਾ)

ਜਨ ਨਾਨਕ **ਬਲਿ ਬਲਿ** ਸਦ ਬਲਿ ਜਾਈਐ ਤੇਰਾ ਅੰਤੁ ਨ ਪਾਰਾਵਰਿਆ॥ ਅੰਗ ੪੯੫(ਭਾਵ ਵਾਚਕ ਨਾਂਵ, ਨਿਰੰਤਰਤਾ)

**ਬਲਿ ਬਲਿ ਬਲਿ ਬਲਿ** ਚਰਣ ਤੁਮ੍ਹਾਰੇ ਈਹਾ ਊਹਾ ਤੁਮ੍ਹਾਰਾ ਜੋਰਾ ॥ ਅੰਗ ੪੯੯ (ਭਾਵ ਵਾਚਕ ਨਾਂਵ, ਦੂਹਰੀ ਦੁਹਰੁਕਤੀ, ਨਿਰੰਤਰਤਾ)

**ਬਲਿ ਬਲਿ** ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥ ਅੰਗ ੫੧੯ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਬਲਿ ਬਲਿ** ਜਾਉ ਸਾਧ ਦਰਸਾਰੇ ॥ ਅੰਗ ੫੩੩ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਸਭ ਦਿਨ ਕੇ ਸਮਰਥ ਪੰਥ ਬਿਠੁਲੇ ਹਉ **ਬਲਿ ਬਲਿ** ਜਾਉ ॥ ਅੰਗ ੫੩੬ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਸੁਣਿ ਮੀਤਾ ਜੀਉ ਹਮਾਰਾ **ਬਲਿ ਬਲਿ** ਜਾਸੀ ਹਰਿ ਦਰਸਨੁ ਦੇਹੁ ਦਿਖਾਈ॥ ਅੰਗ ੬੧੧ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਜਨ ਨਾਨਕ ਸਦ ਬਲਿਹਾਰੈ **ਬਲਿ ਬਲਿ** ਜਾਵਣਾ ॥ ਅੰਗ ੬੫੨ (ਭਾਵ ਵਾਚਕ ਨਾਂਵ, ਨਿਰੰਤਰਤਾ)

ਹਉ **ਬਲਿ ਬਲਿ** ਜਾਉ ਰਮਈਆ ਕਾਰਨੇ ॥ ਅੰਗ ੬੯੪ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਬਲਿ ਬਲਿ** ਜਾਂਉ ਹਉ **ਬਲਿ ਬਲਿ** ਜਾਂਉ ॥ ਅੰਗ ੭੨੭ (ਭਾਵ ਵਾਚਕ ਨਾਂਵ, ਦੂਹਰੀ ਦੁਹਰੁਕਤੀ, ਬਾਰੰਬਾਰਤਾ)

ਨਾਨਕੁ ਸਰਣਿ ਪਇਆ ਹਰਿ ਦੁਆਰੈ ਹਉ **ਬਲਿ ਬਲਿ** ਸਦ ਕੁਰਬਾਨੋ ॥ ਅੰਗ ੭੭੭ (ਭਾਵ ਵਾਚਕ ਨਾਂਵ, ਨਿਰੰਤਰਤਾ)

**ਬਲਿ ਬਲਿ** ਜਾਉ ਸਿਆਮ ਸੁੰਦਰ ਕਉ ਅਕਥ ਕਥਾ ਜਾ ਕੀ ਬਾਤ ਸੁਨੀ॥ ਅੰਗ ੮੨੭(ਭਾਵ ਵਾਚਕ ਨਾਂਵ, ਬਾਰੰਬਾਰਤਾ)

ਥਾਨ ਥਨੰਤਰਿ ਸਰਬ ਨਿਰੰਤਰਿ **ਬਲਿ ਬਲਿ** ਜਾਂਈ ਹਰਿ ਕੇ ਚਰਣ ॥ ਅੰਗ ੮੨੭ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਗੁਰਮੁਖਿ ਅਗਮ ਅਗੋਚਰੁ ਧਿਆਇਆ ਹਉ **ਬਲਿ ਬਲਿ** ਸਤਿਗੁਰ ਸਤਿ ਪੁਰਖਈਆ॥ ਅੰਗ ੮੩੪ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ ਹਉ ਤਿਸੁ ਵਿਟਹੁ **ਬਲਿ ਬਲਿ** ਘੁਮਿ ਗਈਆ ॥ ਅੰਗ ੮੩੬ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਨਾਨਕਾ **ਬਲਿ ਬਲਿ** ਜਾਉ ॥ ਅੰਗ ੮੩੮ (ਭਾਵ ਵਾਚਕ ਨਾਂਵ, ਬਾਰੰਬਾਰਤਾ)

ਨਾਨਕ ਤਾ ਕੈ **ਬਲਿ ਬਲਿ** ਜਾਇ ॥ ਅੰਗ ੮੬੮ (ਭਾਵ ਵਾਚਕ ਨਾਂਵ, ਬਾਰੰਬਾਰਤਾ)

**ਬਲਿ ਬਲਿ** ਜਾਈਐ ਤਾ ਕੇ ਚਰਨ ॥ ਅੰਗ ੮੮੮ (ਭਾਵ ਵਾਚਕ ਨਾਂਵ, ਨਿਰੰਤਰਤਾ)

ਨਾਨਕ ਤਾ ਕੈ **ਬਲਿ ਬਲਿ** ਜਾਉ ॥ ਅੰਗ ੯੧੪ (ਭਾਵ ਵਾਚਕ ਨਾਂਵ, ਨਿਰੰਤਰਤਾ)

ਬੇਸੁਮਾਰ ਬੇਅੰਤ ਸੁਆਮੀ ਨਾਨਕ **ਬਲਿ ਬਲਿ** ਜਾਈ ॥ ਅੰਗ ੯੧੬ (ਭਾਵ ਵਾਚਕ ਨਾਂਵ, ਨਿਰੰਤਰਤਾ)

**ਬਲਿ ਬਲਿ,** ਬਲਿ ਗੁਰਦੇਵ ਜਿਨਿ ਨਾਮੁ ਦ੍ਰਿੜਾਇਆ ॥ ਅੰਗ ੯੨੫ (ਭਾਵ ਵਾਚਕ ਨਾਂਵ, ਨਿਰੰਤਰਤਾ)

ਜੋ ਤੁਮਰੇ ਗੁਨ ਗਾਵਹਿ ਸੁਆਮੀ ਹਉ **ਬਲਿ ਬਲਿ,** ਬਲਿ ਤਿਨਗੇ ॥ ਅੰਗ ੯੭੬ (ਭਾਵ ਵਾਚਕ ਨਾਂਵ, ਨਿਰੰਤਰਤਾ)

ਤਿਸ ਕਉ ਹਉ **ਬਲਿ ਬਲਿ** ਬਾਲ ॥ ਅੰਗ ੯੭੭ (ਭਾਵ ਵਾਚਕ ਨਾਂਵ, ਨਿਰੰਤਰਤਾ)

ਨਾਨਕ ਦਾਸ **ਬਲਿ ਬਲਿ** ਕੀਤ ॥ ਅੰਗ ੯੮੦ (ਭਾਵ ਵਾਚਕ ਨਾਂਵ, ਨਿਰੰਤਰਤਾ)

ਨਾਨਕੁ ਤਾ ਕੈ **ਬਲਿ ਬਲਿ** ਜਾਏ ॥ ਅੰਗ ੧੦੦੪ (ਭਾਵ ਵਾਚਕ ਨਾਂਵ, ਨਿਰੰਤਰਤਾ)

**ਬਲਿ ਬਲਿ** ਜਾਈ ਪ੍ਰਭ ਅਪੁਨੇ ਈਸੈ ॥ ਅੰਗ ੧੦੭੨ (ਭਾਵ ਵਾਚਕ ਨਾਂਵ, ਨਿਰੰਤਰਤਾ)

ਏਕੰਕਾਰੁ ਸਤਿਗੁਰ ਤੇ ਪਾਈਐ ਹਉ **ਬਲਿ ਬਲਿ** ਗੁਰ ਦਰਸਾਇਣਾ ॥ ਅੰਗ ੧੦੭੯ (ਭਾਵ ਵਾਚਕ ਨਾਂਵ, ਨਿਰੰਤਰਤਾ)

ਭਗਤਿ ਦਾਨੁ ਮੰਗੈ ਜਨੁ ਤੇਰਾ ਨਾਨਕ **ਬਲਿ ਬਲਿ** ਜਾਵਣਾ॥ ਅੰਗ ੧੦੮੬ (ਭਾਵ ਵਾਚਕ ਨਾਂਵ, ਨਿਰੰਤਰਤਾ)

ਆਸ ਨਿਰਾਸਾ ਹਿਕੁ ਤੂ ਹਉ **ਬਲਿ ਬਲਿ,** ਬਲਿ ਗਈਆਸ ॥ ਅੰਗ  ੧੧੦੦ (ਭਾਵ ਵਾਚਕ ਨਾਂਵ, ਨਿਰੰਤਰਤਾ)

ਦੇਹੁ ਦਰਸੁ ਨਾਨਕ ਬਲਿਹਾਰੀ ਜੀਅੜਾ **ਬਲਿ ਬਲਿ** ਕੀਨਾ ॥ ਅੰਗ ੧੧੧੭ (ਭਾਵ ਵਾਚਕ ਨਾਂਵ, ਨਿਰੰਤਰਤਾ)

ਜਨ ਨਾਨਕ ਤਿਨ ਕੈ **ਬਲਿ ਬਲਿ** ਜਾਈਐ ਜਿਹ ਘਟਿ ਪਰਗਟੀਆਏ ॥ ਅੰਗ ੧੧੩੯ (ਭਾਵ ਵਾਚਕ ਨਾਂਵ, ਨਿਰੰਤਰਤਾ)

**ਬਲਿ ਬਲਿ** ਜਾਈ ਸਤਿਗੁਰ ਚਰਣਾ ॥ ਅੰਗ ੧੧੪੯ (ਭਾਵ ਵਾਚਕ ਨਾਂਵ, ਨਿਰੰਤਰਤਾ)

ਜਿਹ ਪ੍ਰਸਾਦਿ ਮਿਲੀਐ ਪ੍ਰਭ ਨਾਨਕ **ਬਲਿ ਬਲਿ** ਤਾ ਕੈ ਹਉ ਜਾਈ ॥ ਅੰਗ ੧੨੦੭ (ਭਾਵ ਵਾਚਕ ਨਾਂਵ, ਨਿਰੰਤਰਤਾ)

ਹਉ **ਬਲਿ ਬਲਿ, ਬਲਿ ਬਲਿ** ਚਰਨ ਕਮਲ ਕਉ **ਬਲਿ ਬਲਿ** ਗੁਰ ਦਰਸਾਇਆ ॥ ਅੰਗ ੧੨੧੨ (ਤੀਹਰੀ ਭਾਵ ਵਾਚਕ ਨਾਂਵ ਦੁਹਰੁਕਤੀ, ਨਿਰੰਤਰਤਾ, ਤੀਬਰਭਾਵ)

ਭਇਓ ਪਰਾਪਤਿ ਅੰਮ੍ਰਿਤ ਨਾਮਾ **ਬਲਿ ਬਲਿ** ਪ੍ਰਭ ਚਰਣੀਠਾ ॥ ਅੰਗ ੧੨੧੨ (ਭਾਵ ਵਾਚਕ ਨਾਂਵ, ਨਿਰੰਤਰਤਾ)

ਸਾਧਸੰਗਤਿ ਕੈ **ਬਲਿ ਬਲਿ** ਜਾਈ ਬਹੁੜਿ ਨ ਜਨਮਾ ਧਾਇ ॥ ਅੰਗ ੧੨੨੩ (ਭਾਵ ਵਾਚਕ ਨਾਂਵ, ਨਿਰੰਤਰਤਾ)

ਖੋਜੀ ਉਪਜੈ ਬਾਦੀ ਬਿਨਸੈ ਹਉ **ਬਲਿ ਬਲਿ** ਗੁਰ ਕਰਤਾਰਾ ॥ ਅੰਗ ੧੨੫੫ (ਭਾਵ ਵਾਚਕ ਨਾਂਵ, ਨਿਰੰਤਰਤਾ)

ਹਉ **ਬਲਿ ਬਲਿ, ਬਲਿ ਬਲਿ** ਸਾਧ ਜਨਾਂ ਕਉ ਮਿਲਿ ਸੰਗਤਿ ਪਾਰਿ ਉਤਰਿਆ ॥ ਅੰਗ ੧੨੯੪ (ਦੂਹਰੀ ਭਾਵ ਵਾਚਕ ਨਾਂਵ ਦੁਹਰੁਕਤੀ, ਨਿਰੰਤਰਤਾ)

ਐਸੇ ਗੁਰ ਕਉ **ਬਲਿ ਬਲਿ** ਜਾਈਐ ਆਪਿ ਮੁਕਤੁ ਮੋਹਿ ਤਾਰੈ ॥ ਅੰਗ ੧੩੦੧ (ਭਾਵ ਵਾਚਕ ਨਾਂਵ, ਨਿਰੰਤਰਤਾ)

